ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਚੌਥੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਚੌਥੀ

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਚੌਥੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

Sri Satguru Jagjit Singh Ji eLlibrary NamdhariElibrary@gmail.com

SRI GUR PARTAP SURAJ GRANTH VOL. IV (in Punjabi)

Kavi Churamani Bhai Santokh Singh
Editor : Bhai Vir Singh

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਚੌਥੀ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ
ਸੰਪਾਦਕ : ਭਾਈ ਵੀਰ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਪਹਿਲਾ ਐਡੀਸ਼ਨ : 1990

ਦੂਜਾ ਐਡੀਸ਼ਨ : 2011

ਕਾਪੀਆਂ : 1000

ਕੀਮਤ : 225.00

1120. ਹ. ਪ੍ਰ. 1573

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਚੰਡੀਗੜ੍ਹ ਪਬਲੀਸ਼ਿੰਗ ਹਾਊਸ, ਚੰਡੀਗੜ੍ਹ

ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਨਾਨਕ ਪ੍ਰਕਾਸ਼

ਉਤਰਾਰਧ (ਸਮੱਗ੍ਰ)

ਸੂਚੀ ਪੱਤ੍ਰ

ਪ੍ਰਸੰਗ	ਅਧਿਆਇ	ਪੰਨਾ
ਗੁਰਬਾਣੀ ਤੇ ਗੁਰ ਨਾਨਕ ਮੰਗਲ, ਧ੍ਰੱਵ ਤੋਂ ਵਿਦਾ, ਸ਼ੀਲਾਗਿਰ ਤੇ ਗਿਰ ਘਿਰਾਣ	੧	੭੬੯
ਸ਼ਾਰਦਾ ਮੰਗਲ, ਉਲਕਾ ਗਿਰ, ਇਲਾਬ੍ਰਤ, ਹਿਰਨ ਕਿੰਪੁਰਖ ਆਦਿ ਖੰਡ।	੨	੭੮੦
ਸ਼ਾਰਦਾ ਮੰਗਲ, ਕੇਚਮਾਲ, ਰੰਮਕ, ਭੱਦ੍ਰ ਤੇ ਭਰਥ ਖੰਡ ਤੋਂ ਜੰਮੂ।... ...	੩	੭੮੮
ਗੁਰਚਰਨ ਮੰਗਲ, ਦੁਨੀ ਚੰਦ ਨੂੰ ਮਿਲਨਾ ਤੇ ਤਲਵੰਡੀ ਆਉਣਾ। ...	੪	੭੯੭
ਸ਼ਾਰਦਾ ਮੰਗਲ, ਮਾਤਾ ਪਿਤਾ ਪ੍ਰਤਿ ਉਤਦੇਸ਼।	੫	੮੦੩
ਸ਼ਾਰਦਾ ਮੰਗਲ, ਮਾਤ ਪਿਤਾ ਪ੍ਰਤਿ ਉਪਦੇਸ਼ ਤੇ ਤਿਨ੍ਹਾਂ ਦਾ ਬੈਕੁੰਠ ਗਮਨ। ...	੬	੮੧੧
ਸੰਤ ਮੰਗਲ, ਕੁਰਖੇਤ੍ਰ ਵਿਖੇ ਨਾਨੂੰ ਪੰਡਤ ਨਾਲ ਚਰਚਾ।	੭	੮੧੯
ਚੰਡੀ ਮੰਗਲ, ਗੰਗਾ ਵਿਖੇ ਲਹਿੰਦੇ ਵੱਲ ਪਾਣੀ ਉਛਾਲਣਾ।	੮	੮੨੮
ਸ਼ਾਰਦਾ ਮੰਗਲ, ਬ੍ਰਿਜ, ਅਯੁੱਧਯਾ ਤੇ ਕਾਂਸ਼ੀ ਦੇ ਲੋਕਾਂ ਨੂੰ ਉਪਦੇਸ਼। ...	੯	੮੩੫
ਸ਼ਾਰਦਾ ਮੰਗਲ, ਜਗਨ ਨਾਥ, ਕਲਜੁਗ ਪ੍ਰਸੰਗ।	੧੦	੮੪੭
ਸ਼ਾਰਦਾ ਮੰਗਲ, ਇਕ ਗ੍ਰਾਮ ਮੁਨਾਫਿਕ ਦੇਸ਼।	੧੧	੮੫੭
ਪ੍ਰਭੂ ਮੰਗਲ, ਅੱਗ ਨਾਲ ਸੜਨ ਤੇ ਸਮੁੰਦ੍ਰ ਨਾਲ ਵਹਿਣ ਵਾਲੇ ਨਗਰ। ਹਾਰੂ।	੧੨	੮੬੬
ਸੰਤ ਮੰਗਲ, ਤਿਖਾਣ ਦੀ ਛੱਪ੍ਰੀ ਤੋੜੀ, ਭੂਟੰਤ ਤੇ ਅੰਨ ਅਗਨ ਰਹਤ ਦੇਸ਼।	੧੩	੮੭੫
ਸੰਤ ਮੰਗਲ, ਕਸ਼ਮੀਰ–ਅਯਾਲੀ, ਪੰਡਿਤ। ਵਲੀ ਕੰਧਾਰੀ। ਕਾਬਲ ਮਸੀਤ।	੧੪	੮੮੨
ਨਾਮਰਸੀਏ ਦਾ ਮੰਗਲ, ਬਾਲਕ ਨੂੰ ਪਾਤਸ਼ਾਹੀ, ਬਪਾਰੀ ਤੇ ਠੱਗਾਂ ਨੂੰ ਤਾਰਨਾ।	੧੫	੮੯੫
ਸ਼ਾਰਦਾ ਮੰਗਲ, ਕਾਰੂੰ ਪ੍ਰਸੰਗ।	੧੬	੯੦੨
ਸ਼ਾਰਦਾ ਮੰਗਲ, ਹਬਸ਼ ਵਿਲਾਇਤ ਲਾਜਵਰਦ, ਚੌਲਾ, ਰਾਮਚੰਦ੍ਰ ਦੀ ਕਥਾ।	੧੭	੯੧੦
ਸ੍ਰੀ ਗੁਰੂ ਗੋਵਿੰਦ ਸਿੰਘ ਮੰਗਲ, ਲੰਕਾ ਪ੍ਰਸੰਗ, ਬਿਭੀਖਨ ਤੇ ਹਨੂਮਾਨ ਮਿਲਾਪ।	੧੮	੯੨੧
ਸ਼ਾਰਦਾ ਮੰਗਲ, ਪਲਖ, ਸ਼ਾਲਮਲੀ, ਕੁਸ਼, ਕ੍ਰੌਚ, ਸ਼ਾਖ ਤੇ ਪੁਸ਼ਕਰ ਦੀਪ।	੧੯	੯੩੧
ਗੁਰਚਰਨ ਮੰਗਲ, ਸਿੱਧਾਂ ਨਾਲ ਗੋਸ਼ਟ।	੨੦	੯੩੮
ਸ਼ਾਰਦਾ ਮੰਗਲ, ਦਿੱਲੀ ਹਾਥੀ ਜਿਵਾਯਾ ਤੇ ਮਰਦਾਨੇ ਦੀ ਪੂਜਾ ਕਾਰਵਾਈ।	੨੧	੯੪੬
ਨਿਰਵਿਕਾਰ ਮਨ ਮੰਗਲ, ਲਾਹੌਰ ਨੂੰ ਸ੍ਰਾਪ, ਪਖੰਡੀ ਬ੍ਰਾਹਮਣ ਤੇ ਗ੍ਰਾਮਣ ਪ੍ਰਸੰਗ।	੨੨	੯੫੩
ਸਤਿਗੁਰ ਮੰਗਲ, ਸਤਿੱਘਰਾ ਵਿਚ ਦੁਖੀ ਸ਼ਾਹ ਦਾ ਉਧਾਰ।	੨੩	੯੬੦
ਸ਼ਾਰਦਾ ਮੰਗਲ, ਸ਼ਬਦ ਦੇ ਅਰਥਾਂ ਵਿਖੇ ਪਾਂਡਵਾਂ ਦਾ ਪ੍ਰਸੰਗ।	੨੪	੯੬੭
ਗਜਾਨੀ ਮੰਗਲ, ਜਨਮੇਜੇ ਦੀ ਕਥਾ, ਕੋਹੜੀ ਫਕੀਰ ਨਿਸਤਾਰਾ।	੨੫	੯੭੭
ਸੰਤ ਮੰਗਲ, ਸੰਤਾਂ ਦਾ ਉਧਾਰ, ਏਮਨਾਬਾਦ ਆਗਮਨ।	੨੬	੯੮੫
ਨਿੰਮ੍ਰਤਾ ਨਿਵਾਸ, ਏਮਨਾਬਾਦ, ਬਾਬਰ ਦਾ ਹੱਲਾ।	੨੭	੯੯੨
ਸਤਿਗੁਰ ਮੰਗਲ, ਗੁਰੂ ਜੀ ਨੇ ਕੈਦੀ ਛੁਡਾਏ ਬਾਬਰ ਤੋਂ। ...	੨੮	੧੦੦੦

ਪ੍ਰਸੰਗ	ਅਧਿਆਇ	ਪੰਨਾ
ਗੁਰਚਰਨ ਮੰਗਲ, ਸਾਹੁਰੇ ਨਗਰ ਫੇਰਾ, ਅਜਿੱਤਾ ਉਧਾਰ।	੨੯	੧੦੦੮
ਗੁਰਚਰਨ ਮੰਗਲ, ਕਰਤਾਰਪੁਰ ਬਸਨਾ, ਬ੍ਰਹਮਣ ਦੀ ਰਸੋਈ ਦੀ ਸੁੱਚ। ...	੩੦	੨੦੧੭
ਬੇਨਤੀ, ਸਿੱਖੀ ਰਹੁਰੀਤ ਦਾ ਆਰੰਭ, ਸ਼ਹੁ ਸੁਹਾਗਣ, ਮੂਲਾ, ਉੱਚ ਦਾ ਪੀਰ।	੩੧	੧੦੨੫
ਗੁਰਸ਼ਰਨ ਮੰਗਲ, ਜਲਾਲ ਨੂੰ ਸੁਮੱਤਿ, ਗੁਰਮੁਖਾਂ ਦੇ ਅਰਥ।	੩੨	੨੦੩੨
ਨਾਮ ਦੀ ਸ਼ਕਤੀ, ਸ਼ੇਖ ਇਬ੍ਰਾਹੀਮ ਫਰੀਦ ਸਾਨੀ ਨਾਲ ਗੋਸ਼ਟ।	੩੩	੧੦੩੯
ਨਾਮ ਜਪ ਦਾ ਫਲ, ਬਗ਼ਦਾਦ, ਦਸਤਗੀਰ ਪੀਰ–ਉਧਾਰ।	੩੪	੧੦੪੫
ਗੁਰ ਜਸ ਪ੍ਰਤਾਪ, ਮਰਦਾਨੇ ਦਾ ਅੰਤ, ਸਿੱਧ ਗੋਸ਼ਟ, ਸੱਜਣ ਠੱਗ, ਸ਼ਾਹਜ਼ਾਦਾ।	੩੫	੧੦੫੩
ਗੁਰਪਗ ਸਿਮਰਨ, ਕੰਧਾਰ–ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ ਤੇ ਮਾਨ ਚੰਦ।	੩੬	੧੦੬੫
ਸ਼ਰਨ ਸੁਖ, ਮੁਲਤਾਨ ਦੇ ਪੀਰਾਂ ਨਾਲ ਗੋਸ਼ਟ, ਸ਼ੱਮਸ ਤਬ੍ਰੇਜ਼ ਦੀ ਕਥਾ।	੩੭	੧੦੭੧
ਸ਼ਬਦ ਮਹਿਮਾਂ, ਸ਼ਹੁ ਸੁਹਾਗਣ, ਬਾਲ ਗੁੰਦਾਈ, ਮੂਲਾ।	੩੮	੧੦੮੧
ਪਤਨ ਸੁਫਲ ਪ੍ਰੇਮ ਮਹਿਮਾ, ਕਰਤਾਰਪੁਰ ਨਿਵਾਸ, ਸ਼ਿਵਰਾਤ੍ਰੀ ਅਚੱਲ ਵਟਾਲੇ।	੩੯	੧੦੯੧
ਨਾਮ ਮਹਾਤਮ, ਸਿਧ ਗੋਸ਼ਟ, ਇਕ (ਤ੍ਰਿਖਾਣ ਦਾ) ਸੰਤ ਬਾਲਕਾ, ਮਾਲੋ ਸ਼ੇਖ।	੪੦	੧੦੯੯
ਦਸਮ ਗੁਰ ਮੰਗਲ, ਉਬਾਰੇਖਾਨ, ਅਦ੍ਰਹਮਾਨ।	੪੧	੧੧੦੮
ਚਰਨ ਧਿਆਨ ਪ੍ਰਤਾਪ, ਬੱਚਾ, ਮੂਲਾ ਕੀੜ, ਪ੍ਰਿਥਾ, ਖੇਡਾ, ਪ੍ਰਿਥੀਮਲ, ਰਾਮਾ ਆਦਿ।	੪੨	੧੧੧੭
ਸ਼ਬਦ ਮਹਾਤਮ, ਮਾਲਿ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸ਼ੀ, ਸੀਹਾਂ, ਗੱਜਣ, ਫਿਰਣਾ, ਖਹਿਰਾ, ਜੋਧ ਸਿੱਖਾਂ ਪ੍ਰਤਿ ਉਪਦੇਸ਼। ...	੪੩	੧੧੨੪
ਸ਼ਾਰਦਾ ਮੰਗਲ, ਸਿੱਖਾਂ ਦਾ ਭਾਉ ਦੇਖਿਆ, ਸਾਧੂ ਦਰਸ਼ਨ ਦਾ ਫਲ।	੪੪	੧੧੩੩
ਗੁਰਬਾਣੀ ਮਹਾਤਮ, ਸੈਦੋ ਘੇਉ, ਸਿੱਖੀ, ਅਤੀਤਤਾਈ, ਗ੍ਰਿਹਸਤ ਧਰਮ।	੪੫	੧੧੩੯
ਗੁਰਚਰਨ ਸੇਵਾ, ਉਪਦੇਸ਼, ਭਾਈ ਬੁੱਢਾ, ਬਾਲਾ ਪ੍ਰਲੋਕ ਗਮਨ।	੪੬	੧੧੪੫
ਸ਼ਾਰਦਾ ਮੰਗਲ, ਸ਼੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ।	੪੭	੧੧੫੧
ਸ਼ਾਰਦਾ ਮੰਗਲ, ਸ਼੍ਰੀ ਲਹਿਣਾ ਸੇਵਾ, ਸੰਗ ਤਾਰਨਾ, ਏਵਤੇ, ਅਯਾਲੀ, ਖਡੂਰ।	੪੮	੧੧੬੦
ਸ਼ੁਭ ਗੁਨ ਮਹਾਤਮ, ਬ੍ਰਿੱਛਾਂ ਤੋਂ ਭੋਜਨ, ਜਲ ਤਪ, ਰੋੜ ਸਿਰਹਾਣਾ, ਰੇਤ ਅੱਕ ਅਹਾਰ।	੪੯	੧੧੬੮
ਘਾਲ ਤੇ ਮੇਹਰ, ਨਾਨਕ ਰੂਪ ਗੁਰੂ ਸਿੱਖੀ ਵਿਚੋਂ ਪਰਖ ਕੇ ਦੱਸਿਆ। ...	੫੦	੧੧੭੬
ਗੁਰੂ ਯਸ਼ ਮੰਗਲ, ਗਿਆਨ ਉਪਦੇਸ਼, ਭਗਤੀ ਦੀ ਮਿਸਰੀ।	੫੧	੧੧੮੫
ਗੁਰੂ ਯਸ਼ ਮਹਾਤਮ, ਹੋਰ ਪਰਤਾਵੇ, ਤਖਤ ਦੇਣਾ, ਜਪੁਜੀ ਮਹਿਮਾਂ। ...	੫੨	੧੧੯੫
ਸ਼ਾਰਦਾ ਮੰਗਲ, ਸਿੱਖਾਂ ਪ੍ਰਤਿ ਉਪਦੇਸ਼।	੫੩	੧੨੦੭
ਗੁਰਮੰਤ੍ਰ ਮੰਗਲ, ਜੋਤੀ ਜੋਤ ਸਮਾਵਣ ਦੀਆਂ ਤਿਆਰੀਆਂ।	੫੪	੧੨੧੭
ਗੁਰੂ ਭਜਨ ਮਹਾਤਮ, ਗੁਰੂ ਸਤੋਤ੍ਰ। ਸਮਾਵਣ ਦੀਆਂ ਤਿਆਰੀਆਂ। ...	੫੫	੧੨੨੮
ਗੁਰੂ ਮੇਹਰ ਯਾਚਨਾ, ਜੋਤੀ ਜੋਤ ਸਮਾਵਣ ਦੀਆਂ ਤਿਆਰੀਆਂ।	੫੬	੧੨੩੫
ਗੁਰ ਸ਼ਬਦ ਮੰਗਲ, ਵਾਹਿਗੁਰੂ ਸਤੋਤ੍ਰ ਅਸ਼ਟਕ। ਜੋਤੀ ਜੋਤ ਸਮਾਵਣਾ। ...	੫੭	੧੨੪੪

Sri Satguru Jagjit Singh Ji eLlibrary NamdhariElibrary@gmail.com

੧ ਓ ਸਤਿਗੁਰ ਪ੍ਰਸਾਦਿ ॥

ਸ਼੍ਰੀ ਗੁਰ ਨਾਨਕ ਪ੍ਰਕਾਸ਼

ਅਥ ਉਤਰਾਰ੍ਧ ਲਿਖ੍ਯਤੇ।

{ ਅਥ=ਦੇਖੋ ਪੂਰਬਾਰਧ, ਪਹਿਲੇ ਅਧ੍ਯਾਯ ਦੇ ਆਦਿ ਵਿਖੇ।
ਉਤਰਾਰ੍ਧ*=ਉਤ੍ਰ+ਅਰ੍ਧ=ਉਤਰ=ਮਗਰਲਾ, ਅਖੀਰਲਾ। ਅਰਧ=ਅੱਧ
[ਸੰਸ:, ਉਤ੍ਰਾਰਦ੍ਧ]। ਲਿਖ੍ਯਤੇ=ਲਿਖਦੇ ਹਾਂ। }

ਅਰਥ—ਹੁਣ (ਸ੍ਰੀ ਗੁਰੂ ਨਾਨਕ ਪ੍ਰਕਾਸ਼ ਨਾਮੇ ਗ੍ਰੰਥ ਦਾ) ਅਖੀਰਲਾ ਅੱਧਾ ਹਿੱਸਾ (ਜੋ ਬਾਕੀ ਹੈ) ਲਿਖਦੇ ਹਾਂ।

੧. [ਗੁਰਬਾਣੀ ਤੇ ਸ੍ਰੀ ਗੁਰ ਨਾਨਕ ਦੇਵ ਜੀ ਦਾ ਮੰਗਲ। ਗੁਰ ਨੌਂ ਵਿਦਾ, ਲੀਲਾਗਿਰ ਤੇ ਗਿਰ ਧਿਕਾਣ]

ਦੋਹਰਾ ॥ **ਸ੍ਰੀ ਗੁਰ ਬਚਨ ਸੁ ਚੂਰਨੰ ਖਾਇ ਕਮਾਏ ਜਾਂਹਿ।**
ਉਦਰ ਰੋਗ ਹਉਮੈਂ ਹਰਨੈ ਨਮਸਕਾਰ ਮਮ ਤਾਂਹਿ ॥੧॥

{ ਸ੍ਰੀ ਗੁਰ ਬਚਨ=ਗੁਰੂ ਜੀ ਦੇ ਉਚਾਰੇ ਵਾਕ੍ਯ, ਗੁਰਬਾਣੀ।
ਸੁ=ਚੰਗਾ, ਸਿੱਧ। ਸੁ ਚੂਰਨੰ=ਉਹ ਚੂਰਨ ਜੋ ਨਿਹਚੇ ਰੋਗ ਦੂਰ ਕਰੇ।
ਉਦਰ ਰੋਗ=ਪੇਟ ਦਾ ਰੋਗ। }

ਅਰਥ—ਸ੍ਰੀ ਗੁਰੂ ਜੀ ਦੀ ਬਾਣੀ ਸਿੱਧ ਚੂਰਨ (ਦੇ ਸਮਾਨ) ਹੈ, ਜਿਸ ਨੂੰ ਖਾਣ (ਰੂਪੀ) ਕਮਾਈ (ਕਰਨ ਨਾਲ) ਹਉਮੈਂ (ਰੂਪੀ) ਉਦਰ ਰੋਗ ਹਰਿਆ ਜਾਂਦਾ ਹੈ, ਐਸੀ (ਗੁਰਬਾਣੀ ਨੂੰ) ਮੇਰੀ ਨਮਸਕਾਰ ਹੈ।

ਭਾਵ—ਜੇ ਕਦੇ 'ਜਾਹਿ' ਪਦ ਨੂੰ 'ਹਰਨੈ' ਨਾਲ ਜੋੜਕੇ 'ਹਰਨੈ ਜਾਹਿ' ਪੜ੍ਹਿਆ ਜਾਵੇ ਤਾਂ ਉੱਪਰਲਾ ਅਰਥ ਠੀਕ ਢੁਕਦਾ ਹੈ ਤੇ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਚਲਣੀ ਹੈ, ਸੋ ਪਹਿਲਾਂ ਗੁਰਬਾਣੀ ਜੋ ਅਕਾਲ ਪੁਰਖ ਦੀ ਹੋਣ ਕਰਕੇ ਅਕਾਸ਼ ਬਾਣੀ ਦਾ ਦਰਜਾ ਰਖਦੀ ਹੈ, ਉਸ ਦਾ ਮੰਗਲ ਫਬਦਾ ਬੀ ਸੁਹਣਾ ਹੈ ਤੇ ਜਾਪਦਾ ਹੈ ਕਿ ਕਵੀ ਜੀ ਦੇ ਸਿੱਖ ਮਨ ਨੇ ਏਥੇ ਗੁਰਬਾਣੀ ਦੀ ਅਰਾਧਨਾ ਇਵੇਂ ਕੀਤੀ ਹੈ ਕਿ ਮਾਨੋਂ 'ਸਿੱਖੀ ਦੀ ਸ਼ਾਰਦਾ' ਬਾਣੀ ਨੂੰ ਮੰਨ ਕੇ ਉਸ ਦਾ ਮੰਗਲ ਰੂਪ ਆਵਾਹਨ ਕੀਤਾ ਨੇ, ਤੇ ਉਸ ਨੂੰ ਸਾਰੇ ਮੰਗਲਾਂ ਤੋਂ ਏਥੇ ਪਹਿਲਾ ਥਾਂ ਦਿੱਤਾ ਨੇ।

---

*ਦੇਖੋ ਪੂਰਬਾਰਧ ਪੰਨਾ ੧੨੯ ਸਤਰ ੧੭ ਤੋਂ ਅੱਗੇ।

ਜੇ ਕਦੇ 'ਜਾਹਿ' ਪਦ ਨੂੰ ਸਰਬ ਨਾਮ ਮੰਨੀਏ ਤੇ ਅਰਥ ਕਰੀਏ ਤਾਂ ਅਰਥ ਐਉਂ ਢੁਕੇਗਾ ਕਿ 'ਜਿਸ ਨੇ ਸ੍ਰੀ ਗੁਰੂ ਬਾਣੀ (ਰੂਪ) ਸਿੱਧ ਚੂਰਨ ਨੂੰ ਖਾਣ ਦੀ ਕਮਾਈ ਕੀਤੀ ਹੈ (ਤੇ ਐਉਂ ਆਪਣਾ) ਹਉਮੈ (ਰੂਪੀ) ਰੋਗ ਦੂਰ ਕਰ ਲਿਆ ਹੈ ਉਸ ਨੂੰ ਮੇਰੀ ਨਮਸਕਾਰ ਹੈ' ਤਾਂ ਭਾਵ ਇਹ ਨਿਕਲੇਗਾ ਕਿ ਆਪ ਆਪਣੇ ਵਿੱਦ੍ਯਾ ਦਾਤਾ ਦਾ ਮੰਗਲ ਕਰ ਰਹੇ ਹਨ, ਜਿਸ ਨੂੰ ਅਧ੍ਯਾਯ ੩੪ ਦੇ ਮੰਗਲ ਵਿਚ ਆਪ ਅੱਗੇ ਜਾਕੇ ਗੁਰਮੁਖ ਪਦ ਨਾਲ ਯਾਦ ਕਰਦੇ ਹਨ।

ਇਸ ਦੋਹਰੇ ਦਾ ਭਾਵ ਐਉਂ ਭੀ ਦੱਸਦੇ ਹਨ ਕਿ:—ਐਸੇ ਸਤਿਗੁਰੂ ਜੀ ਨੂੰ ਮੈਂ ਨਮਸਕਾਰ ਕਰਦਾ ਹਾਂ ਜਿਨ੍ਹਾਂ ਦੇ ਬਚਨ ਹਉਮੈਂ ਰੋਗ ਨੂੰ ਕੱਟਦੇ ਹਨ। ਇਹ ਅਰਥ ਕਰਨ ਵਿਚ 'ਜਾਹਿ' ਪਦ ਦਾ ਅਰਥ 'ਜਿਨ੍ਹਾਂ ਦੇ' ਲੱਗੇਗਾ।

ਸ੍ਵੈਯਾ ॥ ਸੇਤੁ ਰਚ੍ਯੋ ਜਗ ਸਾਗਰ ਕੋ ਸਭਿ ਖੰਡ ਪਖੰਡਨ ਸ਼ੋਰ ਸ਼ਰਾਬਾ।
ਕੀਰਤਿ ਗਾਇ ਸੁਨੈ ਪ੍ਰਭੁ ਕੀ ਤਨ ਹੈ ਤਜਿਐ ਲਖਿ ਰੰਗ ਸ਼ਹਾਬਾ।
ਰੰਕ ਧਨੀ ਦੁਖਿ ਪਾਰ ਪਰੈ ਅਵਲੋਕਤਿ ਹੈ ਨਿਜ ਰੂਪ ਅਜਾਬਾ।
ਦੇਵਨ ਦੇਵ ਸਦਾ ਪਦ ਸੇਵਹੁ ਜ਼ਾਹਰ ਪੀਰ ਗੁਰੂ ਜਗ ਬਾਬਾ* ॥ ੨ ॥

ਸੇਤੁ=ਪੁਲ [ਸੰਸ:, ਸੇਤੁ:]। ਸ਼ਰਾਬਾ=ਰੌਲਾ, ਘਮਸਾਨ ਚੋਦੇਂ, ਜੋ ਪਖੰਡੀਆਂ ਨੇ ਪਾ ਰੱਖੀ ਸੀ। ਕੀਰਤਿ=ਕੀਰਤੀ ਜਸ਼, ਵਾਹਿਗੁਰੂ ਦਾ ਗੁਣਾਨੁਵਾਦ, ਸਿਫਤ ਸਲਾਹ, ਕੀਰਤਨ, ਵਾਹਿਗੁਰੂ ਦਾ ਜਸ ਗਾਉਣਾ। ਰਾਗ ਵਿਚ ਸਿਫਤ ਸਲਾਹ ਦਾ ਗਾਉਣਾ ਯਾ ਸੁਣਨਾ।
ਤਨ ਹੈਂ=ਤਨ ਦੀ ਅਹੰਗਤਾ, ਤਨ ਨੂੰ ਆਪਣੇ ਆਪ ਨਾਲ ਅਭੇਦ ਸਮਝਣ ਦੀ ਹਉਮੈ। 'ਤਨ ਮੈਂ ਹਾਂ' ਰੂਪੀ ਅਵਿੱਦ੍ਯਾ।
ਸ਼ਹਾਬਾ=ਕਸੁੰਭਾ, ਕੱਚਾ ਸੂਹਾ ਰੰਗ [ਫਾਰਸੀ, ਸ਼ਹਾਬ=ਲਾਲ ਰੰਗ। ਸ਼ਿਹਾਬ=ਅਸਮਾਨ ਵਿਚੋਂ ਆਤਸ਼ਬਾਜ਼ੀ ਵਾਂਗੂ ਛੁਟਦਾ ਹੋਇਆ ਸਤਾਰਾ। ਉਲਕਾਪਾਤ]।
ਅਵਲੋਕਤ=ਦੇਖਦੇ ਹਨ। ਅਜਾਬਾ=ਅਸਚਰਜ, ਵਿਸਮਾਦ। [ਅਰਬੀ, ਅਜੀਬ ਯਾ ਅਜੂਬਹ ਤੋਂ ਅਜਾਬਾ]।
ਦੇਵਨ ਦੇਵ=ਦੇਵਾਂ ਦੇ ਦੇਵ। ਪ੍ਰਕਾਸ਼ ਸਰੂਪਾਂ ਦੇ ਪ੍ਰਕਾਸ਼ ਸਰੂਪ। ਗੁਪਤ ਸੰਸਾਰ ਦੀ ਮਹਾਨ ਵ੍ਯਕਤੀਆਂ ਤੋਂ ਭੀ ਉੱਚੀ ਵ੍ਯਕਤੀ।
ਪੀਰ=ਵੱਡੇ, ਮੁਰਾਦ ਹੈ ਕਲਾਧਾਰੀ ਤੋਂ।
ਬਾਬਾ=ਸਤਿਕਾਰ ਯੋਗ, ਮੁਰਾਦ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ। [ਤੁਰਕੀ, ਬਾਬ=ਪਿਤਾ]।

*ਕਵਿ ਜੀ ਨੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਚੌਵੀਵੀਂ ਵਾਰ ਵਿਖੇ ਤੀਜੀ ਚੌਥੀ ਪੌੜੀ ਦੀ ਅੰਤਲੀ ਤੁਕ 'ਜ਼ਾਹਰ ਪੀਰ ਜਗਤ ਗੁਰ ਬਾਬਾ' ਦੀ ਸਮੱਸ੍ਯਾ ਤੇ ਇਹ ਮੰਗਲ ਕੀਤਾ ਹੈ।

Sri Satguru Jagjit Singh Ji eLlibrary NamdhariElibrary@gmail.com

ਅਰਥ–ਦੇਵਾਂ ਦੇ ਦੇਵ, ਜਗਤ ਦੇ ਗੁਰੂ, ਜ਼ਾਹਰਾ ਕਲਾਧਾਰੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਸਦਾ ਸੇਵੋ, (ਜਿਨ੍ਹਾਂ ਨੇ) ਜਗਤ (ਦੇ ਦੁਖ ਰੂਪੀ) ਸਮੁੰਦਰ (ਤੋਂ ਪਾਰ ਕਰਨ ਲਈ ਪ੍ਰਭੂ ਦੀ ਕੀਰਤੀ ਰੂਪ) ਪੁਲ ਰਚ ਦਿੱਤਾ ਹੈ, ਸਾਰੇ ਪਖੰਡਾਂ ਦਾ ਸ਼ੋਰ ਸ਼ਰਾਬਾ ਮੇਟਕੇ। (ਸੋ ਹੁਣ ਅਸੀਂ) ਵਾਹਿਗੁਰੂ ਦੀ ਕੀਰਤੀ ਸੁਣ ਕੇ (ਅਥਵਾ) ਗਾਉਂਕੇ, ਤਨ ਦੀ ਹਉਂ ਨੂੰ ਕਸੁੰਭੇ ਦਾ ਰੰਗ ਸਮਝਕੇ ਤਿਆਗ ਦੇਈਏ (ਕਿਉਂਕਿ ਓਹ ਕੀਰਤਨ ਐਸਾ ਨਿਸ਼ਚੇ ਪਾਰ ਕਰਨੇ ਵਾਲਾ ਪੁਲ ਹੈ ਕਿ ਜਿਸ ਦੁਆਰਾ) ਗਰੀਬ ਅਮੀਰ (ਸੱਭੇ) ਦੁਖ (ਸਾਗਰ) ਤੋਂ ਪਾਰ ਹੋਕੇ ਆਪਣੇ ਵਿਸਮਾਦ ਸਰੂਪ ਨੂੰ ਵੇਖ ਲੈਂਦੇ ਹਨ।

ਮਤਿ ਮੰਦਿ ਭਏ ਕਲਿਮੈਂ ਨਰ ਰੰਕ ਦਯੋ ਹਰਨਾਮ ਤਿਨੈ ਮਨ ਮਾਨਕ।
ਤਨ ਮਾਨ ਤਜੋ ਸਿਮਰੇ ਜਿ ਸਦਾ ਪ੍ਰਗਟੇ ਘਟ ਅੰਤਰ ਗਯਾਨ ਅਚਾਨਕ।
ਲਖਿ ਕੂਰ ਪਦਾਰਥ ਕੋ ਤਜਿ ਸ੍ਵਾਰਥ ਭੇ ਪਰਮਾਰਥ ਮੈਂ ਦੁਖ ਹਾਨਕ।
ਗੁਨ ਬ੍ਰਿੰਦ ਗਹੀਰ ਸਰੀਰ ਧਰਯੋ ਬਰਜਾਹਰ ਪੀਰ ਗੁਰੂ ਜਗ ਨਾਨਕ॥੩॥

ਮਨ ਮਾਣਕ=ਮਨ ਦਾ ਮਾਣਿਕ, ਹੀਰੇ ਲਾਲ ਪੰਨੇ ਆਦਿ ਤਾਂ ਜਗਤ ਵਿਚ ਮਾਣਿਕ ਹਨ, ਅੱਖਾਂ ਨੂੰ ਪਿਆਰੇ ਲਗਦੇ ਹਨ, ਪਰ ਹਰਨਾਮ 'ਮਨ ਦਾ ਮਾਣਕ' ਹੈ ਜੋ ਹ੍ਰਿਦਯ ਵਿਚ ਜਾ ਕੇ ਉਸ ਨੂੰ ਅਮੋਲਕ ਕਰ ਦੇਂਦਾ ਹੈ। (ਅ) ਮਨ ਵਿਚ ਮਾਣਿਕ ਦਿੱਤਾ– ਐਉਂ ਭੀ ਲਾਉਂਦੇ ਹਨ। (ੲ) ਮਣਿ ਮਾਣਿਕ=ਮਾਣਿਕ ਮਣੀ ਵਾਂਙ।

ਤਨ ਮਾਨ=ਤਨ ਦਾ ਮਾਨ। ਆਪਣੇ ਸਰੀਰ ਦੇ ਸੁੰਦਰ, ਬਲਵਾਨ ਹੋਣ ਦਾ ਮਾਣ। (ਅ) ਮਨ ਨੂੰ ਆਤਮਾਂ ਦੇ ਤੁੱਲ ਮਾਪ ਲੈਣ ਦਾ ਅੰਧੇਰਾ ਯਾ ਅਵਿੱਦਯਾ।　　ਕੂਰ=ਕੂੜੇ, ਝੂਠੇ।　　ਬ੍ਰਿੰਦ=ਸਮੂਹ।

ਗਹੀਰ=ਜੋ ਗਹਿਰਾ ਹੋਵੇ, ਸਮੁੰਦਰ।

ਪੀਰ=ਵੇਖੋ ਪਿਛਲੇ ਸੁਯੇ ਦੇ ਪਦਾਂ ਦੇ ਅਰਥਾਂ ਵਿੱਚ।

ਅਰਥ–(ਉਸ ਸ੍ਰੀ ਗੁਰੂ ਨਾਨਕ ਨੇ) ਕਲਜੁਗ ਵਿਚ ਜੋ ਲੋਕ ਖੋਟੀ ਬੁੱਧੀ ਵਾਲੇ ਹੋਕੇ (ਸ਼ੁਭ ਗੁਣਾਂ ਵਿਚ) ਕੰਗਾਲ ਹੋਏ ਸਨ (ਤਿਨ੍ਹਾਂ ਨੂੰ) ਹਰੀ ਦਾ ਨਾਮ ਮਨ ਦਾ ਮਾਣਕ ਦਾਨ ਕੀਤਾ, ਜਿਨ੍ਹਾਂ ਨੇ (ਇਹ ਪ੍ਰਾਪਤ ਕਰਕੇ) ਸਦਾ ਸਿਮਰਿਆ (ਉਨ੍ਹਾਂ ਨੇ) ਸਰੀਰ ਦੇ ਮਾਨ ਨੂੰ ਦੂਰ ਕਰ ਲਿਆ, (ਉਨ੍ਹਾਂ ਦੇ) ਹਿਰਦੇ ਵਿਚ ਅਚਾਨਕ ਗਿਆਨ ਪ੍ਰਗਟ ਹੋ ਗਿਆ। ਪਦਾਰਥਾਂ ਨੂੰ ਝੂਠਾ ਲਖਕੇ (ਉਨ੍ਹਾਂ ਨੇ) ਸਵਾਰਥ ਛੱਡ ਦਿਤੇ (ਤੇ ਐਉਂ) ਪਰਮਾਰਥ ਵਿਚ ਦੁਖ ਦੂਰ ਕਰਨ ਵਾਲੇ ਹੋ ਗਏ। ਜ਼ਾਹਰਾ ਕਲਾਧਾਰੀ ਜਗਤ ਦੇ ਗੁਰੂ (ਸ੍ਰੀ ਗੁਰੂ) ਨਾਨਕ ਨੇ (ਐਸਾ) ਸ੍ਰੇਸ਼ਟ ਤੇ ਸਾਰੇ ਗੁਣਾਂ ਦਾ ਸਮੁੰਦਰ ਸਰੀਰ ਧਾਰਨ ਕੀਤਾ।

Sri Satguru Jagjit Singh Ji eLlibrary　　NamdhariElibrary@gmail.com

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਕਰਤਾਰ ਪੁਰਖ ਦੁਖ ਗੰਜਨ[1] । ਭਗਤਨਿ ਕੇਰ ਸਦਾ ਮਨ ਰੰਜਨ[2] । ਤਿਨ ਤੇ ਬਿਦਾ ਹੋਇ ਹਟਿ* ਆਏ। ਜਗਤ ਗੁਰੂ ਸਿੱਖਨ ਸੁਖਦਾਏ ॥ ੪ ॥ ਸ੍ਰੀ ਅੰਗਦ ਸੁਨੀਏ ਇਤਿਹਾਸਾ। ਹਮਰੇ ਢਿਗ ਆਏ ਸੁਖਰਾਸਾ[3] । ਧ੍ਰੂਵ ਮੰਡਲ ਜੋ ਹੁਤੋ ਸੁਹਾਵਾ। ਤਹਿ ਤੇ ਹਮ ਕੋ ਸੰਗ ਰਲਾਵਾ ॥ ੫ ॥ ਧ੍ਰੂ ਅਵਲੋਕੇ ਆਵਤਿ ਜਬਹੀ । ਨਮੋ ਪਰਸਪਰ ਕਿਯ ਮਿਲਿ ਤਬਹੀ । ਬੂਝਨ ਲਗਯੋ ਪਤੇ ਪੁਨ ਸੋਊ । 'ਜਹਾਂ ਨ ਪਹੁੰਚਿ ਸਕਯੋ ਕਬ[4] ਕੋਊ ॥੬ ॥ ਸੱਚ ਖੰਡ ਕੀ ਦੇਹੁ ਨਿਸ਼ਾਨੀ। ਕੈਸਾ ਦੇਖਯੋ ਪ੍ਰਭੁ ਨਿਰਬਾਨੀ[5] ?। ਕੌਨੈ ਰੂਪ ਰੰਗ ਹੈ ਤਿਨਕੋ ?। ਦਰਸ਼ਨ ਜਾਇ ਕੀਨ ਤੁਮ ਜਿਨਕੋ ॥ ੭ ॥ ਆਗੈ ਭਈ ਨ ਕਬਹੀ ਐਸੇ। ਦੇਹਿ ਸਮੇਤ ਗਏ† ਢਿਗ ਜੈਸੇ' । "[6]ਉੱਤਮ ਭਗਤ ਧ੍ਰੂਵ ਤੁਮ ਸੁਨੀਏ। ਰੂਪ

---

[1]ਦੁਖ ਨਾਸ਼ ਕਰਨ ਵਾਲੇ । [2]ਮਨ ਪ੍ਰਸੰਨ ਕਰਨ ਵਾਲੇ । [3]ਸੁਖਾਂ ਦੀ ਰਾਸ ਭਾਵ ਸਤਿਗੁਰੂ ਜੀ । [4]ਕਦੇ ਬੀ। [5]ਜੋ ਕਦੇ ਕਲੇਸ਼ ਕਰਮ ਜਨਮ ਵਿਚ ਨਾ ਆਯਾ ਹੋਵੇ, ਸ਼ੁੱਧ । [6]ਗੁਰੂ ਜੀ ਬੋਲੇ ।

*ਪਾਃ-'ਕਰ', 'ਤਬ' ।

†ਧ੍ਰੂਵ ਜੀ ਬੜੇ ਉੱਚੇ ਦਰਜੇ ਦੇ ਭਗਤ ਹੋਏ ਹਨ, ਉਨ੍ਹਾਂ ਦੀ ਬਾਬਤ ਮੰਨਿਆ ਹੈ ਕਿ ਉਹ ਅਟੱਲ ਪਦਵੀ ਪਾ ਆਪਣੇ ਲੋਕ ਵਿਚ ਗੱਜਦੇ ਹਨ । ਸਚਖੰਡ,ਜੋ ਬ੍ਰਹਮੰਡ ਦਾ ਕੇਂਦ੍ਰ ਹੈ ਜੋ ਸਭ ਤੋਂ ਉੱਚਾ ਨਿਰੋਲ ਪਦ ਹੈ 'ਓਥੇ ਪਹੁੰਚ ਗੁਰੂ ਨਾਨਕ ਜੀ ਦੀ ਹੋਈ' ਧ੍ਰੂ ਨੇ ਆਪ ਮੰਨੀ ਹੈ। ਸਚਖੰਡ 'ਅਦੇਸ਼' ਟਿਕਾਣਾ ਹੈ ਅਰ ਅਦੇਸ਼ ਹੋਣ ਕਰਕੇ ਹੀ ਉਹ ਸਰਬਦੇਸ਼ੀ ਬੀ ਹੈ। 'ਅਗੇ ਓਥੇ ਕੋਈ ਨਹੀਂ ਅਪੜਿਆ' ਧ੍ਰੂ ਜੀ ਕਹਿੰਦੇ ਹਨ ਕਿਉਂਕਿ ਸਾਰੇ ਅੰਤਾਲੋਂ ਕੇਵਲ ਭਗਤ ਹੋਏ ਹਨ, ਗੁਰੂ ਜੀ 'ਗੁਰ ਨਾਨਕ ਦੇਵ ਗੋਵਿੰਦ ਰੂਪ' ਹਨ । ਉਸੇ ਸਿਰਜਣਹਾਰ ਦਾ 'ਸਿਖਾਵਨ ਹਾਰ ਸਰੂਪ', ਭਾਵ ਗੁਰੂ ਸ਼ਕਤੀ, ਗੁਰ ਨਾਨਕ ਬਣਕੇ ਆਈ ਸੀ, ਸੋ ਸਚਖੰਡ ਉਹਨਾਂ ਦਾ ਸੁਦੇਸ਼ ਸੀ, ਸੁਦੇਸ਼ ਦੀ ਰੰਮਤਾ ਉਨ੍ਹਾਂ ਵਿਚ ਸੁਤੇ ਸਾਤ ਸੀ, ਹੋਰ ਮਹਾਂ ਪੁਰਖ ਮਾਤ ਲੋਕਾਂ ਵਿਚੋਂ ਤ੍ਰੱਕੀ ਕਰ ਕਰ ਕੇ ਕਰਮ ਖੰਡ ਅੱਪੜਦੇ ਹਨ ਪਰ ਗੁਰੂ ਜੀ, ਸਚਖੰਡ ਉਹਨਾਂ ਦਾ ਸੁਦੇਸ਼ ਹੋਣ ਕਰਕੇ, ਸਚਖੰਡ ਅੱਪੜੇ । ਇਹ ਬੀ ਇਕ ਤਰ੍ਹਾਂ ਦਾ ਉਸ ਚੋਲੇ ਦਾ ਕਥਨ ਹੈ, ਕਿਉਂਕਿ ਓਹ ਸਦਾ ਸਚਖੰਡ ਨਿਵਾਸੀ ਸੇ।

'ਸਚਖੰਡ ਵਿਚ ਦੇਹ ਸਮੇਤ ਅੱਪੜਨ' ਦੀ ਗਲ ਨੂੰ ਸਮਝਣਾ ਕਠਨ ਹੈ, ਪਰ ਕੁਛ ਭਾਵ ਇਉਂ ਸਾਡੀ ਮੋਟੀ ਬੱਧਿ ਗੋਚਰਾ ਹੋ ਸਕਦਾ ਹੈ । ਸਚਖੰਡ ਦੇਸ਼ਕਾਲ ਤੋਂ ਪਰੇ ਹੈ, ਪਰ ਸਰਬ ਦੇਸ਼ਾਂ ਦੇ ਅੰਤਰ ਭੂਤ ਹੈ, ਜਿਸ ਦਾ ਸੁਦੇਸ਼ ਸਚਖੰਡ ਹੈ, ਤੇ ਫੇਰ ਓਹ ਸਾਰੇ ਵ੍ਯਾਪਕ ਹੈ, ਉਸ ਵਿਚ ਗੁਰੂ ਨਾਨਕ ਦੇਵ ਜੀ ਦੀ ਰੰਮਤਾ ਸੁਤੇ ਸਿੱਧ ਸਾਤ ਹੈ, ਅਦੇਸ਼ ਵਿਚ ਅਦੇਸ਼ ਹੋਕੇ ਜਾਣਾ ਯਾ ਸਰਬ ਦੇਸ਼ੀ ਵਿਚ ਦੇਹ ਸਮੇਤ ਸਦਾ ਰਹਿਣਾ ਯਾ ਚਲੇ ਜਾਣਾ ਕੁਛ ਅਚਰਜ ਬਾਤ ਨਹੀਂ ਹੈ, ਕਠਿਨਤਾ ਹੈ ਤਾਂ

[illegible]

ਰੰਗ ਤਿਨਕੋ ਨਹਿਂ ਗੁਨੀਏ[1]* ॥੮॥ ਭਗਤਨਿ ਧਯਾਨ ਹੇਤ ਬਿਨ ਜੌਨਾ[2]† ਸੋਹਤਿ ਸ਼ਯਾਮ ਸਰੂਪ ਸਲੋਨਾ[3]। ਸਸਿ[4] ਸਵਿਤਾ[5] ਕੋਟਿਕ[6] ਉਜਿਆਰਾ[7]। ਬ੍ਰਹਮਾਦਿਕ ਜਿਹ ਪਾਇੰ ਨ ਪਾਰਾ॥ ੯॥। ਕੋਟਿ ਕਾਮ ਕੀ[8] ਸੁੰਦਰਤਾਈ। ਇਕ ਨਖ ਕੀ ਨ ਕਰੈ ਸਮਤਾਈ[9]। ਕੋ ਉਪਮਾ ਮੈਂ ਦੇਵੇਂ ਤਿਨ ਕੀ। ਸਰਬਰ ਕੋਇ ਨ ਦੇਖੌਂ ਜਿਨਕੀ ॥ ੧੦ ॥ ਅਨਿਕ ਬ੍ਰਹਮੰਡ ਦੇਹਿ ਮਹਿਂ ਬਨੇ। ਜਿਉਂ ਤਰੁਵਰ[10] ਬਹੁ ਫਲ ਕੇ ਸਨੇ। ਕਹਿਨ ਸੁਨਨਿ ਤੇ ਜਾਨਿ ਅਨੰਤਾ[11]। ਨਿਖਲ[12] ਭਵਨ[13] ਕੋ ਰਾਜਤਿ ਕੰਤਾ[14] ॥ ੧੧ ॥ ਸਭਿਨਿ ਬਿਖੈ ਜਿਹ ਜੋਤਿ ਸਮਾਨੀ[15]। ਸਦਾ ਅਲੇਪ ਸਰਬ ਕੋ ਦਾਨੀ'। ਸੁਨਿ ਕੀਨੋ ਧ੍ਰੂਵ ਹਰਖ ਅਪਾਰਾ। 'ਨਿਰੰਕਾਰ ਕੇ ਤੁਮ ਆਕਾਰਾ[16] ॥ ੧੨ ॥ ਨਿਸ਼ਚਾ ਮੋਹਿ ਅਧਿਕ ਅਤਿ ਗਾਢੋ। ਧੰਨ ਭਾਗ ਦੇਖਯੋ ਢਿਗ ਠਾਂਢੋ[17]। ਕਲਿ[18] ਮਹਿਂ ਨਾਮ ਕਰਹਿਂ ਉਪਦੇਸ਼ਾ। ਪਾਵਤਿ ਨਰ ਜੇ ਅਧਿਕ ਕਲੇਸ਼ਾ ॥ ੧੩ ॥ ਸਹਿ ਨ ਸਕੋ ਤਿਨ ਕੋ ਦੁਖ ਭਾਰੀ। ਧਰਯੋ ਰੂਪ ਤੁਮ ਪਰਉਪ-ਕਾਰੀ। ਦੀਨ ਬੰਧ ਹੋ ਦੀਨ ਦਯਾਲਾ। ਦੀਨਾ ਨਾਥਹਿ ਨਾਮ ਬਿਸਾਲਾ' ॥ ੧੪ ॥ ਉਸਤਤਿ ਕੋ ਬਚਿ ਇਉਂ ਕਹਿ ਸੁਨਿ ਕੈ। ਬੈਸੇ ਕਿਤਿਕ ਕਾਲ ਜਨ ਗੁਨਿਕੈ[19]। ਬੋਲੇ ਬਹੁਰ 'ਸੁਨੋ ਧ੍ਰੂਵ ਪਯਾਰੇ!। ਅਬ ਚਲਿਨੇ ਕੀ ਚਾਹਿ ਹਮਾਰੇ ॥ ੧੫ ॥ ਕਰਨੇ ਕਾਜ ਜਾਇ ਤਲ ਛੋਨੀ[20]। ਆਇਸੁ ਦਿਹੁ ਤਵ ਕੀਰਤਿ ਨੌਨੀ'। ਧ੍ਰੂਵ ਸੁਨਿਕੈ ਇਵ ਬਚਨ ਉਚਾਰਾ। 'ਆਇਸੁ ਸਦਾ ਤੁਮਹਿਂ ਕਰਤਾਰਾ' ॥ ੧੬ ॥ ਬਿਚਰਉ ਜਹਿ

---

[1]ਜਾਣਿਆਂ ਜਾਂਦਾ। [2]ਜੋ ਜੂਨ ਵਿਚ ਆਏ ਤੋਂ ਬਿਨਾਂ ਯਾ ਕਿਸੇ ਕਲੇਸ਼ ਕਰਮ ਕਾਰਣ ਤੇ ਸਦਾ ਸੁਤੰਤਰ ਰਹਿਕੇ ਭਗਤਾਂ ਦੇ ਧਯਾਨ ਹਿਤ ਰੂਪ ਹੈ, ਉਹ.....। [3]ਸੁੰਦਰ। [4]ਚੰਦ੍ਰਮਾ। [5]ਸੂਰਜ। [6]ਕ੍ਰੋੜਾਂ ਹੀ। [7]ਪ੍ਰਕਾਸ਼। [8]ਕਾਮਦੇਵਾਂ ਦੀ। [9]ਬਰਾਬਰੀ। [10]ਬ੍ਰਿੱਛ। [11]ਬੇਅੰਤ। [12]ਸਾਰੇ। [13]ਲੋਕਾਂ। [14]ਸ੍ਵਾਮੀ। [15]ਸਮਾਈ ਹੋਈ ਹੈ [16]ਸ੍ਵਰੂਪ। [17]ਪਾਸ ਖੜਾ ਹੋਕੇ। [18]ਕਲਯੁਗ। [19](ਧ੍ਰੂ ਨੂੰ) ਦਾਸ ਜਾਣਕੇ। [20]ਹੇਠਾਂ ਧਰਤੀ ਤੇ।

*ਪਾ:-ਨਹਿ ਜਨੀਯੇ। †ਪਾ:-ਭਗਤਨ ਧਯਾਨ ਹੇਤ ਮਨ ਜੌਨਾ। ਅਰਥਾਤ -ਜੇਹੜੀ ਭਗਤਾਂ ਦੇ ਮਨ ਦੇ ਧਯਾਨ ਮਾਤ੍ਰ ਲਈ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਐਸੀਆਂ ਸੂਖਮ ਬਾਤਾਂ ਨੂੰ ਸਥੂਲ ਲਫਜ਼ਾਂ ਤੇ ਦੇਸ਼ ਕਾਲ ਵਾਲੇ ਖਿਆਲਾਂ ਵਿਚ ਵਰਣਨ ਕਰਨਾ। ਕਵਿ ਜੀ ਆਪ ਉਚਾਰਦੇ ਹਨ:-ਓਰਕ ਕਹੂੰ ਨ ਪਾਯੋ ਕਾਹੂ। ਸਰਬ ਅਨੰਤ ਕਹੈਂ ਮਿਲਿ ਤਾਹੂ। (ਦੇਖੋ ਇਸੇ ਅਧਯਾਯ ਦਾ ਅੰਕ ੨੩)।

Sri Satguru Jagjit Singh Ji eLibrary NamdhariElibrary@gmail.com

ਇੱਛਾ ਉਰ ਤੇਰੇ। ਕਲਮਲ ਨਾਸਹਿ ਦਰਸ਼ਨ ਹੇਰੇ'। ਕਰੀ ਪਰਸਪਰ ਤਬਹੀ ਬੰਦਨ। ਤਹਿੰ ਤੇ ਗਮਨੇ ਦੋਖ ਨਿਕੰਦਨ ॥ ੧੭ ॥ ਕਿਤਿਕ ਦੂਰ ਤਬਹੀ ਚਲਿ ਆਏ। ਮਰਦਾਨੇ ਤਬ ਬੈਨ ਅਲਾਏ। 'ਜੇਤੇ ਨਭਚਰ[1] ਹੈਂ ਨਭਿ ਮਾਂਹੀ। ਧ੍ਰੂਵ ਮੰਡਲ ਸਭਿ ਤੇ ਉਰਧਾਹੀਂ[2]॥੧੮॥ ਭੂਤਲ[3] ਤੇ ਊਰਧ[4] ਹੈ ਜੇਤੋ। ਮੁਝੇ ਬਤਾਵੋ ਸ਼੍ਰੀ ਪ੍ਰਭੁ ਤੇਤੋ। ਹਮ ਸੇ ਅਲਪਨ[5] ਕੋ ਇਹ ਥਾਨਾਂ। ਤੁਮ ਬਿਨ ਕੌਨ ਦਿਖਾਇ, ਮਹਾਨਾਂ[6]' ॥੧੯॥ ਸ਼੍ਰੀ ਗੁਰ ਕਹੈਂ 'ਸੁਨੋ ਮਰਦਾਨੇ। ਧ੍ਰੂਵ ਮੰਡਲ ਜੇਤੋਕ ਪ੍ਰਮਾਨੈਂ। ਉਨਤਾਲੀ ਲਖ ਜੋਜਨ ਊਚਾ*। ਇਸਕੀ ਸਰਬਰ[7] ਕੋ ਨ ਪਹੂਚਾ' ॥ ੨੦ ॥ 'ਪ੍ਰਭੁ ਜੀ ਮੁਝ ਇਕ ਅਵਰ ਬਤਾਵਉ। ਲਖਿ ਅਜਾਨ ਨਹਿ ਮਨ ਖੁਨਸਾਵਉ। ਧ੍ਰੂਵ ਮੰਡਲ ਤੇ ਗਏ ਅਗਾਰੀ[8]। ਕੇਤੀ ਦੂਰ ? ਕਹਉ ਸੁਖਕਾਰੀ !' ॥ ੨੧ ॥ 'ਅੱਪ੍ਰਮਾਨ[9] ਸੋ ਸੁਨਿ ਮਰਦਾਨੇ। ਤਿਹ ਕੀ ਗਿਨਤੀ ਹੈ ਨ ਬਖਾਨੇ। ਨਾਮ ਅਨੰਭ ਅਲੇਖ ਅਪਾਰਾ[10]। ਬ੍ਰਹਮਾਦਿਕ ਇਉਂ ਕਰਤਿ ਉਚਾਰਾ ॥ ੨੨ ॥ ਦਯਾ ਧਾਰਿ ਦਿਖਰਾਵਹਿ[11] ਜੇਤੋ[12]। ਕਰਕੈ ਜੰਤੁ[13] ਦੇਖਤਿ ਹੈ ਤੇਤੋ। ਓਰਕ ਕਹੂੰ ਨ ਪਾਯੋ ਕਾਂਹੂ। ਸਰਬ ਅਨੰਤ[14] ਕਹੈਂ ਮਿਲਿ ਤਾਂਹੂ' ॥੨੩॥ 'ਧੰਨ ! ਧੰਨ !' ਭਾਖੇ ਮਰਦਾਨਾ। 'ਕਹਉ ਸੱਤਿ ਤੁਮ ਮਯਾ ਨਿਧਾਨਾ !। ਨਿਰੰਕਾਰ ਤੁਮ ਮਹਿ ਨਹਿ ਭੇਦਾ। ਕਾਰਨ ਕਰਨ[15] ਅਕਾਲ ਅਛੇਦਾ ॥ ੨੪ ॥ ਅਬ ਭੂਤਲ ਕੋ ਆਪ ਪਧਾਰੋ। ਕੌਨ ਦੇਸ਼ ਆਇ ਪੰਥ ਅਗਾਰੇ ?। ਕਿਤਿਕ ਦੇਰ ਮਹਿ ਚਲਹੁ ਗੁਸਾਈਂ ?'। ਸੁਨਿ ਕਰਿ ਸ਼੍ਰੀ ਗੁਰ ਗਿਰਾ ਅਲਾਈ ॥ ੨੫॥ ਦੋਹਰਾ ॥ 'ਸੂਰਤ ਬੰਦਰ ਆਵਈ ਨਟਕਾ ਚਪਟਾ ਫੇਰ। ਮਛਲੀ ਬੰਦਰ ਜਾਇ ਪੁਨਿ ਸ਼ੀਘਰ ਕਰੈਂ ਨ ਦੇਰ†' ॥ ੨੬ ॥ ਚੌਪਈ ॥ ਇਸ ਪ੍ਰਕਾਰ ਕੋ

---

[1]ਅਕਾਸ਼ ਤੇ ਵਿਚਰਨ ਵਾਲੇ। [2]ਉੱਚਾ ਹੈ। [3]ਪ੍ਰਿਥਵੀ। [4]ਉਚਾ। [5]ਸਾਡੇ ਵਰਗੇ ਤੁੱਛਾਂ। [6]ਹੇ ਸ੍ਰੇਸ਼ਟ ਜੀਓ ! [7]ਬਰਾਬਰ। [8]ਅੱਗੇ। [9]ਬੇਅੰਦਾਜ਼ਾ। [10]ਪਾਰਾਵਾਰ ਰਹਿਤ। [11]ਦਿਖਾਂਵਦਾ ਹੈ। [12]ਜਿਤਨਾ। [13]ਕੀੜਾ ਹੋਕਾ ਜੀਵ। [14]ਬਿਅੰਤ ਹੀ। [15]ਸਬੱਬਾਂ ਦੇ ਕਰਨ ਵਾਲੇ।

*ਏਹ ਹਿਸਾਬ ਵੀ ਹਿੰਦਾਲੀਆਂ ਦੀ ਵਿਗਾੜੀ ਹੋਈ ਜਨਮਸਾਖੀ ਤੋਂ ਹੀ ਲਿਖੇ ਜਾਪਦੇ ਹਨ। 'ਧ੍ਰੂ' ਨਾਮੇ ਸਿਤਾਰਾ ਇਸ ਤੋਂ ਬਹੁਤ ਹੀ ਵਧੀਕ ਦੂਰੀ ਤੇ ਹੈ।

†ਏਹ ਜੋ ਟਿਕਾਣੇ ਦੱਸ ਰਹੇ ਹਨ ਏਥੇ ਅਜੇ ਅੱਪੜੇ ਨਹੀਂ। ਇਥੇ ਗ਼ਾਲਬਨ ਏਹ ਦੱਸਿਆ ਹੈ ਕਿ ਚੀਨ ਦਾ ਸੈਲ ਕਰਕੇ ਕਿਸੇ ਜਹਾਜ਼ ਦੇ ਰਸਤੇ ਹਿੰਦੁਸਤਾਨ ਅੱਪੜਨ ਦਾ ਇਸ ਵੇਲੇ ਖਿਆਲ ਹੈ। ਮਛਲੀ ਪਟਮ ਮਦਰਾਸ ਅਹਾਤੇ ਦਾ ਇਕ

[ਬਾਕੀ ਨੂੰ ਵੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

ਬਚਨ ਬਿਲਾਸਾ। ਕਰਤਿ ਚਲਤਿ ਸਿੱਖਨ ਸੁਖ ਰਾਸਾ। ਸੀਲਾਗਿਰ[1] ਪਰ ਜਬ ਚਲਿ ਆਏ। ਮਰਦਾਨੇ ਤਬ ਬੈਨ ਅਲਾਏ॥੨੭॥ 'ਇਸ ਪਰਬਤ ਸੁੰਦਰ ਕੇ ਮਾਂਹੀ।ਰਹਤਿ ਜੰਤ ਕੈਧੌਂ ਕੋ ਨਾਂਹੀ?। ਪਸੁ ਪੰਖੀ ਕੋ ਨਜ਼ਰ ਨ ਆਵੈ। ਸੁਨੋ ਸਭਿ ਇਸਥਾਨ ਦਿਖਾਵੈ' ॥੨੮॥ ਸ੍ਰੀ ਗੁਰ ਕਹੈਂ 'ਛੁਧਾ ਤੁਹਿ ਲਾਗੀ। ਕਿਉਂ ਕਰਿ ਬੂਝਤਿ ਹੈ ਬਡਿਭਾਗੀ? ਇਸ ਗਿਰਪਰ ਨਰ ਰਹਿਤਿ ਨ ਕੋਊ। ਅਗਲੇ ਥਲ ਅਵਲੋਕਤਿ ਜੋਊ ॥ ੨੯ ॥ ਤਿਹ ਪਰ ਰਹਿਤ ਰਿਖੀਸ਼ੁਰ ਭੂਰੇ[3]। ਤਰੁਵਰ[4] ਬਹੁ ਲਾਗੇ ਫਲ ਰੂਰੇ। ਜੇਕਰਿ ਤਵ ਮਨ ਮੈਂ ਹ੍ਵੈ ਚਾਹੀ। ਚਲਿ ਕਰਿ ਤਹਿਂ ਫਲ ਲੀਜੈ ਖਾਹੀ'॥੩੦॥'ਸ੍ਰੀ ਪ੍ਰਭੁ! ਸੁਨੀਏ ਛੁਧਾ ਨ ਕੋਈ। ਜਬਕੋ ਬਰ ਦੇਕਰਿ ਤੁਮ ਖੋਈ। ਰਹੌਂ ਅਨੰਦ ਸਦਾ ਉਰ ਮਾਂਹੀ।ਖਾਵਨ ਚਾਹਿ ਹੋਤਿ ਕਬਿ ਨਾਂਹੀ'॥੩੧॥ਕਹਿਤਿ ਸੁਨਤਿ ਤਿਹ ਗਿਰ ਪਰ ਆਏ। ਜਹਾਂ ਬਿਟਪ[5] ਫਲ ਸਹਿਤ ਸੁਹਾਏ। ਅਨਿਕ ਰੰਗ ਕੇ ਸੁਮਨ[6] ਸੁਹਾਵਨ। ਜਿਨ ਪਰ ਭੌਰੇ ਕਰਹਿਂ ਭ੍ਰਮਾਵਨ[7] ॥ ੩੨ ॥ ਲਤਾ[8] ਬਹੁਤ ਜਿਨ ਸੋਂ ਉਰਝਾਨੀ। ਸੁੰਦਰ ਅਤਿ ਛਾਇਆ ਸੁਖਦਾਨੀ। ਅਨਿਕ ਬਿਧਿਨਿ ਲਾਗੇ ਫਲ ਸਰਸੈਂ[9]। ਸ਼ਾਖਾ[10] ਭਾਰ ਭੂਮਿ ਸੋਂ ਪਰਸੈਂ[11] ॥ ੩੩॥ ਮਨਹੁ ਅਥਿਤ[12] ਜੋ ਆਵਤਿ ਪਾਸਾ।ਦੇਨੇ ਹੇਤ ਝੁਕੇ ਫਲ ਰਾਸਾ[13]। ਬਿਨ ਹੀ ਸ੍ਰਮ[14] ਲੇਂ ਤੋਰ ਸੁਖਾਰੇ। ਖਾਵਹਿ ਸਾਦੁ[15] ਛੁਧਾ ਨਿਰਵਾਰੇ॥ ੩੪ ॥ ਦੋਹਰਾ ॥ ਉਪਕਾਰੀ ਜੋ ਪੁਰਖ ਹੈਂ,ਸਿੱਖਨਾ ਤਿਹ ਜਨੁ ਦੇਤਿ।–ਕਰਿ ਉਪਕਾਰ ਸੁ ਨਿਵ ਚਲੋ ਦੀਨ ਦੁਨੀ ਸੁਖ ਹੇਤ–॥੩੫॥ ਚੌਪਈ ॥ ਸੀਤਲ ਬਿਮਲੋ[16] ਨੌਰਾ[17]* ਨੀਰੇ[18]। ਮਾਰਗਸ਼੍ਰਮ ਕੀ[19] ਖੋਵਤਿ ਪੀਰੇ। ਸਘਨ[20] ਸੁਹਾਵਨ ਛਾਯਾ ਜਹਿਂਵਾ। ਬੈਸੇ ਸ੍ਰੀ ਨਾਨਕ ਪਿਖਿ ਤਹਿਂਵਾ॥ ੩੬ ॥ ਬਰ

---

[1]ਨਾਮ ਹੈ ਪਹਾੜ ਦਾ। [2]ਸੂੰਦਾ। [3]ਬਹੁਤੇ। [4]ਬ੍ਰਿਛਾਂ ਨੂੰ। [5]ਬ੍ਰਿਛ। [6]ਫੱਲ। [7]ਉਛਲਣਾ। [8]ਵੇਲਾਂ। [9]ਰਸਾਂ ਵਾਲੇ। [10]ਟਾਹਣੀਆਂ। [11]ਛੋਂਹਦੀਆਂ ਹਨ। [12]ਲੋੜਵੰਦ। [13]ਸਾਰੇ। [14]ਬਿਨਾ ਖੇਚਲ ਦੇ। [15]ਸਵਾਦ ਨਾਲ। [16]ਉੱਜਲ। [17]ਪਰਵਾਹ ਦਾ। [18]ਪਾਣੀ। [19]ਰਾਹ ਦੀ ਥਕਾਣ ਦੀ। [20]ਸੰਘਣੀ। *ਪਾ:–ਪੀਵੈ।

[ਪਿਛਲੇ ਪੰਨੇ ਦੀ ਬਾਕੀ ਤੁਕ]

ਬੰਦਰ ਹੈ ਜੋ ਗੋਦਾਵਰੀ ਸੰਗਮਾਂ ਤੋਂ ਹੇਠਾਂ ਵਾਰ ਹੈ ਤੇ ਸੂਰਤ ਬੰਬਈ ਅਹਾਤੇ ਵਿਚ ਹੈ। ਜੇ ਰਾਂ ਪੂਰਬੀ ਕਿਨਾਰੇ ਉਤਰਨ ਦਾ ਖਿਆਲ ਹੈ ਤਾਂ ਮਛਲੀ ਪਟਮ ਪਹਿਲੇ ਠੀਕ ਹੈ ਤੇ ਜੇ ਪੱਛੋਂ ਜਾ ਉੱਤਰਨ ਦਾ ਖਿਆਲ ਹੈ ਤਾਂ ਸੂਰਤ ਪਹਿਲੇ। ਗੁਰੂ ਜੀ ਅਜੇ ਪਹਾੜਾਂ ਦੇ ਸ਼ੈਲੇ ਕਰ ਰਹੇ ਹਨ, ਸੋ ਅਜੇ ਤਾਂ ਇਹ ਕੇਵਲ ਵਚਨ ਬਿਲਾਸ ਤੇ ਹਾਸ ਹੋ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਫਰ[1] ਮਧੁਰ ਤੋਰਿ ਮਰਦਾਨੇ। ਗੁਰ ਅੱਗ੍ਰਜ ਰਾਖੇ ਤਬਿ ਆਨੇ। 'ਸੁੰਦਰ ਸਰਸ[2] ਦੇਖਿ ਮਨ ਭਾਏ। ਸ੍ਰੀ ਗੁਰ ਕਰ ਮੈਂ ਅਰਧ ਉਠਾਏ ॥ ੩੭॥ ਸੋ ਮੇਵੇ ਦੀਨੇ ਤਿਹ ਕਾਲਾ। ਰਾਖੇ ਅੰਤਧੇ ਆਪ ਕ੍ਰਿਪਾਲਾ। ਮਰਦਾਨਾ ਤੋਰੈ ਸੋ ਖਾਵਤਿ । ਸਾਦ ਸੁਧਾ ਸਮ੍ਹ ਅਧਿਕ ਅਘਾਵਤਿ[3] ॥ ੩੮ ॥ ਦੋਹਰਾ ॥ ਛੋਰਿ ਸਕੈ ਨਹਿਂ ਖਾਇ ਬਹੁ ਗਰ ਲੌ ਉਦਰੰ ਪੂਰ[4]। ਤੋਰਿ[5] ਚੀਰ[6] ਮਹਿਂ[7] ਪਾਇ ਕਛੁ ਬਾਂਧੇ[8] ਸ੍ਵਾਦੈ[9] ਭੂਰ[10] ॥ ੩੯ ॥ ਚੌਪਈ ॥ ਬੈਸਯੋ ਗੁਰ ਸਮੀਪ ਸੋ ਆਨਾ[11]। ਬਿਗਸਤਿ ਬੋਲੇ ਮਧਾਨਿਧਾਨਾ। 'ਜੇ ਨ ਅਘਾਯੋ ਔਰਹਿ ਲੀਜੈ। ਮਨ ਭਾਵਨ ਸੋ ਖਾਵਨ ਕੀਜੈ' ॥ ੪੦ ॥ 'ਸ੍ਰੀ ਪ੍ਰਭੁ ! ਮੈਂ ਬਹੁ ਰਹਯੋ ਅਘਾਈ[12]। ਖਾਵਨ ਤ੍ਰਿਸ਼ਨਾ ਸਕਲ ਮਿਟਾਈ। ਜੋ ਅਬ ਰਾਵਰ ਕੀ ਰੁਚਿ ਦੇਵਨ। ਇਕ ਦੁਇ ਦਿਹੁ ਖਾਵਊਂ ਕਰ ਲੇਵਨ[13]' ॥ ੪੧॥ ਨਿਜ ਕਰ ਸੌਂ ਗੁਰ ਫਰ[14] ਜੁਗ ਦੀਨੇ। ਲੇ ਕਰਿ ਤਬ ਹੀ ਖਾਵਨ ਕੀਨੇ । ਖਾਨੇ ਕੀ ਰੁਚਿ ਉਦਰ ਅਘਾਯੋ । ਤਿਹ ਛਿਨ ਬਹੁਰੋ ਬੈਨ ਅਲਾਯੋ ॥ ੪੨ ॥ ਦੋਹਰਾ ॥ 'ਸਾਦ ਸੁਧਾ ਸਮ ਫਲ ਮਧੁਰ ਇਹਾਂ ਕੌਨ ਇਨ ਖਾਇ।ਕਿਧੌਂ ਬਾਦ ਏ ਜਾਵਈ ਮਾਨਵ ਕੋ ਨ ਦਿਸਾਇ' ॥ ੪੩ ॥ ਚੌਪਈ ॥ ਗੁਰ ਕਹਿ 'ਜੋ ਨਹਿ ਖਾਵਨਵਾਰੋ[15]। ਕਿਉਂ ਉਪਜਤਿ ਇਹ ਰਿਦੇ ਬਿਚਾਰੋ । ਨਿਰੰਕਾਰ ਕੇ ਸੰਤ ਜਿ ਈਠੇ[16]। ਤਿਨਕੇ ਹੇਤ ਫਰੇ ਫਲ ਮੀਠੇ ॥ ੪੪ ॥ ਰੁਚਿ ਸੋਂ ਖਾਇ ਲਗਾਇ ਸਮਾਧਾ। ਕਰਤਿ ਭਜਨ ਜਿਨ ਮੋਹ ਨ ਬਾਧਾ' । 'ਕਿਤਕ ਕਾਲ ਪ੍ਰਭੁ ਇਹਠਾਂ ਰਹੀਏ। ਮਿਲੇ ਸੰਤ ਬਚ ਸੁਨੀਏ ਕਹੀਏ' ॥ ੪੫ ॥ ਬਿਗਸਤਿ ਬੋਲੇ ਕਰੁਨਾ ਡੀਠਾ[17]। 'ਤੋ ਕੋ ਲਗਯੋ ਸ੍ਵਾਦ ਫਲ ਮੀਠਾ । ਕਰਿ ਅਹਾਰ ਕੋ ਲਾਲਚ ਮਨ ਮੈਂ। ਰਾਖਯੋ ਚਹਿਤ ਅਬੈ ਤੂੰ ਬਨ ਮੈਂ' ॥ ੪੬ ॥ ਇਸ ਪ੍ਰਕਾਰ ਕੋ ਹਾਸ ਬਿਲਾਸਾ। ਕਰਤਿ ਹੁਤੇ ਤਿਹ ਠਾਂ ਸੁਖ ਰਾਸਾ। ਤਿਂਹ ਛਿਨ ਏਕ ਰਿਖੀ ਚਲਿ ਆਯੋ। ਹਰਿ ਸਿਮਰਨ ਮਹਿ ਜੋ ਲਪਟਾਯੋ ॥ ੪੭ ॥ ਹਮਹਿਂ ਬਿਲੋਕਤਿ ਬੋਲਯੋ ਸੋਊ। 'ਇਹਾਂ ਨ ਪਹੁੰਚਯੋ ਕਬਿ ਅਸ ਕੋਊ। ਕੋ ਤੁਮ੍ਹ,

---

[1]ਸ੍ਰੇਸ਼ਟ ਫਲ । [2]ਸਮੇਤ ਰਸ ਦੇ । [3]ਰੱਜ ਰੱਜ ਕੇ ਖਾਂਦਾ ਹੈ। [4]ਗਲ ਤਕ ਪੇਟ ਨੂੰ ਭਰਕੇ [5]ਤੋੜਕੇ । [6]ਬਸਤਰ । [7]ਵਿਚ । [8]ਬੰਨ੍ਹੇ। [9]ਸਵਾਦ ਵਾਲੇ । [10]ਬਹੁਤੇ । [11]ਆ ਕਰਕੇ । [12]ਤ੍ਰਿਪਤ ਹੋ ਗਿਆ ਹਾਂ । [13]ਆਪਦੇ ਹੱਥੋਂ ਲੈਕੇ ਖਾਵਾਂ । [14]ਫਲ । [15]ਖਾਵਨ ਵਾਲਾ । [16]ਪਿਆਰੇ । [17]ਮਿਹਰ ਦੀ ਨਜ਼ਰ ਵਾਲੇ (ਅ) ਕ੍ਰਿਪਾ ਦ੍ਰਿਸ਼ਟੀ ਨਾਲ ਹੱਸਕੇ (ਬੋਲੇ) ।

Sri Satguru Jagjit Singh Ji eLibrary NamdhariElibrary@gmail.com

ਕੈਸੇ ਆਨਿ ਪਹੂੰਚੇ ? । ਬਿਖਮ[1] ਥਾਨ ਭੂ ਤੇ[2] ਗਿਰ ਊਚੇ ॥ ੪੮ ॥
ਅਵਲੋਕਤਿ[3] ਅਚਰਜ ਉਰ ਆਧਹਿ । ਮੁਝੇ ਆਪਨੋ ਨਾਮ ਬਤਾਵਹਿ' ।
ਸੁਨਿ ਕਰਿ ਸ੍ਰੀ ਗੁਰ ਗਿਰਾ ਉਚਾਰੀ । 'ਨਾਮ ਮੋਰ ਨਾਨਕ ਨ੍ਰਿੰਕਾਰੀ ॥
੪੯॥ ਸੰਤ ਭਗਤ ਕੇ ਦਰਸ਼ਨ ਹੇਤੇ । ਬਿਚਰਤਿ ਸਰਬ ਥਾਨ ਸੁਖ ਲੇਤੇ' ।
ਸੁਨਿ ਇਉਂ ਰਿਖਿ ਹਿਰਦੇ ਹਰਖਾਵਾ । ਹੇਤ ਬੂਝਨੇ ਬੈਨ ਅਲਾਵਾ ॥੫੦॥
ਸ੍ਰੀ ਨਾਨਕ ਜੋ ਹੈ ਤੁਮ ਨਾਮੂ । ਤੌ ਚਰਨਨ ਹੁਇ ਮੋਰ ਪ੍ਰਣਾਮੂ[4]' । ਗੁਰ
ਬੂਝਨੋ 'ਤੂੰ ਕਿਉਂ ਕਰਿ ਜਾਨਹਿ? ਕਿਹ ਤੇ ਸੁਨਿ ਕੈ ਹਮੈਂ ਪਛਾਨਹਿ?' ॥੫੧॥
ਮੁਨਿਵਰ ਭਨੋ[5] 'ਮੋਰ ਗੁਰ ਪੂਰਾ । ਤਿਹ ਇਕ ਸਮੈ ਕਹਨੋ ਬਚ ਰੂਰਾ ।
-ਕਲੀ ਕਾਲ ਮੈਂ ਹ੍ਵੈ ਅਵਤਾਰਾ । ਨਾਮ ਜਪਾਵਨ ਦੰਭ[6] ਬਿਦਾਰਾ[7] ॥੫੨॥
ਭਗਤਿ[8] ਜਗਤ ਮਾਂਹਿ ਸੋ ਪ੍ਰਗਟਾਵੈ । ਜਹਿਂ ਤਹਿਂ ਉੱਤਮ ਧਰਮ ਚਲਾਵੈ- ।
ਦਰਸ ਕਰਤਿ ਭੀ[9] ਭਾਵਨ[10] ਮੋਹੀ[11] । ਸ੍ਰੀ ਨਾਨਕ ਜੀ ਹੋ ਤੁਮ ਓਹੀ' ॥੫੩॥
ਅਸ ਕਹਿ ਬੰਦਨ ਹੇਤ ਸਮੀਪਾ । ਗਯੋ ਜਹਾਂ ਬੇਦੀ ਕੁਲ ਦੀਪਾ । ਨਿਜ
ਕਰ ਪਰ ਲੈਕੇ ਤਿਹ ਸੀਸੇ । ਆਦਰ ਕਰਤਿ ਭਏ ਜਗਦੀਸ਼ੇ[12] ॥ ੫੪ ॥
ਬੂਝਨ[13] ਲਗੇ 'ਕੌਨ ਤੁਮ ਨਾਮੂ ? । ਗੁਰ ਕੋ ਨਾਮ ਭਨੋ ਅਭਿਰਾਮੂ' ।
'ਮੋਹਿ[14] ਨਾਮ ਕਲਯਾਨ ਲਖੀਜੈ । ਸੀਲ ਸੈਨ ਗੁਰ ਨਾਮ ਜਨੀਜੈ ॥੫੫॥
ਤੁਮਰੇ ਦਰਸ ਮਿਲਯੋ ਦੁਖ ਹੰਤਾ[15] । ਜਪ ਤਪ ਸਗਲੇ[16] ਸਫਲ
ਭਵੰਤਾ[17]*' । ਇਉਂ ਮਿਲਿ ਗਮਨਯੋ ਆਸ਼੍ਰਮ ਆਪਨ । ਜਹਿਂ ਬਹੁ ਤਪੀ
ਕਰਹਿਂ ਬਡ ਤਾਪਨ[18] ॥੫੬॥ ਹਿਰਦੇ ਰਹਯੋ ਅਧਿਕ ਹਰਖਾਈ । ਸਭਿਹਿਨਿ
ਕੋ ਸੁਧ ਜਾਇ ਸੁਨਾਈ । 'ਸ੍ਰੀ ਨਾਨਕ, ਜਿਨ ਕੀ ਸੁਭ ਬਾਤਾ । ਕਰਤਿ ਹੁਤੋ
ਕਬਿ ਕਬਿ ਮਿਲ ਤਾਤਾ[19] ॥ ੫੭ ॥ ਸੋ ਅਬਿ ਚਲਿ ਆਏ ਇਹ ਠਾਂਈ ।
ਬੈਸੇ[20] ਬਨ[21] ਕੇ ਬੀਚ ਸੁਹਾਈ । ਦ੍ਵੈ ਮਾਨਵ[22] ਹੈਂ ਔਰ ਸੰਗਾਰੇ[23] ।
ਚਲੀਏ ਦਰਸ਼ਨ ਲੇਹੁ ਨਿਹਾਰੇ' ॥੫੮॥ ਸੀਲਸੈਣ ਆਦਿਕ ਰਿਖਿ ਜੇਤੇ ।
ਸੁਨਿ ਸ਼ੀਘਰ ਗੱਛਤਿ ਭੇ ਤੇਤੇ[24] । ਸਿਰ ਪਰ ਜਟਾ ਜੂਟ[25] ਕੋ ਕੀਨੇ ।

---

[1]ਔਖਾ । [2]ਪ੍ਰਿਥਵੀ ਤੇ । [3]ਵੇਖਦਿਆਂ । [4]ਨਮਸਕਾਰ । [5]ਰਿਖੀ ਨੇ ਕਿਹਾ । [6]ਪਖੰਡ । [7]ਦੂਰ ਕਰਨ ਲਈ । [8]ਭਗਤੀ । [9]ਹੋਈ । [10]ਕਾਮਨਾ । [11]ਮੇਰੀ । [12]ਜਗਤ ਦੇ ਈਸ਼੍ਵਰ-ਗੁਰੂ ਜੀ । [13]ਪੁੱਛਣ । [14]ਮੇਰਾ । [15]ਨਾਸ਼ ਹੋ ਗਏ । [16]ਸਾਰੇ । [17]ਸਫਲ ਹੋ ਗਏ । [18]ਤਪੱਸਿਆ । [19]ਪਿਆਰਾ, ਭਾਵ ਗੁਰੂ । [20]ਬੈਠੇਹਨ । [21]ਜੰਗਲ । [22]ਦੋ ਪੁਰਸ਼ । [23]ਨਾਲ । [24]ਸਾਰੇ ਹੀ ਗਏ । [25]ਜਟਾਂ ਦਾ ਜੂੜਾ । *ਪਾ:-ਜਪ ਤਪ ਸਗਲ ਸਫਲ ਭਗਵੰਤਾ ।

Sri Satguru Jagjit Singh Ji eLibrary NamdhariElibrary@gmail.com

ਕੁਸ਼ ਕੀ[1] ਕਟ[2] ਮਹਿ[3] ਪਾਇ ਕੁਪੀਨੇ[4] ॥੫੯॥ ਬਲਕਲ[5] ਕੇ ਬਸਤ੍ਰ ਤਨ ਧਾਰੇ। ਜੰਞੂ ਕੁਸ਼[6] ਕੇ ਗ੍ਰੀਵ[7] ਮਝਾਰੇ। ਕਰ ਪਗ ਕੇ[8] ਨਖ[9] ਬਧੇ[10] ਬਿਸਾਲਾ[11]। ਤਪ ਕੋ ਤੇਜ ਦਿਪੈ[12] ਜਿਨ ਭਾਲਾ[13] ॥ ੬੦ ॥ ਸ਼ਮਸ[14] ਸ੍ਵੇਤ[15] ਤਨ[16] ਚਰਮ[17] ਸੁਕਾਵਾ[18]। ਸੁਰਗਾਦਿਕ ਸੁਖ ਤਨਕ ਨ ਭਾਵਾ। ਉੱਜਲ ਰਿਦੇ ਗ੍ਯਾਨ ਸੋਂ ਜਿਨਕੇ। ਕਲਮਲ[19] ਨਾਸਹਿ[20] ਦਰਸ਼ਨ ਤਿਨਕੇ ॥ ੬੧ ॥ ਦੋਹਰਾ ॥ ਚਲਿ ਸਮੀਪ ਆਇ ਜਬੈ ਉਠਤਿ ਭਏ ਗਤਿ-ਦਾਇ[21]। ਸਭਿਹਿਨਿ ਕੋ ਬੰਦਨ ਕਰੀ ਜਿਉਂ ਰਘੁਬਰ[22] ਰਿਖਿਰਾਇ॥੬੨॥ ਚੌਪਈ॥ ਮਿਲੇ ਹਰਖ[23] ਕਰਿ ਸਭਿ ਸ੍ਰੀਗੁਰ ਸੋਂ। ਦਰਸ ਬਿਲੋਕਹਿਂ[24] ਹਿਤ[25] ਕਰਿ ਉਰਸੋਂ। ਅਨਿਕ ਬਿਧਿਨਿ ਕੀ ਉਸਤਤਿ ਕੀਨੀ। ਚਰਨ ਕਵਲ ਰਤਿ ਮਹਿਂ[26] ਮਤਿ ਭੀਨੀ[27] ॥ ੬੩ ॥ 'ਨਿਰੰਕਾਰ ਤੁਮ ਬਨੇ ਆਕਾਰਾ[28]। ਬਹੁ ਨਰ ਤਾਰਹੁਗੇ ਸੰਸਾਰਾ। ਇਹ ਸਥਾਨ ਨਿਜ ਸੇਵਕ ਜਾਨੇ। ਆਇ ਦਰਸ ਦਿਯ ਦਯਾ ਨਿਧਾਨੇ ! ॥ ੬੪ ॥ ਭਏ ਕ੍ਰਿਤਾਰਥ ਹਮ ਸਭਿ ਤਬ ਤੇ । ਦਰਸ ਬਿਲੋਕ੍ਯੋ ਤੁਮਰਾ ਜਬ ਤੇ । ਦੀਨਾ ਨਾਥ, ਦਯਾਲ, ਗੁਸਾਈਂ ! । ਭਗਤ ਵਛਲ ਤੁਮ ਬਿਰਦ ਸਦਾਈ ॥ ੬੫ ॥ ਦੋਹਰਾ ॥ ਜਪ ਤਪ ਸੰਜਮ ਅਧਿਕ ਜੋ ਕੀਨੇ ਹਮ ਹਿਤ ਲਾਇ। ਸਫਲ ਭਏ ਹੈਂ ਆਜ ਸੋ ਤੁਮਰਾ ਦਰਸ਼ਨ ਪਾਇ' ॥੬੬॥ ਚੌਪਈ॥ ਸ਼੍ਰੀ ਪ੍ਰਭੁ ਭਨੈਂ 'ਧੰਨ ਸਤਿਸੰਗਾ। ਜਿਸਮੈਂ ਚ੍ਰਵੈ ਨਾਮ ਕੋ ਰੰਗਾ। ਜਨਮ ਮਰਨ ਕੋ* ਦੁਖ ਅਧਿਕਾਏ। ਨਾਸਹਿ ਸਤਿਗੁਰ ਨਾਮ ਧਿਆਏ[29] ॥੬੭॥ ਪਰਮੇਸੁਰ ਗੁਣ ਰਮਣ[30] ਸਪ੍ਰੀਤਾ। ਧੰਨ ਸਿ ਨਰ ਉਰ ਧਾਰੈਂ ਨੀਤਾ'। ਇਸ ਬਿਧਿ ਕਹਿ ਸੁਨਿ ਤਿਨ ਸੋਂ ਬਾਨੀ। ਬਿਦਾ ਰਿਖਿਨ ਤੇ ਭੇ[31] ਸੁਖਦਾਨੀ ॥੬੮॥ ਸਭਿਹਿਨਿ ਸੋਂ ਮਿਲਿ ਬੰਦਨ ਕਰੀ। ਜਾਨੀ ਰਿਖਿਨਿ ਸਫਲ ਸੋ ਘਰੀ। ਤਿਹ ਤੇ ਗਮਨੇ ਤਤਛਿਨ ਆਏ। ਗਿਰ ਘਿਰਾਨ[32] ਜਹਿਂ ਬਿਟਪ[33] ਸੁਹਾਏ ॥੬੯॥ ਇਕ

---

[1]ਦੱਭ ਦੀ। [2]ਲੱਕ। [3]ਵਿੱਚ। [4]ਲੰਗੋਟੀ। [5]ਭੋਜ ਪੱਤ੍ਰ। [6]ਦੱਭ ਦੇ। [7]ਗਲ। [8]ਹੱਥਾਂ ਪੈਰਾਂ ਦੇ। [9]ਨਹੁੰ। [10]ਵਧੇ ਹੋਏ। [11]ਬੜੇ। [12]ਪ੍ਰਕਾਸ਼ਦਾ ਹੈ। [13]ਜਿਨ੍ਹਾਂ ਦੇ ਮੱਥੇ ਤੇ। [14]ਦਾੜ੍ਹੀ। [15]ਚਿੱਟੀ। [16]ਸਰੀਰ ਦਾ। [17]ਚੰਮ। [18]ਸੁੱਕਿਆ ਹੋਇਆ। [19]ਪਾਪ। [20]ਨਾਸ਼ ਹੁੰਦੇ ਹਨ। [21]ਮੁਕਤੀ ਦਾਤੇ। [22]ਸ਼੍ਰੀ ਰਾਮ ਚੰਦ੍ਰ ਜੀ ਨੇ। [23]ਖੁਸ਼ੀ ਨਾਲ। [24]ਦੇਖਦੇ ਹਨ। [25]ਪ੍ਰੇਮ। [26]ਪ੍ਰੀਤੀ ਵਿਚ। [27]ਭਿੱਜੀ ਹੋਈ। [28]ਸਰੂਪ। [29]ਸਤਿਗੁਰ ਦਾ ਨਾਮ ਸਿਮਰਨ ਨਾਲ। [30]ਰਮਣੀਕ, ਸੁਹਣੇ। [31]ਵਿਦਾ ਹੋਏ। [32]ਇਕ ਪਹਾੜ ਦਾ ਨਾਮ। [33]ਬ੍ਰਿੱਛ। *ਪਾਃ—ਜੋ।

Sri Satguru Jagjit Singh Ji eLibrary NamdhariElibrary@gmail.com

ਸਰ ਸੁੰਦਰ ਤਹਾਂ ਸੁਹਾਵਨ। ਨਿਰਮਲ ਨੀਰ ਅਧਿਕ ਮਨ ਭਾਵਨ । ਬੈਠਿ ਗਏ ਤਿਹ ਕੈ ਤਟ ਜਬਹੀ। ਮਰਦਾਨਾ ਬੋਲਯੋ ਬਚ ਤਬਹੀ॥੭੦॥ 'ਇਹ ਸਥਾਨ ਰਿਖਿ ਰਹਹਿ ਕਿ ਨਾਂਹੀ ?।ਜੇ ਕੋ ਹੋਇ ਮਿਲੋ ਪ੍ਰਭੁ ਤਾਂਹੀ। ਸੰਤਨ ਸੰਗ ਮਿਲਨ ਫਲ ਹੋਵਤਿ। ਜਿਨ ਬਰ ਜਲ ਕਲਮਲ[੧] ਮਲ[੨] ਧੋਵਤਿ' ॥੭੧॥ ਦੋਹਰਾ ॥ 'ਇਸ ਗਿਰ ਪਰ ਰਿਖਿ ਏਕ ਹੈ ਮਿਲੈ ਆਪ ਸੋ ਆਇ' ।ਅਸ ਕਹਿ ਸ੍ਰੀ ਪ੍ਰਭੁ ਦਯਾਨਿਧਿ ਨ੍ਹਾਨ ਲਗੇ ਤਿਹ ਥਾਇ ॥੭੨॥ ਚੌਪਈ ॥ ਰਿਖਿ ਤਿਹ ਸਮੈ ਤਹਾਂ ਚਲਿ ਆਯੋ। ਦੇਖੇ ਮੱਜਤਿ[੩] ਬਚਨ ਅਲਾਯੋ। 'ਮਨ ਸੁਮੇਰੁ ਜਿਉਂ[੪] ਥਿਰ ਲਿਵ ਲਾਗਾ । ਨੀਰ ਮੀਨ ਜਿਉਂ ਉਰ ਅਨੁਰਾਗਾ[੫] ॥੭੩॥ ਇਸੀ ਪ੍ਰਕਾਰ ਰੀਤਿ ਜਿਨ ਰਾਖੀ। ਤਿਹ ਸ਼ਨਾਨ ਕੀ ਰਹਿਤ ਨ ਕਾਂਖੀ[੬]। ਯਾਂਤੇ ਪਰੇ ਨ ਸਾਧਨ ਕੋਈ । ਭਾਖਉ ਸੰਤ ਨਾਮ ਨਿਜ ਜੋਈ' ॥੭੪॥ ਸੁਨਿ ਕਰਿ ਬੋਲੇ ਮਯਾਨਿਧਾਨਾ। 'ਧੰਨ ਰਿਖੀ ! ਤੁਮ ਪਰਮ ਸੁਜਾਨਾ। ਏਕੰਕਾਰ ਚਰਨ ਸਰੁ[੭] ਜੋ ਹੈ । ਤਿਹ ਕੋ ਲਖੇ ਮੀਨ ਮਨ ਮੈਂ[੮] ਹੈ ॥ ੭੫ ॥ ਦੋਹਰਾ ॥ ਤਿਹ ਬਿਛੁਰਨ ਤੇ ਤਰਫ ਕੈ ਨਾਨਕ ਮਰੈ ਪਛਾਨ। ਤਿਹ ਤਰੰਗ ਮੈਂ[੯] ਰੈਨ ਦਿਨ ਕੇਲ[੧੦] ਕਰੈ ਸੁਖਮਾਨਿ ॥੭੬॥ ਨੌ ਦਰ[੧੧] ਸਰਵਹਿ[੧੨] ਸਦਾ ਹੀ ਅਤਿ[੧੩] ਮਲੀਨਤਾ[੧੪] ਜੋਇ ॥ ਸ਼ੁੱਧ ਹੋਤਿ ਜਲ ਕੇ ਮਿਲੇ ਉਚਿਤ ਸ਼ਨਾਨਹਿ[੧੫] ਹੋਇ' ॥ ੭੭ ॥ ਚੌਪਈ ॥ ਨਾਨਕ ਨਾਮ ਸੁਨਯੋ ਰਿਖਿ ਜਬ ਹੀ। ਬੰਦਨ ਕਰੀ ਬੰਦਿ ਕਰ ਤਬਹੀ। ਕਹਿਨ ਲਗਯੋ 'ਕੀਨੀ ਬਹੁ ਦਯਾ। ਤੁਮ ਹਰਿ ਰੂਪ ਦਰਸ ਮੁਝ ਦਯਾ[੧੬] ॥੭੮॥ ਹੌਂ ਅਨਜਾਨ ਨ ਪੂਰਬ ਜਾਨਯੋ। ਅਬ ਜਾਨਯੋ ਜਬ ਨਾਮ ਬਖਾਨਯੋ। ਕਲੀ ਕਾਲ ਮਤਿਮੰਦ[੧੭] ਲਖੇ ਨਰ। ਯਾਂਤੇ ਹਰਿ ਅਵਤਾਰ ਧਰਾ ਧਰ[੧੮] ॥ ੭੯ ॥ ਪੂਰਬ ਸੁਨੀ ਤੁਮਾਰੀ ਗਾਥਾ। ਦਰਸ ਦੀਨ ਅਬਿ ਕੀਨ ਸਨਾਥਾ[੧੯] । ਮੁਨਿ ਸਪ੍ਰੇਮ ਹ੍ਵੈ ਗਦ ਗਦ ਬਾਨੀ।ਜਾਨੀ ਸਫਲੀ ਦੇਹਿ ਮਹਾਨੀ ॥੮੦॥ ਮੁਨਿ ਕੋ ਪ੍ਰੇਮ ਦੇਖਿ ਗਤਿਦਾਨੀ[੨੦] । ਮ੍ਰਿਦੁਲ ਮਧੁਰ ਮੁਖ।

---

[੧]ਪਾਪਾਂ ਦੀ। [੨]ਮੈਲ। [੩]ਇਸ਼ਨਾਨ ਕਰਦੇ। [੪]ਸੁਮੇਰ ਪਹਾੜ ਵਾਂਙ। [੫]ਜਲ ਮੱਛੀ ਵਾਂਙੂ ਪ੍ਰੇਮ ਵਾਲਾ ਹੋਯਾ। [੬]ਇੱਛਾ। [੭]ਤਾਲ। [੮]ਮੇਰਾ। [੯]ਲਹਿਰਾਂ ਵਿਚ। [੧੦]ਰਾਤ ਦਿਨ ਖੇਡਣਾ। [੧੧]ਦੋ ਅਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਸ਼ਿਸ਼ਨ, ਗੁਦਾ, ਇਨ੍ਹਾਂ ਨੌ ਗੋਲਕਾਂ ਤੋਂ। [੧੨]ਸਿੰਮਦੀ ਹੈ। [੧੩]ਬੜੀ। [੧੪]ਮੈਲ। [੧੫]ਇਸ਼ਨਾਨ ਕਰਨਾ ਉਚਿਤ ਹੈ। [੧੬]ਦਿੱਤਾ। [੧੭]ਮੰਦ ਬੁੱਧੀ ਵਾਲੇ। [੧੮]ਧਰਤੀ ਤੇ। [੧੯]ਨਿਹਾਲ। [੨੦]ਮੁਕਤੀ ਦਾਤੇ ਨੇ।

Sri Satguru Jagjit Singh Ji eLibrary NamdhariElibrary@gmail.com

ਬੋਲੇ ਬਾਨੀ। 'ਜੋ ਨਰ ਤੁਮਰਾ ਕਰਤਿ ਮਿਲਾਪੈ। ਤਿਨ ਕੋ ਮਾਯਾ ਮੋਹ ਨ ਬਯਾਪੈ ॥ ੯੧ ॥ ਸਤਿਸੰਗਤਿ ਹੈ ਸੁਖ ਇਸਥਾਨਾ। ਅਪਰ ਪਦਾਰਥ ਕੋ ਨ ਸਮਾਨਾ'। ਇਸ ਪ੍ਰਕਾਰ ਕਹਿ ਪੰਕਜ ਬਦਨਾ। ਆਨ ਥਾਨ ਗਮਨੇ ਸੁਖਸਦਨਾ ॥ ੯੨ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਰਿਖੀਅਨ ਪ੍ਰਸੰਗ' ਬਰਨਨੰ ਨਾਮ ਪ੍ਰਥਮੋ ਅਧਯਾਯ ॥ ੧ ॥

੨. [ਸ਼ਾਰਦਾ ਮੰਗਲ। ਉਲਕਾ ਗਿਰ, ਇਲਾਬ੍ਰਤ ਖੰਡ, ਹਿਰਨ ਖੰਡ, ਕਿੰਪੁਰਖ ਖੰਡ, ਹਰਵਰਖ ਖੰਡ ਤੇ ਕੁਰੂਖੰਡ ਉਪਦੇਸ਼]

ਦੋਹਰਾ ॥ ਚੰਡਿ ਪ੍ਰਚੰਡ ਅਖੰਡ ਬਡ ਜਗ ਮੰਡਨਿ ਖਲ ਖੰਡ।
ਭੁਜ ਦੰਡਨ ਕੋਦੰਡ ਧਰਿ ਸਦ ਅਦੰਡ ਬਰਬੰਡ ॥ ੧ ॥

[ਚੰਡਿ=ਦੇਖੋ ਪੂਰਬਾਰਧ ਅਧਯਾਯ ੧ ਅੰਗ ੨, ਅਧਯਾਯ ੨ ਅੰਕ ੧ ਤੇ ਅਧਯਾਯ ੧੨ ਅੰਕ ੧।
ਪ੍ਰਚੰਡ=ਤੇਜ [ਸੰਸ:, ਪ੍ਰਚਣ੍ਡ]। ਅਖੰਡ=ਜੋ ਖੰਡਨ ਨਾ ਹੋ ਸਕੇ, ਅਟੁੱਟ।
ਮੰਡਨਿ=ਮੰਡਨ ਕਰਨ ਵਾਲੀ, ਸੰਵਾਰਨ ਵਾਲੀ, ਦੇਖੋ ਪੂਰਬਾਰਧ ਅਧਯਾਯ ੧ ਅੰਕ ੨। ਖੰਡ=ਖੰਡਨ ਕਰਨ ਵਾਲੀ।
ਭੁਜਦੰਡਨ=ਭੁਜਾ ਦੰਡ ਦੇਣ ਵਾਲੀਆਂ। ਭੁਜਾਂ ਜੋ ਦੰਡ ਦੇਣ ਵਿਚ ਸਮਰੱਥ ਹਨ। ਕੋਦੰਡ=ਧਨੁਖ। ਕੋਦੰਡਧਰਿ=ਧਨੁਖ ਧਾਰੀ। (ਅ) ਕੋ=ਖੋਟੇ ਪੁਰਖ। ਦੰਡ=ਸਜ਼ਾ। ਧਾਰੀ=ਧਾਰਨ ਕਰਨ ਵਾਲੀ, ਦੇਣ ਵਾਲੀ। ਅਦੰਡ=ਅ+ਦੰਡ=ਜੋ ਆਪ ਦੰਡ (ਸਜ਼ਾ) ਹੇਠ ਕਦੇ ਨ ਆਵੇ। (ਅ) ਜੋ ਸਜ਼ਾ ਦੇ ਲਾਇਕ ਨ ਹੋਵੇ।
ਬਰਬੰਡ=ਬਲਬੰਡ (ਬਲਵੰਤ ਤੋਂ ਬਨਿਆਂ ਹੈ) ਬਲਵਾਨ। (ਅ) ਵਰ ਵੰਡਣ ਵਾਲੀ। ਫੇਰ ਤੁਕ ਦਾ ਅਰਥ ਐਉਂ ਬਣੇਗਾ:-ਕਿ ਕੋਦੰਡਧਰ (=ਖੋਟੇ ਪੁਰਸ਼ ਜੋ ਸਜ਼ਾ ਦੇ ਲਾਇਕ ਹਨ ਉਨ੍ਹਾਂ) ਨੂੰ ਸਜ਼ਾ ਦੇਣ ਵਾਲੀ ਹੈ ਤੇ ਅਦੰਡ (=ਜੋ ਸਜ਼ਾ ਦੇ ਲਾਇਕ ਨਹੀਂ ਹਨ ਉਨ੍ਹਾਂ) ਨੂੰ ਵਰ ਵੰਡਣ ਵਾਲੀ ਹੈ।]

ਅਰਥ—ਹੇ ਚੰਡਿ! (ਤੇਰਾ) ਤੇਜ ਬੜਾ ਅਟੁੱਟ ਹੈ। ਤੂੰ (ਦੁਸ਼ਟਾਂ ਦੇ ਵਿਗਾੜੇ) ਜਗਤ ਨੂੰ ਖਲਾਂ ਦਾ ਖੰਡਨ ਕਰਕੇ (ਮੁੜ) ਸੰਵਾਰਨ ਵਾਲੀ ਹੈਂ।
(ਤੇਰੀਆਂ) ਬਲਵਾਨ (ਤੇ) ਧਨੁਖ ਧਾਰੀ ਭੁਜਾਂ (ਆਪ) ਸਦਾ ਅਦੰਡ ਹਨ (ਪਰ ਦੁਸ਼ਟਾਂ ਨੂੰ) ਸਦਾ ਦੰਡ ਦੇਣ (ਵਿਚ) ਸਮਰੱਥ ਹਨ।

ਭਾਵ—ਇਸ ਵਿਚ ਸ਼ਾਰਦਾ ਦੇ ਤੇਜਮਯ ਰੂਪ ਦਾ ਵਰਨਨ ਹੈ। ਅਗਲੇ ਅਧਯਾਯ ਦੇ ਮੰਗਲ ਵਿਚ ਉਸ ਦੇ ਸ਼ਾਂਤਮਯ ਰੂਪ ਦਾ ਕਥਨ ਕਰਕੇ ਬੰਦਨਾ

Sri Satguru Jagjit Singh Ji eLibrary NamdhariElibrary@gmail.com

ਕਰਨਗੇ। ਇਸ ਵਿਚ ਬੰਦਨਾ ਨਹੀਂ ਕੀਤੀ, ਜਿਸ ਤੋਂ ਮਾਲੂਮ ਹੁੰਦਾ ਹੈ ਕਿ ਇਸ ਅਧ੍ਯਾਯ ਵਿਚ ਅੱਧਾ ਰੂਪ ਬੱਧਾ ਹੈ, ਤੇ ਅਗਲੇ ਵਿਚ ਪੂਰਨ ਕੀਤਾ ਹੈ। ਏਹ ਗਲ ਫੇਰ ਉਤਰਾਰ੍ਧ ਦੇ ਦਸਵੇਂ ਅਧ੍ਯਾਯ ਦੇ ਮੰਗਲ ਵਿਚ ਸਪਸ਼ਟ ਹੋ ਜਾਂਦੀ ਹੈ। ਜਿੱਥੇ ਇਕੋ ਵਜੂਦ (ਸ਼ਾਰਦਾ) ਵਿਚ ਦੁਇ—ਤੇਜ ਮਯ—ਤੇ ਸ਼ਾਂਤ ਮਯ—ਗੁਣ ਦੱਸਕੇ ਇੱਕੋ ਮੰਗਲ ਕਰਦੇ ਹਨ।

ਵਿਸ਼ੇਸ਼ ਭਾਵ ਲਈ ਦੇਖੋ ਪੂਰਬਾਰਧ ਦੇ ਪਹਿਲੇ ਅਧ੍ਯਾਯ ਦਾ ਅੰਕ ਦੂਜਾ ਅਤੇ ਅਧ੍ਯਾਯ ੨ ਦਾ ਅੰਕ ੧।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ਜੀ ਸੁਨਿ ਗੁਨ ਭਵਨੈ! ਤਹਿਂ ਤੇ ਕੀਨਿ ਗੁਰੂ ਪੁਨ ਗਵਨੈ। ਤਤਛਿਨ ਉਲਕਾ*ਗਿਰਿ ਪਰ ਆਏ। ਮਰਦਾਨੇ ਤਬ ਵਾਕ ਅਲਾਏ ॥੨॥ 'ਜਿਸ ਮਾਰਗ ਮਹਿਂ ਹਮ ਚਲਿ ਜਾਹੀਂ। ਕੌਨ ਦੇਸ਼ ਆਵਹਿ ਇਸ ਮਾਂਹੀ? ਕਿਤਿਕ ਦਿਵਸ ਮਹਿਂ ਅਪਨੇ ਦੇਸ਼ਾ? ਪਹੁੰਚੈਂਗੇ, ਭਨੀਏ ਜਗਤੇਸ਼ਾ!' ॥੩॥ ਸੁਨਿ ਕਰਿ ਸ੍ਰੀ ਪ੍ਰਭੁ ਗਿਰਾ ਉਚਾਰੀ। 'ਬੰਦਰ ਅਹੈ ਘਰਾਟ ਅਗਾਰੀ। ਤਿਹ ਤੇ ਲਾਹਰ ਬੰਦਰ ਆਵੈ। ਬਹੁਰੋ ਅਪਨੋ ਦੇਸ਼ ਦਿਸਾਵੈ' ॥ ੪ ॥ 'ਕਿਤੀ ਦੂਰ ਪ੍ਰਭੁ ਸਦਨ ਹਮਾਰਾ? ਮੁਝੇ ਪ੍ਰਮਾਨ ਬਤਾਵਹੁ ਸਾਰਾ'। ਬਿਗਸਤਿ ਬੋਲੇ ਬਚਨ ਗੁਸਾਈਂ। 'ਆਧੋ ਸਦਨ

---

*ਸੁਮੇਰ ਤੋਂ ਤੁਰਕੇ ਉਲਕਾ ਆਦਿ ਪਰਬਤ ਤੇ ਇਸ ਤੋਂ ਅੱਗੇ ਆਉਣ ਵਾਲੇ ਨਾਮ ਫਿਰ ਤੁਰਕੇ ਖੋਜ ਦੇ ਮੁਥਾਜ ਹਨ। ਸ਼ੇਰ ਆਸਾਮ ਕੱਛਾਰ ਦੇਸ਼ ਵਿਚ ਹੁੰਦੇ ਹਨ। ਸ਼ੇਰਾਂ ਦੀ ਧਰਤੀ ਸ਼ਾਇਦ ਇਹ ਹੋਵੇ। ਕੁਛ ਥਾਵਾਂ ਦੇ ਨਾਂ ਆਕੇ ਫੇਰ ਕਾਲੀ ਪੂਜਾ ਦਾ ਥਾਂ ਆਉਂਦਾ ਹੈ ਜਿਥੇ ਨਰ ਬਲੀ ਲੋਕੀ ਦੇਂਦੇ ਹਨ। ਕਾਲੀ ਦੀ ਪੂਜਾ ਬੰਗਾਲ ਵਿਚ ਹੈ, ਪਰ ਨੈਪਾਲ ਤੇ ਪੰਜਾਬ ਦੇ ਉੱਤਰੀ ਪਹਾੜਾਂ ਵਿਚ ਦੇਵੀ ਪੂਜਾ ਆਮ ਹੈ, ਜ੍ਵਾਲਾ ਜੀ ਬੀ ਬੱਕਰੇ ਚਾੜ੍ਹਦੇ ਹਨ। ਦੇਵੀਆਂ ਅੱਗੇ ਨਰ ਬਲੀ ਬੀ ਅਗਲੇ ਸਮੇਂ ਦੇਂਦੇ ਸਨ। ਸੋ ਏਹ ਟਿਕਾਣਾ ਕਿਤੇ ਉੱਤਰੀ ਪਹਾੜਾਂ ਵਿਚ ਹੀ ਹੈ। ਇਸ ਤੋਂ ਅਗੇ ਗੁਰੂ ਜੀ ਜੰਮੂ ਆਉਂਦੇ ਹਨ, ਤੇ ਫੇਰ ਲਾਹੌਰ। ਸੋ ਜੰਮੂ ਆ ਨਿਕਲਨਾ ਬੀ ਦੱਸਦਾ ਹੈ ਕਿ ਪਿਛਲੇ ਟਿਕਾਣੇ ਸਾਰੇ ਪਰਬਤਾਂ ਵਿਚ ਸਨ। ਕਸ਼ਮੀਰ ਤੋਂ ਪਹਾੜੇ ਪਹਾੜ ਸ਼ਿਮਲੇ ਵਾਲੇ ਰਸਤੇ ਗੜ੍ਹਟੋਕ ਤੇ ਅਗੋਂ ਮਾਨਸਰੋਵਰ ਆਦਿ ਤਿੱਬਤ ਦੇ ਇਲਾਕੇ ਤੇ ਇੱਥੋਂ ਪਿੱਛੇ ਹਟਕੇ ਨੈਪਾਲ, ਸਿਕਮ, ਭੂਟਾਨ, ਤਿੱਬਤ ਵਿਚ ਦੀ ਢੋਨ ਹੁੰਦੇ ਹੋਏ, ਫੇਰ ਲਾਸਾ ਆਏ ਤੇ ਓਥੋਂ ਫੇਰ ਪਹਾੜੇ ਪਹਾੜ ਕਸ਼ਮੀਰ ਤੇ ਉੱਤਰੀ ਪਰਬਤਾਂ ਵਿਚ ਆਏ ਤੇ ਮੈਦਾਨ ਵਿਚ ਜੰਮੂ ਤੋਂ ਆ ਉੱਤਰੇ ਜਾਪਦੇ ਹਨ। ਇਹ ਦੌਰਾ ਇਸ ਉਦਾਸੀ ਦਾ ਸਹੀ ਪਿਆ ਹੁੰਦਾ ਹੈ। ਪੁਰਾਤਨ ਜਨਮ ਸਾਖੀ ਵਿਚ ਤ੍ਰਿਤੀਆ ਉਦਾਸੀ ਕਸ਼ਮੀਰ ਦੀ ਹੈ। ਕਸ਼ਮੀਰ ਤੋਂ ਸਵਾ ਲੱਖ ਪਰਬਤ ਲੰਘਕੇ ਸੁਮੇਰ ਜਾਇ ਚੜ੍ਹਿਆ ਦੱਸਿਆ ਹੈ, ਓਥੇ ਸਿੱਧਾਂ ਨਾਲ ਚਰਚਾ ਹੈ, ਫੇਰ ਪੰਜਾਬ ਆਏ ਤੇ ਅਚਲ ਵਟਾਲੇ ਅੱਪੜੇ।

Sri Satguru Jagjit Singh Ji eLibrary NamdhariElibrary@gmail.com

ਯਾਦ ਤੁਝ ਤਾਈਂ ॥ ੫ ॥ ਭਈ ਲਾਲਸਾ ਮਿਲਿਨੇ ਕੇਰੀ। ਦੇਹਿ ਪੁਚਾਇ ਤੁਝੈ ਬਿਨ ਦੇਰੀ। ਮਿਲਹੁ ਕੁਟੰਬ ਸੰਗਿ ਹਰਖਾਯਾ। ਤਿਨ ਬਿਨ ਬਹੁਤੋ ਕਾਲ ਬਿਤਾਯਾ'॥ ੬ ॥ 'ਪ੍ਰਭੁ ਤੁਮ ਚਲਹੁ ਕਿ ਨਾਂਹੀ ਭੌਨੈ। ਕਰਿ ਆਏ ਅਬ ਬਹੁਤਾ ਗੌਨੈ। ਮਾਤ ਪਿਤਾ ਸੁਤ ਆਦਿਕ ਸਾਰੇ। ਚਹਿਤਿ ਮਿਲਨ ਕੋ ਅਧਿਕ ਤਿਹਾਰੇ'।੭। ਸ੍ਰੀਗੁਰ ਭਨੈਂ 'ਹਮਹਿ ਕਰਤਾਰਗਾਲੇ ਜਾਵਹਿ ਜਬ, ਜਾਹਿ ਅਗਾਰਾ। ਤੂੰ ਜੁ ਚਹਿਤਿ–ਮੈਂ ਤੂਰਨ ਜਾਊਂ–। ਜਾਹੁ ਸਦਨ, ਖਿਨ ਮਹਿ ਪਹੁੰਚਾਊਂ'॥੮॥'ਹੇ ਪ੍ਰਭੂ ਮੈਂ ਤੁਮ ਸੰਗਿ ਸੁਹੇਲਾ। ਅਬ ਮੁਝ ਦੇਵਨ ਲਗੇ ਧਕੇਲਾ। ਤੁਮ ਬਿਨ ਕੈਸੇ ਜਾਉਂ ਨ ਸਦਨੈ। ਰਹੌਂ ਪ੍ਰਸੰਨ ਬਿਲੋਕਤਿ ਬਦਨੈ' ॥ ੯ ॥ 'ਹਮ ਨ ਧਕੇਲਾ ਕੈਸੇ ਦੇਈਂ। ਧਾਮ ਆਪ ਤੈਂ ਯਾਦ ਕਰੇਈ। ਯਾਂਤੇ ਤੁਝੈ ਪੁਚਾਵਨ ਹੇਤਾ। ਹਮ ਨੈ ਭਾਖਯੋ–ਜਾਹੁ ਨਿਕੇਤਾ–' ॥੧੦॥ਦੋਹਰਾ॥ 'ਹੌਂ ਤੁ ਸੁਭਾਇਕ ਬੂਝਿਓ ਯਾਦ ਨ ਕੀਨੋ ਧਾਮ। ਮੋਹ ਟੂਟ ਮੇਰਾ ਗਯੋ ਸ੍ਰੀ ਪ੍ਰਭੁ ਤੋ ਪਦ[1] ਸ਼ਰਨ[2] ॥ ੧੧ ॥ ਚੌਪਈ ॥ ਜਿਤ ਕੋ ਰਾਵਰ ਚਲਹੁ ਅਗਾਰੀ। ਤਿਸ ਹੀ ਦਿਸ਼ ਮੈਂ ਜਾਉਂ ਪਿਛਾਰੀ। ਅਬ ਨਹਿ ਛੋਡਉਂ ਸੰਗਿ ਤੁਮਾਰਾ। ਤੁਮ ਕਰੁਨਾ ਤੇ ਸਰਬ ਨਿਹਾਰਾ ॥ ੧੨ ॥ ਸੁਨੇ ਖੰਡ ਨਉਂ ਜੰਬੂ ਦੀਪਾ। ਸੋ ਦਿਖਾਉ ਬੇਦੀ ਕੁਲ ਟੀਕਾ*। ਤਿਨਹਿ ਬਿਲੋਕਨ ਕੀ ਅਭਿਲਾਖਾ। ਤੁਮ ਸਮਰਥ ਪੁਰਹੁ ਸਭਿ ਕਾਂਖਾ' ॥ ੧੩ ॥ ਸੁਨਿ ਯੌਂ ਸ੍ਰੀ ਗੁਰ ਬੈਨ ਅਲਾਯੋ।'ਕਹਨੋ ਨ ਤੋਰੋ ਜਾਤਿ ਹਟਾਯੋ। ਚਲਿ ਨਵਖੰਡ† ਜਿ ਤੁਝੈ ਦਿਖਾਵੈਂ। ਕਰਹੁ ਸੈਲ ਜੇਤੀ ਮਨ ਭਾਵੈ'॥ ੧੪ ॥ ਅਸ ਕਹਿ ਗਮਨ ਕਿਯੋ ਜਗਨਾਥਾ। ਮੁਝਮਰਦਾਨੇ ਕੋ ਲੇ ਸਾਥਾ। ਖੰਡ ਇਲਾਬ੍ਰਤ‡ ਜਿਹ ਕੋ ਨਾਮੂ। ਤਿਹ ਮਹਿ ਤੂਰਨ ਗੇ ਸੁਖਧਾਮੂ ॥੧੫॥ ਕੋਟਿਕ ਸ਼ੇਰ[3] ਹੁਤੇ ਇਕ ਥਾਈਂ। ਜਾਇ ਤਹਾਂ ਬੈਠੇ ਗੋਸਾਈਂ। ਮਰਦਾਨੇ ਤੇ ਸ਼ਬਦ ਪਢਾਯੋ। ਊਚੇ ਸੁਰ ਸੌਂ ਰਾਗ ਗਵਾਯੋ ॥ ੧੬ ॥ ਸੁਨਯੋ ਸ਼ਬਦ ਸੋ ਸਿੰਘਨ ਜਬਹੀ। ਉਰ ਨਿਰਮਲ ਤਿਨਕੇ ਭੇ ਤਬਹੀ। ਮਿਲ ਸਭਿ ਆਏ ਸੀਸ ਝੁਕਾਯੋ। ਬੈਸੇ ਜਬਿ ਗੁਰ ਬਚਨ ਅਲਾਯੋ॥੧੭॥'ਕੋ ਤੁਮ ਹੋ ਕਿਉਂ ਕਰਿ ਚਲਿ ਆਏ? ਦੇਹੁ ਆਪਨੋ ਨਾਮ ਬਤਾਏ'। ਬੋਲਨ ਸ਼ਕਤਿ ਦਰਸ ਤੇ ਹੋਈ।

[1]ਆਪ ਦੇ ਚਰਨਾਂ ਦੀ। [2]ਸ਼ਰਨ ਕਰਕੇ। [3]ਸ਼ੇਰਾਂ ਦਾ ਇਕ ਕੋਟ। (ਅ) ਇਕ ਕ੍ਰੋੜ ਸ਼ੇਰਾਂ (ਦਾ ਟੋਲਾ)। *ਪਾ:–ਦੀਪਾ। †ਇਹ ਖੰਡ ਪੌਰਾਣਕ ਭੂਗੋਲ ਦੀ ਹੈ।

‡ਇਸ ਟਿਕਾਣੇ ਦੀ ਟੋਹ ਲਈ ਪੜ੍ਹੋ ਪਿਛਲੇ ਪੰਨੇ ਦੀ ਟੂਕ।

Sri Satguru Jagjit Singh Ji eLibrary NamdhariElibrary@gmail.com

ਬੋਲੇ ਹਾਥ ਬੰਦਿ ਕਰਿ ਦੋਈ ॥੧੮॥ 'ਅਹੈ ਤਾਮਸੀ ਜੂਨਿ ਹਮਾਰੀ।ਪਾਈ, ਕਰੇ ਜੁ ਪਾਪ ਪਿਛਾਰੀ। ਤੁਮਰੀ ਸ਼ਰਨ ਪਰੇ ਤੇ ਅਬ ਹੀ। ਸੋ ਕਲਮਲ ਨਾਸਹਿੰਗੇ ਸਭਿਹੀ'॥੧੯॥ਹਿਤ ਬੂਝਨ ਗੁਰ ਗਿਰਾ ਉਚਾਰੀ। 'ਕਿਉਂ ਕਰਿ ਹੋਵਤਿ ਗੁਜਰ ਤੁਮਾਰੀ ?'। 'ਸੁਨਹੁ ਸੰਤ ਬਿਰਤੰਤ ਹਮਾਰਾ। ਬਹੁ ਦਿਨ ਬੀਤਹਿ ਬਿਨ ਅਹਾਰਾ ॥ ੨੦ ॥ ਸੌ ਜੋਜਨ ਇਸ ਬਨ ਕੇ ਮਾਂਹੀ। ਖਾਏ ਪਸ਼ੂ ਰਹਯੋ ਅਬ ਨਾਂਹੀ। ਅਬ ਹਮ ਬੀਚ ਜੌਨ ਉਂਘਲਾਵੈ। ਤਿਹਕੋ ਤਤ-ਛਿਨ ਸਭਿ ਮਿਲਿ ਖਾਵੈਂ॥੨੧॥ ਜਾਗਤਿ ਰਹੈਂ ਸਦਾ ਹਮ ਠਾਂਵੇ। ਕਰਹਿ ਪਰਸਪਰ ਭੈ ਹ੍ਵੈ ਗਾਵੇ। ਮਨ ਨਿਰਮਲ ਭਾ ਦਰਸ ਤੁਮਾਰੇ। ਸ਼ੁਭ ਗਤਿ ਕਰੁ ਹ੍ਵੈ ਗੁਰੂ ਹਮਾਰੇ' ॥੨੨॥ ਸੁਨਤਿ ਬਿਨੈ[1] ਕਹਿ ਬਾਨੀ ਨੌਨੀ[2]। 'ਤੁਮ ਕੋ ਦੇਵਹਿ ਮਾਨੁਖ ਜੋਨੀ। ਤਬਿ ਸਿੱਖੀ ਗੁਰ ਕੀ ਜਿ ਕਮਾਵਉ। ਬਿਨ ਦੇਹ ਕੈਵਲ ਤੁਮ ਪਾਵਹੁ ॥ ੨੩ ॥ ਸਿੰਘ ਜੂਨਿ ਤੁਮਰੀ ਛੁਟਿ ਜੈਹੈ। ਮਾਨੁਖ ਜੋਨੀ ਪ੍ਰਾਪਤਿ ਹ੍ਵੈ ਹੈ। ਸ਼ਬਦ ਅਭਯਾਸ ਕਰਹੁਗੇ ਜਬ ਹੀ। ਤਨ ਹੰਤਾ ਛੁਟਿ, ਹ੍ਵੈ ਗਤਿ[3] ਤਬਹੀ' ॥ ੨੪ ॥ ਅਸ ਕਹਿ ਬਿਦਾ ਹੋਇ ਜਗ-ਸਾਈਂ। ਗਮਨੇ ਨਗਰ ਹੁਤੋ ਜਿਹ ਥਾਈਂ।ਬੈਸੇ ਵਹਿਰ ਸਮੀਪ ਸੁ ਪੁਰਿਕੇ। ਨਰ ਆਏ ਦਰਸ਼ਨ ਹਿਤ ਗੁਰਕੇ ॥੨੫॥ ਕਹਿਨ ਲਗੇ 'ਤੁਮ ਕਿਹ ਬਿਧਿ ਆਏ ?। ਕਿਨਹੂੰ ਸਿੰਘ ਨ ਮਗ ਮਹਿਂ ਖਾਏ। ਸੌ ਜੋਜਨ ਲੌ ਪਸੁ ਨਰ ਕੋਊ। ਛੋਡਯੋ ਕਛੁ ਨ ਖਾਇਗੋ ਸੋਊ ॥੨੬॥ ਹਮ ਨੈ ਨਗਰ ਪਾਇ ਗਿਰ ਊਪਰ। ਰਹਤਿ ਸੁਜਗ[4] ਹ੍ਵੈ ਤੋਪਨ ਕੋ ਧਰਿ। ਜਬ ਆਵਹਿਂ ਛੋਡਹਿਂ ਇਕ ਬਾਰੇ। ਤਿਨ ਕੋ ਮੋਰਹਿ ਗੋਲਿਨਿ[5] ਮਾਰੇ' ॥੨੭॥ ਗੁਰੂ ਕਹੈਂ 'ਹਮ ਗੇ ਤਿਨ ਪਾਸਾ। ਸੋ ਹਿੰਸਾ ਤੇ ਭਏ ਨਿਰਾਸਾ। ਹਮ ਸਭਿ ਹੀ ਕੋ ਸਿਖ ਕਰਿ ਆਏ। ਕਿਤਿਕ ਕਾਲ ਮਹਿਂ ਸਭਿ ਮਰਿ ਜਾਏ'।੨੮। ਪੁਰਿਕੇ ਨਰ ਸੁਨਿ ਕਰਿ ਇਵ ਗਾਥ।ਗੁਰ ਕੇ ਚਰਨ ਧਰੈਂ ਨਿਜ ਮਾਥ।ਕਹੈਂ 'ਸੁ ਤਿਨ ਕੋ ਦੁਖ ਥੋ ਭਾਰੀ। ਸੋ ਰਾਵਰ ਕੀਨੋ ਨਿਰਵਾਰੀ ॥ ੨੯ ॥ ਪੂਰਨ ਸੰਤ ਕਲਾਧਰਿ ਭੂਰੀ। ਕਰਯੋ ਹਮਾਰੋ ਭੈ ਬਡ ਦੂਰੀ'। ਲੇ ਉਪਦੇਸ਼ ਸਿੱਖ ਸਭਿ ਹੋਏ। ਪਾਹੁਲ ਲਈ ਗੁਰੂ ਪਗ ਧੋਏ ॥ ੩੦ ॥ ਕਿਤਿਕ ਕਾਲ ਤਹਿਂ ਕੀਨ ਬਸੇਰਾ। ਅਪਰ ਥਾਨ ਗਮਨੇ ਬਿਨ ਦੇਰਾ। ਪਹੁੰਚੇ ਹਿਰਨ ਖੰਡ* ਮੈਂ ਜਾਈ। ਜਹਿ ਕੰਚਨ ਧਰਨੀ

[1]ਬਿਨਤੀ। [2]ਸੁੰਦਰ। [3]ਮੁਕਤੀ। [4]ਹੁਸ਼ੀਆਰ। ਜਾਗਦੇ। [5]ਗੋਲੇ ਗੋਲੀਆਂ ਮਾਰਕੇ।

*ਤਵਾਰੀਖ ਖਾਲਸਾ ਨੇ ਇਸ ਥਾਂ ਨੂੰ ਨੈਪਾਲ ਦੇ ਟੋਲੀਆ ਨਦੀ ਤੋਂ ਉਤਰ ਕੇ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

ਸਭਿ ਥਾਈਂ ॥ ੩੧ ॥ ਤਹਿੰ ਕੀ ਰੀਤਿ ਸੁਨਹੁ ਸਭਿ ਭਾਂਤੀ। ਕਰਹਿੰ ਜੋਗ ਸਾਧਨ ਦਿਨ ਰਾਤੀ। ਰਹਿਤਿ ਤਰੁਨ[1] ਸੋ ਮਨੁਜ ਸਦਾਈ। ਘਰ ਮਹਿੰ ਪ੍ਰਾਨ ਨ ਤਜੈਂ ਕਦਾਈ ॥ ੩੨ ॥ ਅੰਤ ਸਮਾਂ ਤਿਨਕੋ ਜਿ ਪਹੂੰਚੇ। ਤਬ ਬੈਠਹਿੰ ਗਿਰ ਪਰ ਚੜ੍ਹਿ ਊਚੇ। ਬ੍ਰਹਮਰੰਧਰ[2] ਕੋ ਫੋਰਿ ਸੁ ਡਾਰਹਿੰ। ਤਹਿੰ ਤੇ ਅਪਨੇ ਪ੍ਰਾਨ ਨਿਕਾਰਹਿੰ ॥ ੩੩ ॥ ਤਿਨ ਪੁਰਿ ਬਿਖੈ ਜਾਇ ਗੁਰ ਬੈਸੇ। ਮਾਨਹੁ ਭਾਨੁ[3] ਗਗਨ ਕੋ ਜੈਸੇ। ਬਹੁ ਨਰ ਬੈਠੇ ਆਨਿ ਸਮੀਪਾ। ਤਬ ਬੋਲੇ ਬੇਦੀ ਕੁਲ ਦੀਪਾ ॥ ੩੪ ॥ 'ਕੈਸੋ ਤੁਮ ਉਪਦੇਸ਼ ਕਮਾਵਹੁ?। ਅਪਨੇ ਗੁਰ ਕੋ ਨਾਮ ਬਤਾਵਹੁ'। ਕਹੈਂ ਸੁ 'ਗੁਰ ਗੋਰਖ ਹਮ ਜਾਨਹੁ। ਪ੍ਰਾਣਾਯਾਮ ਉਪਦੇਸ਼ ਪਛਾਨਹੁ ॥ ੩੫ ॥ ਸਾਧਹਿੰ ਜੋਗ ਸਦੀਵ[4] ਤਦਾਪੀ[5]। ਮਨ ਕੌ ਸ਼ਾਂਤਿ ਨ ਆਵ ਕਦਾਪੀ। ਅਬ ਉਪਦੇਸ਼ ਆਪ ਦਿਹੁ ਐਸਾ। ਸ਼ਾਂਤਿ ਹੋਇ ਮਨ ਸਭਿ ਕੋ ਜੈਸਾ'॥੩੬॥ ਸੁਨਿ ਕਰਿ ਤਿਨਕੇ ਬਚ ਜਗਤੇਸ਼ਾ। ਦੇਨਿ ਲਗੇ ਆਪਨ ਉਪਦੇਸ਼ਾ। 'ਸੱਤਿਨਾਮ ਸਿਮਰਹੁ ਲਿਵ ਲਾਈ। ਹਉਮੈ ਸਗਰੀ ਦੇਹੁ ਮਿਟਾਈ ॥੩੭॥ ਜਗਤ ਅਸੱਤਿ ਭਲੇ ਦੂਰ ਕੀਜੈ। ਸੱਤਿ ਆਤਮਾ ਏਕ ਜਨੀਜੈ। ਅਸ ਅਭਯਾਸ ਜਿ ਕਰਹੁ ਸਦੀਵਾ। ਹੋਇ ਸ਼ਾਂਤਿ ਮਨ ਕੋ, ਸੁਖਸੀਵਾ[6]' ॥ ੩੮ ॥ ਸੁਨਿ ਕਰਿ ਨਰਨ ਸਭਿਨਿ ਮਨ ਮਾਨਾ।ਕਰਨ ਲਗੇ ਤਿਹ ਬਿਧਿ ਸੁਖ ਜਾਨਾ।ਤਿਹਠਾਂ ਕਿਤਿਕ ਕਾਲ ਗੁਰ ਰਾਖੇ। ਬਹੁਰੋ ਕੀਨ ਗਮਨ ਅਭਿਲਾਖੇ ॥ ੩੯ ॥ ਤਿਨ ਤੇ ਬਿਦਾ ਹੋਇ ਜਗ ਸਾਈਂ। ਕਿੰਪੁਰਖ* ਖੰਡ ਪਰਵਿਸ਼ੇ ਜਾਈ। ਨਗਰ ਸਮੀਪਿ ਜਾਇਕੇ ਬੈਸੇ। ਤਨ ਉਪਕਾਰ ਧਰਯੋ ਧਰ ਜੈਸੇ[7] ॥ ੪੦ ॥ ਧਰਮ

---

[1]ਜੁਵਾਨ। [2]ਦਸਮ ਦ੍ਵਾਰ। [3]ਸੂਰਜ। [4]ਹਮੇਸ਼। [5]ਤਦ ਭੀ। [6]ਸੁਖਾਂ ਦੀ ਹੱਦ। [7]ਮਾਨੋਂ ਉਪਕਾਰ ਨੇ ਸਰੀਰ ਧਾਰਿਆ ਹੈ ਧਰਤੀ ਤੇ।

*ਤਵਾਃ ਖਾਲਸਾ ਨੇ ਇਹ ਥਾਂ ਸਿਕਮ ਦੇਸ਼ ਦਾ ਤਾਮਲੁੰਗ ਸ਼ਹਿਰ ਸਹੀ ਕੀਤਾ ਹੈ। ਆਪ ਲਿਖਦੇ ਹਨ ਕਿ ਸੰਃ ੧੯੪੩ ਬਿਃ ਵਿਚ ਏਥੋਂ ਦੇ ਵਪਾਰੀ ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਮਿਲੇ ਸਨ ਤਦ ਉਨ੍ਹਾਂ ਨੇ ਗੁਰੂ ਜੀ ਦੇ ਓਥੇ ਜਾਣ ਦੀ ਸਾਖੀ ਸੁਣਾਈ ਸੀ ਤੇ ਦਸਿਆ ਸੀ ਕਿ ਤਦੋਂ ਦਾ ਰਾਜਾ ਗੁਰੂ ਜੀ ਦਾ ਸਿੱਖ ਬਣਿਆ ਸੀ।

(ਤ੍ਵਾਃ ਖਾ. ਭਾਗ ੪ ਹਿਸਾ ੧ ਸਫਾ ੭੫੨।

[ਪਿਛਲੇ ਪੰਨੇ ਦੀ ਬਾਕੀ ਟੂਕ]

ਲਲਤਾ ਪਟੀ ਦਾ ਇਲਾਕਾ ਸਹੀ ਕੀਤਾ ਹੈ, ਇਥੇ ਸੁਨਹਿਰੀ ਰੰਗ ਦਾ ਪਥਰੀਲਾ ਪਹਾੜ ਹੈ। ਇਸ ਤੋਂ ਅੱਗੇ ਤ੍ਵਾਃ ਖਾਃ ਵਾਲੇ ਗੁਰੂ ਜੀ ਦਾ ਸਿਕਮ ਵਲ ਜਾਣਾ ਲਿਖਦੇ ਹਨ।

Sri Satguru Jagjit Singh Ji eLibrary NamdhariElibrary@gmail.com

ਰੌਦ ਤਹਿੰ ਹੁਤੋ ਨ੍ਰਿਪਾਲਾ। ਸੰਤਨ ਸੇਵਾ ਕਰਤਿ ਬਿਸਾਲਾ। ਆਨਿ ਪ੍ਰਣਾਮ ਕੀਨਿ ਪਦ ਤਾਂਹੀ। ਭਾਉ ਬਿਸਾਲ ਜਾਸ ਮਨ ਮਾਂਹੀ ॥ ੪੧ ॥ ਕਹਿਨ ਲਗਯੋ 'ਮੁਝ ਸੇਵ ਬਤਾਵਉ। ਕਹੋ ਸੁ ਕਰੌਂ, ਨ ਬਿਲਮ ਲਗਾਵਉ'। ਸੁਨੀਏ ਸ੍ਰੀ ਅੰਗਦ! ਤਿਹ ਕਾਲਾ। ਮੁਝੈ[1] ਬਨਾਯੋ ਸ਼ੇਰ ਬਿਸਾਲਾ ॥੪੨॥ 'ਕਰਹੁ ਸੇਵ ਜੇ ਭੂਪ ਉਦਾਰਾ!। ਪ੍ਰਿਥਮੈਂ ਦੀਜੈ ਸ਼ੇਰ ਅਹਾਰਾ। ਆਮਿਖ ਅਵਰ ਨ ਖਾਵਤਿ ਕੋਊ। ਭੱਛਤਿ[2] ਰਾਜ ਪੁੱਤ੍ਰ ਹ੍ਵੈ ਜੋਊ' ॥੪੩॥ ਤਿਹ ਪਰਖਨ ਅਸ ਗੁਰੂ ਅਲਾਯਾ। ਸੁਨਿ ਭੂਪਤਿ ਨਹਿ ਰਿਦਾ ਡੁਲਾਯਾ। ਕਹਯੋ 'ਨਿਕੇਤੁ ਪੁੱਤ੍ਰ ਹੈ ਮੇਰਾ। ਆਇਸੁ ਦਿਹੁ ਆਨਹੁੰ ਬਿਨ ਦੇਰਾ' ॥ ੪੪ ॥ ਇਉਂ ਕਹਿ ਪੁੱਤ੍ਰ ਬੁਲਾਇ ਪਠਾਯਾ। ਤਿਹ ਸਥਾਨ ਤਤਛਿਨ ਸੋ ਆਯਾ। —ਸੰਤ ਸੇਵ ਮਹਿਂ ਲਗੈ ਸਰੀਰਾ—।ਅਸ ਬਿਚਾਰੇ ਕਰਿ ਬਾਂਧੀ ਧੀਰਾ ॥੪੫॥ ਠਾਂਢੋ ਕੀਨੋ ਸ਼ੇਰ ਅਗਾਰੀ। 'ਧੰਨ ਭੂਪ' ਗੁਰ ਗਿਰਾ ਉਚਾਰੀ। 'ਸੰਤ ਸੇਵ ਮਹਿ ਤਵ ਮਨ ਰਾਤਾ। ਸੱਤਿਨਾਮ ਜਪ ਅਬ ਸੁਖਦਾਤਾ ॥ ੪੬ ॥ ਸਭਿ ਸੰਗਤਿ ਮਹਿ ਪ੍ਰੀਤਿ ਤੁਮਾਰੀ ।ਅੰਤ ਸਮੈਂ ਗਤਿ ਪਾਇ ਸੁਖਾਰੀ'। ਕਿਤਿਕ ਦਿਵਸ ਤਹਿ ਰਹਿ ਜਗਤੇਸ਼ਾ। ਹਰਿ ਕੀਰਤਿ ਕੋ ਦਿਯ ਉਪਦੇਸ਼ਾ ॥੪੭॥ ਅਪਰ ਥਾਨ ਕਿਯ ਗਮਨ ਗੁਸਾਈਂ।ਹਰਵਰ੍ਹਖ* ਖੰਡ ਹੁਤੇ ਜਿਹ ਥਾਈਂ। ਨਿਕਟ ਨਗਰ ਕੇ ਬੈਠ ਜਬ ਹੀ। ਤਹਿਂ ਕੋ ਭੂਪਤ ਆਯੋ ਤਬ ਹੀ ॥ ੪੮ ॥ ਹਾਥ ਬੰਦਿ ਬਹੁ ਬਿਨਤੀ ਕਰਿਕੈ। ਰਹਯੋ ਚਰਨ ਪਰ ਨਿਜ ਸਿਰ ਧਰਿਕੈ। ਹ੍ਵੈ ਅਧੀਨ ਜਬ ਰਹਯੋ ਅਗਾਰੀ। ਤਬ ਇਉਂ ਸ੍ਰੀ ਗੁਰ ਗਿਰਾ ਉਚਾਰੀ ॥ ੪੯ ॥ 'ਜੋਇ ਪਦਾਰਥ ਮਨ ਅਭਿਲਾਖਹੁ। ਸੋ ਲੀਜੈ ਨਿਜ ਮੁਖ ਤੇ ਭਾਖਹੁ। ਸਤਿਗੁਰ ਕੀ ਸਿੱਖੀ ਉਰ ਧਾਰਹੁ। ਜਨਮ ਮਰਨ ਕੇ ਬੰਧ ਨਿਵਾਰਹੁ'॥੫੦॥ ਸੁਨਿ ਬਾਨੀ ਅਪਨੇ ਅਨੁਕੂਲਾ।ਕਹੈ ਭੂਪ 'ਤੁਮ ਮੰਗਲ ਮੂਲਾ।ਸੁਨਹੁ ਸੰਤ ਜੀ ਸਭਿ ਸੁਖਦਾਈ।ਹਿਤ ਸੰਤਤਿ[3] ਬਹੁ ਕਿਯੇ ਉਪਾਈ ॥ ੫੧ ॥ ਕਿਸ ਪ੍ਰਕਾਰ ਅਭਿਲਾਖ ਨ ਪੂਰੀ। ਕਰਿ ਉਪਚਾਰ[4] ਰਹੀ ਪੁਨ

---

[1]ਭਾਵ ਭਾਈ ਬਾਲੇ ਨੂੰ ਸ਼ੇਰ ਬਣਾਇਆ। [2]ਖਾਂਦਾ ਹੈ। [3]ਸੰਤਾਨ। [4]ਯਤਨ।

*ਤਵਾ: ਖਾ: ਨੇ ਇਸ ਟਿਕਾਣੇ ਨੂੰ ਭੂਟਾਨ ਨਾਲ ਸਹੀ ਕੀਤਾ ਹੈ। ਗੁਰੂ ਜੀ ਦਾ ਏਥੇ ਜਾਣਾ ਇਸ ਦੇਸ਼ ਦੀ ਰਾਜਧਾਨੀ ਤਾਸ਼ੀ ਸੂਡਨ ਵਿਚ ਲਿਖਿਆ ਹੈ ।(ਸਫਾ ੭੫੩)। ਆਪ ਲਿਖਦੇ ਹਨ ਕਿ ਏਸ ਦੇਸ਼ ਦੇ ਅਸਕਟੋ [illegible] ਵਿਚ ਇਕ 'ਧਰਮਸਾਲ' ਹੈ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਹੈ,ਜਿਸ ਅਗੇ ਰਾਜਾ ਹਥ ਜੋੜੀ ਬੈਠਾ ਹੈ।

Sri Satguru Jagjit Singh Ji eLibrary NamdhariElibrary@gmail.com

ਊਰੀ[1]। ਜੇ ਅਬ ਤੁਮ ਸੰਤਤਿ ਵਿਹੁ ਮੋਹੀ। ਲਿਉਂ ਰਾਵਰਿ ਉਪਦੇਸ਼ ਜੁ ਹੋਹੀ' ॥ ੫੨ ॥ ਐਸੇ ਬਿਨਤੀ ਸੁਨਿ ਜਗਨਾਥਾ। ਦਏ ਲੌਂਗ ਦ੍ਵੈ ਤਾਂਕੇ ਹਾਥਾ[2]। ਏਕ ਲਾਇਚੀ ਦੇ ਤਿਹ ਪਾਨੋਂ। ਕਹਯੋ 'ਦੇਹੁ ਰਾਨੀ ਕੌ ਖਾਨੇ ॥ ੫੩ ॥ ਹ੍ਵੈ ਹੈ ਸੰਤਤਿ ਸਦਨ ਤੁਮਾਰੇ। ਸੱਤਿਨਾਮ ਜਪ ਸੰਝ ਸਕਾਰੇ। ਸਤਿਸੰਗਤਿ ਮਹਿਂ ਕੀਰਤਿ ਸੁਨੀਏ। ਬਿਸ਼ੈ ਬਾਸ਼ਨਾ ਮਨ ਤੇ ਹਨੀਏ[3]' ॥ ੫੪ ॥ ਕਿਤਿਕ ਦਿਵਸ ਤਹਿਂ ਰਾਖਯੋ ਡੇਰਾ। ਸਿੱਖੀ ਮਗ ਪ੍ਰਗਟਾਇ ਘਨੇਰਾ। ਤਿਨ ਤੇ ਹ੍ਵੈ ਕਰਿ ਬਿਦਾ ਬਹੋਰੈ। ਗੇ ਕੁਰਖੰਡ* ਹੁਤੋ ਜਿਹ ਠੌਰੈ ॥ ੫੫ ॥ ਜੈਸਾ ਤਿਨ ਲੋਕਨ ਬਿਵਹਾਰੈ। ਸੁਨਿ ਸ੍ਰੀ ਅੰਗਦ ਪਰਮ ਉਦਾਰੈ। ਜਿਹ ਛਿਨ ਤਿਨਕੇ ਸੁਤ ਉਪਜਾਈ†। ਰੋਦਨ[4] ਸਦਨ ਕਰੈਂ ਤਿਹ ਆਈ ॥ ੫੬ ॥ ਜਬ ਕੋ ਮਨੁਜ ਮ੍ਰਿਤਕ ਹ੍ਵੈ ਜਾਵੈ। ਹਾਸ ਬਿਲਾਸ ਕਰਤਿ ਮਨ ਭਾਵੈ। ਤਹਾਂ ਨਗਰ ਕੇ ਜਾਇ ਸਮੀਪਾ। ਬੈਠਿ ਗਏ ਬੇਦੀ ਕੁਲ ਦੀਪਾ ॥੫੭॥ ਮਰਦਾਨਾ ਸੁਨਿਕੈ ਤਿਨ ਗਾਥਾ। ਬੂਝਨ ਲਗਾ ਪ੍ਰਭੂ ਕੋ ਸਾਥਾ। 'ਬਡੇ ਕੌਤਕੀ ਨਰ ਇਹ ਥਾਈਂ। ਦ੍ਵੈ ਬਾਤੈਂ ਬਿਪਰੀਤ ਕਰਾਈ' ॥ ੫੮ ॥ ਸ੍ਰੀ ਗੁਰ ਕਹੈਂ 'ਸੁਨੋ ਮਰਦਾਨਾ। ਇਨ ਕੇ ਰਿਦੇ ਅਧਿਕ ਅਗਯਾਨਾ। ਵਾਹਿਗੁਰੂ ਜਬ ਜਗਤ ਪਠਾਵਤਿ। ਤਬ ਏ ਰੁਦਨ ਕਰਤਿ ਦੁਖ ਪਾਵਤਿ ॥੫੯॥ ਹੁਕਮ ਕਰਤਿ ਜਬ ਬੋਲ ਪਠਾਵਤਿ। ਤਬ ਮਿਲਿ ਕਰਿ ਉਰ ਮਹਿ ਹਰਿਖਾਵਤਿ। ਅਗਯਾਨ ਸਹਿਤ ਇਨਕੋ ਵਿਵਹਾਰ। ਸੁਨੀਏ ਗਯਾਨੀ ਕੋਰ ਅਚਾਰ ॥ ੬੦ ॥ ਭੇਜੇ ਤੇ ਉਰ ਮਹਿ ਹਰਖਾਵਤਿ। ਬੋਲ ਪਠੇ ਤੇ ਮਨ ਸੁਖ ਪਾਵਤਿ। ਸਿਮਰਨ ਕਰਤਿ ਦੁਊ ਬਿਧਿ ਮਾਂਹੀ। ਹੁਕਮ ਮਾਨਿ ਮਨ-ਮਤਿ ਨ ਕਰਾਹੀ' ॥੬੧॥ ਇਸ ਪ੍ਰਕਾਰ ਮਰਦਾਨੇ ਸਾਥਾ। ਭਨਤਿ ਹੁਤੇ ਤਿਂਹ ਛਿਨ ਜਗਨਾਥਾ। ਬਹੁਤ ਲੋਕ ਮਿਲਿ ਕਰਿ ਤਬਿ ਆਏ। ਬੈਸੇ ਪਾਸ ਆਨਿ ਤਿਹ ਥਾਏਂ ॥੬੨॥ ਤਿਨ ਸੋਂ ਬੂਝਤਿ ਭਾ ਮਰਦਾਨਾ। 'ਕਰਹੁ ਅਪਨ ਬਿਰ-ਤੰਤ ਬਖਾਨਾ। ਮਰਤਿ[5] ਹਸਤਿ[6], ਜਨਮੇ ਤੇ ਰੋਇ। ਜਾਨਾ ਤੁਮੇ ਗਯਾਨ ਹੈ ਕੋਇ ?' ॥ ੬੩ ॥ ਬੋਲੇ ਤਿਨ ਮਹਿਂ ਹੁਤੇ ਜੁ ਸਯਾਨੇ। 'ਇਸ ਬਿਧਿ ਗਯਾਨ ਰਿਦੈ ਹਮ ਜਾਨੇਂ। ਈਸ੍ਵਰ ਤੇ ਬਿਛੁਰੈ ਜਬ ਜਨੇਮੈ। ਮਰੇ ਮਿਲਤਿ

---

[1]ਊਨੀ, ਭਾਵ ਪੂਰੀ ਨਾ ਹੋਈ। [2]ਹੱਥ ਵਿਚ। [3]ਨਾਸ਼ ਕਰੋ। [4]ਰੋਣਾ। [5]ਮਰਨ ਤੇ। [6]ਹਸਦੇ ਹੋ।

*ਤਵਾ: ਖਾ: ਨੇ ਏਥੇ ਤਿੱਬਤ ਤੇ ਚੀਨ ਦਾ ਜ਼ਿਲਾ ਲਿਖਿਆ ਹੈ।

†ਪਾ:—ਜਨਮਾਈ।

Sri Satguru Jagjit Singh Ji eLibrary NamdhariElibrary@gmail.com

ਈਸ਼੍ਵਰ ਕੇ ਤਨ ਮੈਂ ॥੬੪॥ ਜਨਮੈ ਤੇ ਜਗ ਪਾਵਹਿ ਦੁਖ ਕੋ। ਮਰੇ ਮਿਲੈ ਈਸ਼੍ਵਰ,ਲਹਿ ਸੁਖ ਕੋ। ਰੋਵੈਂ ਹਸੈਂ ਇਹੀ ਗਤਿ ਜਾਨੈਂ[1]"।ਸੁਨਿ ਸ੍ਰੀ ਨਾਨਕ ਬੈਨ ਬਖਾਨੈ ॥ ੬੫ ॥ ਦੋਹਰਾ ॥ 'ਪਰਮੇਸ਼੍ਵਰ ਕੋ ਮਿਲਨਿ ਜੋ ਮਹਾਂ ਬਿਖਮ ਪਹਿਚਾਨ। ਬਿਨ ਸਤਿਸੰਗਤਿ ਭਗਤਿ ਤੇ ਜਾਨ ਉਪਾਵ ਨ ਆਨ॥੬੬॥ ਚੌਪਈ ॥ ਪ੍ਰੇਮ ਭਗਤਿ ਕਰਿ ਕੀਰਤਿ ਗਾਵਨ। ਅਜਪਾ ਜਾਪ ਨਾਮ ਲਿਵ ਲਾਵਨ। ਬਿਛੁਰਨ ਮਿਲਨਿ ਅਪਰ ਕੋ ਨਾਂਹੀ। ਸਰਬ ਬਾਤ ਇਸ ਤਨ ਕੇ ਮਾਂਹੀ ॥ ੬੭ ॥ ਜਬ ਸਤਿਸੰਗਤਿ ਭਯੋ ਨਿਵਾਸਾ। ਮਨ ਰੋਕਨ ਕੀਨੋ ਅਭਿਆਸਾ। ਨਾਸ ਬਾਸ਼ਨਾ ਤਬ ਹੀ ਭਈ। ਦ੍ਵੈਤ ਸਰਬ ਉਰ ਤੇ ਮਿਟਿ ਗਈ ॥ ੬੮ ॥ ਪੂਰਨ ਲਖ੍ਯੋ ਪ੍ਰਮਾਤਮ ਸਾਰੇ। ਮਿਥ੍ਯਾ ਸਰਬ ਪ੍ਰਪੰਚ ਪਸਾਰੇ। ਜਬੈ ਆਤਮਾ ਅਸ ਭ੍ਰਮ ਭੈਨਾ[2]। ਭਾ ਪ੍ਰਮਾਤਮਾ ਸੁੱਧ ਚਿਤੈਨਾ ॥੬੯॥ ਜਬ ਅਨਾਤਮਾ ਦੇਹਿ ਪਛਾਨੀ। ਗੇ ਸੰਕਲਪ ਬਿਕਲਪ ਬਿਹਾਨੀ[3]। ਤੌ ਮਿਲਿਬੋ ਈਸ਼੍ਵਰ ਕੋ ਹੋਇ। ਨਾਤੁਰ ਬਿਛੁਰ ਰਹਯੋ ਸਭਿ ਕੋਇ ॥੭੦॥ ਗ੍ਯਾਨ ਪਰਾਪਤਿ ਜਿਨ ਮਨ ਮਾਂਹੀ।ਬਿਛੁਰਨ ਮਿਲਨ ਸੁ ਜਾਨਤਿ ਨਾਂਹੀ। ਪਰਮਾਤਮ ਪੂਰਨ ਹੈ ਸਾਰੇ। ਬਿਛੁਰੇ ਤੌ, ਕਤ ਨਾਂਹਿ ਨਿਰਾਰੇ ॥ ੭੧ ॥ ਜੋ ਬਿਛੁਰੇ ਤੌ ਮਿਲਨਾ ਹੋਇ। ਨਾਤੁਰ ਮਿਥਿਆ ਕਹਿਨੋ ਦੋਇ। ਬ੍ਯਾਪਕ ਦੀਸਹਿ ਜਯੋਂ ਆਕਾਸ਼ਾ। ਘਟ ਉਪਾਧਿ ਵਤ[4] ਮਾਯਾ ਭਾਸਾ[5] ॥ ੭੨ ॥ ਦੋਹਰਾ ॥ ਘਟਿ ਫੂਟੇ ਆਕਾਸ਼ ਸਭਿ ਤਿਉਂ ਮਾਯਾ ਹੈ ਹਾਨਿ। ਰੋਦਨ ਹਸਨ ਤੁਮਾਰ ਜੋ ਸਰਬ ਅਕਾਰਥ ਜਾਨਿ ॥੭੩॥ ਚੌਪਈ ॥ ਹੈਂ ਅਧੀਨ ਬਾਸ਼ਨਾ[6] ਨਰ ਸਭਿ। ਯਾਂ ਤੇ ਜਨਮ ਧਰਤਿ ਪੁਨ ਪੁਨ ਤਬ। ਜਨਮ ਮਰਨ ਬਹੁਤੋ ਦੁਖ ਪਾਵੈਂ। ਬਾਰ ਬਾਰ ਆਵੈਂ ਜਗ ਜਾਵੈਂ' ॥ ੭੪ ॥ ਗੁਰ ਕੇ ਵਾਕ ਸੁਨੇ ਅਸ ਜਬ ਹੀ। ਰਿਦੈ ਬਿਚਾਰ ਕਿਯੋ ਨਰ ਸਭ ਹੀ।—ਸੱਤਿ ਬਚਨ ਇਨ ਸੰਤ ਬਖਾਨੇ। ਮਤ ਹਮਾਰ ਮਿਥਿਆ ਪਹਿਚਾਨੇ—॥ ੭੫ ॥ ਬਿਨ ਸੰਦੇਹ ਭਏ ਜਬ ਸੁਨਿਕੈ। ਬੰਦਨ ਕਰਤਿ ਭਏ ਗੁਰ ਗੁਨਿਕੈ[7]। ਬਿਨੈ ਕਰਤਿ ਭੇ ਬਾਰੰਬਾਰੀ। 'ਹਮਰੀ ਗਤਿ ਕੀਜੈ ਗਤਿਕਾਰੀ[8] ॥ ੭੬ ॥ ਨਿਜ ਉਪਦੇਸ਼ ਦੀਜੀਏ ਹਮਕੋ। ਸ਼ਰਨ ਪਰੇ ਕੀ ਲੱਜਨਾ ਤੁਮਕੋ'।ਸੁਨਿ ਅਧੀਨਤਾ ਤਿਨ

[1]ਰੋਣ ਹਸਣ ਦੀ ਹਾਲਤ ਦਾ ਇਹ (ਕਾਰਣ) ਜਾਣਦੇ ਹਾਂ। [2]ਭਿੱਜਿਆ। [3]ਨਾਸ਼ ਹੋ ਗਏ। [4]ਘੜੇ ਦੀ ਉਪਾਧੀ ਵਤ। [5]ਭਾਵ ਮਾਇਆ (ਕਰਕੇ ਜੀਵ) ਭਾਸ ਰਹੇ ਹਨ (ਜਿਵੇਂ ਅਕਾਸ਼ ਤਾਂ ਇੱਕੋ ਹੈ ਪਰ) ਘੜੇ ਦੀ ਉਪਾਧੀ ਕਰਕੇ (ਘੜੇ ਅੰਦਰਲਾ ਅਕਾਸ਼ ਵੱਖਰਾ ਭਾਸਦਾ ਹੈ)। [6]ਕਾਮਨਾ ਦੇ। [7]ਜਾਣਕੇ। [8]ਹੇ ਮੁਕਤੀ ਕਰਨ ਵਾਲੇ

Sri Satguru Jagjit Singh Ji eLibrary NamdhariElibrary@gmail.com

ਜਗਤੇਸ਼ਾ। ਦੇਤਿ ਭਏ ਆਪਨ ਉਪਦੇਸ਼ਾ ॥੭੭॥ 'ਸੱਤਿਨਾਮ ਸਿਮਰਹੁ ਲਿਵ ਲਾਵਹੁ। ਤਿਹ ਤੇ ਸਗਰੀ ਇੱਛ ਪੁਜਾਵਹੁ। ਹੁਕਮ ਸੱਤਿ ਮਾਨਹੁ ਕਰਤਾਰਾ। ਮਰਨ ਜਿਯਨ ਜਾਨਹੁ ਇਕਸਾਰਾ ॥੭੮॥ ਹਰਖ ਸ਼ੋਕ ਤੇ ਮਨ ਥਿਰ ਕੀਜੈ। ਬਿਨ ਸੰਸੇ ਤਬ ਮੁਕਤਿ ਹੁਵੀਜੈ'। ਅਸ ਉਪਦੇਸ਼ ਸੁਨਯੋ ਸਿਖ ਭਏ। ਸ੍ਰੀ ਨਾਨਕ ਮਹਿਂ ਨਿਸ਼ਚਾ ਕਏ ॥੭੯॥ ਸਤਿਸੰਗਤਿ ਹੋਵਨ ਤਹਿਂ ਲਾਗੀ। ਹਰਿ ਕੀਰਤਿ ਗਾਵਹਿਂ ਵਡਭਾਗੀ। ਸੇਵਾ ਸੰਤਨ ਕੀ ਸਭਿ ਕਰਿਹੀਂ। ਧਰਿ ਸ਼ਰਧਾ ਹਰਿਨਾਮ ਸਿਮਰਿਹੀਂ ॥੮੦॥ ਦੋਹਰਾ ॥ ਕਿਤਿਕ ਦਿਵਸ ਸ੍ਰੀ ਗੁਰ ਰਹੇ ਦੀਨੋ ਧਰਮ ਦ੍ਰਿੜਾਇ। ਕਰਿ ਸੰਤੋਖ ਸਿੰਘ ਬੰਦਨਾ ਪੂਰਨ ਹੋਯੋ ਧਯਾਇ ॥੮੧॥ ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਖੰਡਨ ਪ੍ਰਸੰਗ' ਬਰਨਨੰ ਨਾਮ ਦੁਤੀਯੋ ਅਧਯਾਯ ॥੨॥

੩. [ਸ਼ਾਰਦਾ ਮੰਗਲ। ਕੋਤਮਾਲ, ਰੰਮਕ, ਭੱਦ੍ਰ ਤੇ ਭਰਥ ਖੰਡ ਅਤੇ ਜੰਮੂ ਤੇ ਵਣਜਾਰਿਆਂ ਦੇ ਗ੍ਰਾਮ ਜਾਣਾ]

ਦੋਹਰਾ ॥ ਸੁਮਤਿ ਸਦਨ ਕੁਮਤਿਹਿ ਕਦਨ, ਇੰਦੁ ਬਦਨ ਜਗ ਮਾਂਹਿ*।
ਬੰਦੋਂ ਪਦ ਅਰਬਿੰਦ ਤਿਹ ਕਹੋਂ ਕਥਾ ਸਖਦਾਇ ॥੧॥

ਕੁਮਤਿਹਿ=ਕੁ+ਮਤਿ+ਹਿ=ਖੋਟੀ ਬੁੱਧੀ ਨੂੰ। ਇੰਦੁ=ਚੰਦ੍ਰਮਾ
ਜਗਮਾਂਹਿ=ਜਗਤ ਵਿਚ। ਸੂਚਨਾ—ਜੇ ਪਾਠ—ਜਗ ਮਾਇ—ਹੋਵੇ ਤਾਂ ਅਰਥ—ਹੇ ਜਗਤ ਮਾਤਾ!—ਹੋ ਸਕਦਾ ਹੈ। ਤਦੋਂ ਏਹ ਸਨਮੁਖ ਸੰਬੋਧਨ ਹੋਵੇਗਾ। ਫੇਰ ਅਗਲੀ ਤੁਕ ਵਿਚ—ਤਿਹ—ਪਦ ਪਿਆ ਹੈ ਜੋ ਪ੍ਰੋਖ ਦੀ ਸੰਭਾਵਨਾ ਕਰਾਉਂਦਾ ਹੈ, ਇਸ ਕਰਕੇ ਨਾ ਤਾਂ—ਜਗ ਮਾਇ—ਪਾਠ ਢੁਕਦਾ ਹੈ ਤੇ ਨਾਂ ਹੀ—ਜਗ ਮਾਂਹਿ—ਦਾ ਅਰਥ—ਜਗਤ ਮਾਤਾ—ਠੀਕ ਬੈਠਦਾ ਹੈ।

ਅਰਥ—(†ਅਤੇ ਜੋ) ਜਗਤ ਵਿਚ ਸ੍ਰੇਸ਼ਟ ਬੁੱਧੀ ਦਾ ਘਰ, ਖੋਟੀ ਬੁੱਧੀ ਨੂੰ ਦੂਰ ਕਰ ਦੇਣ ਵਾਲੀ, ਚੰਦ੍ਰਮਾਂ ਵਰਗੇ (ਸੁੰਦਰ) ਮੂੰਹ ਵਾਲੀ ਹੈ, ਉਸ ਦੇ ਚਰਨਾਂ ਕਵਲਾਂ ਪਰ ਮੱਥਾ ਟੇਕਕੇ ਸੁਖਦਾਈ ਕਥਾ (ਅਗੋਂ ਹੋਰ) ਕਹਿੰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨੀਏ ਸ੍ਰੀ ਅੰਗਦ ਇਤਿਹਾਸਾ। ਬਿਦਾ ਹੋਇ ਗਮਨੇ ਸੁਖਰਾਸਾ। ਕੋਤ ਮਾਲ‡ ਜਹਿਂ ਖੰਡ ਸੁਹਾਵਾ। ਤਹਾਂ ਪਹੁਚੇ

*ਹੋਵੇਗੀ। *ਪਾ:—ਮਾਇ। †ਪਿਛਲੇ ਅਧਯਾਯ ਦੇ ਮੰਗਲ ਦੀ ਇਹ ਪੂਰਤੀ ਹੈ।

‡ਕੋਤੁ ਮਾਲ ਦਾ ਪਤਾ ਤੇ ਬਾਲੇ ਦੇ ਬਲੀਦਾਨ ਦੀ ਕਥਾ ਤਵਾ: ਖਾ: ਨੇ ਨਹੀਂ ਦਿੱਤੀ। ਚੰਡੀ ਦੀ ਪੂਜਾ ਦਾ ਦੇਸ਼ ਅੱਗੇ ਜਾਕੇ ਇਸਨੂੰ ਦੱਸਦੇ ਹਨ, ਸੋ ਬੰਗਾਲ ਸਾਰਾ ਚੰਡੀ ਪੂਜ ਹੈ, ਤੇ ਨਿਪਾਲ ਆਦਿ ਦੇ ਬੀ ਕਈ ਲੋਕ ਚੰਡੀ ਪੂਜਦੇ ਤੇ ਸੰਢਿਆਂ ਦੀ ਬਲੀ ਦੇਂਦੇ ਹਨ, ਕਦੇ ਨਰ ਬਲੀ ਬੀ ਦੇਂਦੇ ਹੁੰਦੇ ਸਨ। (ਬਾਕੀ ਟੂਕ ਟੂਜੇ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

ਦੁਖ ਬਨ ਦਾਵਾ[੧] ॥੨॥ ਭੂਪ ਪੂਜਾ ਤਹਿੰ ਕੇ ਨਰ ਸਾਰੇ। ਪੂਜਹਿਂ ਸ੍ਰੀ ਚੰਡੀ ਹਿਤ ਧਾਰੇ। ਮੇਲਾ ਹੁਤੋ ਬਿਸ਼ਾਲ ਸੁ ਤਹਿੰਵਾ[੨]। ਭਵਨ[੩] ਕਾਲਕਾ ਰਾਜਤਿ[੪] ਜਹਿੰਵਾ ॥ ੩ ॥ ਬੈਸੇ ਸ੍ਰੀ ਗੁਰ ਮਾਰਗ ਮਾਂਹੀ। ਨਰ ਅਨੇਕ ਆਵਹਿਂ ਇਕ ਜਾਂਹੀ। ਲੇਲੇ[੫] ਬਲਿ ਪਸ਼ੁ[੬] ਭੇਟ ਚੜ੍ਹਾਵਹਿਂ। ਬਰ ਪਾਵਹਿਂ ਨਿਜ ਸੀਸ ਝੁਕਾਵਹਿਂ ॥ ੪ ॥ ਜਬਹਿ ਨ੍ਰਿਪਤਿ ਲੇ ਆਯੋ ਟੋਲਾ। ਹਮਹਿਂ ਬਿਲੋਕਤਿ ਮੁਖ ਤੇ ਬੋਲਾ। 'ਅਪਰ ਦੇਸ਼ ਕੇ ਮਨੁਜ ਦਿਸਾਵਹਿਂ'। ਇਕ ਗਹਿ ਲੇਵਹਿਂ ਭੇਟ ਚੜ੍ਹਾਵਹਿਂ' ॥ ੫ ॥ ਸੁਨੀਏ ਸ੍ਰੀ ਅੰਗਦ ਕਹਿ ਬਾਲਾ। ਮੁਝ ਕੋ ਗਹਿ ਲੀਨੋ ਤਿਹ ਕਾਲਾ। ਬਹੁ ਹਰਖਾਇ ਬਜਾਵੈਂ ਢੋਲੂ। ਮੁਝਹਿ ਚਲਾਯੋ ਅੱਗ੍ਰਜ ਟੋਲੂ ॥ ੬ ॥ ਕਹੈਂ ਕਿ 'ਭੇਟਿ ਭਲੀ ਹਮ ਪਾਈ। ਹੈ ਪ੍ਰਸੰਨ ਬਰ ਦੇ ਜਗਮਾਈ'। ਤਿਸ ਛਿਨ ਆਯੋ ਢਿਗ ਮਰਦਾਨਾ। ਮੁਝ ਸੋਂ ਇਸ ਬਿਧਿ ਬਚਨ ਬਖਾਨਾ ॥ ੭ ॥ 'ਬਾਲੇ ਰਹਨੋ ਜੀਵਨਾ ਤੇਰਾ। ਮ੍ਰਿਤ੍ਯੁ ਕਾਲ ਨੈ ਤੋ ਕੋ ਘੇਰਾ। ਸਿਰ ਉਤਾਰਿ ਕੈ ਭੇਟ ਚੜ੍ਹਾਵਹਿਂ। ਪੂਜ ਗੌਰਜਾ[੭] ਕੋ ਬਰ ਪਾਵਹਿਂ' ॥੮॥ ਮੈਂ ਬੋਲਨੋ 'ਤੈਂ ਝੂਠ ਉਚਾਰਾ। ਮਰਨ ਜਿਯਨ ਤਨ ਕੋ ਬਿਵਹਾਰਾ। ਪੰਚਤੱਤ ਮਿਲਿ ਸਿਰਜੋ[੮] ਸਰੀਰਾ। ਬਿਨਸਿ ਜਾਤਿ ਜਬ ਹੋਤਿ ਬਖੀਰਾ[੯] ॥ ੯ ॥ ਆਤਮ ਬਿਖੈ ਨ ਜਨਮ, ਨ ਮਰਨਾ। ਹਰਖ ਨ ਸ਼ੋਕ ਨ ਕਿਹ ਤੇ ਡਰਨਾ। ਮਾਰ ਨ ਸਕਹਿ ਤਾਂਹਿ ਕੋ ਕੋਊ। ਸਤਿ ਚੇਤਨ ਨਿਤ ਆਨੰਦ ਜੋਊ ॥੧੦॥ ਪਾਵਕ ਦਹੈ ਨ ਨੀਰ ਡੁਬੈ ਹੈ। ਕੋਟ ਸ਼ਸਤ੍ਰ ਸੋਂ ਨਹੀਂ ਛਿਦੈ ਹੈ[੧੧]। ਜੀਵਨ ਮਰਨਾ ਮਾਨਹਿਂ ਪ੍ਰਾਨੀ। ਤਨ ਹੰਕਾਰ ਸੋਂ ਜੋ ਅੱਗ੍ਯਾਨੀ ॥ ੧੧ ॥ ਅੰਤ ਸਮਾਂ ਤਨ ਆਨਿ ਲਗਤਿ ਜਬ। ਕੋਈ ਉਪਾਇ ਨ ਰਾਖਿ ਸਕਤਿ ਤਬ। ਜੇ ਨ ਸਮਾਂ ਮ੍ਰਿਤ੍ਯੁ ਕੋ ਅਬਿ ਹੋਈ। ਰੋਮ ਨ ਛੇਦਿ ਸਕੈ ਕਬਿ

---

[੧]ਦੁਖਾਂ ਦੇ ਬਨ ਨੂੰ ਦਾਵਾ ਅਗਨੀ ਰੂਪ। [੨]ਤਿੱਥੇ। [੩]ਮੰਦਿਰ। [੪]ਸ਼ੋਭਤ। [੫]ਛੋਟੇ ਛੋਟੇ ਭੇਡਾਂ ਬਕਰੀਆਂ ਦੇ ਬੱਚੇ (ਅ) ਲੈ ਲੈ ਕੇ (ਨਾਲ)। [੬]ਬਲੀ ਪਸ਼ੂ ਦੀ। (ਅ) ਬਲੀ (ਲਈ) ਪਸ਼ੂ। [੭]ਨਜ਼ਰੀਂ ਆਂਵਦੇ ਹਨ। [੮]ਦੇਵੀ। [੯]ਬਨਿਆ ਹੈ। [੧੦]ਵਖੋ ਵੱਖ। [੧੧]ਨਹੀਂ ਚੀਰਿਆ ਜਾਂਦਾ।

[ਪਿਛਲੇ ਪੰਨੇ ਦੀ ਬਾਕੀ ਟੂਕ]

ਅੱਗੇ ਰੰਮਕ ਖੰਡ, ਭੱਦ੍ਰ ਖੰਡ ਹੈ ਤੇ ਫੇਰ ਭਰਤ ਖੰਡ। ਭਰਤ ਖੰਡ ਤੋਂ ਸਾਫ ਪਤਾ ਲਗ ਜਾਂਦਾ ਹੈ ਕਿ ਪੰਜਾਬ ਆਏ ਹਨ। ਪਹਿਲਾ ਥਾਂ ਜਿਸ ਦਾ ਪਤਾ ਲਗਦਾ ਹੈ ਜੰਮੂੰ ਹੈ (ਵੇਖੋ ਅਧ੍ਯਾਯ ੨ ਅੰਕ ੫੬) ਇਸ ਤੋਂ ਇਹੋ ਪਤਾ ਲਗਦਾ ਹੈ ਕਿ ਰੰਮਕ ਭੱਦ੍ਰ ਆਦਿ ਖੰਡ ਵਿਚ ਦੱਸੇ ਟਿਕਾਣੇ ਬਧੇਰੇ ਖੋਜ ਕਰਨ ਨਾਲ ਪੰਜਾਬ ਤੇ ਹਿੰਦ ਦੇ ਉੱਤਰੀ ਪਹਾੜਾਂ ਵਿਚ ਹੀ ਮਿਲਣਗੇ। ਦੇਵੀ ਮੰਦਰ, ਮੰਢੇ ਆਦਿ ਭੇਟਾ ਤੇ ਮੇਲਾ ਤਾਂ ਸ਼ਿਮਲੇ ਦੇ ਤਾਰਾ ਦੇਵੀ ਮੰਦਰ ਤਕ ਪ੍ਰਚਰਤ ਹਨ।

Sri Satguru Jagjit Singh Ji eLibrary NamdhariElibrary@gmail.com

ਕੋਈ ॥ ੧੨ ॥ ਦੇਸ਼, ਕਾਲ, ਪੁਨ[1] ਬਸਤੁ ਬਹੋਰੀ[2] । ਤੀਨੋ ਹੋਇ ਜਾਤ
ਇਕ ਠੌਰੀ। ਤਬ ਇਹ ਦੇਹਿ ਬਿਨਸ ਕਰਿ ਜਾਈ। ਕੋਇ ਨ ਇਸ ਕੋ
ਰਾਖਿ ਸਕਾਈ ॥੧੩॥ਏਕ ਨ ਤੀਨੋ ਮਹਿ ਜਿ ਮਿਲਤਿ ਹੈ।ਤੌ ਤਨ ਰੱਖਯਾ
ਕਾਲ[3] ਕਰਤਿ ਹੈ'। ਇਉਂ ਸੁਨਿ ਤੂਸ਼ਨ ਭਾ ਮਰਦਾਨਾ। ਮੁਝ ਸੰਗ ਦੇਵੀ
ਭਵਨ ਪਯਾਨਾ ॥੧੪ ॥ ਸ੍ਰੀ ਗੁਰ ਆਪ ਤਹਾਂ ਚਲਿ ਆਏ। ਪਿਖੈਂ[4] ਤਮਾਸ਼ੋ
ਕਛੁ ਨ ਅਲਾਏ। ਜਬ ਗੇ ਦੁਰਗਾ ਕੇਰ ਅਗਾਰੀ। ਤਬ ਅਵਿਨੇਸ਼ੁਰ[5]
ਗਿਰਾ ਉਚਾਰੀ ॥ ੧੫ ॥ 'ਇਸ ਮਾਨਵ ਕੋ ਭੇਟ ਚੜ੍ਹੀਜੈ । ਬਰਦਾਨੀ[6]
ਸੁ ਪ੍ਰਸਿਨ ਕਰੀਜੈ'। ਭੀਰ ਭੂਰ ਭੀ ਭਵਨ ਅਗਾਰੀ। ਕੌਤਕ ਅਵਲੋਕਤਿ
ਨਰ ਨਾਰੀ ॥ ੧੬ ॥ ਖੈਂਚਿ ਲਈ ਇਕ ਮਨੁਜ ਕ੍ਰਿਪਾਨਾ। ਚਮਕੀ ਦੇਖਿ
ਡਰਯੋ ਮਰਦਾਨਾ। 'ਸੰਗ ਰਹਿਨ ਵਾਰੇ ਪ੍ਰਭੁ! ਤੇਰੇ। ਰੱਖਯਾ ਆਪ ਕਰਹੁ
ਇਸ ਬੇਰੇ' ॥ ੧੭॥ ਤਿਹ ਛਿਨ ਕ੍ਰੋਧ ਕਾਲਕਾ ਕੜਕੀ। ਭੀਰ ਭੂਰ[7] ਮੇਲੇ
ਕੀ ਭੜਕੀ। ਪ੍ਰਗਟੀ ਚੰਡਿ ਪ੍ਰਚੰਡ ਭਯਾਨਾ[8]। ਤਿਹ ਨਰ ਕਰ ਤੇ ਛੀਨ
ਕ੍ਰਿਪਾਨਾ ॥੧੮॥ ਹੁਤੋ ਨਰੇਸ਼ ਠਾਂਢਿ ਜਿਹ ਠਾਈਂ। ਜਾਇ ਤਾਹਿ ਕੇ ਕੰਠ
ਲਗਾਈ । ਤਤਛਿਨ ਧਰ ਤੇ ਸਿਰ ਗਿਰ ਪਰਿਆ। ਜਨੁ ਸ਼ਾਖਾ[9] ਤੇ
ਫਲ ਕਿਨ ਹਰਿਆ ॥ ੧੯ ॥ ਸ੍ਰੋਣਤ[10] ਚਲਯੋ ਗਿਰਯੋ ਨ੍ਰਿਪ ਧਰਨੀ[11]।
ਭਾਗੇ ਲੋਕ ਪਿਖਤਿ ਅਸ ਕਰਨੀ[12]। ਰਹਯੋ ਨ ਕੋਊ ਨਰ ਤਿਹ ਥਾਨਾ।
ਤੀਨੋਂ:-ਮੈਂ[13],ਸ੍ਰੀ ਗੁਰ, ਮਰਦਾਨਾ ॥੨੦॥ ਤਿਹਛਿਨ ਸ੍ਰੀ ਚੰਡੀ ਕੇ ਸਾਥਾ।
ਬਚਨ ਭਨਯੋ ਇਸ ਬਿਧਿ[14] ਜਗਨਾਥਾ। 'ਭੂਪਤ ਸੇਵਕ ਹੁਤੋ ਤੁਮਾਰਾ।
ਬਾਲੇ ਕੋ ਬਚਾਇ ਸੋ ਮਾਰਾ ॥ ੨੧ ॥ ਤਿਨ ਪ੍ਰਸਿਨ ਕੀ ਕੀਨੀ ਰੀਤਾ[15]।
ਕ੍ਰੋਧ ਭਰੀ ਕਿਉਂ ਕਿਯ ਬਿਪਰੀਤਾ[16]?'। ਤਬ ਸ੍ਰੀ ਚੰਡੀ ਬਚਨ ਉਚਾਰੇ।
'ਸੁਨਿ ਸ੍ਰੀ ਨਾਨਕ ਸ੍ਰੋਨ ਮਝਾਰੇ ॥ ੨੨॥ ਜੋ ਹਰਿਜਨ ਪਰਮੇਸ਼ੁਰ ਪਯਾਰੇ।
ਰਛਯਾ ਕਰਿ ਹੌਂ ਸੰਝ[17] ਸਕਾਰੇ[18]*। ਜੋ ਮਤਿਮੰਦ ਤਿਨ੍ਹ ਦੁਖ ਦੇਹੀਂ।
ਤਿਹ ਮਾਰੌਂ ਮੇਰੀ ਮਤਿ ਏਹੀ ॥੨੩॥ ਇਹ ਭੂਪਤਿ ਮਤਿਮੰਦ ਕੁਚਾਰੀ[19]।
ਮਾਰਨ ਆਨਯੋ ਸੰਤ ਅਗਾਰੀ । ਕਿਯੋ ਕ੍ਰੋਧ ਯਾਂਤੇ ਮੈਂ ਮਾਰਾ। ਮਰਤਿ
ਸੰਤ ਕੋ ਤੁਰਤ ਉਬਾਰਾ' ॥ ੨੪ ॥ ਅਸ ਕਹਿ ਲੋਪ ਭਈ ਤਬ ਦੇਵੀ। ਜਲ

---

[1]ਅਰ। [2]ਫਿਰ। [3]ਸਮਾਂ। [4]ਦੇਖਣ। [5]ਰਾਜੇ ਨੇ। [6]ਦੇਵੀ ਨੂੰ। [7]ਬੜੀ। [8]ਤੇਜ ਭਿਆਨਕ।
[9]ਟਾਹਣੀ। [10]ਲਹੂ। [11]ਧਰਤੀ ਤੇ। [12]ਐਸਾ ਕਰਤਬ ਵੇਖਕੇ। [13]ਭਾਵ ਬਾਲਾ। [14]ਇਸਤਰ੍ਹਾਂ।
[15]ਢੰਗ। [16]ਉਲਟ। [17]ਸ਼ਾਮ। [18]ਸਵੇਰੇ। [19]ਪਾਪੀ। *ਦੇਖੋ ਅਗਲੇ ਪੰਨੇ ਤੇ ਨਿਸ਼ਾਨ*।

Sri Satguru Jagjit Singh Ji eLibrary NamdhariElibrary@gmail.com

ਮਾਤਾ ਈਸ੍ਵਰੀ ਅਭੇਵੀ[1]। ਬਢਯੋ ਨਗਰ ਮਹਿ ਸ਼ੋਕ ਅਪਾਰੋ। ਠੌਰ ਠੌਰ ਰੋਵਹਿ ਨਰ ਨਾਰੀ ॥ ੨੫॥ ਕਿਯ ਬਿਚਾਰ ਜੋ ਹੁਤੇ ਸਿਆਨੇ।–ਗਹੇ ਜੁ ਕਲਾਵਾਨ–ਮਨ ਜਾਨੇ। ਆਏ ਸਭਿ ਹੀ ਤਬਿ ਧਰਿ ਭਾਉ। ਸ੍ਰੀ ਗੁਰ ਕੋ ਲਖਿ ਲੀਨ ਪ੍ਰਭਾਉ ॥ ੨੬ ॥ ਨ੍ਰਿਪ ਸੁਤ ਠਾਂਢੋ ਆਇ ਅਗਾਰੀ। ਕਰਿਕੈ ਬੰਦਨ ਬਿਨੈ ਉਚਾਰੀ। 'ਕਰਹੁ ਛਿਮਾ ਅਪਰਾਧ ਹਮਾਰਾ। ਹਮ ਨਹਿ ਜਾਨਯੋ ਭੇਦ ਤੁਮਾਰਾ॥ ੨੭॥ ਸਿੱਖ ਆਪਨੇ ਹਮਹਿ ਕਰੀਜੈ। ਅਭੈ ਦਾਨ ਸਭਿਹਿਨਿ ਕੋ ਦੀਜੈ'। ਸੁਨਤਿ ਬਿਨੈ ਹ੍ਵੈ ਗਏ ਕ੍ਰਿਪਾਲਾ। ਅਪਨ ਦਿਯਾ ਉਪਦੇਸ਼ ਬਿਸਾਲਾ ॥ ੨੮ ॥ 'ਸਤਿਨਾਮ ਕੋ ਸਿਮਰਨ ਕਰਨੋ। ਸੰਤ ਸੇਵ ਮਹਿ ਹਿਤਉਰ ਧਰਿਨੋ'।ਭੂਪਤਿ ਦਾਹੁ ਬਹੁਰ ਕਰਿਵਾਯੋ। ਸਿੰਘਾਸਨ ਨ੍ਰਿਪ-ਸੁਤ ਬੈਠਾਯੋ॥੨੯॥ ਦੋਹਰਾ ॥ ਨਾਮ-ਧਰਮ ਜਸ-ਰਾਖਿਯੋ ਰਾਜ ਤਿਲਕ ਕੋ ਦੇਯ। ਸੁੰਦਰ ਧ੍ਰਮਸਾਲਾ ਰਚੀ ਕੀਰਤਿ ਤਹਾਂ ਕਰੇਯ[2] ॥੩੦॥ ਸ੍ਵੈਯਾ॥ 'ਮਨ ਨੀਵ[3] ਸਦੀਵ ਰਖੋ ਅਪਨਾ ਸਤਿਨਾਮ ਨਿਰੰਤਰ ਹੀ ਲਿਵ ਲਾਵਹੁ। ਇਸ਼ਨਾਨ ਤੇ ਦਾਨ ਕਰੋ ਸੁਖ ਪਾਵਹੁ ਪੈ ਰਿਤ ਲਾਵਹੁ ਕੀਰਤਿ ਗਾਵਹੁ। ਸਤਿਸੰਗਤ ਸੋਂ ਨਿਤ ਭਾਉ ਧਰੋ, ਤਿਨ ਸੰਗਮ ਮੈਂ ਨਿਤ ਕਾਲ ਬਿਤਾਵਹੁ। ਤਬ ਹੋਇ ਸਿਖੀ ਗੁਰ ਕੀ ਸ਼ੁਭ ਪ੍ਰਾਪਤਿ ਜੋ ਸਭਿ ਬੈਨ ਸਦੀਵ ਕਮਾਵਹੁ'॥੩੧॥ਦੋਹਰਾ॥ ਕਿਤਿਕ ਦਿਵਸ ਰਹਿ ਕਰਿ ਤਹਾਂ* ਭਲ ਉਪਦੇਸ਼ ਦ੍ਰਿੜਾਇ। ਬਿਦਾ ਹੋਇ ਗਮਨੇ ਪ੍ਰਭੂ ਆਨ ਥਾਨ ਸਤਿਭਾਇ[4] ॥ ੩੨ ॥ ਚੌਪਈ ॥ ਪਹੁੰਚੇ ਰੰਮਕ ਖੰਡ ਗੁਸਾਈਂ। ਪੁਰਿ ਸਮੀਪ ਬੈਸਤਿ ਭੇ ਜਾਈ। ਕੌਤਿਕ ਮਨੁਜ ਤਹਾਂ ਚਲਿ ਆਏ। ਜਾਨਿ ਸੰਤ ਨਿਜ ਸੀਸ ਝੁਕਾਏ॥੩੩॥ ਨਿਕਟਿ ਬਿਲੋਕਿ ਤਿਨਹਿ ਜਗਤੇਸ਼ਾ। ਦੇਤਿ ਭਏ ਸ੍ਰੇਸ਼ਟ ਉਪਦੇਸ਼ਾ। 'ਸੱਤਿਨਾਮ ਸਿਮਰਹੁ ਦਿਨ ਰਾਤੀ। ਸੰਤ ਸੇਵ ਕਰਿ ਪ੍ਰੀਤ ਸੁਹਾਤੀ[5]॥੩੪॥ ਕੂਕਰ[6] ਦ੍ਰਿਸ਼ਟਿ[7] ਨ ਕਬਿ ਮਨ ਧਰਨੀ। ਸ਼ੇਰ ਦ੍ਰਿਸ਼ਟਿ[8], ਗੁਰਮੁਖ ਕੀ ਕਰਨੀ। ਹਰਖ ਸੋਗ ਦੁਖ ਸੁਖ ਮਹਿ ਤਨਾਗਹੁ। ਕਰਹੁ ਭਗਤਿ ਨਿਸ

---

[1]ਜਿਸ ਦਾ ਕੋਈ ਭੇਦ ਨਹੀਂ ਜਾਣ ਸਕਦਾ। [2]ਕੀਰਤਨ ਕਰਨ ਲਗੇ। [3]ਨੀਵਾਂ। [4]ਸੱਚਾ ਪ੍ਰੇਮ ਕਰਕੇ, (ਅ) ਸਹਿਜ ਸੁਭਾਇ। [5]ਸ਼ੋਭਨੀਕ। [6]ਕੁੱਤੇ ਦੀ। [7]ਨਜ਼ਰ। [8]ਸ਼ੇਰ ਦ੍ਰਿਸ਼ਟੀ।

*ਇਹ ਪ੍ਰਸੰਗ ਮਹਿਮਾ ਪ੍ਰਕਾਸ਼ ਗ੍ਰੰਥ ਤੇ ਪੁਰਾਤਨ ਜਨਮ ਸਾਖੀ ਵਿਚ ਹੈ ਨਹੀਂ, ਭਾਈ ਬਾਲੇ ਵਾਲੀ ਵਿਚ ਬਾਲੇ ਦੀ ਥਾਂ ਭਾ: ਮਰਦਾਨੇ ਨੂੰ ਬਲੀ ਦੇਣ ਲਈ ਲੈ ਜਾਣ ਦੀ ਕਥਾ ਹੈ। ਕਵੀ ਜੀ ਦੀ ਮੁਰਾਦ ਹੈ ਕਿ ਹਰੀ ਜਨਾਂ ਨੂੰ ਦੇਵੀ ਪੂਜਨ ਦੀ ਲੋੜ ਨਹੀਂ, ਦੇਵੀ ਆਪ ਉਨ੍ਹਾਂ ਦੀ ਰਾਖੀ ਰਹਿੰਦੀ ਹੈ। ਨਾਮੀ ਪੁਰਖਾਂ ਦੀ ਇੰਨੀ ਰਖਯਾ ਕਰਦੀ ਹੈ ਕਿ ਅਪਣੇ ਪੂਜਕਾਂ ਨੂੰ ਉਨ੍ਹਾਂ ਤੋਂ ਰਾਖਦੀ ਹੈ। ਸੋ ਨਾਮੀ ਪੁਰਖ ਉਸਨੂੰ ਬਹੁਤ ਪਿਆਰੇ ਹਨ।

Sri Satguru Jagjit Singh Ji eLibrary NamdhariElibrary@gmail.com

ਪਾਛਲ[1] ਜਾਗਹੁ' ॥੩੫॥ ਸੁਨਿ ਕਰਿ ਬੂਝਨ ਲਗੇ ਸੁ ਮਾਨਵ। 'ਦ੍ਰਿਸ਼ਟਿ ਜੁ ਕਹੀ ਹਮਹਿਂ ਨਹਿਂ ਜਾਨਵ[2]। ਖੋਲ ਅਰਥ ਇਹ ਭਨੋ ਗੁਸਾਈਂ! ਤੁਮ ਹੌ ਸੰਤ ਸਭਿਨਿ ਸੁਖਦਾਈ' ॥ ੩੬ ॥ ਕ੍ਰਿਪਾ ਨਿਧਾਨ ਭਨੀ ਤਬ ਬਾਨੀ। 'ਦ੍ਰਿਸ਼ਟਿ ਕੂਕਰੀ[3] ਲੇਹੁ ਪਛਾਨੀ। ਦੁਖ ਸੁਖ ਮੁਝ ਕੋ ਮਾਨਵ ਦੇਹੀ। ਈਸ਼੍ਵਰ ਕੀ ਗਤਿ ਲਖੇ ਨ[4] ਕੇਹੀ[5]' ॥੩੭॥ ਮਾਰਨਹਾਰ ਨ ਜਾਨਹਿਂ ਸ੍ਵਾਨਾ। ਲਸ਼ਟਕ[6] ਕੋ ਕਾਟਹਿ ਅਨਜਾਨਾ। ਇਸ ਪ੍ਰਕਾਰ ਕੋ ਜੋ ਨਰ ਹੋਈ। ਮਨਮੁਖ ਸ੍ਵਾਨ ਦ੍ਰਿਸ਼ਟਿ[7] ਹੈ ਸੋਈ ॥ ੩੮ ॥ ਕਿਸ ਪ੍ਰਕਾਰ ਦੁਖ ਸੁਖ ਬਨਿ ਆਵੈ। ਪਰਮੇਸ਼ੁਰ ਤੇ ਸਰਬ ਲਖਾਵੈ[8]। ਮਾਨੁਖ ਬਪੁਰਾ ਕੌਨ ਬਿਚਾਰਾ। ਕਰੈ ਕਾਜ ਸਭਿ ਸ੍ਰੀ ਕਰਤਾਰਾ ॥੩੯॥ ਜਿਉਂ ਕੇਹਰਿ ਤਜਿ ਸ਼ਸਤ੍ਰਨ ਸਾਰੇ। ਤੂਰਨ ਤਕਹਿ ਜਿ ਮਾਰਨਹਾਰੇ। ਤਨੇਂ ਗੁਰਮੁਖ ਪਰਮੇਸ਼ੁਰ ਦਿਸ਼ਿਤੇਂ[9]। ਲਖਹਿ ਸੁ ਦੁਖ ਸੁਖ, ਅਪਰ ਨ ਕਿਸ ਤੇ ॥ ੪੦ ॥ ਦੇਵਨਹਾਰ ਏਕੋ ਕਰਤਾਰਾ। ਇਉਂ ਤੁਮ ਲਖੇ ਹੋਇ ਨਿਸਤਾਰਾ[10]। ਮਨ ਰੋਕਨ ਕੀਜੈ ਅੱਭਨਾਸਾ। ਬਿਸ਼ੈ ਬਾਸ਼ਨਾ ਹੁਇ ਸਭਿ ਨਾਸ਼ਾ' ॥੪੧॥ ਕਿਤਿਕ ਦਿਵਸ ਰਹਿ ਕਰਿ ਤਿਹ ਥਾਨਾ। ਤਿਨ ਸੌਂ ਅਸ ਉਪਦੇਸ਼ ਬਖਾਨਾ। ਬਿਦਾ ਹੋਇ ਕੀਨੋ ਪੁਨ ਗਵਨੀ। ਭੱਦ੍ਰ ਖੰਡ ਪਹੁੰਚੇ ਗੁਨ ਭਵਨੀ ॥੪੨॥ ਤਿਹ ਨ੍ਰਿਪ ਸੁਨਨੋ 'ਸੰਤ ਪੁਰਿ ਆਏ'। ਮਿਲਨੋ ਆਨਿ ਕਰਿ ਸੀਸ ਝੁਕਾਏ। ਬੰਦਿ ਹਾਥ ਦ੍ਵੈ ਬੈਠਿ ਸਮੀਪਾ। ਬੋਲਨੋ ਕੌਲਨਾਭ ਅਵਿਨੀਪਾ[11] ॥ ੪੩ ॥ 'ਆਸ਼੍ਰਮ ਚਾਰ ਲਿਖੇ ਜੋ ਆਹੀ। ਸ੍ਰੇਸ਼ਟ ਕੌਨ ਕਹੋ ਇਸ ਮਾਂਹੀ? ।ਪੂਰਨ ਸੰਤ ਜਾਨਿ ਕਰਿ ਪੂਛਾ। ਕਰਹੁ ਮੁਝੈ ਸੰਸੈ ਤੇ ਛੂਛਾ[12]' ॥੪੪॥ ਸੁਨਿ ਕਰਿ ਬੋਲੇ ਬਚਨ ਕ੍ਰਿਪਾਲਾ। 'ਸਭਿ ਤੇ ਜਾਨਹੁ ਗ੍ਰਿਹਸਤ ਬਿਸਾਲਾ। ਉਤਪਤਿ ਕਰਨਹਾਰ ਸਭਿ ਹੀ ਕੋ। ਬਹੁਰੋ ਪਾਲਨ ਕਰਿ ਹੈ ਨੀਕੋ ॥੪੫॥ ਜਿਉਂ ਜਲ ਕਮਲਨ ਕੋ ਨਿਪਜਾਈ। ਬਹੁਰੋ ਪਾਲਨ ਕਰਹਿ ਬਨਾਈ। ਮੂਲ ਬਿਟਪ ਕੋ ਗ੍ਰਿਹਸਤ ਪਛਾਨਹੁ[13]। ਆਸ਼੍ਰਮ ਅਪਰ ਜਿ ਸ਼ਾਖਾ[14] ਮਾਨਹੁ ॥੪੬॥ ਯਾਂਕੋ ਲਖਹੁ ਸਮੁੰਦ੍ਰ ਸਮਾਨਾ। ਮੁਕਤਾਦਿਕ[15] ਨਿਕਸਤਿ ਹੈਂ ਨਾਨਾ। ਬ੍ਰਹਮਚਰਜ ਪੁਨ ਬਾਨ ਪ੍ਰਸਤ[16]। ਅਰ ਸੰਨਯਾਸ

---

[1]ਪਿਛਲੀ ਰਾਤ। [2]ਜਾਣੀ। [3]ਕੁੱਤੇ ਦੀ ਨਜ਼ਰ। [4]ਨਾ ਜਾਣੇ। [5]ਕੋਈ ਬੀ, ਕਿਸੇ ਤਰ੍ਹਾਂ। [6]ਸੋਟੀ। [7]ਕੁੱਤੇ ਦੀ ਨਜ਼ਰ ਵਾਲਾ। [8]ਜਾਣੇ। [9]ਵਲੋਂ। [10]ਮੁਕਤੀ। [11]ਰਾਜਾ। [12]ਖਾਲੀ। ਨਿਰਸੰਸੇ। [13]ਗ੍ਰਿਹਸਤ ਨੂੰ ਮੂਲ ਬ੍ਰਿਛ ਸਮਝੋ (ਸਭ ਦਾ)। [14]ਟਾਹਣੀਆਂ। [15]ਮੋਤੀ ਆਦਿਕ। [16]ਜੰਗਲ ਵਿਚ ਰਹਿਣ ਵਾਲਾ ਆਸ਼੍ਰਮ।

Sri Satguru Jagjit Singh Ji eLibrary NamdhariElibrary@gmail.com

ਸਭਿਨਿ ਕੋ ਕਰਤਾ[1] ॥ ੪੭ ॥ ਵੰਡ ਖਾਇ ਅਰ ਦਾਨ ਕਰੇਈ । ਛੂਛੋ[2] ਨ ਫਿਰੈ ਅਭਨਾਗਤ[3] ਜੋਈ । ਨੀਰ[4] ਕੂਪ ਜੇ ਨਿਕਸਤਿ ਨਾਂਹੀ । ਠਹਿਰਤਿ ਗੰਦਾ ਹ੍ਵੈ ਤਿਸ ਮਾਂਹੀ ॥ ੪੮ ॥ ਨਿਕਸਤਿ ਰਹੈ ਨੀਰ ਜੇ ਤਾਹੂੰ। ਮਧੁਰ ਹੋਇ ਜਾਨਹਿਂ ਸਭਿ ਕਾਹੂੰ। ਤਿਉਂ ਗ੍ਰਿਹਸਤੀ ਕੀ ਰੀਤਿ ਸੁਹਾਈ। ਕਰਹਿਂ ਜਿ ਨਰ ਇਤ ਉਤ ਸੁਖ ਪਾਈ ॥ ੪੯ ॥ ਗ੍ਰਿਹਸਤ ਬਿਖੈ ਆਤਮ ਅੱਭਯਾਸਾ । ਕਰਤਿ ਰਹੇ, ਸਿਮਰਹਿ ਸੁਖ ਰਾਸਾ। ਭਾਉ ਭਗਤਿ[5] ਕਰਿ ਕ੍ਰਿਤ ਕੋ[6] ਕਰਿਹੀ । ਤਿਨ ਕੀ ਉਪਮਾ ਕੌਨ ਉਚਰਿਹੀ ॥ ੫੦ ॥ ਬੇਲ ਸੰਗ ਖਰਬੂਜਾ ਜੋਈ। ਹ੍ਵੈ ਪਰਪਕ ਮਧੁਰੋ ਅਤਿ ਸੋਈ । ਜੇ ਡਾਲੀ ਤੇ ਤੋਰਿ[7] ਪਕਾਵੈਂ । ਮਧੁਰ ਥੋਰ ਪੁਨ ਦਾਗ ਲਗਾਵੈਂ' ॥ ੫੧ ॥ ਸੁਨੇ ਬਚਨ ਹਰਖਾਇ ਭੁਵਾਲਾ[8] । ਬੰਦਨ ਕਿਯ ਹ੍ਵੈ ਨੰਮ੍ਰਿ ਬਿਸਾਲਾ । ਕਿਤਿਕ ਦਿਵਸ ਨਿਜ ਪੁਰਿ ਮਹਿਂ ਡੇਰਾ । ਰਾਖਨੋ, ਕਰਿਕੈ ਭਾਉ ਘਨੇਰਾ ॥ ੫੨ ॥ ਤਿਹ ਉਪਦੇਸ਼ ਦੀਨਿ ਜਗਤੇਸ਼ਾ। ਸਿਮਰਨ ਲਾਗਯੋ ਕਰਨ ਨਰੇਸ਼ਾ[8] । ਕਰਨੀ ਭਗਤਿ ਤਬਹਿ ਪ੍ਰਗਟਾਈ । ਗੁਰ ਸਿੱਖੀ ਕੀ ਰੀਤਿ ਚਲਾਈ ॥ ੫੩ ॥ ਬਿਦਾ ਹੋਇ ਗਮਨੇ ਗੁਨਖਾਨੀ। ਮਰਦਾਨੇ ਸੋਂ ਬੋਲੇ ਬਾਨੀ। 'ਅਸ਼ਟ ਖੰਡ ਇਹ ਤੁਝੈ ਦਿਖਾਏ । ਨੌਮੋ ਭਾਰਥ ਖੰਡ ਗਿਨਾਏ ॥ ੫੪ ॥ ਚਲਿ ਕਰਿ ਅਬਹਿ ਦਿਖਾਵਹਿਂ ਓਹੀ । ਜਹਿਂ ਪਰਵਾਰ ਸਦਨ ਹੈ ਤੋਹੀ' । ਸੁਨਿ ਮਰਦਾਨੇ ਪੁਨ ਬਚ ਭਾਖਾ । 'ਚਲਹੁ ਪ੍ਰਭੂ ਜਿਤ ਕੋ ਅਭਿਲਾਖਾ ॥ ੫੫ ॥ ਤੁਮ ਕਰੁਨਾ ਤੇ ਪਿਖੇ ਸਥਾਨਾ । ਨਤੁ ਹਮ ਸੇ ਜੰਤਨ ਕਿਹ ਜਾਨਾ[9] । ਇਸ ਪ੍ਰਕਾਰ ਬੋਲਤਿ ਬਿਗਸਾਏ । ਤਤਛਿਨ ਜੰਮੂ ਪੁਰਿ ਮਹਿਂ ਆਏ ॥ ੫੬ ॥ ਪਿਖਿ ਰਮਣੀਕ[10] ਥਾਨ ਤਹਿਂ ਏਕੂ । ਬੈਠਿ ਗਏ ਤਬ ਜਲਧਿ ਬਿਬੇਕੂ । ਸ੍ਰੀ ਅੰਗਦ ਸੁਨਿ ਕਥਾ ਮਹਾਨੀ। ਮੁਝ ਸੋਂ ਬੋਲਤਿ ਭੇ ਅਸ ਬਾਨੀ ॥ ੫੭ ॥ ਜਾਮਵੰਤ[11] ਭਾਲਕ[12] ਜੋ ਭਾਰੀ। ਤਿਹ ਕੇ ਨਾਮ ਸੁ ਨਗਰ ਉਚਾਰੀ। ਬਡੀ ਗੁਫਾ ਜਿਸ ਮਹਿਂ ਤਿਸ ਬਾਸਾ । ਚਿਰੰਕਾਲ ਜੀਵਨੋ ਬਲਰਾਸਾ[13] ॥ ੫੮ ॥ ਦੋਹਰਾ ॥ ਜਬ ਸ੍ਰੀ ਬਾਵਨ ਜੀ ਭਏ ਬਲਿ ਛਲਨੇ ਕੇ ਹੇਤ । ਤੀਨ ਲੋਕ ਦ੍ਵੈ ਕਰਮ ਕਰਿ ਮਾਪੇ[14] ਕ੍ਰਿਪਾ-

---

[1]ਕਰਨੇ ਹਾਰਾ । [2]ਖਾਲੀ । [3]ਸਾਹਮਣੇ ਆਇਆ ਹੋਇਆ, ਭਾਵ ਅਤਿੱਥਿ, ਲੋੜਵੰਦ । [4]ਖੂਹ ਦਾ ਪਾਣੀ । [5]ਪ੍ਰੇਮਾ ਭਗਤੀ । [6]ਕਿਰਤ । [7]ਤੋੜਕੇ । [8]ਰਾਜਾ । [9]ਨਹੀਂ ਤਾਂ ਸਾਡੇ ਜਿਹੇ ਜੀਵਾਂ ਨੇ ਕਿਥੋਂ ਜਾਣਾ ਸੀ (ਯਾ ਜਾਨਣਾ ਸੀ) । [10]ਸੁੰਦਰ । [11]ਨਾਮ ਹੈ । [12]ਰਿੱਛ । [13]ਬਲ ਦੀ ਖਾਣ । [14]ਦੋ ਕਰਮਾਂ ਕਰਕੇ ਮਿਣ ਲਏ ।

Sri Satguru Jagjit Singh Ji eLibrary NamdhariElibrary@gmail.com

ਨਿਕੇਤ ॥੫੯॥ ਚੌਪਈ॥ ਇੱਕੀ ਸੁ ਇਨ ਪਰਦੱਛਨ ਦੀਨੀ। ਏਕ ਮਹੂਰਤ ਮਹਿ ਕਰਿ ਲੀਨੀ। ਮਹਾਂਬਲੀ ਸੁ ਬੇਗ[1] ਬਡ ਜਾ ਮੈਂ। ਏਤੋ ਬਲ ਕਹੀਏ ਕਹੁ ਕਾਮੈ[2] ॥ ੬੦ ॥ ਪੁਨ ਸ੍ਰੀ ਰਾਮਚੰਦ ਜਗ ਹੋਏ। ਜਿਨ ਨਿਜ ਭਗਤਨ ਕੇ ਦੁਖ ਖੋਏ। ਤਿਨ ਕੇ ਸੰਗ ਲੰਕ ਮਹਿ ਗਯੋ। ਅਧਿਕ ਜੁੱਧ ਤਹਿ ਹੋਵਤਿ ਭਯੋ ॥ ੬੧ ॥ ਕਰਯੋ ਪ੍ਰਾਕ੍ਰਮ[3] ਰਣ ਮਹਿ ਭਾਰੀ। ਹਤੇ ਨਿਸ਼ਾਚਰ[4] ਅਤਿ ਬਲਕਾਰੀ। ਦ੍ਵਾਪੁਰ ਭਏ ਕ੍ਰਿਸ਼ਨ ਅਵਤਾਰਾ। ਧਰਨੀ ਹੇਤੁ ਨਿਵਾਰਨ ਭਾਰਾ ॥ ੬੨ ॥ ਮਨਿ[5] ਖੋਜਨ ਹਿਤ ਚਲਿ ਕੈ ਆਏ। ਜਾਮਵੰਤ ਦੇਖਯੋ ਇਹ ਥਾਏਂ। ਲਗੇ ਕਰਨ ਮਿਲਿਕੈ ਸੰਗ੍ਰਾਮਾ[6]। ਦ੍ਵੰਦ ਯੁੱਧ[7] ਅਤਿਸ਼ੈ ਬਲ ਧਾਮਾ ॥ ੬੩ ॥ ਨਹੀਂ ਪਰਾਜੈ[8] ਕਿਸ ਦਿਸ਼ ਹੋਈ। ਦਿਵਸ ਅਸ਼ਟ ਬਿੰਸਤ[9] ਭਟ ਦੋਈ[10]। ਲਰਤਯੋ ਜਬੈ ਬਿਜੈ ਨਹਿ ਪਾਵਾ। ਰਾਮ ਬੇਖ[11] ਸ੍ਰੀ ਕ੍ਰਿਸ਼ਨ ਬਨਾਵਾ ॥ ੬੪ ॥ ਦੋਹਰਾ ॥ ਦੇਖਿ ਰੂਪ ਸ੍ਰੀ ਰਾਮ ਕੋ ਤਤਛਿਨ ਪਗ ਲਪਟਾਇ। ਮਨਿ, ਤਨੁਜਾ ਦੇ ਆਪਨੀ ਭੁਲ ਲਈ ਬਖਸ਼ਾਇ ॥ ੬੫ ॥ ਚੌਪਈ ॥ ਤਬ ਸ੍ਰੀ ਕ੍ਰਿਸ਼ਨ ਦ੍ਵਾਰਕਾ ਗਯੋ। ਜਾਮਵੰਤ ਤੇ ਜੰਮੂ* ਭਯੋ। ਇਸ ਬਿਧਿ ਕਰਤਯੋ ਬਚਨ ਬਿਲਾਸਾ। ਦਿਵਸ ਬਿਤਾਏ ਦ੍ਵੈ ਸੁਖ ਰਾਸਾ ॥ ੬੬ ॥ ਗੁਰ ਮਿਲਿ ਕੌਤਿਕ ਨਰ ਹਰਖਾਏ। ਜਾਇ ਭੂਪ ਢਿਗ ਬੈਨ ਸੁਨਾਏ। 'ਵਹਿਰ ਤਪਾ ਸ੍ਰੀ ਨਾਨਕ ਆਵਾ। ਜਿਸਕੋ ਜਸ ਜਗਮੈਂ ਬਹੁ ਛਾਵਾ' ॥ ੬੭ ॥ ਸੁਨਤਿ ਨਗਨ ਪਗ ਤੂਰਨ ਧਾਯੋ। ਉੱਤਮ ਬਹੁਤ ਉਪਾਇਨ ਲਜਾਯੋ। ਦੀਨ ਹੋਇ ਪਦ ਬੰਦਨ ਕੀਨੀ। ਬਿਨੈ ਭਨੀ ਭੇਟੈਂ ਧਰਿ ਦੀਨੀ ॥ ੬੮ ॥ ਦੋਹਰਾ ॥ 'ਪੂਰਨ ਸ੍ਰੀ ਸਤਿਗੁਰ ਤੁਹੀ ਦੀਜੈ ਨਿਜ ਉਪਦੇਸ਼। ਗਹੀ ਚਰਨ ਕੀ ਸ਼ਰਨ ਮੈਂ ਸਿੱਖ ਕਰੋ ਜਗਤੇਸ਼ !' ॥ ੬੯ ॥ ਚੌਪਈ ॥ ਸੁਨਤਿ ਬਿਨੈ ਕਰਿ ਦਯਾ ਕ੍ਰਿਪਾਲਾ। ਸੁਖ ਨਿਧਿ ਬੋਲੇ ਬਚਨ ਰਸਾਲਾ। 'ਕੀਜੈ ਸਦਾ ਧਰਮ ਕੋ ਨਯਾਉਂ। ਲੋਭ ਧਾਰਿ ਨਹਿ ਕਰਿ ਕੁਨਿਆਉਂ ॥੭੦॥

[1]ਵੇਗ, ਤੇਜ਼। [2]ਕਿਸ ਵਿਚ ਹੈ। [3]ਬਲ। [4]ਦੈਂਤ। [5]ਮਣੀ। [6]ਜੁੱਧ। [7]ਦੋ ਜੋਧਿਆਂ ਦਾ ਜੁੱਧ। [8]ਹਾਰ। [9]ਅਠਾਈ। [10]ਦੋਵੇਂ ਸੂਰਮੇ। [11]ਸਰੂਪ।

*ਜੰਮੂ ਨਗਰ ਪੰਜਾਬ ਵਿਚ ਇਕ ਰਿਆਸਤ ਦੀ ਰਾਜਧਾਨੀ ਸਿਆਲਕੋਟ ਤੋਂ ਉੱਪਰਵਾਰ ਹੈ। ਓਥੇ ਤਵੀ ਨਦੀ ਦੇ ਕਿਨਾਰੇ ਰਾਜ ਮਹਿਲਾਂ ਦੇ ਪਿੱਛੇ ਇਕ ਗੁਫਾ ਹੈ ਜਿਸ ਨੂੰ ਜਾਮਵੰਤ ਦੀ ਗੁਫਾ ਆਖਦੇ ਹਨ,—ਤ੍ਰੇਤਾ ਜੁਗ ਵਿਚ ਰਾਮਚੰਦ੍ਰ ਨੂੰ ਰਾਵਣ ਯੁਧ ਵਿਚ ਜਾਮਵੰਤ—ਸੁਗ੍ਰੀਵ ਦੇ ਮੰਤ੍ਰੀ ਨੇ ਮਦਦ ਦਿਤੀ। ਦ੍ਵਾਪਰ ਵਿਚ ਸ੍ਰੀ ਕ੍ਰਿਸ਼ਨ ਜੀ ਸ੍ਯਮੰਤਕ ਮਣੀ ਦੀ ਖੋਜ ਵਿਚ ਜਾਏ ਤੇ ਜਾਮਵੰਤ ਨੂੰ ਫਤਹ ਕਰਕੇ ਮਣੀ ਪਾਈ ਤੇ ਉਸ ਦੀ ਕੰਨਿਆਂ ਜਾਮਵੰਤੀ ਵਿਆਹੀ ਸੀ।

Sri Satguru Jagjit Singh Ji eLibrary NamdhariElibrary@gmail.com

ਜਗਤ ਜਾਨਿਯੈ ਸੁਪਨ ਸਮਾਨਾ। ਸੱਤਿ ਆਤਮਾ ਏਕ ਪਛਾਨਾ। ਸੇਵਾ ਸੰਤਨ ਕੀ ਚਿਤ ਦੀਜੈ। ਨਗਨ[1] ਛੁਧਿਤਿ[2] ਪਰ ਕਰੁਨਾ ਕੀਜੈ ॥ ੭੧ ॥ ਸੱਤਿਨਾਮ ਜਪੀਏ ਲਿਵਲਾਈ। ਸੁਨੀਏ ਹਰਿ ਕੀਰਤਿ ਗੁਨ ਗਾਈ। ਸਤਿ-ਸੰਗਤਿ ਮਿਲਿ ਸਮਾਂ ਬਿਤਾਵਹੁ। ਇਹ ਉਪਦੇਸ਼ ਜਿ ਆਪ ਕਮਾਵਹੁ॥੭੨॥ ਤੌ ਬਾਈਸ ਧਾਰਨ ਹ੍ਵੈ ਰਾਜਾ। ਸਭਿ ਇਸ ਲੋਕਹਿਂ ਪੂਜਹਿਂ[3] ਕਾਜਾ। ਹ੍ਵੈ ਪਰਲੋਕ ਬਿਖੈ ਗਤਿ ਆਛੈ[4]। ਬਖਸ਼ੈ ਅਬ ਜੁ ਕਰੇ ਅਘ ਪਾਛੈ[7]॥੭੩॥ ਸੁਨਿ ਗੁਰਬਚਨ ਨ੍ਰਿਪਤ ਮਨ ਭਾਏ। ਜਸ ਭਾਖੇ ਤਸ ਬਹੁਰ ਕਮਾਏ। ਬਧਨੋ ਰਾਜ ਜੇਤੋ* ਗੁਰਭਾਖਾ। ਕਿਤਿਕ ਦਿਵਸ ਸ਼੍ਰੀਗੁਰ ਤਿਹਰਾਖਾ॥੭੪॥ ਧਰਮਦ੍ਰਿੜ੍ਹਾਇ ਦੀਨ ਉਪਦੇਸ਼ਾ। ਬਿਦਾ ਹੋਇ ਗਮਨੇ ਜਗਤੇਸ਼ਾ। ਏਕ ਗ੍ਰਾਮ ਬਨਜਾਰਨ ਕੇਰਾ। ਤਹਾਂ ਆਇ ਨਿਸ ਕੀਨ ਬਸੇਰਾ॥੭੫॥ ਤਿਨਕੇ ਬਿਖੇ ਹੁਤੋ ਜੋ ਨਾਇਕ[5]। ਸੁਤ ਜਨਮਯੋ ਤਿਹ ਘਰ ਸੁਖਦਾਇਕ[6]। ਤਿਹ ਸੰਤਤਿ[7] ਪੂਰਬ[8] ਨਹਿ ਕੋਈ। ਤਾਂ ਦਿਨ ਅਧਿਕ ਬਧਾਈ ਹੋਈ ॥੭੬॥ ਆਨ ਮੁਮਾਰਖ[9] ਮਾਨਵ ਦੇਵਹਿਂ। ਉਰ ਪ੍ਰਸੰਨਤਾ† ਸਭਿ ਕੀ[10] ਲੇਵਹਿ। ਮਿਲਿ ਕਰਿ ਦੇਤਿ ਅਸੀਸ ਬਿਸਾਲਾ। ਡਾਰਤਿ ਅਲਤਾ[11] ਬਹੁਰ ਗੁਲਾਲਾ॥ ੭੭ ॥ ਤਿਹ ਉਪਬਨ[12] ਮੈਂ ਸ਼੍ਰੀ ਗੁਰ ਆਏ। ਬੈਠੇ ਜਹਿ ਬਹੁ ਭਨਤਿ ਬਧਾਏ[13]। ਕਰਤਿ ਬਿਲਾਸ ਸੰਝ ਭੀ[14] ਗਵਨੇ। ਪ੍ਰਾਪਤ ਹੋਤਿ ਭਏ ਨਿਜ ਭਵਨੇ[15] ॥ ੭੮ ॥ ਨਹਿ ਸੁਧ ਸ਼੍ਰੀ ਨਾਨਕ ਕੀ ਲੀਨੀ। ਮਿਲਿ ਕਰਿ ਕਿਸੇ ਨ ਬੰਦਨ ਕੀਨੀ। ਹਰਖ ਭਰੇ ਗਰਬਤਿ[16] ਸੋ ਗਵਨੇ। ਨਹਿ ਸਨਮਾਨਹਿਂ[17] ਲਖਿ ਗੁਨਭਵਨੇ[18] ॥ ੭੯ ॥ ਕਿਤਿਕ ਕਾਲ ਪੀਛੇ ਮਰਦਾਨੇ। ਸ਼੍ਰੀ ਗੁਰ ਸੋਂ ਅਸ ਬਚਨ ਬਖਾਨੇ। 'ਖ਼ੁਸ਼ੀ ਭਰੇ ਗਰਬਤਿ[19] ਮਨ ਮੂਢੇ। ਸੁਤ ਜਨਮੇ ਬਹੁ ਮੋਹ ਅਰੂਢੇ[20]॥੮੦॥ ਤੁਮਰੋ ਕਛੁ ਸਨਮਾਨ ਨ ਕੀਨਾ। ਭੇਟ ਨ ਦੀਨਿ ਅਤੀਤ ਨ ਚੀਨਾ। ਕਰਹਿ ਪਰਸਪਰ ਅਧਿਕ ਬਧਾਈ। ਇਹ ਮਤਿਮੰਦ ਰਹੇ ਗਰਬਾਈ' ॥ ੮੧ ॥ ਗੁਰੂ ਕਹੈਂ

---

[1]ਨੰਗੇ। [2]ਭੁੱਖੇ। [3]ਪੂਰਨ ਹੋਣਗੇ। [4]ਚੰਗੀ। [5]ਮੁਖੀਆ, ਸੁਆਮੀ। [6]ਸੁਖ ਦੇਣ ਵਾਲਾ। [7]ਉਲਾਦ। [8]ਪਹਿਲੇ। [9]ਵਧਾਈ। [10]ਸਾਰਿਆਂ ਦੀ। [11]ਇਕ ਤਰ੍ਹਾਂ ਦਾ ਰੰਗ ਦਾਰ ਧੂੜਾ ਜੋ ਹੋਲੀਆਂ ਵਿਚ ਧੂੜਦੇ ਹਨ। [12]ਬਾਗ। [13]ਕਹਿੰਦੇ ਸੀ ਵਧਾਈਆਂ। [14]ਸ਼ਾਮ ਹੋਈ ਤੇ। [15]ਘਰ। [16]ਹੰਕਾਰੀ ਹੋਕੇ। [17]ਆਦਰ ਕੀਤਾ। [18](ਗੁਰੂ ਜੀ ਨੂੰ) ਗੁਣਾਂ ਦਾ ਘਰ ਜਾਣਕੇ। [19]ਹੰਕਾਰੀ ਹੋ ਰਹੇ ਹਨ। [20]ਮੋਹ ਵਾਰੇ।

*ਪਾ:—ਤੈ ਜੋ। †ਪਾ:—ਪ੍ਰਸੰਨ ਭਾ।

Sri Satguru Jagjit Singh Ji eLibrary NamdhariElibrary@gmail.com

'ਇਹ ਬਾਲ ਜੁ ਜਾਯੋ। ਸੋ ਅਪਨੋ ਰਿਣ[1] ਲੇਨੋ ਆਯੋ। ਪੂਰਬ ਜਨਮ ਜਿਤੋ ਇਸ ਪਾਹੀ॥ਸੋ ਲੇ ਭੋਰ ਹੋਤਿ ਮਰਿ ਜਾਹੀ॥੯੨॥ਇਸਕੋ ਦੇ ਹੈ ਸਿਕਟ ਭਾਰਾ। ਰੁਦਨ ਕਰਹਿਂ ਕਹਿ ਬਾਲ ਹਮਾਰਾ॥ਮੋਹ ਫਾਸ ਮੈਂ ਫਸਿ ਕਰਿ ਆਪ॥ਮਿਲਿ ਕਰਿ ਕਰਹਿਂ ਬਿਲਾਪ[2] ਕਲਾਪਾ[3]॥੯੩॥ਇਸ ਬਿਧਿ ਕਹਿ ਕਰਿਕੈ ਅਨੁ-ਰਾਗਾ[4]। ਉਚਰਯੋ ਸ਼ਬਦ ਗਾਇ ਮੁਖ ਰਾਗਾ। ਮਰਦਾਨੇ ਤਬ ਆਇਸੁ ਪਾਈ। ਲੇ ਰਬਾਬ ਸੁਰ ਤਾਰ ਬਜਾਈ ॥ ੯੪ ॥ ਸ੍ਰੀ ਮੁਖ ਵਾਕ—

ਸਿਰੀ ਰਾਗੁ ਪਹਰੇ ਮਹਲਾ ੧ ਘਰੁ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥ ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥ ਨਾਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥ ਜੈਸੀ ਕਲਮ ਵੁੜੀ ਹੈ ਮਸ-ਤਕਿ ਤੈਸੀ ਜੀਅੜੇ ਪਾਸਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥ ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥ ੨ ॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥ ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥ ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥ ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥ ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥ ੩ ॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥ ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥ ੪ ॥ ੧ ॥

ਚੌਪਈ॥ਜਬ ਨਿਸ ਬੀਤਭਈ ਭੁਨ ਸਾਰਾ[5]।'ਬਾਲਿਕ ਮਰਿਗ'ਪਰੀ ਪੁਕਾਰਾ। ਰੁਦਨ ਕਰੈਂ ਮਿਲਿਕੈ ਬਹੁ ਨਾਰੀ।ਬਾਰ[6] ਉਖਾਰਿ ਸੀਸ ਕੇ ਡਾਰੀ ॥੯੫॥

[1]ਕਰਜਾ। [2]ਵਿਰਲਾਪ। [3]ਸਾਰੇ, ਬਹੁਤਾ। [4]ਪ੍ਰੇਮੀ ਹੋਏ। [5]ਸਵੇਰ ਹੋਈ। [6]ਵਾਲ।

ਨਿਕਸੇ ਵਹਿਰ ਬਾਲ[1] ਕੋ ਲੀਨਾ। ਖਨਿਕੈ ਧਰਾ[2] ਦਾਬ ਸੋ ਦੀਨਾ। ਕਰੈਂ ਬਿਲਾਪ ਅਨੇਕ ਪ੍ਰਕਾਰਾ। ਬਢ੍ਯੋ ਗ੍ਰਾਮ ਮਹਿਂ ਸ਼ੋਕ ਅਪਾਰਾ ॥੯੬॥ ਤਿਨ ਬਿਲੋਕਿ ਬੋਲ੍ਯੋ ਮਰਦਾਨਾ। 'ਪੂਰਬ ਇਨ ਕੇ ਹਰਖ ਮਹਾਨਾ। ਅਬਿ ਹੋਯੋ ਸੁਤ ਸ਼ੋਕ ਬਿਸਾਲਾ। ਰੁਦਨ ਕਰਤਿ ਅਚਰਜ ਗਤਿ ਕਾਲਾ[3] ॥੯੭॥ ਮੋਹ ਫਸੇ ਨਰ ਦੁਖ ਸੁਖ ਮਾਨਤਿ। ਕਰਤਾ ਹਰਤਾ ਨਹਿਂ ਪਹਿਚਾਨਤਿ'। ਸੁਨਿ ਕਰਿ ਸ੍ਰੀਗੁਰ ਪਰਮ ਉਦਾਰਾ। ਤਿਹਛਿਨ[4] ਏਕ ਸ਼ਲੋਕ ਉਚਾਰਾ ॥੯੮॥

ਸਲੋਕ* 'ਜਿਤ ਮੁਹਿ ਮਿਲੈ ਮੁਬਾਰਖੀ ਲਖ ਲਖ ਮਿਲਨ ਅਸੀਸ ॥
ਸੇ ਮੁਖ ਰੋਂਦੇ ਡਿਠ ਮੈ ਮਿਲਿ ਮਿਲਿ ਪਿਟਨ ਸੀਸ' ॥ ੧ ॥

ਚੌਪਈ ॥ ਇਸ ਪ੍ਰਕਾਰ ਕਹਿ ਕੈ ਜਗ ਸਾਈਂ। ਆਨ ਥਾਨ ਗਮਨੇ ਮਨ ਭ੍ਰਾਈ। ਮਨੁਜ ਅਨੇਕ ਉਧਾਰਨ ਕਾਰਨ। ਬਿਚਰਤਿ ਭੇ ਜਗਦੰਭ ਬਿਦਾਰਨ ॥੯੯॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਭਾਰਤ ਖੰਡੇ ਆਵਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅਧ੍ਯਾਯ ॥ ੩ ॥

੪. [ਗੁਰ ਚਰਨ ਮੰਗਲ। ਦੁਨੀ ਚੰਦ ਨੂੰ ਮਿਲਣਾ ਤੇ ਤਲਵੰਡੀ ਔਣਾ]

ਦੋਹਰਾ ॥ ਚਰਨ ਕਮਲ ਸਤਿਗੁਰੂ ਕੇ ਸੁਖ ਕੇ ਸਦਨ ਪਛਾਨ।
ਬਸਹਿਂ ਸਦਾ ਮਨ, ਸਥਿਰ ਹ੍ਵੈ, ਲਹਹਿ ਪਰਮ ਕਲ੍ਯਾਨ ॥੧॥

[ਸਦਨ=ਘਰ। ਬਸਹਿਂ=ਬਸ ਜਾਂਦੇ ਹਨ। ਸਦਾ=ਨਿੱਤ, ਭਾਵ ਪੱਕੇ ਹੋਕੇ।
ਸੂਚਨਾ—ਕਿਧਰੇ ਪਾਠ 'ਬਸਹੁ' ਹੈ ਫਿਰ ਅਗੇ 'ਲਹਹਿ' ਦੀ ਥਾਂ ਭੀ ਪਾਠ 'ਲਹਹੁ' ਚਾਹੀਦਾ ਹੈ, ਅਰਥ ਹੋ ਜਾਏਗਾ (ਹੇ ਚਰਨੋ! ਮੇਰੇ) ਮਨ ਵਿਚ ਵਸ ਜਾਓ ਤਾਂ ਜੋ ਏਹ (ਮਨ) ਟਿਕ ਜਾਵੇ ਤੇ ਮੈਨੂੰ ਪਰਮ ਕਲ੍ਯਾਨ ਪ੍ਰਾਪਤਿ ਹੋਵੇ।]

ਅਰਥ—ਸਤਿਗੁਰੂ ਜੀ ਦੇ ਚਰਣ ਕਮਲ ਸੁਖ ਦਾ ਘਰ (ਹਨ, ਇਹ ਗੱਲ) ਪਛਾਣ ਲੈ, (ਜਿਸ) ਮਨ (ਵਿਚ ਏਹ) ਪੱਕੇ ਹੋਕੇ ਬਸ ਜਾਂਦੇ ਹਨ (ਉਹ) ਟਿਕ ਜਾਂਦਾ ਹੈ (ਤੇ ਅੰਤ) ਪਰਮ ਕਲ੍ਯਾਣ ਨੂੰ ਪ੍ਰਾਪਤ ਕਰਦਾ ਹੈ।

ਸ੍ਰੀ ਬਾਲਾ ਸੰਧੁਰੂ ਵਾਚ ॥ ਚੌਪਈ ॥ ਸ੍ਰੀ ਅੰਗਦ ਸੁਨੀਏ ਗੁਨਭਵਨੀ! । ਤਿਹ ਤੇ ਕੀਨ ਗੁਰੂ ਪੁਨ ਗਵਨੀ। ਲਵਪੁਰਿ[5] ਕੇ ਜਬ ਗਏ ਸਮੀਪਾ। ਕਰੀ ਸਥਿਤ ਬੇਦੀ ਕੁਲਦੀਪਾ ॥੨॥ ਦੁਨੀਚੰਦ† ਤਹਿ ਬਨੀਆ ਭਾਰੀ। ਗੁਰ

[1]ਬਾਲਕ। [2]ਧਰਤੀ ਖੋਦਕੇ। [3]ਕਾਲ ਦੀ ਗਤੀ ਅਸਚਰਜ ਹੈ। [4]ਤਿਸ ਵੇਲੇ। [5]ਲਾਹੌਰ।

*ਇਹ ਸ੍ਰੀ ਮੁਖਵਾਕ ਨਹੀਂ ਹੈ ਤੇ ਇਕ ਲਿਖਤੀ ਨੁਸਖੇ ਵਿਚ ਇਥੇ 'ਸਲੋਕ' ਦੀ ਥਾਂ ਪਦ 'ਦੋਹਰਾ' ਲਿਖ੍ਯਾ ਹੈ ਤੇ ਇਸਦਾ ਅੰਗ ਬੀ ੯੯ ਦਿੱਤਾ ਹੈ। †ਪੁਰਾਤਨ ਜਨਮ ਸਾਖੀ ਵਿਚ ਬੀ ਇਹ ਸਾਖੀ ਹੈ।

Sri Satguru Jagjit Singh Ji eLibrary NamdhariElibrary@gmail.com

ਕੀਰਤਿ ਤਿਸ ਸੁਨੀ ਅਗਾਰੀ। ਤਿਹ ਦਿਨ ਕੀਨੋ ਸ੍ਰਾਧ ਬਿਸਾਲਾ। ਪਿਤ ਕੀ ਬਰਸੀਨੀ[1] ਲਖਿ ਕਾਲਾ ॥੩॥ ਸੁਨਿ ਕਰਿ ਆਗਮ ਕ੍ਰਿਪਾਨਿਕੇਤਾ[2]। ਸੋ ਆਵਾ ਲੇਨੇ ਕੇ ਹੇਤਾ। ਪਦ ਅਰਬਿੰਦ ਸੁ ਬੰਦਨ ਕੀਨਾ। ਬਿਨੈ ਭਨੀ ਬਹੁ ਹੋਇਓ ਦੀਨਾ ॥੪॥ 'ਪੂਰਨ ਪੁਰਖ ਲਖਹੁ ਹਮ ਪ੍ਰੀਤਾ। ਚਲਹੁ ਸਦਨ ਕੋ ਕਰਹੁ ਪੁਨੀਤਾ'। ਤਿਹ ਬਿਲੋਕਿ ਕੈ ਪ੍ਰੇਮ ਬਿਸਾਲਾ। ਗਮਨ ਕੀਓ ਉਠਿ ਸੰਗ ਕ੍ਰਿਪਾਲਾ ॥ ੫ ॥ ਹੁਤੋ ਸਦਨ ਜੋ ਅਧਿਕ ਬਚਿੱਤ੍ਰਾ[3]। ਤਹਾਂ ਬਸਾਏ ਪਰਮ ਪਵਿੱਤ੍ਰਾ। ਆਪ ਸ਼ਰਾਧ ਸਰਬ ਕਰਿਵਾਵਾ। ਬਹੁ ਬਿੱਪ੍ਰਨ ਕੋ ਭੋਜਨ ਖ੍ਵਾਵਾ ॥੬॥ ਜਬ ਸ੍ਰੀ ਗੁਰ ਕੇ ਗਯੋ ਸਮੀਪਾ। ਤਬਿ ਬੋਲੇ ਬੇਦੀ ਕੁਲਦੀਪਾ। 'ਕਿਹ ਕਾਰਨ ਤੇ ਕੀਨ ਅਹਾਰਾ ?। ਬਹੁਤੇ ਨਰਨ ਬੁਲਾਇ ਖੁਵਾਰਾ ॥ ੭ ॥ ਭੀਰ ਭੂਰ ਤੇਰੇ ਘਰ ਮਾਂਹੀ। ਕਹੋ ਬ੍ਰਿਤੰਤ ਸਭੈ ਹਮ ਪਾਹੀ'। ਦੁਨੀ ਚੰਦ ਦੋਊ ਕਰ ਬੰਦੇ। ਬੋਲਯੋ 'ਸੁਨੀਏ ਪ੍ਰਭੂ ਮੁਕੰਦੇ ! ॥ ੮ ॥ ਦਿਵਸ ਆਜ ਕੇ ਮੇਰੋ ਤਾਤਾ[4]। ਗਾ[5]* ਪਰਲੋਕ ਹੁਤੋ ਬਖਯਾਤਾ[6]। ਤਿਹ ਨਮਿੱਤ ਮੈਂ ਕੀਨ ਅਹਾਰਾ। ਪੁਰਿ ਕੇ ਬਿੱਪ੍ਰਨ ਸਰਬ ਖੁਵਾਰਾ[7]' ॥ ੯ ॥ ਪੁਨ ਬੂਝਯੋ ਸ੍ਰੀ ਨਾਨਕ ਤਾਂਹੀ[8]। 'ਤਵ ਪਿਤ ਪ੍ਰਾਪਤਿ ਭਯੋ ਕਿ ਨਾਂਹੀ ?'। ਦੁਨੀਚੰਦ ਕਹਿ 'ਲਖੋਂ ਨ ਕੋਊ। ਪਹੁੰਚਯੋ, ਰਹਯੋ ਕਿ ਭੂਖਾ ਸੋਊ ॥ ੧੦ ॥ ਇਸ ਬਿਧਿ ਕੀ ਸੁਧ ਰਾਵਰ[9] ਜਾਨੋ। ਜੰਤ ਅਲਪ ਮਤਿ ਮੈਂ ਨ ਪਛਾਨੋ'। ਗੁਰ ਕਹਿ 'ਤਵ ਪਿਤ ਛੁਧਾ ਅਧੀਨਾ। ਭੂਖੇ ਬਾਸੁਰ ਬੀਤੇ ਤੀਨਾ ॥ ੧੧ ॥ ਬੈਠਯੋ ਅਬਹਿ ਛੁਧਾਤੁਰ ਸੋਊ। ਤਾਂਹਿ ਨ ਪਹੁੰਚਯੋ ਭੋਜਨ ਕੋਊ'। ਇਸ ਪ੍ਰਕਾਰ ਕੇ ਬਚਨ ਸੁਨੇ ਜਬ। ਨਿੰਮ੍ਰਿ ਭਯੋ ਬੂਝਤਿ ਭਾ ਪੁਨ ਤਬ ॥ ੧੨ ॥ 'ਕਿਹ ਸਥਾਨ ਮੈਂ ਭੂਖਾ ਬੈਸਾ ?। ਕਹੋ ਕ੍ਰਿਪਾ ਕਰਿ ਤਿਹ ਤਨ ਕੈਸਾ ?'। ਹੇਤੁ ਬਤਾਵਨ ਬੈਨ ਅਲਾਏ। 'ਤਵ ਪਿਤ ਬ੍ਰਿਕ[10] ਦੇਹੀ ਕੋ ਪਾਏ ॥੧੩॥ ਪੰਚ ਕੋਸ ਪਰ ਕਾਨਨ[11] ਮਾਂਹੀ। ਭੂਖੋ ਬੈਠਿ ਰਹਯੋ ਸੋ ਤਾਂਹੀ। ਲੇ ਅਹਾਰ ਤੁਮ ਤਿਹ ਠਾਂ ਜਾਵਹੁ। ਦੇਖਿ ਸਰੂਪ ਨ ਮਨ ਭਰਮਾਵਹੁ ॥੧੪॥ ਤੇਰੇ ਦਰਸ਼ਨ ਕੋ ਜਬ ਹੇਰੇ। ਮਾਨੁਖ ਦੇਹਿ ਧਰੈ ਤਿਸ ਬੇਰੇ'। ਦੁਨੀਚੰਦ ਅਚਰਜ ਉਰ ਧਰਿਕੈ। ਚਲਯੋ ਪਾਤ੍ਰ[12] ਪਾਇਸੁ ਕੋ[13] ਭਰਿਕੈ ॥੧੫॥ ਜਹਾਂ ਬਤਾਯੋ ਕ੍ਰਿਪਾ-

---

[1]ਵਰ੍ਹੇ ਦਾ ਦਿਨ। [2]ਗੁਰੂ ਜੀ ਦਾ। [3]ਸੁੰਦਰ। [4]ਪਿਤਾ। [5]ਗਿਆ। [6]ਪ੍ਰਗਟ ਹੈ। [7]ਖੁਲਾਯਾ ਹੈ। [8]ਤਿਸਨੂੰ। [9]ਤੁਸੀਂ। [10]ਬਘਿਆੜ। [11]ਝਾੜੀਆਂ। [12]ਭਾਂਡਾ। [13]ਖੀਰ ਨਾਲ।

*ਪਾ:—ਭਾ।

Sri Satguru Jagjit Singh Ji eLibrary NamdhariElibrary@gmail.com

ਨਿਧਾਨਾ[1] । ਦੇਖਯੋ ਤਹਾਂ ਜਾਇ ਸੋ ਥਾਨਾ। ਬ੍ਰਿਕ ਬਿਲੋਕਿ ਝਾਰ ਮਹਿੰ[2] ਜਬਹੀ। ਕਰੀ ਦੂਰ ਤੇ ਬੰਦਨ ਤਬਹੀ॥ ੧੬ ॥ ਦੂਨੀਚੰਦ ਕੋ ਤਿਨ ਜੁ ਨਿਹਾਰਾ। ਤਤਛਿਨ ਮਾਨੁਖ ਤਨਕੋ ਧਾਰਾ। ਧਰਿ ਕਰਿ ਪਾਇਸੁ ਪਾਗੂ ਅਗਾਰੀ। ਹਿਤ ਬੂਝਨ ਕੇ ਗਿਰਾ ਉਚਾਰੀ[3] ॥੧੭॥ 'ਤੁਮ ਧਰਮਾਤਮ ਥੇ ਸਭਿ ਭਾਂਤੀ। ਸ਼ੁਭ ਕਾਰਜ ਮਹਿ ਮਤਿ ਦਿਨ ਰਾਤੀ। ਕਿਉਂ ਕਰਿ ਦੇਹ ਬ੍ਰਿੱਕ ਕੀ ਪਾਈ ? । ਇਹ ਪ੍ਰਸੰਗ ਮੁਝ ਦੇਹੁ ਸੁਨਾਈ ॥ ੧੮ ॥ ਅਬਿ ਬ੍ਰਿਕ ਦੇਹ ਤਜੀ ਹੈ ਜੈਸੇ। ਮਾਨੁਖ ਤਨ ਪਾਯੋ, ਕਹੁ ਕੈਸੇ ?' । ਬੋਲਯੋ ਤਬ ਸੋ 'ਸੁਨਹੁ ਬ੍ਰਿਤਾਂਤਾ। ਜਿਉਂ ਬੀਤੀ ਮਮ ਪਾਛਲ[4] ਬਾਤਾ ॥ ੧੯ ॥ ਦੋਹਰਾ ॥ ਮ੍ਰਿਤੂ ਸਮਾਂ ਜਬ ਮੁਝ ਭਯੋ ਤਬ ਇਕ ਨਰ ਤਿਹ ਥਾਂਨ। ਮੀਨ[5] ਮਾਸ ਰੀਧਤਿ ਹੁਤੋ[6] ਤਿਹ ਧੁਨਿ[7] ਸੁਨਿ ਕਰਿ ਕਾਨ ॥ ੨੦ ॥ ਚੌਪਈ ॥ ਮਨ ਖਾਵਨ ਕੋ ਮਮ ਲਲਚਾਯੋ। ਸੋ ਮੇਰੇ ਤਬ ਹਾਥ ਨ ਆਯੋ। ਭਯੋ ਮ੍ਰਿਤਕ[8] ਇਹ ਦੇਹੀ ਪਾਈ। ਰਹੀ ਬਾਸ਼ਨਾ ਠਹਿਰ ਜਹਾਂ ਈ ॥ ੨੧ ॥ ਪੂਰਨ ਪੁਰਖ ਤੋਹਿ ਘਰ ਆਵਾ। ਦਰਸ ਪਵਿੱਤ੍ਰ ਤਾਂਹਿ ਤੈਂ ਪਾਵਾ। ਤੇਰੋ ਦਰਸ਼ਨ ਮੈਂ ਕਰਿ ਲੀਨੋ। ਇਉਂ ਮਾਨੁਖ ਤਨ ਭਾ ਮਨ ਚੀਨੋ ॥ ੨੨ ॥ ਪੂਰਬ ਕਰਮ ਜਗੇ ਅਬ ਮੇਰੇ। ਉੱਤਮ ਗਤਿ ਪਾਈ ਬਿਨ ਦੇਰੇ'। ਅਸ ਕਹਿ ਸੁਰਗ ਬਿਖੈ ਚਲਿ ਗਯੋ*। ਦੂਨੀ ਚੰਦ ਸੁਨਿ ਅਚਰਜ ਭਯੋ ॥੨੩॥ ਹਟਿ ਕਰਿ ਸਦਨ ਬਿਖੈ

[1]ਗੁਰੂ ਜੀ ਨੇ। [2]ਝਾੜਾਂ ਵਿਚ। [3](ਦੂਨੀ ਚੰਦ) ਬੋਲਿਆ। [4]ਪਿਛਲੀ। [5]ਮੱਛੀ ਦਾ। [6]ਰਿੰਨ੍ਹਦਾ ਸੀ। [7]ਅਵਾਜ਼। [8]ਮਰ ਗਿਆ।

*ਇਸੇ ਤੁਕ ਵਿਚ ਅਸਲੀਅਤ ਸਮਝਣੇ ਦੀ ਇਕ ਹੋਰ ਕੁੰਜੀ ਹੈ। ਜੋ ਉਸ ਨੇ ਮਨੁੱਖ ਦੇਹਧਾਰੀ ਸੀ ਤਾਂ ਹੱਡ ਚੰਮ ਦਾ ਮਨੁਖੀ ਸਰੀਰ ਲੈਕੇ ਸੁਰਗਾਂ ਨੂੰ ਕੀਕੂੰ ਗਿਆ ? ਤਾਤਪਰਜ ਇਹ ਹੈ ਕਿ ਜੈਸੇ ਸਤਿਗੁਰ ਜੀ ਨੇ ਲਿਖਿਆ ਹੈ, 'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ।' ਓਹ ਸਰੀਰ ਛੋਡਕੇ ਕਿਸੇ ਅਵਿਗਤਿ ਦਸ਼ਾ ਵਿਚ ਸੀ; ਜਿਸ ਵਿਚ ਕਿ ਉਸ ਦਾ ਪਿੰਜਰ ਤੇ ਸੁਭਾਵ ਬਘਿਆੜਾਂ ਵਾਙੂ ਸੀ, ਜੋ ਦੂਨੀ ਚੰਦ ਨੂੰ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਦਿੱਸ ਪਿਆ ਤੇ ਉਨ੍ਹਾਂ ਦੀ ਕ੍ਰਿਪਾ ਨਾਲ ਫੇਰ ਉਸ ਦਾ ਮਨੁੱਖ ਸਰੀਰ ਪਲਟਿਆ ਦਿੱਸਿਆ, ਹੱਡ ਚੰਮ ਵਾਲਾ ਨਹੀਂ, ਪਰ ਲਿੰਗ ਸ਼ਰੀਰ। ਉਹ ਲਿੰਗ ਸ਼ਰੀਰ ਸੁਖੀ ਹੋਕੇ ਉਤਮ ਲੋਕ ਨੂੰ ਚਲਾ ਗਿਆ। ਲਿੰਗ ਸ਼ਰੀਰ ਹੂਬਹੂ ਮਨੁਖੀ ਸਰੀਰ ਵਾਂਙੂ ਦਿੱਸਦਾ ਹੈ, ਪਰ ਉਹ ਹਡ ਚੰਮ ਦਾ ਨਹੀਂ ਹੁੰਦਾ।

ਜੋ ਲੋਕ ਚਿੱਤ ਬ੍ਰਿਤੀ ਏਕਾਗਰ ਕਰਕੇ ਅਗਲੇ ਲੋਕਾਂ ਵਿਚ ਗੰਮਤਾ ਰਖਦੇ ਹਨ, ਓਹ ਦੱਸਦੇ ਹਨ ਕਿ ਪ੍ਰਾਣੀ ਦੇ ਅੰਤ ਸਮੇਂ ਜੈਸੀ ਵਾਸ਼ਨਾ ਹੋਵੇ ਉਸ ਪਾਸੇ ਵਲ

[ਬਾਕੀ ਨੋਟ ਏਸੇ ਅਗਲੇ ਪੰਨੇ ਤੇ ਦੇਖੋ]

Sri Satguru Jagjit Singh Ji eLibrary NamdhariElibrary@gmail.com

ਚਲਿ ਆਵਾ। ਸ੍ਰੀ ਨਾਨਕ ਬੈਸੇ ਜਿਂਹ ਥਾਵਾ। ਕਰਿ ਬੰਦਨ ਉਸਤਤਿ ਬਹੁ ਭਾਖੀ। ਅਤਿ ਸ਼ਰਧਾ ਮੈਂ ਭਾ ਅਭਿਲਾਖੀ[੧] ॥ ੨੪ ॥ 'ਨਾਗਰ[੨], ਈਸ਼ੁਰ ਰੂਪ ਉਜਾਗਰ! । ਤੁਮ ਸਮਰੱਥ, ਸਰਬ ਸੁਖ ਸਾਗਰ! । ਭਗਤ ਵਛਲ, ਕਰੁਨਾਕਰ[੩] ਸੁਾਮੀ! । ਦੀਨ ਬੰਧੁ ਪ੍ਰਭੁ ਅੰਤਰਜਾਮੀ!॥੨੫॥ ਸੇਵਾ ਕਰਨ ਮੁਝੈ ਫੁਰਮਾਵਹੁ।ਤੁਮ ਸੰਤਨ ਕੋ ਨਿਤ ਚਿਤ ਭਾਵਹੁ'। ਸੁਨਿ ਕਰਿ ਤਿਹ ਕੋ, ਕਰਨ ਕ੍ਰਿਤਾਰਥ। ਬੋਲੇ ਦੇਨਹਾਰ ਪਰਮਾਰਥ[੪] ॥ ੨੬ ॥ 'ਹਮਰੀ ਸੂਚੀ[੫] ਰਖਹੁ ਸੰਭਾਰੀ। ਲੇਵਹਿਂਗੇ ਪਰਲੋਕ ਅਗਾਰੀ। ਇਹ ਹਮਰੀ ਸੇਵਾ ਦਿਯ ਤੇਹੀ[੬]। ਔਰ ਨ ਕਛੁ ਅਭਿਲਾਖਾ ਮੋਹੀ' ॥ ੨੭ ॥ ਸੁਨਿ ਕਰਿ ਦੁਨੀ ਚੰਦ ਅਸ ਬੈਨਾ। ਲੈ ਸੂਚੀ ਗਮਨਯੋ ਨਿਜ ਐਨਾ। ਕਹੇ ਭਾਰਜਾ[੭] ਸੋਂ ਬਚ ਸੋਈ। 'ਇਹ ਸੂਚੀ[੫] ਰਖਿ, ਜਾਇ ਨ ਖੋਈ[੮] ॥ ੨੮ ॥ ਗੁਰ ਲੇਵਹਿਂ ਪਰਲੋਕ ਕਿ ਮਾਂਹੀ। ਅਪਰ ਸਥਾਨ ਲੇਤਿ ਸੋ ਨਾਂਹੀ। ਰਾਖਹੁ ਭਲੀ ਪ੍ਰਕਾਰ ਸੰਭਾਰੀ। ਤਬ ਦੈਹੈਂ ਜਬਿ ਲੇਹਿਂ ਅਗਾਰੀ' ।੨੯। ਸੁਨਿ ਤਿਹ ਤੀਯ ਕਹੇ ਬਚ ਐਸੇ। 'ਆਗੇ ਲੇ ਜਾਵਹੁਗੇ ਕੈਸੇ? । ਨਿਤ ਸੰਗੀ ਜੋ ਦੇਹਿ ਬਿਚਾਰੀ। ਸੋ ਭੀ ਜਾਇ ਨ ਸਕੈ ਅਗਾਰੀ'॥੩੦॥ ਸੁਨਿ ਬਿਚਾਰ ਕਰਿ ਸੋ ਲੇ ਆਵਾ। ਪਾਸ ਬੈਸਿ ਕਰਿ ਬਚਨ ਅਲਾਵਾ। 'ਨਹਿਂ ਆਗੇ ਇਹ ਸੂਚੀ ਜਾਵੈ। ਇਹ ਬਿਧਿ ਮੋਤੇ ਨਹਿਂ ਬਨਿ ਆਵੈ' ॥ ੩੧ ॥ ਬੋਲੇ ਬਚਨ ਤਬੈ ਜਗਤੇਸ਼ਾ। ਪਾਯੋ ਸਮੈਂ[੯] ਦੇਨਿ

---

[੧]ਇੱਛਾ ਵਾਲਾ। [੨]ਸੁੰਦਰ, ਚਤੁਰ। [੩]ਕ੍ਰਿਪਾ ਦੀ ਖਾਣ। [੪]ਮੁਕਤੀ ਦੇ ਦੇਣੇ ਵਾਲੇ (ਗੁਰੂ ਜੀ)। [੫]ਸੂਈ। [੬]ਦਿੱਤੀ ਹੈ ਤੈਨੂੰ। [੭]ਇਸਤ੍ਰੀ। [੮]ਗੁਆਚ ਨਾਂ ਜਾਏ। [੯]ਵੇਲਾ।

[redacted]ਪਹਿਲੇ ਪੰਨੇ ਦੀ ਬਾਕੀ ਟੂਕ]

ਸਰੀਰ ਤੋਂ ਛੁੱਟ ਕੇ ਭੌਰ ਜਾਂਦਾ ਹੈ, ਇਸ ਅਸੂਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਮੰਨਿਆ ਹੈ। ਪਰੰਤੂ ਇਸ ਦੇ ਸੰਬੰਧ ਵਿਚ ਦੋ ਇਕ ਗਲਾਂ ਸਮਝਣ ਵਾਲੀਆਂ ਹਨ। ਜੋ ਆਦਮੀ ਸਾਰੀ ਉਮਰ ਦਿਨ ਰਾਤ ਸੋਚਦਾ ਤੇ ਕਰਦਾ ਹੈ, ਅੰਤ ਸਮੇਂ ਰੁਖ ਉਧਰੇ ਹੁੰਦਾ ਹੈ। ਪਰ ਜੇ ਅੰਤ ਸਮੇਂ ਕਿਸੇ ਪ੍ਰਬਲ ਅਸਰ ਨਾਲ ਚਿਤਵਨੀ ਹੋਰ ਪਾਸੇ ਚਲੀ ਜਾਏ ਤਾਂ ਮਰਨ ਮਗਰੋਂ ਕੁਛ ਅਰਸਾ ਓਸ ਪਾਸੇ ਰੁਖ ਰਹਿਕੇ ਰੂਹ ਸਾਫ ਹੋ ਅਪਣੇ ਸਾਰੀ ਉਮਰ ਦੇ ਕੀਤੇ ਅਨੁਸਾਰ ਗਤੀ ਪਾ ਲੈਂਦੀ ਹੈ। ਇਸ ਵਾਕਿਆ ਦੀ ਸਿੱਖਯਾ ਇਹ ਹੈ ਕਿ ਪ੍ਰਾਣੀ ਦੇ ਅੰਤ ਸਮੇਂ ਉਸ ਦੇ ਕੋਲ ਸਤਿਸੰਗ ਦਾ ਪ੍ਰਭਾਵ ਚਾਹੀਦਾ ਹੈ। ਦੂਸਰੇ ਸਤਿਗੁਰ ਜੀ ਨੇ ਪ੍ਰਤੱਖ ਕਰਕੇ ਦੱਸਿਆ ਹੈ ਕਿ ਸ੍ਵਾਦ ਕਿਸੇ ਪਾਸੇ ਹੁੰਦੇ ਹਨ ਤੇ ਪ੍ਰਾਣੀ ਦੁੱਖ ਕਿਧਰੇ ਪਾਂਦੇ ਹਨ, ਇਸ ਲਈ ਜੀਉਂਦੇ ਜੀ ਨਾਮ ਵਿਚ ਲੱਗਕੇ ਉਧਾਰ ਪ੍ਰਾਪਤ ਕਰ ਲਓ, ਇਹ ਸਮਾਂ ਅਪਣਾਂ ਅੱਗਾ ਆਪ ਸੁਆਰਨ ਦਾ ਨਾ ਗੁਆਓ।

ਉਪਦੇਸ਼ਾ।‘ਸਪਤ ਲਾਖ ਤੈਂ ਸੰਚਨੋ ਦਰਬਾ। ਸੋ ਕੈਸੇ ਲੇ ਜਾਵਹਿਂ ਸਰਬਾ?
॥੩੨॥ ਧਨ ਕੋ ਸੰਚਿ ਕਰਹਿਂ ਬਹੁ ਕਲਮਲ[੧]। ਬੋਲਹਿਂ ਕੂੜ ਕਰਤਿ ਹੈਂ
ਛਲਬਲ। ਆਗੇ ਸੰਗ ਨ ਹੋਤਿ ਸਹਾਈ[੨]। ਸੰਚਤਿ ਸੰਚਤਿ ਔਧ[੩] ਬਿਹਾਈ
॥੩੩॥ ਪਰਜੋ ਰਹੈ ਧਨ ਮ੍ਰਿਤੁ ਸੁ ਆਈ। ਕਰਤਿ ਪਾਪ ਸੋ ਜੀਵ ਭੁੰਚਾਈ[੪]।
ਸਚਨੋ[੫] ਦਰਬ ਤੇ ਕੌਨੋ ਕਾਮਾ?।ਬਿਨਾਂ ਪੁੰਨ ਤੇ ਦੁਖ ਕੋ ਧਾਮਾ’॥੩੪॥ ਦੁਨੀ
ਚੰਦ ਸੁਨਿ ਗਿਰਾ ਉਚਾਰੀ।‘ਕਿਸ ਪ੍ਰਕਾਰ ਸੰਗ ਜਾਇ ਅਗਾਰੀ?।ਸੋ ਕਰੁਨਾ
ਕਰਿ ਮੁਝੈ ਬਤਾਵਹੁ। ਦੀਨ ਜਾਨਿ ਉਪਦੇਸ਼ ਦ੍ਰਿੜਾਵਹੁ’॥੩੫॥ ਗੁਰੂ ਭਨੈ
‘ਸੁਨੀਏ ਦੇ ਚੀਤਾ। ਇਸ ਪ੍ਰਾਨੀ ਕੇ ਤੀਨੋ ਮੀਤਾ[੬]। ਦਰਬ, ਪ੍ਰਵਾਰ,
ਕਰਮ, ਲਖਿ ਲੀਜੈ। ਜਸ ਸੰਗੀ ਤਸ ਦਸ਼ਾ ਸੁਨੀਜੈ॥੩੬॥ਜਬ ਲੌ ਪ੍ਰਾਨ
ਰਹੈਂ ਤਨ ਮਾਂਹੀ।ਤਬ ਲੌ ਧਨ ਮਿਤ,ਬਹੁਰੋ ਨਾਂਹੀ।ਲੇਤਿ ਸੰਭਾਰ ਅਪਰਹੀ
ਯਾਂਕੋ। ਕਲਮਲ ਅਨਿਕ ਕਿਯੇ ਹਿਤ ਜਾਂਕੋ॥੩੭॥ ਤਨ ਕੇ ਦਾਹ
ਤੀਕ ਪਰਵਾਰਾ। ਪੁਨ ਤ੍ਰਿਨ ਤੋਰਹਿਂ ਆਇ ਅਗਾਰਾ[੭]। ਆਗੇ ਕੋਇ ਨ
ਸੰਗਿ ਸਹਾਈ। ਜਿਨ ਸੌਂ ਹਿਤ ਕਰਿ ਔਧ ਬਿਤਾਈ॥੩੮॥ ਤੀਜੋ ਕਰਮ
ਮੀਤ ਇਸ ਕੇਰੇ। ਸੇ ਨਿਤ ਸੰਗੀ ਜਾਹਿ ਅਗੇਰੇ। ਬੁਰੇ ਕਿ ਭਲੇ ਕਰੇ ਹੈਂ
ਜੈਸੇ। ਫਲ ਦੇਵੈਂ ਤਸ ਹਟੈਂ ਨ ਕੈਸੇ॥੩੯॥ ਇਸ ਬਿਧਿ ਰਿਦੈ ਵਿਚਾਰ
ਕਰੀਜੈ। ਦਰਬ ਭਲੇ ਕਰਮਨ ਮੈਂ ਦੀਜੈ॥ ਆਗੈ ਹੋਵੈਂ ਤੋਹਿ ਸਹਾਈ।
ਸੱਤਿਨਾਮ ਜਪੀਐ ਲਿਵਲਾਈ॥੪੦॥ ਸਤਿ ਸੰਗਤ ਕੋ ਕਰੋ ਮਿਲਾਪਾ।
ਤਜਿਯੇ ਅਪਰ ਬਿਕਾਰ ਕਲਾਪਾ[੮]। ਇਸ ਪ੍ਰਕਾਰ ਸੁਨਿ ਗੁਰ ਕੀ ਬਾਨੀ।
ਦੁਨੀਚੰਦ ਮਨ ਮੈਂ ਭਲਿ ਮਾਨੀ॥੪੧॥ ਅਧਿਕ ਦਰਬ ਇਕਠੋ ਕਿਯ
ਜੇਤੋ। ਸੰਤਨ ਹਿਤ ਖਰਚਨੋ ਸਭਿ ਤੇਤੋ। ਅਨਿਕ ਪ੍ਰਕਾਰ ਕਰਾਇ
ਅਹਾਰਾ। ਸੰਤਨ ਕਰਨੋ ਪ੍ਰਸੰਨ ਜਿਵਾਰਾ[੯]॥੪੨॥ ਬਹੁਤੇ ਬਸਤ੍ਰ
ਸਿਵਾਇ ਪਹਿਰਾਏ। ਮਿਲਿ ਸਤਿਸੰਗਤਿ ਸਮਾ ਬਿਤਾਏ। ਸਿਮਰਹਿ
ਵਾਹਿਗੁਰੂ ਸਤਿਨਾਮੂ। ਤਜੇ ਬਿਅਰਥ ਜਿ ਘਰ ਕੇ ਕਾਮੂ॥੪੩॥
ਭਾ ਨਿਹਾਲ ਤਤਕਾਲ ਬਿਸ਼ਾਲਾ। ਧਰਿ ਉਪਦੇਸ਼ ਜੁ ਦਯੋ ਦਯਾਲਾ।

[੧]ਬੜੇ ਪਾਪਾਂ ਨਾਲ ਮਾਯਾ ਕੱਠੀ ਕਰਦਾ ਹੈਂ। [੨]ਮਦਦਗਾਰ। [੩]ਆਯੂ। [੪]ਜੋ ਪਾਪ ਕੀਤੇ ਸੋ ਜੀਵ ਭੋਗੇਗਾ। [੫]ਸੰਚਰਿਆ। [੬]ਮਿੱਤ੍ਰ ਹਨ। [੭]ਤ੍ਰਿਣਕਾ ਤੋੜਕੇ ਘਰ ਆ ਜਾਂਦੇ ਹਨ। [੮]ਕਲਾਪ=ਸਮੂਹ, ਸਾਰੇ। [੯]ਖੁਵਾਇ ਕਰਕੇ।

Sri Satguru Jagjit Singh Ji eLibrary NamdhariElibrary@gmail.com

ਤਿਸ ਤੇ ਬਿਦਾ ਹੋਇ ਬਿਧਿ ਨੀਕੋ। ਸਿਮਰਤਿ ਸੁਧ ਕੀਨੀ ਭਗਨੀ ਕੀ[1]॥
੪੪ ॥ ਮਰਦਾਨੇ ਸੋਂ ਗਿਰਾ ਅਲਾਈ। 'ਕਿਯੋ ਯਾਦ ਭਗਨੀ ਮੁਝ ਤਾਈਂ।
ਚਲਿ ਸੁਲਤਾਨ ਪੁਰੇ ਸੁਧ ਲੀਜੈ। ਬੇਬੇ ਜੀ ਕੀ ਖੁਸ਼ੀ ਕਰੀਜੈ' ॥ ੪੫ ॥
ਅਸ ਕਹਿ ਗਮਨੇ ਇਕ ਛਿਨ ਮਾਂਹੀ। ਪਹੁੰਚਤਿ ਭੇ ਪੁਰਿ ਹੁਤੋ ਜਹਾਂਹੀ।
ਸਦਨ ਸੁਸਾ[2] ਕੇ ਪ੍ਰਵਿਸ਼ੇ[3] ਜਬ ਹੀ। ਹਰਖ ਭਰੀ ਤੂਰਨ ਉਠਿ ਤਬ ਹੀ ।
੪੬ ॥ ਕਰਨ ਬੰਦਨਾ ਪਗ ਪਰ ਧਾਈ॥ਲੋਚਨ ਤੇ ਜਲਧਾਰ ਬਹਾਈ॥ਕਰ[4]
ਪਰ ਲੇ ਸਿਰ, ਕਹਿ ਹਿਤ ਬੈਨਾ। ਬੈਸਿ ਗਏ ਮੰਚ ਪਰ ਗੁਨ ਐਨਾ॥੪੭॥
ਤਿਹ ਛਿਨ ਚਲਿ ਜਰਾਮ ਤਹਿ ਆਵਾ॥ਦਰਸ ਬਿਲੋਕਤਿ ਉਰ ਹਰਖਾਵਾ।
ਕਰਿ ਬੰਦਨ ਬੈਸਯੋ ਕਰਿ ਪ੍ਰੇਮਾ। ਬੂਝ ਪਰਸਪਰ ਕੁਸ਼ਲੈ ਖੇਮਾ[5] ॥ ੪੮ ॥
'ਬਹੁਤ ਬਰਖ ਬੀਤੇ ਬਿਨ ਦਰਸ਼ਨ'॥ਇਉਂ ਕਹਿ ਭਗਨੀ ਗੇਰਤਿ ਆਂਸੂਨ।
'ਹਮੈਂ ਬਿਸਾਰ੍ਯ ਦਿਯੋ ਨਿਜ ਮਨ ਤੇ। ਹਰਖ ਹੋਤਿ ਰਾਵਰਿ ਦਰਸ਼ਨ ਤੇ' ॥
੪੯॥ ਹਾਥ ਬੰਦਿ ਬੋਲਯੋ ਜੈਰਾਮਾ॥ 'ਕਰੁਨਾ ਕਰਹੁ ਰਹਹੁ ਅਬ ਧਾਮਾ॥ਬੈਸੇ
ਸਿਮਰਹੁ ਸਦਾ ਗੁਬਿੰਦੈ। ਹਮ ਕੋ ਦੇਵਤਿ ਰਹਹੁ ਅਨੰਦੈ' ॥ ੫੦ ॥ ਸਿਰੀ
ਚੰਦ ਬਾਹਰ ਤੇ ਆਯੋ। ਨਮਸਕਾਰ ਕਰਿ ਉਰ ਹਰਖਾਯੋ। ਬੈਸੇ ਮਿਲਿ ਕੈ,
ਸਰਬ ਸਮੀਪਾ। ਬਚਨ ਭਨੇ ਬੇਦੀ ਕੁਲਦੀਪਾ ॥ ੫੧ ॥ 'ਦੇਸ਼ ਬਿਦੇਸ਼ਨ
ਦੇਖਨ ਹੇਤਾ। ਯਾਂਤੇ ਰਹਯੋ ਨ ਜਾਤਿ ਨਿਕੇਤਾ। ਜਬਿ ਸਿਮਰਨ ਕਰਿ ਹੈ
ਤੁਮ ਮੇਰਾ। ਤਬਿ ਸਮੀਪ ਆਵੌਂ ਬਿਨ ਦੇਰਾ' ॥ ੫੨ ॥ ਬਹੁ ਪ੍ਰਕਾਰ ਦੇ
ਧੀਰਜ ਸਭਿ ਹੀ॥ਰੈਨ ਬਸੇਰਾ ਕਿਯ ਤਿਹ ਤਬਹੀ॥ਭੋਰ ਹੋਤਿ ਮਿਲਿ ਕੈ ਸਭਿ
ਸਾਥਾ। ਗਮਨ ਕਰਯੋ ਬੇਦੀ ਕੁਲ ਨਾਥਾ ॥੫੩॥ ਪੂਰਨ[7] ਮਾਤ ਪਿਤਾ ਕੀ
ਚਾਹੁ। ਤਿਲਵੰਡੀ ਪਹੁੰਚੇ ਦੁਖਦਾਹੂ[8]। ਦੋਇ ਕੋਸ ਪਰ ਕੂਪ ਜੁ ਨੀਕਾ।
ਛਾਇਆ ਸਘਨ ਜਹਾਂ ਰਮਣੀਕਾ॥੫੪॥ਬੈਠਿ ਗਏ ਜਗ ਗੁਰ ਤਿਹ ਥਾਈਂ।
ਦ੍ਵੈ ਘਟਿਕਾ[9] ਜਬ ਦੀਨ ਬਿਤਾਈ। ਹਾਥ ਬੰਦਿ ਬੋਲਯੋ ਮਰਦਾਨਾ॥ 'ਮੁਝ
ਕੋ ਆਗਯਾ ਕਰਹੁ ਬਖਾਨਾ ॥੫੫॥ ਨਿਜ ਕੁਟੰਬ ਲਖਾਵਹੁਂ ਸੁਧ ਅਬਹੀ।
ਭਏ ਮ੍ਰਿਤਕ ਕੇ ਜੀਵਤ ਸਭਿਹੀ। ਬਹੁਤ ਬਰਖ ਮਹਿਂ ਨਿਜ ਪੁਰਿ ਆਏ।
ਨਿਕਸੇ ਬਹੁਰ ਨ ਫੇਰੋ ਪਾਏ' ॥੫੬॥ ਸੁਨਿ ਕਰਿ ਬਿਗਸੇ ਕ੍ਰਿਪਾ ਨਿਕੇਤਾ।

---

[1] ਯਾਦ ਕਰ ਰਹੀ ਭੈਣ ਦੀ ਸੰਭਾਲ ਕੀਤੀ। [2] ਭੈਣ ਜੀ ਦੇ। [3] ਵੜੇ। [4] ਹੱਥ। [5] ਸੁਖ ਸਾਂਦ। [6] ਚੰਹੂ। [7] ਪੂਰੀ ਕਰਨ ਲਈ। [8] ਦੁਖਾਂ ਨੂੰ ਸਾੜਨ ਵਾਲੇ (ਗੁਰੂ ਜੀ)। [9] ਦੋ ਘੜੀਆਂ।

Sri Satguru Jagjit Singh Ji eLibrary NamdhariElibrary@gmail.com

ਬੋਲੇ ਹਰਖ ਦੇਨਿ ਕੇ ਹੇਤਾ। 'ਜੇ ਤੇਰੇ ਸਨਬੰਧੀ ਮਰਿ ਹੈਂ। ਅਵਰ ਕਾਜ ਹਮ ਜਗ ਕਸ ਕਰਿ ਹੈਂ[1] ॥ ੫੭ ॥ ਹਮ ਹੋਵਤਿ ਨਹਿ ਚਿੰਤਾ ਕਰੀਏ। ਨਿਕਟਿ ਨ ਜਮ ਕੋ ਤ੍ਰਾਸ ਬਿਚਰੀਏ।ਜੇ ਅਬਿ ਤੇ ਮਨ ਐਸੀ ਆਈ। ਮਿਲਹੁ ਕੁਟੰਬ ਸਰਬ ਕਉ ਜਾਈ ॥੫੮॥ ਕਾਲੂ ਕੇ ਸਮੀਪ ਜੇ ਜਾਵਹੁ। ਹਮਰੀ ਸੁਧ ਨਹਿਂ ਤਿਨਹਿਂ ਸੁਨਾਵਹੁ। ਮਿਲਿ ਪਰਵਾਰ ਬਹੁਰ ਤੁਮ ਆਵਹੁ। ਕਰਿਕੈ ਮੋਹ ਨ ਬਿਲਮ ਲਗਾਵਹੁ'॥੫੯॥ ਕਹਿ ਮਰਦਾਨਾ ਸੁਨਿ ਬਚ ਗੁਰਕੋ। 'ਕਹਾ ਲੈ-ਕਰਿ ਜਾਵੋਂ ਮੈਂ ਘਰ ਕੋ। ਬਹੁਰ ਬਰਖ ਘਰ ਵਹਿਰ ਬਿਤਾਏ। ਛੂਛਾ ਅਬ ਕਹਾ ਦੇਵੋਂ ਜਾਏ' ॥ ੬੦ ॥ ਗੁਰ ਕਹਿ 'ਰੋੜਨ ਮੁਸ਼ਟਿ ਉਚਾਵਹੁ[2]। ਬਾਂਧਿ ਚੀਰ[3] ਸੰਦੇਹ ਮਿਟਾਵਹੁ। ਘਰ ਮਹਿਂ ਜਾਹੁ ਖੋਲਿ ਦਿਹੁ ਤਾਂਹੀ। ਹੈ ਹੈ ਸੋ ਜਿ ਚਹਹੁ ਮਨ ਮਾਂਹੀ'।੬੧। ਏਕ ਮੁਸ਼ਟਿ ਤਬ ਲੇ ਮਰਦਾਨੇ।ਬਾਂਧੇ ਅਪਨੇ ਪਟ[4] ਸੰਗਾਨੇ।ਕਰਨੋ ਅਨੰਦ ਨਿਕੇਤ ਸਿਧਾਰਾ। ਮਿਲਨੋ ਜਾਇ ਅਪਨੇ ਪਰਵਾਰਾ ॥੬੨॥ ਗੰਢ ਚੀਰ ਕੀ ਖੋਲੀ ਜਬਹੀ। ਕੰਚਨ ਸਰਬ ਬਿਲੋਕਨੋ ਤਬਹੀ। ਭਾ ਕੁਟੰਬ ਕੋ ਆਨੰਦ ਭਾਰੀ।ਸੁਨਤਿ ਭਏ ਪੁਰਿ ਮੈਂ ਨਰ ਨਾਰੀ॥੬੩॥'ਸ਼੍ਰੀ ਨਾਨਕ ਸੰਗੀ ਮਰਦਾਨਾ।ਫਿਰਤਿ ਵਹਿਰ ਬਹੁ ਕਾਲ ਬਿਤਾਨਾ।ਅਬ ਆਵਾ ਅਪਨੇ ਘਰ ਬੀਚੁ'। ਇਉਂ ਸੁਨਿ ਆਇ ਊਚ ਅਰੁ ਨੀਚੁ ॥ ੬੪ ॥ ਭੀਰ ਭੂਰ ਤਿਹ ਕੇ ਘਰ ਹੋਈ। ਮਿਲਹਿ, ਕੁਸ਼ਲ ਬੂਝਹਿ ਸਭਿ ਕੋਈ। ਕਰਹਿ ਪਰਸਪਰ ਨਰ ਬਖਜਾਨਾ। 'ਸ਼੍ਰੀ ਨਾਨਕ ਸੰਗਿ ਥਾ ਮਰਦਾਨਾ ॥੬੫॥ ਧਾਂਤੇ ਸ਼ੁਭ ਸੁਭਾਇ ਭਾ ਇਹ ਕੋ। ਸਭਿ ਨਰ ਤੇ ਨਿਰਮਲ ਉਰ ਜਿਹਕੋ। ਮਧੁਰ ਬਚਨ ਸਭਿ ਸੰਗ ਬਖਾਨਤਿ[5]।ਭਲੀ ਰੀਤਿ ਕਰਿ ਕੈ ਸਨਮਾਨਤਿ[6]'॥੬੬॥ ਏਕ ਮਹੂਰਤ[7] ਸਦਨ ਬਿਤਾਯਾ।ਮਿਲਿ ਪਰਵਾਰ ਰਿਦੇ ਹਰਖਾਯਾ। ਅਪਰ ਜਿ ਲੋਕ ਮਿਲਨਿ ਤਿਸ ਆਏ। ਮਿਲਨੋ ਭਾਉ ਧਰਿ ਸੂਬ ਸੁਖ ਪਾਏ ॥੬੭॥

ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਦੂਨੀ ਚੰਦ ਮਿਲਨ, ਡਗਠੀ ਮਿਲਨ, ਤਲਵੰਡੀ ਆਵਨ ਪ੍ਰਸੰਗ' ਬਰਨਨੰ ਨਾਮ ਚਤੁਰਥੋ ਅਧਿਆਇ ॥ ੪ ॥

ਪ. [ਸ਼ਾਰਦਾ ਮੰਗਲ। ਮਾਤਾ ਪਿਤਾ ਉਪਦੇਸ਼ ਪ੍ਰਸੰਗ]।

ਦੋਹਰਾ—ਬਰਨ ਸੇਤ ਹੰਸਬਾਹਨੀ ਜੋ ਜਗਬਾਨੀ ਰੂਪ ॥
ਤਿਹ ਪਦ ਬੰਦਨ ਕਰਿ ਭਲੇ ਬਰਨੋਂ ਕਥਾ ਅਨੂਪ ॥ ੧ ॥

---

[1]ਕਿਸ ਤਰ੍ਹਾਂ ਕਰਾਂਗੇ। [2]ਰੋੜਾਂ ਦੀ ਮੁੱਠ ਉਠਾਵੋ। [3]ਬੰਨ੍ਹਕੇ ਬਸਤ੍ਰ ਵਿਚ। [4]ਬਸਤ੍ਰ। [5]ਕਹਿੰਦਾ ਹੈ। [6]ਆਦਰ ਕਰਦਾ ਹੈ। [7]ਦੋ ਘੜੀਆਂ।

Sri Satguru Jagjit Singh Ji eLibrary NamdhariElibrary@gmail.com

ਸੇਤ=ਚਿੱਟਾ [ਸੰਸ:, ਸ਼੍ਵੇਤ]।

ਹੰਸ ਬਾਹਨੀ=ਹੰਸ ਜਿਸ ਦੀ ਅਸਵਾਰੀ ਹੈ। ਕਵਿ ਸਾਰਦਾ ਨੂੰ ਹੰਸ ਦੀ ਅਸਵਾਰ ਮੰਨਦੇ ਹਨ। (ਅ) ਸਰਸ੍ਵਤੀ ਤੋਂ ਮੁਰਾਦ 'ਵਾਚ' ਸ਼ਕਤੀ ਦੀ ਹੈ, ਤੇ ਵਾਚ ਸ਼ਕਤੀ ਦਾ ਵਾਹਨ 'ਮਨ' ਹੈ ਪਰ ਵਾਚ ਉਸ ਮਨ ਤੇ ਸ੍ਵਾਰ ਹੁੰਦੀ ਹੈ ਜੋ ਉਜਲ ਹੈ ਤੇ ਵਿਵੇਕ ਵਾਲਾ ਹੈ, ਐਸਾ ਮਨ ਲੱਛਣਾਂ ਬ੍ਰਿਤੀ ਦੁਆਰਾ ਹੰਸ ਦਾ ਅਰਥ ਹੈ।

ਵਰਨੌਂ=ਵਰਣਨ ਕਰਦਾ ਹਾਂ।

ਅਨੂਪ=ਜਿਸ ਦੀ ਉਪਮਾਂ ਨਾ ਹੋ ਸਕੇ। [ਸੰਸ:, ਅਨੂਪਮ]।

ਸੂਚਨਾ—ਸਾਰਦਾ ਦਾ ਤੇਜਮਯ ਰੂਪ ਅਗਲੇ ਅਧ੍ਯਾਯ ਦੇ ਮੰਗਲ ਵਿਚ ਵਰਣਨ ਕਰਨਗੇ।

ਅਰਥ—(ਜੋ) ਹੰਸ ਦੀ ਅਸਵਾਰੀ ਕਰਦੀ ਹੈ (ਤੇ ਜਿਸ ਦਾ ਆਪਣਾ) ਰੰਗ ਚਿੱਟਾ ਹੈ (ਤੇ) ਜੋ ਜਗਤ ਵਿਚ ਬਾਣੀ ਦੇ ਰੂਪ (ਵਿਚ ਪ੍ਰਕਾਸ਼ਦੀ ਹੈ) ਉਸਦੇ ਚਰਨਾਂ ਤੇ ਭਲੀ ਪ੍ਰਕਾਰ ਬੰਦਨਾ ਕਰਕੇ ਅਨੂਪਮ ਕਥਾ (ਅਗੋਂ ਹੋਰ) ਵਰਣਨ ਕਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਦ੍ਵੈ ਘਟਿਕਾ ਬੀਤੇ ਤਤਕਾਲੂ[1]। ਚਲਯੋ ਜਹਾਂ ਥੋ ਆਲਯ ਕਾਲੂ। ਆਗੇ ਸ੍ਰੀ ਨਾਨਕ ਕੀ ਮਾਤਾ। ਤ੍ਰਿਪਤਾ ਨਾਮ ਜੁ ਥੀ ਬੱਖ੍ਯਾਤਾ ॥ ੨ ॥ ਜਬ ਆਵਤਿ ਦੇਖ੍ਯੋ ਮਰਦਾਨਾ। ਗਰ ਸੋਂ ਲਾ ਬਿਰਾਗ ਬਹੁ ਠਾਨਾ[2]। ਭਯੋ ਮੋਹ ਸਰਿਤਾ[3] ਸੁ* ਪ੍ਰਵਾਹਾ[4]। ਧੀਰਜ ਸਿਕਤਾ ਸੇਤੁ[5] ਨਸਾਹਾ[6]॥੩॥ ਬਾਕ ਜੁ ਤਿਨ[7]† ਸਭਿ ਦੀਯੋ ਰੁੜ੍ਹਾਈ। ਕਹੈ ਬਹੁਤ ਨਹਿੰ ਧੀਰ ਧਰਾਈ। ਸ੍ਰੀ ਨਾਨਕ ਕੋ ਭਾ ਅਨੁਰਾਗਾ। ਕੋਨ ਜਨਨੀ ਬਹੁ ਬੈਰਾਗਾ॥੪॥ ਕਿਤਿਕ ਦੇਰਿ ਮਹਿ ਧੀਰਜ ਧਰਿਕੈ। ਬੂਝਨ ਲਗੀ ਸੁ ਬਚਨ ਉਚਰਿਕੈ। 'ਸੁਤ ਨਾਨਕ ਕੀ ਖਬਰ ਸੁਨਾਵਹੁ। ਤਜ੍ਯੋ ਥਾਨ ਕਿਹ ? ਮੋਹਿ ਬਤਾਵਹੁ ॥੫॥ ਜਬਿ ਕੇ ਨਿਕਸੇ ਤੁਮ ਘਰ ਮਾਂਹੀ। ਤਬਿ ਕੀ ਸੁਧਿ ਆਈ ਕਬਿ ਨਾਂਹੀ। ਮਮ ਸੁਤ ਸਭਿ ਤਜਿਕੈ ਘਰਿ ਬਾਰਾ। ਭਾ ਫਕੀਰ, ਕਹਾ ਰਿਦੈ ਬਿਚਾਰਾ ॥ ੬ ॥ ਨਿਸ ਦਿਨ ਕਰਤਯੋ ਰੁਦਨ ਬਿਤਾਊਂ। ਕਰਿ ਉਰ ਯਾਦ ਬੈਠਿ ਪਛੁਤਾਊਂ। ਬਿਧਿ[8] ਨੈ ਇਕ ਸੁਤ ਦੀਨੋ ਮੋਹੀ। ਨਹਿੰ ਸਮੀਪ ਕਬਿ ਰਾਖ੍ਯੋ ਓਹੀ' ॥ ੭ ॥ ਦੋਹਰਾ ॥ ਕਾਲੂ ਕੇ ਤਬ ਅਜਰ[9] ਮਹਿੰ ਪੁੰਜ[10]

---

[1]ਉਸ ਵੇਲੇ। [2]ਵੈਰਾਗ ਕੀਤਾ। [3]ਨਦੀ। [4]ਵੇਗ। [5]ਧੀਰਜ ਰੂਪੀ ਰੇਤੇ ਦਾ ਪੁਲ। [6]ਟੁੱਟ ਗਿਆ। [7]ਵਾਕਾਂ (ਰੂਪੀ) ਤਿਣਕੇ। [8]ਬਿਧਾਤਾ ਨੇ। [9]ਵੇਹੜੇ। [10]ਇਕੱਠੇ।

*ਪਾ:—ਕੇ। †ਪਾ:—ਜਤਨ।

ਭਏ ਨਰ ਆਦਿ। ਸੁਨਿ ਕਰਿ ਮਾਤਾ ਕੇ ਬਚਨ ਮਰਦਾਨਾ ਤਬ ਗਾਦਿ[1] ॥੮॥ ਚੌਪਈ॥ 'ਜਬ ਸੁਲਤਾਨ ਪੁਰੇ ਹਮ ਅਹੇ। ਤਬਿ ਸ੍ਰੀ ਨਾਨਕ ਕੇ ਸੰਗ ਰਹੇ[2]। ਪੁਨ ਸੁਧ ਨਹਿੰ* ਤਿਹ ਤੇ ਪਸ਼ਚਾਤੀ। ਕਿਤ ਕੌ ਗਯੋ ਨ ਜਾਨਯੋ ਜਾਤੀ[3]'॥੯॥ ਸੁਨਿ ਮਾਤਾ ਉਰ ਬਹੁ ਅਕੁਲਾਈ[4]। ਜਨੁ ਬ੍ਰਿਣਪਾਕੇ[5] ਪਾਵਕ[6] ਲਾਈ। ਬੋਲ ਨ ਆਵ ਬਿਕੁਲ[7] ਤਨ ਹੋਈ। ਜਨੁ ਸੁਤ ਬ੍ਰਿਹੁ ਮੈਂ[8] ਪਰਿ ਕੈ ਸੋਈ[9] ॥੧੦॥ ਇਕ ਤੌ ਬ੍ਰਿਧ, ਹੀਨ ਬਲ ਦੇਹੀ। ਪੁਨ ਨ ਪਾਇ ਸੁਧ ਤਾਤ ਸਨੇਹੀ। ਜਾਨਤਿ ਹੁਤੀ ਸੰਗਿ ਮਰਦਾਨਾ। ਤਿਨ ਅਸ ਦੁਖਦਾ[10] ਬਚਨ ਬਖਾਨਾ ॥੧੧॥ ਜਿਉਂ ਸੁ ਖਤੰਗ[11] ਮਰਮ ਦੇ ਭੇਦਾ[12]। ਪਰੀ ਬਿਬਰਨ[13] ਹੋਇ ਅਤਿ ਖੇਦਾ। ਕਿਤਿਕ ਬਾਰ ਮਹਿ ਪੁਨ ਸੁਧ ਆਈ। ਲੋਚਨ ਤੇ ਆਂਸੂਨ ਜਲ ਜਾਈ॥੧੨॥ ਚਤੁਰ ਘਟੀ ਬੈਠਯੋ ਮਰਦਾਨਾ। ਪੁਨ ਉਠਿ ਚਲਯੋ ਪ੍ਰਭੁ ਜਿਹ ਥਾਨਾ। ਤਬਿ ਤ੍ਰਿਪਤਾ ਉਰ ਧੀਰਜ ਧਰਿਕੈ। ਇਸ ਬਿਲੋਕਿ ਉਰ ਰਹੀ ਬਿਚਰਿਕੈ[14]।੧੩।-ਵਹਿਰ ਚਲਯੋ ਉਠਿ ਤੂਰਨ ਜਹਿਂਵਾ।ਹੋਇ ਆਤਮਜ[15] ਮੇਰੋ ਤਹਿਂਵਾ।ਬਹੁ ਦਿਨ ਬਿਤੇ ਅਯੋ ਘਰ ਮਾਂਹੀ।ਬਾਸੁਰ ਰਹਯੋ ਏਕ ਭੀ ਨਾਂਹੀ-॥੧੪॥ ਦੋਹਰਾ ॥ ਇਸ ਬਿਧਿ ਜਨਨੀ ਮਨ ਗੁਨਤਿ ਮਧੁਰ ਅਸਨ[16] ਲੇ ਓਲ[17]। ਤੂਰਨ ਗਵਨੀ ਧਾਇ ਕਰਿ ਲੀਨੋ ਰੁਚਿਰ ਨਿਚੋਲ[18]॥੧੫॥ਚੌਪਈ॥ ਮਿਲੀ ਗੈਲ ਮੈਂ ਜਹਿਂ ਮਰਦਾਨਾ। ਆਤੁਰ ਹ੍ਵੈ ਕਰਿ ਬਚਨ ਬਖਾਨਾ।'ਸੁਤ ਨਾਨਕ ਸੋਂ ਮੇਲਹੁ ਮੋਕੋ।ਸੁਧ ਮਰਦਾਨੇ ਹੈ ਕਹੁ ਤੋਕੋ ॥੧੬॥ ਬਹੁਤ ਬਰਖ ਭੇ ਦੇਖਯੋ ਨਾਂਹੀ। ਮੋਹ ਬਢਯੋ ਅਤਿਸ਼ੈ

---

[1]ਕਹਿਣ ਲਗਾ। [2]ਨਾਲ ਸੀਗੇ। [3]ਜਾਣਿਆ ਨਹੀਂ ਜਾਂਦਾ। [4]ਵਿਆਕੁਲ ਹੋਈ। [5]ਪੱਕੇ ਹੋਏ ਫੋੜੇ ਨੂੰ। [6]ਅਗਨੀ। [7]ਬਿਹਬਲ, ਬੇਸੁਰਤ। [8]ਵਿਛੋੜੇ ਵਿਚ। [9]'ਸੌਂ' ਗਈ ਭਾਵ ਮੂਰਛਿਤ ਹੋ ਗਈ। [10]ਦੁਖ ਦੇਣ ਵਾਲਾ। [11]ਤੀਰ। [12]ਵਿੰਨ੍ਹ ਦੇਂਦਾ ਹੈ। [13]ਬੇਰੰਗ ਹੋਕੇ। [14]ਵਿਚਾਰ ਕੀਤੀ। [15]ਪੁੱਤ੍ਰ। [16]ਭੋਜਨ। [17]ਝੋਲੀ ਵਿਚ। [18]ਚੋਲਾ, ਬਸਤਰ।

*ਇਸ ਤੋਂ ਅੱਗੇ ਅੰਕ ੧੭ ਵਿਚ ਮਾਤਾ ਜੀ ਫੇਰ ਪੁੱਛਦੇ ਹੈਨ ਕਿ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੇਲ ਕਰਾਓ ਤਾਂ ਮਰਦਾਨਾ ਚੁਪ ਕਰ ਰਿਹਾ। ਇਸ ਤੋਂ ਜਾਪਦਾ ਹੈ ਕਿ ਪਹਿਲੀ ਵੇਰ ਬੀ ਮਰਦਾਨੇ ਚੁੱਪ ਤੋਂ ਕੰਮ ਲਿਆ ਹੋਣਾ ਹੈ, ਟਾਲਵਾਂ ਉੱਤਰ ਮਰਦਾਨੇ ਨੇ ਆਸ ਨਹੀਂ ਕਿ ਮਾਤਾ ਜੀ ਨੂੰ ਦਿੱਤਾ ਹੋਵੇ, ਤੇ ਚੁੱਪ ਰਹਿਣ ਲਈ ਓਹ ਹੁਕਮਨ ਮਜਬੂਰ ਸੀ। ਜਿਸ ਜਨਮਸਾਖੀ ਤੋਂ ਇਹ ਗੱਲ ਲਈ ਗਈ ਹੈ, ਉਸ ਦੇ ਕਿਸੇ ਉਤਾਰਾ ਕਰਨ ਵਾਲੇ ਦੀ ਇਹ ਚਤੁਰਤਾ ਹੈ, ਅਸਲ ਕਰਤਾ ਦੀ ਪੋਥੀ ਵਿਚ ਇਹ ਨਹੀਂ ਹੋਣੀ।

Sri Satguru Jagjit Singh Ji eLibrary NamdhariElibrary@gmail.com

ਮਨ ਮਾਂਹੀ'। ਸੁਨਿ ਮਰਦਾਨੇ ਭੂਸ਼ਨ ਕੀਨੇ। ਗੁਰ ਤੈ ਲਖ੍ਯੋ, ਨ ਉੱਤਰ ਦੀਨੇ॥੧੭॥ ਜਨਨੀ ਜਾਨਿ ਗਈ ਤਿਹ ਬਾਤਾ। ਚਲੀ ਤਬਹਿ ਤਿਹ ਕੇ ਪਸ਼ਚਾਤਾ। ਜਹਿ ਬੈਠੇ ਬੇਦੀ ਕੁਲਦੀਪਾ।ਪਹੁੰਚਤਿ ਭੇ ਤਿਹ ਕੂਪ ਸਮੀਪਾ ॥੧੮॥ ਦੋਹਰਾ ॥ ਮਾਤ ਬਿਲੋਕੀ ਦੂਰ ਤੇ ਤੂਰਨ ਉਠਿ ਸੁਖਦਾਇ। ਚਰਨ ਬੰਦਨਾ ਸੀਸ ਧਰਿ ਕੀਨੀ ਆਗੇ ਆਇ॥੧੯॥ਚੌਪਈ॥ਕੌਰੀ[1] ਭਰਿ ਨਾਨਕ ਕੋ ਜਨਨੀ[2]। ਰੋਦਨ ਕਰਤਿ ਨ ਜਾਈ ਗਨਨੀ। ਚਲ੍ਯੋ ਬਿਲੋਚਨ ਤੇ[3] ਬਹੁ ਨੀਰੰ। ਸੁਤ ਬਿਰਹਾਨਲ[4] ਜਨੁ[5] ਕਰਿ ਸੀਰੰ[6] ॥੨੦॥ ਅਸ਼੍ਰੂਪਾਤਿ[7] ਸੋਂ ਬਸਤ੍ਰ ਭਿਗੋਏ।ਜੋ ਦੇਖਤਿ ਸੋ ਗਦਗਦ ਹੋਏ।ਕੌਰੀ ਤੇ ਸੁਤ ਕੋ ਨਹਿ ਤਜਈ।ਅਧਿਕ ਬਿਰਹੁ[8] ਤੇ ਮਿਲਤਿ ਨ ਰਜਈ॥੨੧॥ਬਦਨ ਬਿਲੋਕਤਿ ਸੂੰਘਤਿ ਮਾਥਾ। ਕਰਤਿ ਨੇਹ ਸਿਰ ਫੇਰਤਿ ਹਾਥਾ।ਹੁਤੀ ਬ੍ਰਿੱਧ ਬਲ ਤੇ ਤਨ ਹੀਨਾ। ਪੁਨ ਸਮੀਪ ਬੈਸੀ ਸੁਖ ਲੀਨਾ॥੨੨॥ ਜਬ ਕਾਲੂ ਨੇ ਸੁਧ ਇਉਂ ਪਾਈ। 'ਬੈਸ੍ਯੋ ਵਹਿਰ ਤਾਤ ਮਮ ਆਈ'। ਤਤਛਿਨ ਜ਼ੀਨ ਤੁਰੰਗਨਿ ਪਾਵਾ।ਹ੍ਵੈ ਅਰੂਢ ਤੂਰਨ ਤਬ ਆਵਾ॥੨੩॥ਪਿਤਾ ਬਿਲੋਕਿ ਉਠੇ ਦੁਖਕੰਦਨ। ਪਦ ਅਰਬਿੰਦ ਕਰਤਿ ਭੇ ਬੰਦਨ। ਬਛਵਾ[9] ਤੇ ਉਤਰ੍ਯੋ ਤਤਕਾਲਾ। ਗਰ ਸੋਂ[10] ਲਾਯੋ ਪ੍ਰੇਮ ਬਿਸਾਲਾ॥੨੪॥ਜਨ ਬਹੁ ਭੂਖੇ ਮਿਲ੍ਯੋ ਅਹਾਰਾ। ਮਰਤੇ ਪਯਾਸੇ ਪਾਯੋ ਬਾਰਾ[11]। ਨੀਰ ਬਿਮੋਚਤਿ ਲੋਚਨ ਦਰ ਤੇ। ਗਦ ਗਦ ਬੋਲ੍ਯੋ ਜਾਇ ਨ ਗਰ ਤੇ॥੨੫॥ਅਪਰ ਲੋਕ ਸੁਨਿ ਕਰਿ ਬਹੁ ਆਏ। ਮਿਲੇਂ ਭਾਉ ਧਰਿ ਹਰਖ ਬਢਾਏ। ਬੈਠਿ ਗਏ ਸਭਿ ਤਿਸਹੀ ਥਾਈਂ।ਚਹੁੰਦਿਸ਼ ਮਧ ਬੇਦੀ ਕੁਲਰਾਈ॥੨੬॥ਦੇਖਿ ਪ੍ਰੇਮ ਬਹੁ ਕੋਇ ਨ ਬੋਲਾ।ਇਕ ਘਟਿਕਾ ਲਗ ਰਹੇ ਅਡੋਲਾ। ਧ੍ਰਿਤ[12] ਧਰਿ ਤ੍ਰਿਪਤਾ ਗਿਰਾ ਉਚਾਰੀ। 'ਵਾਰ ਵਾਰ ਸੁਤ ਤੋ ਪਰ ਵਾਰੀ॥੨੭॥ਦੋਹਰਾ॥ ਦਰਸ਼ਨ ਦੀਨੇ ਆਨਿਕੈ ਮੋਕੋ ਕੀਓ ਨਿਹਾਲ। ਨਿਸ ਬਾਸੁਰ ਤਵ ਹੇਤ ਤੇ ਚਿੰਤਾਤੁਰ ਬੇਹਾਲ*॥੨੮॥ਚੌਪਈ॥ ਇਕ ਸੁਤ ਹਮਰੇ ਦੂਜੋ ਨਾਂਹੀ। ਘਰ ਤਜਿ ਰਲ੍ਯੋ ਫਕੀਰਨ ਮਾਂਹੀ।ਭਏ ਅਧੀਰ ਬਿਸੂਰਤਿ[13] ਸਦਾ। ਅਭਿਲਾਖਤਿ[14] ਦਰਸ਼ਨ ਹੈ ਕਦਾ॥੨੯॥ਬਹੁਤ ਬਰਖ ਬੀਤੇ ਤੁਝ

---

[1]ਜੱਫੀ। [2]ਮਾਤਾ ਜੀ। [3]ਨੇਤ੍ਰਾਂ ਤੋਂ। [4]ਵਿਛੋੜ ਦੀ ਅੱਗ ਨੂੰ। [5]ਮਾਨੋ। [6]ਠੰਢਾ ਕਰ ਰਹੀ ਹੈ। [7]ਹੰਝੂ ਕੇਰਕੇ। [8]ਵਿਛੋੜੇ। [9]ਘੋੜੀ ਪਰ। [10]ਗਲ ਨਾਲ। [11]ਜਲ। [12]ਧੀਰਜ। [13]ਧੀਰਜ ਬਿਨ ਹੋਕੇ ਝੂਰਦੇ ਹਾਂ। [14]ਚਾਹੁੰਦੇ ਹਾਂ।

*ਪਾ:-ਹੈ ਬਾਲ।

Sri Satguru Jagjit Singh Ji eLibrary NamdhariElibrary@gmail.com

ਗਏ । ਦੇਸ਼ ਬਿਦੇਸ਼ ਫਿਰੇ ਅਬ ਅਏ । ਅਵਲੋਕਤਿ ਆਨੰਦ ਬਿਸਾਲਾ । ਜਨੋਂ ਕੌਸ਼ੱਲਯਾ ਰਾਮ ਕ੍ਰਿਪਾਲਾ ॥੨੦॥ ਮੈਂ ਵਾਰੀ ਸੁਤ ! ਤੋ ਪਰ ਵਾਰੀ'। ਵਾਰ ਵਾਰ ਕਹਿ ਗੁਰ ਮਹਿਤਾਰੀ[1]। ਇਸ ਪ੍ਰਕਾਰ ਕੇ ਬਚਨ ਸੁਨੇ ਜਬ। ਮੁਖ ਤੇ ਸ਼ਬਦ ਉਚਾਰਤਿ ਭੇ ਤਬ ॥ ੨੧ ॥

ਰਾਗੁ ਵਡਹੰਸੁ ਮਹਲਾ ੧ ਘਰੁ ੧ ॥

ਅਮਲੀ ਅਮਲੁ ਨ ਅੰਬੜੇ ਮਛੀ ਨੀਰੁ ਨ ਹੋਇ ॥ ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥ ੧ ॥ ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥ ੧ ॥ ਰਹਾਉ ॥ ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾਕਾ ਨਾਉ ॥ ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥ ੨ ॥ ਮੈਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥ ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥ ੩ ॥ ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥ ੪ ॥ ੧ ॥

ਦੋਹਰਾ॥ਅੱਗ੍ਰਜ ਸ੍ਰੀ ਨਾਨਕ ਤਬੈ ਧਰਿ ਕਰਿ ਮਧੁਰ ਅਹਾਰ।'ਖਾਹੁ ਤਾਤ!' ਮਾਤਾ ਕਹੈ[2] ਮੁਦ ਹਰਖ ਅਪਾਰ'॥੨੨॥ਚੌਪਈ॥ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਨਿਤ ਤ੍ਰਿਪਤਨੇ ਨਹਿ ਭੂਖ ਹਮਾਰੇ । ਏਕ ਵਾਰ ਅਸ ਭੋਜਨ ਕੀਨਾ। ਬਹੁਰ ਨ ਛੁਧਾ ਦੇਹਿ ਮਹਿ ਚੀਨਾ' ॥੨੩॥ ਤਬ ਕਾਲੂ ਨੇ ਬਚਨ ਉਚਾਰੇ। 'ਕਯਾ ਖਾਯੋ ਨਹਿ ਭੂਖ ਤੁਮਾਰੇ ?। ਕੋ ਭੋਜਨ ਕਰਿ ਤ੍ਰਿਪਤੀ[3] ਤੁਮੇ ?।ਸਰਬ ਸੁਨਾਵਹੁ ਸੋ ਕਹੁ ਹਮੇ॥੨੪॥ ਹਮ ਅਹਾਰ ਆਨਨੋ[4] ਨਹਿ ਖਾਏ। ਉੱਤਰ ਸੁਨਾਵਹੁ ਰਹਿ ਤ੍ਰਿਪਤਾਏ। ਕੋ ਬਿੱਪ੍ਰੀਤ[5] ਰਿਦੇ ਮਹਿ ਠਾਨੀ ?' । ਸੁਨਿ ਸ੍ਰੀ ਨਾਨਕ ਬੋਲੇ ਬਾਨੀ ॥ ੨੫ ॥

ਸਿਰੀ ਰਾਗੁ ਮਹਲਾ ੧ ॥

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥ ੧ ॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਚੌਪਈ ॥ ਅਸ ਕਹਿ ਸ੍ਰੀ ਗੁਰੁ ਤੂਸ਼ਨ ਠਾਨੀ। ਪੁਨ ਤ੍ਰਿਪਤਾ ਪਿਖਿ ਬੋਲੀ ਬਾਨੀ। 'ਬੇਖ ਫਕੀਰੀ ਅਬ ਸੁਤ ! ਤਜੀਏ। ਨੀਕੇ ਬਸਤ੍ਰ ਪਹਿਰ ਤਨ ਸਜੀਏ ॥੨੬॥ ਨਾਹੀ ਸੋਹਤਿ ਇਹਿ ਤੁਝ ਤਾਈ*। ਮਾਨਹੁ ਕਹਨੋ ਮਾਤ

[1]ਗੁਰੂ ਜੀ ਦੇ ਮਾਤਾ ਜੀ। [2]ਦੇਖੀ। [3]ਰੱਜ। [4]ਲਿਆਂਦਾ। [5]ਉਲਟੀ ਰੀਤ।

*ਪਾ:—ਭਗਵੇ ਸੋਹਤਿ ਨਹਿੰ ਤੁਝ ਤਾਈਂ।

Sri Satguru Jagjit Singh Ji eLibrary NamdhariElibrary@gmail.com

ਬਲਿ ਜਾਈ[1]। ਸੰਤ ਸੁਭਾਇ ਤੁਮਾਰ ਸਦੀਵਾ। ਜਨੁ ਬਡਿਆਈ ਕੇ ਭਲਿ ਸੀਵਾ*'॥੩੭॥ ਗੁਰੂ ਕਹੈਂ 'ਨੀਕੇ ਪਟ ਧਾਰੇ। ਜਾਇੰ ਨ ਕਬਹੂ ਰਹੈਂ ਸੰਗਾਰੇ। ਹ੍ਵੈਂ ਨ ਪੁਰਾਤਨ[2] ਸਦਾ ਨਵੀਨੇ। ਅਪਰ ਨ ਪਹਿਰਨ ਕੋ ਮਨ ਕੀਨੇ'॥ ੩੮ ॥ ਕਾਲੂ ਕਹੈ 'ਕਹਾਂ ਤਨ ਧਾਰੇ? । ਹਮ ਨੈ ਤੋ ਕਬ ਨਹੀਂ ਨਿਹਾਰੇ। ਜੇ ਪਹਿਰੇ ਤੋ ਊਪਰ ਹੋਇੰ। ਜਿਨਹਿਂ ਬਿਲੋਕ ਲੇਯ ਸਭਿ ਕੋਇ' ॥ ੩੯ ॥ ਗਿਰਾ ਪਿਤਾ ਕੀ ਸੁਨਿ ਗੁਨ ਐਨਾ। ਸਮਝਾਵਨ ਹਿਤ ਉਚਰੇ ਬੈਨਾ। ਪਹਿਰਨ ਕੀ ਸਭਿ ਰੀਤਿ ਬਤਾਈ। ਜਿਹ ਕਰਿ ਮਨੁਜ ਪਰਮ ਗਤਿ ਪਾਈ ॥ ੪੦ ॥

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ
ਪਹਿਰਣੁ ਪੈਰ ਧਿਆਨੁ ॥ ਕਮਰ ਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ
ਚਲਹਿ ਵਿਕਾਰ ॥ ੧ ॥ ਰਹਾਉ ॥

॥ ਦੋਹਰਾ ॥ 'ਬਾਵਰ[3] ਬਾਤੈਂ ਤਯਾਗਿ ਕੈ' ਕਾਲੂ ਬਹੁਰ ਅਲਾਇ। 'ਕਹਨਾ ਮਾਨਿ ਘਰ ਕੋ ਚਲੋ, ਫਿਰ ਆਏ ਬਹੁ ਬਾਂਇ ॥੪੧॥ ਚੌਪਈ ॥ ਰਹੋ ਧਾਮ ਕੀਜੈ ਬਿਸਰਾਮੂ। ਜਾਵਨ ਕੋ ਨਹਿ ਲੀਜੈ ਨਾਮੂ। ਬਾਜਨਿ[4] ਪਰ ਆਰੂਢ੍ਹਤ[5] ਹੋਵਹੁ। ਚਰਨ ਚਲਿਨਿ ਸ਼੍ਰਮ ਸਭਿਹੀ ਖੋਵਹੁ'॥੪੨॥ ਸੁਨਿ ਸ੍ਰੀ ਨਾਨਕ ਬੈਨ ਉਚਾਰੇ। 'ਇਹ ਬਾਜਨ ਨਹਿ ਕਾਜ ਹਮਾਰੇ। ਸੁੰਦਰ ਸਦਾ ਰਹਿਤ ਜੋ ਸੰਗਾ। ਐਸੋ ਹੈ ਮਮ ਪਾਸ ਤੁਰੰਗਾ' ॥੪੩॥ ਕਾਲੂ ਕਹੈ 'ਨ ਦੇਤਿ ਦਿਖਾਈ। ਅਸ ਤੁਰੰਗ ਬਾਂਧਯੋ ਕਿਹ ਥਾਈਂ ?'। ਸੁਨਿ ਪਿਤ ਕੇ ਬਚ ਪੰਕਜ ਬਦਨਾ। ਤ੍ਰਿਤਿਯ ਸ਼ਬਦ ਪਦ ਕਹਿ ਸੁਖਸਦਨਾ ॥ ੪੪ ॥

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ
ਸਾਂਗ ਤੇਗਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ
ਮੇਰੀ ਜਾਤਿ ॥ ੩ ॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ ਜਿਤੁ ਚੜਿਐ ਤਨੁ
ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥

ਚੌਪਈ ॥ ਸੁਨਿ ਕਾਲੂ ਤਬ ਤੂਸ਼ਨ ਠਾਨੀ। ਹਿਤ ਕਰਿ ਤ੍ਰਿਪਤਾ ਬੋਲੀ ਬਾਨੀ। 'ਸੁਨਿ ਸੁਤ ! ਰਿਦੇ ਮੋਹ ਤਵ ਨਾਂਹੀ। ਮਿਲਹੁ ਕੁਟੰਬ ਚਲਹੁ ਘਰ ਮਾਂਹੀ ॥੪੫॥ ਬੇਦੀ ਅਪਰ ਸਨੇਹੀ ਸਭਿਹੀ। ਕਰਤਿ ਉਡੀਕ ਆਇ ਹੈਂ ਕਬਹੀ। ਤਵ ਪਾਛੇ ਘਰ ਰੁਚਿਰ ਬਨਾਵਾ। ਤਾਂ ਪਰ ਹਮ ਬਹੁ ਦਰਬ ਲਗਾਵਾ

[1]ਮਾਂ ਸਦਕੇ ਜਾਂਦੀ ਹੈ। [2]ਪੁਰਾਣੇ। [3]ਕਮਲੀਆਂ। [4]ਘੋੜੀ। [5]ਅਸਵਾਰ।

*ਪਾ:—ਜਨੁ ਭਲਿਆਈ ਕੇ ਬਰ ਸੀਵਾ।

॥੪੬॥ ਚਲਹੁ ਤਾਤ! ਅਬ ਤਾਂਕਹੁ[1] ਦੇਖੋ। ਜਿਹ ਮੈਂ ਬੈਠਤਿ ਹਰਖ ਬਿਸ਼ੇਖੋ। ਸੋ ਬਨਵਾਏ ਤੁਮਰੇ ਹੇਤਾ'। ਸੁਨਿ ਬੋਲੇ ਪ੍ਰਭੁ ਕ੍ਰਿਪਾ ਨਿਕੇਤਾ ॥੪੭॥:-

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥ ੪ ॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ ੪ ॥ ੭ ॥

ਦੋਹਰਾ ॥ 'ਸੁਨਿ ਜਨਨੀ! ਮਮ ਬਚਨ ਕੋ ਅਬ ਲੌ ਰਿਦਾ ਉਦਾਸ। ਦੇਸ਼ ਬਿਦੇਸ਼ ਬਿਲੋਕਿ ਕੈ ਬਹੁਰੋ ਆਇਂ[2] ਅਵਾਸ' ॥੪੮॥ ਚੌਪਈ॥ 'ਹੇ ਸੁਤ! ਤੈਂ ਅਸ ਬੈਨ ਉਚਾਰੇ। ਰਿਦੈ ਸ਼ਾਂਤਿ ਕਿਉਂ ਆਵ ਹਮਾਰੇ?। ਦ੍ਵਾਦਸ਼ ਬਰਖ ਬਿਤੀਤੇ ਆਇ। ਪ੍ਰਵਿਸ਼ੇ ਸਦਨ ਨ ਪਗ ਇਕ ਪਾਏ ॥ ੪੯ ॥ ਵਹਿਰ ਤੇ ਵਹਿਰ ਕਰਹੁ ਤੁਮ ਪਯਾਨਾ। ਹਮਰੋ ਕਹਨੋ ਨ ਇਕ ਮਨ ਮਾਨਾ।। ਕਿਹ ਦੁਖ ਤੇ ਮਨ ਕੀਨ ਉਦਾਸੁ। ਜਿਉਂ ਤੁਮ ਕਹਉ ਕਰੈਂ ਤਿਮ ਆਸੁ[3] ॥੫੦॥ ਨਿਜ ਇਸਤ੍ਰੀ ਕਉ ਜੇ ਦੁਖ ਮਾਨਉ। ਔਰ ਬਯਾਹ ਕਰਿ ਦੇਹਿਂ, ਬਖਾਨਉ। ਸਭਿ ਕਿਛੁ ਘਰ ਮਹਿ ਦੀਨ ਬਿਧਾਤਾ[4]। ਜਿਉਂ ਤੁਮ ਚਹਹੁ ਕਰਹਿ ਤਿਉਂ ਤਾਤਾ[5]!' ॥ ੫੧ ॥ ਸ਼੍ਰੀ ਨਾਨਕ ਸੁਨਿ ਬੈਨ ਉਚਾਰੇ। 'ਜੋ ਸੰਜੋਗ ਲਿਖਾ ਕਰਤਾਰੇ। ਸੋਈ ਭਲਾ ਨ ਚਾਹੌਂ ਔਰੀ। ਜਹਿ ਰਾਖਹਿ ਰਹਿਹੌਂ ਤਿਹ ਠੌਰੀ ॥ ੫੨ ॥ ਰਹਿਨ ਜਾਨ[6] ਹਮਰੇ ਕਰ ਨਾਂਹੀ। ਸ਼੍ਰੀ ਕਰਤਾਰ ਅਧੀਨੈ ਆਹੀ। ਜਹਿ ਚਾਹਤਿ ਸੋ ਤਹਾਂ ਪਠਾਵੈ। ਜਿਸ ਬਿਨ ਏਕੋ ਬੋਲ ਨ ਆਵੈ[7]' ॥੫੩॥ ਹਿਤ ਕਰਿ ਕਾਲੂ ਕਹਿ 'ਸੁਨ ਤਾਤਾ! ।ਛੋਡ ਅਵਾਈਆਂ ਕਰਹਿਂ ਜੁ ਬਾਤਾਂ। ਭੇਖ ਫਕੀਰੀ ਤਨ ਤੇ ਤਯਾਗਹੁ। ਸਦਨ ਕ੍ਰਿਤ ਮਹਿ ਮਨ ਅਨੁਰਾਗਹੁ।੫੪। ਜਬ ਕੇ ਬਿਛੁਰੇ ਮਿਲਿਹੋ ਅਬੈ। ਅਬ ਬਿਛਰਹੁਗੇ ਮਿਲਿਨਾ ਕਬੈ?। ਮੇਲਾ ਹੋਹਿ ਕਿ ਬਹੁਰੋ ਨਾਂਹੀ। ਬ੍ਰਿੱਧ ਭਏ ਬਲ ਨਹਿ ਤਨ ਮਾਂਹੀ ॥ ੫੫ ॥ ਬੈਸ ਬਿਤੀਤ ਗਈ ਮਮ ਸਾਰੀ। ਜਰਾ[8] ਗ੍ਰਾਸ ਲਿਯ ਦੇਹਿ ਹਮਾਰੀ। ਅੰਤ ਸਮਾ ਅਬ ਭਯੋ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ॥ ੫੬ ॥:-

ਮਾਰੂ ਮਹਲਾ ੧ ॥

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥ ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥ ੧ ॥

---

[1]ਉਸ ਨੂੰ। [2]ਆਵਾਂਗੇ। [3]ਛੇਤੀ। (ਅ) ਅਸੀਂ। [4]ਪਰਮਾਤਮਾ ਨੇ। [5]ਹੇ ਪੁੱਤ੍ਰ! [6]ਰਹਿਣਾ ਤੇ ਜਾਣਾ। [7]ਇਕ ਬੋਲ ਬੀ ਨਹੀਂ ਬੋਲ ਸਕੀਦਾ। [8]ਬੁਢੇਪੇ ਨੇ।

ਬਾਬਾ ਮੈ ਕਰਮ ਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥ ੧ ॥ ਰਹਾਉ ॥ ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥ ੨ ॥ ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥ ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥ ੩ ॥ ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥ ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥ ੪ ॥ ੧ ॥

ਚੌਪਈ॥ ਸੁਨਿ ਕਾਲੂ ਤਬ ਤੂਸ਼ਨਿ ਕੀਨੀ।ਪੁਨ ਜਨਨੀ ਕਹਿ ਹੈ ਮਨਦੀਨੀ। 'ਸੰਤ ਸੁਭਾਇ ਅਹੈ[1] ਸੁਤ ਤੇਰਾ। ਅਬਿ ਕੇ ਬਚਨ ਮਾਨਿਯੇ ਮੇਰਾ ॥ ੫੭ ॥ ਸਦਨ ਬਿਖੇ ਕੌ[2]ਦਿਨ ਚਲਿ ਰਹਿਯੋ।ਗਮਨ ਕਰਨ ਕੋ ਹਠ ਨਹਿੰ ਗਹਿਯੋ[3]। ਪੂਰਨ ਕਰਿ ਅਭਿਲਾਖ ਹਮਾਰੀ।ਸਮਾ ਬਿਤਾਵਹੁ ਦ੍ਰਿਸ਼[4] ਅਗਾਰੀ।੫੮। ਤੁਝ ਬਿਲੋਕਿ ਮੈਂ ਨਹੀਂ ਅਘਾਈ[5]। ਬਿਛੁਰੇ ਹੀ ਸਭਿ ਬੈਸ ਬਿਤਾਈ। ਬ੍ਰਿੱਧ ਭਈ ਮਨ ਬਹੁ ਲਲਚਾਵਾ।ਅਭਿਲਾਖਤਿ[6] ਨਿਸ ਦਿਵਸ ਬਿਤਾਵਾ' ॥੫੯॥ ਸੁਨਿ ਜਨਨੀ ਕੀ ਇਸ ਬਿਧਿ ਬਾਨੀ।ਦਯਾ ਧਾਰਿ ਸ੍ਰੀ ਨਾਨਕ ਮਾਨੀ।ਤਹਿਂ ਤੇ ਉਠਿ ਗਮਨੇ ਤਿਨ ਸੰਗਾ।ਸਭਿ ਕੇ ਉਰ ਭਾ ਹਰਖ ਉਮੰਗਾ॥੬੦॥ ਆਨਿ ਸਦਨ ਮਹਿ ਪ੍ਰਭੂ ਸੁਹਾਏ।ਸੁਨਿ ਕੇ ਲੋਕ ਮਿਲਨ ਬਹੁ ਆਏ।ਬੰਦਨ ਕਰਹਿ ਜੋਰ ਦੇ ਪਾਨਾ।ਦਯਾ ਪੇਖ ਸਭਿ ਕੋ ਸਨਮਾਨਾ ॥ ੬੧ ॥ ਦੋਹਰਾ ॥ ਲਾਲੂ ਕਿਹ ਠਾਂ[7] ਕਾਮ ਕੋ ਗਯੋ ਸੁਨਿ ਕੈ ਤਿਹ ਠਾਇ। ਰਸਾ ਪਾਦ ਤੂਰਨ ਧਰੇਂ[8] ਮਿਲਨੇ ਆਨ ਬਹੁ ਭਾਇ ॥ ੬੨ ॥ ਚੌਪਈ ॥ ਭੀਰ ਭੂਰ ਭੀ ਅਜਰੰ ਮਝਾਰੀ । ਦਰਸ਼ਨ ਹਿਤ ਆਵਹਿ ਨਰ ਨਾਰੀ। ਕੁਸ਼ਲ ਪ੍ਰਸ਼ਨ ਕੀਨੋਂ[10] ਸਭਿ ਭਾਈਂ। ਬੈਠਾਰੇ[9] ਕਹਿ ਸ੍ਰੀ ਜਗ ਸਾਈਂ ॥੬੩॥ 'ਪ੍ਰੋਹਤ ਰਾਇ ਜਿ ਆਦਿ ਮੁਲਾਨਾ। ਭਾ[11] ਪਰਲੋਕ[11] ਸੁ ਨਰਨ ਬਖਾਨਾ। ਸੁਨਿ ਸ੍ਰੀ ਨਾਨਕ ਬਚਨ ਉਚਾਰਾ। 'ਮਿਥਿਆ ਇਹ ਪਰਪੰਚ ਪਸਾਰਾ ॥ ੬੪ ॥ ਬਿਨਸ ਜਾਤ ਇਹ ਬਾਰ ਨ ਲਾਗੀ। ਯਾਂਤੇ ਸੰਤਿਨਾਮ ਅਨੁਰਾਗੀ[12]।ਸੁਪਨ ਸਮਾਨ ਰਹਿਨ ਜਗ ਮਾਂਹੀ। ਤਜੀ ਮੋਹ ਇਸਥਿਰ ਕਛੁ ਨਾਂਹੀ ॥ ੬੫ ॥ ਭਾਉ ਭਗਤਿ ਜਿਨ ਮਨ ਮਹਿ ਧਾਰੀ। ਸੋ ਗਮਨੇ ਨਿਜ ਕਾਜ ਸਵਾਰੀ'। ਸਦਨ ਬਿਖੈ ਨਰ ਮਿਲਨ ਸੁ ਆਏ।'ਧੰਨ ਧੰਨ' ਸੁਨਿ ਬੈਨ ਅਲਾਏ ॥੬੬॥ਗਏ, ਬਹੁਰ ਉਸਤਤਿ ਸਭਿ ਕਰਿਹੀਂ।'ਮਹਾਂਪੁਰਖ ਇਹ' ਬਚਨ ਉਚਰਹੀਂ[13]।ਰਹਿਨ ਲਗੇ ਸ੍ਰੀ ਗੁਰ ਘਰ

[1]ਹੈ। [2]ਕੋਈਕ। [3]ਫੜੇ। [4]ਅੱਖਾਂ। [5]ਰੱਜੀ। [6]ਸਿਕਦਿਆਂ। [7]ਕਿਸੇ ਥਾਂ। [8]ਧਰਤੀ ਤੇ ਪੈਰ ਛੋਹੀ ਛੋਹੀ ਧਰੇ। [9]ਬੈਠਾਏ। [10]ਸੁੱਖ ਸਾਂਦ ਪੁੱਛੀ। [11]ਤਿਨ੍ਹਾਂ ਦਾ ਚਲਾਣਾ। [12]ਪ੍ਰੇਮ ਕਰੇ। [13](ਲੋਕੀ) ਕਹਿੰਦੇ ਹਨ। *ਪਾ:—ਤ੍ਰਾ।

Sri Satguru Jagjit Singh Ji eLibrary NamdhariElibrary@gmail.com

ਮਾਂਹੀ। ਜਿਨ ਕੇ ਦਰਸ਼ਨ ਦੋਖ ਨਸਾਹੀਂ ॥੬੭॥* ਸ੍ਰੀ ਅੰਗਦ! ਗੁਰ ਮੁਝ ਪ੍ਰਤਿ ਭਾਖਾ। 'ਬਾਲੇ! ਮਿਲਿ ਕੁਟੰਬ ਕਰਿ ਕਾਂਖਾ[1]। ਮਿਲਿ ਕਰਿ ਤਿਨ ਤੂਰਨ ਚਲਿ ਅਈਓ। ਮੋਹ ਪੰਕ[2] ਤਿਨ ਜਿਨ[3] ਫਸਜਈਓ' ॥੬੮॥ ਬੇਦਿਨ[4] ਕਮਲ-ਬੰਸ[5] ਕਰਿ ਹੰਸੂ[6]। ਮੈਂ ਚਲਿਗਾ[7] ਤਿਨ ਕਰਿ ਪਰਸੰਸੂ[8]। ਨਿਜ ਕੁਟੰਬ ਮਿਲਿ ਮੋਦ ਬਡਾ ਕਰਿ। ਆਵਤਿ ਭਾ ਹੌਂ[9] ਢਿਗ ਕਰੁਣਾਕਰ[10] ॥ ੬੯ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮਾਤਾ ਪਿਤਾ ਮਿਲਨ ਪ੍ਰਸੰਗ' ਬਰਨਨੰ ਨਾਮ ਪੰਚਮੋਂ ਅਧਯਾਯ ॥ ੫ ॥

੬. [ਸ਼ਾਰਦਾ ਮੰਗਲ। ਮਾਤ ਪਿਤਾ ਉਪਦੇਸ਼ ਤੇ ਉਨ੍ਹਾਂ ਦਾ ਬੈਕੁੰਠ ਗਮਨ]।

ਦੋਹਰਾ ॥ ਸਿੰਘ ਬਾਹਨੀ, ਮਾਤ ਜਗ ਅਸ਼ਟਭੁਜੀ ਖਲ ਕਾਲ।
ਨਮਸਕਾਰ ਤਿਹ ਚਰਨ ਕੋ ਉਚਰੌਂ ਕਥਾ ਰਸਾਲ ॥ ੧ ॥

[ਸਿੰਘ ਬਾਹਨੀ=ਸ਼ੇਰ ਹੈ ਸਵਾਰੀ ਜਿਸ ਦੀ।
ਅਸ਼ਟ ਭੁਜੀ—ਅੱਠਾਂ ਬਾਹਾਂ ਵਾਲੀ। ਸੂਚਨਾ—ਏਥੇ ਰੂਪਕ ਬਦਲਿਆ ਹੈ, ਸ਼ਾਰਦਾ ਚਾਰ ਭੁਜਾਂ ਵਾਲੀ ਹੈ। ਪ੍ਰੰਤੂ ਅਧਯਾਯ ਦਸਵੇਂ ਵਿਚ ਜਾਕੇ ਸੰਸਾ ਨਹੀਂ ਰਹਿੰਦਾ ਕਿ ਕਵੀ ਜੀ ਇਕੋ ਰੂਪ ਵਯਕਤੀ ਦੇ ਦੋ ਪ੍ਰਕਾਰ ਦੇ ਰੂਪਕ ਬੰਨ੍ਹਦੇ ਜਾਂਦੇ ਹਨ, ਦੇਖੋ ਉਤਰਾਰਧ ਅਧਯਾਯ ੨, ਅੰਕ ੧, ਅਧਯਾਯ ਦਸਵੇਂ ਵਿਚ ਇਸੇ ਅਸ਼ਟ ਭੁਜੀ ਨੂੰ ਕਾਲਕਾ ਕਹਿੰਦੇ ਹਨ, ਉਸ ਦੀਆਂ ਚਾਰ ਭੁਜਾ ਦੱਸੀਆਂ ਜਾਂਦੀਆਂ ਹਨ ਸੋ ਜ਼ਾਹਿਰਨ ਕਵਿ ਜੀ ਨੇ ਚਾਰ ਕਾਲਕਾ ਦੀਆਂ ਤੇਜ ਮਯ, ਚਾਰ ਸਰਸ੍ਵਤੀ ਦੀਆਂ ਸ਼ਾਂਤਿਮਯ ਏਹ ਅੱਠ ਭੁਜਾਂ ਕੱਠੀਆਂ ਕੀਤੀਆਂ ਹਨ।]

ਅਰਥ—(ਜੋ) ਸ਼ੇਰ ਤੇ ਅਸਵਾਰ, ਜਗਤ ਦੀ ਮਾਤਾ, ਅੱਠ ਭੁਜਾਂ ਵਾਲੀ. ਖਲਾਂ ਨੂੰ ਮਾਰਨ ਵਾਲੀ ਹੈ, ਓਸ ਦੇ ਚਰਨਾਂ ਨੂੰ ਨਮਸਕਾਰ ਕਰਕੇ (ਅਗੋਂ ਹੋਰ) ਰਸੀਲੀ ਕਥਾ ਉਚਾਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਬਾਚ ॥ ਚੌਪਈ ॥ ਸੁਨਹੁ ਕਥਾ ਸ੍ਰੀ ਫੇਰੂ ਨੰਦਨ[11]! । ਸ੍ਰੋਤਨ ਕੇ ਅਘ ਓਘ ਨਿਕੰਦਨ[12]। ਤਲਵੰਡੀ ਮਹਿ ਦੀਨ ਦਯਾਲਾ। ਰਹਿਤਨੌ ਕਿਤਿਕ ਬਿਤਾਏ ਕਾਲਾ ॥ ੨ ॥ ਏਕ ਦਿਵਸ ਕਾਲੂ ਢਿਗ ਆਵਾ। ਹਿਤ

---

[1] ਹਿਤ ਨਾਲ। [2] ਚਿੱਕੜ। [3] ਮਤੀ। [4] ਵੇਦੀਆਂ ਦੀ। [5] ਕਮਲ (ਰੂਪੀ) ਕੁਲ ਦੇ (ਖਿੜਾਵਨ ਵਾਲੇ)। [6] ਸੂਰਜ (ਗੁਰੂ ਜੀ)। [7] ਚਲਾ ਗਿਆ। [8] ਉਸਤਤਿ ਕਰਦਾ। [9] ਮੈਂ ਆ ਗਿਆ। [10] ਕ੍ਰਿਪਾ ਦੀ ਖਾਣ ਪਾਸ। [11] ਹੇ ਸ੍ਰੀ ਗੁਰੂ ਅੰਗਦ ਦੇਵ ਜੀ। [12] ਸਾਰੇ ਪਾਪ ਕੱਟਣ ਵਾਲੀ (ਕਥਾ)।

*ਇਕ ਲਿਖਤੀ ਨੁਸਖੇ ਵਿਚ ਇਸ ਤੋਂ ਅਗਲਾ ਪਾਠ ਹੈ ਨਹੀਂ।

Sri Satguru Jagjit Singh Ji eLibrary NamdhariElibrary@gmail.com

ਸਮਝਾਵਨ ਬਚਨ ਅਲਾਵਾ। 'ਹੇ ਸੁਤ! ਗ੍ਰਿਹਸਤੀ ਰੀਤਿ ਕਰੀਜੈ। ਭੇਖ ਫਕੀਰੀ ਅਬ ਤਜਿ ਦੀਜੈ ॥ ੩ ॥ ਆਗੇ ਦਰਬ ਜਿਤੋ ਘਰ ਬਾਰਾ। ਹੋਇ ਬਿਰਕਤ[1] ਲੁਟਾਯੋ ਸਾਰਾ। ਕੋਊ ਕ੍ਰਿਤ ਅਬ ਲੇਹੁ ਸੰਭਾਰੀ। ਦਰਬ ਕਮਾਵਹੁ ਸੁਮਤਿ ਬਿਚਾਰੀ ॥੪॥ ਜਰਾ[2] ਗ੍ਰਸੀ ਅਬ ਦੇਹਿ ਹਮਾਰੀ। ਸੁਖ ਦੇਵਨ ਕੀ ਹੈ ਤਵ ਵਾਰੀ। ਸਰਬ ਸਦਨ ਕੇ ਕਾਰ ਚਲਾਵਹੁ। ਨਿਜ ਪੁਰਿ ਬਸਹੁ ਬੈਸਿ ਸੁਖ ਪਾਵਹੁ ॥੫॥ ਰਹਿਯੋ ਹਮਰੀ ਦ੍ਰਿਸ਼ਟਿ ਅਗਾਰੀ। ਸੁਖੀ ਰਹੈ ਤਵ ਪਿਖਿ ਮਹਿਤਾਰੀ। ਨਿਜ ਸੁਤ-ਇਸਤ੍ਰੀ ਲੇਹੁ ਮੰਗਾਈ। ਕਰਿ ਪ੍ਰਤਿਪਾਲ[3] ਸਭਿਨਿ ਹਿਤ ਲਾਈ॥੬॥ ਬਿਛੁਰੇ ਹੈਂ ਸੋ ਕਿਤ ਕਿਤ ਥਾਨਾ। ਤੁਝ ਬਿਹੀਨ ਰਹਿਹੀਂ ਦੁਖਵਾਨਾ'। ਇਸ ਬਿਧਿ ਕੇ ਸੁਨਿਕੇ ਬਚ ਤਾਤਾ[4]। ਬੋਲੇ ਪ੍ਰਭੂ ਗ੍ਯਾਨ ਸੁਖਦਾਤਾ ॥੭॥ 'ਸੁਨਿ ਪਿਤ! ਇਹ ਮਤਿ ਨੌਕਾ ਨਜਾਈਂ। ਦਰਬ ਮੋਹ[5] ਜਲ ਸਰਿਤਾ ਧਾਈ[6]। ਜੇ ਨੌਕਾ ਮਹਿੰ ਜਲ ਪਰ ਜਾਵੈ। ਤਤਛਿਨ ਅਪਨੇ ਬੀਚ ਡੁਬਾਵੈ ॥੮॥ ਸਤਿਗੁਰ ਕੇਵਟ[7] ਮਿਲਹਿਂ ਜਿ ਆਈ। ਮਤਿ ਨੌਕਾ ਪਰ ਹ੍ਵੈ ਚੁਕਸਾਈ। ਮੋਹ ਦਰਬ ਤੇ ਊਰਧ ਚਲਾਵੈ। ਖੇਵਨ[8] ਕਰਿ ਹੈ ਗ੍ਯਾਨ ਸੁਨਾਵੈ[9] ॥ ੯ ॥ ਆਤਮ ਲਖਨੋ[10] ਪਾਰ ਕਿਨਾਰਾ। ਪਹੁੰਚੈ ਤਹਿ ਤਬ ਹੋਇ ਸੁਖਾਰਾ। ਨਤੁ ਇਹ ਜਨਮ ਮਰਨ ਦੁਖ ਭਾਰੀ। ਆਇ ਜਾਇ ਜਗ ਵਾਰੰਵਾਰੀ' ॥੧੦॥ ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਪਿਤ ਕੇ ਉਰ ਤੇ ਮਾਯਾ ਰੋਕੀ। ਤਤਛਿਨ ਗ੍ਯਾਤ[11] ਰਿਦੇ ਮਹਿ ਆਈ। ਜਨੁ ਮਦ[12] ਉਤਰ ਗਏ, ਸੁਧ ਪਾਈ ॥ ੧੧ ॥ ਬੋਲਤੋ ਕਰਿਕੈ ਭਾਉ ਘਨੇਰਾ। 'ਮੈਂ ਜਾਨਤਿ ਰਹਿਓ ਸੁਤ ਮੇਰਾ। ਮਹਾਂ ਪੁਰਖ ਤੁਮ ਦੀਨਦਯਾਲਾ। ਮੁਝ ਉਰ ਦੀਜੈ ਗ੍ਯਾਨ ਬਿਸਾਲਾ ॥ ੧੨ ॥ ਜਿਹ ਤੇ ਜਨਮ ਮਰਨ ਹ੍ਵੈ ਹਾਨਾ। ਉਪਜੈ ਅਬਚਲ[13] ਅਨੰਦ ਮਹਾਨਾ। -ਮੈਂ ਹੌਂ ਕੌਨ- ਮੋਹਿ ਸੁਧ ਨਾਂਹੀ। ਰਹਿ ਹੌਂ ਹਰਖ ਸ਼ੋਕ ਕੇ ਮਾਂਹੀ ॥੧੩॥ ਇਕ ਛਿਨ ਮਨ ਥਿਤ ਹੋਵਤਿ ਨਾਂਹੀ। ਬਿਚਰਹਿ ਰਾਗ ਦ੍ਵੈਖ ਕੇ ਮਾਂਹੀ'। ਇਸ ਪ੍ਰਕਾਰ ਲਖਿ ਪਿਤ ਜੱਗ੍ਯਾਸਾ[14]। ਬੋਲੇ ਬਚਨ ਗ੍ਯਾਨ ਕੇ ਰਾਸਾ ॥੧੪॥ 'ਪਰਮੇਸ਼ੁਰ ਤੇ ਬੇਮੁਖ ਜੋਈ। ਮਨ

[1]ਤ੍ਯਾਗੀ। [2]ਬੁਢੇਪੇ ਨੇ। [3]ਪਾਲਣਾ। [4]ਪਿਤਾ ਦੇ। [5]ਮਾਯਾ ਦਾ ਮੋਹ। [6]ਨਦੀ ਚਲ ਰਹੀ ਹੈ। [7]ਮਲਾਹ। [8]ਚਲਾਵਣਾ। [9]ਗ੍ਯਾਨ ਦਾ ਸੁਨਾਉਣਾ ਇਹ ਚਲਾਵਣਾ ਕਰਦਾ ਹੈ। [10]ਆਤਮਾ ਨੂੰ ਜਾਨਣਾ। [11]ਪਰਮਾਰਥ ਦੀ ਸੂਝ। [12]ਨਸ਼ਾ। [13]ਅਟੱਲ। [14]ਜਾਣਨ ਦੀ ਇੱਛਾ।

Sri Satguru Jagjit Singh Ji eLibrary NamdhariElibrary@gmail.com

ਜੋ ਨਾਮ ਲਖੀਜੈ ਸੋਈ। ਜੋ ਸਰੂਪ ਸਨਮੁਖ[1] ਹ੍ਵੈ ਲਾਗਾ। ਭਯੋ ਅਮਨ ਸੋ ਲਖਹੁ ਸਭਾਗਾ॥ ੧੫॥ ਜਿਉ ਰਵਿ ਬਿਮੁਖ ਬਰਫ ਹ੍ਵੈ ਜਾਵੈ[2]। ਸਨਮੁਖ ਤੇ ਸੋ ਜਲ ਪਦ ਪਾਵੈ।ਤਿਉਂ ਇਸ ਮਨ ਕੀ ਗਤਿ ਲਖਿ ਲੀਜੈ। ਪਰਮੇਸ਼ੁਰ ਦਿਸ਼ ਦ੍ਰਿੜ ਸੁ ਕਰੀਜੈ[3] ॥੧੬॥ ਹਰਖ ਸ਼ੋਕ ਪੁਨ ਰਾਗ ਜੁ ਦ੍ਵੈਖਾ। ਤਿਨ ਤੇ ਹ੍ਵੈ ਹੈ ਸਥਿਤ ਬਿਸ਼ੇਖਾ[4]। ਸਰਬ ਥਾਨ ਸਭਿ ਜੀਵਨ ਮਾਂਹੀ। ਪਰਮੇਸ਼ੁਰ ਬਿਨ ਦੂਜੋ ਨਾਂਹੀ॥ ੧੭॥ ਧਰਨੀ ਸਰਬ ਬਿਖੇ ਜਲ ਜੈਸੇ। ਪਰਮਾਤਮ ਰਹਨੋ ਪੂਰ* ਸੁ ਐਸੇ। ਤੁਮ ਜਿ ਕਹਉ -ਨਹਿ ਦੇਤਿ ਦਿਸਾਈ-। ਸੋ ਬਿਧਿ ਨੀਕੀ ਦੇਉਂ ਬਿਤਾਈ॥ ੧੮ ॥ ਗਯਾਨੀ ਕੋ ਜੋ ਰਿਦਾ ਬਿਮਲ ਹੈ। ਤਹਾਂ ਪ੍ਰਗਟ ਜਿਉਂ ਸ੍ਰੋਤ[5] ਸੁ ਜਲ ਹੈ।ਜੱਗਯਾਸੀ ਕੋ ਉਰ ਹੈ ਜੋਈ।ਕੂਪ[6] ਸਮਾਨ ਜਾਨਿਯੇ ਸੋਈ॥੧੯॥ਜਤਨ ਕਰੇ ਜਲ ਕਰ ਮਹਿਂ ਆਵੈ। ਤਿਉਂ ਪ੍ਰਯਾਸ[7] ਤੇ ਈਸ਼ੁਰ ਪਾਵੈ। ਅਗਯਾਨੀ ਕੋ ਉਰ ਹੈ ਜੋਊ। ਪੜਦੇ ਕੋ ਜਲ ਜਾਨਹੁ ਸੋਊ॥ ੨੦॥ ਤਹਿਂ ਤਤਕਾਲ ਹਾਥ ਨਹਿਂ ਆਈ। ਪਰ ਛਿਤ ਮੈਂ[8] ਜਲ ਹੈ ਸਭਿ ਥਾਈਂ। ਤਿਉਂ ਪਰਮੇਸ਼ੁਰ ਹੈ ਸਭਿ ਮਾਂਹੀ। ਪ੍ਰਗਟਨ ਦੁਰਨ ਕਹੀ ਬਿਧਿ ਯਾਹੀਂ[9] ॥ ੨੧॥ ਇਹ ਜੋ ਜਗਤਿ ਬਨਾਉ ਬਨਯੋ ਹੈ। ਪਰਮਾਤਮ ਬਿਨ ਕੌਨ ਗੁਨੌ[10] ਹੈ ?। ਜਿਉ ਨਿਜ ਰੂਪ ਬੀਜ ਬਡ ਧਾਰਤਿ। ਹ੍ਵੈਕਰਿ ਬਿਟਪ ਭਲੇ ਬਿਸਤਾਰਤਿ॥੨੨॥ ਤਿਹ ਬੀਰਜ[11] ਕੋ ਖੋਜੈ ਕੋਊ। ਕਾਠ[12] ਪੱਤ੍ਰ ਪੁਸ਼ਪਾਦਿਕ[13] ਜੋਊ। ਤਹਿ ਤੇ ਹਾਥ ਨ ਆਵਹਿ ਕਬਹੀਂ। ਖੋਜਤਿ

---

[1]ਸਾਹਮਣੇ। [2](ਜਲ) ਸੂਰਜ ਦੀ ਧੁੱਪ ਨਾ ਲੱਗਣ ਤੇ ਬਰਫ ਹੋ ਜਾਂਦਾ ਹੈ। [3]ਜੋ ਪਰਮੇਸ਼ੁਰ ਤੋਂ ਬੇਮੁਖ ਹੈ ਉਸ ਦਾ ਨਾਮ ਹੈ 'ਮਨ'। ਜੋ ਮਨ ਸ੍ਵਰੂਪ ਦੇ ਸਨਮੁਖ ਹੋਇਆ ਉਹ ਮਨ ਨਾ ਰਿਹਾ, ਉਸ ਦਾ ਫਿਰ ਨਾਮ ਹੈ ਅ+ਮਨ। ਜਿਸ ਤਰ੍ਹਾਂ ਸੂਰਜ ਤੋਂ ਬੇਮੁਖ ਹੋਇਆਂ ਹੀ ਬਰਫ ਬਣਦੀ ਹੈ ਸੂਰਜ ਦੇ ਸਨਮੁਖ ਹੋਇਆਂ ਉਹ ਬਰਫ ਫੇਰ ਅ+ਬਰਫ ਹੈ, ਅਰਥਾਤ ਪਾਣੀ ਹੈ। ਇਸੇ ਤਰ੍ਹਾਂ ਪਰਮੇਸ਼ੁਰ ਦੇ ਸਨਮੁਖ ਹੋਇਆਂ ਮਨ ਫਿਰ ਮਨ ਨਹੀਂ ਉਹ ਆਤਮਾ ਹੈ, ਇਸ ਲਈ ਮਨ ਨੂੰ ਪਰਮੇਸ਼ੁਰ ਦੇ ਸਨਮੁਖ ਇਸਥਿਤ ਕਰੋ। [4]ਤਿਨ੍ਹਾਂ (ਹਰਖ ਸ਼ੋਕ) ਨਾਲ ਮਨ ਬਹੁਤ ਜੰਮ ਜਾਂਦਾ ਹੈ, ਭਾਵ ਈਸ਼੍ਵਰ ਵਿਮੁਖ ਹੋ ਜਾਂਦਾ ਹੈ। (ਅ) ਤਿਨਾਂ (ਹਰਖ ਸ਼ੋਕ) ਤੋਂ ਮਨ (ਹਟ ਕੇ) ਅਤਿਸ਼ੇ ਟਿਕ ਜਾਂਦਾ ਹੈ। [5]ਪਰਵਾਹ(ਨਦੀ) ਦਾ। [6]ਖੂਹ। [7]ਯਤਨ। [8]ਪਰੰਤੂ ਧਰਤੀ ਵਿਚ। [9]ਪ੍ਰਗਟਨੇ ਤੇ ਛਪਣੇ ਦੀ ਕਹੀ ਹੈ ਇਹ ਬਿਧਿ। [10]ਵਿਚਾਰਿਆ। [11]ਬੀਜ। [12]ਲਕੜੀ। [13]ਪੱਤੇ ਫੁੱਲ ਆਦਿਕ। *ਪਾ:-ਰਮ ਰਹਯੋ।

Sri Satguru Jagjit Singh Ji eLibrary NamdhariElibrary@gmail.com

ਰਹੈ ਆਰਬਲ ਸਭਿਹੀ॥੨੩॥ਜੇ ਫਲਕੋ ਖੋਜਹਿ ਭਲਿ ਭਾਂਤੀ। ਪਾਇ ਬੀਜ ਹ੍ਵੈ ਸੀਤਲ ਛਾਤੀ। ਤਿਉਂ ਪਰਮੇਸ਼ੁਰ ਖੋਜਨਵਾਰੇ। ਕਾਠ ਤਾਮਸੀ ਜੀਉ[1] ਨਿਹਾਰੇ॥੨੪॥ਬਚਨ ਕਠੋਰ ਕਹਿਨ ਹੈ ਜੋਊ।ਲਖਿ ਕਠੋਰਪਨ ਤਾ ਮਹਿਂ ਸੋਊ। ਤਹਿਂ ਤੇ ਈਸ਼ੁਰ ਹਾਥ ਨ ਆਵੈ। ਜਿਉਂ ਸਿਕਤਾ[2] ਤੇ ਤੇਲ ਨ ਪਾਵੈ ॥ ੨੫ ॥ ਅਹੈ ਰਾਜਸੀ ਪੱਤ੍ਰ ਸਮਾਨਾ। ਛਾਯਾ ਦੇ ਸੁਖ ਬਿਖੈ[3] ਮਹਾਨਾ[4]। ਤਿਨ ਤੇ ਹਰੀ[5] ਪਾਇ ਨਹਿਂ ਕੈਸੇ। ਅੰਧੇ ਕੋ ਮਗ[6] ਮੋਤੀ ਜੈਸੇ ॥ ੨੬ ॥ ਪੁਸ਼ਪ ਸਮਾਨ ਸ਼ਾਂਤਕੀ[7] ਜੇਈ। ਮਧੁਰ ਬਚਨ ਗੰਧ ਧਾਰਹਿਂ ਤੇਈ। ਤਿਨ ਤੇ ਕੁਛਕਹੋਤਿ ਸੁਧ ਕਾਰਾ[8]।ਨਹਿਂ ਪਾਯਤਿ ਹੈ ਪ੍ਰਭੂ ਅਪਾਰਾ॥੨੭॥ਗਯਾਨੀ ਹੈ ਫਲ ਕੇਰ ਸਮਾਨਾ । ਬੀਜ ਰੂਪ ਤਹਿਂ ਪ੍ਰਭੁ ਮਿਲਾਨਾ[9]। ਅਪਰ ਸਥਾਨ ਸੁ ਪਾਵਤਿ ਨਾਂਹੀ। ਬਸਹਿਂ ਸਦਾ ਸਤਿਸੰਗਤਿ ਮਾਂਹੀ ॥ ੨੮॥ ਹੇ ਪਿਤ ! ਇਕ ਪਰਮਾਤਮ ਸਾਰੇ। ਰਾਗ ਦ੍ਵੈਖ ਕਿਉਂ ਕਰਹੁ ਬਿਚਾਰੇ।ਅਪਰ ਕਲਪਨਾ ਤੇ ਮਨ ਰੋਕਹੁ। ਸਰਬ ਸਥਾਨ ਏਕ ਅਵਲੋਕਹੁ॥੨੯॥ ਜਗਤ ਮੋਹਨੀ ਜੋ ਇਹ ਮਾਯਾ।ਇਸ ਬਿਧਿ ਜਾਨਹੁ ਜਿਉਂ ਤਨ ਛਾਯਾ[10]।ਸ੍ਰੀਕਰ-ਤਾਰ ਸੁ ਭਾਨੁ[11]ਸਮਾਨਾ।ਜਬ ਇਹਨਰ ਸਨਮੁਖ ਤਿਹਪਯਾਨਾ॥੩੦॥ਛਾਯਾ ਸਮ ਤਿਹ ਪੀਛੇ ਲਾਗੀ।ਪੁਨ ਨ ਆਦਰੈਂ ਹਰਿ ਅਨੁਰਾਗੀ[12]।ਹਰਿ ਤੇ ਪੀਠ ਜੁ ਫੇਰਿ[13]ਪਯਾਨਾ। ਮਾਯਾ ਗਹਿਨ ਚਹੈ ਨਰ ਇਆਨਾ॥੩੧॥ ਤਬ ਛਾਯਾ ਸਮ ਆਗੈ ਧਾਈ। ਕਰੈ ਜਤਨ ਬਹੁ, ਕਰ ਨਹਿਂ ਆਈ। ਯਾਂਤੇ ਸਭਿ ਕੋ ਜੋ ਹੈ ਮੂਲਾ। ਸਿਮਰਹੁ ਪ੍ਰਭੁ ਹੋਇ ਅਨਕੂਲਾ[14] ॥ ੩੨ ॥ ਬਚਨਨ ਕੀ ਰਚਨਾ ਸੁਨਿ ਕਾਲੂ। ਤਜੇ ਬਾਰ ਇਕ[15] ਜਗਤ ਜੰਜਾਲੂ। ਨਿਰਮਲ ਮਨ ਹ੍ਵੈ ਸਿਮਰਨ ਲਾਗਾ। ਉਪਜਯੋ ਗਯਾਨ ਮੋਹ ਤਮ ਭਾਗਾ ॥ ੩੩ ॥ ਨਿਸ ਬਾਸੁਰ ਹਰਿ ਸੋਂ ਲਿਵ ਲਾਗੀ।ਰਿਦੈ ਦ੍ਵੈਤ ਜੇਤੀ ਸਭਿ ਭਾਗੀ। ਏਕ ਲਖਯੋ

---

[1]ਤਮੋਗੁਣੀ ਲੋਗ ਕਾਠ ਵਰਗੇ ਹਨ। [2]ਰੇਤ। [3]ਵਿਸ਼ਿਆਂ। [4]ਛਾਂ ਵਾਙੂ ਵਿਸ਼ੇ ਸੁਖ ਦੇਂਦੇ ਹਨ (ਪੱਤੇ ਜੋ ਰਜੋਗੁਣ ਸਮਾਨ ਹਨ)। [5]ਰੱਬ। [6]ਰਾਹ (ਵਿਚ ਪਏ)। [7]ਸਤੋ ਗੁਣ ਵਾਲੇ। [8]ਕਾਰਜ ਸ਼ੁੱਧ ਹੋਣਾ=ਕਾਰਜ ਸਿੱਧ ਹੋਣਾ। [9]ਬੀਜ ਵਾਂਙੂ ਰੱਬ ਉਨ੍ਹਾਂ ਵਿਚ ਮਿਲਿਆ ਹੈ। (ਅ) ਉਨ੍ਹਾਂ ਫਲ ਰੂਪੀ ਗਿਆਨੀਆਂ ਤੋਂ ਬੀਜ ਰੂਪੀ ਪਰਮੇਸ਼ੁਰ ਮਿਲਦਾ ਹੈ। [10]ਪਰਛਾਵਾਂ। [11]ਸੂਰਜ। [12]ਪਰਮੇਸ਼ੁਰ ਪਿਆਰੇ ਇਸ ਨੂੰ ਫਿਰ ਆਦਰ ਨਹੀਂ ਦੇਂਦੇ, (ਪਰ ਓਹ ਮਗਰ ਲਗੀ ਰਹਿੰਦੀ ਹੈ)। [13]ਪਿੱਠ ਫੇਰਕੇ। [14]ਅਨੁਸਾਰੀ ਹੋਕੇ। [15]ਇਕ ਬਾਰ ਹੀ।

ਪਰਮਾਤਮ ਸਾਰੇ। ਅਨਿਕ ਕਲਪਨਾ ਕੀਨਿ ਨਿਵਾਰੇ ॥ ੩੪ ॥ ਜਿਉਂ
ਸਰਾਫ ਭੂਖਨ ਮਤਿ[1] ਤਜਾਗੇ। ਮੋਲ ਲੇਤਿ ਕੰਚਨ ਹਿਤ ਪਾਗੋ[2]। ਕਿਤਿਕ
ਕਾਲ ਇਸ ਰੀਤਿ ਬਿਤਾਵਾ। ਸਮਾ ਸ਼ਰਾਧ ਕਰਨ ਕੋ ਆਵਾ॥੩੫॥ ਸਰਬ
ਸੌਜ ਕਾਲੂ ਅਨਵਾਈ। ਰੀਤਿ ਸ਼੍ਰਾਧ ਕਰਨੇ ਬਨਵਾਈ। ਭੋਜਨ ਕਰਨੋ
ਦਿਜਨ ਕੇ ਹੇਤਾ। ਭੀਰ ਭੂਰ ਭਰਿ ਰਹੀ ਨਿਕੇਤਾ ॥ ੩੬ ॥ਪੰਡਿਤ ਇਕ
ਬੁਲਾਇ ਤਿਹ ਕਾਲਾ। ਬੈਠਨੋ ਕਰਨ ਸ਼ਰਾਧ ਬਿਸਾਲਾ।ਤਬ ਚਲਿ ਸਹਿਜ
ਸੁਭਾਇਕ ਆਏ। ਜੋ ਬੇਦੀ ਕੁਲ ਭਾਨੁ ਸੁਹਾਏ ॥ ੩੭ ॥ ਪਿਤ ਕੇ ਨਿਕਟ
ਬੈਠਿ ਸੁਖਧਾਮਾ।ਬਚਨ ਭਨੇ ਤਿਹ ਛਿਨ ਅਭਿਰਾਮਾ।'ਪਰਚੇ[3] ਕੌਨ ਕਾਜ
ਮਹਿਂ ਤਾਤਾ?।ਭੀਰ ਅਜਰ ਕਹੀਏ ਬਿਰਤਾਂਤਾ' ॥੩੮॥ ਸੁਨਿ ਕਰਿ ਕਾਲੂ
ਬਚਨ ਉਚਾਰੇ।'ਪਿਤਰਨ ਕੇਰ ਸ਼ਰਾਧ ਹਮਾਰੇ। ਦਿਵਸ ਆਜ ਕੇ ਕਰਹਿ
ਸਦਾਈ।ਇਹ ਸ਼ੁਭ ਰੀਤਿ ਸ੍ਰੁਤੀ ਨੈ ਗਾਈ'॥੩੯॥'ਹੇ ਪਿਤ! ਸੱਤਿ ਬਚਨ
ਤੁਮ ਮਾਨਹੁ। ਪੁੰਨਵਾਨ ਅੱਤਿਸ਼ੈ ਨਿਜ ਜਾਨਹੁ।ਪਿਤਰ ਗਏ ਤੁਮਰੇ ਅਸ
ਠੌਰੀ। ਭੂਖ ਰੁ ਪਜਾਸ ਜਹਾਂ ਨਹਿ ਥੋਰੀ[4] ॥੪੦॥ਨਾਹਿ ਸ਼੍ਰਾਧ ਕੀ ਕਰਤਿ
ਉਡੀਕਾ। ਰਹਤਿ ਸਦੀਵ ਤਹਾਂ ਸੁਖ ਨੀਕਾ। ਜਿਨਕੇ ਪਿਤਰ ਅਸਨ
ਜਲ ਚਹਿਹੀਂ। ਕਰਨੋ ਸ਼੍ਰਾਧ ਤਿਨਹਿ ਕੋ ਅਹਿਹੀ ॥ ੪੧॥ ਜਿਨ ਕੇ ਮਨ
ਅਭਿਲਾਖਾ ਨਾਂਹੀ।ਕਰੈ ਸ਼੍ਰਾਧ ਸੰਤਤਿ[5] ਕਿਉਂ ਤਾਂਹੀ। ਅਬ ਸਭਿ ਦਿਜ ਕੌ
ਦੇਹੁ ਅਹਾਰਾ। ਕਰਨੋ ਸ਼੍ਰਾਧ ਤਜਹੁ ਬਿਉਹਾਰਾ'॥੪੨॥ ਕਾਲੂ ਕਹੈ 'ਬਿਨਾ
ਚਖ[6] ਦੇਖੇ। ਮੁਝੇ ਪ੍ਰਤੀਤ ਨ ਆਇ ਵਿਸ਼ੇਖੇ। ਇਸ ਪ੍ਰਕਾਰ ਕੀ ਸੁਧ ਜੁ
ਸੁਨਾਵਹੁ। ਜਹਾਂ ਪਿਤਰ ਸੋ ਠੌਰ ਦਿਖਾਵਹੁ ॥੪੩॥ ਦੇਖਿ ਲੇਉਂ ਮੈਂ ਆਇ
ਭਰੋਸੋ। ਕਹਉ ਜੁ ਤੁਮ ਤਬ ਬਹੁਰ ਕਰੌਂ ਸੋ'। ਸੁਨਿ ਕਰਿ ਬੋਲੇ ਕ੍ਰਿਪਾ
ਨਿਧਾਨਾ'ਜੇ ਤੁਮ ਦੇਖਨੋ ਚਹੋ ਸੁ ਥਾਨਾ॥੪੪॥ਦੋਨ ਬਿਲੋਚਨ ਮੂੰਦਹੁ ਅਬ
ਹੀ।ਪਿਤਰ ਬਿਲੋਕਹੁ ਬੈਠੇ ਸਭਿਹੀ'। ਕਰਿ ਨਿਸ਼ਚਾ ਮਾਨਜੋ ਮਨ ਬਚਨਾ।
ਲੋਚਨ ਮੂੰਦਿ ਪਿਖੀ ਸੁਠ ਰਚਨਾ ॥੪੫॥ ਜਹਿਂ ਬੈਕੁੰਠ ਭਗਤ ਬਡ ਬਾਸਾ।
ਕੰਚਨ ਮਨਿਮਯ ਰੁਚਿਰ ਅਵਾਸਾ[7]। ਤਹਾਂ ਪਿਤਰ ਦੇਖੇ ਸਭਿ ਜਾਈ।
ਇਸ ਕੌ[8] ਦੇਖਿ ਉਠੇ ਸਮੁਦਾਈ ॥ ੪੬ ॥ ਕਰਿ ਕਾਲੂ ਕੋ ਬਹੁ ਸਨਮਾਨਾ।

---

[1] ਗਹਿਣਾ ਬੁੱਧੀ। [2] ਸੋਨੇ ਦੇ ਪ੍ਰੇਮ ਵਿਚ ਲੱਗਕੇ। [3] ਲੱਗ ਰਹੇ ਹੋ। [4] ਜ਼ਰਾ ਵੀ ਨਹੀਂ ਹੈ ਜਿਥੇ। [5] ਉਲਾਦ। [6] ਅੱਖੀਂ। [7] ਮਾਨੋ ਸੋਨੇ ਤੇ ਮਣੀਆਂ ਦੇ ਸੁਹਣੇ ਘਰ ਸਨ। [8] ਭਾਵ ਬਾਬਾ ਕਾਲੂ ਜੀ ਨੂੰ।

Sri Satguru Jagjit Singh Ji eLibrary NamdhariElibrary@gmail.com

ਮ੍ਰਿਦੁਲ ਮਧੁਰ ਮੁਖ ਬਚਨ ਬਖਾਨਾ। 'ਧੰਨ ਧੰਨ ਤੁਮਾਰੀ ਕਰਤੂਤਾ[1]।
ਜਿਹ ਤੇ ਉਪਜਯੋ ਸਦਨ ਸਪੂਤਾ ॥ ੪੭ ॥ ਸਭਿ ਪਿਤਰਨ[2] ਕੋ ਕੀਨ
ਉਧਾਰਾ। ਪਹੁੰਚਾਏ ਪ੍ਰਭੁ ਕੇ ਦਰਬਾਰਾ'। ਕਾਲੂ ਕਹੈ 'ਕਿਤਿਕ ਭਾ ਕਾਲਾ
ਤੁਮ ਨੇ ਪਾਯੋ ਅਨੰਦ ਬਿਸਾਲਾ ? ॥੪੮॥ ਬਸੇ ਆਨਿ ਸ੍ਰੀ ਹਰਿ ਕੇ ਲੋਗਾ।
ਜਹਿ ਮਦ ਮਾਨ ਮੋਹ ਨਹਿ ਸੋਗਾ'। [3]"ਸੁਨਿ ਕਾਲੂ ! ਜਬ ਸਦਨ ਤੁਮਾਰੇ।
ਅਵਤਰਯੋ ਸ੍ਰੀ ਏਕੰਕਾਰੇ ॥ ੪੯ ॥ ਤਬਿ ਕੇ ਆਨ ਬਸੇ ਇਹ ਥਾਨਾ।
ਅੱਚੁਤ[4]ਪਦਵੀ ਅਨੰਦ ਮਹਾਨਾ॥ ਸੁਤ ਕੋ ਸੁਤ ਨ ਜਾਨ ਬਡਭਾਗੀ। ਹਰਿ
ਸੋ ਲਖੋ ਹੋਹੁ ਅਨੁਰਾਗੀ[5]"॥੫੦॥ ਸੁਨਿ ਬਚ, ਸੁਖ ਪਿਖਿਕੈ ਸਮੁਦਾਈ[6]। ਰਹਨੈ
ਸੁ ਕਾਲੂ ਉਰ ਬਿਸਮਾਈ। ਤਜਿਨੇ ਕੀ ਅਭਿਲਾਖ ਨ ਕਰਈ।–ਰਹੌਂ
ਇਹਾ ਮੈਂ–ਰਿਦੈ ਬਿਚਰਈ[7] ॥੫੧॥ ਅਨਦ ਦਿਖਾਇ ਬਡੋ ਜਗਨਾਥਾ।
ਪਿਤ ਕੇ ਗਹਯੋ ਹਾਥ ਮੈਂ ਹਾਥਾ। ਤਿਹ ਛਿਨ ਮੈਂ ਲੋਚਨ ਖੁਲਿਵਾਏ। ਸ੍ਰੀ
ਮੁਖ ਸੋਂ ਅਸ ਬਚਨ ਅਲਾਏ ॥ ੫੨ ॥ 'ਦੇਖੇ ਪਿਤਰ ਕਿਧੌਂ ਤੁਮ ਨਾਂਹੀ।
ਕਹੌ ਬ੍ਰਿਤੰਤ ਸਭੈ ਹਮ ਪਾਹੀ'। ਕਾਲੂ ਕੋ ਸਭਿ ਸੰਸੈ ਭਾਗਾ। ਜਾਨਿ ਪ੍ਰਭੂ ਕੋ
ਮਨ ਅਨੁਰਾਗਾ॥੫੩॥ ਕਹਿਨ ਲਗਯੋ 'ਮੈਂ ਸਭਿਹੀ ਦੇਖੇ। ਬਸਹਿ ਤਹਾਂ ਜਹਿ
ਅਨੰਦ ਵਿਸੇਖੇ। ਅਬਿ ਕਰਿ ਕ੍ਰਿਪਾ ਮੁਝੇ ਤਿਹ ਥਾਨਾ। ਪਹੁੰਚਾਵਹੁ, ਤੁਮ
ਮਧਾ ਨਿਧਾਨਾ ! ॥ ੫੪ ॥–ਮਲ ਮੂਤਰ ਕੀ ਤਜਿ ਕਰਿ ਦੇਹਾ। ਪਹੁੰਚੌਂ
ਤਹਾਂ–ਚਾਹਿ ਮਮ ਏਹਾ'। 'ਸੁਨਹੁ ਪਿਤਾ ਤਵ ਬੈਸ ਬਿਹਾਈ। ਕਿਤਿਕ
ਦਿਵਸ ਮੈਂ ਪਹੁੰਚੋ ਜਾਈ॥੫੫॥ ਅਬ ਉਠਿਕੈ ਸਭਿ ਭੋਜਨ ਖਾਵਹੁ। ਬਹੁਰ
ਬੈਠਿ ਹਰਿ ਕੇ ਗੁਨ ਗਾਵਹੁ'। ਬਚਨ ਮਾਨਿ ਉਠਿ ਦੀਨ[8] ਅਹਾਰਾ। ਜੋ ਤਹਿ
ਆਏ ਸਭਿ ਕੋ ਖ੍ਵਾਰਾ*[9] ॥ ੫੬ ॥ ਕਿਤਿਕ ਦਿਵਸ ਜਬ ਬਹੁਰ ਬਿਤਾਏ।

[1]ਕਰਨੀ। [2]ਵਡਿਆਂ ਦਾ। [3]ਇਥੋਂ ਪਿਤਰ ਬੋਲੇ। [4]ਜਿਥੋਂ ਗਿਰਾਉ ਫੇਰ ਨਾ ਹੋਵੇ। [5]ਪ੍ਰੇਮੀ ਹੋਕੇ। [6]ਸਾਰੇ (ਪਿਤਰਾਂ ਦਾ)। [7]ਵਿਚਾਰਦਾ ਹੈ। [8]ਦਿੱਤਾ। [9]ਖੁਆਇਆ।

*ਗੁਰੂ ਜੀ ਦੇ ਇਸ ਉਪਦੇਸ਼ ਤੇ ਪਿਤਾ ਨੂੰ ਪਰਲੋਕ ਦੇ ਦਰਸ਼ਨ ਕਰਾਉਣ ਦਾ ਅਸਾਂ ਲਈ ਇਹ ਸਾਰ ਉਪਦੇਸ਼ ਹੈ ਕਿ ਅਸੀਂ ਨਾਮ ਜਪੀਏ, ਗੁਰ ਸਿਖ ਤੇ ਗੁਰਮੁਖ ਬਣੀਏ ਜੋ ਪਿਤਰਾਂ ਦਾ ਸੁਤੇ ਸਿੱਧ ਉਧਾਰ ਹੋਵੇ। ਜਥਾ ਵਾਕ:–

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ [ਗਉੜੀ ਮ: ੩
ਹੋਰ ਤੁਕ ਭੀ ਹੈ:–
'ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ' ॥ [ਸੋਰਠ ਮ: ੩

ਪਰਲੋਕ ਗਏ ਪਿਆਰਿਆਂ ਲਈ ਕੀਰਤਨ, ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪੁਆਉਣੇ ਗੁਰਮਤ ਵਿਚ ਹੈਨ: ਯਥਾ:—ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥ [ਸਦ।

[ਅਗੇ ਤੁਕ ਵੇਖੋ ਅਗਲੇ ਪੰਨੇ ਤੇ ਹੇਠਾਂ]

Sri Satguru Jagjit Singh Ji eLibrary NamdhariElibrary@gmail.com

ਅੰਤ ਸਮਾਂ ਪਹੁੰਚਯੋ ਤਬ ਆਏ। ਜਿਉਂ ਗਜ ਫੂਲ ਮਾਲ ਕੋ ਡਾਰੋ[1]।
ਤਿਉਂ ਤਨ ਤਜਿ ਬੈਕੁੰਠ ਪਧਾਰੋ॥੫੭॥ਸ੍ਰੀ ਨਾਨਕ ਉੱਤਮ ਬਿਧਿ ਸੰਗਾ।
ਪਿਤ ਕੋ ਦਾਹ ਕੀਯੋ ਸਰਬੰਗਾ। ਕਿਤਿਕ ਦਿਵਸ ਤਿਹ ਕੇ ਪਸ਼ਚਾਤੀ।
ਤ੍ਰਿਪਤਾ ਤਜੀ ਦੇਹਿ ਸ਼ੁਭ ਭਾਂਤੀ ॥੫੮॥ ਤਿਹ ਕੋ ਦਾਹ ਕੀਨ ਸ਼ੁਭ ਰੀਤੀ।
ਗੀ[2] ਬਿਕੁੰਠ ਕਰਤਯੋ ਸੁਤ ਪ੍ਰੀਤੀ। ਸਰਬ ਦਰਬ ਜੇਤੋ ਘਰ ਬਾਰਾ।
ਦਯੋ ਅਤਿੱਥਿਨ ਕੋ ਸੁਖਕਾਰਾ[3] ॥੫੯॥ ਬੇਦੀ ਕੁਲ ਕੇ ਮਨੁਜ ਮਹਾਨਾ।
ਅਨਿਕ ਬਿਧਿਨ ਸਮਝਾਇ ਸੁਜਾਨਾ[4]। 'ਰਹਹੁ ਆਪ ਨਿਜ ਪਿਤ ਜਿਉਂ
ਪੁਰਿ ਮੈਂ। ਕਿਉਂ ਬਿਰਕਤ ਹੋਇ ਅਸ ਉਰ ਮੈਂ'॥੬੦॥ਸ੍ਰੀ ਗੁਰ ਕਹੈਂ'ਪ੍ਰਪੰਚ
ਪਸਾਰੇ। ਨੱਸ੍ਵਰ[5] ਝੂਠੋ ਲੇਹੁ ਬਿਚਾਰੇ। ਯਾਤੇ ਤਜਹੁ ਪ੍ਰੀਤਿ ਇਹ ਸੰਗਾ।
ਸੱਤਿਨਾਮ ਸਿਮਰਹੁ ਸ ਉਮੰਗਾ' ॥ ੬੧ ॥ ਦਿਵਸ ਬਿਤਾਵਹਿ ਵਹਿਰ
ਉਜਾਰਾਂ[6]। ਆਵਹਿ ਪੁਰਿ ਮੈਂ ਰੈਨ ਉਦਾਰਾ। ਕਿਤਿਕ ਦਿਵਸ ਬੀਤੇ ਤਲ-
ਵੰਡੀ।ਅਤਿਸੈ ਕੀਰਤਿ ਜਹਿਂਤਹਿਮੰਡੀ[7]॥੬੨॥ਆਵਹਿ ਮਨੁਜਅਧਿਕਧਰਿ
ਭਾਊ।ਸੁਨਹਿ ਬਚਨ ਨਿਤ ਚੌਗੁਨ ਚਾਊ। ਦੇਹਿਂ ਮੁਕਤਿ ਦਾ[8]ਤਿਨ ਉਪ-
ਦੇਸ਼ਾ। ਪਰਉਪਕਾਰੀ ਸ੍ਰੀ ਜਗਤੇਸ਼ਾ ॥ ੬੩ ॥ 'ਸਤਿ ਸੰਗਤਿ ਮਹਿ ਸ਼ਰਧਾ

---

[1]ਜਿਵੇਂ ਹਾਥੀ ਫੁੱਲਾਂ ਦੀ ਮਾਲਾ ਸੁਟਦਾ ਹੈ, ਭਾਵ ਸੌਖੇ ਹੀ। [2]ਗਈ। [3]ਸੁਖ ਦਾਤੇ ਨੇ। [4]ਭਾਵ ਗੁਰੂ ਜੀ ਨੂੰ। [5]ਨਾਸ਼ ਹੋਣ ਵਾਲੇ। [6]ਉਜਾੜ ਵਿਚ। [7]ਫੈਲੀ। [8]ਮੁਕਤੀ ਦੇਣ ਵਾਲਾ।

[redacted][ਪਿਛਲੇ ਪੰਨੇ ਦੀ ਬਾਕੀ ਟੂਕ]

ਨਾਮ ਜਪਣਾ ਆਪਣਾ ਉਧਾਰ ਬੀ ਹੈ ਤੇ ਆਪਣੇ ਅਗਲੇ ਪਿਛਲਿਆਂ ਦਾ ਬੀ ਉਧਾਰ ਹੈ। ਮੂਰਖ ਲੋਕਾਂ ਦੀਆਂ ਸੰਸਾਰਕ ਦਲੀਲਾਂ ਨਹੀਂ ਸੁਣਨੀਆਂ ਚਾਹੀਏ ਕਿ ਮਰ ਚੁਕੇ ਪਾਪੀ ਲੋਕ ਕਿਵੇਂ ਉਧਰਦੇ ਹਨ, ਓਹ ਹਿਸਾਬ ਜਾਣਦੇ ਹਨ, ਪਰ ਪਿਆਰ ਤੇ ਅਸਲੀਅਤ ਦੇ ਵਾਕਫ ਨਹੀਂ। ਨਾਮ ਇਕ ਆਤਮ ਰੌਸ਼ਨੀ ਹੈ, ਜਿਸ ਦੇ ਹੱਥ ਵਿਚ ਆਈ ਹੈ, ਉਸ ਨੂੰ ਚਾਨਣਾ ਹੋ ਗਿਆ ਹੈ, ਪਰ ਉਸ ਦੇ ਅੱਗੇ ਪਿੱਛੇ ਬੀ ਦੂਰ ਤਕ ਚਾਨਣਾਂ ਪੈਂਦਾ ਹੈ। ਗੁਰਬਾਣੀ ਬੀ ਇਹ ਗਲ ਪ੍ਰਤਿਪਾਦਨ ਕਰਦੀ ਹੈ, ਯਥਾ:—

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ [ਸੂਹੀ ਮ: ੫

ਤਥਾ:—

'ਆਪਿ ਤਰੈ ਜਨੁ ਪਿਤਰਾ ਤਾਰੇ ॥' [ਮਾਰੂ ਸੋਲਹੇ ਮ: ੧

ਅਗੇ ਅਧਯਾਯ ੯ ਅੰਕ ੫੪ ਵਿਚ ਬੀ ਲਿਖਿਆ ਹੈ:—

'ਗੁਰਮੁਖਿ ਹੋਵਹੁ ਤਜਹੁ ਬਿਕਾਰਾ। ਆਪ ਤਰਹੁ ਕਰਿ ਪਿਤਰ ਉਧਾਰਾ' ॥

Sri Satguru Jagjit Singh Ji eLibrary NamdhariElibrary@gmail.com

ਧਰਨੈ। ਸੱਤਿਨਾਮ ਕੋ ਸਿਮਰਨ ਕਰਨੈ। ਪੂਰਨ ਲਖਹੁ ਪ੍ਰਮਾਤਮ ਏਕੂ। ਮਨਕੇ ਕਲਪਨ[1] ਹੋਤਿ ਅਨੇਕੂ॥੬੪॥ਇਸ ਮਨ ਕੋ ਜੋ ਜੀਤਨ ਕਰਿਹੀਂ। ਸੋਊ ਪਰਮਪਦ ਕੋ ਅਨੁਸਰਹੀਂ।ਕਾਰਨ ਅਲਪ ਸੁਖਨ ਕੇ ਸਾਦੂ[2]। ਜਾਤਿ ਜਨਮ ਖ੍ਵੈ ਆਪਨ ਬਾਦੂ[3] ॥੬੫॥ ਜਿਉਂ ਕੋ ਬਨਿਕ ਕਰਨ ਬਿਵਹਾਰੇ। ਲੈ ਪੂੰਜੀ ਪਰਦੇਸ਼ ਸਿਧਾਰੇ। ਤਿਉਂ ਮਾਨੁਖ ਤਨ ਲੈ ਸਭਿ ਆਏ। ਨਾਮ ਬਿਹਾ-ਜਨ,ਜੋ ਸੁਖਦਾਏ॥੬੬॥ ਇਹ ਤਨ ਲੈਕਰਿ ਬਿਸ਼ਿਯਨਿ ਭੋਗਾ।ਨਿਸਦਿਨ ਰਚੈਂ ਸਿ ਮੂਰਖ ਲੋਗਾ। ਲਾਭ ਨ ਲਯੋ,ਸੁ ਪੂੰਜੀ ਖੋਈ। ਗਮਨੇ ਅੰਤ ਝਾਰਿ ਕਰ ਦੋਈ[4] ॥੬੭॥ਪਾਇ ਨਰਕ,ਪੁ ਕਸ਼ਟ ਅਪਾਰੇ।ਬਹੁਰੋ ਤ੍ਰਿਗਦ ਜੋਨਿ[5] ਜਗ ਧਾਰੇ। ਇਕ ਇਸ ਰੀਤਿ ਗਏ ਜਗ ਹੂੰ ਤੇ। ਇਕ ਨਿਜ ਪੂੰਜੀ ਰਾਖਿ ਪਹੂਤੇ॥੬੮॥ਮਾਨੁਖ ਤਨ ਧਰਿ ਪੁੰਨ ਬਿਸਾਲਾ। ਕਰਤਿ ਰਹੇ,ਤਪ ਮੈਂ ਤਨ ਘਾਲਾ। ਸੇ ਸੁਵਰਗ ਸੁਖੰ ਭੋਗਹਿ ਜਾਈ। ਪੁਨ ਜਗ ਮਾਨੁਖ ਦੇਹੀ ਪਾਈ ॥੬੯॥ ਲਾਭ ਨਹੀਂ ਪਰ ਪੂੰਜੀ ਰਾਖੀ। ਪੁੰਨਾਤਮ ਜੋ ਤਪਿ ਅਭਿਲਾਖੀ। ਜਿਨ ਲਿਯ ਲਾਭ ਸੁ ਸੁਨਹੁ ਕਹਾਨੀ। ਸਿਮਰਹਿ ਨਾਮ ਕਰਮ ਮਨ ਬਾਨੀ ॥੭੦॥ ਸੇ ਲਾਹਾ ਲੈ ਗੇ ਦਰਬਾਰਾ। ਅਬਚਲ ਪਾਯੋ ਅਨੰਦ ਅਪਾਰਾ। ਤਾਂਤੇ ਮਾਨੁਖ ਤਨ ਲਖਿ ਪੂੰਜੀ ਭਜਹੁ ਨਾਮ ਤਜਿ ਇੱਛਾ ਦੂਜੀ' ॥ ੭੧ ॥ ਸੁਨਿ ਉਪਦੇਸ਼ 'ਧੰਨ ਧੰਨ' ਕਹਿਹੀਂ।'ਮਹਾਂ ਪੁਰਖ ਪੂਰਨ ਇਹ ਅਹਿਹੀਂ'। ਜਿਨ ਮਾਨਤੋ ਪੁਨ ਕੀਨ ਕਮਾਵਨ। ਤਿਨ ਹੀ ਲਹਯੋ ਪਰਮ ਪਦ ਪਾਵਨ॥੭੨॥ਬਹੁਰ ਗਵਨ ਕੀ ਕਰਿ ਅਭਿਲਾਖਾ। ਮੁਝ ਪੁਨ ਮਰਦਾਨੇ ਸੋਂ ਭਾਖਾ।"ਚਲਹੁ ਅਬੈ ਤਿਰਥਨ ਕੋ[6] ਦੇਖੈਂ।ਜਹਿ ਮਾਨਵ ਹੈ ਜਾਤਿ ਵਿਸ਼ੇਖੈਂ"॥ ੭੩॥ ਨਾਰਜ ਪਾਨ ਮੇਲਿ[7] ਕਹਿ ਲਾਲੂ[8]'ਤਾਤ! ਚਲੇ ਹਮਰੋ ਕਿਹ ਹਾਲੂ?'। "ਝੂਠੋ ਜਗਤ ਸਾਚ ਧਰਿ ਆਪੂ[9]।ਸਿਮਰ ਨਾਮ ਨਹਿ ਸੋਗ ਕਦਾਪੂ' ॥੭੪॥ ਦੋਹਰਾ ॥ ਜਾਫਲ[10] ਸਤਿਗੁਰ ਬਚਨ ਕਰਿ ਮੋਹ ਸੈਨ[11] ਕਰਿ ਨਾਸ਼। ਮੋਦ ਕੰਠ ਧਰਿ ਕਹਿਤ ਭਾ 'ਤਾਤ ! ਖੇਲ ਜਹਿ ਆਸ[12]' ॥੭੫॥ ਚੌਪਈ ॥ ਸੁਨਿ

---

[1]ਕਲਪਨਾ, ਫੁਰਨੇ। [2]ਥੋੜੇ ਸੁੱਖਾਂ ਦੇ ਸੁਆਦ ਵਾਸਤੇ। [3]ਬਿਰਥਾ। [4]ਦੋਵੇਂ ਹੱਥ ਝਾੜਕੇ। [5]ਟੇਢੀਆਂ ਜੂਨਾਂ, ਸੱਪ ਬਿੱਛੂ ਆਦਿ [ਸਿਂਸ: ਤਿਰ੍ਯਕ]। [6]ਤੀਰਥਾਂ ਨੂੰ। [7]ਨਾਰ=ਜਲ ਤੋਂ। ਜ=ਉਪਜੇ ਜੋ, ਸੋ ਕਵਲ, ਕਵਲਾਂ ਵਰਗੇ ਹੱਥ ਜੋੜਕੇ। [8]ਗੁਰੂ ਜੀ ਬੋਲੇ। [9]ਆਪਾ ਸੱਚ ਹੈ, ਇਹ ਧਾਰਨਾ ਧਾਰ ਲਓ। [10]ਜੈਫਲ। [11]ਮੋਹ ਦੀ ਸੈਨ, ਸੈਨ ਇਕ ਬੇਹੋਸ਼ੀ ਦੀ ਬੀਮਾਰੀ ਹੈ, ਜੈਫਲ ਓਸ ਦੀ ਔਸ਼ਧੀ ਹੈ। [12]ਇੱਛਾ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਅੰਗਦ ਧਾਰਿ ਉਮੰਗਾ।ਮੁਝ ਮਰਦਾਨੇ ਕੋ ਲਿਯ ਸੰਗਾ। ਮਿਲ ਸਭਿ ਸੋਂ ਕੀਨੋ ਪ੍ਰਸਥਾਨਾ[1] । ਜੀਤਨ ਦੰਭੀ ਜੇ ਅੱਗਯਾਨਾ ॥ ੭੬ ॥ ਕਬਿੱਤ ॥ ਦਿਗਬਿਜੈ ਹੇਤ ਸਾਜਿ ਬੇਦੀ ਕੁਲਕੇਤੁ ਦਲ[2], ਚਲੇ ਦੰਭ ਦਲਿਬੇ ਕੌ, ਦਲਨਿ[3] ਬਿਦਾਰਿਆ[4] । ਭੁਗਤਿ ਕੀ ਕੇਤੁ, ਪਟ[5] ਪ੍ਰੇਮ ਕੋ ਸਮੇਤ ਕਰਿ ਕੀਰਤਿ ਨਿਸ਼ਾਨੋ[6] ਘਹਿਰਾਨੋ[7] ਘਨ[8] ਭਾਰਿਆ। ਗਯਾਨ ਕੋ ਖੜਗ ਧਰਿ, ਜੁਗਤਿ ਕਮਾਨ ਕਰ, ਨਾਨਾ ਦ੍ਰਿਸ਼ਟਾਂਤ ਲੀਨ ਸ਼ਿਲੀਮੁਖ[9] ਧਾਰਿਆ। ਜਹਾਂ ਦਿਢ ਕੋਟ ਤਹਾਂ ਕਰਮਾਤ ਤੋਪ ਸੰਗ ਢਾਹਿਕੇ ਮੈਦਾਨ ਕੀਨ ਮਿਲੇ ਅਰਿ ਹਾਰਿਆ[10] ॥ ੭੭ ॥ ਕਬਿੱਤ ॥ ਸੱਤਿਨਾਮ ਸਿਮਰਨ ਪਹਿਰ ਸਨਾਹ ਤਨ[11] ਕੌਟਕ ਤਰਕ ਤਰਵਾਰ ਨ ਕਟਤਿਹੈਂ[12]।ਨੀਵੇਂ ਮਨਰਾਖਨੋ ਅਗਾਰੀ ਹੈ ਸਿਪਰ ਦਿਢ[13], ਰੋਸ ਰੂਪ ਤੀਰ[14] ਜਾਂਕੋ ਛ੍ਵਿਇ ਨ ਸਕਤਿ ਹੈਂ। ਕਰੁਨਾ ਕੀ ਰਥ,ਉਪਕਾਰ ਕੇ ਤੁਰੰਗਜੋਰਿ[15],ਸਤਿ ਕੀਨੋ ਸੂਤ[16],ਬ੍ਰਿਤਿ* ਡੋਰਨ[17]ਜਟਤਿ ਹੈਂ।ਧੀਰਜ ਸੰਤੋਖ ਦਾਨ ਆਦਿ ਜੋ ਬਿਗਯਾਨਜੋਧਾ[18]ਚਢੇ ਮੋਹ ਜੀਤਬੇ ਕੋ'ਮਾਰ ਹੀ'[19]ਰਟਤਿ ਹੈਂ†॥੭੮॥ਦੋਹਰਾ ॥ਸ਼ਰਧਾ[20]ਸਮਤਾ[21] ਸੁਮਤਿ[22], ਪ੍ਰੇਮ, ਭਾਉ[23] ਭਲੇ ਇਸ਼ਨਾਨ। ਇੱਤਯਾਦਿਕ ਦਲ ਲੇ ਗੁਰੂ ਕਰਤਿ ਭਏ ਪ੍ਰਸਥਾਨ ॥ ੭੯ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਾਲੂ ਕੋ ਉਪਦੇਸ਼, ਬੈਕੁੰਠ ਪਹੁੰਚਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅਧਯਾਯ ॥ ੬ ॥

੭. [ਸੰਤ ਮੰਗਲ। ਕੁਰਖੇਤ੍ਰ ਵਿਖੇ ਨਾਨੂ ਪੰਡਿਤ ਨਾਲ ਚਰਚਾ]

ਦੋਹਰਾ॥ ਪੂਰਨ ਦੇਖਨੋ ਆਤਮਾ ਦ੍ਵੈਤਹਿ ਸਰਬ ਨਿਵਾਰਿ।
ਭਏ ਸ਼ਾਂਤਿ ਮਨ ਸੰਤ ਜੋ ਤਿਨ ਪਦ ਨਮੋ ਹਮਾਰਿ ॥ ੧॥

{ ਦ੍ਵੈਤਹਿ=ਦ੍ਵੈਤ ਨੂੰ, ਦੂਈ ਦੀ ਬੁੱਧੀ ਨੂੰ। ਸਰਬ=ਸਾਰੀ।
ਨਿਵਾਰਿ=ਨਿਵਾਰਕੇ, ਦੂਰ ਕਰਕੇ। }

[1]ਟੁਰਨਾ। [2]ਫੌਜ। [3](ਆਸੁਰੀ ਸੰਪਦਾ ਦੀ) ਫੌਜ ਨੂੰ। [4]ਨਾਸ਼ ਕਰਨ ਵਾਲੇ (ਗੁਰੂ ਜੀ)। [5]ਝੰਡੇ ਦਾ ਫਰੇਰਾ। [6]ਧੌਂਸਾ। [7]ਗੱਜਿਆ। [8]ਬੱਦਲ ਵਾਂਙੂ। [9]ਤੀਰ। [10]ਵੈਰੀ ਹਾਰਕੇ (ਸ਼ਰਨ) ਆ ਮਿਲੇ। [11]ਤਨ ਉਤੇ ਸੰਜੋਅ ਪਹਿਰੀ। [12](ਜਿਸ ਨੂੰ) ਕ੍ਰੋੜਾਂ ਦਲੀਲਾਂ (ਰੂਪੀ) ਤਲਵਾਰਾਂ ਨਹੀਂ ਕੱਟ ਸਕਦੀਆਂ ਹਨ। [13]ਪੱਕੀ ਢਾਲ। [14]ਗੁੱਸੇ ਰੂਪੀ ਤੀਰ। [15]ਘੋੜੇ ਜੋੜ ਕੇ। [16]ਸੱਤ ਨੂੰ ਰਥਵਾਹੀ ਬਣਾਯਾ ਹੈ। [17]ਬ੍ਰਿਤੀ ਨੂੰ ਜੋਹੜਾ (ਸ੍ਵੈ ਸਰੂਪ ਵਿਚ) ਜੋੜਨਾ ਹੈ· ਏਹ ਵਾਗਾਂ ਹਨ। [18]ਧੀਰਜ, ਸੰਤੋਖ, ਦਾਨ, ਸ੍ਰੇਸ਼ਟ ਗਿਆਨ ਆਦਿ ਜੋਧੇ ਹਨ। [19]ਮਾਰ ਲੌ ਮਾਰ ਲੌ। [20]ਭਰੋਸਾ, ਭਾਵਨਾ। [21]ਸਮਦ੍ਰਿਸ਼ਟੀ। [22]ਸ੍ਰੇਸ਼ਟ ਬੁਧੀ। [23]ਪ੍ਰੇਮ। *ਪਾ:-ਸੁਰ ਬ੍ਰਿਤ।

†ਪੂਰਬਾਰਧ ਅਧਯਾਯ ੬੦ ਦੇ ਆਦਿ ਵਿਚ ਬੀ ਇਹ ਦੋਵੇਂ ਕਬਿੱਤ ਆਏ ਹਨ। ਪਹਿਲਾ ਤਾਂ ਹੂਬਹੂ ਓਹੋ ਹੀ ਹੈ ਪ੍ਰੰਤੂ ਦੂਸਰਾ ਬਹੁਤ ਸਾਰਾ ਬਦਲਿਆ ਹੋਇਆ ਹੈ।

ਅਰਥ—ਜਿਨ੍ਹਾਂ ਸੰਤਾਂ ਨੇ ਸਾਰੀ ਦ੍ਵੈਤ ਨੂੰ ਦੂਰ ਕਰਕੇ (ਇਕ) ਆਤਮਾ ਨੂੰ (ਸਾਰੇ) ਪੂਰਨ ਵੇਖਿਆ ਹੈ (ਤੇ ਐਉਂ ਦੇਖ ਕੇ) ਸ਼ਾਂਤਿ ਮਨ (ਵਾਲੇ) ਹੋ ਗਏ ਹਨ ਉਹਨਾਂ ਦੇ ਚਰਨਾਂ ਤੇ ਸਾਡੀ ਨਮਸਕਾਰ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਹਿਤ ਤੀਰਥ ਕੇ ਕੀਨਿ ਉਦਾਸੀ। ਕਰਨ ਨਿਹਾਲ ਨਰਨ ਸੁਖਰਾਸੀ। ਪ੍ਰਥਮੈ ਕੁਰਖੇਤਰ[1] ਮਹਿ ਆਏ। ਬੈਸੇ ਏਕ ਥਾਨ ਮਨ ਭਾਏ ॥ ੨ ॥ ਸੂਰਜ ਪਰਬ[2] ਹੁਤੋ ਤਿਹ ਕਾਲਾ। ਮੇਲਾ ਇਕਠੋ ਭਯੋ ਬਿਸਾਲਾ॥ ਦ੍ਵਿਜ ਆਦਿਕ ਜੇ ਚਾਰੋਂ ਬਰਨੇ। ਆਵਤਿ ਭੇ ਹਿਤ ਮੱਜਨ ਕਰਨੇ ॥੩॥ ਆਸ੍ਰਮ ਹੈਂ ਗ੍ਰਿਹਸਤ੍ਰਾਦਿਕ ਜੇਊ। ਆਵਤਿ ਭੇ ਚਾਰੋਂ ਮਿਲਿ ਤੇਊ। ਖਟ ਦਰਸ਼ਨ ਤੇ ਆਦਿ ਜਿ ਅਉਰਾ। ਪੁਰਬ ਕਰਨ ਆਏ ਤਿਹ ਠਉਰਾ ॥ ੪ ॥ ਸ੍ਰੀ ਨਾਨਕ ਠਾਨੀ ਮਨ ਐਸੇ।—ਇਨ ਸੋਂ ਚਰਚਾ ਕਰੀਏ ਕੈਸੇ। ਪੰਡਤਬਡੇ ਰਿਦੇ ਜਿਨ ਗਰਬਾ। ਮਾਨੀ[3] ਸੰਨਯਾਸੀ ਜੇ ਸਰਬਾ—॥੫॥ ਇਕ ਸਥਾਨ ਮਹਿਂ ਕੀਨੋ ਆਸਨ। ਬੈਸਿ ਰਹੇ ਮਧ ਦੰਭ ਬਿਨਾਸ਼ਨ[4]। ਮਰਦਾਨਾ ਤਬਿ ਗਾਵਨ ਲਾਗਾ। ਮਧੁਰ ਰਾਗ ਸੋਂ ਉਰ ਅਨੁਰਾਗਾ ॥ ੬ ॥ ਤਿਹ ਛਿਨ ਇਕ ਰਾਨੀ ਸੁਤ ਲੀਨੇ। ਆਈ ਨਿਕਟ ਬੰਦਨਾ ਕੀਨੇ। ਤਿਹ ਕੇ ਸ਼ੱਤ੍ਰ ਪ੍ਰਬਲ ਬਹੁ ਬਾਢੇ[5]। ਦੇਸ਼ ਖੋਸਿ ਸੇ ਪੁਰਿ ਤੇ ਕਾਢੇ ॥੭॥ ਭਈ ਦੀਨ ਪਿਖਿ ਸੰਤਕ੍ਰਿਪਾਲਾ। ਆਨਿ ਬੇਨਤੀ ਕੀਨਿ ਬਿਸਾਲਾ। ਤਿਹ ਭੂਪਤਿ ਸੁਤ ਮ੍ਰਿਗ ਕੋ ਮਾਰੀ। ਧਰੀ ਭੇਟ ਤਿਨ ਗੁਰੂ ਅਗਾਰੀ* ॥ ੮॥ ਕਹੈ 'ਸੁ ਰਿਪੁ ਨੇ ਦੀਨ ਨਿਕਾਰੇ। ਹਮ ਆਏ ਅਬ ਪਾਸ ਤੁਮਾਰੇ। ਕ੍ਰਿਪਾ ਕਰਹੁ ਬਚ ਭਾਖਹੁ ਐਸੇ। ਰਾਜ ਹਮੈ ਪ੍ਰਾਪਤਿ ਹ੍ਵੈ ਜੈਸੇ' ॥੯॥ ਸੁਨਿ ਤਿਹ ਸੋਂ ਕਹਿ ਗੁਰੂ ਕ੍ਰਿਪਾਲਾ। 'ਬ੍ਰਹਮਭੋਜ ਤੁਮ ਕਰਹੁ ਬਿਸ਼ਾਲਾ। ਪ੍ਰਾਪਤਿ ਹ੍ਵੈ ਹੈ ਰਾਜ ਬਹੋਰੀ'। ਸੋ ਬੋਲੇ ਤਬਿ ਦ੍ਵੈ ਕਰ ਜੋਰੀ ॥ ੧੦ ॥ 'ਭੋਜਨ ਹਿਤ ਹਮ ਪਾਸ ਨ ਦਰਬਾ। ਕਰਤਿ ਜੁੱਧ ਤਹਿਂ ਖਰਚੇ ਸਰਬਾ। ਅਬ ਹਮ ਹੋਏ ਰੰਕ ਸਮਾਨਾ। ਆਏ ਸ਼ਰਨੈ ਸੰਤ ਮਹਾਨਾ !' ॥ ੧੧॥ ਸ੍ਰੀ ਗੁਰ ਕਹੈਂ 'ਕਰਹੁ ਅਸ ਰੀਤੀ। ਕੋਰੋ ਮਟਿਕਾ ਆਨਿ ਸਪ੍ਰੀਤੀ। ਬਿਸ ਮ੍ਰਿਗ ਕੋ ਸਭਿ ਮਾਸ ਸਵਾਰਹੁ। ਭਲੀ ਪ੍ਰਕਾਰ ਤਾਂਹਿ ਮਹਿ ਡਾਰਹੁ ॥ ੧੨ ॥ ਮਾਰਨ[6] ਸਰਬ ਪਾਇ ਇਸ ਮਾਂਹੀ।

---

[1]ਅੰਬਾਲੇ ਤੋਂ ਅਗੇ ਥਾਰ ਇਕ ਪੁਰਾਤਨ ਤੀਰਥ ਹੈ ਜਿਥੇ ਮਹਾਂਭਾਰਤ ਦਾ ਯੁੱਧ ਹੋਇਆ ਸੀ।
[2]ਸੂਰਜ ਗ੍ਰੈਹਣ ਦਾ ਪੁਰਬ। [3]ਮਾਨਧਾਰੀ। [4]ਦੰਭ ਨਾਸ਼ਕ। [5]ਵਧੇ ਹੋਏ ਸਨ। [6]ਮਸਾਲੇ।
*ਤ੍ਰਾ: ਖਾ: ਵਿਚ ਇਸਨੂੰ ਹਾਂਸੀ ਦੇ ਰਾਜੇ ਅੰਮ੍ਰਿਤ ਰਾਇ ਦਾ ਬੇਟਾ ਜਗਤ ਰਾਇ ਦੱਸਿਆ ਹੈ।

Sri Satguru Jagjit Singh Ji eLibrary NamdhariElibrary@gmail.com

ਅਗਨਿ ਬਾਰ ਰੀਧਹੁ[1] ਅਬ ਤਾਂਹੀ'। ਇਸ ਪ੍ਰਕਾਰ ਕੀ ਆਇਸੁ ਸੁਨਿਕੈ। ਕਰਤਿ ਭਏ ਤਸ ਸਭਿ ਬਿਧਿ ਗੁਨਿਕੈ ॥ ੧੩ ॥ ਚੂਲ੍ਹੇ ਕੋ ਕਰਿ, ਮਟਕਾ ਧਾਰਯੋ। ਮਾਸ ਮਿਰਗ ਕੋ ਸਰਬ ਸਵਾਰਯੋ। ਤਾਂ ਮਹਿ ਪਾਇ ਹੁਤਾਸਨ ਬਾਰਾ[2]। ਬਹੁਤੇ ਬਿੱਪ੍ਰਨ[3] ਜਬਹਿ ਨਿਹਾਰਾ ॥੧੪॥ ਬਿੰਦਨਾ ਮਹਿ ਪੰਡਿਤ ਬਡ ਮਾਨੀ। ਨਿਕਸਯੋ ਧੂਮ ਦੇਖਿ ਰਿਸ ਠਾਨੀ।–ਆਜ ਤਰਨਿ ਕੋ ਗ੍ਰਹਨ ਅਕਾਸ਼ਾ[4]। ਇਹ ਅਜਾਨ ਰੀਧਨ ਲਗਿ ਮਾਸਾ ॥੧੫॥ ਲੈ ਕਰਿ ਕੁਤਕੇ[5] ਸ਼ਸਤ੍ਰ ਅਪਾਰਾ। ਆਇ ਨਿਕਟ ਕਹਿ'ਕਰਹੁ ਪ੍ਰਹਾਰਾ[6]।ਕੋ ਤੇਰੋ ਹੈ ਬਚਨ? ਅਧਰਮੀ! ।ਕੋ ਕੀਨੋ ਤੈਂ ਕਰਮ? ਕੁਕਰਮੀ! ॥੧੬॥ਦਿਵਸ ਆਜ ਕੇ ਤੁਰਕ ਜਿ ਮਾਨਵ[7]। ਸੋ ਭੀ ਤ੍ਰਾਸ ਰਿਦੈ ਬਹੁ ਠਾਨਵ[8]। ਕਰਿ ਇਸ਼ਨਾਨ, ਦੇਨਿ ਪੁਨ ਦਾਨਾ। ਇਨ ਕਾਜਨ ਕੋ ਕਾਲ ਮਹਾਨਾ'॥੧੭॥ਦੋਹਰਾ ॥ ਸੁਨਿ ਕਰਿ ਤਿਨ ਤੇ ਸ੍ਰੀ ਗੁਰੂ ਬਚਨ ਕਹੇ ਅਸ ਰੀਤਿ। 'ਛੁਧਾ ਲਗੀ ਮੋਕੋ ਬਡੀ ਹਿਤ ਅਹਾਰ ਕਿਛੁ ਕੀਤ' ॥ ੧੮ ॥ ਚੌਪਈ ॥ ਦਿਜ ਤਬ ਬੋਲੇ ਬਚਨ ਕਠੋਰਾ। 'ਕਸ ਰੀਧਯੋ ਤੁਮ ਤ੍ਰਾਸ ਨ ਥੋਰਾ। ਬਿਨਾ ਬਿਲਮ ਸੋ ਦੇਹੁ ਦਿਖਾਈ। ਨਾਤੁਰ ਤੁਝ ਮਾਰੈਂ ਇਹ ਥਾਈਂ'॥੧੯॥ਤਬ ਜਿਨਦੇਖਯੋ ਸੋ ਦ੍ਵਿਜ ਕਹਿਹੀ। 'ਇਸ ਮਟਕੇ ਮਹਿ ਆਮਿਖ[9] ਅਹਿਹੀ। ਹਮਰੇ ਦੇਖਤਿ ਇਨਹਿ ਸਵਾਰਾ। ਪਾਇ ਬੀਚ ਪਾਵਕ ਕੋ ਬਾਰਾ ॥ ੨੦ ॥ ਮਾਰਹੁ ਇਸੇ ਨ ਲਾਵਹੁ ਬੇਰਾ।ਅਸੁ ਕੁਕਾਜ ਕੋ ਕਰੈ ਨ ਫੇਰਾ।ਧਰਮ ਰੀਤਿ ਇਨ ਦੀਨਿ ਬਿਗਾਰੀ। ਅਘ ਨ ਹੋਤਿ ਐਸਨ ਕੋ[10] ਮਾਰੀ' ॥੨੧॥ਦੋਹਰਾ॥ ਗੁਰੂ ਕਹੈਂ 'ਬਲ ਕਰਹੁ ਜੇ,ਹਤਨ ਬਿਖੈ ਹਿਤ ਹੋਇ[11]। ਜਿਉਂ ਮਨ ਹੈ ਤਿਉਂ ਕਰੋ ਅਬ ਬਰਜਹਿ ਇਹਾਂ ਨ ਕੋਇ ॥੨੨॥ ਚੌਪਈ ॥ ਜੇ ਤੁਮ ਹਮ ਸੌਂ ਚਰਚਾ ਕਰਨੀ। ਧਰਮ ਅਧਰਮ ਰੀਤਿ ਜਿਉਂ ਬਰਨੀ। ਤੌ ਪੰਡਤ ਸਭਿ ਮਿਲਿ ਸੈਨਯਾਸੀ। ਆਇ ਕਰਹੁ ਚਰਚਾ ਹਮ ਪਾਸੀ' ॥ ੨੩ ॥ ਸੁਨੇ ਸਧੀਰਜ ਬਚਨਾ ਜਬ ਹੀ। ਮਿਲਿ ਆਏ ਪੰਡਿਤ ਜੋ ਸਭਿਹੀ। ਬਿੰਦਨਾਵਾਨ ਹੁਤੇ ਸੈਨਯਾਸੀ। ਅਪਰ ਲੋਕ ਆਏ ਬਹੁ ਪਾਸੀ ॥ ੨੪ ॥ ਇਕ ਨਾਨੂੰ ਸੋ ਪੰਡਿਤ ਭਾਰੀ। ਕੀਨਿ

---

[1]ਅਗਨੀ ਬਾਲਕੇ ਰਿੰਨ੍ਹੋਂ। [2]ਅੱਗ ਬਾਲੀ। [3]ਬ੍ਰਾਹਮਣਾਂ ਨੇ। [4]ਸੂਰਜ ਦਾ ਗ੍ਰਹਣ ਹੈ ਅਸਮਾਨਾਂ ਵਿਚ। [5]ਸੋਟੇ। [6]ਮਾਰ ਦਿਓ। [7]ਜੋ ਮਨੁਖ ਮੁਸਲਮਾਨ ਭੀ ਹਨ। [8]ਤੇ ਬਹੁਤ ਡਰਦੇ ਹਨ। [9]ਮਾਸ। [10]ਐਸਿਆਂ ਨੂੰ। [11]ਬਲ ਨਾਲ ਮਾਰ ਦੇਣ ਵਿਚ ਹੀ ਜੇ ਪ੍ਰੇਮ ਹੈ ਤਾਂ।

Sri Satguru Jagjit Singh Ji eLibrary NamdhariElibrary@gmail.com

ਦਿਗ ਬਿਜੈ[1] ਜਗਤ ਮਝਾਰੀ । ਪਢਨੋ ਭਵਿੱਖਤ ਜੁਊ ਪੁਰਾਨਾ । ਜਿਹ ਮਹਿਂ ਸ੍ਰੀ ਗੁਰ ਸੁਜਸ ਮਹਾਨਾ* ॥ ੨੫ ॥ ਅਪਨ ਆਪ ਕੋ ਸੋ ਲਖਿ-ਧਾਵਾ । ਨਾਮ ਸੁ 'ਨਾਨਕ ਚੰਦ' ਧਰਾਵਾ।–ਸ੍ਰੀ ਨਾਨਕ ਕਲਿ ਹ੍ਵੈ ਅਵਤਾਰਾ। ਬਹੁਤ ਨਰਨ ਕੋ ਕਰਹਿ ਉਧਾਰਾ ॥੨੬॥ ਸਿਮਰਨ ਨਾਮ ਭਗਤਿ ਬਿਸ-ਤਾਰਹਿ । ਦੰਭ ਕੁਕਰਮ ਸਰਬ ਨਿਰਵਾਰਹਿ–। ਅਸ ਮਨ ਜਾਨਿ ਨਾਮ ਨਿਜ ਧਰਿਕੈ । ਸੁਜਸ ਬਿਥਾਰਤਿ ਬਚਨ ਉਚਰਿਕੈ ॥੨੭॥ ਸੋ ਭੀ ਆਇ ਗਯੋ ਤਿਹਕਾਲਾ । ਭਈ ਭੀਰ ਇਸ ਥਾਨ ਬਿਸਾਲਾ । ਸ੍ਰੀ ਨਾਨਕ ਤਬ ਬੈਨ ਉਚਾਰੇ । 'ਕੋ ਆਮਿਖ ਹੈ ਮਤੇ ਤੁਮਾਰੇ ॥ ੨੮ ॥ ਬ੍ਰਹਮਣ ਕੋ ਇਹ ਧਰਮ ਅਲਾਵੈ ।–ਬੇਦ ਪੜੈ ਅਰ ਯੱਗ ਕਰਾਵੈ–। ਛੱਤ੍ਰੀ ਧਰਮ ਜੁੱਧ ਹਿਤ ਧਰਨਾ । ਆਮਿਖ ਸੰਗ ਯੱਗ ਕੋ ਕਰਨਾ ॥ ੨੯ ॥ ਹਮ ਨਿਜ ਧਰਮ ਬਿਖੈ ਹੈਂ ਠਾਂਢੇ। ਤੁਮ ਨੈ[2] ਪੇਖਤਿ ਕਿਉਂ ਰਿਸ ਬਾਢੇ?' । ਸੁਨਿ ਕਰਿ ਬੋਲੇ ਪੰਡਿਤ ਸਭਿ ਹੀ । 'ਖੱਤ੍ਰੀ ਨਿਕਟ ਸ਼ਸਤ੍ਰ ਹ੍ਵੈ ਸਦ ਹੀ ॥ ੩੦ ॥ ਤੁਮ ਨੇ ਭੇਖ ਫਕੀਰੀ ਲੀਨੋ। ਬਿਨਾ ਸ਼ਸਤ੍ਰ ਕਿਉਂ ਛੱਤ੍ਰੀ ਚੀਨੋ[3]' । ਗੁਰੂ ਕਹੈਂ 'ਆਯੁਧ[4] ਹਮ ਪਾਸੂ। ਉਚਰਹਿ ਨਾਮ ਸੁਨਹੁ ਮੈਂ ਤਾਸੂ॥੩੧॥ ਤੀਛਨ ਖੜਗ ਨਾਮ ਕਰਤਾਰਾ[5] । ਸਤਿਸੰਗਤਿ ਹਿਤ ਧਨੁਖ[6] ਸੁ ਭਾਰਾ । ਸਮ ਦਮ ਆਦਿਕ ਬਾਣ ਬਿਸਾਲਾ । ਮ੍ਰਿਗ ਰੂਪੀ ਮਨ ਹਤਿ ਤਤਕਾਲਾ ॥ ੩੨ ॥ ਬ੍ਰਹਮ ਅਗਨਿ ਮਹਿਂ ਹੋਮ ਸੋ ਕਰਿ ਹੀਂ । ਨਿਤਾਪ੍ਰਤਿ ਐਸੇ ਹਿਤ ਧਰਿ ਹੀਂ' । ਸੁਨਿ ਪੰਡਿਤ ਪੁਨ ਬਚਨ ਉਚਾਰਾ । 'ਤੁਮ ਤੋ ਪ੍ਰਗਟ ਮਿਰਗ ਕੋ ਮਾਰਾ ॥ ੩੩ ॥ ਦੀਪਤਿ ਹੋ ਅਬ ਦੇਗ ਚਢਾਏ। ਹਮ ਕੋ ਔਰਹਿ ਰੀਤਿ ਬਤਾਏ' । ਕਮਲਬਦਨ ਬੋਲੇ 'ਸੁਨਿ ਕਾਨਾ । ਚਤੁਰ ਬੇਦ ਇਸ ਭਾਂਤਿ ਬਖਾਨਾ ॥ ੩੪ ॥ ਆਖੇਰ ਬ੍ਰਿਤਿ ਖੱਤ੍ਰਿਨ ਕੈ[7] ਕਰਨੀ । ਕਥਾ ਜੁਗਨ ਚਾਰੋ ਮਹਿ ਬਰਨੀ । ਜੋ ਹੰਕਾਰੀ ਨਰ ਜਗ ਮਾਂਹੀ। ਹਿੰਸਾ ਕੋ ਅਘ[8] ਲਾਗਹਿ ਤਾਂਹੀ ॥ ੩੫ ॥ ਹੰਤਾ ਖੋਇ ਭਏ ਜੋ ਗਯਾਨੀ ।

---

[1]ਦਿਗਬਿਜੈ–ਦਿਸ਼ਾਂ ਵਿਚ ਸਾਰੇ ਫਿਰਕੇ ਫਤੇ ਪਾਉਣੀ । [2]ਤੁਹਾਨੂੰ । [3]ਜਾਣੀਦੇ । [4]ਸ਼ਸਤ੍ਰ । [5]ਰਬ ਦਾ ਨਾਂ ਤ੍ਰਿੱਖੀ ਤਲਵਾਰ ਹੈ । [6]ਸਤਸੰਗਤਿ ਵਿਚ ਪਿਆਰ, ਧਨੁਖ ਹੈ । [7]ਖੱਤ੍ਰੀਆਂ ਨੇ ਸ਼ਿਕਾਰ ਕਰਨਾ । [8]ਹਿੰਸਾ ਦਾ ਪਾਪ ।

*ਪੁਰਾਣਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਕਲਜੁਗ ਵਿਚ ਆਉਣ ਬਾਬਤ ਪੇਸ਼ੀਨ-ਗੋਈ ਕੀਤੀ ਹੋਈ ਹੈ, ਅਰਥਾਤ ਭਵਿੱਖਤ ਵਾਕ ਲਿਖੇ ਹੋਏ ਹਨ, ਦੇਖੋ ਭਵਿੱਖਤ ਪੁਰਾਣ ਅਧਯਾਯ ੩੩, ਸਕੰਧ ਪੁਰਾਣ ਅਧਯਾਯ ੨੮, ਬ੍ਰਹਮਾ ਖਟਮੁਖ ਸੰਬਾਦੇ ।

Sri Satguru Jagjit Singh Ji eLibrary NamdhariElibrary@gmail.com

ਸਰਬ ਦ੍ਵੈਤ ਜੋ ਰਿਦੇ ਮਿਟਾਨੀ। ਪੂਰਨ ਸੱਤਿ ਆਤਮਾ ਜਾਨਹਿ। ਜਗਤ ਅਸੱਤਿ ਸਦਾ ਪਹਿਚਾਨਹਿ ॥੩੬॥ ਤੀਨ ਕਾਲ ਜਿਹ ਜਗਤ ਅਭਾਊ[1], ਤਿਨ ਕੋ ਦੋਸ਼ ਨ ਲਾਗਹਿ ਕਾਊ।ਜੋ ਅੱਗਯਾਨੀ ਨਰ ਮਤਿਮੰਦੇ। ਵਰਨਾ ਸ੍ਰਮ ਕੇ ਧਰਮਹਿ ਫੰਧੇ[2] ॥੩੭॥ ਅੰਤਰ ਮਨ ਚਾਹਤਿ ਰਸ ਖਾਵਨ।ਬਹਿਰ ਤਜਹਿੰ ਹਿਤ ਲੋਕ ਦਿਖਾਵਨਿ। ਸੋ ਮਰ ਜਨਮਹਿ ਜਗ ਕੇ ਮਾਂਹੀ। ਕਬਹੂੰ ਹੋਤਿ ਛੁਟਕਾਰਾ ਨਾਂਹੀ' ॥੩੮॥ ਦੋਹਰਾ ॥ ਇਸ ਪ੍ਰਕਾਰ ਕਹਿ ਸਭਿਨਿ ਸੋਂ ਉਚਰਨੋ ਬਹੁਰ ਸ਼ਲੋਕ। ਮਨ ਬਿਕਾਰ ਤਿਨ ਪ੍ਰਗਟ ਕਿਯ ਸੁਨਤਿ ਬ੍ਰਿੰਦ ਤਹਿਂ ਲੋਕ ॥ ੩੯ ॥

ਸਲੋਕ ਮਃ ੧ ॥

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀ ਉਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ ॥ ੧ ॥

ਦੋਹਰਾ ॥ 'ਜਨਮਾਦਿਕ ਤੇ ਅਪਰ ਜੋ ਮਾਸਹੁੰ ਸੋਂਭੇ ਹੋਇ। ਬਿਨਾ ਮਾਸ ਨਹਿ ਹੈ ਕਛੂ ਹੋਇ ਤ ਉਚਰਹੁ ਕੋਇ ॥ ੪੦ ॥ ਗਹਿ ਵਿਰਾਗ[3] ਜੋ ਉਰ ਬਿਖੇ ਸਤਿਗੁਰ ਕੇ ਢਿਗ ਜਾਇ। ਤਾਂਕੋ ਦੇ ਉਪਦੇਸ਼ ਜਬਿ ਭੇਦਹਿ ਸਰਬ ਲਖਾਇ[4] ॥੪੧॥ ਤਨ ਕੋ ਜਾਨਹਿਂ ਭਿੰਨ, ਪੁਨਿ ਚੇਤਨ ਭਿੰਨ[5] ਦਿਖਾਇ। ਸੱਤਿ ਆਤਮਾ ਜਾਨਹੀ, ਦੇਹਿ ਅਨਿੱਤ ਸਦਾਇ ॥ ੪੨ ॥ ਸਤਿ ਅਸਤਿ ਸਨਬੰਧ ਜੋ ਕਛੂ ਨ ਜਾਨਹੁ ਕੋਇ। ਜੈਸੇ ਸਵਿਤਾ[6] ਤਿਮਰ ਕੋ[7] ਨੇਰ ਨ ਕਬਹੂੰ ਹੋਇ ॥੪੩॥ ਆਪਹੁ ਕੋਊ ਨ ਜਾਨਈ ਬਿਨ ਸਤਿਗੁਰ ਉਪਦੇਸ਼'। ਇਸਪ੍ਰਕਾਰ ਕਹਿ ਸਭਿਨਿ ਕੋ ਤੂਸ਼ਨ ਭੇ ਜਗਤੇਸ਼ ॥੪੪॥ ਪੰਡਿਤ ਸੰਨਯਾਸੀ ਬਹੁਤ ਉੱਤਰ ਆਇ ਨ ਕੋਇ। ਪਿਖਹਿ ਪਰਸਪਰ ਬਦਨ ਨਿਜ ਸਨਮੁਖ ਹੋਇ ਨ ਸੋਇ ॥੪੫॥ ਸੰਨਯਾਸੀ ਨਿਜ ਕਹਿਤਿ ਭੇ ਕੇਤਿਕ ਕਾਲ ਬਿਤਾਇ। 'ਨਾਨਕ ਚੰਦ ! ਪੰਡਿਤ ਬਡੋ ਤੈਂ ਜੀਤਨੋ ਜਗ ਜਾਇ ॥੪੬॥

[1]ਭਾਵ ਜਿਨ੍ਹਾਂ ਜਗਤ ਨੂੰ ਤਿੰਨ ਕਾਲ ਅਣਹੋਯਾ ਮੰਨਿਆਂ ਹੈ। [2]ਫਸੇ ਹੋਏ ਹਨ। [3]ਵਿਰਾਗ ਧਾਰਨ ਕਰਕੇ। [4]ਸਾਰਾ ਭੇਦ ਲਖਾ ਦੇਂਦੇ ਹਨ। [5]ਅੰਦਰਲੀ ਚੇਤਨ ਸੱਤਾ ਨੂੰ ਵੱਖਰਾ। [6]ਸੂਰਜ ਤੇ। [7]ਹਨੇਰੇ ਦਾ।

Sri Satguru Jagjit Singh Ji eLibrary NamdhariElibrary@gmail.com

ਇਸ ਫ਼ਕੀਰ ਕੇ ਸਾਮੁਨੇ ਚਰਚਾ ਕਿਉਂ ਨ ਕਰੰਤਿ? ਬੇਤਾ ਅਗਮ ਨਿਗਮ ਕੋ ਸਭਿਹਿਨਿ ਮੈਂ ਮਤਿਵੰਤ"[1] ॥੪੭॥ ਚੌਪਈ ॥ ਸੁਨਿ ਕਰਿ ਨਾਨੂੰ ਪੰਡਿਤ ਤਬਿਹੀ। ਬੋਲਸੋ ਸਭਿਹਿਨਿ ਪ੍ਰੇਰਨੋ ਜਬਹੀ। ਸ੍ਰੀ ਗੁਰ ਕੇਰ ਪ੍ਰਤਾਪ ਦਬਾਵਾ। ਸਾਬਤ ਕੋਇ ਨ ਉੱਤਰ ਆਵਾ ॥੪੮॥ 'ਹੇ ਫਕੀਰ! ਤੈਂ ਕੌਨ ਕੁਕਰਮਾ। ਪੂਰਬ ਦਿਵਸ ਪੁਨ ਭਾਖਤਿ ਧਰਮਾ। ਕਿਸ ਪ੍ਰਕਾਰ ਤੂੰ ਹਮੈਂ ਬਤਾਵੈਂ?। ਜਿਹ ਸਭਿ ਸ਼ਾਸਤ੍ਰ ਦੋਸ਼ ਲਗਾਵੈਂ ॥੪੯॥ ਦਾਨ ਸ਼ਨਾਨ ਪੂਜਿਬੇ ਕਾਲਾ। ਆਮਿਖ ਰੀਧਤਿ ਪਾਪ ਬਿਸਾਲਾ। ਕੈਸੋ ਤੇਰੋ ਅਹੈ ਸਿਧਾਂਤਾ?। ਉੱਤਰ ਦੇ ਨਤੁ ਹੁਇ ਹੈ ਪਾਤਾ"[2] ॥੫੦॥ ਦੋਹਰਾ॥ ਸੁਨਿ ਬਿਧਿ ਬੇਤਾ ਸਤਿਗੁਰੂ ਬੋਲੇ ਬਚ ਤਤਕਾਲ। ਦ੍ਵਿਜ ਸੰਨਿਆਸੀ ਅਪਰ ਨਰ ਸੁਨਹਿਂ ਭੀਰ ਬਿਸਾਲ ॥੫੧॥

ਮਃ ੧ ॥

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਤਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ਹ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

---

[1] ਜਾਨਣ ਵਾਲਾ ਵੇਦ ਸ਼ਾਸਤ੍ਰ ਦਾ ਤੂੰ ਬ੍ਰਹਮਵਾਦ ਹੈਂ। [2] ਨਹੀਂ ਤਾਂ ਨਾਸ਼ ਹੋਵੇਗਾ (ਤੇਰਾ)

Sri Satguru Jagjit Singh Ji eLibrary NamdhariElibrary@gmail.com

ਚੌਪਈ॥–ਮਾਸ ਮਾਸ–ਕਰਿਕੈ ਅਗਿਆਨੀ।ਮੂਰਖ ਝਗਰਹਿਂ ਆਨ ਗੁਮਾਨੀ।
ਗ੍ਯਾਨ ਬੈਨ ਕੋ ਸਮਝਹਿਂ ਨਾਂਹੀ। ਰਚੇ ਦੰਭ, ਨਿਜ ਮਾਨ ਬਧਾਹੀਂ[੧]॥੫੨॥
ਆਤਮ ਰੂਪ ਭੁਲਾਵਨ ਜੋਈ[੨]।ਲਖਹਿ ਸੱਤਿ ਤਨ ਆਮਿਖ ਸੋਈ।ਆਤਮ
ਤੀਨੋ ਕਾਲ ਨਿਰਾਲਾ[੩]। ਲਿਪੈ ਨ ਕਿਹ ਤੇ ਰਹਤਿ ਉਜਾਲਾ॥੫੩॥ ਦੇਹਿ
ਅਸੱਤਿ ਦਿਸਹਿ ਬਿਦਤਾਰੀ[੪]।ਆਇ ਜਿ ਪਰਾਰਬਧ ਅਨੁਸਾਰੀ। ਲਖਿਕੈ
ਸ਼ਾਸਤ੍ਰ ਵਿਧਿ ਸੰਜੁਗਤਾ। ਹ੍ਵੈ ਨਿਰਸ਼ੰਕ ਬਨਹਿ ਸੋ ਭੁਗਤਾ[੫]॥੫੪॥ ਸੌਊ
ਸਾਕ[੬] ਲਖੇ ਉਰ ਮਾਂਹੀ। ਪਰਾਰਬਧ ਭੋਗਹਿ ਚਿਤ ਚਾਹੀ। ਅਮਰ[੭]
ਜਿ ਗ੍ਯਾਨੀ ਤਿਨ ਕੇ ਕਾਰਨ। ਗੈਂਡੇ ਅਸੁ[੮] ਆਦਿਕ ਪਸੁ ਮਾਰਨ॥੫੫॥
ਸੋ ਆਤਮਕੋ ਲਖਹਿਂ–ਅਕਰਤ੍ਰੂ[੯]।ਸਦਾ ਅਭੁਗਤਾ[੧੦]–ਚਿਤ ਇਉਂ ਧਰਤ੍ਰੂ।
ਭੋਗਨ ਧਰਮ ਪ੍ਰਾਣ ਕੋ ਜਾਨਹੁ।ਕਰਨੋ ਧਰਮ ਰਿਖੀਕ[੧੧] ਪਛਾਨਹੁ॥੫੬॥
ਲਖਨੋ ਧਰਮ ਜੁ ਮਨ ਕੋ ਹੋਈ। ਇਸ ਪ੍ਰਕਾਰ ਸਮਝਤਿ ਹੈਂ ਸੋਈ।ਪਰਾਰ-
ਬਧ ਲਖਿ ਭੋਗਹਿ ਜੋਊ। ਪੁੰਨ ਪਾਪ ਮਹਿ ਲਿਪੈ ਨ ਸੋਊ॥੫੭॥ ਅਰ ਜੋ
ਹੈਂ ਮੂਰਖ ਅੱਗ੍ਯਾਨੀ। ਦੰਭ ਬੈਸ਼ਨੋ ਜਿਉਂ ਬਿਧਿ ਠਾਨੀ[੧੨]। ਮਾਸ ਪਿਖਹਿ
ਦਿਨ[੧੩] ਨਾਕ ਦਬਾਵਹਿ। ਨਿਸ ਪਰਤਿਯ ਸੋਂ ਕੇਲ[੧੪] ਕਮਾਵਹਿ॥੫੮॥
ਲੋਚਨ ਸੁਮਤਿ ਰਿਦੈ ਜਿਸ ਨਾਂਹੀ। ਬਿਸ਼ੈ ਬਾਸ਼ਨਾ ਅੰਧ ਕਮਾਹੀਂ। ਵਹਿਰ
ਮਾਸ ਕੋ ਜਾਨੈਂ ਮੰਦਾ। ਛਪਿ ਕਰਿ ਭੋਗੈਂ ਹ੍ਵੈ ਦੁਖ ਦੁੰਦਾ[੧੫]॥੫੯॥ ਜਿਨ ਨਰ
ਅੱਗ੍ਯਾਨੀ ਦੁਖ* ਧਾਰਾ[੧੬]। ਪਾਪ ਸਹਿਤ ਸੋ ਕਰਹਿ ਅਹਾਰਾ। ਜੋ ਗ੍ਯਾਨੀ
ਤਨ ਹੰਤ ਨਸਾਇਕ[੧੭]। ਆਇ ਅਹਾਰ ਜੁ ਸਹਿਜ ਸੁਭਾਇਕ॥੬੦॥
ਪਰਾਰਬਧ ਲਖਿ ਪਾਵਤਿ ਸੋਊ।ਤਾਂਕੋ ਪਾਪ ਨ ਪੁੰਨਹਿ ਕੋਊ।ਲਿਖਨੋ ਪੁਰਾਣ
ਕਤੇਬਨ ਮਾਸਾ। ਮਾਸ ਸੰਗ ਪੂਜਹਿਂ ਸੁਰ ਰਾਸਾ[੧੮]॥੬੧॥ ਕਾਜ ਵਿਵਾਹਾ-
ਦਿਕ ਜੋ ਸਭਿ ਹੀ।ਬਿਨਾ ਮਾਸ ਤੇ ਸੁਭੈਂ ਨ ਕਬਹੀ। ਪਾਤਿਸ਼ਾਹ ਨ੍ਰਿਪ ਆਮਿਖ
ਖਾਵਤਿ। ਜੋ ਤੁਮ ਲਖਹੁ ਨਰਕ ਸੋ ਜਾਵਤਿ॥੬੨॥ਤੌ ਤੁਮ ਕਿਉਂ ਲੇਂਤਿਨ

[੧]ਵਧਾਉਂਦੇ ਹਨ। [੨]ਭਾਵ ਜੋ ਆਤਮ ਰੂਪ ਤੋਂ ਭੁੱਲੇ ਹਨ। [੩](ਪਰੰਤੂ) ਆਤਮਾ ਵੱਖ ਹੈ ਤਿੰਨੋ ਕਾਲ। [੪]ਪ੍ਰਗਟ। [੫]ਉਸ ਦਾ ਭੋਗਣਹਾਰ। [੬]ਸਾਗ। [੭]ਦੇਉਤੇ। [੮]ਗੈਂਡੇ ਤੇ ਘੋੜੇ। [੯]ਨਾ ਕਰਨੇ ਵਾਲਾ, ਅਭੋ। [੧੦]ਨਾ ਭੋਗਣ ਵਾਲਾ। [੧੧]ਇੰਦ੍ਰੀਆਂ ਦਾ ਧਰਮ। [੧੨](ਦੰਭੀ) ਵੈਸ਼ਨੋ ਵਾਂਙੂ ਦੰਭ ਦੀ ਬਿਧਿ ਧਾਰੀ ਹੈ। [੧੩]ਦਿਨ ਵੇਲੇ। [੧੪]ਪਰਾਈ ਇਸਤ੍ਰੀ ਨਾਲ ਭੋਗ। [੧੫]ਦੁਖ ਤੇ ਕਲੇਸ਼। [੧੬]ਜਿਸ ਅੱਗ੍ਯਾਨੀ ਪੁਰਸ਼ ਨੇ ਦੁਖ (ਰੂਪ ਅਗ੍ਯਾਨ) ਧਾਰਿਆ ਹੈ। [੧੭]ਤਨ ਦੀ ਅਹੰਤਾ ਦੂਰ ਕੀਤੀ ਹੈ। [੧੮]ਮਾਸ ਨਾਲ ਪੂਜਦੇ ਹਨ ਸਾਰੇ ਦੇਵਤਿਆਂ ਨੂੰ।

*ਪਾ:–ਗੁਰ।

Sri Satguru Jagjit Singh Ji eLibrary NamdhariElibrary@gmail.com

ਕੋ ਧਾਨਾ। ਕਰਹੁ ਅਹਾਰ ਧਾਰਿ ਅੱਗਯਾਨਾ। ਪੂਰਬ ਗਹਿ ਤੁਮ ਨਰਕਹਿੰ
ਪਾਵੈਂ। ਪੁਨ ਪਾਛੇ ਤੇ ਸੌਇ ਸਿਧਾਵੈਂ ॥੬੩॥ ਆਪ ਨ ਬੂਝਹੁ ਲੋਕ ਬੁਝਾ-
ਵਹੁ। ਪਾਂਡੇ ! ਖਰੇ ਸਿਆਨ ਕਹਾਵਹੁ। ਮਾਸਾਦਿਕ ਤੇ ਤ੍ਰਿਭਵਣ ਜੋਊ।
ਸਭਿਹੀ ਜਲ ਤੇ ਉਤਪਤਿ ਹੋਊ ॥ ੬੪॥ ਜੋ ਤਨਾਗੇ ਜਲ ਕੇ ਰਸ ਰਾਸੀ[1]।
ਸੋ ਪੰਡਤ ਹ੍ਵੈ ਹੈ ਸੰਨਯਾਸੀ। ਦੰਭ ਧਾਰਿ ਤੁਮ ਜਗ ਬਿਰਮਾਯਾ[2]। ਆਗੈ
ਪਾਵੈ ਬਹੁਤ ਸਜਾਯਾ' ॥੬੫॥ ਇਉਂ ਜਬ ਭਾਖਯੋ ਸ੍ਰੀ ਗੁਣ ਐਨਾ। ਤੂਸ਼ਨ
ਭੇ ਸਭਿ, ਆਇ ਨ ਬੈਨਾ। ਝੂਠ ਕਿ ਠਹਿਰਹਿ ਸਾਚ ਅਗਾਰੀ। ਜਿਉਂ ਕਾਇਰ
ਪਿਖਿ ਸੂਰ ਉਦਾਰੀ॥੬੬॥ਨਾਨੂੰ ਦ੍ਵੈ ਕਰ ਬੰਦਿ ਉਚਾਰਾ।'ਹੇ ਫ਼ਕੀਰ! ਕਯਾ
ਨਾਮ ਤੁਮਾਰਾ?'ਕਹੈਂ ਗੁਰੂ 'ਹਮ ਨਾਨਕ ਨਾਮੂ। ਸੇਵਕ ਨਿਰੰਕਾਰ ਸੁਖਧਾਮੂ'
॥੬੭॥ਸੁਨਿ ਕਰਿ ਨਾਨੂੰ ਸ਼੍ਰੋਨ ਮਝਾਰਾ। ਨਿਜ ਸੰਗਿਨਿ ਸੋਂ ਬਚਨ ਉਚਾਰਾ।
'ਲਿਖਨੋਭਵਿੱਖਤ[3]' ਮਾਂਹਿ ਇਤਿਹਾਸੂ। ਸ੍ਰੀ ਨਾਨਕ ਅਵਤਾਰ ਪ੍ਰਕਾਸੂ॥੬੮॥
ਯਾਂਤੇ ਮੈਂ ਨਿਜ ਨਾਮ ਧਰਾਵਾ। ਬਿੱਦਯਾ ਬਲ ਜੀਤੀ ਸਭਿ ਥਾਵਾ। ਸੋ ਮੈਂ ਨਹਿੰ,
ਅਬ ਇਹ ਪ੍ਰਗਟਾਏ। ਜਗਤ ਉਧਾਰਨ ਕੇ ਹਿਤ ਆਏ॥੬੯॥ਜਿਨਕੇ ਬਚਨ
ਅਤੋਲ ਅਡੋਲਾ। ਕਉਨ ਸਕੈ ਇਨ ਸਨਮੁਖ ਬੋਲਾ। ਜੋ ਸੁਨਿ ਹੈਂ ਇਨ
ਕੋ ਉਪਦੇਸ਼ਾ। ਉਧਰਹਿ ਸੋ ਤਜਿ ਜਗਤ ਕਲੇਸ਼ਾ' ॥ ੭੦ ॥ ਅਸ
ਕਹਿ ਸਭਿਨਿ ਬੰਦਨਾ ਕੀਨੀ। ਚਰਨ ਪ੍ਰੇਮ ਮਹਿ ਮਤਿ ਜਿਨ ਭੀਨੀ। ਖਿਨੈ
ਕਰੀ ਬਹੁ ਭਾਂਤਿ ਸੁਹਾਵਨ। ਅਪਨੀ ਖ਼ਤਾ[4] ਕੇਰਿ ਬਖਸ਼ਾਵਨ ॥ ੭੧ ॥
'ਹੇ ਪ੍ਰਭੁ ! ਹਮਨੈ ਗਤਿ ਨਹਿ ਜਾਨੀ। ਤੂੰ ਅਵਤਰਯੋ ਸੰਤ ਗੁਨਖਾਨੀ।
ਜੋ ਜਗ ਬਡੇ ਅਚਾਰਜ[5] ਹੋਵਹਿ। ਸੋ ਪੂਰਬਲੀ ਰੀਤਿ ਨ ਖੋਵਹਿ ॥ ੭੨॥
ਪੂਰਬ ਦਿਵਸ ਮਹਿ ਮਾਸ ਅਹਾਰਾ। ਖਾਨਿ[6], ਪੁਰਾਨ ਨ ਕਿਸੇ ਉਚਾਰਾ।
ਯਾਂਤੇ ਹਮ ਤੁਮਸੋਂ ਕਛੁ ਭਾਖਾ। ਛਿਮਾ ਕਰਹੁ ਅਬ ਹਮ ਨੈ ਲਾਖਾ'॥੭੩॥
ਸੁਨਿ ਕਰਿ ਬੋਲੇ ਗੁਨੀ ਗਹੀਰਾ। 'ਹਮ ਤੌ ਧਰੀ ਦੇਗ ਮਹਿੰ ਖੀਰਾ।
ਬਹੁਤੀ ਧੇਨੁ ਦੁਆਇ ਮੰਗਾਈ। ਰੀਧਹਿੰ ਪਾਇਸੁ[7] ਕੋ ਇਹ ਥਾਈਂ ॥੭੪॥
ਬਿਮਲ ਭਯੋ ਰਵਿ ਲਿਯ ਜੋ ਗ੍ਰਾਹੀ[8]। ਅਬ ਸਭਿ ਭੋਜਨ ਕਰਹੁ ਇਹਾਂ ਹੀ'।

---

[1]ਸਾਰੇ ਰਸ। [2]ਭੁਲਾ ਦਿੱਤਾ ਹੈ। [3]ਮੁਰਾਦ ਭਵਿੱਖਤ ਤੇ ਸਿਕੰਧ ਆਦਿ ਪੁਰਾਣਾਂ ਤੋਂ ਹੈ।
[4]ਭੁੱਲ। [5]ਆਚਾਰਯ, ਮਹਾਨ ਪੁਰਖ। [6]ਖਾਣਾ। [7]ਖੀਰ। [8]ਸੂਰਜ ਜੋ ਗ੍ਰਸਿਆ ਗਿਆ ਸੀ
ਨਿਰਮਲ ਹੋ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਵਿਗ*ਬਸਾਇ ਪੰਕਤਿ ਕਰਿਵਾਈ। ਨ੍ਰਿਪ ਸੁਤ ਸਹਿ ਪਾਇਸੁ ਵਰਤਾਈ ॥੭੫॥ਹਰਿ ਜਨ ਸੁਖ ਖਲ ਮਾਨ ਬਿਦਾਰੂ[1]।ਸ੍ਰੀ ਮੁਖ ਪ੍ਰਛਤਿ ਬਾਰ ਸੁ ਬਾਰੂ। ਰਿਖੀ ਮੁਨੀਸ਼ੁਰ ਔਰ ਦ੍ਵਿਜਿੰਦੂ। ਸੌਦਾਗਰ ਧਰਿ ਕਹਤਿ 'ਅਨੰਦੂ'[2]॥੭੬॥ ਪਾਇਸੁ ਦੇਖਿ ਰਿਦੈ ਬਿਸਮਾਏ। ਦ੍ਵਿਜ ਸੰਨਯਾਸੀ ਸਭਿ ਤ੍ਰਿਪਤਾਏ*। ਦਯੋ ਅਨੇਕਨ ਕੇਰ ਅਹਾਰੇ। ਭ੍ਰਾ ਅਤੋਟ ਅਚਰਜ ਉਰ ਧਾਰੇ ॥ ੭੭ ॥ ਤਿਹ ਛਿਨ ਨਾਨੂੰ ਪੰਡਤ ਜੋਊ।ਸਭਿਹਿਨਿ ਮਹਿੰ ਅਸ ਬੋਲਯੋ ਸੋਊ।'ਅਪਨ ਨਾਮ ਤੇ ਏਕ ਕਕਾਰਾ[3]। ਅਬ ਤੇ ਮੈਂ ਕਰਿ ਦੀਨ ਨਿਵਾਰਾ॥੭੮॥ਨਾਨਕ ਤੇ-ਨਾਨੂ-ਮੁਹਿ ਕਹੀਏ। ਨਾਨਕ ਨਾਮ ਇਨਹਿਂ ਕੋ ਲਹੀਏ'। ਇਸ ਪ੍ਰਕਾਰ ਕੀ ਮਹਿਮਾ ਗਾਈ। ਸੁਨਿ ਕਰਿ ਸਭਿਹਿਨਿ ਕੇ ਮਨ ਭਾਈ॥੭੯॥ ਪਦ ਪਾਹੁਲ ਬਹੁਤਨਿ ਤਬਿ ਲੀਨੀ।ਗੁਰਮਤਿ ਧਰੀ ਸਗਲ ਬਿਧਿ ਚੀਨੀ। ਸ੍ਰੀ ਮੁਖ ਤੇ ਅਸ ਗਿਰਾ ਉਚਾਰੀ। 'ਰਾਖਹੁ ਧਰਮ ਬਰਨ ਅਨੁਸਾਰੀ'†॥੮੦॥

[1]ਹਰੀ ਜਨਾਂ ਨੂੰ ਸੁਖ ਦੇਣ, ਖਲਾਂ ਦਾ ਮਾਨ ਦੂਰ ਕਰਨ ਵਾਲੇ (ਗੁਰੂ ਜੀ)। [2]ਰਿਖੀ, ਮੁਨੀ ਬ੍ਰਾਹਮਣ, ਧਰਤੀ ਦੇ ਸੁਦਾਗਰ ਕਹਿੰਦੇ ਹਨ:-'ਆਨੰਦ' (ਅ) ਅਨੰਦ ਧਾਰਨ ਕਰਕੇ ਕਹਿੰਦੇ ਹਨ। [3]ਕੱਕਾ-ਅੱਖਰ। *ਵਿਗ...ਤੋਂ...ਤ੍ਰਿਪਤਾਏ-ਪਦ ਤੱਕ ਦੇ ਪਾਠ ਦੀ ਥਾਂ ਇਕ ਲਿਖਤੀ ਨੁਸਖੇ ਵਿਚ ਐਉਂ ਪਾਠ ਹੈ:-

ਵਿਗ ਬਿਸਾਇ ਸਭਿਹਿਨਿ ਕੋ ਸੁਆਮੀ। ਨ੍ਰਿਪ ਸੁਤ ਕੋ ਕਹਿ ਅੰਤਰਜਾਮੀ। 'ਚਾਵਰ ਆਨਿ ਦੂਧ ਮਹਿ ਪਾਵਹੁ। ਕਰ ਪਾਯਸ ਸਭ ਦ੍ਵਿਜਨ ਖੁਵਾਵਹੁ।' ਆਯਸੁ ਮਾਨ ਕਰੀ ਬਿਧਿ ਸੋਊ। ਚਾਵਰ ਸਿੰਤਾ ਆਨਿ ਕਰਿ ਦੋਊ। ਪਾਯਸ ਰੀਧ ਰਿਦੇ ਬਿਸਮਾਏ। ਦ੍ਵਿਜ ਸੰਨਯਾਸੀ ਸਰਬ ਜਿਵਾਏ।

ਇਨ੍ਹਾਂ ਤੁਕਾਂ ਦੇ ਹੁੰਦਿਆਂ ਫਿਰ ੭੪ ਅੰਕ ਦਾ ਅਰਥ ਐਉਂ ਲਗੇਗਾ:-ਅਸੀਂ ਫਿਰ ਧਰ ਦਿੰਦੇ ਹਾਂ ਦੇਗ ਵਿਚ ਦੁਧ, ਬਹੁਤੀਆਂ ਗਊਆਂ ਚੁਆ ਮੰਗਾਉਂਦੇ ਹਾਂ, ਏਥੇ ਖੀਰ ਨੂੰ ਰਿੰਨ੍ਹਦੇ ਹਾਂ। ਖਿਆਲ ਹੁੰਦਾ ਹੈ ਕਿ ਏਹ ਪਾਠ ਦਰੁਸਤ ਹੈ।

†ਸੂਰਜ ਗ੍ਰਹਣ ਸਮੇਂ ਹਿਰਨ ਦੇ ਮਾਸ ਦਾ ਅੱਗ ਤੇ ਰਖਣਾ ਹਿੰਦੂ ਸਿਧਾਂਤ ਦੇ ਉਲਟ ਹੈ ਐਸਾ ਕੌਤਕ ਵਰਤਾਉਣਾ ਗੁਰੂ ਜੀ ਦੀ ਮਹਾਨ ਦੇਸੀ ਤੇ ਆਤਮ ਬਲ ਵਾਲੇ ਸੁਭਾਵ ਦਾ ਲਖਾਯਕ ਹੈ। ਫਿਰ ਹਿੰਦੂ ਧਰਮ ਦੇ ਮੁੱਖ੍ਯ ਤੀਰਥ ਉੱਪਰ ਹਿੰਦੂ ਧਰਮ ਦੇ ਅਸੂਲ ਦਾ ਵਿਸਤਰ੍ਹਾਂ ਖੰਡਨ ਹੁੰਦਾ ਵੇਖਕੇ ਵਿਦ੍ਵਾਨ ਪੰਡਿਤ ਤੇ ਸਾਧੂ ਮਹਾਤਮਾ ਕ੍ਰੋਧਾਤੁਰ ਹੋ ਆਏ, ਗੁਰੂ ਜੀ ਨੇ ਉਨ੍ਹਾਂ ਦਾ ਖੰਡਨ ਕਰਕੇ ਸਿੱਖੀ ਮਾਰਗ ਦੱਸਿਆ, ਸੋ ਇਹ ਕਿੱਕੁਰ ਹੋ ਸਕਦਾ ਹੈ ਕਿ ਗੁਰੂ ਜੀ ਉਸੇ ਥਾਂ ਹੀ ਤੁਸੇ ਹਿੰਦੂ ਮਤ ਦੇ ਵਰਣਾਸ਼੍ਰਮ ਦੇ ਦੱਸੇ ਧਰਮਾਂ ਦੇ ਧਾਰਨ ਦਾ ਉਪਦੇਸ਼ ਦੇਂਦੇ? ਇਸੇ ਅਧ੍ਯਾਯ ਦੇ ਅੰਕ ੩੭ ਵਿਚ ਆਪ ਹੀ ਕਹਿ ਆਏ ਹਨ:-'ਜੇ ਅੱਗ੍ਯਾਨੀ ਨਰ ਮਤਿਮੰਦੇ। ਵਰਣਾਸ਼੍ਰਮ ਕੇ ਧਰਮਹਿ ਫੰਦੇ' ਕਵੀ ਜੀ ਵਰਗੇ ਦਾਨੇ ਅਪਣਾ ਖੰਡਨ ਆਪ ਨਹੀਂ ਕਰ ਸਕਦੇ, ਤਾਂਤੇ ਬੜਾ ਸੰਸਾ ਹੈ ਕਿ ਅੰਕ ੮੦ ਦੀ ਇਹ ਤੁਕ ਅਖੇਪਕ ਹੈ।

ਸੱਤਿਨਾਮ ਸਿਮਰਹੁ ਧੁਤਿ ਪ੍ਰੀਤੀ।ਵੰਡ ਖਾਹੁ ਭੋਜਨ ਸ਼ੁਭ ਰੀਤੀ।ਸਤਿਗੁਰ ਬਾਨੀ ਕੋ ਅੱਭ੍ਯਾਸਾ। ਕਰਹੁ ਸਦਾ ਹ੍ਵੈ ਗ੍ਯਾਨ ਪ੍ਰਕਾਸ਼ਾ' ॥ ੯੧ ॥ ਇਸ ਪ੍ਰਕਾਰ ਕੋ ਸੁਨਿ ਉਪਦੇਸ਼ਾ। ਕਰਿ ਕਰਿ ਬੰਦਨ ਗੇ ਨਿਜ ਦੇਸ਼ਾ। ਮਹਿਮਾ ਕਰਤਿ ਜਾਤਿ ਮਗ ਮਾਂਹੀ। 'ਇਹ ਅਵਤਾਰ ਪ੍ਰਭੂ ਕੋ ਆਹੀ'॥੯੨॥ ਪੁਨ ਰਾਨੀ ਸੁਤ ਕੋ ਸੰਗਿ ਲੀਨੋ।ਆਨਿ ਚਰਨ ਪਰ ਬੰਦਨ ਕੀਨੋ।ਤਿਨਬਿਲੋਕਿ ਬੋਲੇ ਜਗਤੇਸ਼ਾ। 'ਅਬ ਤੁਮ ਜਾਹੁ ਆਪਣੇ ਦੇਸ਼ਾ॥ ੯੩॥ ਸਨਮੁਖ ਹ੍ਵੈ ਕਰਿ ਕਰਹੁ ਲਰਾਈ। ਨਹਿ ਠਹਿਰੈ ਅਰਿ ਜਾਹਿ ਪਲਾਈ[1]। ਸਰਬ ਰਾਜ ਤੁਮ ਅਪਨਾ ਲੀਜੈ।ਸੱਤਿਨਾਮ ਕੋ ਜਾਪ ਜਪੀਜੈ' ॥ ੯੪ ॥ ਸੁਨਿ ਰਜਾਇ ਨਿਜ ਸਿਰ ਪਰ ਧਰਿਕੈ। ਗਮਨੇ ਛਿੱਪ੍ਰ[2] ਹਰਖ ਉਰ ਭਰਿਕੈ। ਕਹੂੰ ਕਹੂੰ ਤੇ ਸੈਨ ਬਟੋਰੀ। ਪਹੁੰਚੇ ਅਪਨੇ ਦੇਸ਼ ਬਹੋਰੀ ॥੯੫॥ ਸੰਗ ਤੁਫੰਗੈਂ[3] ਜੰਗ ਮਚਾਯੋ। ਬਹੁਤ ਸਾਰ ਸੌਂ ਸਾਰ ਬਜਾਯੋ[4]। ਪ੍ਰਬਲ ਲੋਹ ਇਨਕੋ ਭਾ ਐਸੇ। ਆਗੈ ਠਹਿਰ ਸਕੈ ਨਹਿ ਕੈਸੇ ॥੯੬॥ ਮਾਰਿ ਮਾਰਿ ਭਟ ਧਰਨ ਗਿਰਾਏ। ਰਿਪੁ ਦੇਖਹਿ ਜਨੁ ਜਮ ਇਹ ਆਏ। ਸਨਮੁਖ ਜਬ ਅਸ ਕੀਨਿ ਲਰਾਈ। ਗੁਰ ਬਰ ਤੇ ਸਭਿ ਸ਼ੱਤ੍ਰੂ ਪਲਾਈ ॥੯੭॥ ਲੀਨੋ ਸਰਬ ਜਾਇ ਨਿਜ ਦੇਸ਼ਾ। ਕਰਤਿ ਭਯੋ ਸੋ ਰਾਜ ਨੌਰੇਸ਼ਾ। ਪਟਨੇ ਨਗਰ ਬਿਖੈ ਰਜਧਾਨੀ। ਰਹਿਤ ਭਯੋ ਗੁਰ ਮਹਿਮਾ ਜਾਨੀ॥੯੮॥ਸ਼੍ਰੀ ਅੰਗਦ ਜੀ ਸੁਨੀਏ ਕਾਨਾ। ਤਹਿ ਤੇ ਸ਼੍ਰੀ ਗੁਰੁ ਕੀਨ ਪਯਾਨਾ। ਅਪਰ ਥਾਨ ਕੋ ਗਮਨੇ ਸ੍ਵਾਮੀ। ਜਗਤ ਉਧਾ-ਰਨ ਕੇਵਲ ਕਾਮੀ[5] ॥੯੯॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕੁਰਖੇਤ੍ਰ ਪ੍ਰਸੰਗ' ਬਰਨਨੰ ਨਾਮ ਸਪਤਮੋਂ ਅਧ੍ਯਾਯ ॥ ੭ ॥

੮. [ਚੰਡੀ ਮੰਗਲ। ਗੰਗਾ ਵਿਚ ਲਹਿੰਦੇ ਵਲ ਪਾਣੀ ਉਛਾਲਨਾ।]

ਦੋਹਰਾ ॥ ਖਲ ਖੰਡਨ ਜਗ ਮੰਡਨੀ ਭੁਜਦੰਡਨ ਬਰਬੰਡ ॥
ਰੁੰਡ ਕਰਨ ਅਰ ਮੁੰਡ ਭਖਿ ਜੈ ਜੈ ਚੰਡਿ ਪ੍ਰਚੰਡ ॥ ੧ ॥

{ ਮੰਡਨੀ=ਮੰਡਣ ਵਾਲੀ, ਸ਼ਿੰਗਾਰਨ ਵਾਲੀ।
ਭੁਜ ਦੰਡਨ=ਡੰਡੇ ਵਰਗੀਆਂ ਬਾਹਾਂ ਵਾਲੀ, (ਅ) ਦੰਡ ਦੇਣ ਦੀ ਸਮਰੱਥਾ ਵਾਲੀਆਂ ਭੁਜਾਂ ਵਾਲੀ।
ਬਰਬੰਡ=ਬਲਵੰਤ। (ਅ) ਵਰ ਵੰਡਣ ਵਾਲੀ। }

[1] ਭੱਜ ਜਾਏਗਾ। [2] ਛੇਤੀ [ਸੰਸ:, ਕਿਙ੍ਪ੍ਰ]। [3] ਬੰਦੂਕਾਂ ਨਾਲ। [4] ਲੋਹੇ ਨਾਲ ਲੋਹਾ ਖੜਕਾਇਆ।
[5] ਜਗਤ ਉਧਾਰਨ ਦਾ ਕੇਵਲ ਕੰਮ (ਜਿਨ੍ਹਾਂ ਨੇ ਆਪਣੇ ਜ਼ਿੰਮੇ ਲਿਆ ਹੈ)।

Sri Satguru Jagjit Singh Ji eLibrary NamdhariElibrary@gmail.com

ਰੁੰਡ ਕਰਨ=ਸਿਰ ਤੋਂ ਧੜ ਜੁਦਾ ਕਰਨ ਵਾਲੀ । ਰੁੰਡ=ਧੜ ਜਿਸ ਤੋਂ ਸਿਰ ਲਹਿ ਜਾਵੇ । [ਸੰਸ:, ਰੁਣ੍ਡ]
ਮੁੰਡ=ਧੜ ਤੋਂ ਕੱਟਿਆ ਸਿਰ । (ਅ) ਮੁੰਡ ਇਕ ਦੈਂਤ ਜਿਸ ਨੂੰ ਚੰਡੀ ਨੇ ਮਾਰਿਆ ਸੀ । [ਸੰਸ:, ਮੁਣ੍ਡ=ਸਿਰ]
ਭਖਿ=ਖਾ ਜਾਣ ਵਾਲੀ । (ਅ) ਤਬਾਹ ਕਰਨ ਵਾਲੀ, ਦਲ ਸਿੱਟਣ ਵਾਲੀ । [ਸੰਸ, ਭਕ੍ਸ਼ਜ, ਧਾਤੂ ਭਕ੍ਸ਼=੧. ਖਾਣਾ, ੨. ਤਬਾਹ ਕਰਨਾ, ੩. ਵੱਢ ਸੁੱਟਣਾ]

ਅਰਥ—ਦੁਸ਼ਟਾਂ ਨੂੰ ਖੰਡਨ ਕਰਕੇ ਜਗਤ ਨੂੰ ਸਿੰਵਾਰਨ ਵਾਲੀ ਡੰਡਿਆਂ ਵਰਗੀਆਂ (ਮਜ਼ਬੂਤ) ਭੁਜਾਂ ਵਾਲੀ ਤੇ ਬਲਵਾਨ, ਧੜ ਸਿਰ ਤੋਂ ਅੱਡ ਕਰਕੇ ਸਿਰ ਦਲ ਸਿੱਟਣ ਵਾਲੀ, ਤੇਜ ਵਾਲੀ ਚੰਡਿ (ਤੇਨੂੰ) ਜੈ ਹੋਵੇ ਜੈ ਹੋਵੇ ।

ਸ਼੍ਰੀ ਬਾਲਾ ਸੰਧੁਰੁ ਵਾਚ॥ ਚੌਪਈ ॥ ਸ੍ਰੀ ਅੰਗਦ ਸੁਨੀਏ ਇਤਿਹਾਸਾ। ਮੰਦ ਮੰਦ ਗਮਨੇ ਸੁਖਰਾਸਾ। ਆਯੋ ਸ੍ਰੀ ਗੰਗਾ ਕੋ ਮੇਲਾ। ਭੀਰ ਭੂਰ ਭਹਿ ਭਈ ਸਕੇਲਾ[1]॥੨॥ ਪੂਰਬ ਪਸ਼ਚਮ ਉੱਤਰ ਕੇਰੇ। ਨਰ ਦੱਖਣ ਕੇ ਆਇ ਘਨੇਰੇ। ਮਹਾਂ ਪੁਰਬ ਲਖਿ ਮੱਜਨ ਕਾਰਨ। ਅਨਗਨ ਨਰ ਭੇ ਕਲਖ ਉਤਾਰਨ ॥੩ ॥ ਤਹਾਂ ਜਾਇ ਡੇਰਾ ਕਿਯ ਸੁਾਮੀ। ਬਡੀ ਭੀਰ ਲਖਿ ਅੰਤਰਯਾਮੀ। ਸਭਿ ਕੇ ਰਿਦੇ ਮਲੀਨ ਬਿਲੋਕੇ।ਨਿਰਮਲ ਕਰਿ ਮਨ ਕਿਨਹੁ ਨ ਰੋਕੇ॥੪॥ ਰੈਨ ਬਿਤੀ ਹੋਈ ਜਬਿ ਭੋਰਾ। ਮੱਜਨ ਕਰਨ ਗਏ ਭਲਿ ਠੌਰਾ। ਕਈ ਲੱਛ[2] ਮੱਜਨ ਨਰ ਕਰਿਹੀਂ।ਭਾਉ ਭਗਤਿ ਕੋ ਉਰ ਮਹਿੰ ਧਰਿਹੀਂ॥੫॥ ਦੇ ਸੂਰਜ ਕੋ ਨੀਰ ਘਨੇਰਾ।ਥਿਰ ਨਹਿ ਮਨ ਛਿਨ ਚਹੁੰਦਿਸ਼ ਫੇਰਾ। ਤਿਨ ਕੇ ਬੀਚ ਪਹੁੰਚੇ ਜਬਹੀ। ਨ੍ਹਾਨ[3] ਕੀਨ ਸ੍ਰੀ ਸਤਿਗੁਰ ਤਬਹੀ ॥੬॥ ਪਸ਼ਚਮ ਦਿਸ਼ਿ ਮੁਖ ਕਰਿ ਗੁਨਖਾਨੀ[4]।ਕਰ ਅੰਜੁਲ[5] ਸੋਂ ਸੀਂਚਤਿ ਪਾਨੀ। ਕਿਤਿਕ ਕਾਲ ਕਰਿ ਇਸੀ ਪ੍ਰਕਾਰਾ। ਸੁਰਸਰਿ ਕੇ ਮਧ ਖਰੇ ਉਦਾਰਾ[6] ॥੭॥ ਲੋਕ ਬਿਲੋਕਤਿ ਅਚਰਜ ਮਾਨਹਿ। 'ਹੈ ਇਹ ਕੌਨ', ਸਿ ਬਚਨ ਬਖਾਨਹਿੰ । 'ਹਿੰਦੂ ਕਿਧੌਂ ਤੁਰਕ ਹੈ ਕੋਈ!। ਜਾਨੀ ਜਾਇ ਨ ਇਹ ਗਤਿ ਜੋਈ'॥੮॥ ਇਸ ਪ੍ਰਕਾਰ ਉਰ ਅਚਰਜ ਧਰਿ ਕੈ। ਬੂਝਤਿ ਗੁਰ ਸੋਂ ਬਚਨ ਉਚਰਿਕੈ। 'ਹਿੰਦੂ ਕਿਧੌਂ ਤੁਰਕ ਤੂੰ ਕੋਈ?।ਕਹੋ ਸਾਚ ਨਹਿੰ ਰਾਖਹੁ ਗੋਈ[7]'॥੯॥ਤੁਰਕ ਜਿ ਹੈਂ, ਗੰਗਾ ਕਿਉਂ ਆਯੋ। ਮਿਲੁ ਹਿੰਦੁਨ ਮੈਂ ਨ੍ਹਾਨ ਰਚਾਯੋ। ਜੇ ਹਿੰਦੂ,

[1] ਇਕੱਠੀ। [2] ਕਈ ਲੱਖ। [3] ਇਸ਼ਨਾਨ। [4] ਗੁਰੂ ਜੀ। [5] ਬੁੱਕ। [6] ਭਾਵ, ਸ੍ਰੇਸ਼ਟ ਗੁਰੂ ਜੀ। [7] ਗੁਪਤ।

Sri Satguru Jagjit Singh Ji eLibrary NamdhariElibrary@gmail.com

ਪਸ਼ਚਮ ਮੁਖ ਕਰਿਕੈ।ਨ੍ਹਾਇ ਦੇਤਿਜਲ ਕਨਾ ਸੁ ਬਿਚਰਿਕੈ[1]?॥੧੦॥ਇਤ ਦਿਸ਼ਕਿਸ ਕਉ ਦੇਵਹਿ ਪਾਨੀ?ਕਿਹ ਕੇ ਕਹੇ ਰੀਤਿਨਈ ਠਾਨੀ?'।ਸੁਨਿ ਕਰਿ ਬੋਲੇ ਕ੍ਰਿਪਾ ਨਿਧਾਨਾ। 'ਤੁਮ ਇਤ ਦਿਸ਼ ਜਲ ਦਿਹੁ ਕਨਾ ਜਾਨਾ ? ॥੧੧॥ ਕਿਹ ਤੁਮ ਦੇਹੁ?ਕੌਨ ਤਿਹ ਲੇਈ?। ਪ੍ਰਥਮ ਬਤਾਵਹੁ ਮੁਝ ਕਉ ਸੋਈ'। ਨਰ ਬੋਲੇ 'ਜੇ ਪਿਤਰ ਹਮਾਰੇ। ਤਿਨਕੋ ਜਲ ਦੇ ਨ੍ਹਾਇ ਸਕਾਰੇ[2] ॥੧੨॥ਜਲ ਲੇ ਕਰਿ ਸੋ ਹੈਂ ਤ੍ਰਿਪਤਾਈ। ਹਮ ਕੋ ਸਦਾ ਹੋਤਿ ਸੁਖਦਾਈ'। ਸ੍ਰੀ ਗੁਰ ਤਿਨ ਸੋਂ ਬੈਨ ਉਚਾਰੇ।'ਕਿਤਕ ਦੂਰ ਹੈਂ ਪਿਤਰ ਤੁਮਾਰੇ?॥੧੩॥ ਜਿਨ ਕੋ ਜਲ ਤੁਮ ਦੇਤਿ ਸਦਾਈ।ਲੇ ਕਰਿ ਜੋ ਹੋਵਤਿ ਤ੍ਰਿਪਤਾਈ'। ਨਰ ਬੋਲੇ ਮਤਵਾਨਹਿ ਜੋਊ।'ਕਿਤਕ ਸਹੰਸਰ[3]ਜੋਜਨ ਸੋਊ' ॥੧੪॥ ਸ੍ਰੀ ਗੁਰ ਸੁਨਿ ਸ਼੍ਰੋਨਨ ਤਿਨ ਬਾਨੀ।ਦੇਨਿ ਬਿਸਾਲ ਲਗੇ ਪੁਨ ਪਾਨੀ।ਪਸ਼ਚਮ ਦਿਸ਼ਾ ਬਦਨ ਕੋ ਕਰਿਕੈ। ਗੇਰਹਿ ਜਲ ਬਹੁ ਅੰਜੁਲ ਭਰਿਕੈ॥੧੫॥ਬੂਝਨ ਲਗੇ ਬਹੁਰ ਨਰ ਸੋਊ। 'ਤੈਂ ਨਿਜ ਬਾਤ ਬਤਾਇ ਨ ਕੋਊ।ਹਿੰਦੂ ਤੁਰਕ ਕੌਨ ਹੈ ਜਾਤੀ?।ਇਤ ਦਿਸ਼ ਜਲ ਦੇ ਕਿਹ ਤ੍ਰਿਪਤਾਤੀ?'॥੧੬॥ ਦੋਹਰਾ॥ ਸੁਨਿਕੈ ਬੋਲੇ ਬਚਨ ਕੋ ਸ੍ਰੀ ਬੇਦੀ ਕੁਲਕੇਤ। 'ਜਬ ਸੁਰਸਰਿ ਨ੍ਹਾਵਨ ਅਧੋ ਪੁਰਿ* ਨਿਜ ਬੋਯੋ ਖੇਤ ॥੧੭॥ਚੌਪਈ॥ ਨਹਿੰ ਜਲ ਦੇਨ ਹਾਰ ਕੋ[4] ਪਾਛੇ। ਤਿਹਕੋ ਨੀਰ ਦੇਉਂ ਮੈਂ ਆਛੇ। ਜਾਇ ਨ ਸੁਕ, ਰਹੈ ਹਰਿਆਈ। ਨਿਤ ਪਾਨੀ ਕੋ ਦੇਤਿ ਪੁਚਾਈ॥੧੮॥ਊਚੇ ਥਲ ਬੋਯੋ ਸੁ ਕਿਦਾਰਾ[5]। ਫਿਰਿ ਜਾਵਤਿ ਬਰਖਾ ਕੋ ਬਾਰਾ'। ਸੁਨਿ ਨਰ, ਜਾਨਿ ਬਾਵਰੋ ਕਹੈਂ। 'ਬਾਦ ਨੀਰ ਤੂੰ ਗੇਰਤਿ ਅਹੈਂ॥ ੧੯॥ਖੇਤ ਮਾਂਹਿ ਨਹਿੰ ਜਵਹਿ ਕੈਸੇ[6]।ਖਰੋ ਇਹਾਂ ਪਾਨੀ ਦੇ ਜੈਸੇ।ਕਹਾਂ ਖੇਤ, ਠਾਂਢੋ ਤੂੰ ਕਹਾਂ। ਕਿਉਂ ਪ੍ਰਾਪਤਿ ਪਾਨੀ ਹੈ ਤਹਾਂ ॥੨੦॥ ਦੋਹਰਾ ॥ ਹਰੋ ਖੇਤ ਨਹਿਂਹੋਵਈ ਤੂੰਹੈਂ ਬਡੋ ਅਜਾਨ'।ਬਹੁਤਲੋਕ ਮਿਲਿ ਤਹਿ ਭਏ ਬੋਲੇਕ੍ਰਿਪਾ ਨਿਧਾਨ ॥੨੧॥ਚੌਪਈ॥ 'ਸ੍ਰੀ ਪਰਮੇਸ਼ੁਰ ਤੁਮਹਿ ਭੁਲਾਯੋ। ਭਾਉ ਭਗਤਿ ਬਿਨ ਮਨ ਭਰਮਾਯੋ। ਮੇਰੋ ਅਹੈ ਸਮੀਪ ਕਿਦਾਰਾ।ਤਾਂਕੋਪਹੁੰਚ ਨ ਸਕਈ

---

[1]ਵਿਚਾਰਕੇ। [2]ਨ੍ਹਾ ਕੇ ਸਵੇਰੇ। [3]ਹਜ਼ਾਰਾਂ ਹੀ। [4]ਕੋਈ। [5]ਖੇਤ। [6]ਕਿਸੇ ਤਰ੍ਹਾਂ ਬੀ।

*ਕਈ ਖੋਜਕਾਂ ਦਾ ਖਿਆਲ ਹੈ ਕਿ ਕਰਤਾਰ ਪੁਰ ਵਸਾਕੇ ਸ੍ਰੀ ਗੁਰੂ ਜੀ ਹੰਗਾ ਗਏ, ਸੋ ਏਹ ਪ੍ਰਸੰਗ ਤਦੋਂ ਦਾ ਹੈ, ਕਰਤਾਰ ਪੁਰ ਤਦੋਂ ਖੇਤੀਆਂ ਕਰਵਾਉਂਦੇ ਗਏ ਸੇ। ਦੇਖੋ ਸ:-ਖਜ਼ਾਨ ਸਿੰਘ ਕ੍ਰਿਤ ਇਤਿਹਾਸ ਜਿਲਦ ਪਹਿਲੀ ਸਫਾ ੧੦੩। ਇਸ ਯਾਤ੍ਰਾ ਦਾ ਸੰਮਤ ਓਹ ੧੫੮੭ ਬਿ: ਦਿਤਾ ਹੈ।

Sri Satguru Jagjit Singh Ji eLibrary NamdhariElibrary@gmail.com

ਬਾਰਾ ॥ ੨੨ ॥ ਤੁਮਰੇ ਪਿਤਰ ਦੂਰ ਅਧਿਕਾਈ। ਸੋ ਜਲ ਲੈ ਕੈਸੇ ਤ੍ਰਿਪ-ਤਾਈਂ?।ਮੁਝੇ ਅਜਾਨ ਭਨਤਿ ਹੋ ਕੈਸੇ।ਬਡੇਅਜਾਨ ਭੁਏ ਤੁਮ ਐਸੇ'॥੨੩॥ ਅਸ ਕਹਿ ਤੂਸ਼ਨ ਭੇ ਜਗ ਸਾਈਂ,। ਬੈਠਿ ਰਹੇ ਤਬ ਤਿਸਹੀ ਥਾਈਂ। ਪੁੰਜ ਮਨੁਜ ਤਹਿ ਮੱਜਨ ਕਰਿਹੀਂ। ਤਟ ਪਰ ਬੈਠਿ ਧਯਾਨ ਕੋ ਧਰਿਹੀਂ॥੨੪॥ ਦੋਹਰਾ ॥ ਕੋ ਸੰਧਯਾ ਲਾਗੇ ਕਰਨ ਕੇਤਿਕ ਤਰਪਨ[1] ਕੀਨ। ਤੂਸ਼ਨ ਹੋ ਬੈਠੇ ਕਿਤਿਕ ਕਰ ਮਹਿ ਮਾਲਾ ਲੀਨਿ ॥ ੨੫॥ ਚੌਪਈ ॥ ਸ੍ਰੀ ਗੁਰ ਸਭਿ ਕੇ ਮਨ ਕੀ ਜਾਨੇ। ਤਿਨਹਿ ਸੁਨਾਵੈਂ ਬਚਨ ਬਖਾਨੇ। 'ਦੇਖਹੁ ਹਿੰਦੂ ਨਰਕ ਸਿਧਾਰੁਹਿ। ਜਮ ਗਹਿ ਲੇਹਿ ਮਾਰ ਬਹੁ ਮਾਰਹਿ' ॥੨੬॥ ਨਰ ਸੁਨਿ ਕਹੈਂ 'ਜਪਤਸੈਂ ਹਰਿ ਨਾਈਂ[2]। ਕੈਸੇ ਏਹ ਨਰਕ ਕੋ ਜਾਈਂ। ਆਗੈ ਤੈਂ ਕੀਨੀ ਵਿਪਰੀਤਾ। ਅਬਿ ਕਸ ਬੋਲਤਿ ਭਯੋ? ਅਭੀਤਾ[3] !'॥੨੭॥ ਸੂਧੇ ਮਗ ਕੇ ਪਾਵਨ ਹੇਤਾ। ਪੁਨ ਬੋਲੇ ਬੇਦੀ ਕੁਲ ਕੇਤਾ। 'ਜੇ ਤੁਮ ਨਾਮ ਬਿਖੈ ਲਿਵ-ਲਾਵਹੁ। ਕਿਉਂ ਤੁਮ ਅੰਤ ਅਧੋਗਤਿ[4] ਜਾਵਹੁ॥੨੮॥ ਲੇ ਮਾਲਾ ਬੈਠੇ ਕਰ ਮਾਂਹੀ। ਮਨ ਇਸਥਰ ਇਕ ਛਿਨ ਭੀ ਨਾਂਹੀ।ਲੋਕ ਦਿਖਾਵਨ ਹਿਤ ਦਿਨ ਰਾਤੀ। ਕਰਹੁ ਦੰਭ ਬੈਠੇ ਭਲਿਭਾਂਤੀ ॥੨੯॥ ਦੋਹਰਾ ॥ ਕੈਸੇ ਜਪਤਾ ਨਾਮ ਤੂੰ ਮਨ ਪਠਿਯੋ ਮੁਲਤਾਨ। ਤੇਰੋ ਕਾਬਲ ਮਹਿ ਗਯੋ ਕਰੀਏ ਸਾਚ ਬਖਾਨ। ॥੩੦॥ ਚੌਪਈ ॥ ਇੰਦ੍ਰਪ੍ਰਸਤ[5] ਮਹਿ ਬਿਚਰਤਿ ਤੇਰਾ। ਤਕੈਂ ਲਾਭ ਹਜਾਂ ਹੋਇ ਘਨੇਰਾ'।ਜਹਿ ਜਹਿਮਨਸਭਿਹਿਨਿਕੋ ਗਏ।ਸ੍ਰੀਗੁਰ ਤਹਾਂ ਬਤਾਵਤਿ ਭਏ॥੩੧॥ਸਭਿਮਾਨਵ ਨੇ ਸੁਨਿ ਅਸ ਬੈਨੀ।ਜਾਨਯੋ-ਪਰਮੇਸੁਰ ਗਤਿਦੈਨੀ-। ਹਾਥ ਬੰਦਿ ਹੋਏ ਮਨ ਦੀਨੇ। ਚਰਨ ਕਮਲ ਪਰ ਬੰਦਨ ਕੀਨੇ ॥ ੩੨ ॥ ਬਿਨੈ ਭਨਤਿ 'ਭੂਲੇ ਹੈਂ ਤੁਮਤੇ। ਬਖਸ਼ਹੁ ਗੁਨਹਿ ਭਏ ਜੋ ਹਮਤੇ।ਮਹਿਮਾ ਆਗੈ ਹਮ ਨਹਿ ਜਾਨੀ।ਅਬ ਜਾਨੀ ਤੁਮ ਹੋ ਗਤਿਦਾਨੀ' ॥੩੩॥ ਦੋਹਰਾ ॥ ਤਰਪਨ ਮਾਲਾ ਤਜਿ ਸਭੈ ਠਾਕੁਰ ਪੂਜਾ ਛੋਰਿ। ਆਵਹਿ ਗੁਰੂ ਸਮੀਪ ਸਭਿ ਬੰਦਹਿ ਦ੍ਵੈ ਕਰ ਜੋਰਿ ॥੩੪॥ ਚੌਪਈ॥ 'ਅਬ ਤੁਮ ਸਿੱਖ ਆਪਨੇ ਕਰਿਯੇ। ਪਦ ਰਜ[6] ਦੇਯ ਪਾਪ ਪਰਹਰਿਯੇ। ਭੂਲੇ ਹਮ ਮਗ ਦੇਹੁ ਬਤਾਈ। ਮਹਾਂ ਪੁਰਖ ਤੁਮ ਹੋ ਗਤਿਦਾਈ ॥ ੩੫ ॥ ਗੁਰੂ ਹਮਾਰੇ ਭੇ ਤੁਮ ਅਬਹੀ'। ਇਸ ਪ੍ਰਕਾਰ ਕਹਿ ਬੰਦੈਂ ਸਭਿਹੀ। ਸ੍ਰੀ ਗੁਰ ਕਹੈਂ 'ਸੁਨਹੁ ਰੇ ਲੋਕੋ। ਕੈਸੇ ਸਿੱਖ

[1]ਪਿਤਰਾਂ ਨੂੰ ਪਾਣੀ ਦੇਣਾ ਉਨ੍ਹਾਂ ਨੂੰ ਤ੍ਰਿਪਤ ਕਰਨ ਵਾਸਤੇ। [2]ਹਰੀ ਦਾ ਨਾਮ। [3]ਹੇ ਨਿਡਰ! [4]ਨੀਚ ਗਤੀ ਨੂੰ। [5]ਦਿੱਲੀ। [6]ਚਰਨਾਂ ਦੀ ਧੂੜੀ।

ਕਰੌਂ ਤੁਮਨੋ[1] ਕੋ? ॥ ੩੬ ॥ ਮਨ ਮਲੀਨ ਤੁਮ ਕਰੁ ਗੁਰ ਔਰੇ। ਸਮਝਤਿ ਹੋ ਤੁਮ ਹਮ ਕੋ ਬੌਰੇ'। ਕਹੈਂ ਸੁ ਨਰ 'ਅਬ ਤਜੈਂ ਨ ਤੁਮ ਕੋ। ਇਉਂ ਕਹਿ ਬੈਨ ਭੁਲਾਵਤਿ ਹਮਕੋ' ॥੩੭॥ ਦੋਹਰਾ ॥ ਰਹੇ ਚਰਨ ਲਪਟਾਇ ਜਬ ਗੁਰੂ ਮ੍ਰਿਦੁਲ ਕਹਿ ਬੈਨ।ਸਭਿ ਕੋ ਦੇ ਸੰਤੋਖ ਤਬਿ ਬੈਠਿ ਗਏ ਗੁਨਐਨ॥੩੮॥ ਚੌਪਈ॥ਤਿਨਕੋ ਭੋਜਨ ਭਯੋ ਤਿਆਰੀ।ਸਭਿ ਨਰ ਗੁਰਸੋਂ ਗਿਰਾ ਉਚਾਰੀ। 'ਕਰੁਨਾ ਕਰਿ ਅਹਾਰ ਕੋ ਕੀਜੈ। ਜਨਮ ਸਫਲਤਾ ਹਮ ਕੋ ਦੀਜੈ'॥੩੯॥ ਗੁਰੂ ਕਹੈਂ 'ਨਹਿ ਭੋਜਨ ਖਾਵੈਂ। ਤੁਮਰੇ ਸੰਗਿ ਨ ਕਤਹੂ ਜਾਵੈਂ'। ਸੁਨਹੁ ਗੁਰੂ'ਹਿਤ ਸ੍ਰੀ ਕਰਤਾਰਾ।ਉਠਿ ਕਰਿ ਅਚਿਯੋ ਆਪ ਅਹਾਰਾ'॥੪੦॥ਸੁਨਿ ਇਉਂ ਸੰਗਿ ਚਲੇ ਸੁਖਦਾਈ। ਜਹਾਂ ਰਸੋਈ ਤਿਨਹਿ ਬਨਾਈ। ਪਹੁੰਚੇ ਜਾਇ ਤਾਂਹਿ ਕੇ ਡੇਰੇ। ਉਰ ਸ਼ਰਧਾ ਤਿਨ ਵਧੀ ਵਧੇਰੇ ॥ ੪੧ ॥ ਦੋਹਰਾ ॥ ਪਟ ਉਤਾਰ ਖੱਤ੍ਰੀ ਦ੍ਵਿਜਨ ਚੌਕੇ ਬੈਠੇ ਜਾਇ। ਪਦ ਪਖਾਰ ਕਾਰੀ ਕਰੀਂ[2] ਗੁਰ ਅੰਤਰ ਬੈਸਾਇ ॥੪੨॥ ਚੌਪਈ॥ ਤਿਨ ਸੋਂ ਸ੍ਰੀ ਗੁਰ ਗਿਰਾ ਅਲਾਈ। 'ਭਿਟਿਓ ਚੌਕਾ ਦਿਯੋ ਗਵਾਈ। ਕਿਉਂ ਕਾਢਤਿ ਹੋ ਇਹਨਾਂ ਕਾਰਾ ?। ਅੰਤਰ ਚੌਕਾ ਭਯੋ ਖੁਆਰਾ' ॥ ੪੩ ॥ ਸੁਨਿ ਕਹਿ ਬਿੱਪ੍ਰਨ ਬੈਨ ਅਲਾਯੋ। 'ਬਹੁ ਸੁਚਿ ਸੋਂ ਭੋਜਨ ਕਰਿਵਾਯੋ। ਚੌਕਾ ਗੋਬਰ ਕੋ ਕਰਿ ਲੀਨਾ। ਨਿਕਟਿ ਨ ਕੋਊ ਆਵਨ ਦੀਨਾ ॥ ੪੪ ॥ ਸਮਧਾਂ[3]ਧੋਇ ਅੰਨ ਚੁਨ ਸਭਿ ਹੀ। ਬੈਠਿ ਹਦੂਰ ਕਰਾਯੋ ਅਬਹੀ। ਭਿਟੀ ਰਸੋਈ ਕਿਹ ਤੇ ਦੇਖੀ?। ਸੁਚ ਸੰਜਮ ਹਮ ਕੀਨ ਵਿਸ਼ੇਖੀ'॥੪੫॥ਦੋਹਰਾ॥ਬੋਲੇ ਸ੍ਰੀ ਨਾਨਕ ਬਹੁਰ 'ਜਾਵਦ ਤੁਮ ਨਹਿ ਆਇ।ਤਾਵਦ ਚੌਕਾ ਸੁੱਧ ਥੋ ਅਬ ਤੁਮ ਦਯੋ ਗਵਾਇ॥੪੬॥ਚੌਪਈ॥ ਤੁਮਰੇ ਸੰਗ ਚੜੇ ਹੈਂ ਨੀਚੂ।ਭਿਟਿਓ ਚੌਕਾ ਆਏ ਬੀਚੂ'।[4]'ਸ੍ਰੀਗੁਰ! ਹਮਕੋ ਦੀਸਤਿ ਨਾਂਹੀ। ਕਹਾਂ ਚਢੇ ਹੈਂ ਚੌਕੇ ਮਾਂਹੀ ॥੪੭ ॥ ਸੁਚ ਸੋਂ ਬਨੀ ਰਸੋਈ ਸਾਰੀ। ਅਚਹੁ ਅਹਾਰ ਕ੍ਰਿਪਾ ਨਿਜ ਧਾਰੀ। ਜੋ ਨਹਿਂ ਅਹੋ ਬਤਾਵੋ ਹਮਕੋ।ਦੀਸਹਿ ਨੀਚ ਚਢੇ ਜੋ ਤੁਮਕੋ ॥੪੮॥ਬਿਨਾਂ ਬਤਾਏ ਸਾਚ ਨ ਜਾਨਹਿਂ।ਅਸਮਤਿ ਨਹਿਂ ਜੋ ਆਪ ਪਛਾਨਹਿਂ'।ਇਉਂ ਸੁਨਿਕੇ ਮਨੁਜਨ ਤੇ ਬਾਨੀ।ਇਕ ਸਲੋਕ ਉਚਰਨੋ ਗੁਨਖਾਨੀ ॥ ੪੯ ॥ ਸ੍ਰੀ ਮੁਖਵਾਕ ॥ ਸਲੋਕ ਮ: ੧ ॥

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ
ਕ੍ਰੋਧਿ ਚੰਡਾਲਿ ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥

[1]ਤੁਹਾਨੂੰ। [2]ਲਕੀਰ ਕੱਢੀ। [3]ਲਕੜਾਂ। [4]ਦ੍ਵਿਜ ਬੋਲੇ।

Sri Satguru Jagjit Singh Ji eLibrary NamdhariElibrary@gmail.com

ਦੋਹਰਾ ॥ 'ਚੌਕਾ ਇਨ ਕੇ ਚਢੇ ਤੇ ਭਿਟਿਓ ਗਯੋ ਗਵਾਇ।
ਮਨ ਕੇ ਮੁਨਸਬ ਹੋਇ ਕੇ ਗੁਨਹੁ ਜਿ ਬਨਯੋ ਬਨਾਇ' ॥ ੫੦ ॥

ਸੋਰਠਾ॥'ਕਿਹ ਬਿਧਿ ਹੋਇ ਪੁਨੀਤ ?ਕਹਹੁ ਗੁਰੂ !'ਬੂਝੈਂ ਸੁ ਨਰ।
ਦੇਖੀ ਤਿਨ ਕੀ ਪ੍ਰੀਤਿ ਦਯਾ ਸਿੰਧੁ ਬੋਲਤਿ ਭਏ ॥ ੫੧ ॥

ਸਲੋਕ ॥ ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਉਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥ ੧ ॥

ਚੌਪਈ॥'ਇਉਂ ਪੁਨੀਤ ਜੋ ਚਉਕਾ ਹੋਇ।ਭਿਟਿਓ ਜਾਇ ਨ ਕਬਹੂੰ ਸੋਇ। ਇਸ ਪ੍ਰਕਾਰ ਤੁਮ ਉਰ ਮਹਿਂ ਧਾਰਹੁ। ਮਨ ਮਲੀਨਤਾ ਸਰਬ ਨਿਵਾਰਹੁ' ॥੫੨॥ ਸ਼੍ਰੀ ਨਾਨਕ ਕੇ ਸੁਨਿ ਬਚ ਐਸੇ। ਉਰ ਮਹਿਂ ਗੁਨਤਿ ਹੁਤੋ ਮਨ ਜੈਸੇ।ਜਾਨੈ ਅਪਨੇ ਸਰਬ ਬਿਕਾਰ।ਚਹਿਤਿ ਭਏ–ਅਬ ਕਿਉਂ ਹ੍ਵੈ ਟਾਰਨ– ॥ ੫੩ ॥ ਅਵਰ ਠੌਰ ਤੇ ਮਨ ਕੋ ਮੋਰਾ*। ਸ਼੍ਰੀ ਗੁਰ ਪਗ ਮਹਿਂ ਨਿਸ਼ਚਾ ਜੋਰਾ।ਬਿਨੈ ਭਨਤਿ 'ਹਮ ਕੋ ਸਿਖ ਕੀਜੈ। ਸ਼ਰਨ ਪਰੇ ਕੀ ਲਾਜ ਰਖੀਜੈ ॥ ੫੪ ॥ ਦੋਹਰਾ ॥ ਜਿਉਂ ਜਾਨਹੁ ਤਿਉਂ ਤਾਰੀਏ ਔਰ ਨ ਹਮ ਕੋ ਥਾਇ ॥ ਪਰਮੇਸ਼ੁਰ ਕੋ ਰੂਪ ਹੋ ਜਪੈਂ ਤਿਹਾਰੋ ਨਾਇ[2]' ॥੫੫॥ ਚੌਪਈ ॥ ਲਖੇ ਦੀਨ ਗੁਰ ਬੈਨ ਉਚਾਰੇ।'ਜਿਤਨੋ ਹੈ ਧਨ ਪਾਸ ਤੁਮਾਰੇ। ਪਰਮੇਸ਼ੁਰ ਹਿਤ ਸਰਬ ਲੁਟਾਵਹੁ। ਪੁਨ ਸਿਖ ਹੋਇ ਪਰਮ ਸੁਖ ਪਾਵਹੁ'॥੫੬॥ ਤਿਹ ਛਿਨ ਜਿਨ ਜਿਨ ਮਾਨੀ ਆਇਸੁ। ਸਰਬ ਦਰਬ ਕੋ ਦੀਨ ਲੁਟਾਇਸ। ਤਿਨ ਪਰ ਮਿਹਰ ਦ੍ਰਿਸ਼ਟਿ ਜਗਤੇਸ਼ਾ।ਸੱਤਿਨਾਮ ਕੋ ਦਿਯ ਉਪਦੇਸ਼ਾ॥੫੭॥ਪ੍ਰੇਮ ਨਾਮ ਕੋ ਰੰਗ ਚਢਾਵਾ। ਮਨ ਕੋ ਸ਼ਾਂਤਿ ਦਈ ਸੁਖ ਪਾਵਾ। ਅੰਤ ਕਾਲ ਮਹਿਂ ਸ਼ੁਭ ਗਤਿ ਪਾਈ। ਜੀਵਤਿ ਨਾਮ ਬਿਖੈ ਲਿਵ ਲਾਈ॥੫੮॥ਦੋਹਰਾ॥ ਇਸ ਪ੍ਰਕਾਰ ਸੋ ਸਿਖ ਕਰੇ ਰੈਨ ਭਈ ਪੁਨ ਆਇ।ਸ਼੍ਰੀਗੰਗਾ ਤਨ ਧਾਰਿਕੈ ਚਲਿ ਪਹੁੰਚੀ ਤਿਹ ਥਾਇ ॥ ੫੯ ॥ ਚੌਪਈ ॥ ਕੰਚਨ ਥਾਰ[3] ਲਿਯੇ ਨਿਜ ਹਾਥਾ। ਭਰਯੋ ਨਿਹਕ[4] ਮੁਕਤਾ[5] ਕੇ ਸਾਥਾ। ਧਰੀ ਭੇਟ ਸ਼੍ਰੀ ਗੁਰੂ ਅਗਾਰੀ। ਕਰਿ ਪਦ ਬੰਦਨ ਗਿਰਾ ਉਚਾਰੀ ॥੬੦॥ 'ਦੁਸ਼ਤਰ ਅਤਿ ਕਲਿਮਲ ਕਲਿ ਕਾਲਾ। ਮੋ ਤੇ ਸਹੇ ਨ ਜਾਇ ਕ੍ਰਿਪਾਲਾ !। ਕ੍ਰਿਪਾ ਧਾਰਿ ਸੋ ਕਰਹੁ ਉਪਾਈ। ਜਾਂ ਤੇ ਹ੍ਵੈ ਸੁਖ ਮੋਹਿ ਸਦਾਈ॥੬੧॥ਤੁਮ ਉਪਕਾਰ ਕਰਨ ਕੇ ਹੇਤਾ। ਦੇਹਿ ਧਰੀ ਬੇਦੀ ਕੁਲ ਕੇਤਾ !'। ਸੁਨਿ ਕਰਿ ਸੁਰਸਰਿ ਕੀ ਅਸ ਬਾਨੀ। ਕ੍ਰਿਪਾ ਧਾਰਿ

---

[1][illegible]। [2]ਨਾਮ। [3]ਥਾਲ। [4]ਹੀਰੇ। [5]ਮੋਤੀਆਂ। *ਪਾ:–ਅਪਨੇ ਗਰ ਮਹਿ ਜੰਵ ਤੋਰਾ।

Sri Satguru Jagjit Singh Ji eLibrary NamdhariElibrary@gmail.com

ਬੋਲੇ ਗੁਨ ਖਾਨੀ ॥ ੬੨ ॥ 'ਜੇ ਪਰਮੇਸੁਰ ਪਰਮ ਪਿਆਰੇ । ਕਰਹੁ ਧ੍ਯਾਨ ਤਿਨ ਸੰਝ ਸਕਾਰੇ[1]।ਤੋ ਮਹਿ ਚਰਨ ਆਨਿ ਜਬ ਪਾਵੈਂ । ਤਤਛਿਨ ਤੁਮਰੇ ਕਲੁਖ ਨਸਾਵੈਂ ॥੬੩॥ ਜਿਉਂ ਆਵਤਿ ਕਾਤਿਕ ਕੋ ਮਾਸਾ । ਬਿਮਲ ਸੁੱਧ ਹ੍ਵੈ ਜਾਤਿ ਅਕਾਸ਼ਾ । ਤਿਉਂ ਨਿਰਮਲ ਹੋਵੈਂ ਤ੍ਰਿਕਾਲਾ । ਸੰਤਨ ਲੱਛਨ ਸੁਨਹੁ ਰਸਾਲਾ ॥੬੪॥ ਸੁਕਤਾ ਰਜਤ ਜਗਤ ਕੋ ਜਾਨਤਿ[2] । ਹਰਖ ਸ਼ੋਕ ਮਹਿ ਰਹਤਿ ਸਮਾਨਤ[3] । ਮ੍ਰਿਦੁਲ ਰਿਦਾ, ਨਿਤ ਪਰਉਪਕਾਰੀ । ਬਿਖੈ ਬਾਸ਼ਨਾ ਉਰ ਤੇ ਜਾਰੀ[4] ॥੬੫॥ ਪਰ ਦੁਖ ਦੇਖਿ ਦੁਖੀ ਹ੍ਵੈ ਜਾਹੀਂ । ਪਰ ਸੁਖ ਲਖਿ ਹਰਖੈਂ ਮਨ ਮਾਂਹੀ । ਹਰਿ ਸਿਮਰਨ ਕੇ ਰੰਗੇ ਰੰਗਾ । ਦ੍ਰੋਹ[5] ਨ ਮੋਹ ਨ ਮਾਨ ਉਤੰਗਾ* ॥੬੬॥ ਤਿਨਕੇ ਚਰਨ ਸੰਗ ਅਘ ਤੇਰੇ । ਹੋਹਿਂ ਨਸ਼ਟ ਨਹਿਂ ਲਾਗਹਿ ਦੇਰੇ' । ਸ਼੍ਰੀ ਗੰਗਾ ਜੀ ਸੁਨਿਕੇ ਗਾਥਾ । ਪਰਸੇ ਹਾਥ[6] ਪੈਰ ਜਗਨਾਥਾ॥੬੭॥ ਦੋਹਰਾ॥ ਪਰਸਤਿ ਹੀ ਨਿਰਮਲ ਭਈ ਜਿਉਂ ਪਟ ਸਾਬਨ ਸਾਥ । ਕਹਤਿ 'ਉਪਾਇਨ ਲੀਜੀਏ ਤੁਮ ਹੋ ਦੀਨਾ ਨਾਥ'॥੬੮॥ ਚੌਪਈ॥ ਸੁਨਿ ਕਰਿ ਸ਼੍ਰੀਗੁਰ ਬੈਨ ਉਚਾਰੇ। 'ਇਹ ਧਨ ਨਹਿਂ ਕਿਛੁ ਕਾਜ ਹਮਾਰੇ । ਸਰਬ ਵਸਤੁ ਕੋ ਕਰਹੁ ਭੰਡਾਰਾ । ਹਿਤ ਪਰਮੇਸ਼ੁਰ ਦੇਉ ਅਹਾਰਾ' ॥੬੯॥ ਗੰਗ ਕਹੈ'ਧਰਿ ਕ੍ਰਿਪਾ ਗੁਸਾਈਂ!। ਤੁਮ ਭੀ ਅਸਨ ਅਚਹੁ ਤਹਿ ਆਈ' । ਇਸ ਪ੍ਰਕਾਰ ਕਹਿ ਬਹੁਰ ਪਧਾਰੀ । ਭਈ ਭੋਰ ਉਦਤਨੋ ਤਿਮਰਾਰੀ[7] ॥ ੭੦॥ ਤਬ ਹੀ ਸੁਰਸਰਿ ਕੀਨ ਭੰਡਾਰਾ । ਨਾਨਾ ਬਿਧਿ ਕੇ ਬਨੇ ਅਹਾਰਾ । ਸਰਬ ਸੁਰਨ ਕੋ ਕੀਨ ਅਵਾਹਨ[8] ।ਤਿਹ ਛਿਨ ਆਏ ਜਹਿਂ ਜਲ ਪਾਵਨ[9] ॥੭੧॥ ਨਾਰਦ ਸ਼੍ਰੀ ਬ੍ਰਹਮਾ ਸੰਗ ਆਵਾ।ਗੌਰੀ ਸੋਂ ਸ਼੍ਰੀ ਸ਼ੰਭੁ ਸੁਹਾਵਾ । ਸਸਿ[10] ਸਵਿਤਾ[11],ਸਨਿਕਾਦਿਕ, ਪਾਵਕ[12] । ਬਰੁਨ, ਕੁਬੇਰੁ, ਸਮੀਰ[13], ਬਿਨਾ-ਇਕ[14]॥੭੨॥ ਇੰਦ੍ਰ ਆਦਿ ਜੋ ਹੈਂ ਸੁਰ[15] ਸਾਰੇ । ਸਭਿ ਆਏ ਸੁਰ ਨਦੀ[16] ਹਕਾਰੇ'। ਰਿਖਿ ਮੁਨਿ ਜਤੀ ਸਤੀ ਸੰਨਯਾਸੀ। ਤਪੀ ਦਿਗੰਬਰ ਆਏ ਰਾਸੀ ॥੭੩॥ ਸੁਰ ਸਭਿ ਦੁਤਿਯ ਰੂਪ ਕੋ ਧਾਰੇ । ਸ਼੍ਰੀ ਨਾਨਕ ਪੁਨ ਤਹਾਂ ਪਧਾਰੇ । ਮਿਲਿਕੈ ਸਰਬ ਕਰਹਿਂ ਪਦਬੰਦਨ। ਮਹਿਮਾ ਜਾਨਹਿਂ ਕਲੁਖ ਨਿਕੰਦਨ[17]

---

[1]ਸ਼ਾਮ ਸਵੇਰੇ । [2]ਸਿੱਪੀ ਵਿਚ ਜਿਵੇਂ ਚਾਂਦੀ ਦਾ ਭੁਲੇਖਾ ਹੁੰਦਾ ਹੈ ਤਿਵੇਂ ਓਹ ਜਗਤ ਨੂੰ ਜਾਣਦੇ ਹਨ ਕਿ (ਨਾਸ਼ਮਾਨ ਹੈ) ਭੁਲੇਖਾ ਹੈ । [3]ਇਕੋ ਜਹੇ । [4]ਸਾੜੀ । [5]ਵੈਰ । [6]ਹਥਾਂ ਨਾਲ । [7]ਸੂਰਜ ਚੜ੍ਹਿਆ । [8]ਸੱਦਿਆ। [9]ਪਵਿੱਤ੍ਰ ਜਲ ਵਾਲੀ ਭਾਵ ਗੰਗਾ। [10]ਚੰਦਰਮਾ । [11]ਸੂਰਜ। [12]ਅਗਨੀ [13]ਵਾਯੂ । [14]ਗਣੇਸ਼ । [15]ਦੇਵਤੇ । [16]ਭਾਵ ਗੰਗਾ ਦੇ. [17]ਭਾਵ ਪ੍ਰਭੂ ਜੀ ਦੀ । *ਪਾ:-ਅਭੰਗਾ

Sri Satguru Jagjit Singh Ji eLibrary NamdhariElibrary@gmail.com

॥੭੪॥ ਔਰ ਸੇਵ ਸੁਰ ਸਰਬ ਸਮ੍ਹਾਰੀ। ਕਰਨੀ ਜੋ ਅਹਾਰ ਕੀ ਤਯਾਰੀ। ਸ੍ਰੀ ਨਾਨਕ ਕਰ ਮਹਿਂ ਜਲ ਧਾਰਨ। ਸਾਂਭੀ ਸੇਵਾ ਚਰਨ ਪਖਾਰਨ* ॥ ੭੫ ॥ ਇਸ ਪ੍ਰਕਾਰ ਸਭਿ ਅਚਰੋ ਅਹਾਰਾ। ਉਰ ਹਰਖੇ ਗੁਰ ਦਰਸ ਨਿਹਾਰਾ॥ਬਹੁਰੋ ਕਰਿਕਰਿ ਚਰਨ ਪ੍ਰਨਾਮੂ।ਗਮਨ ਕਿਯੋ ਸਭਿ ਅਪਨੇ ਧਾਮੂ ॥ ੭੬ ॥ ਪੁਨ ਸ੍ਰੀ ਗੰਗਾ ਬੰਦਨ ਕਰਿ ਕੈ। ਅਪਨ ਪ੍ਰਵਾਹ ਸਮਾਈ ਬਰਿਕੈ। ਜਿਉਂ ਹਿਮ[1] ਕੀ ਪੁਤਰੀ[2] ਕਿਤ ਹੋਇ। ਲਗੇ ਤੇਜ[3] ਜਲ ਹੋਵਤਿ ਸੋਇ। ॥ ੭੭ ॥ ਦੋਹਰਾ ॥ ਮਿਲਹਿਂ ਪਰਸਪਰ ਨਰ ਕਹੈਂ 'ਕਿਨ ਭੰਡਾਰਾ ਕੀਨ?'। ਸਭਿ ਕੋ ਸੰਸੈ ਹੋਤਿ ਭਾ ਨਾਮ ਨ ਕਿਨਹੂ ਚੀਨ॥ ੭੮ ॥ ਚੌਪਈ ॥ਕਿਤਿਕ ਦਿਵਸ ਗੰਗਾ ਕੇ ਤੀਰਾ॥ ਭਗਤਿ ਦ੍ਰਿੜਾਈ ਗੁਨੀ ਗਹੀਰਾ। ਪੁਨ ਅੱਗ੍ਰਜ ਕੌ ਕੀਨ ਪਯਾਨਾ। ਜਿਨਕੇ ਨਾਮ ਜਪੇ ਦੁਖ ਹਾਨਾ ॥ ੭੯ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਗੰਗਾ ਪ੍ਰਸੰਗ' ਬਰਨਨੰ ਨਾਮ ਅਸ਼ਟਮੋ ਅਧ੍ਯਾਯ ॥ ੮ ॥

੯. [ਸ਼ਾਰਦਾ ਮੰਗਲ। ਬ੍ਰਿਜ, ਅਯੁੱਧਯਾ, ਤੇ ਕਾਂਸ਼ੀ ਦੇ ਲੋਕਾਂ ਪ੍ਰਤਿ ਉਪਦੇਸ਼]

ਦੋਹਰਾ ॥ ਜਗਤਿ ਜੋਤਿ ਜਗਮਗਤਿ ਜੁਤ ਨਿਤ ਅਭਿਮਤ ਚਿਤ ਦੇਤਿ।
ਸੂਲ ਹਰੀ ਮੰਗਲ ਕਰੀ ਜੈ ਜੈ ਕ੍ਰਿਪਾ ਨਿਕੇਤ ॥ ੧ ।

---

[1]ਬਰਫ। [2]ਪੁਤਲੀ। [3]ਗਰਮੀ ਲੱਗਿਆਂ।

*ਕਵਿ ਜੀ ਦਾ ਅਭਿਪ੍ਰਾਯ ਸਤਿਗੁਰ ਜੀ ਦੀ ਨਿੰਮ੍ਰਤਾ ਦਿਖਾਲਕੇ ਗੁਰੂ ਸਿੱਖਾਂ ਨੂੰ ਇਸ ਸ਼ੁਭ ਗੁਣ ਦਾ ਉਪਦੇਸ਼ ਕਰਨੇ ਤੋਂ ਹੈ, ਦੇਉਤਾ ਪੂਜਣ ਦਾ ਭਾਵ ਨਹੀਂ। ਕ੍ਰਿਸ਼ਨ ਈਸਾ ਆਦਿ ਨੇ ਬੀ ਚਰਨ ਧੋਣ ਦੀ ਸੇਵਾ ਕੀਤੀ ਲਿਖੀ ਹੈ।

†ਇਸ ਗੰਗਾ ਦੀ ਕਥਾ ਤੋਂ ਕਵਿ ਜੀ ਦੀ ਮੁਰਾਦ ਇਸ ਅਸੂਲ ਦੇ ਪ੍ਰਤੀਪਾਦਨ ਕਰਨ ਦੀ ਜਾਪਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ:—

ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲ-
ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ੧ ॥
[ਮਲਾਰ ਮ: ੪

ਗੁਰੂ ਨਾਨਕ ਦੇਵ ਗੁਰਮੁਖ ਹੈਨ, ਗੁਰੂ ਹੈਨ, ਗੋਵਿੰਦ ਰੂਪ ਹੈਨ, ਉਹਨਾਂ ਦਾ ਵਜੂਦ ਸਭ ਤੀਰਥਾਂ ਦੇਵਤਿਆਂ ਤੋਂ ਉੱਚਾ ਹੈ, ਸਾਰੇ ਉਨ੍ਹਾਂ ਦੀ ਪੂਜਾ ਕਰਦੇ ਹਨ। ਇਹ ਮੁਰਾਦ ਕਵਿ ਜੀ ਇਥੇ ਅੰਕਿਤ ਕਰਦੇ ਹਨ। ਗੰਗਾ ਪ੍ਰੇਮੀਆਂ ਲਈ ਉਪਦੇਸ਼ ਹੈ ਕਿ ਉਹਨਾਂ ਦਾ ਸਤਿਗੁਰੂ ਗੰਗਾ ਤੋਂ ਬਹੁਤ ਵੱਡਾ ਹੈ ਜਿਹਾ ਕਿ:—

ਜਨ ਕੇ ਚਰਨ ਤੀਰਥ ਕੋਟਿ ਗੰਗਾ ॥ [ਬਿਹਾ: ਮ: ੫

ਅਠਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥ [ਵਾਰ ਮਾਝ ਮ: ੧

Sri Satguru Jagjit Singh Ji eLibrary NamdhariElibrary@gmail.com

{ ਜਗਤਿ ਜੋਤਿ=ਜਾਗਦੀ ਹੈ ਜੋਤ ਜਿਸ ਦੀ, ਜਿਸ ਦਾ ਪ੍ਰਕਾਸ਼ ਪੈ ਰਿਹਾ ਹੈ, ਜੋ ਜੀ ਰਹੀ ਹੈ। ਜਗਮਗਤਿ=ਚਮਕਣਾ ਜਿਸ ਦਾ ਜਗਮਗਾ ਰਿਹਾ ਹੈ, ਭਾਵ ਤੇਜ ਜਿਸ ਦਾ ਦਮਕ ਰਿਹਾ ਹੈ।
ਦੁਤ=ਚਮਕਣਾ। [ਸੰਸ:, ਦ੍ਯੁਤ=ਚਮਕਣਾ]। ਅਭਿਮਤ=ਚਾਹੀ ਹੋਈ, ਮੰਗੀ ਹੋਈ [ਸੰਸ:, ਅਭਿਮਤ]। }

ਅਰਥ—ਜਾਗਦੀ ਜੋਤ ਤੇ ਜਗਮਗਾਉਂਦਾ ਹੈ ਚਮਕਣਾ (ਜਿਸ ਦਾ, ਜੋ) ਸਚਾ ਚਿਤ ਦੀ ਚਾਹੀ (ਮਨੋ ਕਾਮਨਾ) ਦੇਂਦੀ ਹੈ, (ਜੋ) ਪੀੜਾ ਦੂਰ ਕਰਨ ਵਾਲੀ, ਮੰਗਲ ਕਰਨ ਵਾਲੀ ਤੇ ਕ੍ਰਿਪਾ ਦਾ ਘਰ ਹੈ (ਤੈਨੂੰ) ਜੈ ਜੈ ਕਾਰ ਹੋਵੇ!

ਭਾਵ—ਪਹਿਲੇ ਚਰਣ ਵਿਚ ਤੇਜ ਦੂਜੇ ਵਿਚ ਸ਼ਾਂਤਿ ਵਾਲੇ ਗੁਣ ਕੱਠੇ ਕੀਤੇ ਹਨ। ਸ਼ਾਰਦਾ ਤੇ ਚੰਡੀ ਇਕੋ ਰੂਪ ਵਿਚ ਵਰਣਨ ਹੋਏ ਹਨ, ਵਿਸ਼ੇਸ਼ ਵੇਖੋ ਅਗਲੇ ਅਧ੍ਯਾਯ ਦਾ ਮੰਗਲ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਚੋਰੂ ਸੁਤ! ਸੁਨੀਏ ਕਥਾ। ਪਿਖੀ ਜਥਾ ਮੈਂ ਕਥਿ ਹੌਂ ਤਥਾ। ਆਗੈ ਗਮਨ ਕੀਨ ਗੁਨਖਾਨੀ। ਨਰਨ ਉਧਾਰਨ ਜਿਨ ਮਨ ਬਾਨੀ ॥ ੨ ॥ ਭੁਜੰਗਛੰਦ ॥ ਚਲੇ ਜਾਤਿ ਮੋ ਸੰਗਿ ਬੋਲੇ ਕ੍ਰਿਪਾਲਾ। 'ਅਬੈ ਦੇਖੀਐ ਕਾਨ੍ਹ[1] ਕੀ ਬ੍ਰਿਜ ਸ਼ਾਲਾ[2]। ਜਹਾਂ ਆਵਤਾਰੰ ਧਰ੍ਯੋ ਕੰਸਨਾਸੂ[3]। ਕਿਯੋ ਹੈ ਕਲੋਲੰ ਜਸ਼ੋਧਾ[4] ਅਵਾਸੂ ॥੩॥ ਸ੍ਵੈਯਾ ॥ ਰਵਿ ਕੀ ਤਨਿਯਾ[5] ਜਹਿ ਸੁੰਦਰ ਰਾਜਤਿ[6] ਖੇਲਤਿ ਸ਼੍ਯਾਮ ਮਹਾਂ ਸੁਖ ਪਾਯੋ। ਗਿਰ ਪੈ ਚਢਿ ਧੇਨੁ ਚਰਾਵਨ ਕੀਨਿ ਧਰਾ ਬਹੁ ਭਾਰ ਕੋ ਜਾਂਹਿ ਮਿਟਾਯੋ। ਕੁਲ ਦੈਤਨ ਕੋ ਸਭਿ ਨਾਸ਼ ਕਰੇ ਮਿਲ ਗ੍ਵਾਰਨ ਸੰਗ ਮੈਂ ਖੇਲ ਮਚਾਯੋ'। ਹਮ ਸੋਂ ਇਹ ਬੈਨ ਕਹੇ ਜਬਲੌਂ, ਤਬਲੌਂ ਬ੍ਰਿਜ ਭੂਮ ਸਮੀਪ ਦਿਸਾਯੋ ॥ ੪ ॥ ਗਿਰ ਏਕ ਬਿਲੋਕਿ ਕੈ ਬੈਠਿ ਗਏ ਤਬ ਬੈਨ ਭਨੇ ਗੁਰ ਸੋਂ ਮਰਦਾਨਾ। 'ਜਮਨਾ ਤਟ ਕੂਟ ਪਰ੍ਯੋ ਕਿਹ ਭਾਂਤਿ ਸੋ, ਦੂਸਰ ਨਾਂਹਿ ਸਮੀਪ ਦਿਸਾਨਾ[8]। ਉਰ ਮੋਰੇ ਸੰਦੇਹ ਭਯੋ ਅਤਿ ਜੈ' ਸੁਨਿ ਸ੍ਰੀ ਗੁਰ ਨਾਨਕ ਬੈਨ ਬਖਾਨਾ। 'ਜਬ ਰਾਮ ਬੰਧਾਯੋ ਹੈ ਸਾਗਰ[9] ਸੇਤੁ[10] ਪਰਾ ਤਬ ਕੋ ਗਿਰਹੈ ਇਹ ਬਾਨਾ' ॥੫॥ [11] 'ਸਭਿ ਹੀ ਬਿਰਤਾਂਤ ਕਹੋ ਇਹ ਕੋ' ਪ੍ਰਭੁ ਬੈਨ ਭਨੇ 'ਸੁਨੀਯੇ ਮਰਦਾਨਾ! ਜਬ ਸਾਗਰ ਸੇਤੁ[12] ਸੰਪੂਰਨ ਭਾ ਰਘੁਬੀਰ ਤਬੈ ਇਹ ਭਾਂਤਿ ਬਖਾਨਾ।—ਗਿਰ

---

[1] ਕ੍ਰਿਸ਼ਨ। [2] ਬ੍ਰਿਜ ਅਸਥਾਨ। [3] ਕੰਸ ਦੇ ਨਾਸ਼ਕ ਨੇ। [4] ਕ੍ਰਿਸ਼ਨ ਜੀ ਦੀ ਮਾਤਾ ਦਾ ਨਾਮ। [5] ਸੂਰਜ ਦੀ ਪੁਤ੍ਰੀ ਭਾਵ ਜਮਨਾ। [6] ਭਾਵ, ਵਗ ਰਹੀ ਹੈ। [7] ਪਰਬਤ। [8] ਨੇੜੇ ਨਹੀਂ ਦਿੱਸਦਾ। [9] ਸਮੁੰਦਰ ਤੇ। [10] ਪੁਲ। [11] ਮਰਦਾਨਾ ਬੋਲਿਆ। [12] ਸਮੁੰਦਰ ਦਾ ਪੁਲ।

Sri Satguru Jagjit Singh Ji eLibrary NamdhariElibrary@gmail.com

ਗੇਰ, ਨ ਆਨਹੁ ਔਰ ਅਬੈ– ਤਿਹ ਕਾਲ ਬਿਖੈ ਇਹ ਠਾਂ ਹਨੁਮਾਨਾ। ਛਿਤਿ ਪੈ ਧਰਿ[1] ਬੈਸ ਰਹਾ ਗਿਰ ਕੋ ਰਘੁਬੀਰ ਕੇ ਤੀਰ ਨ ਕੀਨ ਪਯਾਨਾ ॥ ੬ ॥ ਆਇਸੁ ਪਾਇ ਤਜੇ ਗਿਰ ਬਾਂਦਰ ਰਾਮ ਕੇ ਤੀਰ ਗਏ ਸਭਿ ਧਾਈ।ਸ੍ਰੀਰਘੁਬੀਰ ਬਿਲੋਕਿ ਕਹੈਂ-ਹਨੁਮਾਨਬਲੀ ਨਹਿ ਦੇਤਿ ਦਿਖਾਈ। ਯੌਂ ਸੁਨਿਕੈ ਤਿਹ ਸੰਗ ਹੁਤੇ ਜੁ, ਸਭੈ[2] ਕਹਿਕੈ ਤਬ ਗਾਥ ਸੁਨਾਈ- । ਰਾਮ ਕਹੈ–ਤਹਿ ਜਾਹੁ ਅਬੈ ਇਕ ਬਾਂਦਰ ਆਨਹੁ ਬੇਗ ਬੁਲਾਈ–॥ ੭ ॥ ਧਾਇ ਗਯੋ ਹਨੁਮਾਨ ਸਮੀਪ–ਚਲੋ ਰਘੁਬੀਰ ਨੇ ਬੇਗ ਬੁਲਾਵਾ–।[3]–ਮੇਰੋ ਨ ਜਾਨ ਬਨੇ ਇਹ ਭਾਂਤਿ–ਬ੍ਰਿਤੰਤ ਸਭੈ ਕਹਿ ਕੈ ਸਮਝਾਵਾ। ਸੋ ਸੁਨਿ ਕੈ ਪੁਨ ਰਾਮ ਸਮੀਪ ਗਯੋ ਸਭਿ ਹੀ ਸੁ ਪ੍ਰਸੰਗ ਸੁਨਾਵਾ।–ਆਵਤਿ ਹੈ ਨ ਪ੍ਰਭੰ-ਜਨਨੰਦਨ[4] ਮੋ ਸੰਗ ਐਸੇ ਹੀ ਬੈਨ ਅਲਾਵਾ ॥ ੮ ॥ ਯਾਂਹਿ ਪਹਾਰ ਉਪਾ-ਰਨ ਮੈਂ ਜਬ ਲਾਗਯੋ[5] ਤਬੈ ਇਵ ਬਾਨੀ ਅਲਾਈ।–ਮੋਹਿ ਉਚਾਵਹੁ[6] ਨਾਂਹਿ ਅਬੈ, ਜਿ ਉਚਾਵਹੁ ਤਉ ਸੁਨੀਏ ਮਨ ਲਾਈ। ਸ੍ਰੀ ਰਘੁਬੀਰ ਜਹਾਂ ਪਦ ਪੰਕਜ ਤਾਂਕੇ ਤਰੇ ਮਹਿ ਦੇਹੁ ਟਿਕਾਈ। ਆਨ ਸਥਾਨ ਬਿਖੈ ਜਿ ਧਰੋ, ਤਿਹ ਥਾਨ ਤੇ ਨੀਕੇ ਰਹੋਂ ਇਹ ਥਾਂਈ–॥ ੯ ॥ ਸੌਂਹ ਪਹਾਰ ਕੇ ਸੰਗ ਕਰੀ–ਰਘੁਬੀਰ ਖਰੇ ਜਹਿ ਸਾਰੰਗ ਪਾਨੀ[7]। ਤਾਂ ਪਦ ਪੰਕਜ ਸੁੰਦਰ ਨੀਚੇ ਮੈਂ ਦੇਉ ਟਿਕਾਇ, ਭਲੇ ਮੰਨਿ ਬਾਨੀ[8]–। ਯੌਂ ਕਹਿਕੈ ਕਰ ਲੀਨ ਉਚਾਇ ਚਲਯੋ ਮਗ ਤੂਰਨ ਜੋ ਬਲਖਾਨੀ[9]। ਸੇਤੁ ਸਪੂਰਨ ਹੋਇ ਗਯੋ ਤਬ ਆਪ ਨੈ ਆਇਸੁ ਯੌਂ ਫੁਰਮਾਨੀ॥੧੦॥–ਜੋ ਜਿਹ ਥਾਨ ਬਿਖੈ ਗਿਰ ਲ਼ਯਾਵਤ ਸੋ ਤਿਹ ਥਾਨ ਮੈਂ ਦੇਹੁ ਟਿਕਾਈ–।ਆਇਸੁ ਰਾਘਵ ਕੀ ਸੁਨਿਕੈ ਅਸਮੰਜਸ[10] ਜਾਨਿ ਰਿਦੈ ਕਪਿਰਾਈ[11]।– ਜੋ ਨ ਤਜੌਂ ਧ੍ਰਮਦਾਸਨ[12] ਕੋ ਸੋਊ ਨਾਸ਼ਿ ਹ੍ਵੈ ਜਾਤਿ, ਹੈ ਨਾਂਹਿ ਭਲਾਈ[13]। ਜੇ ਤਜਿ ਜਾਉਂ ਗਿਰਾ ਮਮ ਝੂਠ ਹ੍ਵੈ–ਐਸ ਬਿਚਾਰਿ ਰਹਯੋ ਤਿਹ ਥਾਈਂ–॥੧੧॥ ਸ੍ਰੀ ਰਘੁਬੀਰ ਕਹਯੋ ਸੁਨਿ ਕੈ–ਜੁਗਿ ਦ੍ਵਾਪਰਿ ਮੈਂ ਧਰਿਹੌਂ ਅਵਤਾਰੂ। ਊਪਰ ਤਾਂਕੇ ਬਿਲਾਸ ਕਰੌਂ ਚਿਰ ਕਾਲ ਲੌ ਮੈਂ ਪਗ ਸੰਗ ਬਿਹਾਰੂੰ[14]–। ਸੋ ਸੁਨਿਕੈ ਹਨੁਮਾਨ ਕੇ

[1]ਧਰਕੇ । [2]ਸਾਰੀ ਗੱਲ । [3]ਹਨੂੰਮਾਨ ਬੋਲਿਆ । [4]ਪੌਣ ਦਾ ਪੁੱਤ੍ਰ=ਹਨੂਮਾਨ। [5]ਜਦ ਮੈਂ ਇਹ ਪਹਾੜ ਪੁਟਣ ਲਗਾ। [6]ਚੁੱਕੋ। [7]ਧਨੁਖ ਨੂੰ ਹਥ ਵਿਚ ਰਖਣ ਵਾਲੇ। [8]ਤੇਰੀ ਗਲ ਚੰਗੀ ਤਰ੍ਹਾਂ ਮੰਨਕੇ। [9]ਭਾਵ ਹਨੂਮਾਨ। [10]ਕਠਨਤਾ। [11]ਬਾਂਦਰਾਂ ਦਾ ਰਾਜਾ=ਹਨੂਮਾਨ। [12]ਦਾਸ ਧਰਮ ਜੋ ਆਗਯਾ ਪਾਲਣ ਹੈ। [13]ਚੰਗੀ ਗਲ ਨਹੀਂ । [14]ਫਿਰਾਂਗਾ।

Sri Satguru Jagjit Singh Ji eLibrary NamdhariElibrary@gmail.com

ਤੀਰ ਗਯੋ ਸਭਿਹੀ ਬਿਧਿ ਕੀਨਿ ਉਚਾਰੂਤੌ ਹਨੁਮਾਨ ਪਯਾਨਕੀਓ ਜਹਿ ਠਾਂਢੇ ਹੁਤੇ ਰਘੁਬੀਰ ਸਕੁਮਾਰੁ[1]॥੧੨॥ਤਬ ਕੋ ਇਹ ਥਾਨ ਧਰਾ ਸੁ ਧਰਾਧਰ[2], ਧਾਰਿ[3] ਅਵਤਾਰ ਮੁਰਾਰਿ[4] ਸੁਹਾਏ।ਸਭਿ ਗੋਪਨ[5] ਮੈਂ ਮਿਲਿਕੈ ਮਧੁਸੂਦਨ[6] ਬਾਲਿਕ ਸੰਗ ਮੈਂ ਖੇਲ ਮਚਾਏ। ਇਹ ਜਾਨਿ ਪੁਨੀਤ ਪਹਾਰ ਬਡੋ ਪਦ ਕੇਸ਼ਵ ਨੇ ਬਹੁ ਕਾਲ ਲਗਾਏ। ਜਿਹ ਨਾਸ਼ ਕਰੇ ਸਭਿ ਦੈਤਨ ਕ ਕੁਲ ਔਰ ਧਰਾ[7] ਬਹੁ ਭਾਰ ਮਿਟਾਏ* ॥੧੩॥ਦੋਹਰਾ॥ਕਾਲਿੰਦ੍ਰੀ[8] ਤਟ ਸ੍ਰੀ ਗੁਰੂ ਬੈਠੇ ਸਰਬ ਸੁਨਾਇ। ਮਰਦਾਨਾ ਹਰਖਤਿ ਭਯੋ ਗਿਰ ਪ੍ਰਸੰਗ ਕੋ ਪਾਇ ॥੧੪॥ ਚੌਪਈ ॥ ਤਿਹ ਸਥਾਨ ਮੇਲਾ ਥੋ ਭਾਰੀ। ਪਰਬ ਲਖਯੋ ਆਏ ਨਰ ਨਾਰੀ। ਬ੍ਰਹਮਚਾਰੀ, ਬੈਰਾਗੀ, ਜਤੀ। ਬਹੁਤ ਬੈਸ਼ਨੋ, ਦਿਗ਼ਪਟ[9], ਸਤੀ[10] ॥ ੧੫ ॥ ਤਪੀ ਔਰ ਸੰਨਯਾਸੀ ਆਏ। ਬ੍ਰਿੱਜ ਬਿਖੈ ਨਰ ਪੁੰਜ ਸੁਹਾਏ।ਸ੍ਰੀ ਗੁਰੂ ਨਾਨਕ ਅੰਤਰਜਾਮੀ। ਸਭਿ ਘਟ ਕੀ ਜਾਨਤਿ ਭੇ ਸੁਾਮੀ ॥੧੬ ॥ ਅੰਧ ਧੁੰਧ ਵਰਤਨਾ ਜਗ ਮਾਂਹੀ। ਸੁੱਧ ਆਤਮੈ ਨਰ ਕੋ ਨਾਂਹੀ। ਭਵ ਬੰਧਨ ਕੇ ਬਾਂਧੇ ਸਭਿਹੀ। ਛੂਟਨ ਹੋਇ ਨ ਤਨ ਕੋ ਕਬਹੀ ॥੧੭ ॥ ਕਾਮ ਕਰੋਧ ਲੋਭ ਅਹੰਕਾਰਾ। ਇਨ ਮਹਿ ਵਰਤਨਾ ਮੋਹ ਗੁਬਾਰਾ। ਬਾਸੁਰ ਮੈਂ ਧਰਿ ਦੰਭ ਅਨੇਕਾ। ਬਾਤ ਬਨਾਇ ਸੁਨਾਇ ਬਿਬੇਕਾ॥੧੮॥ ਲੋਭ ਲਹਿਰ ਮਹਿ ਗੋਤੇ ਖਾਵਤਿ। ਬਹੁ ਪਖੰਡ ਕਰਿ ਨਰਨ ਦਿਖਾਵਤਿ। ਜਾਮਨਿ ਮਹਿ ਕੁਕਰਮ ਅਸ ਕਰਹੀਂ। ਕ੍ਰਿਸ਼ਨ ਰਾਧਕਾ ਬੇਖਨ[11] ਧਰਹੀਂ ॥੧੯॥ਸਿਸ[12] ਕੁਮਾਰਨਾਰੀ[13] ਧਰਿ ਬੇਖਹਿ[14]। ਕਰਹਿ ਨ੍ਰਿੱਤਕਾਰੀ, ਨਰ ਦੇਖਹਿ। ਬਾਲਕ[15] ਔਰ ਅੰਗਨਾ[16] ਦੋਊ। ਰਾਧਾ ਕ੍ਰਿਸ਼ਨ ਸਾਂਗ ਕਰਿ ਸੋਊ ॥ ੨੦॥ ਨਰ ਮਲੀਨ ਬੁੱਧੀ ਤਿਨ ਦੇਖਹਿ। ਉਪਜਾਵਤਿ ਤਨ ਕਾਮ ਵਿਸ਼ੇਖਹਿ। ਬਾਲਕ[15] ਪੁਨ ਤਿਨ ਅੰਗਨ[16] ਸੰਗਾ। ਭੋਗ ਕਰਹਿ ਨਰ ਹੋਇ ਨਿਸ਼ੰਗਾ॥ ੨੧ ॥ ਦੋਹਰਾ ॥ ਸ੍ਰੀ ਨਾਨਕ ਸਭਿ ਜਾਨਿਕੇ ਤਬ ਰਬਾਬ ਬਜਵਾਇ ॥

---

[1]ਰਾਮਚੰਦ੍ਰ ਜੀ । [2]ਪਰਬਤ ਪਿਆ ਹੈ । [3]ਧਾਰਕੇ। [4]ਕ੍ਰਿਸ਼ਨ ਜੀ। [5]ਗੋਪੀਆਂ। [6]ਕ੍ਰਿਸ਼ਨ। [7]ਧਰਤੀ ਦੇ। [8]ਜਮਨਾ। [9]ਦਿਗੰਬਰ। [10]ਸਤ ਵਾਲੇ। [11]ਭੇਖਾਂ ਨੂੰ। [12]ਮੁੰਡੇ, ਲੜਕੇ। [13]ਜੁਆਨ ਕੁੜੀਆਂ। [14]ਭੇਸ ਧਾਰਕੇ। [15]ਲੜਕੇ ਤੇ। [16]ਇਸਤ੍ਰੀਆਂ।

*ਕਵਿ ਜੀ ਨੇ ਇਹ ਕਥਾ ਆਪਣੀ ਵਲੋਂ ਇਤਿਹਾਸਕ ਵਾਕਿਆ ਲੱਭ ਕੇ ਏਥੇ ਨਹੀਂ ਪਾਈ, ਪਰ ਬਾਲੇ ਵਾਲੀ ਹਿੰਦਾਲੀਆਂ ਦੀ ਵਿਗਾੜੀ ਹੋਈ ਜਨਮ ਸਾਖੀ ਤੋਂ ਜਿਵੇਂ ਓਥੇ ਹੈ ਕਵਿਤਾ ਵਿਚ ਉਲਟਾਇਆ ਹੈ, ਪੁਰਾਤਨ ਜਨਮ ਸਾਖੀ ਵਿਚ ਇਹ ਪ੍ਰਸੰਗ ਹੈ ਨਹੀਂ ਤੇ ਨਾਂ ਹੀ ਭਾਈ ਗੁਰਦਾਸ ਵਿਚ ਕੋਈ ਇਸ਼ਾਰਾ ਇਸ ਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਬਦ ਉਚਾਰਨੋ ਰਾਗ ਸੋਂ ਰਾਮਕਲੀ ਮਹਿੰ ਗਾਇ ॥ ੨੨ ॥

ਰਾਮਕਲੀ ਮਹਲਾ ੧ ਅਸਟਪਦੀਆ

੧ ਓ ਸਤਿਗੁਰਪ੍ਰਸਾਦਿ ॥

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥ ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥ ੧ ॥ ਰਹਾਉ ॥ ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥ [illegible] ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥ ੩ ॥ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥ ੪ ॥ ਆਖੁ ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥ ੧ ॥ ਰਹਾਉ ॥ ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥ ੫ ॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥ ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥ ੭ ॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਂਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤੁਹੀ ॥ ੮ ॥ ੧ ॥

ਚੌਪਈ ॥ ਊਚੇ ਸੁਰ ਸੋਂ ਸ਼ਬਦ ਬਸਾਯੋ । ਰਾਮਕਲੀ ਸੁ ਰਾਗ ਮਹਿ ਗਾਯੋ । ਸੁਨਿ ਸੁਨਿ ਕਰਿ ਬਹੁ ਮਾਨਵ ਆਏ । ਪ੍ਰੀਤ ਧਾਰਿ ਬੈਸੇ ਤਿਹ ਥਾਏਂ ॥੨੩॥ ਕੇਤਿਕ ਪੰਡਿਤ ਤਿਨੈ ਮਝਾਰੀ।ਸਬਦ ਸ੍ਰੋਨ ਸੁਨਿ ਗਿਰਾ ਉਚਾਰੀ । 'ਇਸ ਕੋ ਅਰਥ ਸੁਨਾਈਏ ਹਮ ਕੋ । ਸੰਤ ਰੂਪ ਦੇਖਤਿ ਹੈਂ ਤੁਮ ਕੋ' ॥ ੨੪ ॥ ਸ੍ਰੀ ਨਾਨਕ ਸੁਨਿ ਅਰਥ ਬਖਾਨਾ।'ਇਕ ਮਨ ਹ੍ਵੈ ਕਰਿ ਸੁਨਹੁ ਸੁਜਾਨਾ!।ਸਸਿ ਰਵਿ,ਉਡੁ[1], ਛਿਤਿ[2],ਬਾਇ[3], ਸੁ ਤੈਸੇ । ਤ੍ਰੈ ਜੁਗ ਮਹਿ ਵਰਤਹਿ ਥੇ ਜੈਸੇ ॥੨੫॥ ਦੋਹਰਾ ॥ ਮਾਨਵ ਮਲਿਨ ਬੁਧੀ ਭਏ,ਯਾਂਤੇ ਕਲੀ[4] ਲਖਾਇ[5] ।ਪੁਨ ਇਨ ਕੋ ਬਿਸ੍ਵਾਸ ਕਨਾ[6] ਕਲਿ[7] ਜੋ ਨਰ ਜਨਮਾਇ[8]॥੨੬॥ਚੌਪਈ॥ਬਰਖਾ ਬਿਖੈ ਬੁਦਬੁਦਾ ਜੈਸੇ। ਉਪਜਤਿ ਬਿਨਸਤਿ ਹੈਂ ਇਹ ਤੈਸੇ। ਜੋ ਕਲਿਜੁਗ

[1]ਤਾਰੇ । [2]ਧਰਤੀ । [3]ਵਾਯੂ । [4]ਕਲਜੁਗ । [5]ਜਾਣਿਆਂ ਜਾਂਦਾ ਹੈ । [6]ਭਾਵ ਉਮਰਾ ਥੋੜੀ ਹੈ । [7]ਕਲਜੁਗ ਵਿਚ । [8]ਜਨਮਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਕਿਤ ਦੇਸ਼ ਨ ਆਯੋ। ਬੈਠਨੋ ਕਿਤੇ ਦੁਰਗ[1] ਨਹਿਂ ਪਾਯੋ ॥ ੨੭ ॥ ਜੋ ਲੱਖਨ ਅਬ ਮਨੁਜ ਕਰਾਈ। ਯਾਂਤੇ ਕਲਿਜੁਗ ਪਰਤ ਲਖਾਈ[2] । ਜਤ, ਸਤ, ਤਪ ਹ੍ਵੈ ਪੂਰਾ ਨਾਂਹੀ। ਨਾਮ ਜਪੈ ਤਿਹ ਕਹਿਂ[3] ਬਦਰਾਹੀ॥੨੮॥ ਦੋਹਰਾ ॥ ਸਤਿ ਜੁਗ ਪਾਪੀ ਏਕ ਤੇ ਦੇਸ਼ ਮਾਰਿਯੇ ਸੋਇ। ਤ੍ਰੇਤੇ ਨਗਰੀ ਪੀੜੀਯੇ,ਦ੍ਵਾਪੁਰ ਕੁਲ ਅਘ ਹੋਇ॥੨੯॥ ਚੌਪਈ ॥ ਕਲਿਜੁਗ ਪਾਪ ਕਰੈ ਸੋ ਪਾਵਤਿ। ਪੁਨ ਸਤਿਗੁਰ ਜਿਹਕੋ ਬਖਸ਼ਾਵਤਿ। ਨਾਮ ਦਾਨ ਦੇ ਕਰੈ ਉਧਾਰਾ। ਇਸ ਬਿਨ ਅਪਰ ਨ ਕੋ ਉਪਚਾਰਾ ॥੩੦॥ ਬੇਦ ਅਥਰਬਣ ਮਥਿ ਕਰਿ ਸਭਿਹੀ। ਹਰਿ ਕੀਰਤਿ ਗਤਿ ਦੇਵਤਿ ਅਬਹੀ। ਨਾਵਣ ਧੋਵਣ ਬਿਰਥਾ ਸਾਰੇ। ਰਾਗ ਦ੍ਵੈਖ ਮਲ ਨਹੀਂ ਉਤਾਰੇ ॥੩੧॥ ਸਚ ਨ ਕਮਾਵਹੁ ਹੋਇ ਨ ਸੋਚੁ। ਸੱਚ*ਨਾਮ ਕਰਿ ਬੰਧਨ ਮੋਚੁ[4]। ਮਨ ਮਲੀਨ ਤਨ ਕਰਹਿ ਪਖੰਡਾ। ਸੋ ਨਰ ਸਹੈ ਅਧਿਕ ਜਮ ਡੰਡਾ ॥ ੩੨॥ ਰੁਚਿਰ ਰੰਗ ਜੋ ਹੋਇ ਮਯੂਰਾ[5]। ਬੋਲਤਿ ਬਾਨੀ ਅਤਿਸ਼ੈ ਰੂਰਾ॥ਬੀਨਬੀਨ[6] ਕਿਰਮਨ[7] ਕੋ ਖਾਹੀ।ਤਿਉਂ ਦੰਭੀ ਭੇ ਅਬ ਜਗ ਮਾਂਹੀ ॥ ੩੩ ॥ ਕਾਮ ਕ੍ਰੋਧ ਪੁਨ ਲੋਭ ਅਧੀਨਾ। ਅਹੰਕਾਰ ਅਤਿਸ਼ੈ ਮਨ ਭੀਨਾ। ਪਾਇਂ ਨਰਕ ਮੈਂ ਕਸ਼ਟ ਬਿਸਾਲਾ। ਤਬ ਪਛੁਤਾਹਿ ਫਸੇ ਜਮ ਜਾਲਾ ॥੩੪॥ਦੋਹਰਾ ॥ ਮਿਲਹਿ ਵਡਾਈ ਨਾਮ ਤੇ ਇਸ ਊਪਰ ਨਹਿ ਔਰ। ਮਿਲਹਿਂ ਉਲਾਮੇ ਤਾਂਹਿ ਕੋ ਗੁਰ ਤਜਿ ਜਾਚਹਿਂ ਹੋਰ'॥੩੫॥ ਚੌਪਈ॥ ਜਬ ਸਤਿਗੁਰ ਅਸ ਬਚਨ ਉਚਾਰੇ।ਦੰਭੀ ਲੱਜਿਤਿ ਸਭਾ ਮਝਾਰੇ। ਪੰਡਤ ਪ੍ਰਸ਼ਨ ਕਰੈ ਕਹਿ ਬਾਨੀ। 'ਕਿਹ ਉਪਾਸਨਾ ਤੁਮ ਮਨ ਠਾਨੀ?॥ ੩੬ ॥ ਨਿਰਗੁਨ ਕੈ ਸਰਗੁਨ ਕੀ ਸੇਵਾ। ਕਿਹ ਕੀ ਕਰਹੁ ? ਕਹੋ ਨਿਜ ਭੇਵਾ'।ਸੁਨਿ ਸ਼੍ਰੀ ਨਾਨਕ ਬੈਨ ਉਚਾਰੇ।'ਪ੍ਰਿਥਕ ਪ੍ਰਿਥਕ[8] ਦ੍ਵੈ ਨਹੀਂ ਬਿਚਾਰੇ ॥੩੭॥ਭੇਦ ਹੋਇ ਤੌ ਪ੍ਰਿੱਥਕ[9] ਸੇਵਾ। ਨਿਰਗੁਣ ਸਰਗੁਣ ਲਖਹੁ ਅਭੇਵਾ[10]। ਜੋ ਦੋਨੋ ਮੈਂ ਭੇਦ ਪਛਾਨੇ। ਸੋ ਮਾਨਵ ਜਾਨਹੁ ਅਨਜਾਨੇ ॥੩੮॥ ਦੋਹਰਾ ॥ ਨਿਰਗੁਨ ਹ੍ਵੈ ਸਭਿ ਦੇਹਿ ਮੈਂ ਦ੍ਰਿਸ਼ਟਾਵਤਿ ਹੈ ਸੋਇ। ਬ੍ਰਿਜ ਮੈਂ ਕਰੈ ਕਲੋਲ ਪੁਨ ਤਨ ਧਰਿ ਸਰਗੁਣ ਸੋਇ ॥ ੩੯ ॥ ਚੌਪਈ ॥ ਸ਼੍ਰੀ

[1]ਕਿਲ੍ਹਾ। [2]ਭਾਵ ਮਨੁਖਾਂ ਦੇ ਆਚਰਣ ਤੋਂ ਸਮੇਂ ਨੂੰ ਕਲਜੁਗ ਕਹਿੰਦੇ ਹਨ। [3]ਉਸ ਨੂੰ ਕਹਿੰਦੇ (ਲੋਕੀ। [4]ਨਾਸ਼। [5]ਮੋਰ। [6]ਚੁਣ ਚੁਣਕੇ। [7]ਕੀੜਿਆਂ। [8]ਵੱਖ ਵੱਖ। [9]ਵੱਖਰੀ। [10]ਭੇਦ ਰ।
*ਪਾਠ—ਸਤਿ।

ਕ੍ਰਿਸ਼ਨ*ਭੇ ਹਜਾਂ ਅਵਤਾਰਾ। ਜਿਨ ਅਵਨੀ ਕੋ ਭਾਰ ਨਿਵਾਰਾ। ਤਿਹ ਕੇ ਚਰਿਤ ਰਿਦੈ ਤੁਮ ਧਾਰੋ। ਸ਼ੁਧ ਆਤਮੈ[1]ਕਪਟ ਬਿਸਾਰੋ ॥੪੦॥ ਭਵ ਬੰਧਨ ਮੈਂ ਦਿਢ ਜੇ ਬਾਂਧੇ। ਛੁਟਹਿਂ ਤਿਨਹਿ ਤੇ ਹਰਿ ਆਰਾਧੇ। ਕਲਮਲ ਕਰਹੁ ਅੰਤ ਦੁਖਦਾਈ। ਜਪਹੁ ਨਾਮ ਸਭਿ ਹੋਇ ਸਹਾਈ॥੪੧॥ਕਲ ਮਹਿਂ ਹਰਿ ਕੀਰਤਿ ਪਰਧਾਨਾ॥ਅਪਰ ਨ ਜਾਨਹੁ ਇਸੇ ਸਮਾਨਾ। ਭਗਤਿ ਕਰਹੁ ਸਭਿ ਹੀ ਸੁਖ ਪਾਵਹੁ।ਕਸ਼ਟ ਹੋਇ,ਜੇ ਦੰਭ ਕਮਾਵਹੁ'॥੪੨॥ਦੋਹਰਾ॥ਦਯਾ ਸਦਨ ਕੇ ਬਦਨ ਤੇ ਬਚਨ ਸੁਨੇ ਗਤਿਦੈਨ। ਰਿਦੈ ਸ਼ੁਧ ਬੰਦਨ ਕਰਤਿ ਸਿੱਖ ਭੁਏ ਮਨ ਚੈਨ॥੪੩॥ਚੌਪਈ॥ਜਿਤੇ ਹਤੇਜਾਤ੍ਰੀ ਤਿਹ ਥਾਈਂ।ਸੁਨਿ ਸਤਿਗੁਰ ਢਿਗ ਆਵਤਿ ਧਾਈ।ਬੰਦਨ ਕਰਹਿਂ ਉਪਾਇਨਧਰਿਕੈ। ਬਿਨੈਂ ਭਨੈਂ ਮਹਾਂ ਪੁਰਖਬਿਚਰਿਕੈ॥੪੪॥ਸ਼੍ਰੀਗੁਰਸਭਿਹਿਨਿਦੇਉਪਦੇਸ਼ਾ।'ਸੱਤਿਨਾਮਸਿਮਰਹੁ ਜਗਤੇਸ਼ਾ। ਭਾਉ ਭਗਤਿ ਕਰਿਯੇ ਛਲ ਖੋਇ। ਅਸ ਜਿ ਕਰਹੁ ਤੁਮਰੀ ਗਤਿ ਹੋਇ'॥੪੫॥ ਦਿਵਸ ਤੀਨ ਤਹਿਂ ਰਾਖਯੋ ਡੇਰਾ। ਕਰਿਕੈ ਮਰਦਨ[2] ਦੰਭ ਘਨੇਰਾ। ਆਗੈ ਗਮਨ ਕੀਨ ਗੁਨਖਾਨੀ। ਜਾਂਹਿ ਅਨੇਕ ਉਧਾਰੇ ਪ੍ਰਾਨੀ॥੪੬॥ਦੋਹਰਾ॥ ਕਰਤਯੋਂ ਬਚਨ ਬਿਲਾਸ ਕੋ ਦੁਖਨਾਸ਼ਕ ਸੁਖਦਾਇ। ਨਗਰ ਅਜੁੱਧਯਾ ਜਹਿਂ ਹੁਤੋ ਛਿਨ ਮਹਿਂ ਪਹੁੰਚੇ ਆਇ ॥ ੪੭ ॥ ਚੌਪਈ ॥ ਸਰਿਤਾ ਪਰ ਬੈਠੇ ਗੁਰ ਪੂਰਨ। ਜਗ ਮਹਿ ਦੰਭ ਕੀਨ ਜਿਨਚੂਰਨ[3]।ਸੁਨਿ

---

[1]ਦੱਥੇ। [2]ਸ਼ੁੱਧ ਮਨ ਹੋਕੇ। [3]ਨਾਸ਼।

*ਅੰਕ ੪੩ ਵਿਚ ਦੱਸਦੇ ਹਨ ਕਿ ਸ਼੍ਰੋਤਿਆਂ ਦੇ ਰਿਦੇ ਸ਼ੁੱਧ ਹੋ ਗਏ ਤੇ ਸਤਿਗੁਰੂ ਜੀ ਦੇ ਸਿੱਖ ਹੋ ਗਏ। ਏਥੇ ਉਪਦੇਸ਼ ਜੋ ਦਿੱਤਾ ਦੱਸਿਆ ਹੈ ਸੋ ਕ੍ਰਿਸ਼ਨ ਜੀ ਨੂੰ ਸਰਗੁਣ ਸਰੂਪ ਮੰਨਣ ਦਾ ਦੱਸਿਆ ਹੈ। ਇਸ ਉਪਦੇਸ਼ ਦਾ ਅਸਰ ਇਹ ਚਾਹੀਦਾ ਸੀ ਕਿ ਓਹ ਸਾਰੇ ਕ੍ਰਿਸ਼ਨ ਜੀ ਦੇ ਸਰੂਪ ਦੇ ਜੋ ਹੁਣ ਸਰਗੁਣ ਨਹੀਂ ਸੇ, ਉਪਾਸ਼ਕ ਬਣ ਜਾਂਦੇ, ਪਰ ਓਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣਦੇ ਹਨ। ਇਹ ਇਕ ਪ੍ਰਕਾਰ ਦੀ ਅਣਮਿਲਦੀ ਗਲ ਹੈ ਤੇ ਇਸ ਕਰਕੇ ਅਸਲੀ ਨਹੀਂ ਭਾਸਦੀ।

ਗੁਰਬਾਣੀ ਵਿਚ ਕਿਸੇ ਮਹਾਂ ਪੁਰਖ ਨੂੰ ਚੰਗਾ ਮੰਨਣੋ ਇਨਕਾਰ ਨਹੀਂ, ਪ੍ਰੰਤੂ ਪਰਮੇਸ਼ੁਰ ਨੂੰ ਜੂਨ ਵਿਚ ਆਇਆ ਮੰਨਕੇ ਕਿਸੇ ਨੂੰ ਅਵਤਾਰ ਮੰਨਣਾ ਮਨ੍ਹੇ ਕੀਤਾ ਹੈ। ਓਹ ਸਦਾ ਅਜੋਨੀ ਹੈ। ਯਥਾ—'ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ [ਭੈਰਉ ਮ: ੫

ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ॥ ਕਉਨ ਕਾਜ ਕਹਾਹਿਗੇ ਤੈ ਆਨ ਦੇਵਕਿ ਨੰਦ ॥ [ਪਾਤਸ਼ਾਹੀ ੧੦, ਸਬਦ ਹਜਾਰੇ

ਸ੍ਰੀ ਨਾਨਕ ਨਾਮ ਕ੍ਰਿਪਾਲਾ।ਪੁਰਿਤੇ ਨਰ ਆਏ ਤਤਕਾਲ॥੪੮॥ਹੁਤੇ ਜਹਾਂ ਬੇਦੀ ਕੁਲ ਦੀਪਾ। ਬੈਠੇ ਪੰਡਿਤ ਆਨ ਸਮੀਪਾ। ਬੰਦਨ ਕਰਹਿਂ ਭਾਉ ਉਰ ਧਰਿਕੈ।ਹਰਖਹਿਂ ਸੁੰਦਰ ਰੂਪ ਨਿਹਰਿਕੈ॥੪੯॥ਭਈਸਮੀਪ ਭੂਰਜਬਭੀਰ। ਬੋਲੇ ਸਭਿ ਸੋਂ ਗੁਨੀ ਗਹੀਰਾ। 'ਰਾਮ ਗਏ ਲੇ ਕਰਿ ਸੰਗਿ ਨਗਰੀ[1]। ਨੀਚ ਊਚ ਨਰ ਨਾਰੀ ਸਗਰੀ ॥ ੫੦ ॥ ਦੋਹਰਾ ॥ ਇਹ ਆਈ ਕਿਹਤੇ ਅਬਹਿ ਦੀਸਤਿ ਊਚੇ ਧਾਮ'। ਸੁਨਿ ਪੰਡਿਤ ਸਭਿ ਕਹਤਿ ਭੇ'ਜੀਅ[2]ਲਏ ਸੰਗਿ ਰਾਮ[3] ॥੫੧॥ਚੌਪਈ ॥ ਮੰਦਰ ਸਭਿ ਧਰਨੀ ਪਰ ਰਹੇ। ਗਏ ਬਿਕੁੰਠ ਜੀਵ ਜੇ ਅਹੇ*'। ਸ੍ਰੀ ਨਾਨਕ ਪੁਨ ਬੈਨ ਉਚਾਰੇ।'ਗਏ ਬਿਕੁੰਠ ਸੁ,ਦਰਸੁ ਨਿਹਾਰੇ[4] ॥੫੨॥ ਅਬ ਤੁਮ ਤਿਹ ਕੋ ਸਿਮਰਹੁ ਨਾਮੁ। ਹੋਹਿ ਤੁਮਾਰੋ ਬੈਕੁੰਠ

---

[1]ਮੁਰਾਦ ਅਜੁੱਧਿਆ ਨਗਰੀ ਤੋਂ ਹੈ। [2]ਜੀਵ। [3]ਰਾਮਚੰਦ੍ਰ ਜੀ ਨੇ। [4]ਜਿਨ੍ਹਾਂ ਦਰਸ਼ਨ ਦੇਖਿਆ।

*ਲੋਕਾਂ ਵਿਚ ਇਕ ਆਮ ਪਰਸਿੱਧ ਗੱਲ ਹੈ ਕਿ ਸ੍ਰੀ ਰਾਮ ਜੀ ਅਜੁੱਧਯਾ ਨਗਰੀ ਬੈਕੁੰਠਾਂ ਨੂੰ ਨਾਲ ਲੈ ਗਏ ਸਨ। ਮੁਰਾਦ ਤਾਂ ਸਿਰੀ ਇਹ ਸੀ ਕਿ ਨਗਰੀ ਦੇ ਲਗ ਪਗ ਸਾਰੇ ਲੋਕ ਵਾਹਿਗੁਰੂ ਜੀ ਦੇ ਭਗਤ ਹੋ ਗਏ ਤੇ ਤਰ ਗਏ ਸਨ; ਪਰ ਲੋਕੋਕਤੀ ਬਣ ਗਈ ਕਿ ਘਰ ਘਾਟ ਕੋਠੇ ਮਹਿਲ, ਟੀਹਾਟਿੱਬਾ, ਸਾਰੇ ਹੀ ਓਥੇ ਜਾ ਪੁਜੇ। ਇਹ ਗ਼ਲਤੀ ਪੰਡਿਤਾਂ ਦੇ ਮੂੰਹੋਂ ਦਰੁਸਤ ਕਰਵਾਉਣ ਲਈ ਗੁਰੂ ਜੀ ਨੇ ਪ੍ਰਸੰਗ ਸੁਣਿਆਂ ਹੈ ਤੇ ਪੰਡਤਾਂ ਨੂੰ ਕਹਿਣਾ ਪਿਆ ਕਿ ਜੀ ਨਗਰੀ ਨਹੀਂ ਗਈ ਸੀ, ਨਗਰੀ ਦੇ ਲੋਕੀ ਗਏ ਸਨ। ਤਿਸ ਪਰ ਗੁਰੂ ਜੀ ਕਹਿੰਦੇ ਹਨ ਕਿ ਓਹ ਲੋਕ ਤਾਂ ਦਰਸ਼ਨ ਕਰਨ ਕਰਕੇ ਗਏ, ਤੁਸੀਂ ਨਾਮ ਜਪੋ ਤਾਂ ਤਰੋਗੇ। ਦਰਸ਼ਨ ਤੋਂ ਮੁਰਾਦ ਕੇਵਲ--ਮੂੰਹ ਤੱਕਣ ਮਾਤ੍ਰ ਤੋਂ ਨਹੀਂ, ਪਰ ਪ੍ਰੇਮ ਤੇ ਭਗਤੀ ਭਾਵ ਦੇ ਦਰਸ਼ਨ ਪਰਸਨ ਸਤਿਸੰਗ ਤੋਂ ਹੈ, ਕਿਉਂਕਿ ਗੁਰਬਾਣੀ ਦਾ ਅਸੂਲ ਇਹ ਹੈ 'ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ।' ਸ੍ਰੀ ਰਾਮਚੰਦ ਜੀ ਗੁਰਮੁਖ ਸੇ,(ਯਥਾ:—ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਤਥਾ:—ਗੁਰਮੁਖਿ ਸਾਇਰਿ ਪਾਹਣ ਤਾਰੇ ॥) ਉਨ੍ਹਾਂ ਦੇ ਸਤਿਸੰਗ ਨਾਲ ਲੋਕੀ ਤਰ ਗਏ। ਹੁਣ ਕਵਿ ਜੀ ਉਨ੍ਹਾਂ ਨੂੰ ਗੁਰੂ ਜੀ ਤੋਂ ਇਹ ਉਪਦੇਸ਼ ਸ੍ਰਵਣ ਕਰਵਾਉਂਦੇ ਹਨ ਕਿ ਗੁਰੂ ਤੁਹਾਡੇ ਵਿਚ ਹੈ, ਉਨ੍ਹਾਂ ਦੇ ਸਤਿਸੰਗ ਨਾਲ ਭਗਤੀ ਧਾਰਨ ਕਰੋ। ਸਤਿਗੁਰੂ ਦਾ ਦਰਸ਼ਨ ਸਫਲ ਤੇ ਸੁਖਦਾਈ ਹੈ, ਉਹਨਾਂ ਤੋਂ ਲੈਕੇ ਵਾਹਿਗੁਰੂ ਜੀ ਦਾ ਸਿਮਰਨ ਕਰੋ ਜੋ ਤੁਸੀਂ ਮੁਕਤਿ ਪਦ ਪਾਓ। ਇਸ ਥਾਂ ਐਉਂ ਜਾਪਦਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਨੂੰ ਰਾਮ ਨਾਮ ਦਾ ਉਪਦੇਸ਼ ਦਿੱਤਾ ਹੈ, ਪਰ ਕਵਿ ਜੀ ਅੱਗੇ ਚਲਕੇ ਇਸੇ ਅਧਯਾਯ ਦੇ ਅੰਕ ੬੮ ਵਿਚ ਜਦ ਏਹ ਲੋਕ ਉਪਦੇਸ਼ ਮੰਗਦੇ ਹਨ ਤੇ ਸਿੱਖੀ ਦੀ ਯਾਚਨਾ ਕਰਦੇ ਹਨ, ਤਦ ਆਗਿਆ ਕਰਦੇ ਹਨ:—'ਸੱਤਿਨਾਮ ਸਿਮਰਹੁ ਨਿਤ ਚਿੱਤਾ' ਸੋ ਸਪਸ਼ਟ ਹੋ ਗਿਆ ਕਿ ਗੁਰੂ ਜੀ ਨੇ ਸੱਤਿਨਾਮ ਦਾ ਉਪਦੇਸ਼ ਦੇਕੇ ਉਹਨਾਂ ਨੂੰ ਤਾਰਿਆ।

ਧਾਮੁ। ਗੁਰ ਸੋਂ ਮਿਲਿ ਭਗਤੀ ਉਰ ਧਾਰੋ। ਧ੍ਯਾਨ ਕਰੋ ਬੰਧਨ ਛੁਟਕਾਰੋ ॥੫੩॥ ਸਤਿਗੁਰ ਦਰਸ ਸਫਲ ਸੁਖਦਾਈ। ਜਪਹੁ ਨਾਮ ਹ੍ਵੈ ਅੰਤ ਸਹਾਈ। ਗੁਰਮੁਖ ਹੋਵਹੁ ਤਜਹੁ ਬਿਕਾਰਾ। ਆਪ ਤਰਹੁ ਕਰਿ ਪਿਤਰ ਉਧਾਰਾ'। ॥੫੪॥ ਦੋਹਰਾ॥ ਸੁਨਿ ਪੰਡਿਤ ਬੂਝਨ ਕਿਯੋ 'ਗੁਰੂ ਕਿਤਿਕ ਪਰਕਾਰ?'। ਉੱਤਰ ਦੇਨੇ ਹੇਤੁ ਤਬ ਬੋਲੇ ਗੁਰੂ ਉਦਾਰ ॥੫੫॥ ਚੌਪਈ॥ 'ਇਕ ਪੰਡਿਤ ਗੁਰ*, ਇਕ ਅਵਧੂਤਾ[1]। ਮਹਾਂਪੁਰਖ ਇਕ ਜੋ ਮਤਿਪੂਤਾ[2]। ਲੱਖਨ ਸੁਨਹੁ ਭਿੰਨ ਮਨ ਮਾਨਹੁ। ਜੋ ਪੰਡਿਤ ਤਿਨ ਕਉ ਇਉਂ ਜਾਨਹੁ ॥੫੬॥ ਅਨ-ਤਾਰੂ[3] ਜਿਉਂ ਬਚਨ ਅਲਾਇ।—ਨਦੀ ਪਾਰ ਤਟ[4] ਹੋਤਿ ਲਖਾਇ। ਤਰਹੁ ਤਾਂਹਿ ਹੋਵਹੁਗੇ ਪਾਰੂ—। ਤਰ ਨਹਿਂ ਜਾਨਹਿ ਕਰਹਿ ਉਚਾਰੂ ॥੫੭॥ ਆਪ ਨ ਕਰਹਿ ਦੇਤਿ ਉਪਦੇਸ਼ਾ। ਪੰਡਿਤ ਗੁਰ ਜਾਨਹੁ ਤੁਮ ਐਸਾ। ਬੇਦ ਪੁਰਾਨਨ ਕਰਹਿ ਬਖਯਾਨਾ। ਲੋਭ ਮੋਹ ਮਹਿਂ ਬੈਸ ਬਿਹਾਨਾ[5] ॥੫੮॥ ਦੋਹਰਾ॥ ਪੁੰਨ ਮਿਲਨ ਕੋ ਜਾਨੀਏ, ਹੋਤਿ ਨ ਰਿਦੈ ਗਿਆਨ[6]। ਪੁਨ ਜੋ ਹੈ ਅਵਧੂਤ ਗੁਰ ਬਿੱਦਯਾ ਤੇ ਅਨਜਾਨ ॥੫੯॥ ਚੌਪਈ॥ ਮਿਲਾ ਸੰਤ ਕੋ ਜੋਗਹਿਂ ਪਾਯੋ। ਭਯੋ ਗ੍ਯਾਨ ਉਰ ਮੋਹ ਮਿਟਾਯੋ। ਆਪ ਤਰੈ ਭਵ ਸਾਗਰ ਸੋਇ। ਔਰ ਉਧਾਰ ਨ ਤਿਹ ਤੇ ਹੋਇ ॥੬੦॥ ਜਿਉਂ ਜਲ ਬਿਖੈ

[1]ਮੁਰਾਦ ਹੈ ਅਨਪੜ੍ਹ ਪਰ ਤਪੱਸੀ ਗੁਰੂ ਤੋਂ। [2]ਪਵਿੱਤ੍ਰ। [3]ਜੋ ਤਰ ਨਾ ਸੱਕੇ। [4]ਕੰਢਾ। [5]ਬੀਤਦੀ ਹੈ। [6]ਪੰਡਿਤ ਤੋਂ ਪੁੰਨ ਪ੍ਰਾਪਤ ਹੁੰਦਾ ਹੈ ਪਰ ਮੁਕਤੀ ਨਹੀਂ। [7]ਭਾਵ ਕੋਈ ਸੰਤ ਦੈਵ ਜੋਗ ਨਾਲ ਮਿਲ ਗਿਆ।

*ਇਥੇ ਗੁਰੂ ਪਦ ਤੋਂ ਮੁਰਾਦ ਗੁਰਮੁਖ ਦੀ ਹੈ, ਜੋ ਆਪ ਜਪਦਾ ਤੇ ਹੋਰਨਾਂ ਨੂੰ ਜਪਾਉਣ ਦੀ ਸਤ੍ਯਾ ਰਖਦਾ ਹੈ। ਗੁਰੂ ਅਵਤਾਰ ਜੋ ਦਸੋ ਪਾਤਸ਼ਾਹੀਆਂ ਸਨ, ਉਹ ਇਸ ਪਦਵੀ ਤੋਂ ਬਹੁਤ ਉੱਚੇ ਹਨ, ਤੇ ਉਨ੍ਹਾਂ ਦੀ ਸ਼ਾਨ ਦੇ ਓਹ ਦਸੇ ਆਪ ਹੀ ਸਨ। ਏਹ ਦਸ ਮੂਰਤੀਆਂ ਧੁਰੋਂ ਆਏ ਸਨ। ਇਹ ਰਬ ਦੀ ਜ਼ਾਤ ਤੋਂ ਆਏ ਸਨ। ਇਸ ਕਰਕੇ ਪਰਮੇਸ਼ੁਰ ਨੂੰ ਅਜੋਨੀ ਮੰਨਦਿਆਂ ਹੋਇਆਂ ਇਨ੍ਹਾਂ ਨੂੰ 'ਗੋਬਿੰਦ ਰੂਪ' ਤੇ 'ਭਗਵੰਤ ਰੂਪ' ਲਿਖਿਆ ਹੈ। ਹੋਰ ਸਿੱਖ੍ਯਾ ਦਾਤੇ ਤੇ ਮੁਰਸ਼ਦ ਇਕ ਸਾਧੂ ਤੋਂ ਲੈ ਵਡੇ ਤੋਂ ਵਡੇ ਭਗਤਾਂ ਤਕ ਜੋ ਹੋਏ ਹਨ ਓਹ ਜੀਵ ਸ਼੍ਰੇਣੀ ਤੋਂ ਉਠ ਪਰਮ ਪਦਾਂ ਨੂੰ ਅੱਪੜੇ ਹਨ। ਭਾਈ ਸ਼ੰਕਰ ਦਿਆਲ ਫੈਜ਼ਾਬਾਦੀ ਨੇ ਆਪਣੇ ਜਪੁਜੀ ਸਾਹਿਬ ਦੇ ਟੀਕੇ ਦੇ ਦੀਬਾਚੇ ਵਿਚ ਕਬੀਰ ਆਦਿ ਭਗਤਾਂ ਨੂੰ 'ਗੁਰਜਯੋਤੀ' ਦੇ ਕਾਯਮ ਮੁਕਾਮ ਸਿੱਧ ਕੀਤਾ ਹੈ, ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਗੁਰੂ ਧਾਰਨ ਕਰਨ ਵਾਲੇ ਦੱਸਕੇ, ਗੁਰੂ ਜਯੋਤੀ ਨੂੰ ਉਚੇਰਾ ਤੇ ਗੁਰੂ ਜਯੋਤੀ ਦਾ ਪੂਰਨ 'ਗੁਰ ਅਵਤਾਰ' ਗੁਰੂ ਨਾਨਕ ਦੇਵ ਜੀ ਨੂੰ ਸਿੱਧ ਕੀਤਾ ਹੈ।

ਲਸ਼ਟਕਾ[1] ਜਾਈ। ਆਪ ਤਰੈ ਨਹਿਂ ਔਰ ਤਰਾਈ। ਪੁਨ ਜੋ ਮਹਾਂ ਪੁਰਖ ਗੁਰ ਜਾਨਹੁ। ਸਭਿ ਵਿੱਦਯਾ ਮਹਿਂ ਨਿਪੁਨ[2] ਪਛਾਨਹੁ ॥ ੬੧ ॥ ਤਿਨ ਕੋ ਮਿਲਹਿਂ ਮਨੁਜ ਜੋ ਜਾਈ। ਹ੍ਵੈ ਉਧਾਰ ਸਹਿਜੇ ਗਤਿ ਪਾਈ। ਜਿਹ ਉਪਦੇਸ਼ਹਿ ਦੇਹਿਂ ਗਿਆਨਾ। ਐਸੇ ਮਹਾਂ ਪੁਰਖ ਸੁਖਦਾਨਾ॥੬੨॥ ਦੋਹਰਾ ॥ ਤਿਨ ਕੇ ਦੇਖਿ ਅਚਾਰ ਨਰ ਜੇਕੋ ਆਪ ਕਮਾਇ। ਸੁਸਤ[3] ਹੋਤਿ ਤਿਨ ਕੋ ਸਦਾ ਜਮਪੁਰਿ ਸੋ ਨਹਿਂ ਜਾਇ॥ ੬੩ ॥ ਚੌਪਈ ॥ ਨਰ ਜਿਹ ਪਾਰ ਲੰਘਾਵਨ ਹੋਇ। ਪਾਰ ਕਰੈ ਕੇਵਟ[4] ਸਮ ਸੋਇ। ਕਿਸੀ ਤੁਲਾ ਦੇ, ਕਿਹ ਸਰਨਾਈ[5]। ਕਿਸਹੂੰ ਨੌਕਾ[6] ਦੇਤਿ ਚਢਾਈ ॥ ੬੪ ॥ ਤਿਹ ਕੇ ਦਰਸ਼ਨ ਕਲਮਲ ਜਾਈ। ਮਹਾਂ ਪੁਰਖ ਗੁਰ ਸਭਿ ਸੁਖਦਾਈ[7]। ਗੁਨਖਾਨੀ ਤੇ' ਸੁਨਿ ਅਸ ਬਾਨੀ। ਪਰਮ ਪ੍ਰੇਮ ਮਿਂ ਮਤਿ ਲਪਟਾਨੀ ॥ ੬੫ ॥ ਗਹਿ ਪਦ ਪੰਕਜ ਬਿਨੈ ਬਖਾਨਹਿ।ਮੁਕਤਿ ਦਾਨ ਦਾ ਰੂਪ ਪਛਾਨਹਿਂ। 'ਭਵ ਸਾਗਰ ਮਹਿ ਹੈ ਦੁਖ ਭਾਰਾ। ਨਿਜ ਕਰੁਨਾ ਕਰਿ ਕਰਹੁ ਉਧਾਰਾ ॥੬੬॥ ਦੋਹਰਾ॥ ਸਿੱਖ ਆਪਨੇ ਕੀਜੀਏ ਸ਼ੁਭ ਉਪਦੇਸ਼ ਦ੍ਰਿੜਾਇ। ਜਸ ਤੁਮਰਾ ਸ੍ਰਵਨਨ ਸੁਨਯੋ ਦਰਸ ਦਿਯੋ ਅਬ ਆਇ'॥੬੭॥ਚੌਪਈ ॥ ਤਿਨ ਕੀ ਦੇਖਿ ਦੀਨਤਾ ਦਯਾਲਾ।ਦੇਤਿ ਭਏ ਉਪਦੇਸ਼ ਰਸਾਲਾ। 'ਜਗਤ ਜਾਨਿਯੋ ਰਿਦੇ ਅਨਿੱਤਾ। ਸੱਤਿਨਾਮ ਸਿਮਰਹੁ ਨਿਤ ਚਿੱਤਾ॥੬੮॥ਮਨ ਰੋਕਨ ਕੋ ਕਰਿ ਅੱਭਯਾਸਾ। ਹ੍ਵੈ ਤੁਮ ਕੋ ਪ੍ਰਾਪਤਿ ਸੁਖਰਾਸਾ। ਜਬਹੀ ਜਗਤ ਅਸੱਤਿ ਪਛਾਨੋ। ਮਨ ਸੰਕਲਪ ਸੁਖੈਨੈ[8] ਹਾਨੋ[9]' ॥ ੬੯ ॥ ਇਸ ਪ੍ਰਕਾਰ ਕੋ ਦੇ ਉਪਦੇਸ਼ਾ। ਆਗੇ ਗਮਨ* ਕੀਨ ਜਗਤੇਸ਼ਾ। ਕਾਂਸ਼ੀ ਬਿਖੈ ਜਾਇ ਕਿਯ ਡੇਰਾ। ਤਟ ਸੁਰਸਰਿ[10] ਜਹਿਂ ਸੁੰਦਰ ਹੇਰਾ ॥ ੭੦ ॥ ਅਤਿਸ਼ੈ ਉੱਜਲ ਨੀਰ ਤਰੰਗਾ। ਸੱਤਿਨਾਮ ਕੋ ਜਸ ਜਨੁ ਚੰਗਾ। ਹੁਤੇ[11] ਤਹਾਂ ਜੋ ਪੰਡਿਤ ਭਾਰੀ। ਸੁਨਿ ਕਰਿ ਸੁਧ ਤਿਨ ਸ਼੍ਰੋਨ ਮਝਾਰੀ॥੭੧॥ ਮਿਲਿ ਕਰਿ ਸਭਿਹੀ ਆਪਸ ਮਾਂਹੀ। ਆਵਨ ਭੇ ਤਿਆਰ ਹਰਖਾਹੀਂ।'ਪੂਰਨ ਸੰਤ ਸੁਨਤਿ ਥੇ ਜਾਂਕੋ। ਦਰਸ਼ਨ

[1]ਲਾਠੀ। [2]ਪ੍ਰਬੀਨ। [3]ਕੱਲਯਾਣ। [4]ਮਲਾਹ। [5]ਫੂਕ ਭਰੀ ਖੱਲ ਜਿਸ ਨਾਲ ਪਾਣੀ ਤੋਂ ਤਰ ਜਾਂਦੇ ਹਨ। [6]ਬੇੜੀ। [7]ਭਾਵ ਗੁਰੂ ਜੀ ਤੋਂ। [8]ਸੌਖੇ ਹੀ। [9]ਨਾਸ਼ ਕਰੋਗੇ। [10]ਗੰਗਾ। [11]ਸਨ।

*ਅਜੁੱਧਯਾ ਵਿਚ ਸਤਿਗੁਰੂ ਜੀ ਦਾ ਗੁਰਦੁਆਰਾ ਹੈ, ਕੁਛ ਬਰਸ ਬੀਤੇ ਹਨ ਕਿ ਸ਼ੱਤ੍ਰੂਜੀਤ ਸਿੰਘ ਜੀ ਨਾਮੇ ਇਕ ਬੜੇ ਚੰਗੇ ਨਿਹੰਗ ਸਿੰਘ ਇਸ ਗੁਰਦੁਆਰੇ ਦੇ ਸੇਵਕ ਹੋਏ ਹਨ।

Sri Satguru Jagjit Singh Ji eLibrary NamdhariElibrary@gmail.com

ਕਰੈਂ ਚਲਹੁ ਅਬ ਤਾਂਕੋ' ॥ ੭੨ ॥ ਨਰ ਬ੍ਰਿੰਦਨ ਸੋਂ ਪੰਡਿਤ ਆਏ। ਸ੍ਰੀ ਗੁਰ ਆਗੈ ਸੀਸ ਨਿਵਾਏ। ਧਰਿ ਉਰ ਸ਼ਰਧਾ ਕੋ ਢਿਗ ਬੈਸੇ। ਪ੍ਰਸ਼ਨ ਕੀਨ ਮਿਲਿ ਕੈ ਤਬ ਐਸੇ ॥ ੭੩ ॥ ਦੋਹਰਾ ॥ 'ਵੇਦ ਸ਼ਾਸਤ੍ਰ ਨਿਤਪ੍ਰਤਿ ਪਢਤਿ ਸੁਨਤਿ ਸਦਾ ਬਿਵਹਾਰ। ਹਮ ਉਰ ਸ਼ਾਂਤਿ ਨ ਆਵਈ ਮਿਟਤ ਨਹੀਂ ਹੰਕਾਰ'॥੭੪॥ਚੌਪਈ॥ ਸੁਨਿ ਕਰਿ ਬੋਲੇ ਸ੍ਰੀ ਗੁਨਖਾਨੀ।'ਪੰਡਿਤ ਗੁਨਹੁ ਹਮਾਰੀ ਬਾਨੀ। ਅੰਤਰ ਖੋਟ ਨਿਰੰਤਰ ਧਰਿਹੀ। ਕੈਸੇ ਪਾਹੁ ਬੇਦ ਕੋ ਕਰਿਹੀਂ॥੭੫॥ ਬਿਖੈ ਬਿਕਾਰ ਲਾਲਸਾ ਬਾਢੀ। ਸ਼ਾਂਤਿ ਬੁੱਧਿ ਉਰ ਬਾਹਰ ਠਾਂਢੀ* । ਪਢਹੁ ਸੁਨਹੁ ਸਭਿ ਲੋਕ ਦਿਖਾਵਾ'। ਅਸ ਕਹਿ ਪੁਨ ਇਕ ਸ਼ਬਦ ਅਲਾਵਾ ॥ ੭੬ ॥

ਸਿਰੀ ਰਾਗੁ ਮਹਲਾ ੧ ॥

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰਨਿੰਦਾ ਪਰਮਲੁ ਮੁਖ
ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏਹ ਕਰਮ ਮੇਰੇ
ਕਰਤਾਰ ॥ ੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ
ਕਹੀਅਹਿ ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥ ਰਸੁ ਸੁਇਨਾ ਰਸੁ
ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ
ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ ੨ ॥ ਜਿਤੁ
ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ
ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ
ਬਾਹਰੇ ਰਾਚਹਿ ਦਾਨਿ ਨ ਨਾਇ ॥ ੪ ॥ ੪ ॥

ਦੋਹਰਾ ॥ 'ਮਨ ਕੇ ਮੁਨਸਬ ਹੈਂ[4] ਸੁਨਹੁ ਰਹੇ ਬਿਸ਼ੈ ਲਪਟਾਇ[5]। ਤਾਂਹੀ ਕੇ ਰਸ ਮਹਿ ਫਸੇ ਨਹੀਂ ਨਾਮ ਰਸ ਆਇ॥ ੭੭॥ ਚੌਪਈ ॥ ਪਕ੍ਸ਼ਨ ਪ੍ਰਕਾਰ ਦੋਇ ਕੋ ਜਾਨਹੁ। ਪਟੇ ਬਾਜ[6], ਇਕ ਸੂਰ[7] ਪ੍ਰਮਾਨਹੁ[8]। ਇਕ ਕੀ ਨਿਸ਼ਫਲ ਝੂਠੀ ਲਖਨੀ[9]। ਹੋਤਿ ਸਫਲ ਦੂਸਰ[10] ਸਿਖ ਸਿਖਨੀ[11]। ॥੭੮॥ਪਟੇਬਾਜ[6]ਇਹ ਭਾਂਤਿ ਚਲਾਵਹਿ।ਜੈਸੇ ਅੰਗ ਛੁਹਨ ਨਹੀਂ ਪਾਵਹਿ।

[1]ਵਿਚਾਰੋ। [2]ਗਿਆਨ ਦੀ ਪਾਹੁ ਕੀਕੂੰ ਚੜ੍ਹੇ (ਅ) ਕੀਕੂੰ ਪਾਵੇ ਉਹ ਆਚਰਨ ਜਿਸ ਨੂੰ ਸ਼ਾਸਤ੍ਰ ਕਹਿੰਦਾ ਹੈ। [3]ਖੜੀ ਹੈ। [4]ਆਪਣੇ ਮਨ ਦੇ ਆਪ ਮੁਨਸਫ ਹੋਕੇ। [5]ਲਪਟ ਰਹੇ ਹੋ। [6]ਗੱਤਕੇ ਬਾਜ। [7]ਸੂਰਮਾ। [8]ਜਾਣੋ। [9]ਲੱਖਜਤਾ—ਪ੍ਰਬੀਨਤਾ। [10]ਦੂਸਰੇ ਦੀ। [11]ਸਿੱਖੀ ਹੋਈ ਸਿੱਖਜਾ। *ਪਾ:—ਗਾਢੀ।

Sri Satguru Jagjit Singh Ji eLibrary NamdhariElibrary@gmail.com

ਤਿਨਕੋ ਤਨ ਰਹਿ ਬਨਯੋ ਬਨਾਯੋ। ਸ਼ਸਤ੍ਰ ਘਾਵ ਕੋ ਛੁਹੰਨ ਨ ਪਾਯੋ॥੮੯॥ ਹੇਤ ਜੀਵਕਾ, ਲੋਕ ਦਿਖਾਵਨ। ਪਢਤਿ ਸੁ ਇਕ ਨਹਿਂ ਕਰਹਿਂ ਕਮਾਵਨ। ਤਿਹ ਕੋ ਨਿਸ਼ਫਲ ਐਸੇ ਜਾਨਹੁ। ਜੈਸੇ ਘਨ ਜਲਹੀਨ ਪਛਾਨਹੁ॥੯੦॥ ਇਕ ਜੋ ਸੂਰ ਸੰਤ ਇਸ ਰੀਤੀ। ਪਢਹਿਂ ਸੁਨਹਿਂ ਸਤਿਸੰਗ ਸਪ੍ਰੀਤੀ। ਜਾਨਹਿਂ ਬਡ ਅੱਗ੍ਯਾਨ ਅਰਾਤੀ[1]।ਤਿਹ ਕੋ ਹਨਨ ਕਰਹਿਂ ਭਲਿ ਭਾਂਤੀ॥ ੯੧॥ ਕਾਮ ਕ੍ਰੋਧ ਲੋਭ ਅਹੰਕਾਰਾ। ਇਹ ਤਿਹ ਐਰ ਸੁ ਕਰਹਿਂ ਪ੍ਰਹਾਰਾ। ਸਤਿਗੁਰ ਸ਼ਬਦ ਸ਼ਸਤ੍ਰ ਜਿਨਕੇਰੇ।ਕਰਹਿਂ ਪ੍ਰਹਾਰ ਨ ਲਾਵਹਿਂ ਦੇਰੇ॥੯੨॥ ਨਿਤਪ੍ਰਤਿ ਛੇਦਹਿਂ[2] ਸਨਮੁਖ ਹੋਈ। ਸੂਰਨ ਕੀ ਬਿੱਦ੍ਯਾ ਹੈ ਸੋਈ। ਪੁਨ ਇਕ ਔਰ ਸੁਨਹੁ ਦ੍ਰਿਸ਼ਟਾਂਤਾ। ਜਿਸ ਪ੍ਰਕਾਰ ਤੁਮ ਹੋਇ ਨ ਸ਼ਾਂਤਾ ॥ ੯੩ ॥ ਸ਼ਾਸਤ੍ਰ ਜਿਤੇ ਸੁ ਸ਼ਸਤ੍ਰ ਸਮਾਨਾ।ਮਨ ਰੂਪੀ ਬਡ ਕੇਹਰਿ[3] ਜਾਨਾ।ਜੋਮਾਰਹਿ ਤਿਨ ਨਿਕਸਹਿ ਨਾਮੂ—ਬਡੋ ਸ਼ਸਤ੍ਰਧਾਰੀ ਅਭਿਰਾਮੂ—॥੯੪॥ ਕਵਿਅਨ[4] ਜੇਤੇ ਸ਼ਾਸਤ੍ਰ ਬਨਾਏ। ਘੜਹਿਂ ਲੁਹਾਰ ਸਮਾਨ ਸਦਾਏਂ[5]। ਜੋ ਪੰਡਿਤ[6] ਤਿਨ ਟੀਕਾ ਕਾਰਾ। ਸਿਕਲੀਗਰ[7] ਸੋ ਲੇਹੁ ਬਿਚਾਰਾ ॥ ੯੫ ॥ ਜਿਨ ਪਢਿ ਸੁਨਿ ਕਿਯ ਮਨ ਕਾ ਮਾਰਨ। ਸੇ ਜੋਧਾ ਹਨਤੇ ਹੱਥਨਾਰਨ।ਪਢਹਿਂ ਜੀਵਕਾ ਕਾਰਨ ਜੋਊ।ਬੇਚਨ ਹਾਰ ਸ਼ਸਤ੍ਰ ਸਮ ਸੋਊ॥੯੬॥ ਸ਼ੇਰ ਰੂਪ ਮਨ ਜਿਸ ਨੇ ਮਾਰਾ। ਬਿਥਰੈ ਨਾਮ ਤਾਂਹਿ ਦਿਸ਼ਿ ਚਾਰਾ। ਸ਼ਸਤ੍ਰ ਧਾਰਿ[8] ਕਹਿਵਾਵਤਿ ਸੋਊ। ਕੂਰੇ ਨਾਮ ਅਪਰ ਸਭਿ ਕੋਊ' ॥੯੭॥ ਇਸ ਪ੍ਰਕਾਰ ਸੁਨਿ ਕਰਿ ਬਚ ਰਾਸੀ[9]। ਬੋਲੇ ਬਹੁਰ ਕੁਸ਼ਲ[10] ਜੋ ਕਾਂਸ਼ੀ। 'ਇਹ ਸ਼ਿਵਪੁਰਿ ਮਹਿਂ ਜੋ ਮ੍ਰਿਤੁ ਪਾਵਤਿ।ਮੁਕਤ ਹੋਤਿ ਸਭਿ ਦੋਖ ਮਿਟਾਵਤਿ॥੯੮॥ਸ਼ਾਸਤ੍ਰ ਬਿਖੈ ਮਹਾਤਮ ਕਹਾ। ਮ੍ਰਿਤੁ ਹੋਇ, ਜਾਵੈ ਸ਼ਿਵ ਜਹਾਂ। ਯਾਤੇ ਮਹਿਮਾ ਇਹ ਥਲ ਕੇਰੀ। ਸਭਿਹਿਨਿ ਤੇ ਉੱਤਮ ਹਮ ਹੇਰੀ'॥੯੯॥ਦੋਹਰਾ॥ਜਗਗੁਰ ਬੋਲੇ ਬਚਨਪੁਨ 'ਮ੍ਰਿਤੁ ਸਮਾਂ ਜਬ ਆਇ।ਰਾਮ ਨਾਮ ਉਪਦੇਸ਼ ਸ੍ਰੁਤਿ[11] ਦੇਤਿ ਪਿਨਾਕੀ[12] ਗਾਇ ॥ ੧੦੦ ॥ ਚੌਪਈ ॥ ਯਾਂਤੇ ਮੋਖ ਹੋਤਿ ਇਹੈਂ ਥਾਈਂ। ਲਖਹੁ ਨਾਮ

---

[1] ਵੈਰੀ। [2] ਕੱਟਦੇ ਹਨ। [3] ਸ਼ੇਰ। [4] ਕਵਿ ਤੋਂ ਮੁਰਾਦ (Inspired poets) ਅਨੁਭਵੀ ਕਵੀਆਂ ਤੋਂ ਹੈ। [5] ਸਦਾ ਹੀ। [6] ਪੰਡਿਤ ਤੋਂ ਮੁਰਾਦ ਕੇਵਲ ਵਿਦ੍ਯਵਾਨ ਦੀ ਹੈ, ਐਸੇ ਟੀਕਾਕਾਰਾਂ ਤੋਂ ਨਹੀਂ ਜੋ ਅਨੁਭਵੀ ਬੀ ਸਨ ਤੇ ਪੰਡਤ ਬੀ, ਜੈਸੇ ਸ਼ੰਕ੍ਰਾਚਾਰਯ ਜੀ ਅਨੁਭਵੀ ਬੀ ਸਨ ਤੇ ਟੀਕਾਕਾਰ ਬੀ ਸਨ। [7] ਹਥਿਆਰਾਂ ਨੂੰ ਸਾਫ ਕਰਨ ਵਾਲੇ। [8] ਧਾਰਨ ਵਾਲਾ। [9] ਸਾਰੇ। [10] ਚਤੁਰ (ਪੰਡਤ) ਕਾਂਸ਼ੀ ਦੇ। [11] ਕੰਨੀਂ। [12] ਸ਼ਿਵ।

Sri Satguru Jagjit Singh Ji eLibrary NamdhariElibrary@gmail.com

ਮਹਿਮਾ ਅਧਿਕਾਈ।ਕਿਤੇ ਦੇਸ਼ ਹੋਵੈ ਥਲ ਕੋਈ।ਨਾਮ ਰਿਦੈ ਗਤਿ ਪ੍ਰਾਪਤਿ ਹੋਈ*॥੯੧॥ ਜਿਉਂ ਕਬੀਰ ਕਾਸ਼ੀ ਥਲ ਤਯਾਗਾ। ਮਗਹ¹ ਮੈਂ ਬਸਾ ਨਾਮ ਅਨੁਰਾਗਾ।ਸਤਿ ਸੰਗਤਿ ਹ੍ਵੈ ਰਹੀ ਤਹਾਂ ਹੀ। ਭਏ ਮੋਖ ਤਜਿ ਦੇਹਿ ਉਹਾਂ ਹੀਂ²॥੯੨॥ਜਾਨਹੁ ਏਕ ਮੋਖ ਕੋ ਦਾਤਾ। ਸੱਤਿਨਾਮ ਸਭਿ ਜਗ ਬੱਖਯਾਤਾ। ਔਰ ਕਿਸੂ ਤੇ ਮੋਖ ਨ ਹੋਈ।ਕੋਟ ਉਪਾਉ ਕਰੇ ਜੇ ਕੋਈ' ॥ ੯੩॥ ਦੋਹਰਾ॥ ਸੁਨਿ ਕਰਿ ਪੰਡਿਤ ਕਹਤਿ ਭੇ 'ਹੈਂ ਅਨੇਕ ਹਰਿਨਾਮ। ਕੌਨ ਨਾਮ ਹੈ ਮੁਕਤਿ ਦਾ? ਸੋ ਕਹਿਯੇ ਅਭਿਰਾਮ' ॥੯੪॥ਚੌਪਈ॥ ਸ੍ਰੀ ਨਾਨਕ ਪੁਨ ਬੈਨ ਉਚਾਰੇ। 'ਜੋ ਨੌਕਾ ਸਭਿ ਪਾਰ ਉਤਾਰੇ। ਪੁਨ ਜਿਸ ਨੌਕਾ ਪਰ ਚਢਿ ਕੋਊ। ਤਿਹ ਕੋ ਪਾਰ ਉਤਾਰੇ ਸੋਊ ॥੯੫॥ ਤਿਸਹੀ ਸੰਗ ਤਾਂਹਿ ਕੇ ਕਾਮੂ। ਉਤਰੈ ਪਾਰ ਪਾਇ ਸੁਖਧਾਮੂ। ਤੈਸੇ ਗੁਰ ਜੋ ਨਾਮ ਬਤਾਇ। ਸੋ ਤਿਹ ਕੋ ਹੋਵਤਿ ਗਤਿਦਾਇ ॥ ੯੬ ॥ ਗੁਰ ਉਪਦੇਸ਼ ਰਿਦੈ ਜਿਨ ਧਾਰਾ। ਸੋ ਭਵ ਸਾਗਰ ਉਤਰਾ ਪਾਰਾ†'। ਇਸ ਪ੍ਰਕਾਰ ਸੁਨਿ ਕੈ ਸ਼ੁਭ ਬਚਨਾ। ਪੰਡਿਤ ਬਿਨੈ ਭਨੈ ਸੁਠ ਰਚਨਾ ॥ ੯੭ ॥ 'ਦੀਨ ਜਾਨਿ ਗਤਿ ਕੀਜੈ ਹਮਰੀ। ਚਰਨ ਸ਼ਰਨ ਗਹਿ ਲੀਨੀ ਤੁਮਰੀ। ਰਾਵਰਿ ਸਰਸ ਅਪਰ ਨਹਿ ਕੋਈ। ਸਫਲ ਦਰਸ ਨਿਜ ਕਰਿ ਦੁਖ ਖੋਈ'॥੯੮॥ਸੁਨੀ ਬਿਨੈ ਜਬ ਕਰੁਨਾ ਐਨਾ। ਕੰਵਲਦਾ ਉਚਰੇ ਸ਼ੁਭ ਬੈਨਾ। 'ਸੱਤਿਨਾਮ ਕੋ ਕੀਜੈ ਜਾਪੁ। ਤੁਮਰੇ ਨਾਸਹਿਂ ਤੀਨੋਂ ਤਾਪੁ'॥੯੯॥ ਨਾਉਂ ਧਰੀਕ³ ਭਏ ਸਿਖ ਸੋਇ।ਗੁਰ ਗੁਰ ਜਾਪ ਜਪਹਿ ਭ੍ਰਮ ਖੋਇ।ਕਿਤਿਕ ਦਿਵਸ ਗੁਰ ਡੇਰਾ ਕਰਿਕੈ। ਪੁਨ ਗਮਨੇ ਉਪਕਾਰ ਬਿਚਰਿਕੈ ॥੧੦੦॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਤੀਰਥ ਬਿਚਰਨ' ਪ੍ਰਸੰਗ ਬਰਨਨੰ ਨਾਮ ਨਵਮੋਂ ਅਧਯਾਯ ॥ ੯ ॥

੧੦. [ਸ਼ਾਰਦਾ ਮੰਗਲ। ਜਗਨ ਨਾਥ, ਕਲਜੁਗ ਪ੍ਰਸੰਗ]

॥ ਭੁਜੰਗ ਛੰਦ ॥

ਨਮੋ ਚੰਡਿਕਾ‡ ਕਾਲਕਾ ਬਾਕਬਾਨੀ।ਬਿਘੰਨਾ ਹਰੰਤੀ ਸਦਾ ਬੁੱਧਿ ਦਾਨੀ। ਕਰੋ ਦਾਤ ਮਾਤਾ ਮੁਝੈ ਦਾਸ ਜਾਨੋਂ।ਸੁਛੰਦੇ ਗੁਰੂ ਕੀ ਕਥਾਹੋਂ ਬਖਾਨੋਂ॥੧॥

---

¹ਮਗਹਰ। ²ਉਥੇ ਹੀ। ³ਨਾਮ ਦੇ ਧਾਰਨ ਕਰਨ ਵਾਲੇ। *ਉਨ੍ਹਾਂ ਦੇ ਵੱਸੇ ਖਿਆਲ ਦਾ ਉਨ੍ਹਾਂ ਦੇ ਨਿਸ਼ਚੇ ਦਾ ਖਿਆਲ ਦੱਸਕੇ ਇਹ ਅਪਣਾ ਅਸੂਲ ਪ੍ਰਤਿਪਾਦਨ ਕੀਤਾ ਹੈ ਕਿ ਨਾਮ ਨਾਲ ਕਲਜਾਨ ਹੁੰਦੀ ਹੈ, ਕਿਸੇ ਥਾਂਵੇਂ ਮਰਨ ਨਾਲ ਨਹੀਂ।

†ਅੰਕ ੯੯ ਵਿਚ ਦੱਸਣਗੇ ਕਿ ਇਨ੍ਹਾਂ ਨੂੰ 'ਸੱਤਿਨਾਮ' ਗੁਰੂ ਜੀ ਨੇ ਦੇਕੇ ਤਾਰਿਆ।

‡ਦੇਵੀ ਦੀ ਵਿਸ਼ੇਸ਼ ਵਯਾਖਯਾ ਲਈ ਪੜ੍ਹੋ ਪੂਰਬਾਰਧ ਅਧਯਾਯ ੧ ਅੰਕ ੨।

Sri Satguru Jagjit Singh Ji eLibrary NamdhariElibrary@gmail.com

ਚੰਡਿਕਾ=ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੨ ।
ਕਾਲਿਕਾ=ਕਾਲੇ ਰੰਗ ਦੀ ਇਕ ਮੰਨੀ ਹੋਈ ਵ੍ਯਕਤੀ ਜਿਸ ਨੇ ਦੈਂਤਾਂ ਦਾ ਨਾਸ਼ ਕੀਤਾ । ਮੁਰਾਦ ਤੇਜਮਯ ਸ਼ਤ੍ਰੂਆਂ ਤੇ ਭੈ ਵਾਲਾ ਅਸਰ ਪਾਉਣ ਵਾਲੀ ਵ੍ਯਕਤੀ, ਉਸੇ ਨੂੰ ਬਾਕਬਾਨੀ ਪਏ ਕਹਿੰਦੇ ਹਨ । ਆਦਿ ਸ਼ਕਤੀ । ਸੁ=ਚੰਗੀ ।
ਸੁਛੰਦ=ਸੁਹਣੇ ਗੀਤ, ਸੁੰਦਰ ਕਵਿਤਾ । (ਅ) ਸੁਛੰਦ=ਸੁਤੰਤ੍ਰ, ਆਪੇ ਟੁਰੀ ਆਉਣ ਵਾਲੀ ਕਵਿਤਾ ।

ਅਰਥ—ਨਮਸਕਾਰ (ਹੈ ਤੈਨੂੰ, ਤੂੰ ਜੋ) ਚੰਡੀ ਹੈਂ, ਕਾਲਿਕਾਂ ਹੈਂ, ਸਰਸ੍ਵਤੀ ਹੈਂ, ਵਿਘਨਾਂ ਦੇ ਹਰ ਲੈਣ ਵਾਲੀ ਹੈਂ, ਸਦਾ ਬੁੱਧੀ ਦੇਣ ਵਾਲੀ ਹੈਂ । ਹੇ ਮਾਤਾ ! ਮੈਨੂੰ ਦਾਸ- ਜਾਣੋ (ਤੇ ਇਹ) ਦਾਤ ਬਖਸ਼ੋ ਕਿ ਸੁਹਣੇ ਛੰਦਾਂ ਵਿਚ ਗੁਰੂ ਜੀ ਦੀ ਕਥਾ ਵਰਣਨ ਕਰਾਂ ।

ਭਾਵ—ਇਸ ਮੰਗਲ ਵਿਚ ਸੰਸਾ ਨਹੀਂ ਰਹਿੰਦਾ ਕਿ ਕਵਿ ਜੀ ਬੁੱਧੀ ਦਾਤਾ ਤੇ ਬਾਕਬਾਨੀ ਸਰਸ੍ਵਤੀ ਨੂੰ ਹੀ ਚੰਡਿਕਾ ਤੇ ਕਾਲਿਕਾ ਕਹਿ ਰਹੇ ਹਨ, ਇਹੋ ਵਿਘਨ ਹਰਨ ਵਾਲੀ ਹੈ, ਇਹੋ ਅਕਲ ਦੇਣ ਵਾਲੀ ਹੈ, ਇਹੋ ਕਵਿਤਾ ਦੀ ਦਾਤੀ ਹੈ । ਸੋ ਸਪਸ਼ਟ ਹੈ ਕਿ ਆਪ ਨੇ ਅਪਣੀ ਸਾਰਦਾ ਵਿਚ ਤੇਜ ਤੇ ਸ਼ਾਂਤ, ਜਲਾਲ ਤੇ ਜਮਾਲ, ਸਗੋਂ ਸ਼ਤ੍ਰੂਆਂ ਨੂੰ ਭੈ ਦਾਤਾ ਹੋਣ ਵਾਲੀ ਵਰਣਨ ਕੀਤਾ ਹੈ, ਕਿਉਂਕਿ ਆਪ ਨੇ ਕਵਿਤਾ ਬੀਰ ਰਸ ਤੇ ਰੌਦ੍ਰ ਰਸ ਦੀ ਬੀ ਕਰਨੀ ਹੈ ।

ਇਕ ਹੋਰ ਗਲ ਇਥੇ ਹੱਲ ਹੋਈ ਪਈ ਹੈ ਕਿ ਸ਼ਾਰਦਾ ਤੋਂ ਆਪ ਇਕੋ ਪ੍ਰਯੋਜਨ ਰਖਦੇ ਹਨ—ਆਪ ਉਸ ਤੋਂ ਇਹ ਵਰ ਮੰਗਦੇ ਹਨ ਕਿ ਆਪਣੇ ਇਸ਼ਟ ਦੀ ਅਪਣੇ ਸਤਿਗੁਰੂ ਦੀ ਕਥਾ ਮੈਂ ਸੁਤੇ ਸਿੱਧ ਕੁਦਰਤੀ ਵਹਾਉ ਵਾਲੀ ਸੁੰਦਰ ਛੰਦਾਂ ਵਿਚ ਗੁੰਦੀ ਕਵਿਤਾ ਵਿਚ ਵਰਣਨ ਕਰਾਂ ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨਿ ਸ੍ਰੀ ਅੰਗਦ ਕਥਾ ਰਸਾਲਾ । ਆਗੇ ਗਮਨੇ ਬਹੁਰ ਕ੍ਰਿਪਾਲਾ।ਜਗੰਨਾਥ ਕੋ ਜਹਿਂ ਅਸਥਾਨਾ। ਤਹਾਂ ਜਾਇ ਪਹੁੰਚੇ ਗਤਿਦਾਨਾ ॥੨ ॥ ਹਰਿਮੰਦਰ[1] ਕੇ ਦਰ ਪਰ ਜਾਈ । ਬੈਠੇ ਕਿਤਿਕ ਕਾਲ ਤਿਹ ਥਾਈਂ । ਸੰਧ੍ਯਾ ਕਾਲ ਪਹੂੰਚ੍ਯੋ ਜਬਹੀ । ਸਭ ਪੰਡੇ ਮਿਲਿ ਆਏ ਤਬਹੀ ॥੩॥ ਕਰਨੇ ਲਗੇ ਆਰਤੀ ਤਹਿਂਵਾ।ਜਗੰਨਾਥ ਕੋ ਮੰਦਰ ਜਹਿਂਵਾ। ਸ੍ਰੀ ਗੁਰ ਬੈਠੇ ਰਹੇ ਅਡੋਲਾ।ਠਾਂਢੇ ਭਏ ਨ ਕੁਛ ਮੁਖ ਬੋਲਾ॥੪॥ਤਿਹ ਛਿਨ ਪੰਡੇ ਰਿਸਿ ਉਰਧਾਰੀ। ਆਨਿ ਸਮੀਪੰ ਗਿਰਾ ਉਚਾਰੀ। 'ਕੋ ਹੈਂ ਤੂੰ ? ਕਿਹ ਥਲ ਤੇ ਆਯੋ?।ਹੈਂ ਅਨਜਾਨ ਭੇਦ ਨਹਿਂ ਪਾਯੋ॥੫॥ਸਭਿਨਿ ਆਰਤੀ ਖਰੇ ਉਤਾਰੀ । ਤੂੰ ਬੈਠ੍ਯੋ ਰਹਿਓ ਇਹ ਬਾਰੀ[2] । ਜਗੰਨਾਥ ਕੋ ਭਾਉ ਨ ਕੀਨੋ।

[1]ਜਗਨ ਨਾਥ ਦਾ ਮੰਦਰ । [2]ਇਸ ਵੇਲੇ।

ਉਠਯੋ ਨ ਤਿਹ ਛਿਨ,ਕਯਾ ਤੈਂ ਚੀਨੋ?'॥੬॥ ਸੁਨਿ ਕਰਿ ਜਗਗੁਰ ਬਚਨ ਬਖਾਨੋ।'ਸਦਾ ਆਰਤੀ ਹਮ ਪਹਿਚਾਨੋ।ਸਰਬ ਸ਼ਿਰੋਮਣਿ ਜਸ ਪ੍ਰਭੁ ਊਚੋ। ਕਰਹਿਂ ਆਰਤੀ ਤਾਸ ਮਨ ਸੂਚੋ॥੭॥ ਅਲਪ ਆਰਤੀ ਕਯਾ ਤੁਮ ਕਰਿਹੋ। ਤੁੱਛ ਸੌਜ[1] ਜਾ ਮਹਿਂ ਸ਼ੁਭ ਧਰਿਹੋ।ਮਨ ਨਿਰਮਲ ਕਰਿ ਨਹੀਂ ਟਿਕਾਵਹੁ। ਤੌ ਅਭਿਮਤਿ[2] ਕਯਾ ਫਲ ਤੁਮ ਪਾਵਹੁ'॥੮॥ ਪੰਡੇ ਕਹੈਂ'ਆਰਤੀ ਕੈਸੀ?। ਨਿਤਪ੍ਰਤਿ ਕਰਤਿ ਰਹੇਂ ਕਹੁ ਤੈਸੀ'। ਤਿਨ ਤੇ ਸੁਨਿਕੇ ਕ੍ਰਿਪਾ ਨਿਧਾਨਾ। ਸ਼ਬਦ ਆਰਤੀ ਰੀਤਿ ਬਖਾਨਾ ॥ ੯ ॥

ਧਨਾਸਰੀ ਮਹਲਾ ੧ ਆਰਤੀ

ੴ ਸਤਿਗੁਰਪ੍ਰਸਾਦਿ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ । ਤਿਸਕੇ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥ ੪ ॥ ੧ ॥ ੭ ॥ ੯ ॥

ਦੋਹਰਾ ॥ 'ਇਸ ਪ੍ਰਕਾਰ ਕੀ ਆਰਤੀ ਨਿਤ ਉਤਾਰਿ ਕਰਤਾਰ। ਮਨ ਕੋ ਰੋਕਿ ਜੁ ਕਰਤਿ ਇਉਂ ਫਿਰ ਨ ਪਾਇ ਸੰਸਾਰ'॥੧੦॥ਚੌਪਈ॥ ਸੁਨਿ ਕਰਿ ਪੰਡੇ ਬੰਦਨ ਕਰਿਹੀਂ।'ਮਹਾਂ ਪੁਰਖ ਇਹ' ਬਚਨ ਉਚਰਿਹੀਂ।'ਅਹੇ ਸੱਤਿ ਸਭਿ ਇਨ ਕੌ ਕਹਿਨੋ। ਮਨ ਇਸਥਿਰ ਇਕ ਛਿਨ ਨਹਿ ਰਹਿਨੋ'॥੧੧॥ ਦੋਇ ਦਿਵਸ ਤਹਿਂ ਰਾਖਯੋ ਡੇਰਾ। ਬਹੁਰੋ ਗਵਨੇ ਹੋਤਿ ਸਵੇਰਾ। ਕਿਤਿਕ ਦੂਰ ਗੇ ਸਾਗਰ ਤੀਰਾ। ਅਤਿ ਤਰੰਗ ਕੋ ਉਛਰਤਿ ਨੀਰਾ ॥ ੧੨ ॥ ਪੁਨ ਤਟ ਬੈਠੇ ਕ੍ਰਿਪਾ ਨਿਧਾਨਾ। ਗਾਵਨ ਲਗਾ ਸ਼ਬਦ ਮਰਦਾਨਾ। ਊਚੀ ਸੁਰ ਸੋਂ ਉਰ ਹਰਖਾਯੋ। ਅਧਿਕ ਮਨੋਜ[3] ਰਬਾਬ ਵਜਾਯੋ ॥ ੧੩ ॥ ਦੋਹਰਾ ॥ ਇਕ ਮਿਰਤਕ ਮਾਨਵ ਪਰਾ ਬ੍ਰਿੱਕ[4] ਖਾਨ ਤਿਹ ਆਇ। ਅਧਿਕ ਛੁਧਾ ਜਿਹ ਕਉ ਲਗੀ ਚੂਮਯੋ ਮਸਤਕ ਜਾਇ ॥ ੧੪ ॥ ਚੌਪਈ ॥ ਨਹਿਂ ਖਾਯੋ

[1]ਤੁੱਛ ਸਮੱਗਰੀ। [2]ਵਾਂਛਤ ਫਲ। [3]ਸੁੰਦਰ, ਮਨੋਹਰ। [4]ਬਘਿਆੜ।

Sri Satguru Jagjit Singh Ji eLibrary NamdhariElibrary@gmail.com

ਹਟਿ ਕਰਿ ਸੋ ਗਯੋ। ਦੂਰ ਜਾਇ ਪੁਨ ਆਵਤਿ ਭਯੋ। ਪਗ ਕਰ ਉਰ ਸੂੰਘਾ ਤਿਹ ਸਾਰਾ। ਬਿਨ ਖਾਏ ਗਾ ਬਨਹਿ ਮਝਾਰਾ ॥ ੧੫ ॥ ਸ੍ਰੀ ਪ੍ਰਭੁ ਸੋਂ ਬੂਝਤਿ ਮਰਦਾਨਾ। 'ਮਿਰਤਕ ਕੋ ਬ੍ਰਿਕ ਕੀਨ ਨ ਖਾਨਾ। ਸੂੰਘ ਹਟਯੋ[1] ਕਿਉਂ? ਕਹਿਯੈ ਸ੍ਵਾਮੀ!। ਘਟ ਘਟ ਕੇ ਤੁਮ ਅੰਤਰਜਾਮੀ' ॥ ੧੬ ॥ 'ਸੁਨਿ ਮਰਦਾਨੇ! ਸ਼ਬਦ ਜੁ ਗਾਯੋ। ਯਾਂਤੇ ਰਿਦਾ ਸੁੱਧ ਹ੍ਵੈ ਆਯੋ। ਪਾਪ ਪੁੰਨ ਕੋ ਭਯੋ ਬਿਚਾਰਾ। ਭੱਖ ਅਭੱਖਹਿ ਲਖਯੋ ਅਹਾਰਾ ॥੧੭॥ ਦੋਹਰਾ ॥ ਮਿਰਤਕ[2] ਬੇਮੁਖ ਨਾਮ ਤੇ ਨਹਿੰ ਕੀਨੋ ਸਤਿਸੰਗ। ਆਂਖ ਨ ਦਰਸ੍ਯੋ ਸੰਤ ਕਬ, ਰਿਦੈ ਨ ਹਰਿ ਕੋ ਰੰਗ ॥ ੧੯ ॥ ਚੌਪਈ ॥ ਹਸਤਨ[3] ਸੋਂ ਕਬ ਟਹਿਲ ਨ ਕੀਨੀ। ਹਰਿਜਸੁ ਧੁਨਿ ਸ੍ਰਵਨਨ[4] ਨਹਿ ਦੀਨੀ। ਜਾਨੇ ਸਭੈ ਅੰਗ ਅਪਵਿੱਤ। ਇਸ ਖਾਵਨ ਤੇ ਹੋਇ ਅਧੋਗਤਿ ॥੧੯॥ ਯਾਂਤੇ ਤਜ੍ਯੋ, ਸੁਨੋ ਮਰਦਾਨਾ!। ਬਿਨਾ ਨਾਮ ਕਬ ਨਹਿੰ ਕੱਲਯਾਨਾ। ਨਿਹਫਲ ਨਰ ਸ਼ਰੀਰ ਹੈ ਸੋਈ। ਜਿਨ ਕਬਹੂੰ ਸਤਿਸੰਗ ਨ ਜੋਈ ॥ ੨੦ ॥ ਨਾਮ ਜਪਨ ਨਰ ਜਗ ਮੈਂ ਆਇਓ। ਭੂਲ੍ਯੋ ਤਾਂਹਿ[5] ਬਿਸ਼ੈ ਲਪਟਾਇਓ'। ਸੁਨਿਕੈ ਨਮੋ ਕੀਨਿ ਮਰਦਾਨੇ। 'ਧੰਨ ਪ੍ਰਭੂ! ਸਚ ਕਰਤਿ ਬਖਾਨੇ' ॥ ੨੧ ॥ ਅਪਰ ਥਾਨ ਪੁਨ ਕੀਨ ਪਯਾਨਾ। ਆਵਾ ਕਾਨਨ ਅਧਿਕ ਭਯਾਨਾ। ਤਹਾਂ ਜਾਇ ਬੈਠੇ ਗੁਨ-ਖਾਨੀ। ਜਿਉਂ ਹੋਈ ਤਿਉਂ ਸੁਨੋ ਕਹਾਨੀ ॥ ੨੨ ॥ ਤਿਹ ਛਿਨ ਉਠੀ ਬਿਸਾਲ ਅੰਧੇਰੀ। ਭੈ ਦਾਇਕ ਆਰੁਨ ਰੰਗ ਗੇਰੀ[6]। ਅਧਿਕ ਪ੍ਰਭੰਜਨ[7] ਜੋਰ ਲਗਾਵਾ। ਕੰਕਰ ਧੂਰ ਉਡੀ ਨਭ ਛਾਵਾ ॥ ੨੩ ॥ ਦੋਹਰਾ ॥ ਬਿਰਖ ਚਲੇ ਜਿਹ ਸੰਗ ਉਡ ਹੋਯੋ ਤਿਮਰ[8] ਗੁਬਾਰ। ਹਾਥ ਪਸਾਰ ਨ ਸੂਝਈ ਦੁਖ ਬਹੁ ਦੇਵਨਹਾਰ ॥ ੨੪ ॥ ਚੌਪਈ ॥ ਜਬ ਮਰਦਾਨੇ ਤਿਹ ਦਿਸ਼ ਦੇਖਾ। ਰਿਦੈ ਮੱਧ ਭੈ ਕੀਨ ਬਿਸ਼ੇਖਾ। ਆਨਨ ਪਰ ਅੰਬਰ[9] ਕੋ ਪਾਯੋ। ਪੌਢ੍ਯੋ ਭੂਮਿ ਬਿਖੈ ਅਕੁਲਾਯੋ ॥ ੨੫ ॥ ਸ੍ਰੀ ਨਾਨਕ ਸੋਂ ਬਚਨ ਉਚਾਰੇ। 'ਬਡ ਉੱਦਯਾਨ ਆਨਿਕੈ ਮਾਰੇ। ਰੋਰ ਕਵਨ ਤੇ ਭੀ ਹੌਂ ਰਹਾ। ਇਹਾਂ ਆਨਿ ਬਹੁਤੋ ਦੁਖ ਲਹਾ' ॥ ੨੬ ॥ ਬਿਗਸਤਿ ਸ੍ਰੀ ਮੁਖ ਧੀਰਜ ਦੀਨਾ। 'ਕਿਉਂ ਮਰਦਾਨੇ ਤੈਂ ਭੈ ਕੀਨਾ? ਨਹੀਂ ਸਮੀਪ ਆਇ ਕਛੁ ਤੇਰੇ। ਕਿਉਂ ਤੂੰ ਭਯੋ ਅਧੀਰ ਘਨੇਰੇ?' ॥੨੭॥ 'ਸੁਨਹੁ ਪ੍ਰਭੂ! ਮੁਝ ਕੰਪ[10] ਘਨੇਰਾ। ਐਸਾ ਸੀਤ ਨ

[1] ਮੁੜਿਆ। [2] ਮੁਰਦਾ। [3] ਹੱਥਾਂ। [4] ਕੰਨੀਂ। [5] ਤਿਸ (ਨਾਮ) ਨੂੰ। [6] ਗੇਰੂ ਵਰਗੀ ਲਾਲ। [7] ਹਵਾ ਨੇ। [8] ਅੰਧੇਰਾ। [9] ਕਪੜਾ। [10] ਕਾਂਬਾ।

Sri Satguru Jagjit Singh Ji eLibrary NamdhariElibrary@gmail.com

ਮੈਂ ਕਬ ਹੇਰਾ। ਜੀਵ ਲੈਨ ਇਹ ਆਇ ਅੰਧੇਰੀ। ਭਈ ਆਰਬਲ ਪੂਰਨ ਮੇਰੀ' ॥੨੮॥ ਪੁਨ ਸੋ ਦੈਂਤ ਦੇਹਿ ਧਰਿ ਆਵਾ। ਸਿਰ ਨਭ[1] ਪਗ ਪਾਤਾਲ ਬਨਾਵਾ। ਦੀਰਘ ਦਾਂਤ ਭਿਆਨਕ ਰੂਪਾ। ਨਾਸਾਂ ਕਰਨ[2] ਬਨੇ ਤਮ-ਕੂਪਾ[3]॥੨੯॥ ਮੁਖ ਉਘਾਰਿ ਮਰਦਾਨੇ ਦੇਖਾ। ਭਯੋ ਰਿਦੇ ਭੈਭੀਤ ਵਿਸ਼ੇਖਾ॥ 'ਤਿਹ ਅੰਧੇਰੀ ਤੇ ਬਚਿ ਰਹੇ। ਅਬ ਇਹ ਦੈਂਤ ਖਾਵਨੋ ਚਹੇ' ॥੩੦॥ ਗੁਰੂ ਭਨੈਂ'ਇਹ ਹੈ ਕਿਛੁ ਨਾਂਹੀ। ਨਿਕਟ ਨ ਆਵੈ ਜਾਇ ਪਰਾਹੀਂ[4]। ਵਾਹਿਗੁਰੂ ਕਹਿ ਧੀਰਜ ਕਰੀਏ। ਕਿਹ ਤੇ ਤਨਕ ਨ ਤ੍ਰਾਸ ਖਿਚਰੀਏ'॥੩੧॥ ਕਲਿ-ਜੁਗ ਅਗਨਿ ਬੇਖ, ਤਨ ਧਾਰਾ। ਧੂਮ ਉਠਨੇ ਚਹੁੰ ਤਰਫ ਅਪਾਰਾ। ਮੁਖ ਢਪਿ ਪੌਢਿ ਰਹ੍ਯੋ ਮਰਦਾਨਾ॥ਅਚਰਜ ਦੇਖਿ ਅਧਿਕ ਭੈ ਮਾਨਾ॥੩੨॥ਦੋਹਰਾ ॥ਅਗਨਿ ਬੇਖ ਕੋ ਤ੍ਯਾਗ ਕੈ ਘਟਾ ਬਣੀ ਪੁਨ ਹੋਇ। ਕਰਤਿ ਪਰਖਨਾ ਗੁਰੂ ਕੀ ਕਲਿਜੁਗ ਆਵਤਿ ਸੋਇ॥੩੩॥ ਚੌਪਈ ॥ ਭੀ ਕਾਲੀ ਘਟ ਨਿਸਾ ਸਮਾਨਾ। ਦਾਮਨਿ[5] ਚਮਕਤਿ ਮਨਹੁ ਕ੍ਰਿਪਾਨਾ। ਕਰਿਕਾ[6] ਕੋ ਬਰਖਾਇ ਬਿਸਾਲਾ। ਪਾਹਨ ਸਮ ਭਾਰੀ ਤਿਹ ਕਾਲਾ ॥੩੪॥ ਧਰਿ ਧੀਰਜ ਗੁਰ ਤਹਾਂ ਸੁਹਾਏ। ਨਿਕਟ ਕਛੂ ਛੁਹਿਨਾ ਨਹਿੰ ਪਾਏ। ਤਬਿ ਕਲਿਜੁਗ ਨੇ ਨਿਸ਼ਚੈ ਜਾਨੀ।–ਹੈ ਅਵਤਾਰ ਰੂਪ ਗੁਨ ਖਾਨੀ–॥੩੫ ॥ ਮਾਨੁਖ ਰੂਪ ਧਾਰਿ ਪੁਨ ਆਯੋ। ਅਧਿਕ ਬਦਨ ਤੇ ਅਗਨਿ ਬਮਾਯੋ[7]। ਦੇਹਿ ਕੰਚੁਕੀ[8] ਜਾਂਹਿ ਸਵਾਰੀ। ਏਕ ਹਾਥ ਮੈਂ ਜਿਹਵਾ ਧਾਰੀ ॥ ੩੬ ॥ ਗਹਨੇ ਲਿੰਗ[9] ਕੋ ਦੂਸਰ ਹਾਥਾ। ਆਵਾ ਸਨਮੁਖ ਜਹਿੰ ਜਗਨਾਥਾ। ਬਿਗਸਤਿ ਮੁਖ ਤੇ ਕਹਿ ਸੁਖਰਾਸਾ ।'ਮਰਦਾਨੇ! ਉਠਿ ਦੇਖਿ ਤਮਾਸ਼ਾ ॥ ੩੭ ॥ ਸਾਵ-ਧਾਨ ਹ੍ਵੈ ਧੀਰਜ ਧਰੀਏ। ਕਾਹੂ ਤਨਕ ਨ ਤ੍ਰਾਸ ਬਿਚਰੀਏ' । ਆਨਿ ਕਲੀ[10] ਤਬ ਬੰਦਨ ਕਰਿਕੈ। ਬੋਲ੍ਯੋ ਨਿਜ ਅਪਰਾਧ ਬਿਚਰਿਕੈ ॥੩੮॥ 'ਬਖਸ਼ਹੁ ਖਤਾ ਜਿਤੀ ਮੈਂ ਕੀਨੀ। ਰਾਵਰ ਕੀ ਮਹਿਮਾ ਨਹਿੰ ਚੀਨੀ। ਅਬ ਇਸ ਸਮੇਂ ਮੋਰ ਸਿਕਦਾਰੀ[11]। ਦੀਨੀ ਤੁਮ ਨਿਜ ਕਰੁਨਾ ਧਾਰੀ॥੩੯॥ ਅਬ ਲੱਛਨ ਨਰ ਜੈਸੇ ਕਰਿਹੀਂ।ਤੈਸੇ ਬੇਖ ਅਧੋ ਮੈਂ ਧਰਿਹੀ। ਦੈਵਸੰਪਦਾ[12]ਤਜਿਕਰਿ ਸਾਰੀ।ਦ੍ਵੈ ਇੰਦ੍ਰੈ ਸ੍ਵਾਦਨ ਬਸਿ ਕਾਰੀ ॥੪੦॥ਕੈ ਤੋ

[1]ਅਕਾਸ਼। [2]ਕੰਨ। [3]ਅੰਧੇਰਾ ਖੂਹ। [4]ਪਰੇ ਪਰੇ (ਅ) ਦੌੜ ਜਾਇਗਾ। [5]ਬਿਜਲੀ। [6]ਗੜੇ। [7]ਕੱਢੀ। [8]ਕੰਚੁਕੀ=ਦ੍ਵਾਰਪਾਲ ਦੀ। (ਅ) ਕੰਚ+ਕੀ=ਸੋਨੇ ਦੀ। [9]ਇੰਦ੍ਰੀ। [10]ਕਲਜੁਗ। [11]ਸਰਦਾਰੀ। [12]ਭਾਵ ਸ਼ੁਭ ਗੁਣ।

Sri Satguru Jagjit Singh Ji eLibrary NamdhariElibrary@gmail.com

ਰਸਨਾ ਸ੍ਵਾਦਹਿ ਲਾਈ। ਲਿੰਗ ਸ੍ਵਾਦ ਕੇ ਬਸਿ ਹੁਇ ਜਾਈ। ਮਾਤ ਪਿਤਾ ਗੁਰ ਲੱਜਾ ਤਯਾਗੀ। ਇਨ ਕੇ ਬਸੀ ਹੋਹਿਂ ਅਨੁਰਾਗੀ ॥ ੪੧ ॥ ਯਾਂ ਤੇ ਭੀ ਮਮ ਮਤਿ ਬਿਪਰੀਤਾ। ਕਿਧ ਤੁਮ ਸੋਂ ਛਲ ਹ੍ਵੈ ਨਿਰਭੀਤਾ[੧]। ਛਿਮਾ ਕਰਨ ਕੋ ਬਿਰਦ ਤੁਮਾਰਾ। ਪਰਮ ਪੁਰਖ ਹੋ ਮਹਾਂ ਉਦਾਰਾ'॥੪੨॥ ਸੁਨਿ ਕਰਿ ਇਉਂ ਬੋਲੇ ਜਗਤੇਸ਼ਾ।'ਕੋ ਤਵ ਨਾਮ,ਕੌਨ ਹੈ ਦੇਸ਼ਾ?। ਕੌਨ ਕਾਜ ਹਿਤ ਚਲਿਕਰਿ ਆਇਓ?।ਇਸਪ੍ਰਕਾਰਕਿਉਂ ਕਪਟਦਿਖਾਇਓ?' ॥ ੪੩ ॥ 'ਸੁਨਹੁ ਗੁਰੂ ਜੀ ਕਲਜੁਗ ਨਾਮੂ। ਦਰਸ਼ਨ ਕਰਿਬੇ ਕੋ ਮਮ ਕਾਮੂ। ਨਮੋ ਕਰਨ ਰਾਵਰ ਕੋ ਆਇਓ। ਪਰਖਨ ਹਿਤ ਮੈਂ ਕਪਟ ਦਿਖਾਇਓ' ॥ ੪੪ ॥ ਸ੍ਰੀ ਗੁਰ ਕਹੈਂ 'ਭਨੋ ਨਿਜ ਲੱਛਨ। ਕੋ ਤਵ ਸੈਨਾ ਸੰਗ ਬਿਚੱਛਨ[੨]?।ਕਿਸ ਪ੍ਰਕਾਰ ਕੀ ਤੁਝ ਸਿਕਦਾਰੀ?'। ਸੁਨਿ ਕਲਿਜੁਗ ਪੁਨ ਗਿਰਾ ਉਚਾਰੀ ॥੪੫॥ 'ਕ੍ਰੂਰ ਸੂਰ[੩] ਸਭਿ ਕੇਰ ਅਗਾਰੀ। ਚਲਤਿ, ਧੁਜਾ ਬਡ ਕਰ ਮਹਿ ਧਾਰੀ। ਮੋਹ ਨਾਮ ਸਭਿ ਕੋ ਭੂਪਾਲਾ। ਸੈਨਾਪਤਿ ਹਿੰਸਾ[੪] ਜੁ ਬਿਸਾਲਾ ॥੪੬॥ ਕਾਮ, ਕ੍ਰੋਧ,ਲੋਭ, ਅਹੰਕਾਰਾ। ਸਭਿ ਜੋਧਾ ਏ ਗਜ ਅਸਵਾਰਾ[੫]। ਮਤਸਰ ਨਿੰਦਾ ਪੁਨ ਬਟਪਾਰੀ[੬]। ਤ੍ਰਿਸ਼ਨਾ ਤੇ ਸਭਿ ਰਥ ਅਸਵਾਰੀ ॥੪੭॥ ਆਲਸ, ਜੂਪ[੭],ਬਾਰਨੀ ਪਾਨਾ[੮]। ਦੁਰਾਚਾਰ ਸਭਿ ਚੰਢੇ ਕਿਕਾਨਾ[੯]। ਮਮਤਾ,ਬਿਸ਼ਿਯਨਿ ਆਸ਼ਾ ਜੋਇ। ਚੋਰੀ,ਪੈਦਲ ਲਖਿਯੇ ਸੋਇ ॥ ੪੮ ॥ ਦੋਹਰਾ ॥ ਔਰ ਗਨਨ ਕਿਹ ਲਗ ਕਰੋਂ[੧੦] ਜੋ ਚਤੁਰੰਗਨਿ[੧੧] ਸੈਨ। ਚਢਿ ਦੌਰਹਿ ਜਿਸ ਦਿਸ਼ਾ ਕੋ ਮਾਰ ਕਰਹਿ ਬਿਨ ਚੈਨ ॥ ੪੯ ॥ ਚੌਪਈ ॥ ਇਨ ਆਗੈ ਨਹਿਂ ਥਿਰ ਹ੍ਵੈ ਕੋਊ। ਕੋਟ ਮਧੇ ਵਿਰਲਾ ਕੋ ਹੋਊ। ਜਗ ਮਹਿਂ ਕਰੀ ਲਬੇਰ ਪਥੇਰਾ[੧੨]। ਕਿਸ ਹੂ ਮਹਿ ਧੀਰਜ ਨਹਿ ਹੇਰਾ। ॥੫੦॥ਕੋਟ ਮਵਾਸੀ[੧੩] ਸਭਿ ਚੜ੍ਹਿ ਮਾਰੇ।ਕੋ ਨਹਿਂ ਠਾਂਢਿ ਭਯੋ ਸਭਿ ਹਾਰੇ। ਦੰਭ ਨਾਮ ਜੋ ਮੇਰੋ ਜੋਧਾ। ਕਰੀ ਦਿਗ ਬਿਜੈ ਰਿਦ ਧਰਿ ਕ੍ਰੋਧਾ ॥ ੫੧ ॥ ਲੇ ਕਰਿ ਸੰਗ ਸਹਾਇਕ ਸੋਊ। ਜਿਹ ਤੇ ਬਚਨੇ ਥਾਨ ਨਹਿਂ ਕੋਊ। ਇਸ ਪ੍ਰਕਾਰ ਕੀ ਮਮ ਸਿਕਦਾਰੀ'। ਸੁਨਿ ਸ੍ਰੀ ਨਾਨਕ ਗਿਰਾ ਉਚਾਰੀ ॥ ੫੨ ॥

---

[੧]ਨਿਡਰ ਹੋਕੇ। [੨]ਚਤੁਰ। [੩]ਭੂਤ (ਰੂਪੀ) ਸੂਰਮਾ। [੪]ਹੱਤਿਆ। [੫]ਹਾਥੀ ਸਵਾਰ। [੬]ਧਾੜਾ ਮਾਰਨਾ। [੭]ਜੂਆ। [੮]ਸ਼ਰਾਬ ਪੀਣਾ। [੯]ਘੋੜ ਚੜ੍ਹੇ। [੧੦]ਕਿਥੋਂ ਤਕ ਗਿਣਨਾ ਕਰਾਂ। [੧੧]ਚਾਰ ਪ੍ਰਕਾਰ ਦੀ। [੧੨]ਲੋਭੂ ਪੇਥੂ। [੧੩]ਕਿਲ੍ਹਿਆਂ ਆਕੀ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਮੁਖਵਾਕ ॥

ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥ ੪ ॥

ਦੋਹਰਾ॥ 'ਤੂੰ ਜਿ ਭਯਾ ਸਿਕਦਾਰ ਜਗ ਹਮ ਚਾਕਰ ਕਰਤਾਰ।ਜਬ ਤੂੰ ਲੇਖਾ ਦੇਯਗੋ ਹੋਵੈਂ ਬਸੀ ਹਮਾਰ'[1]॥੫੩॥ ਚੌਪਈ॥ ਸੁਨਿ ਕਲਿਜੁਗ ਕਰ ਬੰਦਤਿ ਭਯੋ। ਦੀਨ ਹੋਇ ਬੋਲਨਿ ਅਸ ਕਯੋ। 'ਇਸੀ ਹੇਤੁ ਮੈਂ ਤੁਮ ਢਿਗ ਆਯੋ। ਸ੍ਰੀ ਨਾਨਕ ਤੁਮ ਨਾਮ ਧਰਾਯੋ ॥੫੪॥ ਤੁਮ ਕਰਤਾਰ ਵਿਖੇ ਨਹਿਂ ਭੇਵਾ। ਏਕੰਕਾਰ ਦੇਵ ਪਤਿ ਦੇਵਾ। ਭੇਟਾ ਲੇਹੁ ਕ੍ਰਿਤਾਰਥ ਕਰੀਏ। ਗੁਨਹਿ ਕੀਏ ਸਗਰੇ ਪਰਹਰੀਏ[2] ॥ ੫੫ ॥ ਦੋਹਰਾ ॥ ਕੰਚਨ ਮੰਦਰ ਸੁੰਦਰੰ ਰਤਨ ਜਰੇ ਜਿਨ ਮਾਂਹਿ। ਮੋਤੀ ਕੀ ਤੋਰਨ[3] ਰੁਚਿਰ ਅਤਿ ਸੁਗੰਧਿ ਹੈ ਜਾਂਹਿ ॥ ੫੬ ॥ ਚੌਪਈ ॥ ਕਸਤੂਰੀ ਕੁੰਗੂ[4] ਛਿਰਕਾਵੌਂ। ਚੰਦਨ ਕੇ ਸੁਭ* ਲੇਪ ਕਰਾਵੌਂ। ਬੈਸਤਿ ਹੀ ਮਨ ਹੋਤਿ ਹੁਲਾਸਾ। ਇਸ ਪ੍ਰਕਾਰ ਕੇ ਰੁਚਿਰ ਅਵਾਸਾ ॥੫੭॥ ਚਲਹੁ ਅਬੈ ਤਿਨ ਮੰਦਰ ਮਾਂਹੀ। ਤੁਮ ਇੱਛਾ ਜੇ ਲਜਾਉਂ ਇਹਾਂਹੀ।ਲੇਹੁ ਉਪਾਇਨ ਇਹ ਗੁਨਖਾਨੀ'। ਸੁਨਿ ਸ੍ਰੀ ਨਾਨਕ ਉਚਰੀ ਬਾਨੀ ॥੫੮ ॥

ੴ ਸਤਿਗੁਰਪ੍ਰਸਾਦਿ॥

ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥

ਕੁੰਡਲੀਆ ਛੰਦ ॥ ਪੁਨ ਕਲਜੁਗ ਬੋਲਤਿ ਭਯੋ 'ਜੇ ਤੁਮ ਲਹੋ ਨ ਏਹ। ਦੇਵਾਂਗਨ[5] ਸੁਭ ਲੀਜੀਏ ਜਿਨ ਅਤਿ ਸੁੰਦਰ ਦੇਹਿ। ਜਿਨ ਅਤਿ ਸੁੰਦਰ ਦੇਹਿ ਕਰੇ ਰਸ ਰੀਤਿ ਬਿਹਾਰ।ਸੁੰਦਰ ਜਹਿਂ ਪਰਯੰਕ ਲਾਲ ਜੜਤੀ ਜਿਨ ਚਾਰ। ਕਿਤਿਕ ਕਾਲ ਤਿਨ ਮਹਿਂ ਰਹੋ ਲੇਹੁ ਭੇਟ ਗੁਣ ਖਾਨ!'। ਸੁਨਿ ਸ੍ਰੀ ਨਾਨਕ ਜੀ ਤਬਹਿ ਕੀਨੇ ਬਚਨ ਬਖਾਨ ॥੫੯॥

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥

[1]ਸਾਡੇ ਵੱਸ ਵਿਚ। [2]ਗੁਨਾਹ ਕੀਤੇ ਸਾਰੇ ਨਾਸ਼ ਕਰੋ। [3]ਬੰਦਨ ਵਾਰ। [4]ਕੇਸਰ। [5]ਅਪੱਛਰਾਂ।

*ਪਾ:-ਤਨ।

Sri Satguru Jagjit Singh Ji eLibrary NamdhariElibrary@gmail.com

ਕੁੰਡਲੀਆ ਛੰਦ ॥ ਕਲਜੁਗ ਬਹੁਰੋ ਬੋਲਿਓ 'ਇਨ ਕੀ ਚਾਹ ਜਿ ਨਾਂਹਿ। ਨਵਨਿੱਧਾਂ* ਤੁਮ ਲੀਜੀਏ ਸਿੱਧਿ ਅਠਾਰਹਿ ਚਾਹਿ। ਸਿੱਧਿ ਅਠਾਰਹਿ ਚਾਹਿ ਗੁਪਤ ਪਰਗਟ ਸੋ ਕਾਰਨ। ਜਹਿਂ ਚਾਹੋ ਤਹਿਂ ਫਿਰੋ ਸੁਖੀ ਤੁਮ ਕੋ ਹਟਕਾਰ ਨਾ। ਸਰਬ ਲੋਕ ਤੁਮ ਤੇ ਡਰੈਂ ਪੁਜਹਿਂ ਪਦ ਚਿਤ ਲਾਇ। ਭੇਟ ਲੇਹੁ ਮਮ ਦਿਸ਼ਾ ਤੇ', ਸੁਨਿ ਬੋਲੇ ਗਤਿਦਾਇ:-॥੬੦॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥

ਕੁੰਡਲੀਆ ਛੰਦ ॥ ਕਲਿਜੁਗ ਬਚਨਾ ਪੁਨ ਭਨੇ 'ਜਗ ਪਤਿਸ਼ਾਹੀ ਲੇਹੁ। ਹੁਕਮ ਕਰਉ ਉਰ ਭਾਵਤੇ[1] ਚਰਨ ਤਖਤ ਪਰ ਦੇਹੁ। ਚਰਨ ਤਖਤ ਪਰ ਦੇਹੁ ਜਗਤ ਮਾਨਹਿ ਸਭਿ ਆਨਾ[2]। ਸੈਨਾ ਸੰਗ ਅਨੰਤ ਕਰਹੁ ਪਰਤਾਪ ਮਹਾਨਾ। ਲੇਹੁ ਉਪਾਇਨ ਇਹ ਅਬੈ ਕਰਹੁ ਕ੍ਰਿਤਾਰਥ ਨਾਥ!' ਸਬਦ ਭੋਗ ਪਉੜੀ ਕਹੀ ਗੁਰ ਕਲਜੁਗ ਕੇ ਸਾਥ॥੬੧॥

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥

ਚੌਪਈ ॥ ਪੁਨ ਕਲਿ ਬੋਲਯੋ ਹੁਇ ਕਰਿ ਦੀਨਾ। 'ਸੁਨਹੁ ਗੁਰੂ ਸਭਿ ਬਿਖੈ ਪ੍ਰਬੀਨਾ। ਮੇਰੇ ਸਮੇ ਬਿਖੈ ਅਵਤਾਰਾ। ਨਰਨ ਉਧਾਰਨ ਕੋ ਤੁਮ ਧਾਰਾ॥ ੬੨॥ ਅਬ ਮੈਂ ਮਿਲਯੋ ਆਇ ਪਦ ਪਾਸਾ। ਮੇਲ ਅਫਲ ਕਿਉਂ ਕਰਿ ਸੁਖ ਰਾਸਾ!। ਕੋਇ ਨ ਭੇਟ ਮੋਹਿ ਤੈਂ ਲੀਨੀ। ਮਮ ਮਨਸਾ ਨਹਿਂ ਪੂਰਨ ਕੀਨੀ॥੬੩॥ ਜੋ ਤੁਮ ਭੇਟ ਲੇਯ ਹੋ ਮੇਰੀ। ਤੌ ਜਾਨੌਂ ਕਿਰਪਾ ਭਈ ਤੇਰੀ। ਨਾਤੁਰ ਹਰਖ ਨ ਹੁਇ ਉਰ ਮਾਂਹੀ। ਮਨਿ[3] ਰਾਵਰ ਕੀ ਕਰੁਨਾ ਚਾਹੀ' ॥੬੪॥ ਅਸ ਆਤੁਰ ਸੁਨਿ ਕੈ ਤਿਹ ਬੈਨਾ। ਕ੍ਰਿਪਾ ਧਾਰਿ ਬੋਲੇ ਗੁਨ ਐਨਾ। 'ਭੇਟ ਦੇਨਿ ਕੀ ਚਾਹ ਜਿ ਤੋਹੀ। ਇਸ ਪ੍ਰਕਾਰ ਕੀ ਦੀਜੈ ਮੋਹੀ ॥ ੬੫ ॥ ਜੋ ਸਿਖ ਹੈਂ ਮੇਰੇ ਹਿਤਕਾਰੀ[4]। ਤਿਨ ਪਰ ਸੈਨ ਨ ਜਾਇ ਤੁਮਾਰੀ। ਨਾਮੁ ਦਾਨ ਇਸ਼ਨਾਨ ਜੋ ਸਭਿ ਹੀ। ਇਨ ਤੇ ਨਹੀਂ ਭੁਲਾਵਹੁ ਕਬਹੀ ॥੬੬॥ ਤਵ ਛਾਯਾ ਨਹਿ ਬਰਤੈ ਤਿਨ ਕੋ। ਮੋਰ ਬਚਨ ਮੈਂ ਨਿਸ਼ਚਾ ਜਿਨਕੋ। ਜੋ

[1]ਮਨ ਭਾਂਵਦੇ। [2]ਈਨ; [3](ਮੈਂ) ਮਨ ਵਿਚ। [4]ਪ੍ਰੇਮੀ।

*ਨੌ ਨਿੱਧਾਂ ਤੇ ਅਠਾਰਾਂ ਸਿੱਧੀਆਂ ਲਈ ਦੇਖੋ ਪੂਰਬਾਰਧ ਅਧ੍ਯਾਯ ੧ ਅੰਕ ੧੭ ਦੇ ਪਦ ਅਰਥ।

Sri Satguru Jagjit Singh Ji eLibrary NamdhariElibrary@gmail.com

ਤੁਮ ਦੇਨਾ ਤੈ ਇਹ ਦੀਜੈ। ਮਮ ਸੰਗਤ ਕੋ ਦੁਖੀ ਨ ਕੀਜੈ' ॥੬੭॥ ਕਲ-ਜੁਗ ਬੋਲਯੋ ਦ੍ਵੈ ਕਰ ਜੋਰੇ । 'ਕਹੌਂ ਪ੍ਰਭੂ ਤਵ ਚਰਨ ਨਿਹੋਰੇ[੧]। ਆਇਸੁ ਮੈਂ ਤੁਮਰੀ ਸਿਰ ਧਰਨੀ । ਅਸ ਨਹਿਂ ਗਮਤਾ ਮੋਰਨ[੨] ਕਰਨੀ॥੬੮॥ ਦੋਹਰਾ॥ ਏਕੰਕਾਰ ਆਇਸੁ ਮੁਝੈ ਸੋ ਤੁਮ ਕਹਹੁ ਸੁਨਾਇ*।ਬੁੱਧਿਸਭਿਨਿ ਬਿਪਰੀਤ ਕਰਿ ਦੇਹੁ ਕੁਕਰਮ ਚਲਾਇ ॥੬੯॥ ਚੌਪਈ॥ ਚੋਰੀ, ਯਾਰੀ,ਨਿੰਦਾ, ਕੂਰੂ । ਲੰਪਟ, ਲੋਭੀ, ਤ੍ਰਿਸ਼ਨਾ ਭੂਰੈ[੩]। ਬਾਟਪਾਰ[੪] ਸੋ ਸੂਰ[੫] ਕਹਾਵਹਿਂ । ਪਿਸ਼ਨ[੬] ਬਡੋ ਆਦਰ ਕੋ ਪਾਵਹਿਂ॥੭੦॥ਬਹੁ ਬੋਲਤਿ ਸੋ ਗੁਣੀ ਕਹਾਵਹਿਂ।ਸਾਚ ਕਹੈ ਤਿਸੁ ਸਠ[੭] ਠਹਿਰਾਵਹਿ । ਗੁਨੀਅਨ ਕੇਰ ਨਿਰਾਦਰ ਹੋਊ। ਭੂਪ ਨਿਕਟਿ ਬੈਠਹਿਂ ਸਠ ਜੋਊ॥੭੧॥ ਦੋਹਰਾ॥ ਕਲਮਲ ਆਲਯ[੮] ਹੋਇਂ ਨਰ ਕ੍ਰਿਪਨ[੯] ਨ ਕਰਿਹੀਂ ਦਾਨ। ਧਰਮਹਿਂ ਤੇ† ਵਿਪਰੀਤ[੧੦] ਹੁਇ ਪਾਵਹਿਂ ਕਸ਼ਟ ਨਿਦਾਨ[੧੧]॥੭੨॥ ਚੌਪਈ॥ ਦਿਜ[੧੨] ਬਿਵਹਾਰੀ ਬਹੁਰ ਕਿਸਾਨਾ । ਤਿਨ ਕੋ ਆਦਰ ਹੋਇ ਮਹਾਨਾ । ਬੇਦ ਪਾਠਕੀ[੧੩] ਤੱਤ ਬਿਚਾਰੀ । ਤਿਨਹਿ ਕਹਿਤ ਇਹ ਵਿਰਤਿ ਖੁਆਰੀ॥੭੩॥ਭੂਪ ਕਹੈਂ ਹਮ ਕੋ ਨਿਤ ਟੋਟੂ।ਪੂਜਾ ਕਹੇ ਹਮ ਲੇਹਿ ਖਸੋਟੂ[੧੪] । ਸੰਨਯਾਸੀ ਸੰਗ੍ਰਹਿ ਬਹੁ ਧਨ ਕੋ । ਅਸਨ ਬਸਨ ਅਲਪ ਗ੍ਰਿਹਸਤਿਨ ਕੋ॥੭੪॥ਔਰ ਗਨਨ ਕਰਿਕਹਾਂ ਸੁਨਾਊਂ।ਮੋਰ ਸਮੈਂ ਕੋ ਜੌਨ ਪ੍ਰਭਾਊ।ਜਹਿਂ ਸਤਿ,ਤਪ,ਬ੍ਰਤ, ਧਰਮ ਉਪਾਸਨ।ਸਭਿ ਇਕਬਾਰਹਿ[੧੫]ਕਰੌਂ ਬਿਨਾਸਨ ॥ ੭੫ ॥ ਦੋਹਰਾ ॥ ਆਇਸੁ ਅਸ ਕਰਤਾਰ ਕੀ ਸੋ ਤੁਮਰੀ ਹੀ ਹੋਇ। ਅਬ ਜਿਹ ਬਿਧਿ ਉਚਰੋ ਪ੍ਰਭੂ ! ਮੈਂ ਮਾਨੋਂਗਾ ਸੋਇ ॥੭੬॥ ਚੌਪਈ॥ ਮੈਂ ਆਇਸੁ ਰਾਵਰਿ ਅਨੁਸਾਰੀ । ਤਦਪਿ ਲੇਹੁ ਕੁਛ ਭੇਟ ਹਮਾਰੀ। ਕੰਚਨ ਮੰਦਿਰ ਦਰਬ ਮਹਾਨਾ । ਜਬ ਲੇਵੋ ਹੋਵੋਂ ਹਰਖਾਨਾ[੧੬]' ॥੭੭॥ ਸੁਨਿ ਕਰਿ ਬਿਗਸੇ ਸ੍ਰੀ ਗੁਨਖਾਨੀ।ਹ੍ਵੈ ਪ੍ਰਸੰਨ ਬੋਲੇ ਤਬ ਬਾਨੀ।'ਸਭਿ ਜੁਗ ਤੇ ਬਡ ਤੇਜ ਤੁਮਾਰਾ।ਹੋਵਹਿਗੋ ਇਹ ਵਾਕ ਹਮਾਰਾ॥੭੮॥ਤੋਰ[੧੭] ਕਾਲ[੧੮]ਕੀਰਤਿ ਕਰ-ਤਾਰਾ।ਮਹਿਮਾ ਤਾਂਕੀ ਬਧੈ[੧੯] ਅਪਾਰਾ। ਲਾਖ ਬਰਖ ਸਤਿਜੁਗ ਜੋ ਕਰਿਈ। ਅਯੁਤ[੨੦]ਬਰਖਤ੍ਰੇਤੇ ਚਿਤਧਰਿਈ॥੭੯॥ਦ੍ਵਾਪੁਰਕਰਤਿ ਜਿ ਬਰਖਹਜ਼ਾਰਾ।

[੧]ਚਰਨ ਪੂਜਕੇ। [੨]ਮੋੜਨੇ ਦੀ। [੩]ਬਹੁਤ। [੪]ਲੁਟੇਰੇ। [੫]ਸੂਰਮੇ। [੬]ਚੁਗਲਖੋਰ। [੭]ਮੂਰਖ। [੮]ਪਾਪਾਂ ਦਾ ਘਰ। [੯]ਕੰਜੂਸ। [੧੦]ਉਲਟੇ। [੧੧]ਅੰਤ ਨੂੰ। [੧੨]ਬ੍ਰਾਹਮਣ। [੧੩]ਭਾਵ ਬ੍ਰਹਮ ਵਿਦ੍ਯਾ ਵਾਲੇ ਦੀ। [੧੪]ਖੋਹ। [੧੫]ਇਕੋ ਵਾਰੀ। [੧੬]ਅਨੰਦ। [੧੭]ਤੇਰੇ। [੧੮]ਸਮੇਂ ਵਿਚ। [੧੯]ਵਧੇਗੀ। [੨੦]ਦਸ ਹਜ਼ਾਰ।

*ਪਾ:—ਧਰਹੁ ਮਨਾਇ। †ਪਾ:—ਧਰਮ ਹੇਤ।

Sri Satguru Jagjit Singh Ji eLibrary NamdhariElibrary@gmail.com

ਸੋ ਕਲਿ[1] ਅਲਪ ਕਾਲ ਸੁਖਸਾਰਾ[2]।ਪ੍ਰੀਤਿ ਯੁਕਤ ਹਰਿਕੀਰਤਿ ਕਰਿਈ।
ਸੋ ਤਤਕਾਲ ਬਿਖੈ ਭਵ ਤਰਿਈ ॥੯੦॥ਬਹੁਰੋ ਚਹਿਤ ਜਿ ਦੇਨਿ ਉਪਾਇਨ।
ਰਤਨ ਜੜੇ ਕੰਚਨ ਕੇ ਆਇਨ। ਚਤੁਰਥ ਜਾਮਾ ਜਬ ਹਮ ਧਰਿ ਹੈਂ।ਮਾਯਾ
ਸਹਿਤ[3] ਲੈਨਿ ਤਬਿ ਕਰਿਹੈਂ'॥੯੧॥ਸੁਨਿ ਕਰਿ ਕਲਜੁਗ ਉਰ ਹਰਖਾਨਾ।
ਕਰ ਪਦ ਬੰਦਨ ਬਚਨ ਬਖਾਨਾ। 'ਤੁਮ ਸੰਗਤ ਕੇ ਨਿਕਟਿ ਨ ਜੈਹੋਂ।
ਆਨ ਜੀਵ ਦੰਭੀ ਦੁਖ ਦੈਹੋਂ ॥੯੨॥ ਤੁਮਰੇ ਬਚਨ ਜਿ ਸਿੱਖ ਕਮਾਵਹਿਂ।
ਤਿਨ ਪਰ ਮੋਰਾ ਕਛੁ ਨ ਬਸਾਵਹਿ[4]'। ਭੇਟ ਦੇਯ, ਬਰ ਗੁਰ ਤੇ ਲੇ ਕਰਿ।
ਖਿਦਾ ਭਯੋ ਚਰਨਨ ਪਰ ਸਿਰ ਧਰਿ ॥੯੩॥ ਪਢਹਿ ਸੁਨਹਿ ਸ਼ਰਧਾ ਉਰ
ਥਾਪੈਂ। ਤਿਨ ਪਰ ਕਲਜੁਗ ਨਹੀਂ ਬਿਆਪੈ*। ਗਮਨੇ ਸ੍ਰੀ ਗੁਰ ਬਹੁਰ

[1]ਕਲਜੁਗ (ਵਿਚ)। [2]ਸਾਰਾ ਸੁਖ ਮਿਲੇਗਾ। [3]ਸਮੇਤ (ਮੰਦਰ)। [4]ਵਸ ਨਹੀਂ ਚੱਲੇਗਾ।

*ਜਗਤ ਵਿਚ ਪ੍ਰਗਟ ਹੋਏ ਅਵਤਾਰਾਂ ਅਤੇ ਭਗਤੀ ਵਿਚ ਉਚੇ ਲੋਕਾਂ ਦੀ ਪ੍ਰੀਖਯਾ ਮਾਇਆ ਵਲੋਂ, ਕਲਜੁਗ ਵਲੋਂ, ਸ਼ੈਤਾਨ ਵਲੋਂ ਹੋਈ ਲਗ ਪਗ ਸਾਰੇ ਮਤਾਂ ਵਿਚ ਹੈ। ਈਸਾ ਨੂੰ ਸ਼ੈਤਾਨ ਨੇ ਪਰਖਿਆ ਲਿਖਿਆ ਹੈ। ਦੇਖੋ, ਮਤੀ ਦੀ ਅੰਜੀਲ ਬਾਬ ਚੌਥਾ ਆਇਤ ੧ ਤੋਂ ੧੧। ਬਗਦਾਦ ਦੇ ਪੀਰਾਨ ਪੀਰ ਮੁਹੱਯੁਦੀਨ ਦੀ ਪ੍ਰੀਖਯਾ ਹੋਈ। ਮੁਹੰਮਦ ਸਾਹਿਬ ਦੀ ਮਿਅਰਾਜ ਵਾਲੀ ਰਾਤ ਨੂੰ ਅਤੇ ਕਬੀਰ ਜੀ ਨੇ ਤਾਂ ਆਪਣੀ ਬਾਬਤ ਆਪ ਹੀ ਲਿਖਿਆ ਹੈ; ਯਥਾ 'ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮॥' ਇਸੇ ਤਰ੍ਹਾਂ ਬੁਧ ਜੀ ਆਦਿਕਾਂ ਦੀ ਪ੍ਰੀਖਯਾ ਦੇ ਜ਼ਿਕਰ ਹਨ। ਸੋ ਜਾਪਦਾ ਹੈ ਕਿ ਅਵਤਾਰਾਂ, ਮਹਾਂ ਪੁਰਖਾਂ, ਗੁਰਮੁਖਾਂ, ਸੰਤਾਂ ਸਭ ਦੀ ਕਿਸੇ ਨ ਕਿਸੇ ਸ਼ਕਲ ਵਿਚ ਬਦੀ ਵਲੋਂ ਪ੍ਰੀਖਯਾ ਹੁੰਦੀ ਹੈ ਕਿ ਇਹ ਅਡੋਲ ਰਹਿੰਦੇ ਹਨ ਕਿ ਨਹੀਂ। ਇਹ ਕੋਈ ਆਤਮ ਭੁਲੇਵੇ ਪੈਂਦੇ ਹਨ, ਸਾਮਰਤੱਖ ਕੁਛ ਭਾਸਦਾ ਹੈ, ਯਾ ਉਹ ਕੋਈ ਪ੍ਰਭਾਵ ਹੁੰਦਾ ਹੈ ਯਾ ਕਿਸੇ ਮੰਡਲ ਵਿਚ ਪ੍ਰਭਾਵ ਬੀ ਜੀਵਨ ਰਖਦੇ ਹਨ, ਚਾਹੇ ਕੁਛ ਹੋਵੇ ਪਰੰਤੂ ਏਸ ਪ੍ਰਕਾਰ ਦੇ ਪਰਤਾਵੇ ਆਉਂਦੇ ਹਨ ਤੇ ਸਾਈਂ ਪਿਆਰੇ ਉਹਨਾਂ ਦੇ ਅਸਰ ਤੋਂ ਬਚਦੇ ਹਨ। ਕਲਜੁਗ ਏਥੇ ਨਾਕਾਮਯਾਬ ਹੁੰਦਾ ਹੈ ਤੇ ਸਤਿਗੁਰੂ ਜੀ ਨੂੰ ਹਿਲਾ ਨਹੀਂ ਸਕਦਾ।

ਸ਼ੈਤਾਨ ਨੂੰ ਜੀਕੂੰ ਰੱਬ ਦਾ ਸ਼ਰੀਕ ਤੇ ਪੱਕਾ ਵਜੂਦ ਵਾਲਾ ਈਸਾਈਆਂ, ਮੁਸਲਮਾਨਾਂ, ਯਹੂਦੀਆਂ ਨੇ ਮੰਨਿਆ ਹੈ; ਇਸ ਤਰ੍ਹਾਂ ਗੁਰਬਾਣੀ ਰੱਬ ਦੇ ਸਿਵਾ ਉਸ ਦੀ ਕੋਈ ਸ਼ਰੀਕ ਯਾ ਮੁਖਾਲਫ ਹਸਤੀ ਦੀ ਕਾਇਲ ਨਹੀਂ। ਜੈਸੇ ਕਲਜੁਗ ਬਾਬਤ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਉਚਾਰਿਆ ਹੈ, ਜੋ ਏਸੇ ਉਤਰਾਰਧ ਦੇ ਨਾਵੇਂ ਅਧਯਾਯ ਵਿਚ ਅੰਕ ੨੨ ਤੋਂ ਅੱਗੇ ਹੈ। ਜਿਸ ਵਿਚ ਇਸ ਨੂੰ ਇਕ ਸਚ ਮੁਚੀ ਦੀ, ਕੋਈ ਸਾਈਂ ਦੀ ਸ਼ਰੀਕ ਹਸਤੀ ਨਹੀਂ ਮੰਨਦੇ ਪਰੰਤੂ ਇਕ ਪ੍ਰਭਾਵ ਯਾ ਭੈੜੇ ਲੱਛਣਾਂ ਭੈੜੀਆਂ ਕੁਰੀਆਂ ਦਾ ਵਰਤਾਰਾ ਦੱਸਦੇ ਹਨ। ਇਸੀ ਤਰ੍ਹਾਂ ਭੈੜੀਆਂ ਗਲਾਂ (ਵਰਤਾਵੇ) ਨੂੰ ਸ਼ੈਤਾਨ ਦੱਸਦੇ ਹਨ।

ਯਥਾ:—ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ [ਸਾਰੰਗ ਵਾਰ, ਮ: ੧

ਅਗਾਰੀ । ਲੋਕ ਉਧਾਰਨ ਪਰਉਪਕਾਰੀ ॥੯੫॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਲਜੁਗ ਪ੍ਰਸੰਗ' ਬਰਨਨੰ ਨਾਮ ਦਸਮੋਂ ਅਧ੍ਯਾਯ ॥ ੧੦॥

੧੧. [ਸ਼ਾਰਦਾ ਮੰਗਲ । ਇਕ ਗ੍ਰਾਮ ਮੁਨਾਫ਼ਿਕ ਦੇਸ਼]

ਦੋਹਰਾ ॥ ਬਾਨੀ ਬਰਦਾਨੀ ਸੁਮਤਿ ਗੁਨ ਖਾਨੀ ਸੁਖ ਮੂਰ ।
ਕੱਲਜਾਨੀ ਰਾਨੀ ਜਗਤ ਮਾਨੀ ਕਵਿ ਪਗ ਧੂਰ ॥ ੧ ॥

ਬਾਨੀ=ਬਾਣੀ=ਵਾਚ, ਵਾਕ ਯਾ 'ਸਰਸ੍ਵਤੀ', 'ਸਾਰਦਾ', ਵਿੱਦ੍ਯਾ ਦੀ ਦੇਵੀ ।
ਬਰਦਾਨੀ=ਵਰ ਦੇਣ ਵਾਲੀ, ਸੰਭਾਵਨਾ ਹੈ ਕਿ ਮੈਨੂੰ ਵਰ ਦੇਣ ਵਾਲੀ ਹੋ।
ਮੂਰ=ਮੂਲ, ਸੁਖ ਮੂਰ=ਸੁਖਾਂ ਦਾ ਮੂਲ । ਕੱਲਜਾਨੀ=(ਕਵਿਤਾ ਦੀ) ਕੁਸ਼ਲਤਾ ਦੇਣ ਵਾਲੀ । ਸਫਲਤਾ ਤੇ ਨਿਰਵਿਘਨਤਾ ਦੀ ਦਾਤ੍ਰੀ ।
ਰਾਨੀ=ਰਾਜ ਕਰਨ ਵਾਲੀ । (ਅ) ਪ੍ਰਕਾਸ਼ਮਾਨ, ਵਿੱਦ੍ਯਾ ਦੇ ਚਾਨਣੇ ਵਾਲੀ ।
ਧੂਰ=ਪੈਰਾਂ ਦੀ ਧੂੜ ਨੂੰ ਸਨਮਾਨ ਦੇਣ ਤੋਂ ਮੁਰਾਦ ਹੈ, ਉਸ ਦੇ ਆਉਣ ਦੀ ਅਕਾਂਖ੍ਯਾ ਵਿਚ ਰਹਿਣਾ, ਕਿਉਂਕਿ ਦੇਵ ਸਰੂਪਾਂ ਦੇ ਪੈਰਾਂ ਤੇ ਧੂੜ ਨਹੀਂ ਹੁੰਦੀ ।

ਅਰਥ—ਹੇ ਸਾਰਦਾ ! ਸ੍ਰੇਸ਼ਟ ਬੁੱਧੀ (ਤੇ ਹੋਰ ਸਾਰੇ) ਗੁਣਾਂ ਦੀ ਖਾਣ, ਸੁਖਾਂ ਦੀ ਮੂਲ, ਕੁਸ਼ਲਤਾ ਦੇਣ ਵਾਲੀ, ਜਗਤ ਵਿਚ ਪ੍ਰਕਾਸ਼ਮਾਨ, ਜਿਸ ਦੇ ਪੈਰਾਂ ਦੀ ਧੂੜ ਕਵੀਆਂ ਨੇ ਸਨਮਾਨੀ ਹੈ (ਮੈਨੂੰ) ਵਰਦਾਤੀ (ਹੋ) ।

ਐਉਂ ਬੀ ਅਰਥ ਲਗਦਾ ਹੈ:—ਸ਼ਾਰਦਾ ਸੁਮਤੀ ਦਾ ਵਰ ਦੇਣ ਵਾਲੀ ਹੈ, ਗੁਣਾਂ ਦੀ ਖਾਣ ਹੈ, ਸੁਖਾਂ ਦਾ ਮੂਲ ਹੈ, (ਕਾਵ੍ਯ ਦੀ) ਕੁਸ਼ਲਤਾ ਦੇਣ ਹਾਰੀ ਹੈ, ਜਗਤ ਦੀ ਰਾਨੀ ਹੈ, (ਜਿਸਦੇ) ਪੈਰਾਂ ਦੀ ਧੂੜ ਨੂੰ ਕਵੀਆਂ ਨੇ ਸਨਮਾਨਿਆ ਹੈ ।

ਸ੍ਰੀ ਬਾਲਾ ਸੰਧੁਰੁ ਵਾਚ ॥ ਰਸਾਵਲ ਛੰਦ ॥ ਚਲੇ ਫੇਰ ਆਗੈ । ਪਿਖੇ ਪਾਪ ਭਾਗੈਂ[1]। ਮਹਾਂ ਦਾਨ ਦਾਤਾ । ਸਭੈ ਲੋਕ ਖ੍ਯਾਤਾ ॥ ੨ ॥ ਸੁਭੈਂ[2] ਸੰਗਿ ਦੋਊ । ਬਡੇ ਭਾਗ ਜੋਊ । ਅਯੋ ਏਕ ਗ੍ਰਾਮੰ । ਪਿਖ੍ਯੋ ਗ੍ਯਾਨ ਧਾਮੰ[3] ॥ ੩ ॥ ਤਹਾਂ ਬ੍ਰਿੱਛ ਹੇਰਾ । ਤਹਾਂ ਕੀਨ ਡੇਰਾ । ਇਕੰ ਡੂਮ ਆਯੋ । ਛੁਧਾ ਤੇ ਦੁਖਾਯੋ ॥੪॥ ਕਹੇ ਬੈਨ ਐਸੇ । 'ਪਿਖੋਂ ਭੂਪ ਜੈਸੇ । ਕਛੂ ਦੇਹੁ ਭਿੱਛਾ । ਕਰੋ ਪੂਰਿ ਇੱਛਾ ॥ ੫ ॥ ਉਦਾਰੀ[4] ਦਿਦਾਰੀ[5] । ਅਸ਼ੋਕੀ ਲਿਲਾਰੀ[6] । ਸੁਨਯੋ ਸ੍ਰੋਨ ਬੈਨੇ । ਦਯਾਵਾਨ ਨੈਨੇ ॥੬॥ ਦਿਪੈ[7] ਰੂਪ[8] ਸ਼ੋਭਾ । ਕਵੀ ਚਿੱਤ ਲੋਭਾ । ਭਨੇ ਬੈਨ ਐਸੇ । ਸੁਧਾ ਸਾਨ ਜੈਸੇ[9] ॥੭॥ 'ਜੁ ਹੈ ਮੂਲ ਸਾਖੀ[10] । ਤਹਾਂ ਦੇਖਿ ਆਂਖੀ[11] ।

[1](ਜਿਸ ਗੁਰੂ ਜੀ ਨੂੰ) ਵੇਖਿਆਂ ਪਾਪ ਦੂਰ ਹੁੰਦੇ ਹਨ । [2]ਸ਼ੋਭਦੇ ਹਨ ਨਾਲ । [3]ਭਾਵ ਗੁਰੂ ਜੀ ਨੇ । [4]ਸਖੀ । [5]ਦੀਦਾਰ ਵਾਲੇ ਹੋ । [6]ਖਿੜੇ ਮੱਥੇ ਵਾਲੇ ਹੋ। [7]ਪ੍ਰਕਾਸ਼ਦੀ ਹੈ। [8](ਗੁਰੂ ਜੀ ਦੇ) ਰੂਪ ਦੀ । [9]ਜਿਵੇਂ ਅੰਮ੍ਰਿਤ ਸਹਿਤ ਹਨ । [10]ਬ੍ਰਿੱਛ ਦਾ ਮੁੱਢ । [11]ਅੱਖਾਂ ਨਾਲ ।

Sri Satguru Jagjit Singh Ji eLibrary NamdhariElibrary@gmail.com

ਜੁ ਚਾਹੇ ਸੁ ਪਾਵੈਂ। ਨਿਸੰਸੈ ਦਿਵਾਵੈਂ" ॥ ੮ ॥ ਗਯੋ ਡੂਮ ਧਾਈ। ਅਸ਼ਰਫੀ[1]
ਸੁ ਪਾਈ। ਲਈ ਸੁਖ ਪਾਯੋ। ਨਿਜੰ ਗ੍ਰਾਮ ਆਯੋ॥੯॥ ਸਭੈ ਕੋ ਸੁਨਾਯੋ। 'ਇਕੰ
ਸੰਤ ਆਯੋ। ਜੁ ਚਾਹੈ ਸੁ ਦੇਈ। ਉਦਾਰੰ ਬਡੇਈ' ॥੧੦॥ ਸੁਨਨੇ ਸ੍ਰੋਨ ਬੈਨੇ।
ਹੁਤੇ ਦੀਨ ਜੈਨੇਂ[2]। ਗਏ ਤਾਂਹਿ ਧਾਈ। ਬਿਰਾਜੈਂ ਜਿ ਜਾਂਹੀ[3] ॥੧੧॥ ਦੋਹਰਾ ॥
ਜੋ ਜੋ ਜਾਚਹਿ ਆਇ ਨਰ ਸੋ ਸੋ ਦੇਹਿ ਬਤਾਇ। ਕਿਹ ਸਥਾਨ ਕਿਹ
ਤਰੁ ਤਰੇ[4], ਜਾਇ ਤਹਾਂ ਤੇ ਪਾਇ ॥ ੧੨ ॥ ਰਸਾਵਲ ਛੰਦ ॥ ਜਸੰ[5] ਦੇਸ਼
ਫੈਲਾ। ਅਘੰ[6] ਕਟੈਲਾ[7]। 'ਮਹਾਂ ਸੰਤ ਰੂਰਾ। ਹੁਵੈ ਬੈਨ ਪੂਰਾ ॥੧੩॥ ਬਡੋ
ਦੀਨ ਦਾਨੀ। ਨ ਕੋਊ ਸਮਾਨੀ'। ਸੁਨੈਂ ਲੋਕ ਜੋਊ। ਪਿਖੈਂ ਧਾਇ ਸੋਊ ॥੧੪॥
ਜਬੈ ਜਾਇ ਹੇਰੈਂ। ਕਰੈਂ ਚਿਤ ਚੇਰੈਂ[8]। ਭਈ ਭੀਰ ਭਾਰੀ। ਨਮੋ ਕੈ[9] ਨਿਹਾਰੀ[10]
॥੧੫॥ ਕਰੈ ਜੋਰ ਦੋਊ। ਭਨੇ ਬੈਨ ਸੋਊ। 'ਨਿਜੰ ਜੋ ਪਦੇਸ਼ਾ[11]। ਕਰੋ, ਸ਼ਾਂਤਿ-
ਬੇਸ਼ਾ[12]!' ॥ ੧੬ ॥ ਦੋਹਰਾ ॥ ਹੇਰਤਿ ਹੀ ਉਰ ਬਿਮਲ ਹੁਇ ਗੁਰ ਦਰਸ਼ਨ
ਪਰਤਾਪ। ਨਿੰਮ੍ਰਿ ਭਏ ਉਪਦੇਸ਼ ਲੈ ਚਹਿਤ ਨਿਕੰਦਨ ਪਾਪ ॥ ੧੭ ॥
ਰਸਾਵਲ ਛੰਦ ॥ ਸੁਨੀ ਦੀਨਤਾਈ। ਦਯਾ ਹੇਰਿ ਆਈ। ਦਲੰ ਕੰਜ
ਨੈਨਾ[13]। ਭਨੇਂ ਸਾਰ[14] ਬੈਨਾ ॥੧੮॥ 'ਕਰੋ ਸੰਤ ਸੇਵਾ। ਜਪੋ ਨਾਮ ਦੇਵਾ[15]।
ਰਿਦੇ ਭਾਉ ਧਾਰੋ। ਵਿਕਾਰੰ ਨਿਵਾਰੋ ॥ ੧੯ ॥ ਚਿਤੰ[16] ਕਾਲ[17] ਕੀਜੈ।
ਦਿਨੰ[18] ਦੇਹਿ ਛੀਜੈ[19]।' ਪਦੰ ਕੰ[20] ਪਖਾਰੇ[21]। ਸੁਖੰ ਦੇਨਵਾਰੇ[22] ॥੨੦॥ ਲਏ
ਹਾਥ ਬਾਲਾ। ਦਏ ਕੈ[23] ਨਿਹਾਲਾ[24]। ਭਏ ਸਿੱਖ ਸੋਊ। ਬਡੇ ਭਾਗ ਜੋਊ[25] ॥
੨੧ ॥ ਤੋਟਕ ਛੰਦ ॥ ਤਿਸ ਦੇਸ਼ ਨਰੇਸ਼ ਸੁਨਨੇ ਸ੍ਰਵਨੰ। 'ਸਤਿ ਸੰਤ ਸਰੂਪ
ਅਯੋ ਰਵਨੰ[26]। ਗਤਿ ਦਾ ਬਲਵਾਨ ਬਿਸਾਲ[27] ਕਲਾ[28]। ਅਵਲੋਕਤਿ[29]
ਲੋਚਨ ਹੋਤਿ ਭਲਾ' ॥ ੨੨ ॥ ਤਟ ਭੇਟਨ ਕੋ ਪਟ ਭੇਟ ਲਈ[30]।–ਘਟ
ਕੋ ਪਟ ਪਾਟਹਿ–ਤ੍ਰਿੱਟ ਭਈ[31]। ਭਟ ਭੀਰ ਲਏ ਚਲਿ ਆਇ ਤਹਾਂ। ਅਰ-

[1]ਮੋਹਰ। [2]ਜੋ। [3]ਜਿੱਥੇ (ਗੁਰੂ ਜੀ)। [4](ਕਸੇ ਨੂੰ) ਕਿਸੇ ਅਸਥਾਨ, (ਕਿਸੇ ਨੂੰ) ਕਿਸੇ ਬ੍ਰਿਛ
ਦੇ ਹੇਠ। [5]ਕੀਰਤੀ। [6]ਪਾਪਾਂ ਦੇ। [7]ਕੱਟਣ ਵਾਲੇ ਦਾ। [8]ਚੇਲਾ ਬਨਾਉਂਦੇ ਹਨ ਚਿੱਤ ਨੂੰ।
[9]ਨਮੋ ਕਰਕੇ। [10]ਦਰਸ਼ਨ ਕਰਦੇ ਹਨ। [11]ਉਪਦੇਸ਼। [12]ਹੇ ਸ਼ਾਂਤਿ ਸਰੂਪ ਜੀ! [13]ਕਵਲ ਦੇ ਪੱਤਿਆਂ
ਵਰਗੇ ਨੇਤ੍ਰਾਂ ਵਾਲੇ ਨੇ। [14]ਸ੍ਰੇਸ਼ਟ। [15]ਪ੍ਰਭੂ ਦਾ। [16]ਚੇਤੇ। [17]ਮੌਤ। [18]ਦਿਨ ਦਿਨ। [19]ਦੇਹੀ
ਖੀਣ ਹੋ ਰਹੀ ਹੈ। [20]ਚਰਨ ਜਲ ਨਾਲ। [21]ਧੋਤੇ। [22]ਸੁਖਦਾਤੇ ਦੇ। [23]ਦੇ ਕਰ। [24]ਨਿਹਾਲ
ਕਰ ਦਿਤੇ। [25]ਜਿਨ੍ਹਾਂ ਦੇ। [26]ਸੁੰਦਰ। [27]ਬੜਾ। [28]ਕਲਾਵਾਨ। [29]ਦੇਖਦਿਆਂ। [30]ਭੇਟਾ ਕਰਨ ਨੂੰ
ਨਾਲ ਬਸਤ੍ਰਾਂ ਦੀ ਭੇਟਾ ਲਈ। (ਅ) ਸਮੀਪ ਜਾਕੇ ਮਿਲਕੇ ਲਈ ਬਸਤ੍ਰਾਂ ਦੀ ਭੇਟਾ ਲੀਤੀ।
[31]'ਹਿਰਦੇ ਦੇ ਪੜਦੇ ਪਾਟ ਜਾਣ' ਇਹ ਇੱਛਾ ਹੋਈ।

Sri Satguru Jagjit Singh Ji eLibrary NamdhariElibrary@gmail.com

ਬਿੰਦ ਬਿਲੋਚਨ ਬੈਸਿ ਜਹਾਂ॥੨੩॥ਕਰ ਬੰਦਿ ਕਰੀ ਪਦ ਬੰਦਨਤਾ। ਚਖ ਸੋਂ ਮੁਖ ਦੇਖਿ ਅਨੰਦਵਤਾ[1]।ਭਨਿ ਆਨਨ ਬੇਨਤਿ ਦੀਨ ਮਨੀ।‘ਉਪਕਾਰ ਕਿ ਹੇਤੁ ਧਰਯੋ ਸੁ ਤਨੈਂ[2] ॥੨੪॥ ਉਪਦੇਸ਼ ਦਿਜੈ, ਨਿਜ ਸਿੱਖ ਕਰੋ। ਭਵ ਬੰਧ ਅਘੰਕਨ[3]ਮੈਲ ਹਰੋ।ਸੁਨਿ ਕੀਰਤਿ ਕੋ ਸ਼ਰਧਾ ਧਰਿਕੈ। ਪਗ ਆਨਿ ਗਹੇ ਜਮ ਤੇ ਡਰਿਕੈ’ ॥੨੫॥ ਸੁਨਿਕੇ ਸੁਖਦਾਨ[4] ਭਨੇ ਬਚਨਾ। ਜਿਨ ਮੈਂ ਗਤਿ ਦੇਵਨ ਕੀ ਰਚਨੈਂ।‘ਸੁਖ ਮੈਂ ਦੁਖ ਮੈਂ ਨਿਤ ਨਾਮ ਭਜੋ।ਸਤਿਸੰਗਤ ਪ੍ਰੀਤਿ ਰਿਦੈ ਨ ਤਜੋ॥ ੨੬ ॥ ਤਨ ਮਾਨੁਖ ਲਾਲ[5] ਅਮੋਲ[6] ਭਲਾ। ਤਿਹ* ਕੌਡਿਨਿ ਕੌ[7] ਨ ਕਰੋ ਬਦਲਾ[8]। ਸਤਿਸੰਗਤ ਸੇਵ ਪਦਾਰਥ ਜੋ। ਤਨ ਦੇਯ[9] ਕਰੋ ਨਿਜ ਸ੍ਵਾਰਥ[10] ਜੋ॥ ੨੭ ॥ ਭੁਜੰਗ ਪ੍ਰਯਾਤ. ਛੰਦ ॥ ਕਰੋ ਸੰਤਸੰਗੀ ਚਿਰੰਕਾਲ ਹੇਤਾ[11]। ਰਿਦਾ ਸ਼ੁੱਧ ਹੋਵੈ ਭਜੋ ਨਾਮ ਸ੍ਵੇਤਾ[12]’। ਕਹੇ ਬੈਨ ਐਸੇ ਪਦੰ ਧੋਇ ਦੀਨੀ। ਕਰੀ ਧਰਮਸਾਲੇ ਭਲੀ ਰੀਤਿ ਚੀਨੀ ॥ ੨੮ ॥ ਕਿਤੇ ਦਯੋਸ ਬਾਸੇ ਚਲੇ ਔਰ ਦੇਸ਼ਾ। ਕਲੀ ਕਾਲ ਕੇ ਤਾਰਿਬੇ ਜਾਂਹਿ ਬੇਸਾ[13]। ਲਏ ਸੰਗ ਮੋ ਕੋ ਚਲੇ ਜਾਹਿੰ ਤੀਨੋ। ਅਘੰ[14] ਦੰਭ ਭ੍ਰਾਰੋ ਛਿਤੰ[15] ਹੀਣ ਕੀਨੋ ॥ ੨੯ ॥ ਤੋਟਕ ਛੰਦ ॥ ਜਿਹ ਨਾਮ ਮੁਨਾਵਿਕ ਦੇਸ਼ ਅਹੈ।ਹਰਿ ਨਾਮ ਬਿਹੀਨ ਅਧੀਨ ਰਹੈ।ਸਤਿ ਸੰਗਤਿ ਰੀਤਿ ਨ ਕਾਨ ਸੁਨੀ। ਸਭਿ ਮੂਰਖ ਮਾਨਵ ਕੋ ਨ ਗੁਨੀ[16] ॥ ੩੦ ॥ ਕਰਤਾਰ ਨ ਜਾਨਹਿ ਕੌਨ, ਕਹਾਂ। ਘਰ ਕਾਜ ਰਚੇ ਤਮ ਮੋਹ ਮਹਾਂ। ਭਗਤੀ ਬਿਨ ਭੂਲ ਭੁਵਾਰਿ[17] ਪਰੇ। ਨਰ ਮੂਰਖ ਚੀਨ ਨ ਨਾਮ ਹਰੇ[18] ॥੩੧॥ਕਰੁਨਾਕਰ[19] ਹੇਰਿ ਭਈ ਕਰੁਨਾ।–ਇਸ ਦੇਸ਼ ਨ ਕੀਰਤਿ ਆਚਰਨਾ[20]। ਪਰਲੋਕਹਿ ਕੀ ਸੁਧ ਏਕ ਨਹੀਂ। ਸਭ ਨਾਰਕ[21] ਜਾਵਹਿੰ ਦੁਖ ਸਹੀ–॥੩੨॥ ਪਿਖਿ ਏਕ ਕਿਦਾਰ[22] ਉਦਾਰ[23] ਤਹਾਂ।ਗੁਰਬੈਠਿ ਗਏ ਤਟ ਤਾਂਹਿ ਜਹਾਂ[24]।ਇਕਠਾ ਕਰਿ ਈਂਧਨ ਧੂਮ ਕਿਯੋ[25]।ਦਰਵੇਸ਼ ਸੁ ਬੇਸ਼ ਸਰੀਰ ਲਿਯੋ[26] ॥੩੩॥ ਤਿਸ ਦੇਸ਼ ਕੁਰੀਤ

[1]ਅਨੰਦ ਵਾਲਾ ਹੋਇਆ। [2]ਧਾਰਿਆ ਹੈ ਸਰੀਰ (ਆਪ ਨੇ)। [3]ਪਾਪਾਂ ਦੀ। [4]ਸੁਖਦਾਤੇ ਨੇ। [5]ਰਤਨ। [6]ਅਮੋਲਕ। [7]ਤਿਸਨੂੰ ਕੌਡੀਆਂ ਨਾਲ। [8]ਵਟਾਉ। [9]ਸੇਵਾ ਵਿਚ ਤਨ ਦੇਕੇ। [10]ਆਪਣਾ ਭਲਾ,ਮੁਕਤੀ। [11]ਪ੍ਰੇਮ ਨਾਲ। [12]ਉੱਜਲ। [13](ਜਿਨ੍ਹਾਂ ਨੇ)ਸਰੂਪ(ਧਾਰਿਆ) ਹੈ। [14]ਪਾਪ। [15]ਪ੍ਰਿਥਵੀ ਦੇ। [16]ਕੋਈ ਨਹੀਂ (ਜਿੱਥੇ) ਅਕਲ ਵਾਲਾ। [17]ਭੁੱਲ ਦੇ ਭਵਰਾਂ ਵਿਚ (ਅ) ਜਨਮ ਮਰਨ ਦੀ ਭੁਵਾਟਣੀ ਵਿੱਚ। [18]ਪਰਮਾਤਮਾ ਦਾ। [19]ਕ੍ਰਿਪਾ ਦੀ ਖਾਣ ਨੂੰ। [20](ਸ਼ੁਭ) ਆਚਰਨ। [21]ਨਰਕ ਨੂੰ। [22]ਖੇਤ। [23]ਸ੍ਰੇਸ਼ਟ। [24]ਜਿਥੇ ਉਸ ਦਾ ਕੰਢਾ ਸੀ। [25]ਧੂੰਆਂ ਕੀਤਾ। [26]ਭਾਵ ਗੁਰੂ ਜੀ ਨੇ। *ਪਾ:–ਹਿਤ।

Sri Satguru Jagjit Singh Ji eLibrary NamdhariElibrary@gmail.com

ਹੁੜੀ ਜੁ[੧] ਸੁਨੋ । ਛਿਤਪਾਲਕੁ ਪੂਜਹਿ ਰਾਮ[੨] ਮਨੋ[੩] । ਬਰਖਾ ਜਬ ਚਾਹਹਿ ਖੇਤ ਹਿਤੇ ।ਸਭਿ ਜਾਵਹਿ ਜਾਇ[੪]. ਜਹਾਂ ਨ੍ਰਿਪਤੇ ॥੨੪॥ ਮੁਖ ਜਾਪ ਸੁਰੇਸ਼ ਨਰੇਸ਼ ਕਰੈ[੫] । ਜਬ ਮੰਤ੍ਰ ਪਵੈ ਬਰਖਾ ਸੁ ਪਰੈ । ਕ੍ਰਿਸ਼ਿ[੬] ਕਾਰਜ ਹੋਇ ਨਿਬਾਹਿ ਅਸੈ । ਬਿਨ ਭੂਪ ਲਖੈਂ ਨਹਿੰ ਔਰ ਕਿਸੈ[੭]॥੨੫॥ਜਿਸ ਬਾਸੁਰ ਤੇ ਗੁਰ ਬੈਠਿ ਗਏ । ਤਬ ਤੇ ਜਲ ਮੇਘ[੮] ਨ ਫੇਰ ਪਏ । ਕ੍ਰਿਸ਼ਿ[੯] ਸੂਕ ਚਲੀ ਬਿਨ ਨੀਰ ਜਬੈ । ਸਭਿ ਲੋਕ ਗਏ ਨ੍ਰਿਪ ਪਾਸ ਤਬੈ ॥੨੬॥ 'ਬਰਖਾ ਬਿਨ ਸੁਕਤਿ ਖੇਤ ਹਰੇ। ਕਹੁ ਵਾਕ ਧਰਾ ਪਰ ਮੇਂਹੁ ਪਰੇ'। ਸੁਨਿ ਭੂਪ ਉਚਾਰਣ ਮੰਤ੍ਰ ਕਿਯੋ। ਕਹਿ ਬੈਨ ਰਹਯੋ,ਨਹਿੰ ਮੇਂਹੁ ਪਯੋ॥੨੭॥ਨਰ ਤੀਸਰ ਬਾਸੁਰ ਫੇਰ ਗਏ।'ਸਭਿ ਲੋਕ ਰਹੇਂ ਨਹਿ ਮੇਂਹੁ ਪਏ।ਉਪਚਾਰ ਨ ਕੂਪ ਨਦੀਜਲ ਕੋ[੧੦]। ਨਿਤ ਆਸ ਅਕਾਸ਼[੧੧] ਮਹੀਤਲ[੧੨] ਕੋ' ॥੨੮॥ ਸੁਨਿ ਭੂਪ ਕਹੇ 'ਨਹਿ ਚਿੰਤ ਕਰੋ।ਬਰਖਾ ਬਰਖੈ ਉਰ ਧੀਰ ਧਰੋ' । ਤਬ ਮਾਨਵ ਜੋ ਨਿਜ ਐਨ[੧੩] ਗਏ।ਪੁਨ ਦਯੋਸ ਛਿ ਸਾਤ[੧੪] ਬਿਤੀਤ ਭਏ॥੨੯॥ਬਹੁ ਬਾਰ ਅਰਾਧ ਰਹਯੋ ਮਘਵਾ[੧੫]। ਨ੍ਰਿਪ ਤੇ ਨਹਿ ਬੂੰਦ ਪਰੈ ਲਘੁਵਾ[੧੬] । ਉਰ ਧੀਰ ਟਰਾ[੧੭] ਨਰ ਚਿੰਤ ਗਹੇ[੧੮]। ਕ੍ਰਿਸ਼ਿ ਸੂਕ ਚਲੇ ਨ ਉਪਾਵ ਅਹੇ ॥੪੦॥ਜਿਹ ਖੇਤ ਸਮੀਪ ਗੁਰੂ ਬਰ ਦਾ[੧੯]।ਤਿਹ ਮਾਲਿਕ ਆਇ ਬਿਸੂਰਿ[੨੦] ਸਦਾ*। ਘਟ ਕੀ ਲਖਿਕੈ ਗੁਰ ਬੈਨ ਭਨੀ।'ਚਿਤ ਮੈਂ ਬਹੁ† ਚਿੰਤ ਭਯੋ ਬਿਮਨੀ[੨੧]॥੪੧॥ ਕਹੁ ਕਾਰਨ ਕੌਨ ਤੁਮੈ ਦੁਖਕੋ ?। ਦਿਲਗੀਰ[੨੧] ਦਿਖੋ,ਨ ਖੁਸ਼ੀ ਮੁਖ ਕੋ[੨੨]' । [੨੩]'ਸੁਨਿ ਮੀਤ!ਕਹੌਂ ਬਿਰਥਾ ਮਨਕੀ।ਸਭਿਆਸ ਤਜੀ ਜਗ ਜੀਵਨ ਕੀ॥੪੨॥ਬਰਖਾ ਨ ਪਰੈ, ਦੁਰਭਿੱਛ[੨੪] ਪਰਾ । ਕ੍ਰਿਖਿ‡ ਸੂਕ ਚਲੀ ਬਿਨ ਨੀਰ ਧਰਾ । ਧ੍ਰਿਤ ਭੂਪ ਪੂਜਾ ਸਭਿ ਚਿੰਤ ਕਰੈਂ । ਨਹਿ ਪਾਇੰ ਉਪਾਇ ਜਿ ਧੀਰ ਧਰੈਂ' ॥੪੩॥ ਕਹਿ ਸ੍ਰੀ ਗੁਰ'ਪੂਰਬ ਕੌਨ ਬਿਧੰ?। ਜਹਿੰ ਤੇ ਬਰਖੇ ਜਲ ਧਾਰ ਅਧੰ[੨੫]'।

---

[੧]ਖੋਟੀ ਰਸਮ ਜੋ ਸੀ । [੨]ਪਰਮੇਸ਼ੁਰ । [੩]ਮੰਨਕੇ । [੪]ਜਾਕੇ । [੫]ਰਾਜਾ ਇੰਦਰ ਦਾ ਜਾਪ ਕਰਦਾ ਸੀ । [੬]ਖੇਤੀ ਦਾ । [੭]ਕਿਸੇ ਨੂੰ । [੮]ਬੱਦਲ । [੯]ਕ੍ਰਿਖੀ, ਖੇਤੀ । [੧੦]ਪ੍ਰਬੰਧ ਕੋਈ ਨਹੀਂ ਹੈ ਖੂਹ ਯਾ ਨਦੀ ਦਾ । [੧੧]ਭਾਵ ਮੀਂਹ ਦੀ ਆਸ । [੧੨]ਧਰਤੀ ਨੂੰ । [੧੩]ਘਰ । [੧੪]ਛੇ ਸੱਤ । [੧੫]ਇੰਦਰ ਨੂੰ । [੧੬]ਥੋੜੀ ਜਿਹੀ ਬੀ । [੧੭]ਧੀਰਜ ਦੂਰ ਹੋਯਾ । [੧੮]ਚਿੰਤਾ ਨੇ ਫੜ ਲਏ। [੧੯]ਵਰ ਦਾਤੇ ਗੁਰੂ ਜੀ (ਬੈਠੇ ਸਨ)। [੨੦]ਝੂਰਦਾ । [੨੧]ਦੁਖੀ-ਉਦਾਸ । [੨੨]ਕੋਈ । [੨੩]ਗਾਹਕ ਬੋਲਿਆ । [੨੪]ਕਾਲ । [੨੫]ਹੇਠਾਂ । *ਪਾ:-ਰਿਦਾ । †ਪਾ:-ਤੁਝ ।

‡ਇਸ ਅਧ੍ਯਾਯ ਵਿੱਚ ਕਿਨੀਂ ਥਾਂ ਪਾਠ ਕ੍ਰਿਸ਼ ਯਾ ਕ੍ਰਿਸ਼ਿ ਆਯਾ ਹੈ, ਏਥੇ ਕ੍ਰਿਖਿ ਆਯਾ ਹੈ, ਏਹ ਫਰਕ ਲਿਖਾਰੀਆਂ ਦੀਆਂ ਭੁੱਲਾਂ ਤੋਂ ਹੋਏ ਜਾਪਦੇ ਹਨ । [ਸੰਸ:, ਕ੍ਰਿਸ਼ਿ] ।

Sri Satguru Jagjit Singh Ji eLibrary NamdhariElibrary@gmail.com

‘ਸੁਨਿ ਸੰਤਹੁ! ਆਦ ਭੁਪਾਲ ਕਹੇ[੧]।ਬਰਖਾ ਸੁ ਪਰੈ ਜਬ ਚਾਹ ਅਹੇ॥੪੪॥
ਬਹੁ ਬਾਰ ਕਹ੍ਯੋ ਅਬ ਨਾਂਹਿ ਪਰੈ।ਬਿਪਰੀਤਿ ਭਈ ਨਹਿ ਬੈਨ ਫੁਰੈ।ਲਖਿ
ਰੀਤਿ ਕੁਰੀਤਿ ਬਨੀ ਦੁਚਿਤੀ[੨]। ਛਿਤਪਾਲ ਨ ਆਨਨ ਕਾਂਤਿ ਰਤੀ[੩]’॥
੪੫॥ ਗੁਰਵਾਕ ਕਹੇ ‘ਕਰਤਾਰ ਭਜੋ। ਛਿਤਿਪਾਲਕ ਕੀ ਸ਼ਰਧਾ ਸੁ ਤਜੋ।
ਬਹੁ ਬਾਰਿ ਪਰੇ ਧਰ ਮੇਂਹੁ ਮਹਾਂ।ਅਤਿਹੋਵਹਿ ਅੰਨ ਜਿਤੋ ਜਿ ਚਹਾ’॥੪੬॥
[੪]“ਕਰਤਾਰ ਸੁ ਕੋ[੫] ? ਤਿਹ ਧਾਮ ਕਹਾਂ ?। ਨਹਿ ਕਾਨ ਸੁਨ੍ਯੋ,ਨਹਿਨੈਨ
ਲਹਾ। ਇਸ ਦੇਸ਼ ਕਬੈ ਨਹਿਂ ਆਇ ਰਹਾ। ਨਹਿਂ ਦਾਨ ਕਿਸੂ ਤਿਹ[੬]
ਦੀਨ[੭] ਅਹਾ[੮]’ ॥੪੭॥ ਬਿਕਸੇ ਮੁਖ ਸ੍ਰੀ ਪ੍ਰਭੁ ਬੈਨ ਕਹਾ। ‘ਸਭਿ ਹੀ ਘਟ
ਪੂਰਨ ਬ੍ਯਾਪ ਰਹਾ। ਸਿਮਰੇ ਉਰ ਹਾਜ਼ਰ ਹੋਤਿ ਸਦਾ। ਭਗਵੰਤ ਅਨੰਤ ਨ
ਆਇ* ਕਦਾ[੯] ॥ ੪੮ ॥ ਪਾਧੜੀ ਛੰਦ ॥ ਜੁ ਜੜ ਜੰਗਮ ਕੋ ਦੇਤਿ ਦਾਨ।
ਜਿਹ ਦੇਵ ਦੈਤ ਜਾਚਹਿ ਮਹਾਨ। ਬ੍ਰਹਮੰਡ ਖੰਡ ਜਿਨ ਸਿਰਜਿ
ਦੀਨ[੧੦]।ਤਿਹਸਿਮਰ ਹੋਇਂ ਸਭਿ ਕਸ਼ਟਛੀਨ[੧੧]॥੪੯॥ਭਜਿ ਨਾਮ ਤਾਂਹਿ[੧੨],
ਬਰਖਾ ਸੁਦੇਯ।ਅਨਤੋਟ[੧੩]ਅੰਨ[੧੪],ਸੁਖਸਾਰ[੧੫]ਲੇਯ[੧੬]’। ਸੁਨਿਕ੍ਰਿੱਸ਼ਿਕਾਰ[੧੭]
ਤਬ ਕਹਿਤਿ ਬੈਨ। ‘ਤਿਸ ਕੀ ਪਛਾਨ ਇਸ ਦੇਸ਼ ਹੈ ਨ[੧੮]’ ॥੫੦॥ਅਬਹੀ
ਸੁਨਾ ਤੁਮ ਮੁਖ ਦੁਆਰ†। ਨਹਿਂ ਆਗੈ ਹਨਾਂ ਕਿਨਹੂੰ ਉਚਾਰ।ਤਿਹ ਮੁਖ‡
ਦਿਖਾਉ,ਨਿਜ ਨੈਨ ਦੇਖਿ।ਸਿਮਰੰਨ ਕਰੋਂ ਨਿਸ ਦਿਨ ਵਿਸ਼ੇਖ’॥੫੧॥ਗੁਰ
ਕਹੈਂ ‘ਨ ਦੇਖਨੋ ਜਾਇ ਸੋਇ। ਸਿਮਰੰਨ ਕਰੋ ਇਛ ਪੂਰ ਹੋਇ। ਕੁਦਰਤੀ
ਸੰਗ[੧੯] ਜਾਨਨੋ ਸੁ ਜਾਇ। ਨਹਿਂ ਅਪਨ ਆਪ ਕਿਸਹੂੰ ਲਖਾਇ[੨੦]’
॥੫੨॥ ਨਰ ਕਹੈ ‘ਜਿ ਦੇਖਨੋ ਨਿਜ ਨ ਨੈਨ। ਕਿਸ ਪਾਸ ਕਹੋਂ ਜਾਚਨ[੨੧]
ਸੁ ਬੈਨ[੨੨]। ਜਾਨੌਂ ਨ ਕੁਦਰਤੀ ਕੌਨ ਹੋਇ। ਕੁਛ ਪਤਾ ਦੇਹੁ ਹੌਂ ਲਖਿਵ[੨੩]
ਸੋਇ’॥੫੩॥[੨੪]“ਤੂੰ ਜਾਇਧਾਮ ਲਾਂਗਲ[੨੫]ਜਿ ਆਨਿ[੨੬]।ਅਬ ਬਾਹੁ[੨੭]ਬੋਵ[੨੮]

---

[੧]ਪਹਿਲੋਂ ਰਾਜੇ ਦੇ ਆਖਿਆਂ। [੨]ਚਿੰਤਾ। [੩]ਰਾਜਾ ਦੇ ਮੁੱਖ ਤੇ ਬੀ ਸ਼ੋਭਾ ਰਤੀ ਨਹੀਂ (ਰਹੀ)। [੪]ਗਾਹਕ ਬੋਲਿਆ। [੫]ਕੌਣ ਹੈ। [੬]ਓਸ ਨੇ। [੭]ਦਿੱਤਾ। [੮]ਹੈ। [੯]ਕਦੇ ਬੀ। [੧੦]ਬਣਾਇ ਦਿੱਤੇ ਹਨ। [੧੧]ਨਾਸ਼। [੧੨]ਤਿਸਦਾ। [੧੩]ਅਟੁਟ। [੧੪]ਅਨਾਜ। [੧੫]ਸ੍ਰੇਸ਼ਟ ਸੁਖਾਂ ਨੂੰ। [੧੬]ਲਵੇਂਗੀ। [੧੭]ਜ਼ਿਮੀ-ਦਾਰ। [੧੮]ਨਹੀਂ ਹੈ। [੧੯]ਕੁਦਰਤ ਨਾਲ। [੨੦]ਆਪਣੇ ਆਪ ਨੂੰ ਓਹ ਕਿਸੇ ਤੇ ਨਹੀਂ ਲਖਾਉਂਦਾ (ਅ) ਅਪਣੇ ਆਪ ਓਹ ਕਿਸੇ ਤੋਂ ਨਹੀਂ ਜਾਣਿਆਂ ਜਾ ਸਕਦਾ। [੨੧]ਮੰਗਣ ਦੇ। [੨੨]ਬਚਨ। [੨੩]ਮੈਂ ਜਾਣਾ। [੨੪]ਗੁਰੂ ਜੀ ਬੋਲੇ। [੨੫]ਹੱਲ। [੨੬]ਲਿਆਇ। [੨੭]ਵਾਹ। [੨੮]ਬੀਜ।

*ਪਾ:—ਆਦਿ—ਤੇ—ਆਹੁ—।

†ਪਾ:—ਉਦਾਰ। ‡ਪਾ:—ਮੁਖ।

Sri Satguru Jagjit Singh Ji eLibrary NamdhariElibrary@gmail.com

ਛਿਤ,ਬੈਨ ਮਾਨਿ। ਜਬ ਉਗੈ ਖੇਤ ਪੁਨ ਪੱਕ ਜਾਇ। ਤਬ ਲਖਹੁ[੧]ਕੁਦ-
ਰਤੀ ਹੋਇ ਕਾਇ[੨]’ ॥੫੪॥ ਸੁਨਿ ਗਯੋ ਸਦਨ ਗੁਰ ਬਚਨ ਮਾਨਿ। ਪੁਨ
ਨਰਨ ਨਿਕਟ ਕੀਨੋ ਬਖਾਨ। ‘ਹੈ ਸਾਧ ਵਹਿਰ ਮਮ ਖੇਤ ਪਾਸ। ਤਿਨ
ਕਹੇ ਬਚਨ ਇਹ ਬਿਧਿ ਪ੍ਰਕਾਸ਼ ॥੫੫॥—ਪ੍ਰਿਥਮੇ ਸਿਮਰੋ ਕਰਤਾਰ ਨਾਮ।
ਪੁਨ ਬੋਇ ਖੇਤ ਹੁਇ ਸਿੱਧ ਕਾਮ—’ਸੁਨਿ ਨਰਨ ਕਾਨ ਸਭਿ ਹਾਸ ਕੀਨ।
‘ਮਨ ਜਾਨ,ਤਾਂਹਿ ਕੋ ਬੁਧਿਹੀਨ॥੫੬॥ਬਿਨ ਮੇਹੁੰ[੩]ਖੇਤ ਕਿਸ ਰੀਤਿ ਹੋਇ।
ਤੂੰ ਜਾਇ ਬੀਜ ਘਰ ਪੂਰ[੪] ਸੋਇ[੫]’। ਸੁਨਿ ਬੈਨ ਤਿਨੌਂ ਕੇ ਪ੍ਰਕਟਿ ਹਾਸ[੬]।
ਗੁਰ ਢਿਗ ਆਯੋ ਹੋ ਕਰਿ ਉਦਾਸ ॥ ੫੭ ॥ ਬਚ ਕਹੇ ‘ਹਸੀ ਮੁਝ ਮਨੁਜ
ਕੀਨਿ।ਸਭਿ ਜਾਨੈ ਮਨ ਮੈਂ ਬੁੱਧਿ ਹੀਨ।ਬਰਖਾ ਬਿਨ ਕੈਸੇ ਖੇਤ ਹੋਇ।ਇਹ
ਜਾਨਤਿ ਹੈਂ ਸਭਿ ਥਾਨ[੭] ਲੋਇ’॥੫੮॥ ਸੁਨਿ ਕਹੈਂ ਗੁਰੂ‘ਤੂੰ ਬੀਜ ਆਨਿ।
ਨਹਿ ਉਗੈ ਖੇਤ ਹਮ ਹੈਂ ਜਮਾਨ[੮]। ਜੋ ਬੀਜ ਬੋਇ ਜਾਵੈ ਅਕਾਥ। ਹਮ
ਦੇਵਹਿ ਤੇਤੋਂ[੯] ਤੋਹਿ ਹਾਥ’ ॥੫੯॥ ਸੁਨਿ ਭਇ ਧੀਰ ਲਾਂਗਲ[੧੦] ਲਯਾਇ।
ਪੁਨ ਹਾਥ ਬੰਦਿ ਲੀਨੀ ਰਜਾਇ। ਕਰਤਾਰਿ ਸਿਮਰਿਕੈ ਭੂਮ[੧੧] ਵਾਹਿ[੧੨]।
ਗੋਧੂਮ[੧੩]ਬੀਜ ਦੀਨੀ ਸੁ ਤਾਂਹਿ[੧੪]॥੬੦॥ਗੁਰ ਚਰਨ ਬੰਦਿ[੧੫] ਕਰਿ ਬੈਸਿ[੧੬]
ਆਨਿ। ਉਰ ਕੀਨੀ ਸ਼ਰਧਾ,ਨਹਿ ਡੁਲਾਨ। ਨਿਸ ਗਯੋ ਧਾਮ ਪੁਨ ਭਈ
ਭੋਰ[੧੭]। ਚਲਿ ਆਇ ਦੇਖਿਓ ਖੇਤ ਓਰ ॥ ੬੧ ॥ ਸਬਜ਼ੀ[੧੮] ਸੁ ਲਖੀ ਤਬ
ਨੌ ਬਹਾਰ[੧੯]। ਜਨੁ ਬਹੁਤ ਦਿਵਸ ਕੀ ਇਹ ਸਥਾਰ[੨੦]। ਕਰਿ ਹਰਖ ਬੰਦਿ
ਗੁਰ ਚਰਨ ਰੇਨ। ਸ਼ਰਧਾ ਸੁ ਬਧੀ ਜੋ ਮੋਖਦੇਨ[੨੧] ॥ ੬੨॥ ਪੁਰਿ ਨਰਨ[੨੨]
ਸੁਨੇ ਆਚਰਜ ਮਾਨ[੨੩]। ਸਭਿ ਧਾਇ[੨੪] ਹੇਰਹਿ[੨੫] ਸਾਚ ਜਾਨਿ। ਅਸ
ਜਾਨ ਅਜ਼ਮਤੀ[੨੬] ਉਰ[੨੭] ਪ੍ਰਮਾਨ[੨੮]। ਗੁਰ ਤੀਰ ਪਹੂੰਚੇ ਸਿਦਕ ਠਾਨਿ
॥ ੬੩ ॥ ਕਰਿ ਬੰਦਨਾ ਸੁ ਧਰਿ ਭੇਟ ਸੋਇ। ਬਿਧਿ ਬੂਝਹੀ ਜਿਵ[੨੯]
ਅੰਨ ਹੋਇ। ਗੁਰ ਕੀਨਿ ਦਯਾ ਦੀਨੀ ਰਜਾਇ[੩੦]। ‘ਕਰਤਾਰ ਨਾਮ

---

[੧]ਜਾਣੋਗੇ। [੨]ਕੋਈ ਚੀਜ ਹੈ। [੩]ਮੀਂਹ। [੪]ਘਰ ਭਰ ਲੈ। [੫]ਭਾਵ ਦਾਣਿਆਂ ਨਾਲ।
[੬]ਹਾਸੇ ਵਾਲੇ। [੭]ਸਭ ਜਗ੍ਹਾ। [੮]ਜਾਮਨ,ਜ਼ੁੱਮੇਵਾਰ। [੯]ਤਿਤਨਾ। [੧੦]ਹੱਲ। [੧੧]ਪ੍ਰਿਥਵੀ। [੧੨]ਵਾਹੀ।
[੧੩]ਕਣਕ। [੧੪]ਤਿਸ ਵਿਚ। [੧੫]ਨਮਸਕਾਰ ਕਰਕੇ। [੧੬]ਬੈਠਾ। [੧੭]ਸਵੇਰ। [੧੮]ਹਰਿਆਈ।
[੧੯]ਨਵੀਂ ਬਹਾਰ। [੨੦]ਮਾਨੋਂ ਜਲ ਨਾਲ (ਸਿੰਜੀ ਹੈ)। [੨੧]ਮੁਕਤੀ ਦਾਤੇ ਵਿੱਚ।
[੨੨]ਪੁਰਸ਼ਾਂ ਨੇ। [੨੩]ਮੰਨਕੇ। [੨੪]ਦੌੜਕੇ। [੨੫]ਵੇਖਦੇ ਹਨ। [੨੬]ਕਰਾਮਾਤੀ। [੨੭]ਰਿਦੇ ਵਿਚ।
[੨੮]ਪੁਰਸ਼, ਲੋਕ। [੨੯]ਤਰੀਕਾ ਪੁੱਛਿਆ, ਜਿਸਤਰ੍ਹਾਂ। [੩੦]ਆਗਯਾ।

Sri Satguru Jagjit Singh Ji eLibrary NamdhariElibrary@gmail.com

ਰਸਨਾ[1] ਧਿਆਇ[2]॥੬੪॥ਤੋਟਕ ਛੰਦ॥ ਕ੍ਰਿਸ਼ਿ ਕਾਰਜ[3] ਕੋ ਕਰ[4] ਸੋਂ ਕਰਿਯੇ। ਹਰਿ ਨਾਮ ਉਚਾਰ ਰਿਦੈ ਧਰਿਯੇ। ਬਰਖਾ ਹਿਤ ਜਾਚਹੁ ਬੰਦ ਕਰੈ। ਬਹੁ ਨੀਰ ਪਰੈ[5] ਹੁਇ ਖੇਤ ਧਰੈ[6] ॥੬੫॥ ਧਰਿ ਆਇਸੁ ਸੀਸ ਚਲੇ ਸਭਿਹੀ। ਬਰ ਬੀਜ ਬੁਯੋ ਹਲ ਤੇ[7] ਤਬ ਹੀ। ਭਲ ਖੇਤ ਉਗੇ ਹਰਿਆਵਲ ਸੋਂ। ਪੁਰਿ ਸ਼ੋਕ ਨਸ੍ਯੋ ਸੁਭ ਤਾਵਲ[8] ਸੋਂ ॥ ੬੬ ॥ 'ਸਮਰੱਥ ਬਡੋ' ਕਹਿ 'ਸੰਤ ਭਲੋ। ਇਸ ਆਇਸੁ ਕੇ ਅਨੁਸਾਰਿ ਚਲੋ'। ਬਰਖਾ ਬਿਧਿ ਬੂਝਨ ਕੀਨਿ ਜਬੈ। ਗੁਰ ਨਾਨਕ ਵਾਕ ਉਚਾਰਿ[9] ਤਬੈ॥੬੭॥'ਬਿਧਿ ਸੰਗ ਤਿਹਾਵਲ[10] ਕੋ ਕਰਿਯੋ।ਸਤਿਨਾਮ ਗੁਰੂ ਹਿਰਦੈ ਧਰਿਯੋ।ਸਭਿ ਸੰਗਤਿ ਹੋ ਇਕਥਾਇ ਜਬੈ। ਕਰ ਬੰਦਿ ਕਰੋ ਅਰਦਾਸ ਤਬੈ॥੬੮॥ਬਰਖਾ ਪੁਨ ਜਾਚਹੁ ਦੀਨ ਮਨੈ[11]। ਬਹੁ ਨੀਰ ਪਰੈ ਹੁਇ ਖੇਤ ਅਨੈ[12]।ਸੁਨਿ ਸੋ ਬਿਧਿ ਕੀਨਿ ਮਿਲੇ ਤਬਹੀ। ਕਰਤਾਰਹਿ ਨਾਮ ਜਪੈਂ ਸਭਿਹੀ ॥੬੯॥ ਅਰਦਾਸ ਤਿਹਾਵਲ ਕੀ ਕਰਿ ਕੈ। ਪੁਨ ਸੀਸਨ ਕੋ ਧਰਨੀ ਧਰਿਕੈ। ਬਰਖਾ ਬਹੁ ਜਾਚਨ ਕੀਨਿ ਸਭੈ। ਘਨਘੋਰ ਉਠੇ[13] ਘਨ ਘੋਰ[14] ਤਬੇ[15]*॥੭੦॥ਤਿਹ ਕਾਲ ਸੁ ਬਾਂਛਤ ਨੀਰ ਪਰ੍ਯੋ। ਸਭਿ ਦੇਸ਼ ਦੁਕਾਲ[16] ਅਤੰਕ[17] ਹਰ੍ਯੋ[18]। ਸੁਨਿਕੈ ਮਹਿਮਾ ਮਹਿਪਾਲਕ ਸੋ[19]। ਕਰਿ ਆਵਨਤਾ[20] ਤਤਕਾਲਕ ਸੋ[21]॥੭੧॥ ਬਹੁ ਭੇਟ ਲਏ ਭਟ ਭੀਰ ਬਡੀ। ਸ਼ਰਧਾ ਉਰ ਆਨਿ ਵਧੀਕ ਗਡੀ[22]।ਕਰੁਨਾਕਰ ਰਾਜਤਿ[23] ਥਾਇ ਜਹਾਂ। ਪਹੁੰਚ੍ਯੋ ਚਿਤ ਚਾਹਿ ਕਰੰਤਿ[24] ਤਹਾਂ[25] ॥੭੨॥ ਮਨ ਦੀਨ ਭਯੋ ਅਸ਼ਟਾਂਗ ਕਰੀ[26]।ਬਹੁ ਬੈਨ ਬਿਨੈ ਭਨਿ[27] ਹੈ ਜੁ ਜਰੀ[28]

---

[1]ਜੀਭ ਨਾਲ । [2]ਸਿਮਰੋ । [3]ਜਿਮੀਂਦਾਰੀ । [4]ਹੱਥ ਨਾਲ । [5]ਪਵੇਗਾ । [6]ਧਰਤੀ ਤੇ। [7]ਹਲ ਦੇ ਨਾਲ। [8]ਸ਼ੁਭ ਉਤਾਵਲ=ਛੇਤੀ ਨਾਲ। [9]ਉਚਾਰੇ। [10]ਕੜਾਹ ਪ੍ਰਸਾਦਿ । [11]ਗਰੀਬ ਮਨ ਹੋਕੇ। [12]ਅਨਾਜ। [13]ਭਿਆਨਕ ਸ਼ਬਦ ਕਰਦੇ ਹੋਏ ਉਠੇ। [14]ਗਾੜ੍ਹੇ ਬਦਲ। [15]ਤਦੋਂ । [16]ਕਾਲ (ਅੰਨ ਆਦ ਦਾ ਤੋਟਾ) ਦਾ। [17]ਡਰ। [18]ਦੂਰ ਹੋ ਗਿਆ। [19]ਓਹ ਰਾਜਾ। [20]ਆਵਣਾ ਕੀਤਾ। [21]ਤਿਸ (ਰਾਜਾ) ਨੇ ਛੇਤੀ ਹੀ। [22]ਵਧੀਕ ਗੱਡੀ ਗਈ । [23](ਗੁਰੂ ਜੀ) ਬਿਰਾਜਦੇ ਸਨ। [24]ਇਛਾ ਕਰਦਾ । [25]ਤਿੱਥੇ। [26]ਡੰਡੌਤ ਕੀਤੀ। [27]ਕਹਿੰਦਾ ਹੈ । [28]ਜਿਨ੍ਹਾਂ ਵਿਚ ਹੰਤਾ ਸੜ ਗਈ ਹੈ, ਭਾਵ ਨਿੰਮ੍ਰਤਾ ਦੇ।

*ਪਾਃ—ਘਨਘੋਰ ਉਠੇ ਘਨ ਰੋਰ ਤਬੇ=ਅਕਾਸ਼ ਵਿਚ ਉੱਠੇ ਬੱਦਲ ਭਾਰੀ ਸ਼ਬਦ ਕਰਦੇ ਹੋਏ ।

Sri Satguru Jagjit Singh Ji eLibrary NamdhariElibrary@gmail.com

'ਤੁਮ ਸੰਤ ਸੰਪੂਰਨ ਜੋਤਿ ਕਲਾ[1]।ਉਪਦੇਸ਼ ਦਿਜੈ,ਨਿਜ[2] ਹੋਇ ਭਲਾ॥੭੩॥
ਅਨਜਾਨ ਪਨੇ ਮਹਿਂ ਦੇਸ਼ ਸਭੈ। ਕਰਤਾਰ ਨ ਜਾਨਹਿਂ ਕੌਨ,ਕਬੈ। ਬਰਖ
ਮਘਵਾ[3] ਜਪਤੇ ਜਬਹੀ। ਬਹੁ ਹੋਇ, ਪਕੈ ਕ੍ਰਿਸ਼ਿ[4] ਜੋ ਸਭਿਹੀ॥ ੭੪ ।
ਇਹ ਰੀਤਿ ਪਰੰਪਰ[5] ਦੇਸ਼ ਬਿਖੈ। ਤੁਮ ਆਨਿ ਹਟਾਵਨ ਕੀਨਿ,ਲਖੈ[6]।
ਅਬ ਜੋਬਿਧਿ ਦੇਹੁ ਬਤਾਇਹਮੈਂ।ਮਿਲਿ ਸੋ ਕਰਿਹੀਂ ਅਨੁਸਾਰ ਸੁ ਮੈਂ॥੭੫॥
ਜਿਹ ਤੇ ਸੁਖ ਪਾਵਹਿਂ ਲੋਕ ਸਬੈ।ਪਰਲੋਕਹਿਂ ਲੋਕਹਿਂ ਹੋਹਿਂ ਅਭੈ[7]।ਲਖਿਕੈ
ਮਹਿਮਾ ਗਰਵੀ[8] ਤੁਮਰੀ। ਮਤਿ ਹੋਇ ਰਹੀ ਦ੍ਰਿਢਤਾ[9] ਹਮਰੀ' ॥ ੭੬ ॥
ਸ਼ਰਧਾ ਭਰਿ[10] ਵਾਕ ਸੁਨੇ ਜਬਿਹੀ।ਪਦ ਪਾਹੁਲ ਦੇਤਿ ਭਏ ਤਬਿਹੀ। ਉਪ-
ਦੇਸ਼ ਦਿਯੋ 'ਭਜਿਯੋ ਹਰਿ ਕੋ। ਸਤਿਸੰਗਤਿ ਪ੍ਰੇਮ ਕਰੋ ਉਰ ਕੋ ॥ ੭੭ ॥
ਇਸ਼ਨਾਨ ਕਰੋ ਇਕ ਜਾਮ ਨਿਸਾ[11]।ਮਿਲ ਕੀਰਤਿ ਕੋ ਕਰਿਲੇਹੁ ਰਸਾ[12]।
ਧ੍ਰਮਸਾਲ ਬਿਸਾਲ ਭਲੀ ਕਰਿਯੋ । ਇਰਖਾ[13], ਪਰਖਾ[14], ਛਰ[15] ਕੋ
ਹਰਿਯੋ[16]॥੭੮॥ ਸਤਿ,ਸ਼ੀਲ,ਸੰਤੋਖ,ਛਿਮਾ ਧਰਨੀ। ਹਰਿ[17] ਲੋਲਪਤਾ[18],
ਕਰੁਨਾ[19] ਕਰਨੀ।ਰਿਛ[20] ਹੇਰ[21] ਛੁਧਾਤੁਰ[22] ਦੇ ਅਸਨਾ[23]। ਨਗਨੰ ਨਰ ਕੋ
ਦਿਜਿਯੋ ਬਸਨਾ॥੭੯ ॥ ਮਿਲਿ ਸੰਤਨ ਕਾਲ ਬਿਤੀਤ ਕਰੋ। ਭਵਸਾਗਰ
ਕੋ ਨਿਰਸੰਸ ਤਰੋ'।ਸੁਨਿਕੈ ਉਪਦੇਸ਼ ਸੁ ਨਾਮ[24] ਸਭੈ।ਕਰ ਬੰਦਹਿਂ ਬੰਦਨ
ਕੀਨਿ ਤਬੈ ॥੮੦॥ ਧ੍ਰਮਸਾਲ ਰਚੀ ਤਤਕਾਲ ਤਹਾਂ। ਅਰਬਿੰਦ ਬਿਲੋਚਨ
ਬੈਸਿ ਜਹਾਂ। ਗੁਨਖਾਨ ਇਸੋ ਉਪਕਾਰ ਕਰਨੋ। ਕਰਤਾਰ ਭਜੇ ਸਭਿ ਦੇਸ਼
ਤਰਨੋ ॥ ੮੧ ॥ ਦਿਨ ਕੇਤਿਕ ਸ੍ਰੀ ਗੁਰ ਦੇਸ਼ ਤਿਸੀ। ਨਰ ਕੀਨ ਉਧਾਰ
ਰਹੇ ਸੁ ਜਸੀ[25]। ਛਿਤਪਾਲ ਪ੍ਰਜਾ ਸਭਿ ਆਵਤਿ ਹੈਂ। ਪਗ ਬੰਦਨ ਕੈ ਸੁਖ
ਪਾਵਤਿ ਹੈਂ॥੮੨॥ਸੁਨਿਸ੍ਰੀ ਮੁਖ ਤੇ ਸੁਖਵੰਤਿ ਗਿਰਾ।ਸਭਿਕੋਉਰਪ੍ਰੇਮਕੇਸੰਗ
ਭਰਾ। ਸਿਮਰਹਿ ਹਰਿ ਨਾਮਹਿ ਪ੍ਰੀਤਿ ਕਰੈਂ ।ਮਿਲਿ ਆਪਸ ਮੈਂ ਬਹੁ ਭਾਉ
ਧਰੈਂ॥੮੩॥ ਦੋਹਰਾ॥ ਗਾਹਕ ਪੁਰਬ[26] ਸਿੱਖ ਜੋ ਬੋਲਨੇ ਦ੍ਵੈ ਕਰ ਬੰਦਿ। 'ਕੁਦ-

---

[1]ਕਲਾ ਸੰਯੁਕਤ (ਐ) ਪ੍ਰਤੱਖ ਕਲਾ। [2]ਮੇਰਾ। [3]ਇੰਦ੍ਰ। [4]ਖੇਤੀ। [5]ਆਦਿ ਦੀ। [6]ਲਖ ਕੇ (ਕਿ ਇਹ ਰੀਤੀ ਮਾੜੀ ਹੈ)। [7]ਨਿਡਰ। [8]ਭਾਰੀ। [9]ਪਕਿਆਈ। [10]ਭਰੇ। [11]ਪਹਿਰ ਰਾਤ (ਰਹਿੰਦੀ)। [12]ਸਵਾਦ (ਕੀਰਤਨ ਦਾ) ਲਓ। [13]ਈਰਖਾ। [14]ਕਠੋਰਤਾ। [15]ਛਲ। [16]ਨਾਸ਼ ਕਰੋ। [17]ਨਾਸ਼ ਕਰਕੇ। [18]ਲੋਭ। [19]ਕ੍ਰਿਪਾ। [20]ਅੱਖੀਂ। [21]ਵੇਖਕੇ। [22]ਭੁੱਖੇ ਨੂੰ। [23]ਭੋਜਨ ਦਿਓ। [24]ਨਾਮ ਦਾ ਉਪਦੇਸ਼। [25]ਜਸ ਵਾਲੇ (ਗੁਰੂ ਜੀ ਨੇ)। [26]ਪਹਿਲਾ।

Sri Satguru Jagjit Singh Ji eLibrary NamdhariElibrary@gmail.com

ਰਤ ਕੋ ਕੁਛ ਪਤਾ ਮੁਝ ਦਰਸਾਵਹੁ ਸੁਖਕੰਦ ।'॥੯੪॥ ਸੰਕਰ ਛੰਦ ॥ ਸੁਨਿ ਕਰ ਤਿਹ ਕੇ ਬਚ ਗੁਰੁ ਨਾਨਕ ਕਰੀ ਗਿਰਾ ਉਚਾਰ । 'ਜਾਹੁ ਖੇਤ ਮਹਿਂ ਬੂਟ ਉਪਾਰਹੁ[੧] ਦੇਖਹੁ ਕੁਦਰਤ ਭਾਰਿ[੨] । ਆਚਰਜ ਜਿਹਕੋ ਰੂਪ ਲਖਿ-ਧਤ ਸਕੈ ਕੌਨ ਨ ਚੀਨ[੩]।ਸੁਰ,ਨਰ,ਅਸੁਰ,ਅਹਿ[੪]ਤਰਹਿ[੫] ਤਾਂਕੇ ਉਰਧ[੬] ਜਿਨ ਇਹ[੭] ਕੀਨ' ॥ ੯੫ ॥ ਨਿਜ ਕਾਨ ਸੁਨਿ ਮਤਿਵਾਨ ਮਾਨਵ ਖੇਤ ਮਹਿਂ ਤਬ ਜਾਇ। ਗੋਧੂਮ ਬੂਟ[੮] ਉਖਾਰ ਦੇਖਯੋ ਰਹਯੋ ਉਰ ਬਿਸਮਾਇ। ਅੰਗਾਰ ਅਗਨੀ ਅਰੁਨ[੯] ਦੀਸਤਿ ਤੇਜ ਨਾਂਹਿ ਸਹਿ ਜਾਇ। ਸਭਿ ਲੋਕ ਹੇਰਨ ਹੇਤੁ ਦੌਰੇ ਬਹੁਤ ਜਿਨ ਮਨ ਚਾਇ* ॥੯੬॥ ਹੇਰਿ ਹੇਰਿ ਆਚਰਜ ਮਾਨਹਿਂ ਅਗਨਿ ਪਰ ਪਿਖਿ ਖੇਤ-ਜਿਹਛੁਵਤਿਜਰਿਹੀ[੧੦]ਦਾਰ[੧੧]ਦ੍ਰੁਤਿ[੧੨] ਸਭਿ[੧੩]ਹਰੀ ਭੀ ਕਿਹ ਹੇਤ[੧੪] । ਕਰਤਾਰ ਕੁਦਰਤਿ ਅਤਿ ਬਲਿਸ਼ਟੋਹਿ[੧੫] ਕੀਨ ਅਚਰਜ ਬਾਤ ਹੈ ਅਗਨਿ ਊਪਰ ਕ੍ਰਿਸ਼ਿ[੧੬]ਬ੍ਰਿਧਤ[੧੭]ਹਰੀ ਬਹੁ ਜਿਹ ਪਾਤ[੧੮]–॥੯੭॥ ਕਰਤਾਰ ਬਹੁਰ ਲਖਾਇ ਕੁਦਰਤ ਸੱਤਿ ਨਾਮ ਜਪਾਇ। ਕਰਿ ਧਰਮਸਾਲਾ ਗ੍ਰਾਮ ਗ੍ਰਾਮਹਿ[੧੯] ਨਾਮ ਦਾਨ ਦ੍ਰਿੜਾਇ । ਤਬ ਕੀਨ ਦੇਸ਼ ਪਵਿੱਤ੍ਰ ਸਗਰੋ ਲਗੇ ਕੀਰਤਿ ਗਾਨਿ। ਸ਼ੁਭ ਚਲੀ ਰੀਤਿ ਪੁਨੀਤ ਸਿੱਖੀ –ਸਤਿਗੁਰੂ ਕੁਰਬਾਨ[੨੦]–॥੯੮॥ ਨਰਕਰਹਿਂ ਕੀਰਤਿ ਪ੍ਰੀਤਿ ਧੁਤਉਰਧਰੀ ਸ਼ਰਧਾ ਨਾਮਬਰੋ ਪਰਮਦਾ ਅਪਵਰਗ ਸੁਮਰਨ ਧਰਮ ਅਰਥਹਿਕਾਮ[੨੧]। ਜਿਸ ਨਾਮ ਤੇ ਸੁਖ ਧਾਮ ਪ੍ਰਾਪਤ ਤਰੇ ਪਤਿਤ ਅਨੇਕ ਜੋ ਗੈਨ[੨੨] ਛੋਨੀ[੨੩] ਨਾਗ ਸਦਨ[੨੪] ਬ੍ਰਹਮ ਅੰਡਹਿ ਟੇਕ[੨੫] ॥੯੯॥ ਤਿਹ ਕੋ ਮੁਨਾਫਕ ਨਾਮ†

[੧]ਉਖਾੜੋ । [੨]ਭਾਰੀ । [੩]ਪਛਾਣ । [੪]ਨਾਗ । [੫]ਨੀਵੇਂ (ਪਤਾਲ) । [੬]ਉਚੇ ਲੋਕ (ਅਕਾਸ਼) । [੭]ਮਾਤ ਲੋਕ । [੮]ਕਣਕ ਦਾ ਬੂਟਾ । [੯]ਲਾਲ। [੧੦]ਸੜ ਜਾਵੇ । [੧੧]ਲਕੜੀ । [੧੨]ਛੇਤੀ। [੧੩]ਸਾਰੀ (ਖੇਤੀ) । [੧੪]ਹਰੀ ਹੋਈ ਕੀਕੂੰ । [੧੫]ਬਲੀ । [੧੬]ਖੇਤੀ । [੧੭]ਵਧਦੀ । [੧੮]ਪੱਤੇ । [੧੯]ਪਿੰਡ ਪਿੰਡ । [੨੦]ਤੇਂ ਸਦਕੇ ਜਾਂਦੇ ਹਾਂ। [੨੧]ਜੋ ਨਾਮ ਦਾ ਸਿਮਰਨ, ਧਰਮ ਅਰਥ ਤੇ ਕਾਮ ਤੇ ਮੋਖ ਦੇ ਸ੍ਰੇਸ਼ਟ ਵਰ ਦਾ ਦਾਤਾ ਹੈ। [੨੨]ਅਕਾਸ਼। [੨੩]ਪ੍ਰਿਥਵੀ । [੨੪]ਨਾਗਾਂ ਦਾ ਘਰ (ਪਤਾਲ)। [੨੫]ਸਾਰੇ ਬ੍ਰਹਮੰਡ ਦਾ ਆਸਰਾ ਹੈ। *ਪਾਃ–ਇਹ ਦੇਖਿਕੇ ਸਭ ਲੋਕ ਭਰਿਗੇ ਮੁਖਹੁ ਕਹੈਂ ਅਲਾਇ । †ਪਾਃ–ਮੁਨਾਫਕ ਦੇਸ਼ ਕਿਸੇ ਜਗਾ ਦਾ ਨਾਮ ਪ੍ਰਤੀਤ ਨਹੀਂ ਦੇਂਦਾ, ਇਹ ਲੋਕਾਂ ਦੇ ਪਰਮੇਸ਼ੁਰ ਨੂੰ ਨਾ ਜਾਨਣੇ ਕਰਕੇ ਏਸ ਦੇਸ਼ ਦੀ ਅੱਲ ਹੋਣੀ ਹੈ ਤੇ ਇਸ ਨਾਮ ਕਰਕੇ ਸੱਦਿਆ ਗਿਆ ਹੈ। ਜੋ ਦਿਲ ਵਿਚ ਹੋਰ ਹੋਵੇ ਬਾਹਰੋਂ ਹੋਰ ਹੋਵੇ ਉਸ ਨੂੰ ਮੁਨਾਫਿਕ ਆਖਦੇ ਹਨ । ਪਤਾ ਨਹੀਂ ਅਸਲ ਜਨਮ ਸਾਖੀ ਵਿਚ ਕੀਹ ਪਦ ਸੀ, ਪਰ ਰਾਜਾ ਇੰਦਰ ਦਾ ਉਪਾਸ਼ਕ ਹੋਣ ਕਰਕੇ ਜਾਪਦਾ ਹੈ ਹਿੰਦ ਵਿਚ ਹੀ ਕੋਈ ਛੋਟੀ ਹਿੰਦੂ ਰਿਆਸਤ ਹੋਊ। 'ਮੁਨਾਫਿਕ' ਪਦ ਤੋਂ ਮੁਸਲਮਾਨੀ ਧਰਤੀ ਦਾ ਇਲਾਕਾ ਭਾਸਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪੂਰਬ[1] ਫੇਰਿ ਸਤਿਗੁਰ ਦੀਨ[2]। ਪੁਨ ਦੇਸ਼ ਸੁਆਲਨੋ ਰਾਖਿਓ ਕਰਿ ਰੀਤਿ ਰੁਚਿਰ ਨਵੀਨ। ਇਸ ਭਾਂਤਿ ਕਰਿ ਉਪਕਾਰ ਤਿਨ ਪਰ ਚਲਿਨ ਮਨਸਾ ਕੀਨਿ। ਭਵ[3] ਸੇਤੁ[4] ਕੀਰਤਿ[5] ਕਰਨਧਰਨੀ[6], ਜਾਹਿ[7] ਸਿਖ ਸੁਖ ਦੀਨ ॥੯੦॥ ਕਰਿ ਭੂਪ ਪਰਜਾ ਪਰ[8] ਖੁਸ਼ੀ ਗੁਰ ਗਏ ਆਨ ਅਸਥਾਨ। ਪਸ਼ਚਾਤ[9] ਨਰ ਝੂਰਤਿ ਰਿਦੈ-ਤਬ ਰਹੇ ਹਮ ਅਨਜਾਨ। ਕਰਿ ਸੇਵ ਤਿਨਕੀ ਤ੍ਰਿਪਤਿ ਭੇ ਨਹਿ,ਪਾਇ ਦਰਸ ਅਮੋਲ-ਭਜਿ ਸ਼ਰਨ ਗੁਰ ਸੰਤੋਖ ਸਿੰਘ ਨਿਤ ਪਾਇਂ ਅਨੰਦ ਅਡੋਲ॥ ੯੧॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮੁਨਾਫਿਕ ਦੇਸ਼' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅਧਯਾਯ ॥੧੧॥

੧੨.[ਪ੍ਰਭੂ ਮੰਗਲ। ਅੱਗ ਨਾਲ ਸੜਨ ਵਾਲੇ, ਸਮੁੰਦ੍ਰ ਨਾਲ ਢਹਿਣ ਵਾਲੇ ਨਗਰ ਤੇ ਹਾਰੂ ਦੇਸ਼ ਦਾ ਪ੍ਰਸੰਗ]

ਦੋਹਰਾ ॥ ਪਿੰਗਲ ਪਰਬਤ ਪਰ ਚਢੈ ਗੁੰਗ ਹੋਇ ਬਾਚਾਲ।
ਕਾਇਰ ਹ੍ਵੈ ਭਟ ਜੈ ਧਰੈ ਕਰੈ ਜਿ ਕ੍ਰਿਪਾ ਕ੍ਰਿਪਾਲ ॥ ੧ ॥

ਪਿੰਗਲ=ਪਿੰਗਲਾ (ਲੰਗੜਾ), ਜਿਸ ਦੇ ਪੈਰ ਨਾ ਹੋਣ। ਜਿਸ ਦੇ ਹੱਥ ਪੈਰ ਦੋਇ ਨ ਹੋਣ। [ਸੰਸ:, ਪੰਗੁ। ਪ੍ਰਾਕ੍ਰਿਤ, ਪੰਗਲੁਅ, ਪੰਜਾ: ਪਿੰਗਲਾ]
ਗੁੰਗ=ਗੁੰਗਾ, ਜੋ ਬੋਲ ਨਾ ਸਕੇ। [ਫਾਰਸੀ, ਗੁੰਗ]
ਬਾਚਾਲ=ਜੋ ਬੋਲ ਸਕੇ, ਜੋ ਖੁੱਲ੍ਹਾ ਬੇ ਅਟਕ ਬੋਲ ਸਕੇ [ਸੰਸ:, ਵਾਚਾਲ]
ਭਟ=ਸੂਰਮਾ। ਜੈ ਧਰੈ=ਫਤੇ ਪਾਵੇ।
ਕ੍ਰਿਪਾਲ=ਕ੍ਰਿਪਾ ਕਰਨ ਵਾਲਾ, ਮੁਰਾਦ ਵਾਹਿਗੁਰੂ ਤੋਂ ਹੈ।

ਅਰਥ-ਜੇ ਕ੍ਰਿਪਾਲ (ਵਾਹਿਗੁਰੂ) ਕ੍ਰਿਪਾ ਕਰੇ (ਤਾਂ) ਪਿੰਗਲਾ ਪਹਾੜ ਉਤੇ ਚੜ੍ਹ (ਸਕੇਗਾ), ਗੁੰਗਾ ਬੋਲਣ ਵਾਲਾ ਹੋ ਜਾਏਗਾ, ਕਾਇਰ ਸੂਰਮਾ ਹੋ ਕੇ ਫਤੇ ਪ੍ਰਾਪਤ ਕਰੇਗਾ।

ਭਾਵ-ਇਸ ਦੋਹੇ ਵਿਚ ਧੁਨੀ ਇਹ ਹੈ ਕਿ ਮੇਰੇ ਪਰ ਵਾਹਿਗੁਰੂ ਦੀ ਕ੍ਰਿਪਾ ਹੋਵੇ ਜੋ ਮੈਂ ਅਪਣੇ ਪਰਬਤ ਸਮਾਨ ਕਠਨ ਕੰਮ ਨੂੰ ਸਿਰੇ ਚਾੜ੍ਹ ਸਕਾਂ, ਮੈਂ ਜੋ ਕਵਿਤਾ ਵਿਚ ਗੁੰਗ ਸਮਾਨ ਹਾਂ ਕਲਾਂਵਾਨ ਹੋ ਕਰਕੇ ਉੱਤਮ ਕਾਵ੍ਯ ਲਿਖਾਂ, ਵਿਘਨਾਂ ਦੇ ਭੈ ਤੋਂ ਜੋ ਡਰਦਾ ਹਾਂ, ਸੂਰਮਾਂ ਹੋਕੇ ਕਾਮਯਾਬੀ ਰੂਪੀ ਫਤਹ ਪ੍ਰਾਪਤ ਕਰਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ਅਨਤ ਦੇਸ਼ ਸਤਿਗੁਰੂ ਸਿਧਾਰੇ। ਸੰਤ ਮੰਦ-ਮਤਿ ਜਾਂਹਿ ਉਧਾਰੇ।ਮੈਂ[10] ਪੁਨ ਦੁਤਿਯ ਸੰਗ ਮਰਦਾਨਾ। ਅਨੁਸਾਰੀਅਨੁ[11] ਕਰਹਿ ਪਿਯਾਨਾ[12]॥੨॥ਮਾਰਗ ਚਲਤਿ ਗ੍ਰਾਮ ਇਕ ਹੇਰਾ। ਤਹਿ ਤਰੁ[13] ਕੇ

[1]ਪਹਿਲਾ। [2]ਬਦਲ ਦਿੱਤਾ। [3]ਸੰਸਾਰ ਤੇ। [4]ਪੁਲ। [5]ਕੀਰਤੀ ਦਾ। [6]ਧਰਤੀ ਤੇ। [7]ਜਿਸਨੇ। [8]ਰਾਜਾ ਤੇ ਪਰਜਾ ਉਤੇ। [9]ਪਿਛੋਂ। [10]ਬਾਲਾ। [11]ਅਨੁਸਰੀ ਹੋਕੇ। [12]ਪਿੱਛੇ ਜਾਂਦੇ ਸਾਂ। [13]ਬ੍ਰਿਛਾਂ

Sri Satguru Jagjit Singh Ji eLibrary NamdhariElibrary@gmail.com

ਤਰ[1] ਕੀਨ ਬਸੇਰਾ॥ਸੰਤ ਜਾਨ ਤਹਿਂ ਕੇ ਨਰ ਆਏ॥ਰਿਦੈ ਭਾਉ ਧਰਿ ਸੀਸ ਝੁਕਾਏ॥੩॥ਅੰਨ ਆਨਿ ਦੀਨੋ ਹਿਤ ਅਸਨਾ[2]।ਬਿਨੈ ਯੁਕਤ ਬਾਨੀ ਭਨਿ[3] ਰਸਨਾ। ਤਿਨ ਕੀ ਬਿਨੈ ਸ਼੍ਰੌਨ ਧਰਿ ਭੂਰੀ[4]। ਨੈਨ ਕੋਰ ਕਰੁਨਾ ਜਿਨ ਪੂਰੀ[5] ॥ ੪ ॥ ਦੋਹਰਾ ॥ ਕਿਤਿਕ ਦਿਵਸ ਕੀਨੋ ਸਿਵਰ[6] ਕਰਨ ਨਰਨ ਕੱਲ੍ਯਾਨ। ਰਾਜ ਰਿਖੀ[7], ਸਿੱਖਨਨ ਸੁਖਦ, ਜਿਹ ਦਰਸ਼ਨ ਅਘ ਹਾਨ॥੫॥ ਚੌਪਈ ॥ ਬਾਸੁਰ ਕਿਤਿਕ ਬਿਤੀਤੇ ਜਬਹੀ। ਸੇਵਹਿਂ ਪ੍ਰੀਤ ਧਾਰਿ ਉਰ ਸਭਿਹੀ। ਏਕ ਦਯੋਸ ਮਹਿਂ ਕੀਨਿ ਤਯਾਰੀ। ਨਿਜ ਨਿਕੇਤ ਕੀ ਸੌਜ ਸੰਭਾਰੀ॥੬॥ਤਿਨਕੀ ਰੀਤਿ ਹੇਰਿ ਕਰਿ ਸ੍ਵਾਮੀ। ਭਨੋ ਬਚਨ ਸ਼ੁਭ ਅੰਤਰਜਾਮੀ । 'ਸਕਟਨ[8] ਬਿਖੈ ਸੌਜ ਤੁਮ ਪਾਈ। ਗ੍ਰਾਮ ਤਯਾਗ ਗਮਨੋ ਕਿਹ ਥਾਈਂ ?॥੭॥ ਕਿਹ ਦੁਖ ਤੇ ਕਰਿ ਸਦਨ ਉਜਾਰਾ?।ਚਲੇ ਅਨਤ[9] ਯੁਤ ਸਭਿ ਪਰਵਾਰਾ। ਕਿਧੌਂ ਭਯੋ ਭੈ ਭੂਪਤਿ ਕਾਂਕੋ[10]।ਤੁਮਹਿਂ ਵਿਘਨ ਕੋ ? ਕਹਿਯੇ ਤਾਂਕੋ'॥੮॥ਦੋਹਰਾ॥ ਸੁਨਿ ਕਰਿ ਸ੍ਰੀ ਗੁਰ ਕੇ ਬਚਨ ਮਾਨਵ ਜੁਗ ਕਰ ਬੰਦਿ। ਨਿਜ ਬਿਰਥਾ ਭਾਖਤਿ ਭਏ ਅੱਗ੍ਰਜ ਦੋਖ ਨਿਕੰਦ[11] ॥੯॥ ਚੌਪਈ॥ 'ਸੁਨਹੁ ਸੁਖਦ ਜੀ ਸ੍ਰੀ ਗੁਰਨਾਨਕ!। ਲਗਹਿ ਅਗਨਿ ਇਸ ਗ੍ਰਾਮ ਅਚਾਨਕ। ਇਸ ਦੁਖ ਤੇ ਹਮ ਅਨਤ ਪਧਾਰੇਂ। ਬਹੁਰ ਆਇ ਕਰਿ ਹੈਂ ਘਰਬਾਰੇ ॥ ੧੦ ॥ ਛਠੋ ਮਾਸ[12] ਇਕ ਬਾਸੁਰ ਮਾਂਹੀ। ਅਗਨਿ ਸੰਗ ਜਾਵਹਿ ਕੋ ਦਾਹੀ[13]। ਕੇਤਿਕ ਦਿਵਸ ਸਦਨ ਇਹ ਤਜਿਕੈ। ਬਸਿਹੈਂ ਅਨਤ ਗ੍ਰਾਮ ਭੈ ਭਜਿਕੈ[14] ॥੧੧॥ ਆਪ ਚਲਹੁ ਜੇ ਸੰਗ ਹਮਾਰੇ। ਸੇਵਹਿਂ ਸਭਿ ਬਿਧਿ ਚਰਨ ਤੁਮਾਰੇ। ਸੰਤ ਰੂਪ ਤੁਮ ਪਰਉਪਕਾਰੀ। ਪੁਨ ਇੱਛਾ ਜੋ ਕਰਹੁ ਤੁਮਾਰੀ' ॥੧੨॥ ਦੋਹਰਾ ॥ ਕਰੁਨਾ-ਕਰ ਬੋਲੇ ਬਚਨ ਸ੍ਰੀ ਬੇਦੀ ਕੁਲਕੇਤ।'ਧਾਰਹੁ ਸਿੱਖੀ ਗੁਰੂ ਕੀ ਪੁਨ ਨਹਿਂ ਜਲਹਿਂ ਨਿਕੇਤ ॥੧੩॥ਚੌਪਈ॥ ਸੱਤਿਨਾਮ ਕੋ ਜਾਪ ਜਪੀਜੇ। ਉਰ ਤੇ ਡਰ ਕਉ ਦੂਰ ਕਰੀਜੇ। ਮਨ ਬਾਂਛਤ ਸੁਖ ਪਾਇ ਘਨੇਰੇ। ਬਸਹੁ ਸ਼ਾਂਤਿ ਸੋਂ ਅਪਨੇ ਡੇਰੇ ॥੧੪॥ ਅਬ ਤੇ ਲਗਹਿ ਨ ਅਗਨਿ ਅਗਾਰੀ। ਧਰਮਸਾਲ ਸੁਠ ਰਚਹੁ ਸਵਾਰੀ। ਸੰਤ ਅਥਿਤ ਕੀ ਕੀਜੈ ਸੇਵਾ। ਮਹਿਮਾ ਕੀਰਤਿ ਕੋ

[1]ਹੇਠ । [2]ਭੋਜਨ ਵਾਸਤੇ । [3]ਕਹੀ। [4]ਸਾਰੀ । [5]ਜਿਨ੍ਹਾਂ ਦੀ ਅੱਖਾਂ ਦੀ ਦ੍ਰਿਸ਼ਟੀ ਵਿਚ ਮੇਹਰ ਪੂਰਨ ਹੈ । [6]ਡੇਰਾ । [7]ਰਿਖੀਆਂ ਦੇ ਰਾਜੇ (ਗੁਰੂ ਜੀ)। [8]ਗੱਡਿਆਂ। [9]ਹੋਰ ਜਗਾ । [10](ਕਿਸੇ) ਰਾਜਾ ਦਾ ਡਰ। [11]ਗੁਰੂ ਜੀ ਦੇ ਅੱਗੇ। [12]ਛੀਵੇਂ ਮਹੀਨੇ। [13]ਸੜ । [14]ਪ੍ਰਾਪਤ ਹੋਕੇ (ਅ) ਨੱਠ ਕੇ।

Sri Satguru Jagjit Singh Ji eLibrary NamdhariElibrary@gmail.com

ਲਖਿ ਭੇਵਾ’ ॥੧੫॥ਸੁਨਿਕਰਿ ਉਰ ਧਰਿ ਹਰਖ ਬਿਸਾਲਾ। ਸਿੱਖੀ ਗ੍ਰਹਨ ਕਰੀ ਤਤਕਾਲਾ। ਗਮਨ ਨ ਕੀਨ ਗ੍ਰਾਮ ਜੋ ਆਨਾ। ਮਾਨ ਸੁ ਬਚਨ ਵਸੇ ਨਿਜ ਥਾਨਾ ॥੧੬॥ ਦੋਹਰਾ ॥ ਸਭਿ ਸੰਭਾਰ[1] ਸੰਭਾਰਿਕੈ[2] ਸ੍ਰੀ ਨਾਨਕ ਢਿਗ ਆਨ[3] ਰਾਖੀ ਡਰ ਕਰਿ ਅਗਨ ਤੇ ਉਰ ਸੰਦੇਹ ਕੋ ਮਾਨਿ॥੧੭॥ ਚੌਪਈ॥ ਸਭਿਹਿ ਨਾਰਿ ਨਰ ਗੁਰ ਢਿਗ ਬੈਸੇ।‘ਨਾਮ ਜਪਹੁ’ ਐਸੇ ਉਪਦੇਸ਼ੇ। ਧਾਰਿ ਅਗਨਿ ਡਰ ਤਜਿ ਨਿਜ ਸਦਮਾ[4]। ਹੋਹਿ ਨਿਕਟ ਸ੍ਰੀ ਗੁਰ ਪਦ ਪਦਮਾ[5] ॥ ੧੮ ॥ ਤਬ ਇਕ ਦੈਂਤ ਰੂਪ ਬਿਕਰਾਰਾ[6]। ਆਵਤਿ ਨਰ ਨਾਰੀਨ[7] ਨਿਹਾਰਾ। ਪਗ ਪਾਤਾਲ ਸੀਸ ਨਭ[8] ਧਾਰੀ। ਲੋਹਿਤ[9] ਸ਼ਮਸ[10] ਭਯੰਕਰ ਭਾਰੀ ॥੧੯॥ ਨਰ ਤਬ ਬੈਸੇ ਰਾਖਸ਼ ਹੇਰੇ। ਅਗਨਿ ਨੈਨ ਕਿਯ ਕ੍ਰੋਧ ਘਨੇਰੇ। ‘ਡਰ ਮਮ ਤ੍ਯਾਗ ਰਹੇ ਇਹ ਥਾਈਂ। ਤਜੋਂ ਨ ਅਬ ਇਨ, ਲੇਉਂ ਚਬਾਈ’[11] ॥ ੨੦ ॥ ਦੋਹਰਾ ॥ ਦਾਰੁਨ ਦੀਰਘ ਦਾਂਤ ਖਲ ਓਸ਼ਟ ਚਾਟਤਿ ਜੀਹ[12]। ਹਾਥ ਬਿਖੈ ਜੁਲਤੀ[13] ਅਗਨਿ ਨਰ ਦੁਖਦਾਨੀ ਦੀਹ[14] ॥੨੧॥ ਚੌਪਈ ॥ ਡਰੇ ਲੋਕ ਜਾਨੀ ਮ੍ਰਿਤੁ ਆਈ। ਪੀਤ[15] ਭਏ,ਮੁਖ ਥੂਕ ਸੁਕਾਈ। ਸੁਕਚੇ[16] ਤਨ ਕੰਪਤ ਬਿਨ ਚੈਨਾ। ਦੇਖਿ ਨ ਸਕਹਿਂ ਮੂੰਦ ਲਿਯ ਨੈਨਾ॥੨੨॥ਕਹਹਿਂ ਪਰਸਪਰ ‘ਅਬ ਭਾ ਮਰਨਾ। ਜਾਵਹਿਂ ਕਿਹ[17] ਚਰਨਨ ਕੀ ਸ਼ਰਨਾ। ਆਗੇ ਘਰ ਜਲਨੇ ਕੀ ਚਿੰਤਾ। ਅਬ ਜਾਨੀ ਭਾ ਪ੍ਰਾਨਨ ਅੰਤਾ ॥੨੩॥ ਭਾਗ ਜਾਇ ਥੇ ਹਮ ਇਹ ਕਾਲਾ। ਕਹਿ ਰਾਖੇ ਇਨ ਸੰਤ ਕ੍ਰਿਪਾਲਾ। ਕੋ[18] ਜਾਨਹਿ ਅਬ ਕੋ ਬਿਧਿ[19] ਹੋਵਹਿ?।ਜੀਵਤ ਬਚੈਂ ਕਿ ਪ੍ਰਾਨਨ ਖੋਵਹਿ’॥੨੪॥ ਦੋਹਰਾ॥ਨਰ ਨਾਰਿਨਿ ਕੋ ਦੇਖਿ ਗੁਰ ਜੋ ਕੰਪਤ ਭੈ ਭੀਤ[20]। ਕ੍ਰੂਰ ਦ੍ਰਿਸ਼ਟਿ[21] ਤਿਸ ਦੈਤ ਦਿਸ਼ ਕੀਨੀ ਹਰਨ ਅਨੀਤ[22] ॥੨੫॥ ਚੌਪਈ॥ ਤਿਸੀ ਸਮੇ ਮਹਿ ਦੈਤ ਬਿਸਾਲਾ। ਬਿਕੁਲ[23] ਪਰਯੋ ਧਰਨੀ ਮੁਰਛਾਲਾ[24]। ਹੋਤਿ ਪੁਰਾਤਨ ਤਰੁ ਜਿਉਂ ਕੋਊ। ਪਵਨਬੇਗ ਸੋਂ[25] ਉਖਰਤਿ ਸੋਊ ॥੨੬॥

[1]ਸਮੱਗ੍ਰੀ। [2]ਸਮ੍ਹਾਲ ਕੇ। [3]ਲਿਆਕੇ। [4]ਘਰ। [5]ਚਰਨ ਕਵਲਾਂ ਪਾਸ। [6]ਭਿਆਨਕ। [7]ਨਰਾਂ ਤੇ ਇਸਤ੍ਰੀਆਂ ਨੇ। [8]ਅਕਾਸ਼। [9]ਲਾਖਾ, ਲਾਲ। [10]ਦਾੜ੍ਹਾ। [11]ਚਬਾ ਲਵਾਂਗਾ। [12]ਜੀਭ ਨਾਲ ਚੱਟਦਾ। [13]ਬਲਦੀ ਹੋਈ। [14]ਪੁਰਸ਼ਾਂ ਨੂੰ ਭਾਰੀ ਦੁਖਦਾਈ। [15]ਪੀਲੇ। [16]ਸੁੰਗੜ ਗਏ। [17]ਕਿਸ ਦੇ। [18]ਕੌਣ। [19]ਕਿਸ ਤਰ੍ਹਾਂ। [20]ਡਰੇ ਹੋਏ। [21]ਭਯਾਨਕ ਦ੍ਰਿਸ਼ਟੀ ਕੀਤੀ (ਗੁਰੂ ਜੀ ਨੇ)। [22]ਨਾਸ਼ ਕਰਨ ਨੂੰ (ਉਸ ਦੀ) ਅਨੀਤੀ। [23]ਬਿਆਕੁਲ। [24]ਬੇਹੋਸ਼ ਹੋਕੇ। [25]ਹਵਾ ਦੇ ਝੋਕੇ ਨਾਲ।

Sri Satguru Jagjit Singh Ji eLibrary NamdhariElibrary@gmail.com

ਤਸ ਬਿਧਿ ਗਿਰ੍ਯੋ ਭਯਾਨਕ ਭਾਰੀ। ਜਿਹ ਤਨ ਸਰਬ ਚੇਸ਼ਟਾ ਹਾਰੀ। ਜਹਿੰ ਚਰਣਾਰਬਿੰਦ ਜਗ ਗੁਰ ਕੇ। ਗਿਰਤ ਸਮੇਂ ਤਹਿੰ ਗੇਰ੍ਯੋ ਸਿਰਕੇ ॥੨੭॥ ਕਰੁਣਾਨਿਧਿ[1] ਪਿਖਿ ਕਰੁਨਾ[2] ਆਈ। ਅੰਤ[3] ਦੀਨਤਾ ਜਾਹਿ ਜਨਾਈ। ਸੀਸ ਛੁਹਾਯੋ ਤਿਹ ਪਦ ਪਦਮੈਂ[4]। ਜੋ ਸਭਿ ਸਿੱਖਨਨ ਕੋ ਸੁਖ-ਸਦਮੈਂ[5] ॥੨੮॥ ਦੋਹਰਾ॥ ਛੁਵਤਿ ਚਰਨ ਮੁਰਛਾ[6] ਛੁਟੀ ਭਯੋ ਸਰੀਰ ਸੁਚੇਤ। ਸ਼ਸਤ੍ਰ ਹਨੇ[7] ਸੰਜੀਵਨੀ[8] ਜਿਉਂ ਲਗਾਇ ਤਿਹ ਦੇਤ ॥੨੯॥ ਚੌਪਈ॥ ਤੇਜ ਪ੍ਰਭਾਵ ਹੇਰਿ ਗੁਰ ਕੇਰੋ। ਨਿੰਮ੍ਰਿ ਭਯੋ ਮਨ ਦੀਨ ਘਨੇਰੋ। ਬੋਲ੍ਯੋ ਬਚਨ 'ਛਿਮਹੁ ਅਪਰਾਧੂ। ਪਰਮੇਸ਼ੁਰ ਤੁਮ ਬੇਖ ਸੁ ਸਾਧੂ ॥੩੦॥ ਹੌਂ ਅਨ-ਜਾਨ ਨ ਮਹਿਮਾ ਜਾਨੀ। ਤੁਮ ਹੋ ਮਹਾਂ ਪੁਰਖੁ ਗੁਨਖਾਨੀ। ਇਨ ਲੋਕਨ ਤੇ ਆਨ[9] ਮਨਾਊਂ। ਯਾਂਤੇ ਇਨਕੇ ਧਾਮ ਜਲਾਊਂ ॥੩੧॥ ਅਬ ਤੁਮਰੇ ਪਦ ਪਦਮ ਸੁਹਾਏ। ਇਨਕੇ ਭਾਗ ਜਗੇ ਜਬ ਆਏ। ਕਰਹੁ ਸਭਿਨਿ ਕੋ ਅਬ ਕੱਲ੍ਯਾਨਾ। ਉਪਕਾਰੀ ਤੁਮ ਕ੍ਰਿਪਾ ਨਿਧਾਨਾ ॥੩੨॥ ਦੋਹਰਾ॥ ਮੈਂ ਤੁਮ ਦਾਸਨ ਦਾਸ ਹੋਂ ਜਿਹ ਬਿਧਿ ਦੇਹੁ ਰਜਾਇ। ਸੋ ਕਰਿਹੌਂ ਨਿਸ਼ਚੈ ਸਦਾ ਜਾਂਤੇ ਕਸ਼ਟ ਮਿਟਾਇ' ॥੩੩॥ ਚੌਪਈ॥ ਸ੍ਰੀ ਨਾਨਕ ਜੀ ਸੁਨਿ ਅਸ ਬਾਨੀ। ਸ਼ਰਧਾ ਬਹੁਤ ਪ੍ਰੀਤ ਮੈਂ ਸਾਨੀ[10]। ਬੋਲੇ ਬਚਨ ਦੀਨਕੇ ਦਯਾਲਾ। 'ਗ੍ਰਾਮ ਬਿਖੇ ਰਚਿਯੋ ਧ੍ਰਮਸਾਲਾ ॥੩੪॥ ਕਰੋ ਕੀਰਤਨ ਮਿਲਿ ਤਿਹ ਮਾਂਹੀ। ਸੱਤਿਨਾਮ ਉਚਰਹੁ ਅਘ ਜਾਹੀਂ। ਭਰਿ ਜਲ ਆਨਹੁ[11] ਤਹਿੰ ਨਿਜ[12] ਸੀਸਾ। ਭਗਤਿ ਕਰਹਿੰ ਜਹਿੰ ਨਰ ਜਗਦੀਸ਼ਾ ॥੩੫॥ ਸੇਵਾ ਕਰਤਿ ਬਿਮਲ ਮਨ* ਹੋਵਹਿ। ਜਨਮ ਜਨਮ ਕੇ ਕਿਲਬਿਖ ਖੋਵਹਿ। ਸੱਤਿਨਾਮ ਜਪਿ ਹੁਇ ਅਧਿਕਾਰੀ। ਅੰਤ ਸਮੇਂ ਗਤਿ[13] ਪਾਇੰ ਸੁਖਾਰੀ' ॥੩੬॥ ਦੋਹਰਾ॥ ਸੁਨਿ ਕਰਿ ਜਗ ਗੁਰਕੇ ਬਚਨ ਮਾਨ ਸੀਸ ਪੈ ਲੀਨ। ਰਚੀ ਧਰਮਸਾਲਾ ਰੁਚਿਰ ਪੁਨ ਸੇਵਹਿ ਮਨਦੀਨ ॥੩੭॥ ਚੌਪਈ॥ ਸ਼੍ਰੀਗੁਰ ਧਰਮਸਾਲ ਮਹਿੰ ਬੈਸੇ। 'ਨਾਮ ਜਪਹੁ' ਮਨੁਜਨ[14] ਉਪਦੇਸ਼ੇ। ਕਰਨ ਕੀਰਤਨ ਲਗੇ ਬਿਸਾਲਾ। ਭਗਤਿ ਰੀਤ ਸਿਖਈ ਸੁਖ ਆਲਾ[15] ॥੩੮॥ ਗ੍ਰਾਮ ਨਿਕਟਿ[16] ਸੁਨਿ ਕਰਿ ਅਸ ਰੀਤੀ। ਅਵਹਿੰ ਦਰਸ਼ਨ ਕੀ

[1]ਗੁਰੂ ਜੀ ਨੂੰ। [2]ਮਿਹਰ। [3]ਓੜਕ ਦੀ ਯਾ ਅੰਤ ਨੂੰ। [4]ਤਿਸਦੇ ਸਿਰ ਨੂੰ ਚਰਨ ਕਮਲ ਛੁਹਾਏ। [5]ਸੁਖ ਦਾ ਘਰ [ਸੰਸਃ, ਸਦਮਨ੍]। [6]ਬੇਹੋਸ਼ੀ। [7]ਜ਼ਖਮੀ ਨੂੰ ਜਿਵੇਂ। [8]ਇਕ ਬੂਟੀ ਮੋਏ ਯਾ ਮੁਰਛਿਤ ਨੂੰ ਜਿਵਾਉਣ ਵਾਲੀ। [9]ਦੀਨ। [10]ਮਿਲੀ ਹੋਈ। [11]ਲਿਆਵੋ। [12]ਅਪਨੇ। [13]ਮੁਕਤੀ। [14]ਪੁਰਸ਼ਾਂ ਨੂੰ। [15]ਸਿਖਾਈ ਸੁਖਾਂ ਦੇ ਘਰ ਭਾਵ ਗੁਰੂ ਜੀ ਨੇ। [16]ਨੇੜੇ ਦੇ ਪਿੰਡ।

*ਪਾਃ—ਬਿਲਮ ਲੀਹ।

Sri Satguru Jagjit Singh Ji eLibrary NamdhariElibrary@gmail.com

ਕਰਿ ਪ੍ਰੀਤੀ।ਹੇਰਿ ਹੇਰਿ ਹਰਖੈਂ ਕਰਿ ਬੰਦਨਾ।ਭਗਤਿ ਸਿਖੈਂ ਕਰਿ ਕੁਮਤਿ ਨਿਕੰਦਨ[1]॥੩੯॥ਸਿੱਖੀ ਰੀਤਿ ਬਿਦਤ ਭੀ ਦੇਸ਼॥ ਜਿਸ ਤੇ ਛੁਟਹਿਂ ਜਗਤ ਕਲੇਸ਼॥ ਕਹਹਿਂ ਪਰਸਪਰ ਮਿਲਿ ਨਰ ਨਾਰੀ। 'ਪਰਮੇਸ਼ੁਰ ਤਨ ਇਹ ਉਪਕਾਰੀ'॥੪੦॥ਦੋਹਰਾ॥ ਚਿਰਿਧਨ[2] ਸੇਵ[3] ਸਿਚਾਨ ਤੇ[4] ਕਰਿਵਾਈ ਕਰਿ ਦੀਨ।ਅਜਨ[5] ਚਰਨ ਪਰ ਕੇਹਰੀ ਪਾਇ ਸਵਾਰਨ ਕੀਨ[6,7] ॥੪੧॥ਚੌਪਈ॥ ਕੇਤਿਕ ਦਿਵਸ ਬਸੇ ਤਿਹ ਥਾਨਾ। ਸਿੱਖੀ ਮਾਰਗ ਕੋ ਪ੍ਰਗਟਾਨਾ॥ ਸੱਤਿ-ਨਾਮ ਕੋ ਜਾਪ ਜਪਾਯੋ। ਦੇਸ਼ ਕੁਮਗ[8] ਤੇ ਸੁਮਗਹ[9] ਪਾਯੋ ॥ ੪੨ ॥ ਅਨਤ ਚਲਨ ਕੀ ਮਨਸ਼ਾ ਧਾਰੀ। ਸ੍ਰੀ ਨਾਨਕ ਜੀ ਪਰ ਉਪਕਾਰੀ। ਬਿਦਾ ਹੋਇ ਤਿਨ ਤੇ ਪ੍ਰਸਥਾਨੇ[10]। ਪਹੁੰਚੇ ਸਿੰਧ[11] ਤੀਰ[12] ਇਕ ਥਾਨੇ ॥ ੪੩ ॥ ਤਹਿ ਇਕ ਗ੍ਰਾਮ ਦੇਖ ਜਗ ਸਾਈਂ। ਤਰੁ ਕੇ ਤਰ[13] ਬੈਠੇ ਸੁਠ ਥਾਈਂ। ਛਠੇ ਮਹੀਨੇ ਸਿੰਧ ਤਰੰਗਾ[14]। ਦੇਤਿ ਰੁੜ੍ਹਾਇ ਗ੍ਰਾਮ ਜਲ ਸੰਗਾ ॥ ੪੪॥ਦੋਇ ਦਿਵਸ ਤਬ ਤਹਾਂ ਬਿਤਾਏ। ਨਰ ਤਬ ਚਲੇ ਅਪਰ ਹੀ ਥਾਏਂ। ਅਪਨੀ ਸਰਬ ਸੰਭਾਰ ਸੰਭਾਰੀ[15]। ਗੁਰੂ ਬਿਲੋਕਤਿ[16] ਗਿਰਾ ਉਚਾਰੀ ॥੪੫॥ ਦੋਹਰਾ ॥'ਕਹਾਂ ਤਯਾਰੀ ਤੁਮ ਕਰੀ ਕਿਉਂ ਤਯਾਗਯੋ ਨਿਜ ਗ੍ਰਾਉਂ?' ਸੁਨਿ ਨਰ ਬੋਲੇ 'ਤੁਮ ਚਲੋ ਰਹੋ ਨ ਅਬ ਇਹ ਥਾਉਂ ॥ ੪੬ ॥ ਚੌਪਈ ॥ ਅਬਿ ਆਵਹਿਗੀ ਸਾਗਰ ਝਾਲੇ[17]। ਦੇਹਿ ਰੁੜ੍ਹਾਇ ਸਦਨ ਜਲ ਨਾਲੇ। ਆਇ ਬਹੋਰ ਉਸਾਰੈਂ ਧਾਮੂ। ਇਹ ਠਾਂ ਰਹਨਿ ਨਹੀਂ ਅਬ ਕਾਮੂ' ॥੪੭॥ ਸੁਨਿਕੈ ਬੋਲੇ ਬਚਨ ਕ੍ਰਿਪਾਲਾ। 'ਸਿੱਖੀ ਮਾਨਹੁ ਰਿਦੈ ਬਿਸਾਲਾ। ਸੁਨਿ ਉਪਦੇਸ਼ ਭਨਹੁ ਸਤਿਨਾਮੂ। ਬਹੁਰ ਨ ਗਿਰਿ ਹੈਂ ਤੁਮਰੇ ਧਾਮੂ ॥ ੪੮ ॥ ਜੇ ਤੁਮ ਕੋ ਨਹਿ ਅਸ ਪਤਿਯਾਰਾ[18]। ਅਬ ਕੇ ਜਾਵਹੁ ਛੋਡਿ ਅਗਾਰਾ[19]। ਹਮ ਬੈਠੇ ਹੈਂ ਇਸ ਹੀ ਥਾਏਂ। ਲੇਹੁ ਸਦਨ ਨਿਜ ਬਨੇ ਬਨਾਏ ॥ ੪੯ ॥ ਬਹੁਰ ਆਇ ਲੀਜੈ ਉਪਦੇਸ਼ੂ'। ਅਸ ਕਹਿ ਬੈਸਿ ਰਹੇ ਜਗਤੇਸ਼ੂ। ਅਪਰ ਥਾਨ ਸੋ ਮਾਨਵ ਗਵਨੇ[20]। ਸਿੰਧੁ ਨ ਢਾਹਿ ਸਕਯੋ ਤਿਨ ਭਵਨੇ ॥ ੫੦ ॥

---

[1] ਨਾਸ਼। [2] ਚਿੜੀਆਂ ਦੀ। [3] ਸੇਵਾ। [4] ਬਾਜ਼ ਕੋਲੋਂ। [5] ਬੱਕਰੀਆਂ। [6,7] ਭਾਵ ਬਾਜ਼ ਵਾਂਙ ਦੈਂਤ, ਚਿੜੀਆਂ ਵਾਂਗ ਪੁਰਸ਼; ਸ਼ੇਰ ਵਾਂਗ ਦੈਂਤ, ਬੱਕਰੀਆਂ ਵਾਂਗ ਪੁਰਸ਼। [8] ਖੋਟੇ ਰਾਹ ਤੋਂ। [9] ਚੰਗੀ ਰਾਹ। [10] ਚਲੇ। [11] ਸਮੁੰਦ੍ਰ ਦੇ। [12] ਕੰਢੇ। [13] ਬ੍ਰਿੱਛ ਦੇ ਹੇਠ। [14] ਜ਼ੋਰ ਝਾਪਟਾ। [15] ਸਮੱਗ੍ਰੀ ਸੰਭਾਲੀ। [16] ਗੁਰੂ ਜੀ ਨੇ ਦੇਖਕੇ। [17] ਸਮੁੰਦ੍ਰ ਦੀ ਛੱਲ। [18] ਯਕੀਨ। [19] ਘਰ। [20] ਚਲੇ ਗਏ।

Sri Satguru Jagjit Singh Ji eLibrary NamdhariElibrary@gmail.com

ਸਮਾਂ ਬਿਤਾਇ ਬਹੁਰਿ ਨਰ ਆਏ। ਸਦਨ ਬਿਲੋਕੇ ਬਨੇ ਬਨਾਏ। ਕਲਾਵਾਨ ਜਾਨੇ ਮਨ ਮਾਂਹੀ। ਸਿੱਖੀ ਲੇਨਿ ਰਿਦੈ ਤਬ ਚਾਹੀ।੫੧। ਮਿਲਿ ਕਰਿ ਸਭਿਨਿ ਉਪਾਇਨ[1] ਲੀਨੀ। ਆਇ ਗੁਰੂ ਕਉ ਬੰਦਨ ਕੀਨੀ। ਪਾਹੁਲ ਪਗ[2] ਕੀ ਲੀਨੀ ਤਬਹੀ। ਨਿਕਟਿ ਸਿੰਧੁ[3] ਕੇ ਗ੍ਰਾਮ ਜਿ ਸਭਿਹੀ॥੫੨॥ ਧਰਮਸਾਲ ਸਿੱਖੀ ਪ੍ਰਗਟਾਨੀ। ਨਾਮ ਦਾਨ ਜਪ ਭੇ ਇਸ਼ਨਾਨੀ। ਸਤਿਗੁਰ ਕੇ ਸਿਮਰਨ ਮਹਿਂ ਲਾਗੇ। ਭਗਤਿ ਭਾਉ ਮੈਂ ਮਨ ਅਨੁਰਾਗੇ॥੫੩॥ ਕਿਤਿਕ ਦਿਵਸ ਰਹਿ ਦੇ ਉਪਦੇਸ਼ਾ। ਬਿਦਾ ਹੋਇ ਗਮਨੇ ਜਗਤੇਸ਼ਾ। ਹਾਰੂ ਪੁਰਿ ਇਕ ਟਾਪੂ ਮਾਂਹੀ। ਤਹਾਂ ਚਲਿਨਿ ਕੀ ਭੀ ਮਨ ਚਾਹੀ॥੫੪॥ ਮਰਦਾਨੇ ਸੋਂ ਬੋਲੇ ਤਬਹੀ। 'ਵਾਹਿਗੁਰੂ ਜਪ ਆਵਹੁ ਸਭਿਹੀ'। ਊਪਰ ਸਾਗਰ ਕੇਰ ਕ੍ਰਿਪਾਲਾ। ਹਮ ਕੋਲੇ ਗਮਨੇ ਤਤਕਾਲਾ॥੫੫॥ ਗੁਰੂ ਕਰੈਂ ਸੋਹੰ ਕੋ ਜਾਪੂ। ਚਲੇ ਜਾਤਿ ਕਿਵ ਛੁਵੈ ਨ ਆਪੁ[4]। ਸਾਗਰ ਬੀਚ ਪਹੂੰਚੇ ਜਬਹੀ। ਜਾਪ ਵਾਹਿਗੁਰੂ ਤਜਿ ਕਰਿ ਤਬਹੀ॥ ੫੬ ॥ ਸੋਹੰ ਕਰਨ ਲਗਾ ਮਰਦਾਨਾ। ਸ੍ਰੀ ਗੁਰ ਸਮਤਾ ਚਹਿਤ ਅਧਾਨਾ। ਬੂਡਨ ਲਗਾ ਸਿੰਧ ਕੇ ਮਾਂਹੀ। ਬਹੁ ਡੁਬਕੀ[5] ਲੀਨੀ ਜਬ ਤਾਂਹੀ ॥ ੫੭ ॥ ਦੋਹਰਾ ॥ ਗ੍ਰੀਵ ਫੇਰਿ[6] ਸ੍ਰੀ ਗੁਰ ਪਿਖਾ ਭੀਗ ਗਏ ਜਿਹ ਚੀਰ[7]। ਬੂਡਤਿ ਤਿਹ ਕੋ ਜਾਨਿਕੇ ਬੋਲੇ ਗੁਨੀ ਗਹੀਰ ॥ ੫੮ ॥ ਸ੍ਰੀ ਮੁਖਵਾਕ:—

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥

ਚੌਪਈ ॥ ਸੁਨਿ ਸਮਝ੍ਯੋ ਪੁਨ ਮਨ ਮਰਦਾਨਾ। ਵਾਹਿਗੁਰੂ ਕੋ ਜਾਪ ਬਖਾਨਾ। ਅੱਗ੍ਰਜ ਹੀ ਸਮ[8] ਚਲਤਾ ਭਯੋ। ਸਿੰਧ ਬੂਡਨੇ ਤੇ ਰਹਿ ਗਯੋ ॥ ੫੯॥ ਇਸ ਪ੍ਰਕਾਰ ਗੇ ਸਾਗਰ* ਪਾਰਾ। ਪਹੁੰਚੇ ਟਾਪੂ ਕੇਰਿ ਮਝਾਰਾ। ਹਾਰੂੰ† ਨਗਰ

---

[1]ਭੇਟਾ। [2]ਚਰਨਾਂ ਦੀ ਪਾਹੁਲ। [3]ਸਮੁੰਦਰ। [4]ਜਲ। [5]ਗੋਤੇ। [6]ਗਰਦਨ ਫੇਰਕੇ। [7]ਬਸਤਰ। [8]ਔਰੀ ਵਾਂਙ। *ਪਾ:—ਸਭ ਜਲ।

†ਇਸ ਅਧ੍ਯਾਯ ਵਿੱਚ ਜੋ ਥਾਂ ਆਏ ਹਨ ਜਾਪਦਾ ਹੈ ਕਿ ਗਿਰਨਾਰ ਆਦਿ ਟਿਕਾਣੇ ਫਿਰਦੇ ਗੁਜਰਾਤ ਦੇ ਇਲਾਕੇ ਗੁਰੂ ਜੀ ਵਿਚਰਦੇ ਰਹੇ ਹਨ, ਬਾਮੀਆਂ ਤੇ ਸਰੇਵੜਿਆਂ ਨੂੰ ਸੁਧਾਰਦੇ ਰਹੇ ਹਨ, ਕਿਨਾਰੇ ਤੋਂ ਸਮੁੰਦਰ ਥੋੜਾ ਲੰਘਕੇ ਕਿਸੇ ਟਾਪੂ ਜਾਣ ਤੋਂ ਖਿਆਲ ਹੁੰਦਾ ਹੈ ਕਿ ਆਪ ਦੁਆਰਕਾ ਤੋਂ ਬੇਟ ਦੁਆਰਕਾ ਗਏ ਹਨ, ਇਸ ਥਾਂ ਸਿਖਤਲਾਈ ਦੇ ਕਿਨਾਰੇ ਗੁਰੂ ਜੀ ਦੀ ਸੰਗਤ ਹੁਣ ਤੱਕ ਹੈ। ਇਹ ਥਾਂ ਨੇੜੇ ਦਾ ਇਕ ਟਾਪੂ ਹੈ ਜੋ ੧੧ ਮੁਰੱਬਾ ਮੀਲ ਪਥਰੀ ਟਿਕਾਣਾ ਹੈ। ਨਾਵਾਂ ਦਾ ਠੀਕ ਥਹੁ ਇਸ ਕਰਕੇ ਨਹੀਂ ਚਲਦਾ ਕਿ ਹਿੰਦਾਲੀਆਂ ਨੇ ਪਤਾ ਨਹੀਂ ਕੀਹ ਕੀਹ

[illegible]

ਬਿਖੇ ਜਬ ਗਏ। ਇਕ ਤਰੁ[1] ਨੀਰੇ ਬੈਠਤਿ ਭਏ॥੬੦॥ਭੂਪ[2] ਪ੍ਰਜਾ ਤਿਹ ਦੇਸ਼ ਮਝਾਰੀ। ਸਭਿ ਸਰੋਵਰੇ ਕੀ ਅਨੁਸਾਰੀ। ਤਿਹ ਕੇ ਢਿਗ[3] ਤੇ ਲੇ ਉਪਦੇਸ਼ਾ। ਹੁਤੋ ਸ਼ਿਖ ਸਗਰੋਈ ਦੇਸ਼ਾ[4] ॥ ੬੧ ॥ ਜਬ ਬਰਖਾ ਕੀ ਹੋਵਹਿ ਚਾਹੀ।ਜਾਚਤਿ ਨਰ ਸਭਿ ਤਿਹ ਕੇ ਪਾਹੀ। ਜੰਤ੍ਰ ਮੰਤ੍ਰ ਕਰਿ ਸੋ ਬਰਖਾਵੈ। ਸਭਿ ਤੇ ਅਪਨੋ ਨਾਮ ਜਪਾਵੈ ॥ ੬੨ ॥ ਦੋਹਰਾ ॥ ਤਾਤ ਕਾਮਨਾ ਕਰਹਿ ਜੋ, ਸੁਤ ਦੇਵਹਿ ਤਿਹ ਧਾਮ। ਅਪਰ ਪਦਾਰਥ ਚਾਹਿ ਕੋ ਪੂਰਹਿ ਸਭਿ ਹੀ ਕਾਮ ॥ ੬੩ ॥ ਚੌਪਈ ॥ ਤਿਹ ਕੋ ਭਜਨ ਕਰੈਂ ਨਰ ਸਭਿਹੀ। ਸੱਤਿਨਾਮ ਸਿਮਰਹਿ ਨਹਿ ਕਬਹੀ। ਗਾਵਨ ਲਗਾ ਬੈਠਿ ਮਰਦਾਨ। ਉਪਮਾ ਸ੍ਰੀ ਕਰਤਾਰ ਮਹਾਨਾ ॥ ੬੪ ॥ ਤਿਹਂ ਛਿਨ ਨਰ ਸਮੀਪ ਬਹੁ ਆਏ। ਸੁਨਹਿਂ ਸ਼ਬਦ ਕੋ ਪ੍ਰੀਤਿ ਬਢਾਏ। ਪਾਛੇ ਤੇ ਸੋ ਪੂਛਨ ਲਾਗੇ। 'ਇਸ ਕੋ ਅਰਥ ਕਹਹੁ ਹਮ ਆਗੇ' ॥ ੬੫ ॥ ਸ੍ਰੀ ਗੁਰ ਕਹੈਂ 'ਭਜੋ ਹਰਿ ਨਾਮੂ। ਅੰਤ ਸਮਹਿ ਜੋ ਆਵਹਿ ਕਾਮੂ। ਬਿਖੈ ਬਿਕਾਰ ਅਲਪ[5] ਸੁਖ ਤ੍ਯਾਗਹੁ। ਭਾਉ ਭਗਤਿ ਸੋਂ ਉਰ ਅਨੁਰਾਗਹੁ' ॥ ੬੬ ॥ ਦੋਹਰਾ ॥ ਸੁਨਿਕੈ ਨਰ ਬੋਲਤਿ ਭਏ ਹਮਰੋ ਗੁਰ ਹੈ ਜੋਇ। ਨਾਮ ਜਪਾਵਤਿ ਆਪਨੋ ਕਹੈ ਨ ਕਰਤਾ ਕੋਇ ॥ ੬੭ ॥ ਚੌਪਈ ॥ ਜੈਸੇ ਬ੍ਰਿਖ ਬੀਜ ਤੇ ਜਾਮਹਿ। ਬੀਜ ਬ੍ਰਿਖ ਤੇ ਹ੍ਵੈ ਅਭਿਰਾਮਹਿ[6]। ਤਿਉਂ ਮਾਨੁਖ ਤੇ ਮਾਨੁਖ ਹੋਇ।ਅਪਰ ਨ ਕਰਤਾ ਲਖੀਏ ਕੋਇ*॥੬੮॥ ਇਸੋ ਹਮਹਿ ਉਪਦੇਸ਼ ਦ੍ਰਿੜਾਯੋ। ਨਾਨਾ ਜੁਗਤਿ ਸੰਗਿ[7] ਸਮਝਾਯੋ। ਅਸ ਸੁਭਾਖਨ[8] ਕਰਿ ਨਰ ਤਬਹੀ। ਆਪ ਆਪਨੇ ਘਰ ਗੇ ਸਭਿਹੀ ॥ ੬੯ ॥ ਦੋਹਰਾ ॥ ਬਰਖਾ ਤਬ ਤੇ ਹਟਿ ਗਈ ਜਬ ਕੇ ਬੈਠੇ ਜਾਇ। ਲਗੇ ਖੇਤ ਸੂਕਨ ਸਰਬ ਕੋ ਨਹਿ ਹੋਤਿ ਉਪਾਇ ॥੭੦॥ਚੌਪਈ ॥ ਖਿੰਚੀ ਕਲਾ ਤਾਂਹਿ ਕੀ ਸਗਰੀ। ਜੋ ਗੁਰ ਬਨ੍ਯੋ ਹੋਤਿ ਸਭਿ ਨਗਰੀ। ਜਬ ਬਰਖਾ ਕੀ ਭੀ

---

[1]ਬ੍ਰਿਛ। [2]ਰਾਜਾ (ਤੇ)। [3]ਪਾਸੋਂ। [4](ਸਰੋਵਰੇ ਦਾ) ਸਿੱਖ ਸੀ ਸਾਰਾ ਹੀ ਦੇਸ਼। [5]ਤੁੱਛ। [6]ਸੁੰਦਰ। [7]ਅਨੇਕ ਦਲੀਲਾਂ ਨਾਲ। [8]ਭਲੀ ਤਰ੍ਹਾਂ ਕਹਿਣਾ।

*ਜੈਨੀ ਕਰਤਾਰ ਦੇ ਕਾਇਲ ਨਹੀਂ ਹਨ।

[ਪਿਛਲੇ ਪੰਨੇ ਦੀ ਬਾਕੀ ਟੂਕ]
ਵਧਾਇਆ ਤੇ ਕੀਹ ਕੀਹ ਮਨੋਂ ਪਾਇਆ ਹੈ। ਇਹ ਬੀ ਪਤਾ ਨਹੀਂ ਕਿਸੇ ਗਿਰਾਂ ਦਾ ਹੀ ਨਾਮ ਹੋਵੇ। ਹਾਰੂੰ ਪਹਾੜ ਰੂਮ ਵਿੱਚ ਹੈ, ਪਰ ਉਥੇ ਸਰੋਵਰੇ ਨਹੀਂ ਹੁੰਦੇ, ਸਰੇਵੜੇ ਹਿੰਦ ਵਿੱਚ ਹਨ ਤੇ ਇਸ ਪੱਛੋਂ ਦੇ ਪਾਸੇ ਉਨ੍ਹਾਂ ਦੀ ਵਿਸ਼ੇਸ਼ ਵਸੋਂ ਹੈਸੀ ਤੇ ਹੈ।

Sri Satguru Jagjit Singh Ji eLibrary NamdhariElibrary@gmail.com

ਬਹੁ ਚਾਹੀ। ਨਰ ਮਿਲਿ ਗੇ ਸਰੋਵਰੋ ਪਾਹੀ[1] ॥੭੧॥ ਅਪਨ ਮੰਤ੍ਰ ਬਿਧਿ[2] ਸੰਗਿ ਉਚਾਰਯੋ। ਮੇਹੁੰ ਨ ਪਰ੍ਯੋ, ਜਤਨ ਕਰਿ ਹਾਰਯੋ। ਭਏ ਨਿਰਾਸ ਲੋਕ ਘਰਿ ਆਏ। ਉਰ ਚਿੰਤਾਤੁਰ ਦੁਖ ਕੋ ਪਾਏ ॥੭੨॥ ਕਿਤਿਕ ਜਿ ਬੈਠੇ ਗੁਰ ਢਿਗ ਆਈ। ਤਿਨ ਸੋਂ ਬੂਝਤਿ ਗਿਰਾ ਅਲਾਈ[3]। 'ਕਿਉਂ ਚਿੰਤਾਤੁਰ ਤੁਮ ਹੋ ਬੈਸੇ ?। ਕਹਹੁ ਕੁਕਾਜ ਭਯੋ ਹੈ ਕੈਸੇ' ॥ ੭੩ ॥ ਸੁਨਿ ਬੋਲੇ ਜੋ ਮਨੁਜ ਦੁਖਾਰੇ। 'ਜਲ ਬਿਨ ਸੂਕੇ ਸਰਬ ਕਿਦਾਰੇ[4]। ਮੇਂਹੁ ਦੇਤਿ ਥੋ ਗੁਰੂ ਹਮਾਰਾ। ਅਬ ਕਹਿ ਰਹਯੋ ਨ ਬਰਖਯੋ ਬਾਰਾ[5] ॥ ੭੪ ॥ ਇਸ ਪ੍ਰਕਾਰ ਤੇ ਚਿੰਤਾ ਹੋਈ। ਕ੍ਰਿਖਿ ਕੋ ਹੋਇ ਉਪਾਇ ਨ ਕੋਈ'। ਸ੍ਰੀ ਗੁਰ ਕਹਿ 'ਸਿਮਰਹੁ ਸਤਿਨਾਮੂ। ਦੁਹੂੰ ਲੋਕ ਮਹਿ ਆਵੈ ਕਾਮੂ ॥੭੫॥ ਤਜਿ ਸਰੋਵਰੋ ਕੀ ਅਬ ਸੇਵਾ। ਜਾਚਹੁ ਏਕੰਕਾਰ ਅਭੇਵਾ[6]। ਰਹਹੁ ਰਿਦੇ ਜੋ ਪਾਵਹੁ ਸੋਊ। ਬਹੁਰ ਨ ਚਿੰਤਾ ਬਯਾਪਹਿ ਕੋਊ ॥੭੬॥ ਧਰਹੁ ਅਡੋਲੈ ਸ਼ਰਧਾ ਜੀ ਕੀ। ਕਰਹੁ ਤਿਹਾਵਲ ਅਬ ਬਿਧਿ ਨੀਕੀ। ਜਬ ਅਰਦਾਸ ਕਰੋਗੇ ਤਾਂਕੀ। ਬਰਖੈ ਬਰਖਾ ਮਿਤਿ ਨਹਿ ਜਾਂਕੀ[7]'' ॥ ੭੭॥ ਇਹ ਬਿਧਿ ਸੁਨਿ ਕੈ ਗੁਰੂ ਸਮੀਪਾ। ਨਰ ਚਲਿ ਗਏ ਨਿਕਟਿ ਅਵਨੀਪਾ। ਸਰਬ ਬ੍ਰਿਤਾਂਤ ਤਬਹਿ ਕਹਿ ਦੀਨਾ। ਹਿਤ ਸੋਂ ਮਿਲੇ ਤਿਹਾਵਲ ਕੀਨਾ ॥ ੭੮ ॥ ਕਿਯ ਅਰਦਾਸ ਜਬੈ ਕਰ ਜੋਰੀ। ਤਬਹੀ ਉਠੀ ਘਟਾ ਘਨਘੋਰੀ[8]। ਬਾਰ ਧਰਾ ਪਰ ਪਰਯੋ ਬਿਸਾਲਾ। ਹਰਖ ਭਯੋ ਸਭਿ ਕੋ ਤਿਹ ਕਾਲਾ ॥੭੯॥ ਭੂਪ ਪ੍ਰਜਾ ਧੁਤ ਗੁਰੂ ਅਗਾਰੀ। ਆਇ ਨਮੋ ਕਿਯ ਬਿਨੈ ਉਚਾਰੀ। 'ਤੁਮ ਅਨੰਦ ਕੇ ਕੰਦ ਮੁਕੰਦਾ। ਸਭਿ ਜਗ ਬੰਦ[9], ਦੁਤਿਯ ਜਗ ਚੰਦਾ[10] ॥੮੦॥ ਨਿਜ ਉਪਦੇਸ਼ ਦੀਜੀਏ ਅਬਹੀ। ਕਰਹੁ ਸਿੱਖ ਸੇਵਹਿ ਹਮ ਸਭਿਹੀ। ਕਲਾ[11] ਬਿਸਾਲ ਬਿਲੋਕਿ ਤੁਮਾਰੀ। ਸ਼ਰਨ ਗਹੀ ਅਬ ਕਰਹੁ ਸੰਭਾਰੀ' ॥੮੧॥ ਦੋਹਰਾ॥ ਪਗ ਕੀ ਪਾਹੁਲ ਦੀਨਿ ਗੁਰ ਕੀਨੇ ਸਰਬ ਨਿਹਾਲ। ਸੱਤਿਨਾਮ ਉਪਦੇਸ਼ ਕਰਿ ਕਾਟੇ ਬੰਧ[12] ਬਿਸਾਲ ॥ ੮੨ ॥ ਚੌਪਈ ॥ ਪੁਨ ਸਰੋਵਰਾ ਲੱਜਾ ਧਰਿ ਕੈ। ਆਯੋ ਚਰਚਾ ਹੇਤੁ ਬਿਚਰਿਕੈ। ਬੈਠਿ ਸਮੀਪ ਕਹੀ ਨਿਜ ਗਾਥਾ। ਤਬ

---

[1]ਪਾਸ। [2]ਜੁਗਤ ਨਾਲ। [3](ਗੁਰੂ ਜੀ ਨੇ) ਬਾਣੀ ਕਹੀ। [4]ਖੇਤ। [5]ਜਲ। [6]ਭੇਦ ਰਹਿਤ। [7]ਜਿਸ ਦਾ ਅੰਦਾਜ਼ਾ ਨਾ ਹੋ ਸਕੇ। [8]ਗਰਜ ਕੇ। [9]ਜਗਤ ਦੇ ਬੰਦਨ ਯੋਗ ਹੋ। [10]ਜਗਤ ਵਿੱਚ ਦੂਜ ਦੇ ਚੰਦ ਹੋ। [11]ਕਰਾਮਾਤ। [12]ਬੰਧਨ।

ਸ਼ਲੋਕ ਉਚਰਯੋ ਜਗਨਾਥਾ ॥ ੯੩ ॥ ਸ੍ਰੀ ਮੁਖਵਾਕ:-

ਸਲੋਕੁ ਮਃ ੧ ॥

ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥ ੧ ॥

[ਮਾਝ ਮਾਰ

ਚੌਪਈ ॥ ਸੁਨਿ ਸ਼ਲੋਕ ਕਉ ਅਧਿਕ ਲਜਾਵਾ । ਪੁਨ ਅਪਨੀ ਚਹਿ ਕਲਾ ਦਿਖਾਵਾ॥ਜੰਤ੍ਰ ਮੰਤ੍ਰ ਕੋ ਜੋਰ ਲਗਾਵਾ॥ਤਿਨ ਤੇ ਗੁਰ ਪਰ ਕਛੁ ਨ ਬਸਾਵਾ[1] ॥੯੪॥ਜਾਨੇ ਜਬ ਬਿਸਾਲ[2] ਬਿਧਿ ਨੀਕੀ। ਸ਼ਰਧਾ ਧਰਤਿ ਭਯੋ ਤਬ ਜੀ ਕੀ। ਨਮੋ ਕਰੀ ਪਗ ਪਾਹੁਲ ਲੀਨੇ*। ਪੂਰਬ ਰੀਤਿ ਤਯਾਗ ਸਭਿ ਦੀਨੇ* ॥੯੫॥ ਸਤਿਗੁਰ ਕੇ ਸਿਮਰਨ ਅਨੁਰਾਗਾ॥ਹੋਇ ਸਰਲ ਸੇਵਾ ਮਹਿ ਲਾਗਾ॥ ਧਰਮਸਾਲ ਗੁਰ ਤਹਿੰ ਬਨਵਾਈ। ਅਸਥਾਪਤ ਕੀਨੋ ਤਿਹ ਥਾਈਂ॥੯੬॥ ਸਰਬ ਨਗਰ ਕੋ ਨਾਮ ਜਪਾਯੋ॥ਦੇਵ ਚਲਤਿ ਸੁਧਮਗ[3] ਪਾਯੋ।ਜਬ ਚਲਿਨੇ ਕੀ ਇੱਛਾ ਧਾਰੀ। ਤਬ ਨ੍ਰਿਪ ਆਯੋ ਗੁਰੂ ਅਗਾਰੀ ॥੯੭॥ਰਹਹੁ ਸਦੀਵ

[1]ਕੁਛ ਬੀ ਵੱਸ ਨਾ ਚੱਲਿਆ। [2]ਵੱਡੇ। [3]ਸਿੱਧੇ ਰਾਹ।

*ਪਾ:-'ਲੀਨੀ' ਤੇ 'ਦੀਨੀ' ਹੈ।

Sri Satguru Jagjit Singh Ji eLibrary NamdhariElibrary@gmail.com

ਹਮਾਰੇ ਦੇਸ਼ਾ। ਦਾਸ ਲਖਹੁ, ਸੇਵਹਿਂ ਜਗਤੇਸ਼ਾ। ਜਿਉਂ ਤੁਮ ਕਹੋ ਕਰਹਿ ਸੋ ਰੀਤੀ। ਰਾਵਰ ਕੇ ਬਿਛੁਰੇ ਬਿਪਰੀਤੀ' ॥ ੮੮ ॥ ਸ੍ਰੀ ਗੁਰ ਸੁਨਿ ਕਿਯ ਬਚਨ ਉਚਾਰਨ। 'ਪਢਹੁ ਸੁਨਹੁ ਬਾਨੀ ਦੁਖਟਾਰਨ[1]। ਜਬ ਕਛੁ ਚਾਹਿ ਹੋਇ ਨਿਜ ਉਰ ਕੋ। ਕਰਹੁ ਤਿਹਾਵਲ ਤਬ ਸਤਿਗੁਰ ਕੋ ॥੮੯॥ ਰਾਖਿ ਟਕਾ ਕੀਜਹਿ ਅਰਦਾਸਾ। ਸ੍ਰੀ ਕਰਤਾਰ ਪੁਰਿ ਹੈ ਆਸਾ। ਮਮ ਸਰੂਪ ਕੋ ਧਰਹੁ ਧਿਆਨਾ। ਕਰਨੇ ਕਾਜ ਅਪਰ ਹਮ ਬਾਨਾ'॥ ੯੦॥ ਦੋਹਰਾ ॥ ਪੁਨ ਨਰੇਸ਼ ਬੋਲਤਿ ਭਯੋ 'ਲੇਹੁ ਉਪਾਇਨ ਮੋਰ'। ਅਮਿਤ[2] ਜਵਾਹਰ ਧਰੇ ਢਿਗ ਮਨ ਮੈਂ ਚਰਨ ਨਿਹੋਰਿ[3]॥੯੧॥ ਚੌਪਈ ॥ ਧਰੇ ਬਿਸਾਲ ਆਨਿ ਕਰਿ ਮੋਤੀ। ਜਿਨ ਕੀ ਬਡ ਦੁਤਿ ਦਿਪਤਿ ਉਦੋਤੀ[4]। ਬੋਲੇ ਤਿਨਹਿ ਬਿਲੋਕਿ ਗੁਸਾਈਂ। 'ਇਹ ਮੋਤੀ ਹੈਂ, ਕੂਰ ਲਖਾਈ[5]' ॥ ੯੨ ॥ ਮੋਤੀ ਸਾਚ ਨਾਮ ਹਰਿ ਜੋਇ। ਜਿਨ ਮਨ ਮਹਿਂ ਇਹ ਲੀਨ ਪਰੋਇ। ਤਿਨਕੀ ਸ਼ੋਭਾ ਦੋਨੋਂ ਲੋਕਾ। ਬਿਨਸੈਂ ਕਬਹੁੰ ਨ ਰਹਹਿਂ ਅਸ਼ੋਕਾ[6]॥੯੩॥ 'ਕੁਛਕ ਲੀਜੀਐ' ਕਹਿ ਮਰਦਾਨਾ। 'ਸੁੰਦਰ ਦਿਪਤਿ ਸੁ ਦੁਤਿ ਜਿਨ ਨਾਨਾ[7]'। ਗੁਰੂ ਕਹੈਂ, 'ਜੋ ਦੇਖਤਿ ਏਹੁ। ਦੁਖ ਰੂਪੀ ਹੈ ਇਨਕੋ ਨੇਹੁ[8]॥੯੪॥ ਦੋਹਰਾ॥ ਪਰਮੇਸੁਰ ਕੋ ਨਾਮ ਜੋ ਲਖਿਯੇ ਸੋ ਸੁਖਦਾਇ। ਮਰਦਾਨੇ ਤੁਝ ਪਾਸ ਹੈ ਜਪਹੁ ਸਦਾ ਲਿਵਲਾਇ ॥੯੫॥ ਚੌਪਈ॥ ਇਨ ਸੋਂ ਪ੍ਰੀਤਿ ਨ ਕੀਜੈ ਕਬ ਹੀ'। ਇਸ ਪ੍ਰਕਾਰ ਕਹਿ ਕਰਿ ਗੁਰ ਤਬਹੀ। ਬਿਦਾ ਹੋਇ ਕੀਨੋ ਪ੍ਰਸਥਾਨਾ। ਭਗਤਿ ਭਾਉ ਜਿਨ ਜਗ ਪ੍ਰਗਟਾਨਾ ॥ ੯੬ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਗ੍ਰਾਮਨ, ਹਾਰੂ ਦੇਸ਼' ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅਧ੍ਯਾਯ ॥ ੧੨ ॥

੧੩. [ਸੰਤ ਮੰਗਲ। ਤਿਖਾਣ ਦੀ ਛੱਪਰੀ ਤੋੜਨੀ, ਭੂਟੰਤ ਦੇਸ਼, ਅੰਨ ਅਗਨਿ ਰਹਿਤ ਦੇਸ਼ ਪ੍ਰਸੰਗ]

ਦੋਹਰਾ ॥ ਪਰ ਦੁਖ ਪਿਖਿ ਕਰਿ ਹੂੰ ਦੁਖੀ ਪਰ ਸੁਖ ਪਿਖਿ ਹਰਖਾਇਂ।
ਮੁਕਤਿ ਪੰਥ ਨਿਸਦਿਨ ਪਰੇ ਤਿਨ ਸੰਤਨ ਪਰਿ ਪਾਇਂ॥ ੧ ॥

ਅਰਥ–(ਜੋ ਆਪ) ਦਿਨ ਰਾਤ ਮੁਕਤੀ ਦੇ ਰਸਤੇ ਉੱਤੇ ਟੁਰ ਰਹੇ ਹਨ, (ਅਤੇ) ਪਰਾਇਆ ਦੁਖ ਵੇਖਕੇ ਦੁਖੀ ਤੇ ਪਰਾਇਆ ਸੁਖ ਵੇਖਕੇ ਪ੍ਰਸੰਨ ਹੁੰਦੇ ਹਨ, ਉਹਨਾਂ ਸੰਤਾਂ ਦੇ (ਮੈਂ) ਪੈਰੀਂ ਪੈਂਦਾ ਹਾਂ।

ਭਾਵ–ਜੋ ਮੁਕਤੀ ਮਾਰਗ ਦੇ ਪਾਂਧਾਊ ਹਨ, ਉਹ ਹਰਖ ਸੋਗ ਤੋਂ ਅਤੀਤ

---

[1]ਦੁਖਾਂ ਨੂੰ ਨਾਸ਼ ਕਰਨ ਵਾਲੀ। [2]ਬਹੁਤੇ। [3]ਮਨਾਕੇ, ਪੂਜ ਕੇ। [4]ਚਮਕ ਪ੍ਰਕਾਸ਼ਦੀ ਹੈ ਪ੍ਰਗਟ ਹੀ। [5]ਜਾਣੋ। [6]ਸ਼ੋਕ ਰਹਿਤ। [7]ਕਈ ਤਰ੍ਹਾਂ ਦੀ। [8]ਪਿਆਰ, ਮੋਹ।

ਰਹਿਣ ਦਾ ਜਤਨ ਕਰਦੇ ਹਨ; ਕਵਿ ਜੀ ਦਾ ਆਸ਼ਯ ਏਥੇ ਇਹ ਹੈ ਕਿ ਓਹ ਐਸੇ ਸ਼ੁਭ ਸੁਭਾਵ ਵਾਲੇ ਹਨ ਕਿ ਪਰਾਏ ਦੁਖ ਤੇ ਸੁਖੀ ਨਹੀਂ ਹੁੰਦੇ, ਪਰਾਏ ਸੁਖ ਤੇ ਦੁਖ ਨਹੀਂ ਮੰਨਦੇ, ਅਰਥਾਤ ਉਹਨਾਂ ਨੇ ਸੁਭਾਵ ਦਾ ਸਾੜ੍ਹਾ ਤੇ ਈਰਖਾ ਜਿੱਤ ਲਈ ਹੈ। ਦੂਸਰਾ ਭਾਵ ਇਹ ਹੈ ਕਿ ਉਹ ਮੁਕਤਿ ਮਾਰਗ ਦੇ ਤੁਰਨ ਵਾਲੇ ਪੱਥਰ ਸਮਾਨ ਜੜ੍ਹ ਨਹੀਂ ਹੋ ਗਏ, ਓਹ ਜੀਉਂਦਾ ਜਾਗਦਾ ਦਿਲ ਰੱਖਣ ਵਾਲੇ ਹਨ, ਹਮਦਰਦੀ ਉਨ੍ਹਾਂ ਦੇ ਅੰਦਰ ਹੈ। ਦੁਖੀ ਦੇ ਦੁਖ ਦੂਰ ਕਰਨ ਤੇ ਸੁਖੀ ਨੂੰ ਵੇਖਕੇ ਖੁਸ਼ ਹੋਣ ਦਾ ਦਿਆਲੂ ਸੁਭਾਵ ਉਨ੍ਹਾਂ ਦੇ ਅੰਦਰ ਉਮਾਹੂ ਹੁੰਦਾ ਹੈ। ਯੋਗ ਗ੍ਰੰਥਾਂ ਵਿਚ ਇਨ੍ਹਾਂ ਦੋਹਾਂ ਗੁਣਾਂ ਦਾ ਨਾਮ 'ਕਰੁਨਾ' ਤੇ 'ਮੁਦਤਾ' ਦਿਤਾ ਹੈ*।

ਅਗਲੇ ਮੰਗਲ ਵਿਚ ਉਹਨਾਂ ਨੂੰ ਹਰਖ ਸ਼ੋਕ ਤੋਂ ਅਤੀਤ ਦੱਸਣਗੇ ਇਸੇ ਕਰਕੇ ਪਹਿਲੇ ਉਨ੍ਹਾਂ ਦੀ ਮ੍ਰਿਦੁਲਤਾ ਦਾ ਵਰਣਨ ਕਰ ਲਿਆ ਨੇ।

ਸ਼੍ਰੀ ਬਾਲਾ ਸੰਧੁਰੂ ਵਾਚ ॥ ਚੌਪਈ ॥ ਸੁਨੀਏ ਸ਼੍ਰੀ ਅੰਗਦ ਗਤਿਦਾਨੀ !। ਆਗੇ ਗਮਨ ਕੀਨ ਗੁਨਖਾਨੀ॥ ਚਲਤਨੇ ਪੰਥ[1] ਗ੍ਰਾਮ ਇਕ ਆਵਾ। ਬਸੈ ਤਿਖਾਨ ਭਗਤਿ ਮਨ ਭਾਵਾ॥ ੨ ॥ ਸੰਤਨ ਕੀ ਸੇਵਾ ਨਿਤ ਕਰਿਹੀ। ਅਧਿਕ ਭਾਉ ਹਿਰਦੇ ਮਹਿਂ ਧਰਿਹੀ। ਕਰਨ ਕ੍ਰਿਤਾਰਥ ਜਨ[2] ਕੇ ਹੇਤਾ। ਸ਼੍ਰੀ ਗੁਰ ਤਿਹ ਕੇ ਗਏ ਨਿਕੇਤਾ॥ ੩॥ ਉਠਿ ਤਿਖਾਨ ਸਾਦਰ ਬੈਸਾਏ। ਨਿਸਾ ਬਿਖੈ ਸੇਵੇ ਮਨ ਲਾਏ। ਭਈ ਭੋਰ ਗੁਰ ਕੀਨਿ ਤਿਆਰੀ। ਛਪਰੀ ਤੋਰ ਤਾਂਹਿ ਕੀ ਡਾਰੀ॥ ੪॥ ਜੋ ਮਚ[3]ਦੀਨੋ ਸੋਵਨ ਹੇਤੂ। ਸੋ ਤੋਰੇ ਬੇਦੀ-ਕੁਲਕੇਤੂ॥ਮ੍ਰਿਤਕਾ ਕੇ ਬਾਸਨ[4] ਥੇ ਜੇਊ।ਫੋਰੇ ਤਿਹ ਛਿਨ ਮਹਿਂ ਸਭਿ ਤੇਊ॥੫॥ ਇਸ ਪ੍ਰਕਾਰ ਕਰਿ ਸਦਨ ਉਜਾਰਾ।ਗਮਨ ਹੇਤੁ ਸ਼੍ਰੀ ਗੁਰ ਭੇ ਤ੍ਯਾਰਾ। ਸੋ ਤਿਖਾਨ ਮਨ ਇਸਥਿਰ ਕਰਿਕੈ। ਗਮਨਨੋ ਸ੍ਰੀ ਬਿਦਾ ਬਿਚਰਿਕੈ[5]॥੬॥ ਨਿਕਸ ਵਹਿਰ ਬੋਲਯੋ ਮਰਦਾਨਾ। 'ਮੁਝਹਿ ਬਤਾਵਹੁ ਕ੍ਰਿਪਾ ਨਿਧਾਨਾ !। ਰੈਨ ਰਹਿਨ ਕੇ ਹਿਤ ਇਸ ਗ੍ਰਾਮੂ। ਨਹਿਂ ਕਿਨਹੂ ਦੀਨੋ ਬਿਸਰਾਮੂ ॥ ੭॥ ਦੋਹਰਾ ॥ ਇਹ ਜੋ ਦੀਨ ਤਿਖਾਨ ਹੈ ਦੀਨੋ ਹਮ ਕੋ ਥਾਇ। ਰੈਨ ਬਿਖੈ ਸੇਵਾ ਕਰੀ ਪ੍ਰੀਤ ਰਿਦੈ ਅਧਿਕਾਇ ॥੮॥ ਚੌਪਈ॥ ਬਹੁਰੋ ਆਯੋ ਕਰਨ ਬਿਦਾਈ। ਸਭਿ ਬਿਧਿ ਕੀਨੀ ਇਨ ਭਲਿਆਈ। ਤੁਮ ਨੈ ਛਪਰੀ ਇਸਕੀ ਤੋਰੀ। ਘਰ ਕੀ ਔਰ ਸਮਿਗਰੀ ਫੋਰੀ ॥੯॥ ਕਿਉਂ ਤੁਮਰੇ ਮਨ ਮੈਂ ਰਿਸ ਆਈ। ਇਸਕੇ ਸਿਰ ਪਰ ਅਸ ਗੁਜ਼ਰਾਈ'। ਗੁਰੂ ਕਹੈਂ 'ਇਨ ਸੇਵ ਜੁ ਕੀਨੈ।

---

[1]ਰਾਹ ਵਿਚ। [2]ਦਾਸ। [3]ਪਲੰਘ। [4]ਮਿੱਟੀ ਦੇ ਬਰਤਨ । [5]ਗੁਰੂ ਜੀ ਦੀ ਵਿਦਾਇਗੀ ਵਿਚਾਰ ਕੇ।

*ਓਥੇ ਮੈਤ੍ਰੀ, ਕਰੁਣਾ, ਮੁਦਤਾ, ਉਪੇਖਯਾ ਆਦਿ ਦਾ ਫਲ ਚਿੱਤ ਦੀ ਪ੍ਰਸੰਨਤਾ ਲਿਖਿਆ ਹੈ।

ਭਈ ਪ੍ਰਵਾਨ ਲੇਹੁ ਮਨ ਚੀਨੰ' ॥ ੧੦ ॥ ਅਸ ਕਹਿ ਮੋਰਯੋ ਸਦਨ[1] ਤਿਖਾਨਾ। ਕਿਯ ਆਗੇ ਕੋ ਆਪ ਪਯਾਨਾ। ਦੇਖੇ ਸਦਨ ਜਾਇ ਤਿਨ[2] ਜਬ ਹੀ। ਮੰਦਰ ਸੁੰਦਰ ਬਨੇ ਸੁ ਤਬਹੀ ॥ ੧੧ ॥ ਜਿਨ ਮਹਿਂ ਬਾਸਨ[3] ਧਨ ਕੇ ਪੂਰੇ। ਧਰੇ ਬਸਤ੍ਰ ਨਾਨਾ ਬਿਧਿ ਰੂਰੇ[4]। ਦੇਖਿ ਪਦਾਰਥ ਮਨ ਬਿਸਮਾਨਯੋ। -ਏਕੰਕਾਰ ਹੁਤੇ-ਪਹਿਚਾਨਯੋ[5] ॥ ੧੨ ॥ ਸੋਰਠਾ ॥ ਚਾਰ ਪਦਾਰਥ ਪਾਇ ਭਯੋ ਨਿਹਾਲ ਤਿਖਾਨ ਸੋ। ਰਹਯੋ ਰਿਦੇ ਪਛੁਤਾਇ-ਸਕਯੋ ਨ ਭੇਦ ਪਛਾਨ ਮੈ*-॥ ੧੩ ॥ ਚੌਪਈ ॥ ਆਗੇ ਕੀਨ ਗੁਰੂ ਪੁਨ ਗਵਨੰ। ਜਿਹ ਕੋ ਸਿਮਰਹਿਂ ਚੌਦਹਿਂ ਭਵਨੰ। ਦੇਸ਼ ਭੁਟੰਤ† ਹੁਤੋ ਜਿਹ ਥਾਈਂ। ਤਹਾਂ ਜਾਇ ਪਹੁੰਚੇ ਜਗ ਸਾਈਂ॥੧੪॥ਨਗਰ ਨ੍ਰਿਪਤ[6] ਕੇ ਗਏ ਸਮੀਪਾ। ਬਿਟਪ ਦੇਖਿ ਬੇਦੀ ਕੁਲਦੀਪਾ।ਬੈਠੇ ਤਿਹ ਛਾਯਾ ਰਮਣੀਕਾ। ਜਿਨਕੇ ਦਰਸ ਕਟੇ ਦੁਖ ਜੀ ਕਾ ॥ ੧੫ ॥ ਤਿਹਕੇ ਨ੍ਰਿਪਤ ਹੁਤੋ ਬਡ ਕਾਮੀ। ਸਦਾ ਰਹਤਿ ਪਰ-ਇਸਤ੍ਰਿਨਿ ਗਾਮੀ। ਤਿਹ ਪੁਰਿ ਬਯਾਹ ਕਰਾਵੈ ਜੋਊ। ਘਰ ਨਹਿਂ ਆਨਹਿ ਤਰੁਨੀ[7] ਸੋਊ ॥ ੧੬ ॥ ਪੂਰਬ ਭੂਪਤ ਪਾਸ ਪਠਾਵਤਿ। ਮਿਲਿ ਕੇ ਤਿਹ ਸੋਂ ਕੇਲ ਕਮਾਵਤਿ। ਬਹੁਰ ਸੁ ਅਪਨੇ ਘਰ ਮਹਿਂ ਲਯਾਵਹਿ। ਕਰੇ ਸੁ ਇਉਂ, ਨ੍ਰਿਪ ਤੇ ਡਰਪਾਵਹਿ[8] ॥੧੭॥ ਤਿਹ ਕੋ ਸੁਮਤਿ ਦੇਨਿ ਕੇ ਹੇਤ॥ਬੈਠਿ ਗਏ ਬੇਦੀ ਕੁਲ ਕੇਤ। ਵਹਿਰ ਨਗਰ ਤੇ ਨਰ ਜੋ ਆਏ। ਮਿਲੇ ਚਰਨ ਪਰ ਸੀਸ ਝੁਕਾਏ॥੧੮॥ਸਤਿਗੁਰ ਦਿਯ ਉੱਤਮ ਉਪਦੇਸ਼ਾ।'ਜਪਹੁ ਨਾਮ ਨਿਤ ਸ੍ਰੀ ਜਗਤੇਸ਼ਾ'। ਸੁਨਿ ਕਰਿ ਮ੍ਰਿਦੁਲ ਬਚਨ ਨਰ ਸਭਿਹੀ। ਬਸਤ੍ਰ ਅਹਾਰ

---

[1]ਘਰ ਨੂੰ। [2]ਤਿਸ (ਤਿਖਾਣ) ਨੇ। [3]ਭਾਂਡੇ। [4]ਸੁੰਦਰ। [5]ਜਾਣਿਆ (ਗੁਰੂ ਜੀ ਨੂੰ)। [6]ਰਾਜੇ ਦੇ ਨਗਰ। [7]ਇਸਤ੍ਰੀ। [8]ਰਾਜੇ ਤੋਂ ਡਰਦਾ।

*ਪਾਠਾਂਤ੍ਰ:-ਭੇਦ ਨ ਸਕਯੋ ਜਾਨ ਮੈ।

†ਇਹ ਸਾਖੀ ਪੁਰਾਤਨ ਜਨਮ ਸਾਖੀ ਵਿਚ ਬੀ ਹੈ, ਪਰ ਸੰਗਲਾਦੀਪ ਦੀ ਸਾਖੀ ਦੇ ਅਖੀਰ ਤੇ ਹੈ। ਫੇਰ ਤ੍ਰਿਤੀਆ ਉਦਾਸੀ ਚਲਦੀ ਹੈ, ਉਹ ਉਤਰਾ ਖੰਡ ਦੀ ਹੈ, ਜੋ ਕਸ਼ਮੀਰ ਤੋਂ ਅਰੰਭ ਹੁੰਦੀ ਹੈ ਏਥੇ ਬੀ ਅੱਗੇ ਸਾਖੀ ਭੁਟੰਤ ਦੇਸ਼ ਦੀ ਹੈ, ਭੁਟੰਤ ਗਾਲਬਨ ਭੂਟਾਨ ਤੋਂ ਮੁਰਾਦ ਹੈ। ਅੰਕ ੪੮ ਵਿਚ ਰਾਜਾ ਕਹਿੰਦਾ ਹੈ ਮੇਰੇ ਦੇਸ਼ ਪਸ਼ਮ ਤੇ ਚਾਵਲਾਂ ਬਿਨਾਂ ਕੁਝ ਨਹੀਂ ਹੁੰਦਾ, ਇਹ ਬੀ ਦੱਸਦਾ ਹੈ ਕਿ ਦੇਸ਼ ਪਹਾੜੀ ਹੈ ਜਿਥੇ ਪਸ਼ਮ ਦੇਣ ਵਾਲੇ ਬੱਕਰੇ ਹੁੰਦੇ ਹਨ, ਇਹ ਲੱਛਣ ਬੀ ਭੂਟਾਨ ਵਲ ਲਿਜਾਂਦਾ ਹੈ। ਇਸ ਦੇਸ਼ ਤੋਂ ਅੱਗੇ ਦੱਸਦੇ ਹਨ ਕਿ ਨਿਰਾ ਮਾਸ ਖਾਣ ਦਾ ਦੇਸ਼ ਸੀ। ਓਥੇ ਰੁੱਖੇ ਸਨ, ਇਹ ਬੀ ਹੋਰ ਉਚੇ ਪਰਬਤਾਂ ਦਾ ਹੀ ਲਖਾਇਕ ਹੈ।

Sri Satguru Jagjit Singh Ji eLibrary NamdhariElibrary@gmail.com

ਲਿਆਵਹਿ ਤਬਹੀ॥੧੯॥ਸਤਿਗੁਰ ਕਿਹਤੇ ਲੇਹਿਂ ਨ ਰਾਈ।ਸਰਬ ਵਸਤੁ ਮੋਰਹਿਂ ਬਰਿਆਈ[1]।ਕੇਤਿਕ ਦਿਵਸ ਬਿਤੀਤੇ ਤੈਸੇ। ਕੀਰਤਿ ਪਸਰੀ ਪੁਰਿ ਮਹਿ ਐਸੇ:-॥੨੦॥'ਮਹਾਂ ਪੁਰਖ ਪੂਰਨ ਹੈ ਸੰਤਾ।ਅਪਰ ਨ ਜਾਨਹਿ ਬਿਨ ਭਗਵੰਤਾ। ਕਾਮ ਨ ਕ੍ਰੋਧ ਨ ਲੋਭ ਨ ਰਾਈ।ਵੇਪਰਵਾਹੁ ਗਿਰਾ ਸੁਖਦਾਈ' ॥ ੨੧ ॥ ਭੂਪਤਿ ਨਿਕਟਿ ਜਾਇ ਜਸ ਵਰਨਾ[2]। 'ਵਹਿਰ[3]' ਸੰਤ ਇਕ ਸ਼ੁਭ ਆਚਰਨਾ। ਦਰਸ਼ਨ ਕਰਹੁ ਆਪ ਚਲਿ ਤਾਂਹੀ। ਸੁਨਤਿ ਬਚਨ ਕਲਮਲ ਮਿਟਿ ਜਾਂਹੀ' ॥ ੨੨ ॥ਨਰਨ ਪ੍ਰਬੋਧਨੋ[4] ਨਰਪਤਿ[5] ਆਯੋ। ਬਸਤ੍ਰ ਅਹਾਰ ਉਪਾਇਨ[6] ਲ੍ਯਾਯੋ।ਆਨਿ ਚਰਨ ਪਰ ਬੰਦਨ ਕਰਿਕੈ। ਕਰੀ ਬਿਨੈ ਬਚ ਦੀਨ ਉਚਰਿਕੈ॥੨੩॥ 'ਕਰਹੁ ਉਪਾਇਨ ਅੰਗੀਕਾਰਾ। ਰੁਚਿ ਸੋਂ ਖਾਵਹੁ ਰੁਚਿਰ ਅਹਾਰਾ। ਸੁੰਦਰ ਪਹਿਰਹੁ ਚੀਰ[7] ਸਰੀਰਾ। ਸੰਤ ਰੂਪ ਤੁਮ ਗੁਨੀ ਗਹੀਰਾ' ॥ ੨੪ ॥ ਦੋਹਰਾ ॥ ਗੁਰ ਕਹਿ 'ਹਮਰੇ ਕਾਜ ਨਹਿਂ, ਦੇਹੁ ਗਰੀਬਨ ਜਾਇ।ਤ੍ਰਿਪਤਿ ਸਰਬ ਵਸਤੂਨ ਸੋਂ ਹਮਕੋ ਚਾਹਿ ਨ ਕਾਇ'॥੨੫॥ਚੌਪਈ॥ ਸ਼ਰਧਾ ਉਰ ਧਰਿ ਜੋਰੇ ਹਾਥਾ। ਬੋਲ੍ਯੋ ਬਚਨ ਬਹੁਰ ਨਰਨਾਥਾ। 'ਸੰਤ ਤੁਮੈਂ ਪਰਵਾਹਿ ਨ ਕੋਈ। ਮੇਰੋ ਇਸ ਬਿਧਿ ਭਲਾ ਨ ਹੋਈ ॥ ੨੬ ॥ ਸੰਤ ਸਦੀਵ ਸਰਬ ਉਪਕਾਰੀ।ਕਰਹੁ ਭਲਾ ਲਿਹੁ ਭੇਟ ਹਮਾਰੀ।ਰਾਵਰਿ ਸ਼ਰਨ ਪਰ੍ਯੋ ਮੈਂ ਆਈ।ਸੁਨੀ ਸ੍ਰੋਨ ਮਹਿ ਅਧਿਕ ਬਡਾਈ'॥੨੭॥ਕ੍ਰਿਪਾ ਧਾਰਿਗੁਰ ਕਹ੍ਯੋ ਬਹੋਰੀ। 'ਕਰਨ ਭਲਾ ਨਿਜ ਚਾਹਿ ਜਿ ਤੋਰੀ।ਤਜਿ ਬਿਭਚਾਰ ਜੁ ਪਾਪ ਕਮਾਵਤਿ।ਨਿਤ ਪਰਤ੍ਰਿਯ ਸੋਂ ਕੇਲ ਰਚਾਵਤਿ ॥੨੮॥ਜੇ ਤੂੰ ਤਜਹਿ ਮਾਨਿ ਬਚ ਹਮਰਾ।ਸਰਬ ਪ੍ਰਕਾਰ ਭਲਾ ਹੈ ਤੁਮਰਾ। ਅਪਰ ਪਦਾਰਥ ਕੀ ਜੋ ਚਾਹੀ। ਸੁਊ ਦਿਵਾਇ ਦੇਂਯ ਪ੍ਰਭੁ ਪਾਹੀ' ॥੨੯॥ ਸੁਨਿ ਕਰਿ ਭੂਪਤਿ ਸ਼ਰਧ ਬਧਾਈ। ਸਿੱਖ ਹੋਨ ਕੀ ਗਿਰਾ ਅਲਾਈ। 'ਮਨ ਚੰਚਲ ਬਿਸ਼ਯਨ ਲਪਟਾਵਾ। ਬਿਖਰਸ ਤੇ ਕਬ ਨਹਿ ਤ੍ਰਿਪਤਾਵਾ॥੩੦॥ਨਿਤ ਪ੍ਰਤਿ ਲਾਲਸ ਬਧੈ ਬਧੇਰੀ।ਜਿਉਂ ਈਂਧਨ[8] ਤੇ ਅਗਨਿ ਘਨੇਰੀ[9]।ਨਿਜ ਉਪਦੇਸ਼ ਸੁਨਾਇ ਬਿਸਾਲਾ। ਮਮ ਮਨ ਮੋਰਹੁ[10], ਗੁਰੂ ਕ੍ਰਿਪਾਲਾ !' ॥ ੩੧ ॥ ਸੁਨਿਕੈ ਦੀਨ-ਬੰਧੁ ਅਸ ਬਚਨਾ।ਬੋਲੇ ਬਿਧ ਬਿਰਾਗ ਕੀ ਰਚਨਾ।'ਭੋ[11] ਨ੍ਰਿਪ! ਤ੍ਰਿਯ ਮੈਂ ਕੋ ਵਥੁ ਨੀਕੀ। ਜਿਸ ਅਵਿਲੋਕ ਪ੍ਰੀਤਿ ਹੈ ਜੀ ਕੀ ॥ ੩੨ ॥ ਜੋ ਲੋਚਨ ਕਹਿ

---

[1] ਜੋਰੋ ਜੋਰੀ। [2] ਕਹਿਆ। [3] ਬਾਹਰ (ਆਯਾ ਹੈ)। [4] ਲੋਕਾਂ ਦਾ ਸਮਝਾਯਾ। [5] ਰਾਜਾ। [6] ਭੇਟਾ। [7] ਬਸਤ੍ਰ। [8] ਲਕੜਾਂ ਪਾਇਣ ਨਾਲ। [9] ਵਧਦੀ ਹੈ। [10] ਮੋੜੋ। [11] ਹੇ।

Sri Satguru Jagjit Singh Ji eLibrary NamdhariElibrary@gmail.com

ਕਮਲ ਸਮਾਨਾ। ਗੀਡ[1] ਬਹਿਤਿ[2] ਜਹਿਂ ਪਿਖਤਿ ਗਿਲਾਨਾ। ਫੇਰ ਬਿਲੋਕਹਿ ਜੋ ਤਿਨ ਮਾਂਹੀ। ਮਿੱਝ ਨੀਰ ਬਿਨ ਔਰ ਸੁ ਨਾਂਹੀ ॥ ੩੩ ॥ ਅਪਰ ਅੰਗ ਤਿਨ ਰੀਤਿ ਸੁਨੀਜੈ। ਚੰਦ ਸਰਸ[3] ਕੋ ਬਦਨ[4] ਕਹੀਜੈ। ਚਰਬੀ ਰਕਤ ਲਪੇਟਯੋ ਚਾਮਾ। ਗੌਰ ਰੰਗ ਪਿਖਿਯਤਿ ਅਭਿਰਾਮਾ ॥ ੩੪ ॥ ਇਨ ਵਸਤੁਨ ਬਿਨ ਹੋਇ ਨ ਆਨਾ। ਜਿਨਹਿਂ ਬਿਲੋਕੇ ਆਇ ਗਿਲਾਨਾ। ਪੁਨ ਜਿ ਦਾਂਤ ਕਹਿਂ ਕਲੀ ਸਮਾਨੇ। ਮਾਸ ਬਿਨਾ ਲਿਹੁ ਹਾਡ ਪਛਾਨੇ ॥ ੩੫ ॥ ਮੁਖ ਤੇ ਟੂਟ ਜਾਹਿਂ ਜੋ ਸੋਊ। ਚਾਹਤਿ ਹਾਥ ਨ ਛ੍ਵਾਇਓ ਕੋਊ। ਇਸੀ ਪ੍ਰਕਾਰ ਦੇਹਿ ਲਖਿ ਸਾਰੀ। ਹਾਡ ਮਾਸ ਹੈਂ ਰਕਤ ਮਝਾਰੀ ॥ ੩੬ ॥ ਬਿਸ਼ਟਾ, ਮੂਤ੍ਰ, ਯੁਕਤਿ ਦੁਰਗੰਧੋ। ਕਿਹ ਕੋ ਪਿਖਿ ਲੁਭਾਇ, ਮਤਿ ਅੰਧੋ। ਮੁਖ ਮੈਂ ਥੁਕ, ਸੀਂਢ ਬਹੁ ਨਾਸਾ। ਊਪਰ ਚਰਮ ਬਾਲ ਹੈਂ ਰਾਸਾ ॥ ੩੭ ॥ ਹੇ ਨ੍ਰਿਪ ! ਇਸ ਪ੍ਰਕਾਰ ਉਰ ਧਾਰਹੁ। ਵਸਤੁ ਕੌਨ ਸੀ ਭਲੀ ਬਿਚਾਰਹੁ। ਮਹਾਂ ਦੁਰਗੰਧ ਮੰਦਨੀ[5] ਸੋਊ। ਅਹੈ ਨਾਰਿ ਕੀ ਪ੍ਰੀਤਿ ਹਿ ਜੋਊ ॥ ੩੮ ॥ ਜੋ ਪ੍ਰਤੱਛ ਹੀ* ਅਹੈ ਮਲੀਨੀ। ਬਹੁਰ ਸੁਨਹੁ ਪਰ ਤ੍ਰਿਯ ਰਤਿ[6] ਕੀਨੀ। ਸੋ ਪਾਵਤਿ ਹੈਂ ਨਰਕ ਮਝਾਰੀ। ਜਮ ਕੇ ਦੂਤ ਦੇਤਿ ਦੁਖ ਭਾਰੀ ॥ ੩੯ ॥ ਕਰਿ ਲੋਹੇ ਕੀ ਤ੍ਰੀਯ ਤਪਾਵੈਂ। ਬਾਂਧਿ ਤਾਂਹਿ ਗਰ[7] ਸੰਗ ਲਗਾਵੈਂ। ਹੋਤਿ ਕਸ਼ਟ ਬਹੁ ਕਰਤਿ ਪੁਕਾਰਾ। ਬਹੁਰ ਕਰਹਿ ਜਮ ਡੰਡਨ ਮਾਰਾ ॥ ੪੦ ॥ ਛਿਨਕ ਜਿ ਮਨ ਸੁਖ ਪਾਵਹਿ ਕਾਮੀ। ਚਿਰੰਕਾਲ ਦੁਖ ਨਾਰਕ[8] ਗਾਮੀ। ਅਨਿਕ ਪ੍ਰਕਾਰ ਤਾੜਨਾ ਸਹਿਹੀ। ਸਿੱਮ੍ਰਿਤਿ ਬੇਦ† ਪੁਰਾਨ ਅਸ ਕਹਿਹੀ‡' ॥ ੪੧ ॥ ਬਚਨ ਸੁਨੇ ਨ੍ਰਿਪ ਸ੍ਰੋਨ ਮਝਾਰੇ। ਭਲੀ ਰੀਤਿ ਸੋਂ ਚੀਤ ਬਿਚਾਰੇ। ਲਖੇ ਆਪਨੇ ਕਲਮਲ ਭਾਰੀ। ਪਰਯੋ ਚਰਨ ਪਰ ਗੁਰੂ ਅਗਾਰੀ ॥ ੪੨ ॥ 'ਹੌਂ ਅਜਾਨ ਬਹੁ ਪਾਪ ਕਮਾਤੇ। ਬਚਨ ਤੁਮਾਰੇ ਤੇ ਮੈਂ ਜਾਤੇ। ਕ੍ਰਿਪਾ ਧਾਰਿ ਬਖਸ਼ਹੁ ਮੁਝ ਅਬਹੀ। ਬਹੁਰ ਕੁਰੀਤਿ ਕਰੋਂ ਨਹਿ ਕਬਹੀ' ॥ ੪੩ ॥ ਸੁਨਿ ਕਰਿ ਭਏ ਪ੍ਰਸੰਨ ਕ੍ਰਿਪਾਲਾ। ਕਹੇ ਬਚਨ 'ਸੁਨੀਏ ਨਰਪਾਲਾ। ਆਗੇ ਕਰਹੁ ਪਾਪ ਨਹਿਂ ਕੋਈ। ਪਿਛਲੇ ਕਰੇ ਜੁ, ਬਖਸ਼ੇ ਸੋਈ ॥ ੪੪ ॥ ਸੱਤਿਨਾਮ ਸਿਮਰਹੁ ਮਨ ਲਾਈ। ਪੁਰਿ ਮਹਿ ਲਿਹੁ ਧ੍ਰਮਸਾਲ

[1]ਗਿੱਡ। [2]ਵਗਦੀ ਹੈ। [3]ਚੰਦਰਮਾਂ ਵਰਗਾ। [4]ਮੁਖ। [5]ਮੰਦੀ। [6]ਭਾਵ, ਭੋਗ। [7]ਉਸ ਦੇ ਗਲ ਨਾਲ। [8]ਨਰਕਾਂ ਵਿਚ। *ਪਾ:-ਤ੍ਰੀਅ। †ਪਾ:-ਸ਼ਬ।

‡ਭਾਵ ਵਿਸ਼ਈ ਕਾਮਾਤੁਰ ਪੁਰਖਾਂ ਦੇ ਮੌਤੋਂ ਪਰੇ ਦੇ ਖੇਦਾਂ ਨੂੰ ਸ਼ਾਸਤਰਾਂ ਨੇ ਐਉਂ ਦਸਿਆ ਹੈ। ਸ਼ਾਸਤਰ ਮਤ ਵਰਨਨ ਕੀਤਾ ਹੈ।

ਬਨਾਈ॥ ਸਤਿਸੰਗਤਿ ਤਹਿਂ ਕਰਹੁ ਮਹਾਨੀ। ਹਰਿ ਮਹਿਮਾ ਗਾਵਹੁ ਗੁਨ ਖ਼ਾਨੀ' ॥ ੪੫ ॥ ਅਸ ਉਪਦੇਸ਼ ਸੀਖ ਲਿਯ ਜਬਹੀ। ਪਾਹੁਲ ਪਗ ਕੀ ਦੀਨੀ ਤਬਹੀ॥ ਕਰੇ ਸਿੱਖ ਅਪਨੇ ਨਰ ਬ੍ਰਿੰਦਾ।'ਸੱਤਿਨਾਮ ਸਿਮਰਹੁ ਸੁਖ-ਕੰਦਾ' ॥੪੬॥ ਕਰਤਿ ਕੁਕਰਮ ਸਰਬ ਛੁਟਵਾਯੋ। ਨਾਮ ਦਾਨ ਇਸ਼ਨਾਨ ਦ੍ਰਿੜ੍ਹਾਯੋ। ਕਿਤਿਕ ਦਿਵਸ ਜਬ ਰਹਿਤਿ ਬਿਤਾਏ॥ ਹਾਥ ਬੰਦਿ ਨ੍ਰਿਪ ਬੈਨ ਅਲਾਏ ॥ ੪੭ ॥ 'ਚਾਉਲ ਪਸ਼ਮ ਦੇਸ਼ ਮਮ ਹੋਈ। ਔਰ ਅੰਨ ਉਪਜਤਿ ਨਹਿਂਕੋਈ॥ਕ੍ਰਿਪਾ ਧਾਰਿ ਬਰ ਦੀਜੈ ਅਬਹੀ॥ਅੰਨ ਕਪਾਹਾਦਿਕ ਹ੍ਵੈਂ ਸਭਿਹੀ' ॥੪੮॥ ਸੁਣੀ ਨਿਜਹਿ*ਪ੍ਰਿਯ ਭਗਤ ਅਨੰਨੈ[1]। ਕਹਨੇ ਬਚਨ 'ਹ੍ਵੈ ਹੈਂ ਸਭਿ ਅੰਨੇ'।ਬਹੁਰ ਗਮਨ ਕੀ ਕੀਨੀ ਤ੍ਯਾਰੀ॥ਸੁਨਿਕੈ ਮਿਲਿ ਆਏ ਨਰ ਨਾਰੀ ॥੪੯॥ਹਾਥ ਬੰਦਿਕੈ ਗਿਰਾ ਉਚਾਰੀ। 'ਸ੍ਰੀ ਗੁਰ! ਰਹੁ ਇਸ ਦੇਸ਼ ਮਝਾਰੀ॥ ਤੁਮ ਆਵਨ ਤੇ ਭਯੋ ਪਵਿੱਤ੍ਰਾ। ਸਿੱਖੀ ਭਈ† ਬਿਸਾਲ ਬਚਿੱਤ੍ਰਾ[2] ॥੫੦॥ ਕਿਉਂ ਤੁਮ ਤੂਰਨ ਕਰਹੁ ਤਿਆਰੀ। ਰਹਹੁ ਸਦਾ ਨਿਜ ਕਰੁਣਾ ਧਾਰੀ'। ਇਸ ਪ੍ਰਕਾਰ ਬਿਨਤੀ ਬਹੁ ਕੀਨੀ।ਤਿਸ ਦਿਨ ਸ੍ਰੀ ਗੁਰ ਚਲਿਨ ਨ ਦੀਨੀ॥ ੫੧॥ਅਗਲੇ ਦਿਵਸ ਭੋਰ ਭੀ ਜਬ ਹੀ। ਹੋਇ ਅਲੋਪ ਗਏ ਗੁਰ ਤਬਹੀ॥ ਪੀਛੇ ਤੇ ਬਹੁ ਨਰ ਪਛੁਤਾਏ।–ਦਰਸ਼ਨ ਕਰਿ ਹਮ ਨਹਿ ਤ੍ਰਿਪਤਾਏ॥੫੨॥ ਭਲੀ ਪ੍ਰਕਾਰ ਕੀਨਿ ਨਹਿਂ ਸੇਵਾ। ਸ੍ਰੀ ਗੁਰ ਗਮਨੇ ਅਲਖ ਅਭੇਵਾ–।ਸਿਮ-ਰਹਿਂ ਨਿਸ ਬਾਸੁਰ ਧਰਿ ਧ੍ਯਾਨਾ।ਬਹੁਤ ਨਰਨ ਕੋ ਭਾ ਕੱਲਨਾਨਾ ॥੫੩॥ ਆਗੈ ਗਮਨੇ ਸ੍ਰੀ ਜਗਤੇਸ਼ਾ।ਪਹੁੰਚੇ ਜਾਇ ਔਰ ਇਕ ਦੇਸ਼ਾ।ਅੰਨ ਅਗਨਿ ਦੋਊ ਤਹਿਂ ਨਾਂਹੀ॥ ਆਮਿਖ ਕੋ ਭੋਜਨ ਸਭਿ ਖਾਂਹੀ ॥ ੫੪ ॥ਇਕ ਪਾਹਨ ਊਪਰ ਇਕ ਨੀਚੇ।ਆਮਿਖ ਰਾਖਹਿ ਤਿਨ ਕੇ ਬੀਚੇ। ਸਵਾ ਪਹਿਰ ਮੰਤਰ ਜਪ ਭਾਨੈ[3]।ਇਉਂ ਪਕਾਇ ਕਰਿਹੈਂ ਤਿਹ ਖਾਨੈ॥੫੫॥ਦੋਹਰਾ॥ਸੇਵਹਿਂ ਚਿਤ ਕੋ ਪ੍ਰੀਤਿ ਕਰਿ ਜਾਇ ਜਿ ਤਹਾਂ ਅਤੀਤ[4]।ਜੋ ਦੇਖਹਿ ਸੁ ਖਵਾਵਈ ਤਾਂਹਿ ਦੇਸ਼ ਕੀ ਰੀਤਿ ॥੫੬॥ਚੌਪਈ॥ ਬੈਠੇ ਗੁਰੂ ਜਾਇ ਇਕ ਥਾਇਂ। ਦੂੰਬੇ ਤਹਿਂ ਅਈਆਲ ਚਰਾਇਂ[5]। ਸੋ ਆਯੋ ਸ੍ਰੀ ਨਾਨਕ ਪਾਸਾ। ਠਾਂਢੋ ਨਿਕਟ ਕੀਨ ਅਰਦਾਸਾ॥੫੭॥'ਮਾਰੋਂ ਦੁੰਬਾ ਭੋਜਨ ਕਰੀਐ॥ ਸ਼ੁਮ ਮਾਰਗ ਕੋ ਸਭਿ ਪਰ-ਹਰੀਐ।ਜੇ ਤੁਮ ਖਾਹੁ ਨ ਮੋਰ ਉਚਾਰੇ। ਮੇਰੋ ਖਾਵੰਦ ਮੋਕੋ ਮਾਰੇ॥੫੮॥ ਦੇਸ਼

[1]ਆਪਣੇ ਪਿਆਰੇ ਅਨਿੰਨ ਭਗਤ ਦੀ(ਬਿਨੈ) ਸੁਣੀ। [2]ਸ੍ਰੇਸ਼ਟ। [3]ਸੂਰਜ ਦਾ। [4]ਭਾਵ ਕੋਈ ਸਾਧੂ ਚਲਾ ਜਾਵੇ ਤਾਂ। [5]ਅਯਾਲੀ ਓਥੇ ਦੁੰਬੇ ਚਰਾਂਵਦਾ ਸੀ! *ਪਾਃ–ਜਿਨਹਿ। †ਪਾਃ–ਭਨੀ।

Sri Satguru Jagjit Singh Ji eLibrary NamdhariElibrary@gmail.com

ਰੀਤਿ ਹਮਰੇ ਹੈ ਏਹੀ। ਜੋ ਦੇਖੈ ਸੋ ਭੋਜਨ ਦੇਹੀ। ਜੇ ਨ ਦੇਯ ਤਿਹ ਡੰਡ ਲਗਾਵੈਂ। ਮਿਲਿ ਨਰ ਤਾਂਕੋ ਬਹੁਤ ਲਜਾਵੈਂ॥੫੯॥ ਦੋਹਰਾ॥ ਅੰਨ ਅਗਨਿ ਇਹ ਠਾਂ ਨਹੀਂ ਨਾਂਹਿ ਉਡੀਕਹੁ ਤਾਂਹਿ'। ਗੁਰੂ ਕਹੈਂ 'ਦੁੰਬਾ ਕੁਹਹੁ[1] ਦੋਊ ਪਕਾਇ ਤ ਖਾਹਿਂ' ॥੬੦॥ ਚੌਪਈ॥ ਮਾਰਿ ਦੁੰਬਾ ਤਿਨ ਮਾਸ ਬਨਾਯੋ। ਜਾਪ ਭਾਨੁ[2] ਕਰਿ ਤਬਹਿ ਪਕਾਯੋ।ਕਰਿ ਤਯਾਰ ਧਰਿ ਦੀਨ ਅਗਾਰੀ।ਦੇਖਿ ਗੁਰੂ ਤਬ ਗਿਰਾ ਉਚਾਰੀ ॥੬੧॥ 'ਇਸਕੀ ਅਸਤ[3] ਖਾਲ ਹੈ ਜੋਊ।ਇਕਠੀ ਕਰਿ ਢਿਗ ਆਨਹੁ ਸੋਊ'। ਆਇਸੁ ਮਾਨਿ ਅਸਤ ਚੁਨਿ ਸਾਰੇ। ਪਾਇ ਚਰਮ ਮਹਿਂ ਧਰੇ ਅਗਾਰੇ ॥੬੨॥ ਤਿਹ ਬਿਲੋਕਿ ਬੋਲੇ ਜਗ ਸਾਈਂ।'ਉਠਿ ਦੁੰਬੇ ਚਰਿਯੇ ਹਰਿਆਈ'। ਬਚਨ ਕਹੇ ਜੀਵਯੋ ਤਤਕਾਲਾ। ਦੇਖਤਿ ਭਯੋ ਹਿਰਾਨ ਅਯਾਲਾ[4] ॥੬੩॥ ਕਲਾਵਾਨ ਜਬ ਮਨ ਮੈਂ ਚੀਨੀ। ਚਰਨ ਕਮਲ ਪਰ ਬੰਦਨ ਕੀਨੀ। ਬੈਸਯੋ ਸ਼ਰਧਾ ਧਾਰਿ ਸਮੀਪਾ। ਤਬ ਬੋਲੇ ਬੇਦੀ ਕੁਲ-ਦੀਪਾ ॥੬੪॥ 'ਸ਼ਾਹ ਬਿਸਾਲ ਬਿਲੋਕਹੁ ਜੋਊ। ਪੁਰਿ ਤੇ ਜਾਇ ਬੁਲਾਵਹੁ[5] ਸੋਊ'। ਆਇਸੁ ਮਾਨਿ ਨਗਰ ਮੈਂ ਗਯੋ। ਸ਼ਾਹੁ ਏਕ ਢਿਗ*ਬੈਠਤਿ ਭਯੋ॥੬੫॥ਕਹਨਿ ਲਗਯੋ'ਸੁਨੀਏ ਬਿਰਤੰਤਾ। ਵਹਿਰ ਸੰਤ ਹੈ ਇਕ ਦੁਖਹੰਤਾ। ਕਲਾਵਾਨ ਹੈ ਪਰਮ ਉਦਾਰਾ। ਤਿਹ ਨੈ ਤੋ ਕੋ ਨਿਕਟਿ ਹਕਾਰਾ' ॥੬੬॥ ਸੁਨਤਿ ਸ਼ਾਹ ਧਰਿ ਹਰਖ ਬਿਸਾਲਾ। ਪੁਰਿ ਤੇ ਨਿਕਸਿ ਚਲਯੋ ਤਤਕਾਲਾ। ਲੈ ਅਯਾਲਿ[4] ਤਿਹ ਕੋ ਨਿਜ ਸੰਗਾ। ਗੁਰ ਸਮੀਪ ਆਵਾ ਸੁ ਉਮੰਗਾ ॥੬੭॥ ਬੈਠਿ ਗਯੋ ਪਗ ਬੰਦਨ ਕਰਿਕੈ। ਦਰਸ ਬਿਲੋਕਤਿ ਸੁਖ ਉਰ ਭਰਿਕੈ। ਜਗ ਗੁਰ ਕਹਤਿ ਭਏ 'ਸੁਨ ਸ਼ਾਹੂ।ਆਨਹੁ ਅੰਨ ਜਿ ਹੈ ਘਰ ਮਾਂਹੂ'॥੬੮॥ ਸ਼ਾਹੁ ਕਹੈ 'ਸਗਰੇ ਇਸ ਦੇਸ਼ਾ। ਅੰਨ ਨ ਉਪਜਤਿ ਸੁਨਿ ਦਰਵੇਸ਼ਾ!। ਆਮਿਖ ਖਾਨ ਕਰੈਂ ਨਰ ਸਭਿ ਹੀ। ਤੁਮ ਜੋ ਚਹੋ ਲਜਾਉਂ ਮੈਂ ਅਬ ਹੀ' ॥੬੯॥ਗੁਰੁ ਕਹੈਂ 'ਜੇ ਸਿੱਖੀ ਧਾਰਹੁ।ਮੁਖ ਤੇ ਸ੍ਰੀ ਪ੍ਰਭੁ ਨਾਮ ਉਚਾਰਹੁ।ਅੰਨ ਅਗਨਿ ਹਮ ਦੇਵੈਂ ਦੋਊ। ਗਹਹਿ ਜੁ ਮਤ ਹਮਾਰ[6] ਸਭਿ ਕੋਊ' ॥ ੭੦ ॥ ਇਉਂ ਸੁਨਿ ਭਾ ਅਧੀਨ ਬਹੁ ਸ਼ਾਹੂ। 'ਸੰਤ ਰੂਪ ਤੁਮ ਬੇਪਰਵਾਹੂ। ਜੇ ਦੈ[7] ਦੇਹੁ ਹੋਹਿਂ ਸਿੱਖ ਸਭਿਹੀ।ਤੁਮਰਾ ਗ੍ਰਹਨ ਕਰੈਂ ਮਤ ਅਬਹੀ' ॥੭੧॥ ਕ੍ਰਿਪਾ ਧਾਰਿ ਗੁਰ ਬੈਨ ਉਚਾਰੇ। 'ਖੋਜਿ ਲਜਾਉ ਕਛੁ ਅੰਨ ਤੁਮਾਰੇ[8]'। ਇਉਂ ਸੁਨਿ

[1]ਮਾਰੋ। [2]ਸੂਰਜ ਦਾ। [3]ਹੱਡੀ। [4]ਅੱਯੜ ਦਾ ਚਰਵਾਹਾ। [5]ਸੱਦ ਲਿਆਓ। [6]ਜੋ ਧਾਰਨ ਕਰੇਗਾ ਸਾਡਾ (ਸਿੱਖੀ)ਮਾਰਗ। [7]ਦੋਵੇਂ, ਭਾਵ ਅੰਨ ਤੇ ਅੱਗ। [8]ਜੋ ਤੁਹਾਡੇ (ਪਾਸ) ਹੈ। *ਪਾਃ-ਦਿਢ।

Sri Satguru Jagjit Singh Ji eLibrary NamdhariElibrary@gmail.com

ਸ਼ਾਹੁ ਨਗਰ ਮਹਿ ਆਯੋ। ਬਹੁਤ ਸਦਨ ਮਹਿਂ ਅੰਨ ਖੁਜਾਯੋ ॥੭੨॥ ਦੋਹਰਾ॥ ਏਕ ਸੇਰ ਗੋਧੂਮ[1] ਪੁਰਿ ਖੋਜਤਿ ਆਈ ਹਾਥ। ਗੁਰ ਢਿਗ ਆਯੋ ਸ਼ਾਹੁ ਪੁਨ ਭੂਪ ਪ੍ਰਜਾ ਲਿਯ ਸਾਥ ॥ ੭੩ ॥ ਚੌਪਈ ॥ ਨਮਸਕਾਰ ਚਰਨਨ ਪਰ ਕਰਿਕੈ।ਬੈਠੇ ਨਿਕਟਿ ਭਾਉ ਉਰ ਧਰਿਕੈ।ਗੁਰੂ ਕਹੈਂ 'ਬੀਜਹੁ ਛਿਤ ਮਾਂਹੀ। ਹੋਇ ਅੰਨ ਤੋਟਹਿ ਜਿਹ ਨਾਂਹੀ' ॥ ੭੪ ॥ ਆਇਸੁ ਮਾਨ ਬੋਵਨੀ ਕੀਨੀ। ਉਗੀ ਬਿਲੋਕੀ ਸਬਜ਼[2] ਨਵੀਨੀ। ਦਿਨ ਥੋਰਨ ਮਹਿ ਪਕਗੀ ਸੋਊ। ਭਏ ਪ੍ਰਸੰਨ ਰਿਦੈ*ਸਭਿ ਕੋਊ ॥ ੭੫ ॥ ਪਾਹੁਲ ਪਗ ਕੀ ਸਭਿ ਨੇ ਲੀਨੀ।ਭਾਉ ਭਗਤਿ ਮਹਿਂ ਸ਼ੁਭ ਮਤਿ ਭੀਨੀ। ਸਿੱਖੀ ਮਾਰਗ ਮਹਿਂ ਪਗ ਧਰਿਕੈ।ਪ੍ਰਭੁ ਕੋ ਗੁਰ ਕਿਯ ਸੁਖਦ ਬਿਚਰਿਕੈ ॥ ੭੬ ॥ ਧਰਮਸਾਲ ਇਕ ਰੁਚਿਰ ਬਨਾਈ। ਸੰਤ ਸੁਮਤਿ ਤਿਹਂ ਕੀਰਤਿ ਗਾਈ। ਬੈਠਿ ਸਰਬ ਮਹਿਂ ਕ੍ਰਿਪਾ ਨਿਧਾਨਾ। ਸ੍ਰੀ ਮੁਖ ਤੇ ਅਸ ਬਚਨ ਬਖਾਨਾ॥੭੭॥ 'ਅਬ ਤੇ ਅੰਨ ਅਤੁਟ ਇਸ ਦੇਸ਼ਾ।ਕਬ ਦੁਕਾਲ ਕੋ ਹੋਇ ਨ ਲੇਸ਼ਾ'। ਪਾਹਨ[3] ਤੇ ਪਾਵਕ[4] ਪੁਨ ਝਾਰੀ। ਕਾਸ਼ਟ ਸੌਂ[5] ਕਰਿ ਦੀਨ ਬਿਥਾਰੀ[6] ॥੭੮॥ ਲੈ ਕੇ ਸਭਿਨਿ ਹਰਖ ਉਰ ਧਰਿਓ। ਸ੍ਰੀ ਸਤਿਗੁਰ ਕੋ ਸੁਜਸ ਉਚਰਿਓ। ਅੰਨ ਅਗਨਿ ਦੋਊ ਤਹਿ ਨਾਂਹੀ। ਇਹ ਬਿਧਿ ਸ੍ਰੀ ਗੁਰ ਦੀਨ ਤਹਾਂਹੀ॥੭੯॥ਨਾਮ ਦਾਨ ਇਸ਼ਨਾਨ ਦ੍ਰਿੜਾਯੋ।ਭਾਉ ਭਗਤਿ ਕੋ ਪੰਥ ਚਲਾਯੋ। ਕਿਤਿਕ ਦਿਵਸ ਰਹਿ ਕਰਿ ਜਗਤੇਸ਼ਾ। ਚਲਿਬੇ ਤਯਾਰ ਭਏ ਸ਼ੁਭ ਬੇਸਾ ॥ ੮੦ ॥ ਸਰਬ ਲੋਕ ਮਿਲਿਕੈ ਤਬ ਆਏ। ਹੋਇ ਦੀਨ ਮਨ ਬੈਨ ਸੁਨਾਏ। 'ਧੰਨ ਭਾਗ ਇਹ ਸਭੈ ਜਿ ਲੋਕਾ। ਜਾਂਤੇ ਰਾਵਰਿ ਦਰਸ ਬਿਲੋਕਾ ॥੮੧॥ ਲੋਕ ਪ੍ਰਲੋਕਹਿ ਕੋ ਸੁਖ ਦੀਨੋ। ਸ੍ਰੀ ਹਰਿ ਕੋ ਤੁਮਰੋ ਤਨੁ ਚੀਨੋ'। ਸਭਿਹਿਨਿ ਕੋ ਧੀਰਜ ਦੇ ਸ੍ਵਾਮੀ। ਗਮਨ ਕਿਯੋ ਪੁਨ ਅੰਤਰਜਾਮੀ ॥ ੮੨ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਛੁਟੰਤ ਔਰ ਦੇਸ਼ਨ ਪ੍ਰਸੰਗ' ਬਰਨਨੰ ਨਾਮ ਤ੍ਰਯੋਦਸ਼ਮੋਂ ਅਧ੍ਯਾਯ ॥ ੧੩ ॥

੧੪. [ਸੰਤ ਮੰਗਲ। ਕਸ਼ਮੀਰ ਵਿਖੇ ਅਯਾਲੀ ਤੇ ਪੰਡਤ ਨੂੰ ਸਿੱਖ ਬਣਾਉਣਾ, ਵਲੀ ਕੰਧਾਰੀ ਤੇ ਕਾਬਲ ਦੀ ਮਸੀਤ ਫਿਰਾਉਣੀ]

ਦੋਹਰਾ ॥ ਹੰਤਾ ਮਮਤਾ ਜਿਨ ਤਜੀ ਹਰਖ ਸ਼ੋਕ ਇਕ ਸਾਰ।
ਤਿਨ ਸੰਤਨ ਕਰਿ ਬੰਦਨਾ ਕਰਿਹੋਂ ਕਥਾ ਉਚਾਰ ॥ ੧ ॥

{ ਹੰਤਾ=ਮੈਂ ਪਨ। ਮੈਂ ਦਾ ਭਾਵ ਹੰਕਾਰ ਤੇ ਗਰਬ ਬੀ ਹੈ। [ਸੰਸਃ, ਅਹੰਤਾ]
ਮਮਤਾ=ਮੇਰਾ ਪਨ, ਕਿਸੇ ਪੁਰਖ, ਪਦਾਰਥ ਯਾ ਜਗ੍ਹਾ ਵਿਚ ਇਹ ਭਾਵ ਕਿ }

[1]ਕਣਕ। [2]ਹਰੀ। [3]ਪੱਥਰ। [4]ਅਗਨੀ। [5]ਲੱਕੜੀ ਨਾਲ। [6]ਫੈਲਾ ਦਿੱਤੀ। *ਪਾਃ-ਦੇਖਹਿ।

Sri Satguru Jagjit Singh Ji eLibrary NamdhariElibrary@gmail.com

[ਇਹ ਮੇਰੀ ਹੈ, ਭਾਵ ਮੋਹ ਤੇ ਲੋਭ ਤੋਂ ਛੀ ਹੈ। [ਸੰਸ:, ਮਮਤਾ, ਮਮਤ੍ਵ]। ਇਕ ਸਾਰ=ਇਕੋ ਜੇਹੇ, ਬਰਾਬਰ।]

ਅਰਥ—ਜਿਨ੍ਹਾਂ ਨੇ ਮੈਂ ਮੇਰੀ ਛੱਡ ਦਿੱਤੀ ਹੈ (ਤੇ) ਹਰਖ ਸ਼ੋਕ ਨੂੰ ਇਕੋ ਜਿਹਾ (ਜਾਤਾ ਹੈ) ਤਿਨ੍ਹਾਂ ਸੰਤਾਂ ਨੂੰ ਮੱਥਾ ਟੇਕਕੇ ਮੈਂ (ਅਗੋਂ ਦੀ) ਕਥਾ ਉਚਾਰਣ ਕਰਦਾ ਹਾਂ।

ਭਾਵ—ਪਿਛਲੇ ਅਧ੍ਯਾਯ ਦੇ ਮੰਗਲ ਤੇ ਇਸ ਨੂੰ ਇਕੱਠਾ ਪੜ੍ਹਿਆਂ, ਪੂਰਨ ਸੰਤ ਦੇ ਗੁਣ ਇਕੱਠੇ ਹੁੰਦੇ ਹਨ, ਇਹ ਸੰਤਾਂ ਦੇ ਲੱਛਣ ਕਹੇ ਹਨ। ਹੋ ਸਕਦਾ ਹੈ ਕਿ ਇਹ ਸਿੱਖਾਂ ਦੇ ਗੁਣ ਹੀ ਕਹੇ ਹੋਣ, ਪਰ ਵਧੇਰੇ ਸੰਭਵ ਹੈ, ਕਿ ਆਪਣੇ—ਨਾਮ ਦਾਤੇ—'ਵਿਦਯਾ ਦਾਤੇ', ਗੁਰਮੁਖ ਦੇ ਗੁਣ ਅੱਖਾਂ ਅਗੇ ਫਿਰ ਰਹੇ ਹੋਣ। ਅਗਲੇ ਮੰਗਲਾਂ ਵਿਚ ਗੁਰ ਸਿਖ ਦਾ ਜਸ ਵਰਣਨ ਕਰਨਗੇ, ਪਹਿਲੇ ਵਿਚ ਨਾਮ ਰਸੀਏ ਦਾ, ਦੂਸਰੇ ਵਿਚ ਗੁਰ ਜਸ ਦੇ ਪ੍ਰੇਮੀ ਕਵੀ, ਕੀਰਤਨੀਏ ਦਾ।

ਸ੍ਰੀ ਬਾਲਾ ਸੰਧੁਰੂ ਬਾਚ ॥ ਚੌਪਈ॥ ਸੁਨਿ ਸ੍ਰੀ ਅੰਗਦ ਜਨ ਮਨ ਰੰਜਨ[1]।ਗਮਨੇ ਗੁਰੂ ਦੀਨ ਦੁਖਭੰਜਨ। ਜਾਇ ਪਹਾਰਨ ਕਰਤੇ ਸੈਲਾ। ਚਲਿ ਹੈਂ ਸੁਗਮ[2] ਅਗਮ[3] ਜੋ ਗੈਲਾ[4]॥੨॥ ਜੋ ਕਸ਼ਮੀਰ ਕਹਾਵਤਿ ਦੇਸ਼। ਤਹਾਂ ਜਾਇ ਪਹੁੰਚੇ ਜਗਤੇਸ਼।ਪਿਖਿ ਪਹਾਰ ਇਕ ਪੁਰੀਸਮੀਪਾ।ਬੈਠਿਗਏਬੇਦੀਕੁਲਦੀਪਾ॥੩॥ ਦ੍ਵਾਦਸ਼ ਬਾਸੁਰ ਤਹਾਂ ਬਿਤਾਇ।ਕੋ ਨ ਅਯੋ,ਨਹਿ ਕਿਨਹੂ ਬੁਲਾਇ। ਤ੍ਰਯੋਦਸ਼ਵੇਂ ਦਿਨ ਜਬ ਉਜਿਯਾਰਾ[5]।ਤਬ ਇਕ ਆਯੋ ਦੁੰਬਨ ਚਾਰਾ[6]॥੪॥ ਹਮ ਕੋ ਬੈਠੇ ਪਿਖਿ ਬਿਸਮਾਨਯੋ।ਬਹੁਰੋ ਮੁਖ ਦੁਰਬਚਨ ਬਖਾਨਯੋ।'ਕੋਤੁਮ ਬੈਠੇ ਬੀਚ ਉਜਾਰਾ। ਅਹੋ ਚੋਰ ਕੈਧੌਂ ਬਟਪਾਰਾ॥੫॥ ਕਿਹ ਕੋ ਤਕਹੁ ਮਾਲ ਲੇ ਜਾਨੇ[7]। ਪ੍ਰਗਟ ਹੋਨ ਤੇ ਆਨ ਦੁਰਾਨੇ[8]। ਜੇ ਤੁਮ ਹੁਤੇ ਫਕੀਰਹਿ ਸਾਚੀ। ਪੁਰਿ ਤੇ ਭਿੱਖਯਾ ਕਰਤੇ ਜਾਚੀ॥੬॥ਬੇਖ ਫਕੀਰ ਧਰਯੋ ਤਨ ਮਾਂਹੀ। ਸਾਚੇ ਤੁਮ ਫਕੀਰ ਹੋ ਨਾਂਹੀ'। ਸੁਨਿਕੈ ਬਿਗਸੇ ਮੰਦ[9] ਕ੍ਰਿਪਾਲਾ। 'ਕਿਉਂ ਤੁਝ ਚਿੰਤਾ ਬਢੀ ਬਿਸਾਲਾ॥੭॥ ਜਹਿ ਦੁੰਬੇ ਚਾਰਨ ਕੋ ਛੋਰੇ। ਜਾਇ ਸਮ੍ਹਾਰਿ[10] ਲੇਹੁ ਤਿਹ ਠੌਰੇ।ਇਹ ਤੇਰੇ ਉਰ ਦਯਾ ਨ ਆਈ।ਕਰੀਏ ਸੰਤਨ ਸੇਵਾ ਚਾਈ*॥੮॥ਬਹੁਰੋ[11]ਕਹਤਿ ਦੋਖ ਕੋ[12]ਬੈਨਾਂ। ਹਿਰਦੇ ਪਰਮੇਸ਼ੁਰ ਕੋ ਭੈ ਨਾਂ'।ਸੁਨਤਿ ਅਯਾਲ ਗਯੋ ਤਿਹ ਓਰੇ[13]।ਜਿਹਠਾਂ ਦੁੰਬੇ ਚਰਨੇ ਛੋਰੇ॥੯॥ ਜਬਹੀ ਜਾਇ ਬਿਲੋਕਨ ਕੀਨੇ। ਪਰੇ ਧਰਾ ਪਰ ਪ੍ਰਾਨਨ ਹੀਨੇ। ਦੇਖਤਿ ਹੀ ਹਿਰਦੇ ਬਿਸਮਾਨਯੋ।—ਭਾ ਅਚਰਜ ਕੁਛ ਜਾਇ ਨ ਜਾਨਯੋ

[1] ਦਾਸਾਂ ਦੇ ਮਨ ਪ੍ਰਸੰਨ ਕਰਨ ਵਾਲੇ। [2] ਸੌਖੇ। [3] ਔਖੇ। [4] ਰਸਤੇ। [5] ਜਦ ਚਾਨਣ ਹੋਇਆ। [6] ਦੁੰਬੇ ਚਾਰਨ ਵਾਲਾ। [7] ਕਿਸ ਦਾ ਮਾਲ ਲੈ ਜਾਣਾ ਤੱਕਦੇ ਹੋ। [8] ਆਣ ਛਪੇ ਹੋ। [9] ਥੋੜਾ ਜਿਹਾ। [10] ਸੰਭਾਲ। [11] ਸਗੋਂ। [12] ਦੁਖਾਵਣ ਵਾਲੇ। [13] ਉਸ ਪਾਸੇ। *ਪਾ:—ਭਾਈ।

Sri Satguru Jagjit Singh Ji eLibrary NamdhariElibrary@gmail.com

॥੧੦॥ਜੇ ਢੂੰਬਨ ਕੇ ਖਾਵੰਦ ਅਹਿਹੂੰ। ਤਿਨ ਸੋਂ ਜਾਇ ਬੈਨ ਕੋ ਕਹਿਹੂੰ[1]?।
ਬਾਂਧਿ ਲੇਹਿਂ ਮੇਰੋ ਪਰਵਾਰਾ। ਤਿਨਤੇ ਕਰੈ ਕੌਨ ਛੁਟਕਾਰਾ–॥ ੧੧ ॥
ਮੂਰਖ ਅਧਿਕ ਬਿਸੂਰਨ[2] ਲਾਗਾ। ਚਿੰਤਾ ਕਰਤਿ ਧੀਰ ਉਰ ਤ੍ਯਾਗਾ।ਕਰਤਿ
ਬਿਚਾਰ ਰਿਦੇ ਅਸ ਆਈ।–ਮੈਂ ਸੰਤਨ ਸੋਂ ਪਰੁਖ[3] ਅਲਾਈ ॥੧੨॥ ਤਿਹ
ਦੁਖਾਇ ਮੈਂ ਇਹ ਫਲ ਪਾਵਾ–। ਕਰਿ ਨਿਰਨੈ ਐਸੇ ਠਹਿਰਾਵਾ। ਤੂਰਨ
ਦੌਰ ਜਿ ਬਹੁ ਅਕੁਲਾਵਾ[4]। ਆਇ ਗੁਰੂ ਪਗ ਸੀਸ ਝੁਕਾਵਾ ॥੧੩॥ਪਰਯੋ
ਰਹਯੋ ਨਹਿਂ ਉਠੰਤਿ ਉਠਾਯੋ । ਤਿਹ ਬਿਲੋਕਿ ਗੁਰ ਬੈਨ ਅਲਾਯੋ। ‘ਕੋ
ਕਾਰਜ ਬਿਗਾਰਯੋ ਹੈ ਤੇਰੋ?।ਮੁਰਿ[5] ਆਯੋ ਭੈ ਕੀਨ ਘਨੇਰੋ’ ॥੧੪॥ ‘ਸੁਨਹੁ
ਸੰਤ ਜੀ ਕਹਾ ਬਖਾਨੌਂ[6] ।ਤੁਮ ਅੰਤਰ ਜਾਮੀ ਸਭਿ ਜਾਨੌਂ।ਤਦਪਿ ਆਪਨੈ
ਬੂਝਨ ਕੀਨਾ। ਅਚਰਜ ਸੁਨਹੁ, ਕਹਉਂ ਹੈ ਦੀਨਾ ॥੧੫ ॥ ਮੈਂ ਥੇ ਢੂੰਬਨ
ਕੌਰਿ ਚਰਾਵਾ। ਤਿਨਹਿ ਛੋਰਿ ਤੁਮਰੇ ਢਿਗ ਆਵਾ।ਜਬ ਮੈਂ ਬੋਲਯੋ ਬਚਨ
ਕਠੋਰੇ। ਤਬ ਹੀ ਮਰਿਗੇ ਢੂੰਬੇ ਮੋਰੇ ॥ ੧੬ ॥ ਬਖਸ਼ਹੁ ਜਿਤੋ ਕਰਯੋ ਅਪ-
ਰਾਧੂ। ਖਿਮਾ ਰੂਪ ਕਰੁਨਾਕਰ ਸਾਧੂ !। ਜੇ ਘਰਿ ਜਾਵੈਂ ਨਰ ਗਹਿ ਆਈ[7]।
ਭਗੌਂ ਵਹਿਰ[8] ਪਰਵਾਰ ਗਹਾਈ[9] ॥ ੧੭ ॥ ਰਹਯੋ ਨ ਥਾਨ ਕਹੂੰ ਮੁਝ
ਜਾਨੈ। ਸ਼ਰਨ ਅਯੋ ਮੈਂ*ਕ੍ਰਿਪਾਨਿਧਾਨੇ!। ਇਕ ਤੋ ਗਈ ਜੀਵਕਾ ਸਾਰੀ।
ਦੁਤਿਯ ਗਹੈਂ ਨਰ ਦੇਵਹਿ ਗਾਰੀ[10]’॥ ੧੮ ॥ ਸੁਨਿਕੈ ਕ੍ਰਿਪਾ ਕੀਨਿ ਗੁਨ-
ਖਾਨੀ। ਬਿਗਸੰਤਿ ਮੰਦ ਕਹੀ ਮ੍ਰਿਦੁ ਬਾਨੀ। ‘ਜਹਾਂ ਮਰੇ ਹੈਂ ਢੂੰਬੇ ਤੋਰੇ।
ਚਲਿਕਰਿ ਜਾਉ ਅਬੈ ਤਿਸ ਠੌਰੇ ॥੧੯॥ਵਾਹਿਗੁਰੂ ਮੁਖ ਨਾਮ ਉਚਰਿਯੈ।
ਢੂੰਬੇ ਸਰਬ ਜਿਵਾਇ ਉਠਰਿਯੈ’। ਸੁਨਤਿ ਬਚਨ ਹਿਰਦੇ ਹਰਖਾਨਾ।ਕਰਿ
ਬੰਦਨ ਗਮਨਯੋ ਤਿਹ ਥਾਨਾ ॥ ੨੦ ॥ ‘ਵਾਹਿਗੁਰੂ’ ਕਹਿ ਸਭੈ ਜਿਵਾਰੇ।
ਉਠਿਕੈ ਚਰਨਿ ਲਗੇ[11] ਪੁਨ ਸਾਰੇ।ਇਸ ਪ੍ਰਕਾਰ ਕੋ ਅਚਰਜ ਦੇਖਾ।ਹਿਰਦੇ
ਚੱਕ੍ਰਿਤ ਭਯੋ ਵਿਸ਼ੇਖਾ ॥ ੨੧ ॥ ਤਹਿਂ ਸਥਾਨ ਢੂੰਬੇ ਤਜਿ ਬ੍ਰਿੰਦਾ। ਬੈਠਯੋ
ਨਿਕਟਿ ਆਨਿ ਸੁਖਕੰਦਾ । ਕਹੈ ਕਿ ‘ਅਬ ਮੈਂ ਕਹੂੰ[12] ਨ ਜਾਵੈਂ। ਤੁਮਰੇ
ਪਗ ਕੀ ਸੇਵ ਕਮਾਵੈਂ’ ॥੨੨॥ ਤਿਹ ਕਹਿ ਰਹੇ,ਨ ਗਯੋ ਅਵਾਸਾ। ਰਹਯੋ
ਰੈਨ ਸਤਿਗੁਰ ਕੇ ਪਾਸਾ। ਭਈ ਭੋਰ ਢੂੰਬਨ ਕੇ ਮਾਲਿਕ। ਖੋਜਨ ਲਗੇ

[1]ਕੀ ਕਹਾਂਗਾ ? [2]ਝੂਰਨ। [3]ਕਠੋਰ। [4]ਵਿਆਕੁਲ ਹੋਇਆ। [5]ਮੁੜ। [6]ਕੀ ਦੱਸਾਂ। [7]ਆ ਕੇ ਫੜ ਲੈਣਗੇ। [8](ਜੇ) ਦੌੜ ਜਾਵਾਂ ਬਾਹਰ। [9]ਕੁਟੰਬ ਫੜਿਆ ਜਾਇਗਾ। [10]ਗਾਲੀ।
[11]ਚੁਗਣ ਲਗ ਪਏ। [12]ਕਿਤੇ ਭੀ। *ਪਾ:–ਤੁਝ।

Sri Satguru Jagjit Singh Ji eLibrary NamdhariElibrary@gmail.com

ਬਿਪਨ[1] ਤਤਕਾਲਕ॥੨੩॥ ਸਤਿਗੁਰ ਨਿਕਟ ਕਿਤਿਕ ਨਰ ਆਏ। ਤਿਸਹਿ ਬਿਲੋਕਤਿ ਬੈਨ ਅਲਾਏ। 'ਜਵ! ਤੂੰ ਬੈਠਿ ਰਹਜੋ ਇਹ ਥਾਏ। ਸਗਰੇ ਦੂੰਬੇ ਕਹਾਂ ਗਵਾਏ?॥ ੨੪॥ ਕਿਹ ਸਥਾਨ ਮਹਿਂ ਦੀਨ ਦੁਰਾਏ[2]। ਗਹਿ ਮਾਰਹਿਂ ਨਤੁ[3] ਦੇਹੁ ਬਤਾਏ[4]'। ਸੁਨਿ ਕਰਿ ਬੋਲਜੋ ਬਚਨ ਅਯਾਲੀ।'ਇਹਾਂ ਨ ਬੋਲਹੁ ਗਿਰਾ ਕੁਢਾਲੀ[5]*॥੨੫॥ ਸੰਤ ਨਿਕਟਿ ਕਲ ਮੈਂ ਜਬ ਆਵਾ। ਕਰੀ ਬਿਅਦਬੀ ਪਰੁਖ[6] ਅਲਾਵਾ। ਭਾ ਤਤਛਿਨ ਦੁੰਬਨ ਕੋ ਨਾਸ਼। ਤਿਨ ਪਿਖਿ ਪੁਨ ਆਯੋ ਇਨ ਪਾਸਾ॥੨੬॥ ਆਨਿ ਬੇਨਤੀ ਕੀਨਿ ਅਗਾਰੀ।ਬੰਦੇ ਚਰਨ ਮਹਾਂ ਸੁਖਕਾਰੀ। ਸੁਨਤਿ ਸੰਤ ਇਨ ਬਚਨ ਉਚਾਰੇ।-ਵਾਹਿਗੁਰੂ ਕਹਿ ਲੇਹੁ ਜਿਵਾਰੇ-॥੨੭॥ ਜਾਇ ਤਹਾਂ ਸੋ ਬਿਧਿ ਮੈਂ ਕੀਨੀ। ਮਾਰੇ ਜਿਤੇ ਜਿਵਾਇ ਸੁ ਦੀਨੀ।ਇਹ ਮੂਰਤ ਹੈ ਆਪ ਖੁਦਾਇ।ਮੁਝ ਤੇ ਸੰਗ ਨ ਛੋਡਜੋ ਜਾਇ॥੨੮॥ਦੂੰਬੇ ਚਾਰਨ ਤੁਮਰੇ ਤਜਾਗੇ।ਖੋਜਿ ਲੇਹੁ ਬਨ ਮੈਂ ਅਬ ਆਗੇ॥ ਮੋਰ ਭਰੋਸਾ ਛੋਰਿ ਬਹੋਰੀ। ਮਾਲ ਸੰਭਾਰਹੁ ਬਿਪਨ ਢੰਢੋਰੀ[7]'॥੨੯॥ਮਾਨਵ ਸਰਬ ਸੁਨੇ ਬਿਸਮਾਨੇ। ਸਾਚ ਬ੍ਰਿਤਾਂਤ ਜਬਹਿ ਮਨ ਜਾਨੇ। ਗੁਰ ਪਦ ਬੰਦਨ ਕੀਨੀ ਸਭਿਹੀ। ਖੋਜਜੋ ਬਹੁਤ ਬਿਪਨ ਕੋ ਤਬਹੀ॥ ੩੦॥ ਦੂੰਬੇ ਲੇ ਨਗਰੀ ਮਹਿਂ ਆਏ। ਜਸ ਗੁਰ ਕਾ ਤਬ ਬਢਜੋ ਮਹਾਏ[8]। ਸਭੀ ਲੋਗ ਮਿਲਿ ਚਰਨੀ ਲਾਗੇ। ਭੇਟਾ ਧਰਹਿਂ ਉਪਾਇਨ ਆਗੇ†॥੩੧॥ ਖੁਸ਼ੀ ਹੋਨਿ ਸ਼੍ਰੀ ਗੁਰ ਕੀ ਲਾਗੀ। ਪਾਹੁਲ ਲੈਨਿ ਲਗੇ ਬਡਿਭਾਗੀ। ਸਤਿਗੁਰ ਕੋ ਸਿਮਰਨ ਮੁਖ ਕਰਿਹੀਂ। ਸਰਬ ਬਿਕਾਰ ਰਿਦੇ ਪਰਹਰਿਹੀਂ॥ ੩੨॥ ਪੁਰਿ ਮਹਿਂ ਗਵਨੇ ਪੁਨ ਗੁਨਖਾਨੀ। ਧਰਮਸਾਲ ਇਕ ਰਚੀ ਮਹਾਨੀ। ਨਾਮ ਦਾਨ ਇਸ਼ਨਾਨ ਦ੍ਰਿੜਾਯੋ। ਸਿੱਖੀ ਮਗ ਤਿਸ ਦੇਸ਼ ਚਲਾਯੋ॥੩੩॥ ਮਹਿਮਾ ਪੁਰਿ ਮਹਿਂ ਬਧੀ ਅਪਾਰਾ। ਲਿਖਹਿਂ ਸ਼ਬਦ ਗੁਰ ਕਰਹਿ ਉਚਾਰਾ। ਪਢਹਿਂ ਪ੍ਰੀਤ ਸੋਂ ਕੀਰਤਿ ਕਰਿਹੀਂ।ਸ਼੍ਰੀ ਨਾਨਕ ਮਹਿਂ ਸ਼ਰਧਾ ਧਰਿਹੀਂ॥੩੪॥ਤਹਿਂ ਇਕ ਪੰਡਿਤ ਰਹਤਿ ਸੁਜਾਨਾ। ਸਭਿ ਬਿਦਿਆ ਮੈਂ ਨਿਪੁਨ[9] ਨਿਧਾਨਾ[10]। ਸ਼੍ਰੀ

---

[1]ਬਨ। [2]ਛੁਪਾਏ। [3]ਨਹੀਂ ਤਾਂ। [4]ਦਸ ਦੇਹ। [5]ਖੋਟੀ। [6]ਕਠੋਰ। [7]ਜੰਗਲ ਵਿਚੋਂ ਢੂੰਡਕੇ। [8]ਬੜਾ ਹੀ। [9]ਚਤੁਰ। [10](ਵਿਦਜਾ ਦਾ) ਖਜ਼ਾਨਾ। *ਪਾ:—ਕੁਚਾਲੀ।

†ਇਸ ਚੌਪਈ ਦਾ ਤਿੰਨ ਲਿਖਤੀ ਨੁਸਖਿਆਂ ਵਿਚ ਐਉਂ ਪਾਠ ਹੈ:—

ਦੂੰਬੇ ਲੇ ਨਗਰੀ ਮਹਿ ਗਏ। ਮਹਿਮਾ ਸ੍ਰੀ ਗੁਰ ਭਾਖਤ ਭਏ।
ਧਨੀ ਲੋਗ ਆਵਨ ਬਹੁ ਲਾਗੇ। ਬੰਦੈਂ ਧਰਹਿ ਉਪਾਯਨ ਆਗੇ॥੩੧॥

Sri Satguru Jagjit Singh Ji eLibrary NamdhariElibrary@gmail.com

ਨਾਨਕ ਮਹਿਮਾ ਤਿਨ ਸੁਨੀ।–ਦਰਸ਼ਨ ਕਰੌਂ–ਰਿਦੈ ਅਸ ਗਨੀ ॥ ੨੫॥
ਪੁਸਤਕ ਲਦੇ ਉਸ਼ਟ[੧] ਜਿਨ ਦੋਊ*। ਗਾਮਨਤਿ[੨] ਸੰਗ ਰਹਤਿ ਹੈਂ ਸੋਊ।
ਸਾਲਗਰਾਮ ਗਲੇ ਮਹਿਂ ਪਾਵਾ। ਤਨ ਮਹਿਂ ਦ੍ਵਾਦਸ਼[੩] ਤਿਲਕ ਲਗਾਵਾ
॥੨੬॥ ਜਹਿ ਬੈਠੇ ਬੇਦੀ ਕੁਲ ਦੀਪਾ। ਸੋ ਪੰਡਿਤ ਚਲਿ ਆਇ ਸਮੀਪਾ।
ਬੈਠਯੋ ਰਾਮ ਰਾਮ ਕੋ ਕਰਿ ਕੈ।ਬਿੱਦਯਾ ਗਰਬ ਰਹਯੋ ਉਰ ਭਰਿਕੈ॥੨੭॥
ਬੋਲਯੋ ਬਹੁਰੋ ਬਚਨ ਦੁਰਾਸਾ[੪]।'ਸੰਤ ਹੋਇ ਕਿਉਂ ਖਾਵਤਿ ਮਾਸਾ?।ਕਿਉਂ
ਤਨ ਊਪਰ ਚਰਮ[੫] ਲੀਨਾ। ਇਹ ਤੁਮ ਕਰਮ ਵਿਪਰਜੈ ਕੀਨਾ' ॥੨੮॥
ਗੁਰ ਊਪਰ ਤਬ ਥੀ ਪੁਸ਼ਤੀਨੈ[੬]।ਸੁਨਿ ਪੰਡਿਤ ਕੇ ਬਚਨ ਪ੍ਰਬੀਨੈ[੭]।ਸਿੱਖਯਾ
ਦੇਨਿ ਹੇਤੁ ਤਿਹ ਸੰਗਾ। ਉਚਰਯੋ ਸ਼ਬਦ ਸੁ ਪ੍ਰੇਮ ਉਮੰਗਾ॥ ੨੯॥

ਸ੍ਰੀ ਮੁਖਵਾਕ:— ਸਲੋਕੁ ਮਃ ੧ ॥

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ
ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥ ਪੜੀਅਹਿ ਜੇਤੇ ਬਰਸ ਬਰਸ
ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧ ॥ †

੧ਊਠ। ੨ਚਲਦਿਆਂ। ੩ਬਾਰਾਂ ਅੰਗ ਜਿਨ੍ਹਾਂ ਤੇ ਵੈਸ਼ਨਵ ਤਿਲਕ ਲਾਂਦੇ ਹਨ:—ਮੱਥਾ, ਕੰਠ, ਛਾਤੀ, ਪੇਟ, ਦੋ ਵੱਖੀਆਂ, ਦੋ ਮੋਢੇ, ਦੋਇ ਬਾਹਵਾਂ, ਪਿਠ ਤੇ ਲਕ। ੪ਖੋਟਾ। ੫ਚੰਮ। ੬ਪੋਸਤੀਨ, ਸਮੂਰ। ੭ਪ੍ਰਬੀਨ (ਗੁਰੂ ਜੀ) ਨੇ।

*ਆਮ ਤੌਰ ਤੇ ਕਸਮੀਰ ਵਿਚ ਊਠ ਨਹੀਂ ਸਨ ਹੁੰਦੇ, ਮੁਰਾਦ ਹੈ ਇੰਨੇ ਪੁਸਤਕ ਜਿੰਨੇ ਦੋ ਊਠ ਚੁੱਕ ਸਕਣ। ਪਰੰਤੂ ਕਿਸੇ ਖਾਸ ਖਾਸ ਹਾਲ ਵਿਚ ਊਠ ਦਾ ਹੋਣਾ ਅਸੰਭਵ ਭੀ ਨਹੀਂ, ਅਜ ਕਲ ਊਠ ਓਥੇ ਵੇਖੀਦੇ ਹਨ। ਹੋ ਸਕਦਾ ਹੈ ਕਿ ਗੁਜਰਾਤ ਦਾ ਰਸਤਾ ਕਾਫੀ ਚੌੜਾ ਹੋਵੇ ਤੇ ਉਸ ਸਮੇਂ ਬਾਰ ਬਰਦਾਰੀ ਹੇਠੋਂ ਪਹਾੜਾਂ ਤੇ ਊਠਾਂ ਪਰ ਜਾਂਦੀ ਹੋਵੇ।

†ਇਕ ਨੁਸਖੇ ਵਿਚ ਇਸ ਸ਼ਬਦ ਦੀ ਥਾਂਵੇਂ ਇਹ ਸ਼ਬਦ ਹੈ:—ਸਲੋਕ ਮਹਲਾ ੩ ॥
ਗੁਰ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥ ਸਭ ਦਿਸੈ
ਹਰੀਆਵਲੀ ਸਰ ਭਰੇ ਸੁਭਰ ਤਾਲ ॥ ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ
ਲਾਲੁ ॥ ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥ ਮਨਮੁਖ
ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥ ਫਾਹੀ ਫਾਥੇ ਮਿਰਗ ਜਿਉ ਸਿਰਿ
ਦਿਸੈ ਜਮਕਾਲੁ ॥ ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ
ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥ ਮੂਲੁ ਰਹੈ ਗੁਰੁ ਸੇਵਿਐ ਗੁਰ
ਪਉੜੀ ਬੋਹਿਥੁ ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥ ੧ ॥

(ਆਗੇ) ਦੂਜ [illegible]

Sri Satguru Jagjit Singh Ji eLibrary NamdhariElibrary@gmail.com

ਦੋਹਰਾ॥'ਸੁਨਿ ਪੰਡਿਤ! ਬਿਨ ਸਤਿਗੁਰੂ ਮਾਰਗ ਹਾਥ ਨ ਆਇ।ਬਿਨ ਤਾਰੀ ਤਾਰੋ ਭਿਰਯੋ[੧] ਖੁਲੇ ਨ, ਕਰੇ ਉਪਾਇ ॥ ੪੦॥ ਚੌਪਈ॥ ਪੂਰਨ ਪੁੰਜ ਪੁੰਨ ਜਬ ਹੋਇ। ਮਿਲਹਿ ਗੁਰੂ ਉਪਦੇਸ਼ਹਿ ਸੋਇ। ਸਾਰਾਸਾਰ[੨] ਲਖਾਵੈ ਜਬੈ। ਗ੍ਰਹਨ ਤਯਾਗਨੋ[੩] ਜਾਨੈ ਤਬੈ ॥ ੪੧ ॥ ਮਿਟੈ ਭਰਮ ਚਿਤ ਸ਼ਾਂਤੀ ਪਾਇ। ਅਨਿਕਕਲਪਨਾਰਿਦੈ ਨ ਸਾਇ।ਵਹਿਰ ਬੇਖਪਰਦ੍ਰਿਸ਼ਟਿ ਨ ਧਾਰੈ।ਅੰਤਰ-ਮੁਖੀ ਬ੍ਰਿੱਤਿ ਕੋ ਪਾਰੈ[੪] ॥੪੨॥ ਸੁਨਿ ਪੰਡਿਤ! ਉਰ ਲੇਹੁ ਬਿਚਾਰੀ।ਜਬ ਲੌ ਮਨ ਹੈ ਬਿਸ਼ੈ ਬਿਕਾਰੀ।ਵਹਿਰ ਭੇਖ ਤਬ ਲੌ ਸਭਿ ਕਾਚਾ।ਸਾਚ ਸੰਗ ਰੰਚਿਕ ਨਹਿਂ ਰਾਚਾ ॥੪੩॥ ਸਹਹਿ ਸੀਸ ਜਮ ਡੰਡ ਬਿਸਾਲਾ। ਸਦਾ ਫਸੇ ਤ੍ਰਿਸ਼ਨਾ ਕੇ ਜਾਲਾ। ਕਾਮ ਕ੍ਰੋਧ ਮਦ ਮਾਨ[੫] ਮਲੀਨੇ। ਨਿਜ ਸਰੂਪ ਲਖਹਿਂ ਨ ਮਤਿ ਹੀਨੇ॥੪੪॥ਪੁਰਬ ਪੁੰਨ ਪੁੰਜ ਹੈਂ ਜਬਿਹੀ।ਮਿਲਹਿਂ ਕ੍ਰਿਪਾ ਕਰਿ ਸਤਿਗੁਰੁ* ਤਬਿ ਹੀ।ਨਿਜ ਸਰੂਪ ਕੋ ਦੇਹਿਂ ਦਿਖਾਈ।ਭਰਮ ਕਰਮ ਤੇ ਲੇਹਿਂ ਛੁਡਾਈ ॥੪੫॥ਹੰਤਾ ਤਯਾਗ ਸਰਬਦੁਖ ਹਰਿਹੀਂ[੬]।ਪਰਾਲਬਧ ਸੋਂ ਭੁੰਚਨ[੭] ਕਰਿਹੀ। ਕਾਹਿ[੮]ਵਸਤੁ ਕੀ ਕਰਹਿ ਨ ਆਸਾ।ਰਿਦੈ ਅਨੰਦ ਸਦੀਵ ਨਿਰਾਸਾ'॥੪੬॥ ਇਉਂ ਸੁਨਿ ਪੰਡਿਤ ਬੰਦਨਕੀਨੀ।ਰਿਦੈ ਦ੍ਵੈਤ ਮਤਿ ਰਹਿਗੀਭੀਨੀ[੯]।ਅੰਤਰ ਜਾਮੀ ਜਾਨੀ ਉਰਕੀ। ਅਸ ਕੋ ਤਾਬ[੧੦] ਸਹੈ ਸਤਿਗੁਰ ਕੀ ॥੪੭॥ ਕਹਯੋ ਬਚਨ[੧੧] 'ਪੰਡਿਤ! ਕਿਤ ਜਾਵਹੁ[੧੨]। ਅਪਨੋ ਗੁਰੂ ਕਰੋ ਜਿਤ ਪਾਵਹੁ[੧੩]'। [੧੪]'ਸੁਨਹੁ ਸੰਤ!ਅਬ ਕਿਹਠਾਂ ਜਾਈ ?। ਗੁਰੂ ਕਰੋਂ,ਤੁਮ ਦੇਹੁ ਬਤਾਈ' ॥੪੮॥ ਸੁਨਿ ਪੁਨ ਬੋਲੇ ਕ੍ਰਿਪਾਨਿਧਾਨਾ। 'ਇਤ ਦਿਸ਼ ਜਾਹੁ ਬਡੀ ਉਦਿ-ਆਨਾ। ਬੈਠੇ ਸੰਤ ਚਾਰ ਤਿਹ ਥਾਈਂ।ਤਿਨ ਪੂਛਹੁ ਸੋ ਦੇਹਿ ਬਤਾਈ'॥੪੯॥ ਤਬ ਪੰਡਤ ਗਮਨਯੋ ਤਿਸ ਪਾਸਾ†। ਦੇਖੇ ਜਾਇ ਸੰਤ ਸੁਖਰਾਸਾ। ਕਹੀ ਹਕੀਕਤ[੧੫] ਬੰਦਨ ਕਰਿਕੈ। ਦੁਬਿਧਾ ਰਹਯੋ ਰਿਦੇ ਮਹਿ ਭਰਿਕੈ॥ ੫੦ ॥

---

[੧]ਕੁੰਜੀ ਬਿਨਾਂ ਬੰਦ ਹੋਯਾ ਜੰਦਰਾ। [੨]ਸੱਚ ਝੂਠ। [੩](ਕੀਹ) ਰਖਣਾ ਹੈ (ਕੀਹ) ਤਿਆਗਣਾ ਹੈ। [੪]ਪਾਲਦਾ ਹੈ। [੫]ਹੰਕਾਰ ਦੇ ਮਦ ਕਰ। [੬]ਨਾਸ਼ ਕਰ ਦੇਂਦੇ ਹਨ। [੭]ਭੋਗਨਾ। [੮]ਕਿਸੇ। [੯]ਦ੍ਵੈਤ ਵਾਲੀ ਮੱਤ ਭਿਜੀ ਰਹਿ ਗਈ। [੧੦]ਤਾਕਤ। [੧੧]ਗੁਰੂ ਜੀ ਨੇ ਬਚਨ ਕਹਿਆ। [੧੨]ਕਿਧਰੋ ਜਾਓ। [੧੩]ਗੁਰੂ ਧਾਰਨ ਕਰੋ ਜਿਥੋਂ ਮਿਲੇ। [੧੪]ਪੰਡਤ ਬੋਲਿਆ। [੧੫]ਹਾਲ।

*ਪਾ:—ਕ੍ਰਿਪਾਲ ਸਤਿਗੁਰੂ। †ਪਾ:—ਤਿਸ ਆਸਾ।

[ਪਿਛਲੇ ਪੰਨੇ ਦਾ ਬਾਕੀ ਸ਼ਬਦ]

ਮਹਲਾ ੧ ॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥ ੨ ॥ [ਵਾਰ ਮਲਾਰ ਮ:੧

ਬੋਲੇ ਸੰਤ ਜਾਨਿ ਤਿਹ ਹੇਤਾ।'ਤਵ ਗੁਰ ਆਗੇ ਬੀਚ ਨਿਕੇਤਾ*।ਨਿਸਦਿਨ ਜਾਂ ਮਹਿ ਰਹਿਂ ਹਿਤ ਧਾਰੀ।ਕਰਹੁ ਗੁਰੂ ਤਿਹ ਜਾਇ ਅਗਾਰੀ'॥੫੧॥ਸੁਨਿ ਪੰਡਿਤ ਆਗੈ ਜਬ ਗਯੋ'ਇਕਮੰਦਿਰ ਤਬ ਦੇਖਤਿ ਭਯੋ।ਤਿਹ ਮਹਿਂਦੇਖੀ ਸੁੰਦਰ ਨਾਰੀ।ਭੂਖਨ ਕੇਰ ਸਿੰਗਾਰ ਸਿੰਗਾਰੀ[੧]॥੫੨॥ਬਸਤ੍ਰ ਕਸੁੰਭੀ ਪਹਿਰੇ ਸਾਰੇ।ਖਿਲਤ[੨]ਇਕੇਲੀ ਅਨਦ ਮਝਾਰੇ। ਪੰਡਿਤ ਹਿਰਦੈ ਅਸ ਅਨੁਮਾਨੀ। -ਸ਼ਕਤਿਵਾਨ ਇਹ-ਅਸ† ਪਹਿਚਾਨੀ॥੫੩॥ ਸਿਰ ਨਿਵਾਇ ਜਬ ਬੰਦਨ ਕੀਨੀ।ਤਿਹ ਪਨਹੀ[੩] ਇਹਕੇ ਸਿਰ ਦੀਨੀ। ਤਿਹ ਊਪਰ ਬਸ ਚਲਤਿ ਨ ਕੋਊ।ਹਟਯੋ ਬਿਸੁਰਤਿ ਪਾਛੈ ਸੋਊ॥੫੪॥ਸੰਤਨ ਕੇ ਸਮੀਪ ਜਬ ਆਯੋ।ਹਸੇ ਬਿਲੋਕਤਿ ਬਚਨ ਅਲਾਯੋ। 'ਕਿਉਂ ਤੂਰਨਤੂੰ ਮੁਰਿਕੇ ਆਵਾ?ਕਿਯੋ[੪]ਗੁਰੂ, ਕੈ ਤੋਹਿ ਨ ਪਾਵਾ ?'॥੫੫॥ਪੰਡਿਤ ਲੱਜਿਤ ਬੋਲਯੋ ਬਾਨੀ। 'ਤਿਹ ਘਰ ਮਹਿਂ ਇਕ ਨਾਰਿ ਮਹਾਨੀ।ਕ੍ਰੂਰ ਸੁਭਾਵ ਅਹੈ ਜਿਸ ਕੇਰਾ। ਬੇਮੁਹਤਾਜਹਿ[੫] ਮਾਨ ਘਨੇਰਾ'' ॥੫੬॥ ਸੁਨਿ ਸੰਤਨ ਪੁਨ ਬੈਨ ਅਲਾਯੋ।'ਸੋਊ ਗੁਰੁ ਤਵ, ਜਿਹ ਮਨ ਲਾਯੋ। ਨਿਸਾ ਦਨੇਸ ਜਿਹ ਕੀ ਲਿਵ ਉਰਮੈਂ । ਲਖੀਯੈ ਸੋ ਲਖਮੀ[੬] ਤਿਹ ਘਰ ਮੈਂ ॥੫੭॥ ਜਿਹ ਕੋ ਪਾਇ ਨਹੀਂ ਤ੍ਰਿਪਤਾਨਾ। ਤ੍ਰਿਸ਼ਨਾ ਅਧਿਕਹਿ ਅਧਿਕ ਬਧਾਨਾ[੭]।ਸ੍ਰੀ ਨਾਨਕ ਗਤਿਦਾ ਕੋ ਤਯਾਗੀ। ਭਰਮਤਿ ਫਿਰਤਿ ਅਪਰ ਅਨੁਰਾਗੀ[੮]॥੫੮॥ਜਾਇ ਛਿਮਾਪਨਕੋ ਕਰਿਵਾਵਹੁ।ਸ਼ਰਧਾ ਧਰਿ ਅਡੋਲ ਮਨਲਾਵਹੁ।ਕਰਹੁ ਗੁਰੂ,ਗਤਿਹੋਵਹਿ ਤੇਰੀ।ਬਹੁਰ ਨਪਾਵਹਿ ਜਗ ਮਹਿ ਫੇਰੀ'॥੫੯॥ ਸੁਨਿ ਪੰਡਿਤ ਸ਼ਰਧਾ ਧਰਿ ਭੂਰੀ। ਆਨਿ ਲੀਨਿ ਪੰਕਜ ਪਦ ਧੂਰੀ।ਉਰ ਤੇ ਸਗਰੀ ਦ੍ਵੈਤ ਬਿਸਾਰੀ।ਪਾਹੁਲ ਲੇਨਿ ਭਯੋ ਅਧਿਕਾਰੀ॥੬੦॥ ਸ੍ਰੀਗੁਰ ਕਰਿ ਇਉਂ ਦੁਰਮਤਿ ਦੂਰੀ[੯]।ਦੇਤਿ ਭਏਪਦ ਪਾਹੁਲ ਰੂਰੀ। ਧ੍ਰਮਸਾਲਾ ਮਹਿਂ ਸੋ ਬੈਸਾਯੋ‡। ਨਾਮ ਦਾਨ ਇਸ਼ਨਾਨ ਦ੍ਰਿੜਾਯੋ ॥

[੧]ਗਹਿਣਿਆਂ ਦੇ ਸ਼ਿੰਗਾਰ ਨਾਲ ਸ਼ਿੰਗਾਰੀ ਹੋਈ। [੨]ਖੇਡਦੀ। [੩]ਜੁੱਤੀ। [੪]ਧਾਰਨ ਕੀਤਾ। [੫]ਬੇ ਪਰਵਾਹ ਤੇ ਹੰਕਾਰਨ ਹੈ। [੬]ਮਾਇਆ। [੭]ਵਧਾ ਲਈ ਹੈ। [੮]ਹੋਰਨਾਂ ਦਾ ਪ੍ਰੇਮੀ ਹੋਕੇ। [੯]ਗੁਰੂ ਨਾਨਕ ਜੀ ਨੇ ਇਸ ਤਰ੍ਹਾਂ ਉਸ ਦੀ ਦੁਰਮਤੀ ਦੂਰ ਕਰਕੇ।

*ਪੁਰਾਤਨ ਜਨਮ ਸਾਖੀ ਵਿਚ ਏਥੇ ਮੰਦਰ ਲਿਖਿਆ ਹੈ। †ਪਾਃ—ਅਤਿ।

‡ਇਹ ਸਾਖੀ ਪੁਰਾਤਨ ਜਨਮ ਸਾਖੀ ਵਿਚ ਵੀ ਹੈ। ਬ੍ਰਹਮ ਦਾਸ ਬੀਜ ਬਿਹਾੜੇ ਦਾ ਵਾਸੀ ਸੀ ਜੋ ਮਾਰਤੰਡ ਚਸ਼ਮੇ ਤੇ ਸਤਿਗੁਰਾਂ ਨੂੰ ਮਿਲਿਆ, ਚਸ਼ਮੇ ਦੇ ਤਲਾਉ ਵਿਚਕਾਰ ਥੜਾ ਸੀ ਜਿੱਥੇ ਸਤਿਗੁਰਾਂ ਨਾਲ ਵਿਚਾਰ ਹੋਈ, ਥੜਾ ਹੁਣ ਢੱਠਾ ਪਿਆ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

੬੧॥ਸਿੱਖੀ ਮਗ ਮਹਿੰ ਬਹੁ ਨਰ ਆਏ।ਸਿਮਰਹਿ ਸਤਿਗੁਰ ਕੋ ਲਿਵਲਾਏ। ਕਿਤਿਕ ਦਿਵਸ ਗੁਰ ਰਾਖਯੋ ਡੇਰਾ । ਭਾਉ ਭਗਤਿ ਵਿਸਤਾਰ ਘਨੇਰਾ॥ ੬੨ ॥ ਤਹਿੰ ਤੇ ਬਿਦਾ ਹੋਇ ਬਰਿਆਈ[੧]।ਅਪਰ ਥਾਨ ਗਮਨੇ ਜਗਸਾਈਂ। ਅਨਿਕ ਨਰਨਿ ਕੋ ਕੀਨ ਉਧਾਰਾ । ਗਰਬਨਿ[੨] ਕੋ ਜਿਨਿ ਗਰਬ ਨਿਵਾਰਾ ॥੬੩॥ਦੋਹਰਾ॥ਸਿੰਧ ਮਹਾਂ ਨਦਿ[੩] ਕੇ ਉਰੇ ਪਚਿਸ* ਕੋਸ ਪਰ ਥਾਂਨ। ਗਿਰ ਊਚੇ ਕੌਸਕ[੪] ਤਹਾਂ ਦੇਖਯੋ ਕ੍ਰਿਪਾ ਨਿਧਾਨ ॥੬੪॥ ਚੌਪਈ॥ ਤਰੁਵਰ ਹਰਿਤ ਤਰੇ[੫] ਥਲ ਸੁੰਦਰ। ਬੈਠੇ ਗੁਰੂ ਸਗਲ ਗੁਨ ਮੰਦਿਰ। ਸਹਿਜ ਸੁਭਾਇਕ ਕੌਤਿਕ ਕਾਲਾ। ਬੀਤ ਗਯੋ ਤਿਸ ਥਾਨ ਕ੍ਰਿਪਾਲਾ॥੬੫॥ਮਰਦਾਨੇ ਕੋ ਜਲ ਕੀ ਚਾਹੂ ॥ ਭਯੋ ਤ੍ਰਿਖਾਤੁਰ ਕਹਿ ਗੁਰ ਪਾਹੂ। 'ਹੇ ਪ੍ਰਭੁ ਇਹਾਂ ਨੀਰ ਨਹਿ ਨੇਰੈ। ਕਰਨ ਪਾਨ[੬] ਕੀ ਇੱਛਾ ਮੇਰੈ ॥੬੬॥ ਰਾਵਰ ਕੋ ਸਭਿ ਗਯਾਤਾ ਅਹੈ। ਕਰਹੁ ਬਤਾਵਨ ਜਿਹਠਾਂ ਲਹੈ[੭]। ਜੇ ਨੇਰੈ ਨਹਿੰ, ਚਲਹੁ ਅਗਾਰੀ। ਬੈਠਹੁ ਤਹਿੰ ਜਹਿ ਸੁੰਦਰ ਬਾਰੀ[੮] ॥ ੬੭ ॥ ਸ੍ਰੀ ਨਾਨਕ ਸੁਨਿ ਕੈ ਕਹਿ ਬਾਨੀ।

[੧]ਜ਼ੋਰੋ ਜ਼ੋਰੀ। [੨]ਹੰਕਾਰੀਆਂ ਦਾ। [੩]ਦਰਯਾ ਸਿੰਧ। [੪]ਚੜ੍ਹਾਈ ਦੇ ਕੋਸ ਭਰ ਦੀ ਮੁਰਾਦ ਹੈ। [੫]ਹੇਠ (ਪਹਾੜੀ ਤੋਂ)। [੬]ਪੀਵਣ। [੭]ਜਾਣਦੇ ਹੋ (ਅ) ਜਿਥੋਂ ਲੈ ਲਵਾਂ। [੮]ਜਲ।

*ਪਾ:—ਪੰਚ। ਪੰਚ ਉਤਾਰੇ ਵਾਲਿਆਂ ਦੀ ਭੁੱਲ ਜਾਪਦੀ ਹੈ।

☞(ਪਿਛਲੇ ਪੰਨੇ ਦੀ ਬਾਕੀ ਟੂਕ)

ਪਾਣੀ ਵਿਚ ਦਿਸਦਾ ਹੈ। ਚਸ਼ਮੇ ਦੇ ਕਿਨਾਰੇ ਸੱਤ ਧਰਮਸਾਲਾ ਹੈਸਨ ਤੇ ਛੇ ਸਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪ੍ਰਕਾਸ਼ ਹੁੰਦੇ ਸਨ। ਵੀਹ ਪੰਝੀ ਵਰਹੇ ਹੋਏ ਤਾਂ ਇਕ ਧਰਮਸਾਲਾ ਚਸ਼ਮੇ ਦੇ ਉਪਰ ਅਜੇ ਕਾਇਮ ਹੈਸੀ, ਜਿਨ੍ਹਾਂ ਨੇ ਤੱਕੀ ਹੈ ਦੱਸਦੇ ਹਨ। ਇਕ ਧਰਮਸਾਲ ਦੀ ਸਰਦਲ ਅਸਾਂ ਬਾਕੀ ਰਹੀ ਆਪ ਵੇਖੀ ਹੈ। ਹੁਣ ਕਿਨਾਰੇ ਤੋਂ ਪਰੇ ਛੋਟੀ ਜੇਹੀ ਥਾਂ ਵਿਚ ਧਰਮਸਾਲ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਜਿਸ ਮੰਦਰ ਵਿਚ ਮਾਯਾ ਬ੍ਰਹਮ ਦਾਸ ਨੂੰ ਮਿਲੀ ਹੈ, ਓਹ ਕਰੇਵੇ ਦੇ ਉੱਤੇ ਮਾਰਤੰਡ ਦੇ ਢੱਠੇ ਮੰਦਰ ਤੋਂ ਮੁਰਾਦ ਜਾਪਦੀ ਹੈ ਜੋ ਚਸ਼ਮੇ ਤੋਂ ਦੋ ਕੁ ਮੀਲ ਤੇ ਹੈ, ਇਕ ਮਹਿਰਾਬ ੮੦ਕੁ ਫੁਟਮੰਦਰ ਦੀ ਅਜੇ ਖੜੀ ਹੈ,ਬਾਕੀ ਕਹਿੰਦੇ ਹਨ ਕਿ ਇਕ ਬੁਤ ਸ਼ਿਕਨ ਮੁਸਲਮਾਨ ਨੇ ਮੰਦਰ ਢਾਹਿਆ ਸੀ ਤੇ ਢੱਠੇ ਹੋਏ ਪੱਥਰ ਪਏ ਹਨ। ਅਯਾਲੀ ਦੀ ਸਾਖੀ ਇਸ ਚਸ਼ਮੇ ਦੇ ਪਿੱਛੇ ਪਹਾੜੀ ਉਤੇ ਹੋਈ ਜਾਪਦੀ ਹੈ, ਪਰ ਇਸ ਤੋਂ ਅਗੇਰੇ ਜਾਕੇ 'ਐਸ਼ ਮੁਕਾਮ' ਤੋਂ ਇਕ ਮੀਲ ਪਰੇ ਗਨੇਸ਼ ਪੁਰ ਬੰਗਲੇ ਦੇ ਲਾਗੇ ਸ਼ੱਕ ਪੈਂਦਾ ਹੈ ਕਿ ਸ਼ਾਯਦ ਅਯਾਲੀ ਦੀ ਸਾਖੀ ਏਥੇ ਵਰਤੀ ਹੈ। ਹੁਣ ਓਥੇ ਬਾਹਲੇ ਪੰਜਾਬੀ ਗੁੱਜਰ ਰਹਿੰਦੇ ਹਨ। ਕਸ਼ਮੀਰ ਵਿੱਚ ਗੁਰੂ ਜੀ ਸਾਰੇ ਫਿਰੇ ਹਨ। ਸ੍ਰੀ ਨਗਰ (ਤਾਰ ਘਰ ਦੇ ਕੋਲ) ਗੁਰੂ ਜੀ ਦਾ ਟਿਕਾਣਾ ਬਾਬਾ ਸ੍ਰੀ ਚੰਦ ਜੀ ਨੇ ਸੰਭਾਲਿਆ ਸੀ। ਹੁਣ ਉਸ ਥਾਂ ਨੂੰ ਸ੍ਰੀ ਚੰਦ ਜੀ ਦਾ ਚਿਨਾਰ ਆਖਦੇ ਹਨ। ਬਾਬਾ ਆਦਿ ਮੁਸਲਮਾਨ ਫਕੀਰ ਤੇ ਹੋਰ ਲੋਕੀ ਜੋ ਗੁਰੂ ਜੀ ਤੋਂ ਕਸ਼ਮੀਰ ਵਿਚ ਵਰੋਸਾਏ ਸਨ ਓਹ ਪ੍ਰਸੰਗ ਏਥੇ ਨਹੀਂ ਆਏ।

Sri Satguru Jagjit Singh Ji eLibrary NamdhariElibrary@gmail.com

'ਕਰਹੁ ਪਾਨ ਇਤ ਹੀ ਢਿਗ ਪਾਨੀ । ਊਪਰ ਗਿਰਕੇ ਚਢਹੁ ਅਗਾਰੀ। ਤਹਿ ਫਕੀਰ ਇਕ ਵਲੀ ਕੰਧਾਰੀ॥੬੮॥ਤਪ ਕੌ ਕਰਤਿ ਪ੍ਰੀਤਿ ਕੋ ਲਾਇ। ਚਹੈ ਪ੍ਰਲੋਕ ਬਿਖੈ ਸੁਖ ਪਾਇ।ਤੁਰਕ ਦੇਹਿ ਸਮ ਸੋ ਹੈ ਤੇਰੀ।ਕਰਹੁ ਜਾਚਨਾ ਤਹਿਂ ਜਲ ਕੇਰੀ* ॥ ੬੯॥ ਕਰਿ ਕੈ ਪਾਨ ਆਇ ਹੈਂ ਜਾਵਦ। ਇਸ ਤਰੁ ਤਰੇ[1] ਟਿਕਹਿ ਹਮ ਤਾਵਦ[2] । ਸ੍ਰੀ ਗੁਰ ਤੇ ਸੁਨਿ ਕਰਿ ਤਬ ਚਾਲਾ। ਗਿਰ ਪਰ ਜਹਾਂ ਪੀਰ ਕੀ ਸ਼ਾਲਾ[3] ॥੭੦॥ ਸਨੈ ਸਨੈ ਚਲਿ ਕੈ ਮਰਦਾਨਾ । ਕਰਯੋ ਬਿਲੋਕਨ ਸੋ ਸ਼ੁਭ ਥਾਨਾ। ਵਲੀ ਕੰਧਾਰੀ ਬੈਠਯੋ ਜਹਾਂ। ਰਾਖ੍ਯੋ ਨੀਰ ਰੋਕਿ ਕੁਛ ਤਹਾਂ ॥ ੭੧ ॥ ਕਰੀ ਬੰਦਗੀ ਹ੍ਵੈ ਕਰਿ ਤੀਰਾ। 'ਮੁਝਕੋ ਤ੍ਰਿਖਾ, ਦੇਹੁ ਜਲ ਪੀਰਾ !। ਨਿਕਟ ਨ ਮੋਕੋ ਕਿਹ ਠਾਂ ਪਾਯੋ। ਯਾਂਤੇ ਚਲਿ ਸੁਨਿ ਸੁਧ ਮੈਂ ਆਯੋ' ॥੭੨॥ ਸੁਨਿ ਤਬ ਬੋਲ੍ਯੋ ਵਲੀ ਕੰਧਾਰੀ। 'ਕੌਨ ਦੇਸ਼ ਤੇ ਤੂੰ ਤ੍ਰਿਖ ਭਾਰੀ?। ਅਹੈ ਏਕਲੋ ਕੈ ਕਿਹ ਸੰਗਾ[4]?। ਇਤ ਦਿਸ਼ ਆਯੋ ਕਯੋਂ[5] ਇਸ ਢੰਗਾ[6]?' ॥੭੩॥ ਮਰਦਾਨੇ ਸਭਿ ਕਹ੍ਯੋ ਬ੍ਰਿਤਾਂਤ। 'ਤਪਾ ਗੁਰੂ ਨਾਨਕ ਬੱਖ੍ਯਾਤ । ਦੇਸ਼ ਪੰਜਾਬ ਲਖਹਿ ਸਭਿ ਕੋਈ । ਬਿਚਰਹਿ ਜਿਤ ਕਿਤ ਥਲ ਅਵਲੋਈ' ॥ ੭੪ ॥ ਹਿੰਦੂ ਤੁਰਕ ਸਰਬ ਹੀ ਮਾਨਹਿ । ਇਕ-ਗੁਰ-ਕਹਿਂ, ਇਕ-ਪੀਰ-ਬਖਾਨਹਿਂ । ਬਡ ਅਜ਼ਮਤੀ[8] ਪਰਹਿ ਤਿਨ ਪਾਇਨ। ਧਰਹਿਂ ਅਗਾਰੀ ਬ੍ਰਿੰਦ ਉਪਾਇਨ ॥ ੭੫ ॥ ਤਿਨ ਕੇ ਸੰਗ ਰਬਾਬੀ ਮੈਂ ਹੌਂ।ਸੁੰਦਰ ਸ਼ਬਦ ਗਾਵਨੇ ਕੈਹੌਂ। ਗਿਰ ਢਿਗ ਤਰੁਕੇ ਤਰ[9] ਸੋ ਬੈਸੇ। ਦਿਹੁ ਜਲ, ਮਮ ਪ੍ਰਸੰਗ[10] ਹੈ ਐਸੇ'॥੭੬॥ ਕੀਰਤਿ ਜਦ ਸ੍ਰੀ ਗੁਰੂ ਉਚਾਰੀ।ਸਹਿ ਨ ਸਕਯੋ ਉਰ ਵਲੀ ਕੰਧਾਰੀ।ਜਿਮ ਦ੍ਰਿਗ ਦੂਖ[11]ਤੇ ਸੰਕਟ ਪੈਹੈ। ਦੀਪਕ ਦੀਪਤਿ[12]ਨਹਿਂ ਨ ਸੁਹੈ ਹੈ[13]॥੭੭॥ਕਹੈ,'ਜੁ ਤਪਾ ਅਜ਼ਮਤੀ ਐਸੇ। ਕਯੋਂ ਨ ਮੰਗਾਵਹਿ ਜਲ ਜਹਿਂ ਬੈਸੇ?। ਜਿਸ ਮਹਿ ਅਜ਼ਮਤ ਕਹੈਂ ਗਹੀਰ[14]।ਸੰਗੀ ਇਮ ਜਾਚਤਿ ਫਿਰ[15]ਨੀਰ ॥੭੮॥ ਉਚਿਤ ਤ੍ਰਿਖਾਤੁਰ ਕੌ ਜਲ ਦੇਨਾ।ਅਬ ਨਹਿਂ ਦੇਉਂ,ਭਨੇ ਸੁਨਿ ਬੈਨਾ[16]?'।ਸੁਨਿ ਮਰਦਾਨਾ ਤਾਂਕੀ ਆਇਸੁ। ਸਕਲਾ ਅਪਨ ਬ੍ਰਿਤੰਤ ਬਤਾਇਸ[17] ॥ ੭੯ ॥ 'ਰਾਵਰ ਕੋ ਜਸੁ

[1]ਬ੍ਰਿਛ ਹੇਠ। [2]ਤਦ ਤਕ। [3]ਜਗਾ। [4]ਯਾ ਕਿਸੇ ਦੇ ਨਾਲ। [5]ਕਿਉਂ ਆਇਆ ਹੈਂ। [6]ਇਸ ਹਾਲੇ। [7]ਦੇਖਦੇ। [8]ਕਰਾਮਾਤੀ। [9]ਬ੍ਰਿੱਛ ਦੇ ਹੇਠਾਂ। [10]ਮੇਰਾ ਹਾਲ। [11]ਦੁਖਦੇ ਨੇਤ੍ਰਾਂ ਵਾਲੇ ਨੂੰ। [12]ਦੀਵਾ ਜਗਦਾ। [13]ਚੰਗਾ ਨਹੀਂ ਲਗਦਾ। [14]ਬੜੀ ਹੈ। [15]ਮੰਗਦਾ ਫਿਰਦਾ ਹੈ। [16](ਮੇਰੇ) ਆਖੇ ਵਾਕ ਸੁਣ ਲਏ ਨੀ ? [17](ਮਰਦਾਨਾ ਆਇਆ ਤੇ ਆ ਕੇ) ਦੱਸਿਆ (ਗੁਰੂ ਜੀ ਨੂੰ) ਸਾਰਾ ਆਪਣਾ ਬ੍ਰਿਤਾਂਤ।

*ਭਾਵ, ਤੈਨੂੰ ਮੁਸਲਮਾਨ ਵੇਖਕੇ ਪਾਣੀ ਦੇ ਦੇਵੇਗਾ।

Sri Satguru Jagjit Singh Ji eLibrary NamdhariElibrary@gmail.com

ਸੁਨਿ ਦੂਖ ਮਾਹਾ। ਜਨੁ ਬਿਰਹਨਿ ਮਨ ਸਸਿ ਬਹੁ ਦਾਹਾ[੧]।–ਅਸ ਪੁਰ-ਸ਼ੋਤਮ ਸੰਗ ਜਿ ਠਾਨਾ। ਜਲ ਜਾਚਤਿ ਬਿਚਰਤਿ ਬਹੁ ਥਾਨਾ!॥੯੦॥ਕਨੌਂ ਨ ਨਿਕਾਸਹਿ ਨਿਕਟਿ ਸੁ ਨੀਰਾ?।ਜੇ ਅਜ਼ਮਤ ਕਰਿ ਹੋਹਿ ਗਹੀਰਾ–'।ਸ੍ਰੀ ਗੁਰ ਨਾਨਕ ਪੁਨ ਮੁਸਕਾਨੇ।ਭਨੈਂ ਸੁ 'ਤਿਸਕੇ ਮਾਨ ਮਹਾਨੇ ॥੯੧॥ਸਹਿ ਨਹਿ ਸਕਹਹਿ ਅਪਰ ਬਡਾਈ। ਮਤਸਰ ਪਾਵਕ ਤੇ ਤਪਤਾਈ। ਤੁਰਕ ਰੂਪ ਤੂੰ[੨] ਤਿਹ ਢਿਗ ਜੈ ਕੈ। ਜਲ ਜਾਚਹੁ ਪੀਵਹੁ ਤ੍ਰਿਪਤੈਕੈ॥੯੨॥ਤੁਰਕ ਤੁਰਕ ਸੋਂ ਰਾਖਹਿ ਭਾਇ। ਨਿਮ੍ਰ ਹੋਹਿ ਲੀਜਹਿ ਜਲ ਜਾਇ'। ਗੁਰ ਆਇਸੁ ਤੇ ਪੁਨ ਮਰਦਾਨਾ। ਗਯੋ ਪੀਰ ਢਿਗ ਬਾਕ ਬਖਾਨਾ ॥ ੯੩ ॥ 'ਪਾਨ ਦਾਨ[੩] ਕੋ ਫਲ ਅਧਿਕਾਈ। ਇਹਾਂ ਨ ਢਿਗ ਹੈ ਪਿਖੀ ਸਬਾਈ[੪]'। ਸੁਨਿ,ਕਰਿ ਕ੍ਰੋਧ,ਹਟਾਇ ਸੁ ਫੇਰ। 'ਤੋਹਿ ਨ ਜਲ ਦੇਵੋਂ ਕਿਸ ਬੇਰ ॥੯੪॥ ਅਜ਼ਮਤ ਕੋ ਕਹਿ ਬਾਕ ਜਨਾਵਤਿ!। ਪਿਯਨਹੇਤੁ[੫]ਕਰ ਨੀਰ ਨ ਪਾਵਤ' । ਰਿਸ ਕੋ ਹੇਰਿ ਹਟਯੋ ਮਰਦਾਨਾ। 'ਨਹਿ ਦੇ ਜਲ' ਗੁਰ ਨਿਕਟਿ ਬਖਾਨਾ ॥੯੫॥ਸ੍ਰੀ ਨਾਨਕ ਸਭਿ ਅੰਤਰਜਾਮੀ।ਸਭਿ ਬਿਧਿ ਜਾਨ ਪੀਰ ਕੀ ਖਾਮੀ[੬]। ਹੁਤੀ ਲਸ਼ਟਕਾ[੭] ਹਾਥ ਮਝਾਰੀ। ਤਿਸ ਗਿਰ ਕੀ ਜਰ ਮਹਿ[੮] ਤਬ ਮਾਰੀ ॥ ੯੬ ॥ ਸੀਤਲ ਜਲ ਨਿਰਮਲ ਤਿਸ ਕਾਲਾ। ਨਿਕਸਤਿ ਬਹਯੋ ਪ੍ਰਵਾਹੁ ਬਿਸਾਲਾ। ਵਲੀਕੰਧਾਰੀ ਕੋ ਜਲ ਜੇਤੋ। ਗਿਰ ਮਹਿਂ ਪ੍ਰਵਿਸ਼ ਸੁਸ਼ਕ ਗਾ[੯] ਤੇਤੋ ॥ ੯੭ ॥ ਪਿਖਿ ਅਚਰਜ ਕੋ ਠਾਨਯੋ ਧਯਾਨਾ। ਤਪ ਬਲ ਤੇ ਸੁ ਬ੍ਰਿਤਾਂਤ ਪਛਾਨਾ। ਤਿਸ ਛਿਨ ਭਾਰੀ ਸਿਲਾ[੧੦] ਬਿਸਾਲਾ। ਅਜ਼ਮਤ ਤੇ ਪ੍ਰਹਾਰਿ ਤਿਸ ਕਾਲਾ॥੯੮॥ਵਲੀ ਬੇਗ ਤੇ ਤਰੁ ਕੋ ਤੋਰਤਿ।ਮਗ ਮਹਿਂ ਅਪਰ ਸਿਲਨ ਕੋ ਫੋਰਤਿ। ਜਲ ਰੋਕਨ ਕੋ ਆਵਤਿ ਧਾਈ। ਬੱਜ੍ਰ ਸਮਾਨ ਸੁ ਨਾਦ ਉਠਾਈ ॥੯੯॥ਅਜ਼ਮਤ ਨਿਜ ਅਜ਼ਮਤ ਜੁਤਿ ਦੇਖੀ[੧੧]। ਜਲਹਿ ਅਛਾਦਨ ਆਇ ਬਿਸ਼ੇਖੀ[੧੨]। ਸ੍ਰੀ ਗੁਰ ਨੈ ਤਬ* ਹਾਥ ਪਸਾਰਾ[੧੩]। ਤਿਸ

[੧]ਓਊਂ ਬਹੁਤ ਸੜਿਆ ਜਿਵੇਂ ਬਿਰਹਨ ਦਾ ਮਨ ਚੰਦ ਵੇਖਕੇ (ਸੜਦਾ ਹੈ)। [੨]ਭਾਵ-ਤੇਰੀ ਸ਼ਕਲ ਤੁਰਕਾਂ (ਮੁਸਲਮਾਨਾਂ) ਵਰਗੀ ਹੈ । [੩]ਪਾਣੀ ਦੇਣ । [੪](ਸਭ) ਥਾਂ ਵੇਖੀ ਹੈ ਏਥੇ ਪਾਣੀ ਨਹੀਂ ਹੈ । [੫]ਪੀਵਣ ਵਾਸਤੇ । [੬]ਕਚਿਆਈ । [੭]ਸੋਟੀ । [੮]ਜੜ੍ਹਾਂ ਵਿਚ। [੯]ਵੜਕੇ ਸੁੱਕ ਗਿਆ। [੧੦]ਪੱਥਰ। [੧੧](ਵਲੀ ਕੰਧਾਰੀ ਦੀ) ਕਰਾਮਾਤ ਨੂੰ (ਗੁਰੂ ਜੀ ਨੇ) ਆਪਣੀ ਕਰਾਮਾਤ ਨਾਲ ਡਿਠਾ। (ਅ) (ਵਲੀ ਨੇ ਗੁਰੂ ਜੀ ਦੀ) ਅਜ਼ਮਤ ਜਿੰਨੀ ਸੀ ਹੁਣ ਆਪਣੀ ਅਜ਼ਮਤ ਵੇਖੀ (ਕਿ ਸਿਲਾ ਜਾ ਰਹੀ ਹੈ)। [੧੨]ਢੱਕੀ (ਸਿਲਾ)। [੧੩]ਹੱਥ ਫੈਲਾਇਆ।

*ਪਾ:—ਛਿਨ।

ਆਵਤਿ ਕੋ ਕੀਨ ਅਗਾਰਾ ॥੯੦॥ ਸਹਿਜ ਸੁਭਾਇਕ ਬੈਠੇ ਰਹੇ। ਸੋ ਰੋਕੀ, ਜਲ ਊਪਰ ਅਹੇ। ਮਹਾਂ ਪ੍ਰਵਾਹ ਨੀਰ ਕੋ ਚਾਲੇ। ਠਹਿਰੀ ਊਪਰ ਸਿਲਾ ਬਿਸ਼ਾਲੇ ॥ ੯੧ ॥ ਰੁਕਨੋ ਨ ਨੀਰ ਪੀਰ ਨੈ ਜਾਨੀ। ਨਿਜ ਅਜ਼ਮਤ ਪੁਨ ਲਾਇ ਮਹਾਨੀ। ਕਰੀ ਧਕਾਵਨ ਸਿਲਾ ਅਗਾਰੀ। ਸਗਰੋ ਓਜ[1] ਲਾਇ ਨਿਜ ਭਾਰੀ॥ ੯੨ ॥ ਹਾਥ ਬੱਜ੍ਰ ਸਮ ਧਸਨੋ ਮਝਾਰੀ। ਰਹੀ ਅਟਕ ਲਖਿ ਵਲੀ ਕੰਧਾਰੀ। ਅਪਨੀ ਸ਼ਕਤਿ ਅਲਪ[2] ਬੀਚਾਰੀ*। ਰੁਕ ਨਹਿੰ ਸਕਨੋ ਚਲੇ ਬਹੁ ਬਾਰੀ† ॥੯੩॥ ਅਬ ਲਗ ਥਾਨ‡ ਬਿਦਤ ਜਗ ਮਾਂਹੀ। ਗੁਰ ਕਰ ਚਿਨ੍ਹ[3] ਲਖਨੋ ਸਿਲ ਮਾਂਹੀ। ਰਹੇ ਮਿਟਾਇ ਜਤਨ ਤੇ ਕੇਈ। ਰਹਨੋ ਸੁ ਚਿਨ੍ਹ ਹਾਰਿਗੇ ਤੇਈ॥੯੪॥ ਜਲ ਪ੍ਰਵਾਹ ਤੈਸੀ ਬਿਧਿ ਅਹੈ। ਨਿਰਮਲ ਚਲਤਿ ਬਹੁਤ ਨਿਤ ਰਹੈ। ਅਲਪ ਆਪ ਕੋ ਪੀਰ ਪਛਾਨਾ। ਸ਼ੀਘ੍ਰ ਆਇ ਗੁਰ ਪਗ ਲਪਟਾਨਾ ॥ ੯੫ ॥ 'ਹੇ ਪ੍ਰਭੁ! ਖਤਾ ਬਖਸ਼ਿਯੇ ਮੋਹੀ। ਨਹੀਂ ਮਹਾਤਮ ਜਾਨਨੋ ਤੋਹੀ। ਹੋਇ ਪ੍ਰਲੋਕ ਸਹਾਇ ਬਿਸ਼ੇਸ਼ਾ। ਅਸ ਮੋਕਹੁ ਕੀਜੈ ਉਪਦੇਸ਼ਾ' ॥ ੯੬ ॥ ਇੱਤ੍ਯਾਦਿਕ ਬਿਨਤੀ ਬਹੁ ਕਰੇ। ਸ਼ਰਧਾ ਕੋ ਉਰ ਨਿਸ਼ਚਾ ਧਰੇ। ਤਬ ਸ੍ਰੀ ਗੁਰ ਉਪਦੇਸ਼ ਬਖਾਨਾ। 'ਤੈਂ ਮਤਸਰ ਦੁਖ ਨਾਹਕ[4] ਮਾਨਾ[5] ॥੯੭॥ ਜਿਸ ਮਹਿ ਪ੍ਰਾਪਤਿ ਕਿਛੁ ਨ ਹੋਇ। ਹਰਖ ਰਿਦੈ ਕਰਿ ਤਜਾਗਹੁ ਸੋਇ। ਹਰਦਮ ਯਾਦ ਖੁਦਾਇ ਕਰੀਜੈ। ਮਾਨੁਖ ਤਨ ਸਫਲੋ ਕਰਿ ਲੀਜੈ' ॥੯੮॥ ਇੱਤ੍ਯਾਦਿਕ ਗੁਰ ਕਹਿਬੋ ਮਾਨਨੋ। ਪਦ ਪੰਕਜ ਪਰਣਾਮ ਸੁ ਠਾਨਨੋ। ਅਪਨੇ ਪੀਰ ਕਰੇ ਧਰਿ ਪ੍ਰੇਮਾ। ਪ੍ਰਾਪਤਿ ਭਈ ਅਧਿਕ ਤਿਸ ਛੇਮਾ[6] ॥੯੯॥ ਦੋਹਰਾ ॥

ਰਹਨੋ ਪੀਰ ਤਿਸ ਥਾਨ ਹੀ ਗੁਰੂ ਕੀਨ ਪ੍ਰਸਥਾਨ[7]। ਹੈ ਅਬ ਲਗ ਸੋ ਜਗਤ ਮਹਿ ਜਲ ਪ੍ਰਵਾਹਿ ਤਿਸ ਥਾਨ ॥ ੧੦੦ ॥ ਚੌਪਈ ॥ ਜਹਿੰ ਕਾਬਲ

---

[1]ਬਲ। [2]ਤੁੱਛ। [3]ਹੱਥ ਦਾ ਨਿਸ਼ਾਨ। [4]ਐਵੇਂ। [5]ਮੰਨਿਆਂ ਹੈ। [6]ਮੁਕਤਿ। [7]ਚਲਣਾ।

*ਪਾ:—ਅਲਪ ਤਬ ਜਾਨੀ। ਤੇ ਦੂਸਰੀ ਤੁਕ ਵਿਚ 'ਬਾਰੀ' ਦੀ ਥਾਂ 'ਪਾਣੀ' ਹੈ।

†ਇਕ ਲਿਖਤੀ ਨੁਸਖੇ ਵਿਚ ਜੋ ੧੯੬੩ ਦਾ ਹੈ ਇਹ ਪ੍ਰਸੰਗ ਹੈ ਨਹੀਂ, ਪਰ ਦੋ ਲਿਖਤੀ ਨੁਸਖਿਆਂ ਤੇ ਛਾਪੇ ਦੇ ਸਾਰਿਆਂ ਵਿਚ ਇਹ ਪ੍ਰਸੰਗ ਹੈ। ਜਿਨ੍ਹਾਂ ਵਿਚ ਹੈ, ਉਹਨਾਂ ਵਿਚੋਂ ਇਕ ਲਿਖਤੀ ਦਾ ਸੰਮਤ ੧੯੩੭ ਹੈ ਤੇ ਜਿਸ ਦਾ ਉਹ ਉਤਾਰਾ ਹੈ ਉਸ ਦਾ ਸੰਮਤ ੧੯੧੯ ਓਸੇ ਵਿਚ ਦਿੱਤਾ ਹੈ।

‡ਪੰਜਾਬ ਨੂੰ ਕਸ਼ਮੀਰ ਤੋਂ ਅਗੇ ਲੇਕੀ ਮੁਜ਼ੱਫਰਾਬਾਦ ਦੇ ਰਸਤੇ ਨਵੇਂ ਸ਼ਹਿਰ ਦੇ ਰਾਹ ਜੋ ਅਜ ਕੱਲ ਦੇ ਐਬਟਾਬਾਦ ਦੇ ਲਾਗੇ ਹੈ ਪੰਜੇ ਸਾਹਿਬ ਤੋਂ ਆਉਂਦੇ ਜਾਂਦੇ ਸਨ। ਹਸਨ ਅਬਦਾਲ

(ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

ਕੋ ਨਗਰ ਸੁਹਾਵਾ। ਤਿਸ ਮਹਿੰ ਪ੍ਰਵਿਸ਼ੇ ਦੂਖ ਬਨ ਦਾਵਾ[1]। ਇਕ ਮਸੀਤ
ਅਵਲੋਕੀ ਨੀਕੀ। ਬੈਠਕ ਹੁਤੀ ਤੁਰਕ ਸਭਿ ਹੀ ਕੀ ॥ ੧੦੧ ॥ ਤਿਸ ਕੇ
ਮੱਧ ਜਾਇ ਕਿਯ ਡੇਰਾ। ਆਨ ਮੁਲਾਂ ਨੇ ਗੁਰ ਕੋ ਹੇਰਾ। ਬੋਲਯੋ 'ਕੌਨ
ਕਹਾਂ ਤੇ ਆਏ ?। ਹਿੰਦੂ ਸੇ ਤੁਮ ਪਰਹੁ ਲਖਾਏਂ[2] ॥੧੦੨॥ ਇਹ ਤੁਰਕਨ
ਕੋ ਥਾਨ ਮਹਾਨਾਂ। ਬੈਸਹੁ ਨਹਿ ਤੁਮ ਕਰਹੁ ਪਯਾਨਾ' । ਸ੍ਰੀ ਨਾਨਕ ਜੀ
ਬੈਨ ਉਚਾਰੇ। 'ਮਾਰਗ ਚਲਤਯੋ ਪਗ ਹਮ ਹਾਰੇ[3] ॥੧੦੩ ॥ ਰਹਿਨੋ ਏਕ
ਸਰਵਰੀ[4] ਸਾਰੀ। ਗਵਨੈਂ ਹੋਵਤਿ[5] ਭੋਰ[6] ਅਗਾਰੀ'। ਮੁੱਲਾਂ ਕਹੈ 'ਰਹਹੁ
ਨਹਿ ਬੈਸੋ।ਹਿੰਦੂ ਰਹਿਨੇ ਦੇਉਂ ਨ ਕੈਸੇ ॥੧੦੪॥ਆਨ ਸਥਾਨ ਕਰੋ ਗੁਜ਼-
ਰਾਨਾ। ਕਹਾ ਮਾਨ ਮਮ, ਕਰੋ ਪਯਾਨਾ । ਆਇ ਤੁਰਕ ਕੋ[7] ਰਿਸ ਉਪਜੈ
ਹੈ।ਬਾਂਹ ਪਕਰਿ ਕੈ ਤੁਰਤ ਉਠੈ ਹੈ ॥੧੦੫॥ਹਿੰਦੂ ਕੋ ਕਯਾ ਕਾਮ ਮਸੀਤੀ।
ਉਠਿ ਕਰਿ ਚਲੋ ਜਾਹੁ ਭਲਿ ਰੀਤੀ।ਜੇ ਮਮ ਬਾਤ ਨ ਮਾਨਹੁ ਕਾਈ।ਪਕਰ
ਬਾਂਹੁ ਮੈਂ ਦੇਉਂ ਉਠਾਈ' ॥ ੧੦੬ ॥ ਸੁਨਿ ਸ੍ਰੀ ਮੁਖ ਬਿਗਸੇ ਗੁਨ ਖਾਨੀ।
ਸਾਥ ਮੁਲਾਨੇ ਬੋਲੇ ਬਾਨੀ। 'ਜੇ ਤੁਝ ਮੈਂ ਹੈ ਜੋਰ ਬਿਸਾਲਾ। ਥਿਰ[8] ਮਸੀਤ

---

[1]ਦੁਖਾਂ (ਰੂਪ) ਬਨ (ਨੂੰ ਨਾਸ਼ ਕਰਨ ਲਈ) ਦਾਵਾ (ਅਗਨੀ ਵਤ)। [2]ਜਾਣੇ ਪੈਂਦੇ ਹੋ।
[3]ਚਰਨ ਸਾਡੇ ਥਕ ਗਏ ਹਨ। [4]ਰਾਤ। [5]ਜਾਣਾ ਹੋਵੇਗਾ। [6]ਸਵੇਰੇ। [7]ਕੋਈ। [8]ਟਿਕਾ ਕੇ।

ਟਿੱਪਣੀ [ਪਿਛਲੇ ਪੰਨੇ ਦੀ ਬਾਕੀ ਟੂਕ]
ਜਗਾ ਦਾ ਨਾਮ ਹੈ, ਓਸੇ ਪੀਰ ਦੇ ਨਾਮ ਤੇ ਇਥੇ ਇਕ ਪਹਾੜੀ ਹੈ, ਉਪਰ ਪੀਰ ਦੀ ਥਾਉਂ ਹੈ, ਲਗ ਪਗ ੩੫ ਬਰਸ ਹੋਏ ਤਾਂ ਓਥੋਂ ਦੇ ਮੁਸਲਮਾਨ ਮੁਜਾਵਰ ਤੋਂ ਬੀ ਅਸਾਂ ਇਹੋ ਸਾਖੀ ਸੁਣੀ ਸੀ ਜੋ ਇਥੇ ਵਰਣਨ ਹੋਈ ਹੈ ਕਿ ਵਲੀ ਕੰਧਾਰੀ ਨੇ ਪਾਣੀ ਦਾ ਨਾਕਾ ਬੰਦ ਕਰ ਲਿਆ ਸੀ ਤੇ ਮਰਦਾਨੇ ਨੂੰ ਪੀਣ ਜੋਗਾ ਪਾਣੀ ਨਹੀਂ ਦਿੱਤਾ ਸੀ, ਤੇ ਗੁਰੂ ਜੀ ਨੇ ਆਪਣੀ ਸ਼ਕਤੀ ਨਾਲ ਪਾਣੀ ਕਢ ਲਿਆ ਸੀ, ਤਦੋਂ ਪਹਾੜੀ ਤੋਂ ਚਸ਼ਮੇ ਤਕ ਸਿਲਸਲਾ ਪਹਾੜ ਦਾ ਜਾਰੀ ਸੀ ਤੇ ਪੱਥਰ ਦਾ ਰਿੜ੍ਹ ਕੇ ਆਉਣਾ ਸਾਫ ਸਹੀ ਦੇਂਦਾ ਸੀ, ਹੁਣ ਇਹ ਹਿੱਸਾ ਸਾਫ ਕਰ ਦਿੱਤਾ ਗਿਆ ਹੈ ਤੇ ਓਹ ਤਦ ਤੋਂ ਤੁਰਿਆ ਆਇਆ ਸਾਖੀ ਭਰਨ ਵਾਲਾ ਨਿਸ਼ਾਨ ਕਿ ਇਹ ਪੱਥਰ ਰਿੜ੍ਹਕੇ ਆ ਸਕਦਾ ਸਹੀ ਦੇਂਦਾ ਸੀ, ਗੁੰਮ ਕਰ ਦਿੱਤਾ ਗਿਆ ਹੈ ਤੇ ਨਵੀਆਂ ਉਸਾਰੀਆਂ ਨਾਲ, ਕੁਦਰਤੀ ਨਿਸ਼ਾਨ ਉਗਾਹੀ ਦੇ ਮਿਟ ਗਏ ਤੇ ਮਿਟ ਰਹੇ ਹਨ। ਕੁਦਰਤੀ ਰਮਣੀਕਤਾ ਤੇ ਟਿਕਾਣੇ ਦੀ ਸ਼ੋਭਾ ਚੂਨੇ ਇੱਟਾਂ ਦੇ ਉਸਾਰੇ ਟਿਕਾਣਿਆਂ ਨਾਲ, ਜੋ ਸੁੰਦਰਤਾ ਦਾ ਖਿਆਲ ਕੀਤੇ ਬਿਨਾਂ ਉਸਾਰੇ ਜਾ ਰਹੇ ਹਨ, ਗੁੰਮ ਹੋ ਰਹੀ ਹੈ। ਮੰਦਰ ਦੀ ਸੁੰਦਰਤਾ ਨੂੰ ਬੀ ਪਾਸੇ ਦੀਆਂ ਇਮਾਰਤਾਂ ਆਛਾਦਨ ਕਰ ਰਹੀਆਂ ਹਨ।

ਨਵੀਨ—ਹੁਣ (੧੯੩੫ ਈ: ਵਿਚ) ਖਾਸ ਮੰਦਰ ਬੀ, ਜਿਸ ਵਿਚ ਅਮੋਲਕ ਤਸਵੀਰਾਂ ਚਿੱਤ੍ਰਿਤ ਸਨ, ਢਾਹ ਕੇ ਨਵੇਂ ਸਿਰੇ ਉਸਾਰੀ ਜਾਰੀ ਹੈ।

Sri Satguru Jagjit Singh Ji eLibrary NamdhariElibrary@gmail.com

ਰਾਖਹੁ ਇਸ ਕਾਲਾ॥੧੦੭॥ਜੇਥਿਰ ਰਹੀ ਨ,ਤਾਂ ਤੂ ਕੂਰਾ।ਬੋਲਤਿ ਹੈ ਜੈਸੇ ਘਟ ਊਰਾ[1]। ਮੁੱਲਾਂ ਕਹੈ, 'ਸਥਿਰ, ਕਿਤ ਜਾਵਤਿ[2] ?। ਇਸ ਪ੍ਰਕਾਰ ਕਹਿ ਮੁਝਹਿ ਡਰਾਵਤਿ ॥੧੦੮ ॥ ਉਠਤਿ ਨਹੀ ਤੁਮ, ਬਿਨ ਸਚ ਦੇਖੇ'। ਕਹਿ ਅਸ ਕੀਨੋ ਕ੍ਰੋਧ ਵਿਸ਼ੇਖੇ । ਤਿਹ ਕੌ ਰੀਜਨ[3] ਕ੍ਰੋਧ* ਬਿਸਾਲਾ। ਚਢੇ ਮਸੀਤਹਿ ਪਰ ਤਤਕਾਲਾ ॥ ੧੦੯ ॥ ਹ੍ਵੈ ਆਰੂਢੇ ਜਬੈ ਚਲਾਈ। ਠਿਠਕਨੌ[4] ਮੁੱਲਾਂ ਰਿਦੈ† ਡਰਾਈ । ਚੱਕ੍ਰਿਤ ਭਏ ਦੇਖਿ ਨਰ ਸਾਰੇ । ਫਿਰਤ ਮਸੀਤਿ ਧਾਯ ਨਿਹਾਰੇ[5] ॥੧੧੦॥ ਕਾਬਲ ਕੇ ਚਹੁੰਫੇਰ ਫਿਰਾਈ‡। ਸੁਨਿ ਕਾਜ਼ੀ ਢਿਗ ਆਯੋ ਧਾਈ । ਪੀਰ, ਔਲੀਆ, ਕਿਧੌਂ ਖ਼ੁਦਾਇ। ਬੰਦਹਿਂ ਹਾਥ ਚਰਨ ਲਪਟਾਇ॥੧੧੧॥ਹੋਇ ਦੀਨ ਬਹੁਬਿਨੈ ਉਚਰਹੀ। ਲਖਿ ਅਜ਼ਮਤ,ਉਰ ਸ਼ਰਧਾ ਧਰਿਹੀ। 'ਅਬ ਮਸੀਤ ਕੋ ਚਲਤਿ ਟਿਕਾਵਹੁ। ਹਿਤ ਖੁਦਾਇ ਨਿਜ ਦਰਸ ਦਿਖਾਵਹੁ'॥੧੧੨॥ਗੁਰ ਮਸੀਤ ਤਿਸ਼ਟਾਈ[6] ਜਬਹੀ। ਨਗਰ ਲੋਕ ਆਵਤਿ ਭੇ ਤਬਹੀ। ਧਰਹਿ ਉਪਾਇਨ ਬੰਦਨਕਰਿਹੀਂ।'ਧੰਨ ਧੰਨ'ਪੁਨ'ਧੰਨ' ਉਚਰਹੀਂ॥੧੧੩॥ਅਉਘੜ ਅਪਨੋ ਨਾਮ ਕਹਾਯੋ। ਨਾਮ ਦਾਨ ਇਸ਼ਨਾਨ ਦ੍ਰਿੜਾਯੋ। ਚਰਨ ਕਮਲ ਗੁਰ ਕੋ ਜੋ ਬਾਮੂ।ਪੂਜਹਿਂ ਤੁਰਕ ਕਰਹਿ ਪਰਣਾਮੂ ॥੧੧੪॥ਦਹਿਨੇ ਚਰਨ ਕਮਲ ਤਿਹ ਕਾਲਾ।ਪੂਜਹਿਂਹਿੰਦੂ ਭਾਉ ਬਿਸਾਲਾ।ਸਭਿਹਿਨਿ ਕੋ ਦੀਨੋ ਉਪਦੇਸ਼ਾ। 'ਭਜਹੁ ਨਾਮ ਤਜਿ ਜਗਤ ਕਲੇਸ਼ਾ ॥ ੧੧੫ ॥ ਅੰਤ ਕਾਲ ਮਹਿ ਹੋਇ ਸਹਾਈ।ਕਰੇ ਜਿ ਕਲਮਲ ਦੇਹ ਮਿਟਾਈ। ਕੀਜੇ ਸੰਤ ਸੇਵ ਮਨ ਲਾਈ। ਤਿਨ ਕੇ ਬਚਨ ਸੁਨਤਿ ਸੁਖ ਪਾਈ ॥ ੧੧੬ ॥ ਰਿਦੈ ਬਿਚਾਰ ਕਮਾਵਹਿ ਸੋਊ। ਤਬ ਹੋਵਹਿ ਸੁਖ ਲੋਕਹਿਂ ਦੋਊ'। ਕਿਤਿਕ ਦਿਵਸ ਰਹਿਕੈ ਜਗਤੇਸ਼ਾ। ਨਾਮ ਜਪਨ ਕੋ ਦੇ ਉਪਦੇਸ਼ਾ॥੧੧੭॥ ਬਿਦਾ ਹੋਇ ਤਿਨ ਭੇ§ਗੁਨ ਖਾਨੀ। ਆਨ ਥਾਨ ਗਮਨੇ ਸੁਖਦਾਨੀ। ਕਵਿ ਸੰਤੋਖ ਸਿੰਘ ਜਾਚੈ ਦਾਨਾ। ਸੱਤਿਨਾਮ ਦੇਵਹੁ ਦੁਖ ਹਾਨਾ॥੧੧੯॥ ਇਤਿ ਸ੍ਰੀਗੁਰਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਸ਼ਮੀਰ, ਵਲੀ ਕੰਧਾਰੀ, ਕਾਬਲ ਪ੍ਰਸੰਗ' ਬਰਨਨੰ ਨਾਮ ਚੌਦਸ਼ਮੋ ਅਧਜਾਯ ॥ ੧੪ ॥

[1]ਖ਼ਾਲੀ ਘੜਾ। [2]ਕਿਥੇ ਜਾਂਦੀ ਹੈ? [3]ਨਾਸ਼ ਕਰਨ ਨੂੰ। [4]ਠੰਬਿਆ। [5]ਦੌੜਦੀ ਦੇਖੀ। [6]ਖੜੀਕੀਤੀ। *ਪਾ:-ਗਰਬ। †ਪਾ:-ਤਬੈ। ‡ਦੇਖੋ ਪੂਰਬਾਰਧ ਵਿਖੇ ਪੰਨਾ ੬੨੮, ਮੱਕਾ ਫਿਰਨ ਦੀ ਟੂਕ। §ਕਾਬਲ ਵਿੱਚ ਸਤਿਗੁਰ ਜੀ ਦੀ ਯਾਦਗਾਰੀ ਧਰਮਸਾਲ ਹੈ। ਤਵਾਰੀਖ ਖ਼ਾ: ਨੇ ਗੁਰੂ ਜੀ ਦਾ ਕਾਬਲ ਪਹੁੰਚਣਾ ਬਗਦਾਦ ਆਦਿ ਥਾਵਾਂ ਤੋਂ ਪਰਤਦੇ ਵਾਰੀ ਦਿੱਤਾ ਹੈ। ਕਾਬਲ ਤੋਂ ੯ ਕੋਹ ਉਰੇ ਅਸਕਰਾ ਪਹਾੜ ਲਾਗੇ ਬੀ ਸਤਿਗੁਰੂ ਜੀ ਦੇ ਬੈਠਕ ਦਾ ਚਸ਼ਮਾ ਯਾਦਗਾਰੀ ਹੈ।

੧੫ [ਨਾਮ ਰਸੀਏ ਸਿੱਖ ਦਾ ਮੰਗਲ । ਬਾਲਕ ਨੂੰ ਪਾਤਸ਼ਾਹੀ, ਬਪਾਰੀ ਤੇ ਠੱਗਾਂ ਨੂੰ ਤਾਰਨਾ]

ਦੋਹਰਾ ॥ ਸ੍ਰੀ ਸਤਿਗੁਰ ਕੇ ਸਬਦ ਮਹਿਂ ਰਚੇ ਜਿ ਸਿਖ ਸੁਖ ਸੰਗ ।
ਤਿਨ ਚਰਨਨ ਪਰ ਬੰਦਨਾ ਕਰੌਂ ਸਦਾ ਸ ਉਮੰਗ ॥੧॥

[ਸਉਮੰਗ=ਸ + ਉਮੰਗ=ਉਮੰਗ ਨਾਲ, ਉਤਸ਼ਾਹ ਨਾਲ ।]

ਅਰਥ—ਸ੍ਰੀ ਸਤਿਗੁਰੂ ਜੀ ਦੇ (ਬਖਸ਼ੇ ਹੋਏ ਤੇ ਦੱਸੇ ਹੋਏ) ਨਾਮ (ਸਿਮਰਣ) ਵਿੱਚ ਜੋ ਸਿਖ ਸੁਖ ਨਾਲ ਰਚੇ ਹੋਏ ਹਨ, ਉਨ੍ਹਾਂ ਦੇ ਚਰਨਾਂ ਤੇ ਸਦਾ ਹੀ ਮੈਂ ਉਤਸਾਹ ਨਾਲ ਮੱਥਾ ਟੇਕਦਾ ਹਾਂ ।

ਸ੍ਰੀ ਬਾਲਾ ਸੰਧੁਰੂ ਵਾਚ ॥ ਚੌਪਈ ॥ ਸ੍ਰੀ ਅੰਗਦ ਸੁਨੀਏ ਗੁਨ ਭਵਨੰ ! । ਆਗੈ ਕੀਨ ਗੁਰੂ ਪੁਨ ਗਵਨੰ। ਜਾਤਿ ਪੰਥ ਮਹਿਂ ਖੇਤ ਨਿਹਾਰਾ। ਪਾਕੇ ਚਨੇ[1] ਖਰੇ ਇਕ ਸਾਰਾ॥੨॥ਪਿਖਿ ਮਰਦਾਨੇ ਰਿਦੈ ਲੁਭਾਯਾ। ਸ੍ਰੀ ਨਾਨਕ ਸੰਗ ਬੈਨ ਅਲਾਯਾ। 'ਖੇਤ ਚਨਨ ਕੋ ਬਹੁ ਫਲ ਲਾਗ੍ਯੋ। ਹਿਤ ਚਾਬਨ ਮਮ ਮਨ ਅਨੁਰਾਗ੍ਯੋ ॥ ੩ ॥ ਆਇਸੁ ਦੇਹੁ ਸੁ ਬੂਟ[2] ਉਖਾਰੋਂ। ਇਹ ਠਾਂ ਅਗਨਿ ਜਗਾਇ ਸਵਾਰੋਂ'।ਸੁਨਿ ਬਿਗਸੇ ਬੇਦੀ ਕੁਲ ਦੀਪਾ। ਬੈਠਿ ਗਏ ਤਿਹ ਖੇਤ ਸਮੀਪਾ॥੪॥ਤਹਿਂ ਇਕ ਬਾਲਕਿ ਥੋ ਰਖਵਾਰਾ। ਸ੍ਰੀ ਗੁਰ ਕੋ ਤਿਨ ਦਰਸ ਨਿਹਾਰਾ। ਹਿਰਦਾ ਨਿਰਮਲ ਭਯੋ ਬਿਸਾਲਾ। ਅਸ ਕਾਰਜ ਕੀਨੋ ਤਿਹ ਕਾਲਾ ॥ ੫ ॥ ਅਪਨੇ ਕਰ ਸੋਂ ਬੂਟ ਉਖਾਰੇ। ਪਾਵਕ ਬਾਰੀ[3] ਖਰੇ[4] ਸਵਾਰੇ। ਸ੍ਰੀ ਗੁਰ ਆਗੇ ਧਰੇ ਸੁ ਜਾਈ । ਬੈਠ੍ਯੋ ਨਿਕਟਿ ਆਪ ਹਿਤ ਲਾਈ ॥੬॥ ਸ੍ਰੀ ਪ੍ਰਭੁ ਕਹੈ 'ਲੇਹੁ ਮਰਦਾਨੇ। ਚਹਿਤ ਜਿ ਹਿਰਦੇ ਕਰਹੁ ਸਿ ਖਾਨੇ[5]' । ਆਇਸੁ ਮਾਨੀ ਕੀਨ ਚਬੀਨਾ[6]। ਸਰਬ ਨਿਬੇਰਿ ਸ੍ਵਾਦ ਬਹੁ ਲੀਨਾ ॥੭॥ ਪੁਨ ਬਾਲਕ ਕੇ ਅਸ ਉਰ ਆਈ ।—ਕਛੁ ਭੋਜਨ ਆਨਹੁਂ ਘਰ ਜਾਈ। ਦੇਵਹੁਂ ਸੰਭੁਨ, ਅਹੈਂ ਛੁਧਾਤੁਰ[7]—।ਕਰਿ ਬਿਚਾਰ ਤਬ ਚਲਨਿ ਲਗਾ ਘਰ ॥੮॥ਬੂਝਨ ਕੀਨ ਪ੍ਰਭੂ ਨੇ ਤਬ ਹੀ।'ਕਹਾਂ ਚਲ੍ਯੋ ਬਾਲਕ ਤੂੰ ਅਬਹੀ?'। ਹਾਥ ਬੰਦਿ ਕਹਿ 'ਮੈਂ ਘਰ ਜਾਵੋਂ। ਹੇਤੁ ਤੁਮਾਰੇ ਭੋਜਨ ਲ੍ਯਾਵੋਂ॥੯॥ਆਪ ਸੰਤ ਸੁਖ ਦੇਹੁ ਘਨੇਰਾ ।ਪਾਵਹੁ ਬਦਨ ਭਲਾ ਹੁਇ ਮੇਰਾ'।ਤਿਹ ਕੇ ਉਰਕੋ ਭਾਉ ਲਖਾਨਾ। ਕ੍ਰਿਪਾ ਧਾਰਿ ਗੁਰ ਬਚਨ ਬਖਾਨਾ ॥੧੦॥ 'ਸਬਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ। ਨਾਨਕ ਸਿਫਤੀ ਰੱਜਿਆ* ਆਉ ਬਹੋ ਸੁਲਤਾਨ†'।

---

[1]ਪਕੇ ਹੋਏ ਛੋਲੇ । [2]ਬੂਟਾ । [3]ਬਾਲ ਕੇ । [4]ਚੰਗੇ । [5]ਖਾਧਾ ਕਰੋ । [6]ਚੱਬੇ । [7]ਭੁੱਖੇ ਹਨ ।

*ਪਾ:—ਰੱਤਿਆ ।

†ਇਹ ਸ਼ਲੋਕ ਸ੍ਰੀ ਮੁਖਵਾਕ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਆਇਆ ।

Sri Satguru Jagjit Singh Ji eLibrary NamdhariElibrary@gmail.com

ਚੌਪਈ॥ ਅਸ ਕਹਿ ਬਖਸ਼ੀ ਤਿਨ ਸੁਲਤਾਨੀ[1]। ਆਗੈ ਗਮਨ ਕੀਨ ਗੁਨ ਖਾਨੀ। ਬਾਲਿਕ ਰਹ੍ਯੋ ਖੇਤ ਢਿਗ ਬੈਸਾ। ਤਾਂਹਿ ਬ੍ਰਿਤੰਤ ਹੋਤਿ ਭਾ ਐਸਾ ॥੧੧॥ ਨਗਰ ਨ੍ਰਿਪਤ ਕੋ ਸੰਤਤਿ[2] ਨਾਂਹੀ। ਸੋ ਮਰਿ ਗ੍ਯੋ ਤਿਸੀ ਦਿਨ ਮਾਂਹੀ। ਬਿਨ ਨ੍ਰਿਪ ਸਰਬ ਦੇਸ਼ ਅਕੁਲਾਯੋ। ਹੋਇ ਏਕਠਾਂ ਮਤਾ ਪਕਾਯੋ ॥ ੧੨॥ ਮੰਤ੍ਰੀ ਸਭਿ ਸੋਂ ਗਿਰਾ ਉਚਾਰੀ। 'ਜੇ ਹਮ ਲੇਹਿ[3], ਨਰਕ ਅਧਿਕਾਰੀ। ਨ੍ਰਿਪ ਕੇ ਸੁਤ ਨ ਸਹੋਦਰ ਕੋਊ। ਜਿਹ ਕੋ ਰਾਜ ਦੇਹਿਂ ਹਮ ਸੋਊ ॥੧੩ ॥ ਅਬ ਕਰਤਾਰ ਦੇਇ ਹੈ ਜਾਂਹੀ[4]। ਸਰਬ ਬਿਠਾਰਹੁ ਮਿਲਿ ਕਰਿ ਤਾਂਹੀ। ਤ੍ਰੈ ਦਰ ਨਗਰ ਬੰਦ ਕਰਵਾਇਐ। ਖੋਲਿ ਏਕ ਦਰ ਸਭਿ ਮਿਲਿ ਜਾਇਐ॥੧੪॥ ਭੋਰ ਭਈ ਜੋ ਮਿਲੈ ਅਗਾਰੀ। ਤਿਹ ਕੋ ਦੇਵੈਂ ਤਖਤ ਬਿਠਾਰੀ'। ਮਾਨੀ ਸਭਿ ਨੈ ਕਹਿ ਜਿਸੁ ਭਾਂਤੀ। ਰਹ੍ਯੋ ਖੇਤ ਪਰ ਬਾਲਿਕ ਰਾਤੀ॥੧੫॥ ਭਈ ਭੋਰ ਘਰ ਆਵਨ ਲਾਗਾ। ਸਭਿਹਿਨਿ ਮਿਲਤਿ ਭਯੋ ਵਡਭਾਗਾ। ਲੇ ਤਿਹ ਕੋ ਇਸ਼ਨਾਨ ਕਰਾਯੋ। ਰਾਜ ਸਰਬ ਕੇ ਤਖ਼ਤ ਬਿਠਾਯੋ॥੧੬॥ ਗੁਰ ਕੋ ਬਚਨ ਪਾਇ ਸੋ ਬਾਲਿਕ। ਪਾਤਿਸ਼ਾਹ ਹੋਇਓ ਤਤਕਾਲਿਕ। ਇਸ ਪ੍ਰਕਾਰ ਭਾ ਤਾਂਹਿ ਪ੍ਰਸੰਗਾ। ਅਬ ਗੁਰ ਕਹੌਂ ਕਥਾ ਸ ਉਮੰਗਾ॥੧੭॥ ਮਗ ਮੈਂ ਗਮਨੇ ਜਾਹਿ ਅਗਾਰੀ। ਸਨਮੁਖ ਮਿਲ੍ਯੋ ਏਕ ਬੈਪਾਰੀ। ਤਿਹ ਸੋਂ ਸ੍ਰੀ ਗੁਰ ਗਿਰਾ ਉਚਾਰੀ। 'ਕਹਾ ਬਾਂਧਿ ਹੈ ਤੋਹਿ ਪਿਛਾਰੀ?' ॥ ੧੮ ॥ ਸੁਨਤਿ ਵਪਾਰੀ ਬਚਨ ਉਚਾਰਾ। 'ਲੌਨ[5], ਤੂਲ[6], ਤੋਲੈਂ ਬਿਵਹਾਰਾ। ਹੇਤ ਜੀਵਕਾ ਗ੍ਰਾਮਨ ਫਿਰਿਹੀ। ਕਰਿਕੈ ਬਨਜ ਲਾਭ ਅਨੁਸਰਿਹੀ'॥੧੯॥ ਤਿਹ ਗਤਿ ਦੇਖਿ ਗੁਰੂ ਤਬ ਬੋਲੇ। 'ਹਮਹਿ ਦਿਖਾਵਹੁ ਗਠਰੀ ਖੋਲੇ'। ਸੁਨਿ ਕੰਧੇ ਤੇ ਤਾਂਹਿ ਉਤਾਰੀ। ਖੋਲਿ ਗੰਠ ਧਰਿ ਦੀਨਿ ਅਗਾਰੀ॥੨੦॥ ਤੋਲਨ ਹੇਤ ਜਿ ਪਾਹਨ ਪਾਏ। ਸ੍ਰੀ ਪ੍ਰਭੁ ਨੈ ਸੋ ਹਾਥ ਉਚਾਏ। ਬੂਝਨ ਕੇ ਹਿਤ ਗਿਰਾ ਉਚਾਰੀ। 'ਇਨ ਕੋ ਨਾਉਂ ਬਤਾਉ ਬਪਾਰੀ !'॥੨੧॥ ਦੋਹਰਾ॥ 'ਪੰਚ ਸੇਰ, ਦੋ ਸੇਰ ਇਕ, ਸੇਰ ਏਕ ਇਹ ਆਹਿ। ਪਾਉ ਏਕ ਕੋ ਨਾਉਂ ਹੈ ਜੋ ਤੁਮਰੇ ਕਰ ਮਾਂਹਿ'॥੨੨॥ ਚੌਪਈ॥ ਸੁਨਿ ਗੁਰ ਕਹੈਂ, 'ਧੰਨ ਇਹ ਪਾਉ। ਜਿਨ ਅਪਨੋ ਲਘੁ ਨਾਮ ਧਰਾਊ। ਪੂਜਨ ਜੋਗ ਇਹੀ ਹਮ ਜਾਨਾ। ਸੁਨਹੁ ਕਾਨ ਦੇਕਰਿ ਮਰਦਾਨਾ' ॥੨੩ ॥ ਇਸ ਬਿਧਿ ਬਚਨ ਬਪਾਰੀ ਸੁਨੇ। ਪੂਰਨ ਸੰਤ ਰਿਦੇ ਮਹਿਂ ਗੁਨੇ। ਆਪਾ ਖੋਇ ਪਰ੍ਯੋ ਸ਼ਰਨਾਈ। ਬਿਸ਼ੈ ਬਾਸ਼ਨਾ ਸਰਬ ਗਵਾਈ ॥ ੨੪ ॥ ਧਰ੍ਯੋ ਚਰਨ

[1]ਪਾਤਸ਼ਾਹੀ। [2]ਔਲਾਦ। [3]ਜੇ ਅਸੀਂ (ਰਾਜ) ਲਈਏ। [4]ਜਿਸ ਨੂੰ। [5]ਲੂਣ। [6]ਰੂੰ।

ਪਰ ਸਿਰ ਹ੍ਵੈ ਦੀਨੋ।ਪਰਯੋ ਰਹਯੋ ਨ ਉਠਾਵਨ ਕੀਨੋ।ਦੇਖਿ ਦੀਨਤਾ ਤਿਹ ਜਗਨਾਥਾ। ਸਿਰ ਪਰ ਧਰਯੋ ਕਮਲ ਸਮ ਹਾਥਾ॥੨੫॥ਤਿਹ ਛਿਨ ਖੁਲ੍ਹਿਗੇ ਬਿਕਟ ਕਪਾਟਾ[1] । ਅਦਭੁਤ ਭਯੋ ਅਪਰ ਹੀ ਠਾਟਾ। ਜਗਯੋ ਗਯਾਨ ਦੁਬਿਧਾ ਸਭਿ ਖੋਈ। ਤੀਨ ਲੋਕ ਕੀ ਸੁਧ ਉਰ ਹੋਈ ॥੨੬॥ ਦੋਹਰਾ॥ ਜਬ ਬਾਲੇ ਨੇ ਅਸ ਕਹੀ ਬੈਪਾਰੀ ਕੀ ਗਾਥ। ਤਤਛਿਨ ਪ੍ਰਾਪਤਿ ਗਯਾਨ ਭਾ ਪਰਸੇ ਪ੍ਰਭੁ ਕੇ ਹਾਥ ॥ ੨੭॥ ਚੌਪਈ ॥ ਤਬ ਸ੍ਰੀ ਅੰਗਦ ਬੋਲੇ ਬਾਨੀ। 'ਹੇ ਬਾਲੇ ! ਇਹ ਕਹਹੁ ਕਹਾਨੀ। ਇਨ ਵੈਪਾਰੀ ਤਤਛਿਨ ਪਾਈ। ਕਛੁ ਚਿਰ ਕਾਲ ਨ ਸੇਵ ਕਮਾਈ ॥ ੨੮ ॥ ਥੋਰਨ ਕੀਨ ਸ਼ਬਦ ਅੱਭਯਾਸਾ। ਗਯਾਨੀ ਭਯੋ ਪਾਇ ਸੁਖ ਰਾਸਾ'।ਬਾਲੇ ਨੇ ਤਬ ਬਚਨ ਉਚਾਰੇ:-।ਸੁਨਿ ਅੰਗਦ ਸ੍ਰੀ ਨਾਨਕਪਯਾਰੇ!॥੨੯॥ਮੈਂ ਬੂਝਨ ਕੀਨੋ ਪ੍ਰਭੁ ਤਬ ਹੀ।ਤਿਹ ਪੁਰ ਖੁਸ਼ੀ ਕੀਨ ਪ੍ਰਭੁ ਜਬ ਹੀ।ਮੁਝ ਸੋਂ ਜੈਸੇ ਬਚਨ ਉਚਾਰੇ। ਸੋ ਮੈਂ ਕਹਿਹੋਂ ਪਾਸ ਤੁਮਾਰੇ ॥੩੦॥'ਪੂਰਬ ਜਨਮ ਪੁੰਨ ਇਸ ਕੇਰੇ। ਮਿਲਿ ਸਤਿਸੰਗਤਿ ਕੀਨ ਘਨੇਰੇ। ਕਾਰਜ ਭਯੋ ਸਿੱਧ ਸਭਿ ਆਗੂ। ਮਿਲਨੋ ਚਾਹਿਤ[2] ਏਕ ਸਭਾਗੂ[3] ॥੩੧॥ ਦੋਹਰਾ॥ਦੀਪਕ ਬਾਤੀ ਤੇਲ ਘ੍ਰਿਤ,ਪਾਵਕ ਲਾਵਨ ਦੇਰ।ਹੋਇ ਰੋਸ਼ਨੀ ਤੁਰਤ ਮਿਲ, ਤਯੋਂ ਇਸ ਕੋ ਤੂੰ ਹੇਰਿ'॥ ੩੨ ॥ ਚੌਪਈ ॥ ਸੁਨਤਿ ਯੁਕਤਿ ਹਿਰਦੇ ਹਰਖਾਨੋ। ਪੁਨਹਿ ਕਥਾ ਸੁਨਿਹੀ ਦੇ ਕਾਨੋ।ਸ੍ਰੀ ਅੰਗਦ ਸੁਨਿਯੋ ਗੁਰਗਾਥਾ ਤਿਹ ਕੋ ਐਸੇ ਕੀਨ ਸਨਾਥਾ[4] ॥੩੩॥ ਗਮਨ ਕੀਨ ਪੁਨ ਗੁਨਗਨਖਾਨੀ। ਆਈ ਤਬਹਿ ਉਜਾਰ ਮਹਾਨੀ। ਕਿਤੇ ਕੋਸ ਲੌ ਗ੍ਰਾਮ ਨ ਆਯੋ। ਨਹਿ ਮਾਨੁਖ ਤਨ ਕਹੂੰ ਦਿਸਾਯੋ ॥੩੪ ॥ ਅਵਲੋਕਤਿ ਬੋਲਯੋ ਮਰਦਾਨਾ। 'ਸ੍ਰੀ ਪ੍ਰਭੁ ! ਇਹ ਉਦਿਆਨ ਮਹਾਨਾ। ਜਿਸ ਕੋ ਦੇਖਿ ਮਹਾਂ ਭਯ ਆਵੈ। ਨਹਿ ਮਾਨੁਖ ਤਨ ਕਹੂੰ ਦਿਸਾਵੈ' ॥੩੫॥ ਸੁਨਿਕੈ ਬੋਲੇ ਕ੍ਰਿਪਾ ਨਿਧਾਨਾ। 'ਇਹ ਨਹਿ ਲਖੋ ਉਜਾਰ ਮਹਾਨਾ। ਬਡੋ ਨਗਰ ਬਸਦੀ ਅਭਿਰਾਮੂ[5]। ਸਿਮਰਨ ਹੋਤਿ ਜਹਾਂ ਸਤਿਨਾਮੂ॥੩੬॥ ਜਹਿਂ ਪਰਮੇਸ਼ੁਰ ਚਿੱਤ ਨ ਆਵੈ। ਸੋ ਵਸਦੀ ਉਦਿਆਨ ਲਖਾਵੈ। ਹਰਖ ਨ ਹੋਵੈ ਤਹਾਂ ਕਦਾਈ। ਜਹਾਂ ਨ ਕਬਹੂੰ ਪ੍ਰਭੁ

---

[1] ਕਠਨ ਤਖਤੇ। ਮਾਨੁੱਖ ਤੇ ਸਾਂਈਂ ਦੇ ਵਿਚਕਾਰ ਗੁਰਬਾਣੀ ਅਨੁਸਾਰ ਜੋ 'ਆਸਾ ਅੰਦੇਸਾ' ਨਾਮੀ ਪੜਦੇ ਅਥਵਾ ਤਖਤੇ ਹਨ ਉਹ ਖੁਲ੍ਹ ਗਏ ਤੇ ਸਾਂਈਂ ਦੇ ਦਰ ਪਹੁੰਚ ਹੋ ਗਈ। [ਵੇਖੋ ਪੂ: ਅਧਯਾਯ ੩੮, ਅੰਕ ੪੩ ਦੀ ਹੇਠਲੀ ਟੂਕ]। [2] ਮਿਲਨ ਦੀ ਲੋੜ ਸੀ। [3] ਸੁਭਾਗ (ਗਯਾਨੀ ਦੀ)। [4] ਨਿਹਾਲ। [5] ਸੁੰਦਰ ਵਸਤੀ ਹੈ। (ਅ) ਵੱਡਾ ਤੇ ਸੁੰਦਰ ਨਗਰ ਵਸਦਾ ਹੈ।

Sri Satguru Jagjit Singh Ji eLibrary NamdhariElibrary@gmail.com

ਗੁਨ ਗਾਈ ॥ ੩੭ ॥ ਦੋਹਰਾ ॥ ਸਿੱਧ ਸਾਧ ਜੋਗੀ ਜਤੀ ਤਪੀ ਰਹਿਤ ਸਭਿ ਨਾਮ। ਜਗ ਕੇ ਸ੍ਵਾਦ ਬਿਸਾਰਿ ਕੈ ਤਨਾਗ ਗਏ ਨਿਜ ਧਾਮ' ॥ ੩੮ ॥ ਸੋਰਠਾ ॥ ਰਿਦੈ ਨ ਪ੍ਰੇਮ ਸਮਾਇ ਸ੍ਰੀ ਨਾਨਕ ਤਨ ਭਗਤਿ ਧਰਿ। ਆਸਾ ਰਾਗ ਉਠਾਇ ਗਾਯੋ ਸ਼ਬਦ ਬਨਾਇਕੈ ॥ ੩੯ ॥

ਆਸਾ ਘਰੁ ੪ ਮਹਲਾ ੧

੧ ਓ ਸਤਿਗੁਰਪ੍ਰਸਾਦਿ ॥

ਦੇਵਤਿਆ ਦਰਸਨ ਕੇ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥

ਚੌਪਈ ॥ ਜਬ ਯਿਹ ਸ੍ਰੀ ਗੁਰੁ ਸ਼ਬਦ ਬਖਾਨਾ।ਤ੍ਰੁਸ਼ਨ ਹੋਤਿ ਭਯੋ ਮਰਦਾਨਾ। ਨਿਕਸਿ ਉਜਾਰ ਵਹਿਰ ਜਬ ਗਏ। ਗ੍ਰਾਮ ਏਕ ਤਬ ਦੇਖਤਿ ਭਏ ॥੪੦॥ ਸਭਿ ਬੰਚਕ[1] ਕੇ ਘਰ ਤਿਹ ਮਾਂਹੀ।ਮਾਰਹਿ ਨਰ, ਧਨ ਲੇਵਹਿ ਤਾਂਹੀ।ਤਿਨ ਕੋ ਸੁਮਤਿ ਦੇਨਿ ਕੇ ਹੇਤਾ। ਪ੍ਰਵਿਸ਼ੇ ਗ੍ਰਾਮਹਿ ਕ੍ਰਿਪਾਨਿਕੇਤਾ॥੪੧॥ਜਗਤੇਸੁਰ ਇਕ ਖੇਲ ਮਚਾਵਾ। ਬੰਚਕ ਕੁਮਤਿ ਹਰਨ ਹਿਤ ਠਾਵਾ[2]। ਖੋੜਸ ਬਰਸ ਬੇਸ[3] ਮੈਂ[4] ਕਰ ਦੀ। ਬਹੁ ਸੁੰਦਰ ਭੂਖਨ, ਪਟ ਜ਼ਰ ਦੀ[5]॥੪੨॥ਦੋਹਰਾ॥ ਜਾਂਬੂਨਦ ਕਟ[6] ਨਿਜ ਸੁ ਕਰ, ਪੋਸ਼ਿਸ਼ ਸੇਤ ਬਨਾਇ। ਮਰਦਾਨਾ ਨਿਜ ਡੂਮ ਹੈ ਜਨ ਮੁਕਲਾਵਨ ਜਾਇ*॥ ੪੩ ॥ ਚੌਪਈ ॥ ਸੋ ਬੰਚਕ ਕੇ ਸਦਨ ਮਝਾਰੀ।ਬੈਠੇ ਜਾਇ ਮਹਾਂ ਅਘਹਾਰੀ[7]।ਇਕ ਬੰਚਕ ਬਹੁ ਉਰ ਹਰਖਾਨਾ। ਨੀਕੀ ਰੀਤਿ ਕੀਨ ਸਨਮਾਨਾ ॥ ੪੪ ॥ 'ਆਵਹੁ ਜੀ ਕਰਿਯੇ ਘਰ ਡੇਰਾ। ਆਛੀ ਬਿਧਿ ਸ਼੍ਰਮ ਹਰੌਂ[8] ਸੁ ਤੇਰਾ। ਜੋ ਕਛੁ ਕਹੋ ਸੁ ਸੇਵਾ ਕਰਿਹੋਂ। ਪਾਉਂ ਚਾਪ[9] ਸ਼੍ਰਮ ਮਗ ਕਾ ਹਰਿਹੋਂ'॥੪੫॥ਸੈਯਾ॥ਤਾਂਕੇ ਨਿਕੇਤ ਰਹੇ ਪ੍ਰਭੁ ਜੀ ਮਿਲਿ

[1]ਠੱਗਾਂ। [2]ਪ੍ਰੇਮ ਕੀਤਾ। [3]ਸੋਲਾਂ ਵਰ੍ਹੇ ਦੀ ਆਯੂ। [4]ਭਾਵ ਬਾਲੇ ਦੀ। [5]ਜ਼ਰੀ ਦੇ। [6]ਸੋਨੇ ਦੇ ਕੜੇ। [7]ਪਾਪਾਂ ਦੇ ਨਾਸ਼ ਕਰਤਾ। [8]ਥਕੇਵਾਂ ਦੂਰ ਕਰਾਂਗਾ। [9]ਦਬਾਕੇ।

*ਅੰਕ ੪੨ ਤੇ ੪੩ ਦੇ ਛੰਦ ਲਿਖਤੀ ਨੁਸਖਿਆਂ ਵਿਚੋਂ ਕਿਸੇ ਵਿਚ ਬੀ ਨਹੀਂ ਹਨ। ਆਖੇਪਕ ਜਾਪਦੇ ਹਨ।

Sri Satguru Jagjit Singh Ji eLibrary NamdhariElibrary@gmail.com

ਬੰਚਕ[1]ਆਵਤਿ ਭੇ ਸਮੁਦਾਈ।ਧਾਮ ਹੁਤੋ ਜਿਹ ਕੋ ਤਬ ਹੀ ਸਭਿਹੀ ਬਟ-ਪਾਰ ਸੋ ਲੀਨ ਬੁਲਾਈ। 'ਜੋਤਿ ਲਿਲਾਰ[2] ਬਡੀ ਇਹ ਕੇ, ਧਨ ਹੈ ਬਹੁ ਪਾਸ, ਚਲ੍ਯੋ ਕਿਹ ਥਾਂਈਂ।ਲੇਹੁ ਸਭੈ ਨ ਦੁਰਾਵਹ ਸੋ,ਹਮ ਭੋਰ ਭਈ ਧਨ ਲੇਹਿ ਬਟਾਈ[3]'॥੪੬॥ਯੌਂ ਕਹਿ ਜਾਤਿ ਭਏ ਅਪਨੇ ਘਰ,ਬਾਸੁਰ ਤੇ ਰਜਨੀ ਹੁਇ ਆਈ। ਖਾਇ ਅਹਾਰ ਕੋ ਸੋਇ ਰਹੇ ਸਭਿ, ਕਾਹੂ ਨ ਜਾਗਨ ਕੀ ਸੁਧਿ ਪਾਈ। ਪ੍ਰੇਰੀ ਪ੍ਰਭੂ ਕੀ ਕਰੇ ਬਸ ਨੀਂਦ ਨੇ, ਸੈਨ ਕਰੇ ਸਭਿ ਰੈਨ ਬਿਤਾਈ।ਭੋਰ ਭਈ ਜਬ ਜਾਗ੍ਯੋ ਨ ਕੋ,ਤਬ ਐਸੇ ਪਰੇ ਜਿਮ ਹ੍ਵੈ ਮੁਰਛਾਈ॥ ੪੭॥ ਸੂਰ ਚਢੇ ਗਮਨੇ ਗੁਰ ਨਾਨਕ ਸੋਵਤਿ ਛੋਰਿ ਚਲੇ ਤਹਿਂ ਥਾਈਂ। ਜਾਗਤਿ ਭੇ ਪਸ਼ਚਾਤ[4] ਸਭੈ ਮਿਲਿ ਬੰਚਕ ਹੋਤਿ ਭਏ ਇਕ ਥਾਈਂ'ਦੇਹੁ ਦਿਖਾਇ ਲਿਯੋ ਧਨ ਜੋ ਬਹੁ ਜਾਚਤਿ ਹੈਂ ਤੁਮਰੇ ਢਿਗ ਭਾਈ' ।ਹੋ ਬਿਸ-ਮਾਦ ਕਹ੍ਯੋ ਤਿਨ ਇਉਂ 'ਮੋਹਿ ਨਾਂਹਿ ਰਹੀ ਰਜਨੀ[5] ਸੁਧ ਕਾਈ' ॥ ੪੮ ॥ ਸੋ ਨਹਿ ਮਾਨਹਿ ਤਾਂਹਿ ਕਹ੍ਯੋ, ਝਗਰੈਂ, ਬਹੁ ਗਾਰਿ[6] ਕੋ ਦੇਹਿ ਲਰਾਈ।'ਹਾਥ ਲਗਾ ਬਹੁਤੋ ਧਨ ਤੋ ਕਹੁ,ਲਾਲਚ ਧਾਰਿ ਕੈ ਲੀਨ ਛੁਪਾਈ । ਸੋ ਨਹਿ ਛੋਡਹਿ ਕੈਸੇ ਕਰੇ,ਤੁਮ ਪਾਸ ਹਮਾਰੇ ਤੇ ਲੇਤਿ ਸਦਾਈ। ਕਿਉਂ ਅਬ ਤੂਸ਼ਨਿ ਬੈਠਿ ਰਹਾ,ਸਭਿ ਕਾਢਿ ਨਿਕੇਤ ਤੇ ਦੇਹੁ ਦਿਖਾਈ'॥ ੪੯ ॥ ਸ੍ਵੈਯਾ ॥ ਆਨ[7] ਕਰੀ ਨਿਜ ਪੀਰਨ ਕੀ[8] ਤਿਨ, ਸਾਚ ਪਛਾਨਤਿ ਭੇ ਤਬ ਹੀ।–ਕੌਨ ਸਿ ਪੰਥ ਗਏ ਉਠਿ ਤੂਰਨ?–ਯੌਂ ਮਿਲ ਸੋਚ ਕਰੀ ਸਭਿਹੀ।ਗ੍ਰਾਮ ਕੀ ਚਾਰ ਦਿਸ਼ਾ ਅਵਿਲੋਕਿ ਕੈ ਪੈਰ ਕੋ ਖੋਜ ਪਿਖ੍ਯੋ ਜਬਹੀ।ਮਾਨਵ ਜੂਨ ਚਲੇ ਤਬ ਚਾਰ, ਕਹੈਂ ਕਿ'ਗਹੈਂ ਹਮ ਜਾ ਅਬਹੀ'॥੫੦॥ਸ੍ਵੈਯਾ॥ਪੰਚਮੇ ਕੋਸ ਮੈਂ ਜਾਇ ਮਿਲੇ ਇਕ ਬੰਚਕ ਉਚ ਸੋ ਵਾਕ ਅਲਾਯੋ । 'ਜਾਹੁ ਕਹਾਂ ਅਬ ਠਾਂਢਿ ਰਹੋ ਨਿਸ਼ਚੈ ਘਰ ਮੇਰੋ ਚੁਰਾਇ ਕੈ ਲਯਾਯੋ । ਮਾਰਹਿੰਗੇ ਨਹੀਂ ਜੀਵਤ ਛੋਡਹਿਂ,ਦੇਹੁ ਸਭੈ ਧਨ ਜੇਤੋ ਚੁਰਾਯੋ'।ਸ੍ਰੀ ਗੁਰ ਹਾਕ ਸੁਨੀ ਜਬ ਸ੍ਰੋਨ ਮੈਂ, ਠਾਂਢੇ ਰਹੇ ਨਹਿ ਪੈਰ ਉਠਾਯੋ॥੫੧॥ਗੁਰ ਬੂਝਨ ਕੀਨ'ਕਹੋ ਤੁਮ ਕ੍ਯਾ ?' ਇਕ ਬੰਚਕ ਆਇ ਕੈ ਬਾਨੀ ਅਲਾਈ। 'ਸਗਰੋ ਧਨ ਦੇਹੁ ਅਬੈ ਨਿਜ ਪਾਸ ਤੇ,ਮਾਰਹਿੰਗੇ ਤੁਮ ਕੋ ਇਹ ਥਾਈਂ।ਛਲ ਕੋ ਕਰਿ ਕੈ ਰਜਨੀ ਤੇ ਬਚ੍ਯੋ, ਅਬ ਸਾਬਤ ਛੋਡਿ ਕੈ ਤੋਹਿ ਨ ਜਾਈਂ । ਹਮਰੀ ਇਹ ਰੀਤਿ

---

[1]ਠੱਗ। [2]ਮੱਥੇ ਦੀ। [3]ਵੰਡਵਾ ਲਵਾਂਗੇ। [4]ਪਿੱਛੋਂ। [5]ਰਾਤ ਨੂੰ। [6]ਗਾਲੀਆਂ। [7]ਸੌਂਹ। [8]ਪੀਰਾਂ ਦੀ।

Sri Satguru Jagjit Singh Ji eLibrary NamdhariElibrary@gmail.com

ਸਦੀਵ ਅਹੇ,ਹਨਿ[1]* ਪੂਰਬ[2] ਪਾਛੇ ਤੋ ਲੇਂ ਵਥੁ ਕਾਈ[3]" ॥੫੨॥ਸ੍ਵੈਯਾ ॥[4]"ਜੇ ਤੁਮ ਮਾਰਨ ਆਏ ਹਮੈਂ ਇਕ ਵਾਕ ਸੁਨੋ ਸੁ ਕਰੋ ਮਨਲਾਈ। ਹਿੰਦੁਨ ਕੋ ਤਨ†ਜਾਨਹੁ ਹਮਾਰ, ਜੇ ਮਾਰਹੁ ਐਸੇ ਨ ਗੇਰਿ ਕੈ ਜਾਈ। ਪਾਵਕ ਲੇ ਕਰਿ ਦਾਹ ਕਰੋ ਪੁਨ ਜਾਵਹੁ ਧਾਮਨ[5] ਕੋ ਧਨ ਪਾਈ। ਭਾਜ ਸਕੈਂ ਤੁਮ ਤੇ ਹਮ ਨਾਂਹਿ ਲਿਯੇ ਹਥਿਯਾਰ ਮਿਲੇ ਅਬ ਆਈ[6]" ॥ ੫੩॥ ਦੋਹਰਾ ॥ ਗੁਰ ਕੇ ਦਰਸ ਬਿਲੋਕਿ ਕੈ ਬਚਨ ਸੁਨੇ ਜਬ ਕਾਨ। ਕਛੁਕ ਦਯਾ ਉਪਜੀ ਰਿਦੇ ਕਹੈ, ਕਿ"ਲਿਹੁ ਬਚ ਮਾਨਿ' ॥੫੪॥ ਚੌਪਈ॥ 'ਤੁਮ ਕੋ ਦੇਹਿ ਦਾਹੁ' ਕਿਹ ਭਾਂਤੀ।ਅਗਨਿ ਸਮੀਪ ਨ ਕਹੂੰ ਦਿਸਾਤੀ। ਜੇ ਜੀਵਤਿ ਛੋਰੈਂ ਤੁਮ ਤਾਈਂ। ਕਰਹੁ ਪੁਕਾਰ ਜਾਇ ਕਿਹ ਥਾਈਂ' ॥੫੫॥ ਸੁਨਿ ਬੋਲੇ ਬੇਦੀ ਕੁਲਦੀਪਾ। 'ਇਸ ਦਿਸ਼ ਦੇਖਹੁ ਧੂਮ[8] ਸਮੀਪਾ।ਹਮਰੇ ਜੀਵਤ ਅਗਨ ਅਨੀਜੈ। ਮਾਰਨ ਬਹੁਰ ਖਸੋਟਨ ਕੀਜੈ ॥ ੫੬ ॥ ਦ੍ਵੈ ਜਾਵਹੁ ਲਯਾਵਨ ਕੇ ਹੇਤਾ। ਦ੍ਵੈ ਢਿਗ ਬੈਠਹੁ ਹੋਇ ਸੁਚੇਤਾ'। ਸ੍ਰੀ ਗੁਰ ਤਿਨ ਸੁਖ ਦੇਵਨ ਕਾਰਨ। ਇਸਿ ਬਿਧਿ ਕੀਨੇ ਬਚਨ ਉਚਾਰਨ ॥੫੭॥ ਕਹਯੋ ਮਾਨਿ ਸੋਈ ਬਿਧਿ ਕੀਨੀ।ਦ੍ਵੈ ਗਮਨੇ ਜਹਿ ਅਗਨੀ ਚੀਨੀ। ਦ੍ਵੈ ਬੈਠੇ ਹਥਿਯਾਰ ਉਘਾਰੇ[9]।ਹ੍ਵੈ ਸੁਚੇਤ ਢਿਗ ਮਾਰਨ ਹਾਰੇ॥੫੮॥ ਮਗ ਮਹਿਂ ਜਾਤ ਚਲੇ ਸੋ ਦੋਊ।ਦੇਖੇ ਨਰ ਕੋ ਮਾਰਤਿ ਕੋਊ[10]। ਬਾਂਧਯੋ ਲੀਨੇ ਜਾਤ ਅਗਾਰੀ। ਮਾਰ ਮਾਰ ਪੀੜਾ ਦੇ ਭਾਰੀ ॥੫੯॥ਤਿਨ ਤੇ ਦੂਰਿਕੈ[11]‡ਲਿਘੇ ਧਾਈ[12] ਦੇਖੀ ਚਿਖਾ ਬਰੀ[13] ਤਿਹ ਥਾਈਂ।ਅਗਨਿ ਨਿਕਾਸਿ ਲੀਨਿ ਨਿਜ ਹਾਥਾ। ਹਟਿ ਗਮਨੇ ਜਿਤ ਦਿਸ਼ ਜਗਨਾਥਾ॥ ੬੦ ॥ ਬਹੁਰ ਆਇ ਕਰਿ ਦੇਖਯੋ ਦੋਊ। ਚਢਯੋ ਜਾਤ ਸਿਵਕਾ[14] ਨਰ ਸੋਊ। ਗਾਵਤਿ ਗਾਇਕ[15] ਰਾਗ ਅਗਾਰੀ।ਅਸ ਬਿਲੋਕਿ ਭਾ ਅਚਰਜ ਭਾਰੀ॥੬੧॥–ਬਿਨ

[1]ਮਾਰਕੇ। [2]ਪਹਿਲੇ। [3]ਪਿੱਛੋਂ ਵਸਤੂ ਕੋਈ ਲੇਣੀ। [4]ਗੁਰੂ ਜੀ ਬੋਲੇ। [5]ਘਰਾਂ ਨੂੰ। [6]ਆਏ ਹੋ। [7]ਸਾਜਨਾ। [8]ਧੂਆਂ। [9]ਨੰਗੇ ਕਰਕੇ। [10]ਦੇਖਿਆ ਇਕ ਪੁਰਸ਼ ਨੂੰ ਕੋਈ ਮਾਰਦੇ ਹਨ। [11]ਛੁਪਕੇ। [12]ਦੌੜਕੇ। [13]ਬਲਦੀ। [14]ਪਾਲਕੀ ਪੁਰ। [15]ਗਵੱਯੇ। *ਪਾਃ–ਹਮ।

†ਗੁਰੂ ਜੀ ਨਿਜ ਨੂੰ ਹਿੰਦੂ ਮੁਸਲਮਾਨ ਤੋਂ ਨਿਆਰਾ ਦੱਸਦੇ ਰਹੇ ਹਨ, ਓਹ ਤਾਂ ਆਪਣਾ ਮਤਾ ਦੱਸਦੇ ਰਹੇ ਹਨ। ਤਨ ਹਿੰਦੂ ਕਹਿਣਾ ਸੱਚ ਸੀ, ਕਿਉਂਕਿ ਜਨਮ ਕਰਕੇ ਸਰੀਰ ਦਾ ਜਗਤ ਵਿਚ ਆਉਣਾ ਹਿੰਦੂ ਖਾਨਦਾਨ ਵਿਚੋਂ ਹੀ ਸੀ, ਇਹ ਗਲ ਇਥੇ ਮਤਾ ਪ੍ਰਗਟ ਕਰਨ ਲਈ ਨਹੀਂ, ਪਰ ਠੱਗਾਂ ਦਾ ਧਿਆਨ ਅੱਗ ਵਲ ਲਿਜਾਣ ਤੋਂ ਹੈ ਸੀ ਕਿ ਓਹ ਅੱਗ ਦੀ ਖਾਤਰ ਚਿਖਾ ਵਲ ਤੱਕਣ, ਓਥੇ ਜਾਣ ਤੇ ਕੌਤਕ ਤੱਕਣ, ਤਦ ਉਨ੍ਹਾਂ ਦਾ ਪਾਪਾਂ ਵਿਚ ਮੁਰਦਾ ਹੋ ਚੁਕਾ ਮਨ ਜਾਗ ਉੱਠੇ। ‡ਪਾਃ–ਦੂਰ ਹ੍ਵੈ।

Sri Satguru Jagjit Singh Ji eLibrary NamdhariElibrary@gmail.com

ਪੂਛੇ ਤੇ ਜਾਇ ਨ ਜਾਨਾ। ਪੂਰਬ ਸੰਕਟ ਦੇਤਿ ਮਹਾਨਾ। ਅਬ ਅਨੰਦ ਸੋਂ ਮਾਰਗ ਜਾਏ-।ਕਰਿ ਬਿਚਾਰ ਇਉਂ ਤਿਹ ਢਿਗ ਆਏ॥੬੨॥ਸ੍ਵੈਯਾ॥'ਕੌਨ ਅਹੈ ਸਿਵਕਾ ਪਰ ਜਾਵਤਿ ਪੂਰਬ ਸ਼ਾਸਨ[1] ਦੇਵਤਿ[2] ਯਾਂਹੀ[3]'। ਦੂਤਨ ਬੈਨ ਭਨੇ 'ਇਹ ਪਾਪੀ ਥੋ,*ਦੇਨ ਬਡੋ ਦੁਖ ਲਾਯਕ ਆਹੀ। ਧੂਮ ਸਿਖਾ ਪਿਖਿਯੋ ਗੁਰ ਨਾਨਕ ਹੋਇ ਪੁਨੀਤ ਗਯੋ ਛਿਨ ਮਾਂਹੀ। ਸ਼ਾਸਨ ਤੇ ਛੁਟਿ ਪ੍ਰਾਪਤ ਭਾ ਸੁਖ,ਕੀਨ ਜਿ ਪਾਪ ਰਹ੍ਯੋ ਇਕ ਨਾਂਹੀ'॥੬੩॥ਸ੍ਵੈਯਾ॥'ਨਾਨਕ ਕੌਨ?ਬਤਾਇ ਹਮੈ', ਸੁਨਿ ਦੂਤ ਕਹੈਂ 'ਤੁਮਰੇ ਢਿਗ ਜੋਊ। ਮਾਰਨ ਹੇਤ ਖਸੋਟਨ ਕੇ ਤੁਮ ਜਾਂਕੇ ਅਏ, ਗੁਰ ਨਾਨਕ ਸੋਊ'।ਯੋਂ ਸੁਨਿਕੈ ਬਿਸਮਾਦਿ ਰਿਦੇ 'ਹਮ ਕੋ ਧ੍ਰਿਕ', ਧਾਇ ਚਲੇ ਤਬ ਦੋਊ। ਆਨਿ ਗਹੇ ਪਦ ਪੰਕਜ ਪਾਨ ਸੋਂ[4],ਬੈਨ ਭਨੇ 'ਤੁਮਹੋ ਦੁਖ ਖੋਊ' ॥੬੪॥ ਦੋਹਰਾ ॥ ਸਰਬ ਬ੍ਰਿਤਾਂਤ ਦਿਖਾਇ ਕੈ ਸ਼ਰਧਾ ਅਪਨੀ ਦੀਨ। ਕਰਤਿ ਕੁਕਰਮ ਬਹੋਰਨੇ[5] ਸ੍ਰੀ ਗੁਰ ਪਰਮ ਪ੍ਰਬੀਨ॥੬੫॥ਚੌਪਈ॥ ਸਰਬ ਪੰਥ ਕੀ ਕਥਾ ਸੁਨਾਈ। ਚਾਰੋਂ ਚਰਨ ਰਹੇ ਲਪਟਾਈ। 'ਨਿੰਦ ਜੀਵਕਾ ਹੁਤੀ ਹਮਾਰੀ। ਮਾਰਹਿਂ ਜੀਵਨ[6] ਬਿਨਾ ਬਿਚਾਰੀ ॥੬੬॥ਤੁਮ ਸਮਰੱਥ ਸੰਤ ਸੁਖਦਾਈ। ਅਪਨੀ ਕਲਾ ਨ ਹਮਹਿ ਦਿਖਾਈ। ਬਖਸ਼ਹੁ ਬਡੇ ਕਰੇ ਅਪਰਾਧੂ।ਪਰਉਪਕਾਰੀ ਹੈ੍ ਜਗ[7] ਸਾਧੂ ॥੬੭ ॥ਚਲਹੁ ਗ੍ਰਾਮ ਸ੍ਰੀਪ੍ਰਭੁ ! ਬਹੋਰੀ[8]।ਬਿਨਤੀ ਸਰਬ ਕਰਹਿ ਕਰ ਜੋਰੀ। ਅਘ ਓਘਨ[9] ਮਹਿਂ ਹਮ ਗ਼ਲਤਾਨਾ। ਹਿੰਸਾ ਮਹਿਂ ਦਿਨ ਰੈਨ ਬਿਤਾਨਾ' ॥੬੮॥ਦੀਨ ਭਏ ਅਵਲੋਕ ਗੁਸਾਈਂ। ਹਟੇ ਗ੍ਰਾਮ ਕੀ ਦਿਸ਼ਿ ਤਿਸ ਥਾਈਂ। ਸ੍ਰੀ ਗੁਰ ਕੋ ਲੇ ਸੰਗਿ ਸੁ ਆਏ ਸਰਬ ਪ੍ਰਸੰਗਹਿ ਗ੍ਰਾਮ ਸੁਨਾਏ॥੬੯॥ ਹੁਤੋ ਸਥਾਨ ਜਹਾਂ ਤਿਨ ਨੀਕਾ। ਤਹਿਂ ਬਿਠਾਇ ਬੇਦੀ ਕੁਲ ਟੀਕਾ। ਧਰਹਿਂ ਉਪਾਇਨ ਬੰਦਨ ਕਰਿਹੀਂ। ਉਸਤਤਿ ਬਾਰੰਬਾਰ ਉਚਰਿਹੀਂ॥੭੦॥'ਜਿਸ ਪ੍ਰਕਾਰ ਹ੍ਵੈ ਭਲਾ ਹਮਾਰਾ। ਸਿਖਵਨ[10] ਸੋਊ ਸਿਖਾਇ ਉਦਾਰਾ। ਮਾਨਵ ਸਰਬ ਕੁਕਰਮਨ ਲਾਗੇ। ਸਮਝ ਪਰੀ ਤੁਮ ਦਰਸ਼ਨ ਪਾਗੇ[11]' ॥੭੧॥ ਬਿਨੈ ਸੁਨੀ ਤਿਨਕੀ ਗੁਨਖਾਂਨੀ।ਸੁਖਦ ਮੁਕਤਿ ਦਾ ਬੋਲੇ ਬਾਨੀ।'ਨਿੰਦ ਜੀਵਕਾ

[1]ਸਜ਼ਾ। [2]ਦੇਂਦੇ ਸਾਓ। [3]ਇਸ ਨੂੰ। [4]ਹੱਥਾਂ ਨਾਲ। [5]ਖੋਟੇ ਕੰਮ ਕਰਨੋਂ ਮੋੜਿਆ। [6]ਜੀਵਾਂ ਨੂੰ। [7]ਹੋਏ ਹੋ ਜਗਤ ਵਿਚ। [8]ਮੁੜਕੇ। [9]ਬਹੁਤਿਆਂ ਪਾਪਾਂ। [10]ਉਪਦੇਸ਼। [11]ਪਾਏ।

*ਗੁਰੂ ਜੀ ਨੇ ਉਹਨਾਂ ਦੀ ਦ੍ਰਿਸ਼ਟਿ ਅਲੌਕਿਕ ਸਾਮਾਨ ਦਿੱਸ ਪੈਣ ਵਾਲੀ ਖੁਹਲ ਦਿੱਤੀ, ਸੋ ਦੇਖਦੇ ਹਨ ਓਹ ਕੌਤਕ ਜੋ ਇਕ ਪ੍ਰਾਣੀ ਦਾ ਮਰਨ ਦੇ ਬਾਦ ਹੋ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

ਪਾਛਲ ਤਜਾਗਹੁ। ਕਿਰਖੀ[1] ਕਰਨ ਭਲੇ ਮਗ* ਲਾਗਹੁ ॥ ੭੨ ॥ ਅਬ ਜੇਤੋ ਘਰ ਮਹਿ ਹੈ ਦਰਬਾ।ਪਾਪਨ ਕਾ,ਸੁ ਲੁਟਾਵਹੁ ਸਰਬਾ।ਕਰਹੁ ਕਮਾਈ ਹਾਥਨ ਸੰਗਾ। ਤਿਹ ਮਹਿ ਕਰਉ ਪੁੰਨ ਸ ਉਮੰਗਾ ॥ ੭੩ ॥ ਗ੍ਰਾਮ ਬਿਖੈ ਧ੍ਰਮਸਾਲਾ ਰਚਿਯੋ। ਅਸਨ ਖਵਾਇ ਅਥਿਤ[2] ਪੁਨਿ ਅਚਿਯੋ। ਸੱਤਿਨਾਮ ਕੋ ਸਿਮਰਨ ਕਰਿਨੋ।ਮੰਤ੍ਰ ਸਰਬ ਕਲੁਖਨ[3]ਕੋ† ਹਰਿਨੋ॥੭੪॥ਕ੍ਰਿੱਤ ਕਰਹੁ ਅਪਨੀ ਦਿਨ ਮਾਂਹੀ। ਮਿਲਹੁ ਸੰਝ ਧ੍ਰਮਸਾਲਾ ਜਾਂਹੀ। ਤਹਾਂ ਬੈਠਿ ਪ੍ਰਭੁ ਕੀਰਤਿ ਗਾਵਹੁ।ਭੋਰ ਹੋਤਿ ਨਾਮਹਿਂ ਲਿਵਲਾਵਹੁ॥੭੫॥ਸੰਤ ਅਤਿਥਿ ਕੀ ਸੇਵਾ ਕਰਿਯੋ।ਭਾਉ ਭਗਤਿ ਹਿਰਦੇ ਮਹਿਂ ਧਰਿਯੋ।ਇਹ ਉਪਦੇਸ਼ ਸਦੀਵ ਕਮਾਵਹੁ। ਤੁਮਰਾ ਭਲਾ ਹੋਇ ਸੁਖ ਪਾਵਹੁ' ॥ ੭੬॥ ਮਾਨੇ ਬਚਨ ਗੁਰੂ ਕੇ ਸਭਿਹੀ। ਦਰਬ ਲੁਟਾਇ ਦੀਨ ਤਿਨ ਤਬਹੀ।ਖੇਤੀ ਕਰਨ ਲਗਾਨੇ ਸਭਿ ਗ੍ਰਾਮਾ। ਪੂਰਬ ਕੋ ਤਜਿ ਦਯੋ ਕੁਕਾਮਾ ॥੭੭॥ ਧਰਮਸਾਲ ਮਿਲਿ ਸਕਲ ਸਵਾਰੀ।ਭਾਉਭਗਤਿ ਕੇ ਭੇ ਅਧਿਕਾਰੀ। ਸਿਮਰਨ ਲਗੇ ਵਾਹਿਗੁਰੂ ਨਾਮੂ। ਸਿੱਖੀ ਰੀਤਿ ਲੀਨ ਅਭਿਰਾਮੂ ॥੭੮॥ ਕਿਤਿਕ ਦਿਵਸ ਬਸਿ ਕਰਿ ਤਿਹ ਥਾਨਾ। ਭਾਉ ਭਗਤਿ ਬਿਧਿ ਨੀਕ ਦ੍ਰਿੜਾਨਾ। ਬਖਸ਼ੇ ਸਰਬ ਪਾਪ ਤਿਨ ਕੇਰੇ।ਬਹੁਰ ਚਲਾਏ ਪੰਥ ਭਲੇਰੇ॥੭੯॥ਬਿਦਾ ਭਏ ਤਿਨ ਤੇ ਬਰਿਆਈ‡। ਆਗੇ ਕੀਨੋ ਗਮਨ ਗੁਸਾਈਂ। ਮਹਾਂ ਅਘੀ ਜਿਨਿ ਜਗਤ ਉਧਾਰੇ। ਤਿਨ ਦਰਸ਼ਨ ਪਰ ਕਵਿ ਬਲਿਹਾਰੇ ॥ ੮੦ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਬਾਲਕ ਬਪਾਰੀ, ਬੈਰਕਨ ਪ੍ਰਸੰਗ' ਬਰਨਨੰ ਨਾਮ ਪੰਚਦਸ਼ਮੋ ਅਧਯਾਯ ॥ ੧੫ ॥

੧੬. [ਸ਼ਾਰਦਾ ਮੰਗਲ। ਕਾਜ਼ੀ ਪ੍ਰਸੰਗ]

ਦੋਹਰਾ ॥ ਮੁਕਤਾ ਪੰਕਤਿ ਸਰਸੁਤੀ ਗੁਰੂ ਜਸੁ ਗੁਨ ਪੁਰਵਾਇ।
ਪਹਿਰੇ ਉਰ ਦ੍ਵੈ ਲੋਕ ਮੈਂ ਸ਼ੋਭਾ ਹ੍ਵੈ ਅਧਿਕਾਇ ॥ ੧ ॥

ਮੁਕਤਾ=ਮੋਤੀ [ਸੰਸ:, ਮੁਕ੍ਤਾ, ਮੌਕ੍ਤਕ]
ਪੰਕਤਿ=ਲੜੀ, ਸ਼੍ਰੇਣੀ, ਕਤਾਰ [ਸੰਸ: ਪੰਕ੍ਤਿ]
ਸਰਸੁਤੀ=ਬਾਣੀ, ਸਰਸ੍ਵਤੀ ਦਾ ਵੇਰਵਾ ਵੇਖੋ ਪੂਰਬਾਰਧ ਅਧਯਾਯ ਇਕ ਅੰਕ ਦੋ ਸਾਰਾ। ਸਰਸ੍ਵਤੀ ਨੂੰ ਵਾਚ, ਵਾਕ, ਸ਼ਾਰਦਾ, ਗਿਰਾ, ਬਾਣੀ, ਆਦਿ ਨਾਵਾਂ ਨਾਲ ਯਾਦ ਕਰਦੇ ਹਨ, ਏਉਂ ਏਹ ਸਾਰੇ

[1]ਖੇਤੀ। [2]ਮੁਹਤਾਜਾਂ ਨੂੰ। [3]ਪਾਪਾਂ। *ਪਾ:—ਮਨ। †ਪਾ:—ਕਿਲਬਿਖ ਤਨ।
‡ਇਹ ਸਾਖੀ ਪੁਰਾਤਨ ਜਨਮ ਸਾਖੀ ਵਿਚ ਬੀ ਹੈ ਤੇ ਕਾਮ ਰੂਪ ਦੇਸ਼ ਪਹੁੰਚਣ ਤੋਂ ਪਹਿਲੋਂ ਹੋਈ ਲਿਖੀ ਹੈ।

Sri Satguru Jagjit Singh Ji eLibrary NamdhariElibrary@gmail.com

ਪਦ ਇਕ ਅਰਥੀ ਹੋ ਗਏ ਹਨ, ਇਸ ਕਰਕੇ ਸਰਸੁਤੀ ਦੇ ਏਥੇ ਅਰਥ ਬਾਣੀ ਹਨ ।

ਗੁਨ=ਤਾਗਾ ।

ਅਰਥ—ਗੁਰੂ ਜਸ (ਰੂਪ) ਧਾਗੇ (ਵਿਚ) ਬਾਣੀ (ਰੂਪ) ਮੋਤੀਆਂ ਦੀਆਂ ਲੜੀਆਂ ਪਰੋਕੇ (ਜੋ ਸਿੱਖ) ਹਿਰਦੇ (ਵਿਚ) ਪਹਿਨ ਲਵੇ, (ਉਸ ਦੀ) ਸ਼ੋਭਾ ਦੋ ਲੋਕਾਂ ਵਿਚ ਬਹੁਤ ਹੋਵੇਗੀ ।

ਸ੍ਰੀ ਬਾਲਾ ਸੰਧੁਰੁ ਵਾਚ ॥ਚੌਪਈ ॥ ਸੁਨੀਏ ਸ੍ਰੀ ਅੰਗਦ ਸੁਖ ਕਾਰਨ ! । ਗਮਨੇ ਆਗੇ ਨਰਕ ਨਿਵਾਰਨ। ਰੂਮ ਵਿਲਾਇਤ ਜਹਾਂ ਮਹਾਨਾ।ਪਾਤਿਸ਼ਾਹ ਕਾਰੂੰ ਤਿਹ ਥਾਨਾ ॥ ੨ ॥ ਤਹਾਂ ਜਾਇ ਦੇਖਯੋ ਪੁਰਿ ਭਾਰੀ । ਮਹਾਂ ਰੰਕ ਬਸਿਹੈਂ ਨਰ ਨਾਰੀ। ਕਿਰਤ ਕਰਤਿ ਸਭਿ ਦਿਵਸ ਬਿਤਾਵਤਿ। ਦਰਬ ਨ ਪਾਸ ਸਦਾ ਦੁਖ ਪਾਵਤਿ ॥ ੩॥ ਸੰਤ ਅਤਿਥਿ ਕੀ ਸੇਵ ਨ ਕਰਿਈ । ਭੂਪ ਪੂਜਾ ਏਕੈ ਅਨੁਹਰਿਈ[6]। ਸ੍ਰੀਪਰਮੇਸ਼ੁਰ ਨਾਮ ਨ ਲੇਈਂ। ਦੂਹੂੰ ਲੋਕ ਦੁਖ ਪਾਵਹਿ ਤੇਈ ॥੪॥ ਤਿਨ ਕੋ ਸੁਖ ਦੇਨੇ ਕੇ ਹੇਤਾ।ਪੁਰਿ ਪ੍ਰਵਿਸ਼ੇ ਬੇਦੀ ਕੁਲਕੇਤਾ । ਕਾਰੂੰ ਕੇਰਿ ਦੁਰਗ[2] ਜਿਹ ਭਾਰੀ। ਤਿਸ ਕੇ ਬੈਠੇ ਜਾਇ ਅਗਾਰੀ॥੫॥ ਬ੍ਰਿੰਦ ਹੁਤੇ ਦਰ ਪਰ ਦਰਵਾਨਾ । ਤਿਨ ਸੋਂ ਸ੍ਰੀ ਗੁਰ ਬਚਨ ਬਖਾਨਾ। 'ਕੈਸੋ ਹੈ ਪਤਿ-ਸ਼ਾਹ ਵਿਲਾਇਤ?।ਕੇਤਿਕ ਦੇਤਿ ਫਕੀਰ ਖ਼ਰਾਇਤ? ॥੬॥ਕੈਸੇ ਨਨਾਊਂ ਪੂਜਾ ਕੋਕਰਿਈ?।ਕਰੁਨਾ ਕਿਤਿਕ ਰਿਦੇ ਮਹਿ ਧਰਿਈ ?'।ਸੁਨਿ ਦਰਵਾ-ਨਨ ਗਿਰਾ ਉਚਾਰੀ ।'ਅਤਿ ਪਰਜਾ ਇਨ ਕੀਨਿ ਦੁਖਾਰੀ॥੭॥ਕਾਰੂੰ ਅਤਿ ਜ਼ੁਲਮੀ ਪਤਿਸ਼ਾਹਿ । ਕ੍ਰਿਪਨ[3] ਬਿਸਾਲ, ਰਹੈ ਧਨਚਾਹਿ । ਰੰਚਕ ਦਾਨ ਕਿਸੂ ਨਹਿ ਦੇਈ । ਪਰਜਾ ਸਰਬ ਲੂਟ ਇਨ ਲੇਈ॥ ੮॥ ਇਸ ਕੋ ਭ੍ਰਾਤ ਹਰੂਨਹਿ[4] ਜੋਊ । ਦਰਬ ਗੰਜ[5] ਚਾਲੀ ਕਿਯ ਸੋਊ । ਇਨ ਕੀਨੇ ਪੈਂਤਾਲੀ ਗੰਜ । ਸਰਬ ਵਿਲਾਇਤ ਮਾਇਆ ਸੰਜਿ[6]॥੯॥ ਦੋਹਰਾ॥ ਦਾਦ[7] ਪੁਕਾਰ[8] ਨ ਸੁਨਹਿ ਕਛੁ ਲੇਵਹਿਧਨੁ ਖੁਸਵਾਇ।ਦਰਦਯਾ ਹੀਨ ਦੁਖ ਦੇਹਿ ਸਭਿ ਮਾਨਤਿ ਬਾਤ ਨ ਕਾਇ ॥੧੦॥ਚੌਪਈ॥ ਦੇਸ਼ ਵਿਲਾਇਤ ਸਗਰੇ ਲੋਕਾ। ਰਹੈਂ ਦੁਖੀ ਨਿਤ ਧਰਿ ਉਰ ਸ਼ੋਕਾ। ਕਿਤੇ ਗ੍ਰਾਮ ਕਰਿ ਗਏ ਉਜਾਰਾ। ਕੇਤਿਕ ਮਰਿ ਗੇ ਕਰਤਿ ਪੁਕਾਰਾ'॥੧੧॥ਸੁਨਿ ਕਰਿ ਤਿਨ ਤੇ ਕ੍ਰਿਪਾਨਿਧਾਨਾ।ਪੁਨ ਬੂਝੇ ਸੋਊ ਦਰਵਾਨਾ । 'ਕੈਸੇ ਦਰਬ ਕੀਨ ਇਕਠਾਈਂ ? । ਰਾਖਤਿ ਹੈਂ ਨਰ ਅਧਿਕ

[1]ਇਕੋ ਜਿਹੇ । [2]ਕਿਲ੍ਹਾ । [3]ਕੰਜੂਸ । [4]ਹਾਰੂਨ । [5]ਖਜ਼ਾਨੇ । [6]ਕੱਠੀ ਕਰਦੇ । [7]ਇਨਸਾਫ । [8]ਫਰਿਆਦ ।

Sri Satguru Jagjit Singh Ji eLibrary NamdhariElibrary@gmail.com

ਦੁਰਾਈ॥੧੨॥ ਹੋਇ ਇਕੇਲੇ ਗਾਡਹਿ ਧਰ ਮੈਂ । ਨਿਸ ਦਿਨ ਬਸਤੋ ਰਹਤਿ ਸੋ ਉਰ ਮੈਂ । ਕੌਨ ਰੀਤਿ ਕਰ ਇਨਹਿ ਸਕੇਲੀ[1]?। ਆਵਤਿ ਜਾਤੀ ਹੋਤਿ ਦੁਹੇਲੀ[2]' ॥੧੩॥ਤਬ ਦਰਵਾਨਨ ਬੈਨ ਬਖਾਨਾ । 'ਸੁਨਹੁ ਬਾਤ ਦਰਵੇਸ਼ ਮਹਾਨਾ !ਇਕ ਸਮੈਂ ਕਾਰੂੰ ਜੋ ਰਾਈ। ਨਿਜ ਵਜ਼ੀਰ ਸਭਿ ਲੀਨ ਬੁਲਾਈ ॥੧੪॥ਬੂਝਨ ਕੀਨੇ ਬਚਨ ਕਠੋਰਾ–ਹੈ ਕਿ ਨਹੀਂ ਧਨ ਔਰੈ ਠੌਰਾ?। ਮੋਰ ਵਲਾਇਤ ਮੈਂ ਕਿਤ ਬਾਰੌ[3] । ਦੇਹੁ ਬਤਾਇ ਬੈਨ ਕਹਿ ਸਾਚੋ–॥ ੧੫ ॥

ਦੋਹਰਾ ॥ਸੁਨਿ ਵਜ਼ੀਰ ਡਰ ਅਰਜ਼ ਕਿਯ–ਕਹੂੰ ਰਜਤਪਣ ਨਾਂਹਿ। ਸਰਦ ਮੇਘ[4] ਜਲਹੀਨ ਜਿਉਂ ਤਿਉਂ ਲਖਿ ਦੇਸ਼ਨਮਾਂਹਿ॥੧੬॥

ਚੌਪਈ॥ਇਕ ਰਜਤਪਣ ਸਗਰੇ ਦੇਸ਼ਾ । ਖੋਜਨੋ ਪਾਇ ਨ ਕਹੂੰ ਨਰੇਸ਼ਾ–।ਸੁਨਿ ਕਾਰੂੰ ਨਿਜ ਸੁਤਾ ਬੁਲਾਈ । ਕਹਨੋ–ਇਸੈ ਕੋ ਬੇਚੋ ਜਾਈ–॥੧੭॥ ਏਕ ਰਜਤਪਣ ਜੋ ਨਰ ਦੇਵੈ।ਸੋ ਪਤਿਸ਼ਾਹ ਸੁਤਾ ਕੋ ਲੇਵੈ–।ਅਸ ਕਹਿ ਠਾਂਢੀ ਕੀਨ ਬਜਾਰੂ। ਚੰਦ ਬਦਨ ਜਿਹ ਲੋਚਨ ਚਾਰੂ॥੧੮॥ਚੌਦਹਿ ਸਾਲ ਬਾਲ ਇਕ ਆਯੋ । ਪਿਖਿ ਸਰੂਪ ਮਨ ਰਹਨੋ ਲੁਭਾਯੋ।ਮਾਤ ਸਮੀਪ ਗਯੋ ਤਬ ਧਾਯੋ।ਹ੍ਵੈ ਆਤੁਰ ਅਸ ਬਚਨ ਅਲਾਯੋ ॥੧੯॥–ਜਨਨੀ!ਏਕ ਰਜਤਪਣ ਦੀਜੈ । ਪਾਤਿਸ਼ਾਹ ਕੀ ਤਨਿਯਾ ਲੀਜੈ। ਸੁੰਦਰ ਰੂਪ ਅਹੈ ਜਿਸ ਕੇਰਾ । ਇਹ ਸੌਦੇ ਮਹਿ ਲਾਭ ਘਨੇਰਾ–॥੨੦॥[5]–ਸੁਨਿ ਸੁਤ! ਏਕ ਰਜਤਪਣ ਨਾਂਹੀ। ਖੋਜਹੁ ਸਗਰੇ ਦੇਸ਼ ਜਿ ਮਾਂਹੀ। ਜੋ ਕਰਿ ਮੋਲ ਨ ਪਾਸ ਹਮਾਰੇ। ਕਿਉਂ ਸੌਦੇ ਕੋ ਲੇਨਿ ਉਚਾਰੇ– ॥ ੨੧ ॥ ਤਬ ਹਠ ਗਹਨੋ ਸੁ ਬਾਲ ਬਿਸਾਲਾ । ਕਹੇ, ਕਿ–ਲੇ ਦੀਜੋ ਤਤਕਾਲਾ।ਨਾ ਤੁਰ ਨਹੀਂ ਜੀਵਨਾ ਮੇਰੋ–। ਗਿਰਨੋ ਧਰਨ ਪਰ ਖਾਇ ਘੁਮੇਰੋ[6] ॥੨੨॥ਜਨਨੀ ਰੋਇ ਚਿੰਤ ਬਹੁ ਕਰਿਹੀ।ਗਹਿਕੈ ਸੁਤ ਕੋ ਹਾਥ,ਉਚਰਿਹੀ। –ਜਬ ਤਵ ਪਿਤਾ ਧਰਨ ਦਫਨਾਯੋ। ਏਕ ਰਜਤਪਣ ਤਿਹ ਮੁਖ ਪਾਯੋ ॥ ੨੩ ॥ ਰਹਿ ਨ ਸਕਤ, ਸੋ ਲੇਹੁ ਨਿਕਾਸੇ–। ਇਉਂ ਸੁਨਿ ਬਾਲਕ ਭਯੋ ਹੁਲਾਸੇ[7] । ਜਹਾਂ ਪਿਤਾ ਕੀ ਗੋਰ ਬਤਾਈ । ਖੋਦਨ ਲਗਨੋ ਜਾਇ ਸੋ ਥਾਈਂ ॥ ੨੪ ॥ ਤਹਿੰ ਤੇ ਤਤਛਿਨ ਲੀਨ ਨਿਕਾਸਾ । ਚਲਨੋ ਬਜਾਰਹਿ ਰਿਦੈ ਹੁਲਾਸਾ।ਦੀਨ ਰਜਤਪਣ ਲੈ ਸੋ ਗਯੋ।ਸੁਧ ਕਾਰੂੰ ਸੁਨਿ ਬਿਸਮੈ ਭਯੋ॥੨੫॥ ਗਹਿ ਮੰਗਵਾਯੋ ਤਿਹ ਤਤਕਾਲਾ । ਆਨ ਸ਼ਾਸਨਾ[8] ਦੀਨਿ ਬਿਸ਼ਾਲਾ ।

[1]ਕੱਠੀ ਕੀਤੀ । [2]ਦੁਖਦਾਈ । [3]ਬਰਿਆ ਹੋਇਆ । [4]ਸਰਦ ਰਿਤੂ ਦਾ ਬੱਦਲ । [5]ਮਾਂ ਬੋਲੀ:– ।
[6]ਛੁਵਾਟਣੀ । [7]ਅਨੰਦ । [8]ਦੰਡ ।

Sri Satguru Jagjit Singh Ji eLibrary NamdhariElibrary@gmail.com

–ਕਿਹ ਤੇ ਲਜਾਯੋ ਸਾਚ ਬਤਾਵਹੁ?। ਮਾਰਹਿ ਤੁਰਤ ਜਿ ਕੂਰ ਅਲਾਵਹੁ–
॥ ੨੬ ॥ ਤਬ ਬਾਲਿਕ ਨੇ ਸਾਚ ਉਚਾਰਾ।–ਮੈਂ ਕਾਢਯੋ ਪਿਤ ਗੋਰ ਮਝਾਰਾ।
ਹਮਰੇ ਘਰ ਮਹਿਂ ਏਕ ਜਿ ਪਾਵਹੁ। ਤਬ ਮੋ ਕੋ ਜਮ ਧਾਮ ਪਠਾਵਹੁ–॥੨੭॥
ਜਬ ਐਸੀ ਕਾਰੂੰ ਸੁਧਿ ਪਾਈ। ਸਭਿ ਹੀ ਗੋਰਾਂ ਲੀਨਿ ਖੁਦਾਈ। ਕਹੂੰ
ਕਹੂੰ ਤੇ ਪਾਯੋ ਸੋਈ। ਇਹ ਸਮ ਜ਼ੁਲਮੀ ਔਰ ਨ ਕੋਈ'॥੨੮॥ ਦਰਵਾਨਨ
ਤੇ ਸੁਨਿ ਗੁਨਖਾਨੀ।ਪੁਨ ਤਿਨ ਸੰਗ ਕਹੀ ਅਸਮਾਨੀ।'ਗੁਨਹਿਗਾਰ ਇਹ
ਦੋਜ਼ਕ ਜਾਈ। ਹੈ ਸਦ ਹੈਫ[1] ਜੁ ਕਰੀ ਕਮਾਈ॥੨੯॥ ਧ੍ਰਿਗ ਜੀਵਨ ਇਹ
ਕੋ ਜਗ ਮਾਂਹੀ। ਇਹ ਠਾਂ ਅਪਜਸ, ਮਰਿ ਦੁਖ ਪਾਹੀ। ਪਰਵਦਗਾਰ ਜਹਾਂ
ਦਰਗਾਹਾ। ਅਹੈ ਬਿਸਾਲ ਖਤਾਵੰਦ[2] ਤਾਂਹਾ॥੩੦॥ ਜਬ ਹੋਵਹਿਗੋ ਕਸ਼ਟ
ਮਹਾਨਾਂ। ਤਬ ਪਛੁਤਾਇ ਮੀਜਹੈ ਪਾਨਾ[3]।ਅਬ ਇਕ ਬਾਤ ਸੁਨੋ ਦਰਵਾਨੋਂ!।
ਕਾਰੂੰ ਸੋਂ ਇਮ ਜਾਇ ਬਖਾਨੋ ॥੩੧॥ ਇਕ ਫਕੀਰ ਤੁਮਰੇ ਦਰ ਆਯੋ !।
ਮੁਲਾਕਾਤ ਕਰਿਬੇ ਫੁਰਮਾਯੋ। ਜਾਚਨ ਕੀ ਰੰਚਕ ਨਹਿਂ ਚਾਹੀ। ਮਿਲਨ
ਪ੍ਰਯੋਜਨ ਬਿਨ ਕਛੁ ਨਾਹੀ ॥੩੨॥ ਬਾਹਿਰ ਆਨਿ ਕਰਿ ਦਰਸ਼ਨ ਲੀਜੈ*।
ਸੁਨਹੁ ਬਚਨ, ਪੁਨ ਆਪ ਭਨੀਜੈ'। ਮ੍ਰਿਦੁਲ ਬਚਨ ਸ੍ਰੀ ਗੁਰ ਕੇ ਸੁਨਿਕੈ।
ਗੇ ਦਰਵਾਨ ਸੰਤ ਭਲ ਗੁਨਿਕੈ ॥੩੩॥ ਪਹੁੰਚੇ ਕਾਰੂੰ ਕੇਰ ਅਗਾਰੀ। ਹਾਥ
ਬੰਦਿਕੈ ਗਿਰਾ ਉਚਾਰੀ। 'ਇਕ ਦਰਵੇਸ਼ ਅਪੂਰਬ[4] ਆਵਾ। ਅਧਿਕ ਪ੍ਰਤਾ-
ਪਵਾਨ ਲਖਿ ਪਾਵਾ॥੩੪॥ਮ੍ਰਿਦੁਲ ਬਚਨ ਜਿਹ ਨੀਕ ਸੁਭਾਊ।ਸੁੰਦਰ ਰੂਪ
ਸਭਿਨਿ ਮਨ ਭਾਊ[5]।ਜਾਚਨ ਕੀ ਜਿਹ ਚਾਹ ਨ ਕਾਈ।ਰਾਵਰ ਕੋ ਮਿਲਨੋ
ਫੁਰਮਾਈ'॥੩੫॥ਇਉਂ ਸੁਨਿ ਕਾਰੂੰ ਦਰਪਰ ਆਯੋ।ਸ੍ਰੀ ਨਾਨਕ ਕੋ ਦਰਸ਼ਨ
ਪਾਯੋ।ਬੰਦਨ ਕਰਿ ਭਾ ਠਾਂਢ ਅਗਾਰੀ। ਸੰਗ ਭੀਰ ਮਾਨਵ ਕੀ ਭਾਰੀ॥੩੬॥
ਦੋਹਰਾ॥ਇਸ ਬਿਧਿ ਸ੍ਰੀ ਨਾਨਕ ਤਬੈ ਬੈਠੇ ਕਰਿਹੀ ਤਾਂਹਿ।ਬੀਨ ਬੀਨ[6] ਬਹੁ
ਠੀਕਰੀ ਪਾਵੈਂ ਪਟ[7] ਕੇ ਮਾਂਹਿ॥੩੭॥ ਚੌਪਈ॥ਦੇਖਤਿ ਕਾਰੂੰ ਗਿਰਾ ਉਚਾਰੀ।
'ਬੀਨ[8] ਠੀਕਰੀ ਕਜਾ ਕਰਿ ਕਾਰੀ। ਕਰਹੁ ਬਾਦ[9] ਇਹ ਬੈਠੇ ਕਾਜੂ।
ਇਨ ਕਉ ਸੰਚਿ ਕਰਹੁ ਕਜਾ ਕਾਜੂ?'॥੩੮॥ਸੁਨਿਕੈ ਸ੍ਰੀ ਗੁਰ ਬੈਨ ਉਚਾਰੇ।
'ਚਲੈਂ ਠੀਕਰੀ ਸੰਗ ਹਮਾਰੇ। ਬੀਨ ਕਰੋਂ ਯਾਂਤੇ ਇਕਠਾਈ। ਪਰਲੋਕਹਿ
ਮਹਿਂ ਕਾਜ ਸਿ ਆਈ' ॥੩੯॥"ਹੇ ਦਰਵੇਸ਼ ਨ ਕਰਹੁ ਵਿਚਾਰੀ। ਕੈਸਿ[10]

[1] ਬੜਾ ਅਫ਼ਸੋਸ ਹੈ। [2] ਕਸੂਰ ਵਾਰ। [3] ਮਲੇਗਾ ਹੱਥਾਂ ਨੂੰ। [4] ਨਵਾਂ। [5] ਚੰਗਾ ਲਗਣ ਵਾਲਾ।
[6] ਚੁਣ ਚੁਣ। [7] ਬਸਤਰ। [8] ਬਿਅਰਥ। [9] ਕਾਰੂੰ ਨੇ ਕਿਹਾ:– [10] ਕੀਕੂੰ। *ਪਾ:–ਦੀਜੈ

Sri Satguru Jagjit Singh Ji eLibrary NamdhariElibrary@gmail.com

ਠੀਕਰੀ ਜਾਂਹਿ ਅਗਾਰੀ। ਦੇਹਿ ਸੰਗ ਕੀ ਇਹਾਂ ਰਹੈ ਹੈ।ਤ੍ਰਿਣ ਸਮਾਨ ਕਿਛੁ ਸੰਗ ਨ ਜੈ ਹੈ' ॥ ੪੦ ॥ ਦੋਹਰਾ ॥ 'ਤੈਂ ਜ਼ੁਲਮੀ ਕਰ ਦੇਸ਼ ਮੈਂ ਕੀਨ ਪੈਂਤਾਲੀ ਰੋਜ਼। ਕਨੌਂ ਕਰਿ ਜਾਵਹਿ ਸੰਗ ਇਹ ਕੀਨ ਪਾਪ ਕੋ ਸੰਜਿ[1] ॥੪੧॥ਚੌਪਈ॥ ਤੇਰੋ ਬਡੋ ਭ੍ਰਾਤ ਜੋ ਭਯਾ। ਚਾਲੀ ਰੋਜ ਸੰਜਿ ਤਜਿ ਮੁਯਾ। ਤਾਂ ਕੇ ਸੰਗ ਨ ਗਈ ਅਗਾਰੀ।ਤਿਹ ਤੇ ਤੈਂ ਸੰਚੀ ਅਤਿ ਭਾਰੀ॥ ੪੨॥ ਤੇਰੇ ਸੰਗ ਸੁ ਕਿਉਂ ਕਰਿ ਜਾਵਹਿ। ਦੋਜ਼ਕ ਪਰਹਿਂ ਮਹਾਂ ਦੁਖ ਪਾਵਹਿ। ਔਰ ਆਇ ਸਭਿ ਧਨ ਕੋ ਲੇਈ। ਇਸ ਕਾਰਨ ਤੁਝ ਦੋਜਕ ਦੇਈਂ ॥ ੪੩ ॥ ਕੌਨ ਕਾਜ ਤੇਰੇ ਤਬ ਆਵਹਿ। ਪਰ ਦੋਜ਼ਕ ਮਹਿਂ ਜਬ ਬਿਲਲਾਵਹਿ। ਜਬ ਤਨ ਤੇ ਹ੍ਵੈਂ ਪ੍ਰਾਨ ਨਿਆਰੇ। ਪੂਰਬ ਨਰ ਲੇ ਦਰਬ ਸਮ੍ਹਾਰੇਂ ॥ ੪੪ ॥ ਦਫਨ ਕਰੈਂ ਤੁਝ ਕੋ ਪਸ਼ਚਾਤੀ।ਰਿਦੈਂਬਿਚਾਰਿ ਲੇਹੁ ਭਲਭਾਂਤੀ।ਜਹਿਂਕਹਿ ਦੇਖਾ ਸੁਨਾ ਰੁਪੱਯਾ। ਕਰਨੋ ਜੋਰ ਤੈਂ ਲੀਨ ਖੁਸੱਯਾ[2] ॥੪੫॥ ਕਲਮਲ[3] ਪੁੰਜ ਕੀਨ ਸਭਿ ਰੋਜੀ। ਸੰਗ ਨ ਚਲਿਹੀ ਰਾਖਤਿ ਸੰਜੀ।ਜੇ ਕਰਿ ਚਾਹਤਿ ਆਪਨਨੀਕਾ।ਤਜੋ ਖਸੋਟਨ ਨਰ ਸਭਿ ਹੀ ਕਾ ॥ ੪੬ ॥ ਮਾਨਿ ਬਚਨ ਜ਼ੁਲਮੀ ਪਰਹਰੀਏ[4] । ਜੋ ਨਹਿ ਮਾਨੋ ਦੋਜ਼ਕ ਪਰੀਏ। ਕਈ ਕੋਸ ਅਗਨੀ ਕੇ ਮਾਂਹੀ।ਜਹਿ ਖੈਂਚਤਿ ਜਮਦੂਤ ਫਿਰਾਹੀ"॥੪੭॥ ਦੋਹਰਾ॥ਦਰਸ਼ਨ ਕਰਿ ਪੁਨ ਬਚਨ ਸੁਨਿ ਭਯੋ ਮੋਮ ਦਿਲ ਸੋਇ। ਆਗੇ ਸ੍ਰੀ ਗੁਰ ਕੇ ਤਬੈ ਬੋਲਨੋ ਆਜਜ਼ ਹੋਇ ॥੪੮॥ ਚੌਪਈ॥ 'ਜਨੌਂ ਬੀਤੀ ਬੀਤੀ ਪਸ਼ਚਾਤੀ।ਅਬ ਉਪਦੇਸ਼ ਦੇਹੁ ਭਲਿ ਭਾਂਤੀ। ਜਨੌਂ ਨਿਸ਼ਚਾ ਹ੍ਵੈ ਪੰਥ ਖੁਦਾਇ। ਸੋ ਬਿਧਿ ਦੀਜੈ ਮੁਝੈ ਬਤਾਇ ॥੪੯॥ਰਹੈ ਸਦੀਵ ਈਰਖਾ ਮਨ ਮੈਂ। ਯਾਂ ਤੇ ਰਹੌਂ ਮਗਨ ਮੈਂ ਧਨ ਮੈਂ। ਕਿਸ ਬਿਧਿ ਲੋਭ ਨ ਮਨ ਤੇ ਜਾਇ। ਕਿਉਂ ਕਰਿ ਜਾਨੌਂ ਗੈਲ ਖੁਦਾਇ ॥੫੦॥ ਕ੍ਰਿਪਾ ਧਾਰਿ ਅਬ ਕਰਹੁ ਉਚਾਰਾ। ਨਾਸਹਿ ਮਨ ਕੋ ਸਰਬ ਬਿਕਾਰਾ'। ਸੁਨਿ ਸ੍ਰੀ ਨਾਨਕ ਗਿਰਾ ਉਚਾਰੀ। ਦੇਨਿ ਨਸੀਹਤ ਸਭਿ ਸੁਖਕਾਰੀ ॥ ੫੧ ॥

*ਤਿਲੰਗ ਮਹਲਾ ੧ ॥

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ ॥ ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਇ ॥
ਦਾਇਮ[5] ਵ ਦੌਲਤ ਕਸੈ ਬੇਸ਼ੁਮਾਰ ॥ ਨ ਰਹੇਂਗੇ ਕਰੋੜੀ ਨ ਰਹੇਂਗੀ ਹਜਾਰ ॥

---

[1]ਇਕੱਤ੍ਰ। [2]ਖੋਹ ਲਿਆ। [3]ਬਹੁਤ ਪਾਪਾਂ ਨਾਲ। [4]ਛੱਡੋ। [5]ਹਮੇਸ਼।

*ਇਹ ਨਸੀਹਤ ਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਤਾਂਤੇ ਸ੍ਰੀ ਮੁਖਵਾਕ ਨਹੀਂ।

ਦਮੜਾ ਤਿਸੀ ਕਾ ਜੁ ਖਰਚੇ ਅਰ ਖਾਇ ॥ ਦੇਵੈ ਦਿਲਾਵੈ ਰਜਾਵੈ ਖ਼ੁਦਾਇ ॥ ਹੋਤਾ ਨ ਰਾਖੈ ਇਕੇਲਾ ਨ ਖਾਇ॥ ਤਹਿਕੀਕ[੧] ਦਿਲ ਦਾਨੀ[੨] ਵਹੀ ਭਿਸਤ ਜਾਇ ॥ ਕੀਚੈ ਤਵਜਿਆ[੩] ਨ ਕੀਚੈ ਗੁਮਾਨ ॥ ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ ॥ ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ ॥ ਹੋਵੈਂਗੇ ਗ਼ਾਰਕ ਕੁਛ ਲਾਗੈ ਨ ਬਾਰ[੪]॥ ਦੁਨੀਆਂ ਕਾ ਦਿਵਾਨਾ ਕਹੈ ਮੁਲਖ ਮੇਰਾ ॥ ਆਈ ਮੌਤ ਸਿਰ ਪਰ ਨ ਮੇਰਾ ਨ ਤੇਰਾ । ਕੇਤੀ ਗਈ ਦੇਖਿ ਵਾਜ ਵਜਾਇ ॥ ਵਹੀ ਏਕ ਰਹਿਸੀ ਜੁ ਸਾਚਾ ਖ਼ੁਦਾਇ ॥ ਆਇਆ ਇਕੇਲਾ ਇਕੇਲਾ ਚਲਾਇਆ ॥ ਚਲਤੇ ਵਖਤਿ ਕੋਈ ਕਾਮ ਨ ਆਇਆ॥ ਲੇਖਾ ਮੰਗੀਜੇ ਕਿਆ ਦੀਜੇ ਜਵਾਬ ॥ ਤੋਬਾ ਪੁਕਾਰੇ ਤੇ ਪਾਵੇ ਅਜ਼ਾਬ[੫] ॥ ਦੁਨੀਆਂ ਪਰ ਕੀਆ ਜ਼ੋਰ ਦਮੜਾ ਕਮਾ- ਇਆ ॥ ਖਾਇਆ ਹੰਢਾਇਆ ਅਜਾਂਈ ਗਵਾਇਆ ॥ ਆਖਰ ਪੱਛੋਤਾਣਾ ਕਰੈ ਹਾਇ ਹਾਇ। ਦਰਗਹਿ ਗਇਆ ਸੋਊ ਪਾਵੈ ਸਜਾਇ ॥ ਲਾਨਤ ਹੈ ਤੈਂਕੂੰ ਅਰ ਤੈਂਡੀ ਕਮਾਈ ॥ ਦਗੇਬਾਜ਼ੀ ਕਰ ਕਰ ਦੁਨੀ ਲੂਟ ਖਾਈ। ਪੀਏ ਪਿਆਲੇ ਔ ਖਾਏ ਕਬਾਬ । ਦੇਖੋ ਰੇ ਲੋਕੋ ਜੁ ਹੋਤੇ ਖਰਾਬ॥ ਜਿਸਕਾ ਤੂੰ ਬੰਦਾ ਤਿਸੀ ਕਾ ਸਵਾਰਿਆ ॥ ਦੁਨੀਆਂ ਕੇ ਲਾਲਚ ਤੈਂ ਸਾਹਿਬ ਵਿਸਾਰਿਆ ॥ ਨ ਕੀਤੀ ਇਬਾਦਤ[੬] ਨ ਰਾਖਿਓ ਈਮਾਨ ॥ ਨ ਕੀਤੀ ਹਕੂਮਤ[੭] ਪੁਕਾਰੇ ਜਹਾਨ ॥ ਅੰਦਰ ਮਹਿਲਾਂ ਕੇ ਬੈਠੇਂ ਤੂੰ ਜਾਇ ॥ ਹਰਮਾਂ[੮] ਸਿਉਂ ਖੇਲੈਂ ਖੁਸ਼ਬੋਈ ਹਵਾਇ ॥ ਨ ਪੂਛੈ ਨ ਬੂਝੈ ਜੁ ਬਾਹਰ ਕਿਆ ਹੋਇ ॥ ਹਰਾਮੀ ਗ਼ਰੀਬਾਂ ਨੂੰ ਮਾਰੇ ਵਿਗੋਇ ॥ ਬਸਤੀ ਉਜਾੜੈਂ ਫਿਰ ਨ ਬਸਾਵੈਂ ॥ ਕੂਕਹਿਂ ਪੁਕਾਰਹਿਂ ਦਾਦ[੯] ਨ ਪਾਵੈਂ ॥ ਲਖੇੜੀ ਕਰੋੜੀ ਕੀਏ ਬੇਸ਼ੁਮਾਰ ॥ ਨ ਰਹੇਂਗੇ ਕਰੋੜੀ ਨ ਰਹੇਂਗੇ ਹਜ਼ਾਰ*॥ ਹਾਕਮ ਕਹਾਵੈਂ ਹਕੂਮਤ ਨ ਹੋਇ ॥ ਦੁਨੀਆਂ ਕਾ ਦਿਵਾਨਾ ਫਿਰੇ ਮਸਤ ਲੋਇ ॥ ਲੂਟੇ ਮੁਲਕ ਬਹੁਤ ਪਹਿਰੇ ਅਰ ਖਾਇ ॥ ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ ॥ ਗਰਬ ਸਿਉਂ ਨ ਦੇਖ ਦੁਨੀਆਂ ਕੇ ਦਿਵਾਨੇ ॥ ਹਮੇਸ਼ਾ ਨ ਰਹੇਗੀ ਤੂੰ ਐਸੀ ਨ ਜਾਨੇ ॥ ਉਠਾਵੈ ਸਵਾ ਉਸਕੋ ਲਾਗੈ ਨ ਬਾਰ[੯] ॥ ਕਿਸਕੀ ਦੁਨੀਆਂ ਕਿਸ ਕੇ ਘਰ ਬਾਰ ॥ ਚੰਦ ਰੋਜ਼ ਚਲਨਾ ਕਿਛ ਪਕੜੋ ਕਰਾਰ ॥ ਨ ਕੀਚੈ ਹਿਰਸ[੧੦] ਬਹੁਤ ਦੁਨੀਆਂ ਕੇ ਯਾਰ ॥ ਸ਼ਰਮਿੰਦਾ ਨ ਹੋਇਂ ਕੁਛ ਨੇਕੀ ਕਮਾਇ ॥ ਲਾਨਤ ਕਾ ਜਾਮਾ ਪਹਿਰ ਕੇ ਨ ਜਾਇ ॥ ਗ਼ਾਫਲਤ ਕਰਹੁਗੇ ਤੋ ਖਾਵੋਗੇ ਮਾਰ ॥ ਬੇਟੀ ਵ ਬੇਟਾ ਕੋ ਲਹੇਗੋ ਨ ਸਾਰ॥ ਤੋਬਾ ਕਰਹੁ ਬਹੁਰ ਕੀਚੈ ਨ ਜੋਰ ॥ ਦੋਜਕ ਕੀ ਆਤਸ਼ ਜਲਾਵੇਗੀ ਗੋਰ ॥ ਮਸਾਇਕ[੧੧] ਪੈਗੰਬਰ ਕੇਤੇ ਸ਼ਾਹ[੧੨] ਖਾਨ ॥ ਨ ਦੀਸੈਂ ਜਿਮੀ ਪਰ ਤਿਨੰ ਕੇ ਨੀਸ਼ਾਨ ॥ ਚਲਤੇ ਕਬੂਤਰ ਜਿਨਾਵਰ ਕੀ ਛਾਉਂ ॥ ਕੇਤੇ ਖਾਕ ਹੂਏ ਕੋ ਪੂਛੇ ਨ ਨਾਉਂ ॥ ਚਾਲੀ ਰੋਜ ਜ਼ੋਰੇ ਨ ਰਖਿਓ ਈਮਾਨ ॥ ਦੇਖੋ ਰੇ ਕਾਊਂ ਜੁ ਹੋਤੇ ਪਰੇਸ਼ਾਨ ॥ ਨਦਾਨੀ ਨ

[੧]ਨਿਸ਼ਚੇ। [੨]ਤੂੰ ਜਾਣ। [੩]ਤਵੱਜੁਹ, ਆਦਰ। [੪]ਦੇਰ। [੫]ਦੁੱਖ। [੬]ਬੰਦਗੀ। [੭]ਭਾਵ—ਨਿਆਂ ਦੀ ਹਕੂਮਤ। [੮]ਇਸਤ੍ਰੀਆਂ। [੯]ਇਨਸਾਫ। ਨਿਆਂ। [੧੦]ਲਾਲਚ। [੧੧]ਸ਼ੇਖ। [੧੨]ਪਾਤਸ਼ਾਹ।

*ਪਾ:—ਕਈ ਲਿਖਤਾਂ ਵਿਚ ਬਹੁਤੇ ਪਾਠ ਹਜ਼ਾਰ।

Sri Satguru Jagjit Singh Ji eLibrary NamdhariElibrary@gmail.com

ਦੁਨੀਆਂ ਵ ਫ਼ਾਨੀ ਮੁਕਾਮ ॥ ਤੂੰ ਖ਼ੁਦ[1] ਚਸ਼ਮ[2] ਬੀਨੀ[3] ਇਹ ਚਲਣਾ ਜਹਾਨ। ਤੋਬਾ ਨ ਕੀਤੀ ਕਰੇਦਿਆਂ ਗੁਨਾਹ ॥ ਕਰੇ ਅਰਜ਼ ਬੰਦਗੀ ਬਾਬਾ ਨਾਨਕ ਐਸੇ ਆਲਮ ਸਿਉ ਤੇਰੀ ਪਨਾਹ ॥ ੧ ॥

ਦੋਹਰਾ ॥ ਕਾਰੂੰ ਸੁਨਿ ਹੈਰਾਨ ਹੁਇ ਭਯੋ ਮੋਮ ਦਿਲ ਸੋਇ। ਆਗੇ ਕੋ ਭੈ ਮਾਨਿਓ ਜਹਿ ਸਜ਼ਾਇ ਅਤਿ ਹੋਇ॥੫੨॥ਚੌਪਈ॥-ਕਯਾ ਹੋਵੈਗੋ ਤਬ ਮੁਝ ਹਾਲਾ॥ਗਹਿ ਜਬ ਬਾਂਧੈਂਗੇ ਜਿਹ ਕਾਲਾ॥ਸਭਿ ਪਰ ਜ਼ੁਲਮੀ ਕੀਨਿ ਬਿਸਾਲਾ॥ ਭਲਿਆਈ ਤੇ ਰਹਯੋ ਨਿਰਾਲਾ[4]-॥੫੩॥ਕਾਰੂੰ ਮਨ ਗੁਨਿਬਹੁਰ ਬੁਗੋਯੋ[5]। 'ਮੈਂ ਗ਼ਾਫ਼ਲ ਹੋਯੋ ਨਿਤ ਸੋਯੋ। ਨਹਿ ਜਾਨਤਿ ਥੋ ਕਹਾਂ ਖ਼ੁਦਾਇ। ਤੁਮ ਮਸਾਲ[6]*ਸੁਨਿ ਭੈ ਮਹਿ ਆਇ॥੫੪॥ਮਿਹਰ ਆਪਨੀ ਮੋ ਪਰ ਕੀਜੈ॥ਰੀਬ ਖ਼ੁਦਾਇ ਬਤਾਵਨ ਕੀਜੈ॥ਤ੍ਰਿਸ਼ਨਾ ਦਰਬ ਨਦੀ ਬਡ ਧਾਰਾ॥ ਬਹਯੋ ਜਾਤਿ ਹੌਂ ਪਾਇ ਨ ਪਾਰਾ॥੫੫॥ਤੁਮ ਕੇਵਟ[7] ਮਮ ਕਰਿ ਕੈ ਦਾਯਾ॥ ਗਹਹੁ ਹਾਥ ਦੇ ਪਾਰ ਲੰਘਾਯਾ। ਮੋਹ ਕੁਟੰਬ ਕੂਪ ਅੰਧੇਰਾ। ਪਰਯੋ ਰਹਯੋ ਕਾਢਹੁ ਮੈਂ ਚੇਰਾ'॥੫੬॥ ਤਿਹ ਬਿਨਤੀ ਸੁਨਿਕੈ ਗੁਨਖਾਨੀ। ਕ੍ਰਿਪਾ ਧਾਰਿ ਬੋਲੇ ਸ਼ੁਭ ਬਾਨੀ॥'ਜਬ ਲੌ ਰਿਦੇ ਨ ਨਿਸ਼ਚੈ ਆਵਾ॥ ਗੱਲੀਂ ਤਬ ਲੌ ਜਾਇ ਨ ਪਾਵਾ ॥੫੭॥ ਰਹੇ ਬੰਦਗੀ ਬੀਚ ਸਦੀਵਾ॥ ਕਰਿ ਅਸਥਿਰ ਮਨ ਰਾਖਹਿ ਨੀਵਾ॥ ਜਾਵਦ ਪ੍ਰੀਤਿ ਕਰੀ ਜਗ ਮਾਂਹੀ। ਤਾਵਦ ਛੁਟਨ ਇਸ ਕੋ ਨਾਂਹੀ ॥੫੮॥ ਖਲਕ[8] ਬਿਖੈ ਦੇਖਹੁ ਨਰ ਜੇਤੇ॥ ਖਾਨ ਪਾਨ ਕੇ ਮੀਤ ਸੁ ਤੇਤੇ। ਜਬ ਲੌ ਖਾਵਹਿ ਤਬ ਲੌ ਮੀਤਾ। ਪਾਇੰ ਨ ਜਬ,ਹੁਇ ਦੁਸ਼ਮਨ ਰੀਤਾ ॥ ੫੯ ॥ ਅਪਨਾ ਪਰ ਕਾ[9] ਜਗਤ ਸਬਾਏ॥ ਨਿਰਧਨ ਭਏ ਨ ਦੇਖਹਿਂ ਆਏ॥ ਅਸ ਬਿਚਾਰ ਕਰਿਕੈ ਉਰ ਮਾਂਹੀ॥ ਮੋਹ ਕੁਟੰਬ ਤਜੋ,ਕਛੁ ਨਾਂਹੀ ॥੬੦॥ਦੋਹਰਾ ॥ ਧਨ ਲੌ ਇਨ ਕੀ ਮੀਤਤਾ[10] ਦੁਖ ਮੈਂ ਕਾਮ ਨ ਆਇ। ਦੁਖ ਸੁਖ ਕਰੇ ਸਹਾਇਤਾ ਐਸਾ ਏਕ ਖ਼ੁਦਾਇ ॥੬੧॥ ਚੌਪਈ ॥ ਜਗ ਕੀ ਪ੍ਰੀਤਿ ਨ ਕਾਹੂ ਕਾਜਾ। ਪਰਹਿ ਆਇ ਦੁਖ,ਜਾਵਹਿ ਭਾਜਾ॥ ਸ੍ਰੀ ਪ੍ਰਭੁ ਕੀ ਹੈ ਨੀਕੀ ਪ੍ਰੀਤਾ॥ ਕਰਹੁ ਸਦੀਵ ਤਾਂਹਿ ਸੌਂ ਹੀਤਾ[11] ॥੬੨॥ ਅੰਤ ਕਾਲ ਮੈਂ ਲੇਤਿ ਛੁਟਾਇ। ਇਤ ਉਤ ਜੋ ਸੁਖਦਾ ਸਮੁਦਾਇ'। ਐਸੇ ਬਚਨ ਸੁਨੇ ਕਾਰੂੰ ਜਬ। ਦੀਨ ਭਯੋ ਗੁਰ ਚਰਨ ਗਹੇ ਤਬ ॥ ੬੩॥ 'ਤੁਮ ਜੋ ਕਹੋ ਕਰੋਂ ਮੈਂ ਸੋਇ। ਔਰ

[1]ਆਪ। [2]ਅਖੀਂ। [3]ਦੇਖਦਿਆਂ। [4]ਵੱਖਰਾ, ਹੀਨ। [5]ਕਹਿਆ। [6]ਦ੍ਰਿਸ਼ਟਾਂਤ। [7]ਮਲਾਹ [8]ਖਲਕਤ, ਦੁਨੀਆਂ। [9]ਪਰਾਇਆ। [10]ਮਿੱਤ੍ਰਚਾਰੀ। [11]ਹਿਤ-ਪ੍ਰੇਮ। *ਪਾ:-ਮਸਲਾ।

Sri Satguru Jagjit Singh Ji eLibrary NamdhariElibrary@gmail.com

ਨ ਮੋਤੇ ਅਬ ਕਛੁ ਹੋਇ। ਸ਼ਰਨ ਪਰ੍ਯੋ ਮੈਂ ਰਾਵਰ ਕੇਰੀ। ਸ਼ਰਧਾ ਭੀ ਪਦ ਕੰਜ ਘਨੇਰੀ' ॥੬੪॥ ਦੋਹਰਾ ॥ ਸ੍ਰੀ ਨਾਨਕ ਬੋਲੇ ਬਹੁਰ ਅਵਲੋਕ੍ਯੋ ਮਨ ਦੀਨ। 'ਬੰਦੀਖਾਨਾਂ ਛੋਡਿ ਤੂੰ ਮਨੁਜ ਕੈਦ ਜੇ ਕੀਨ' ॥੬੫॥ ਚੌਪਈ ॥ ਜਹਿਂ ਜਹਿਂ ਨਰ ਤਿਹ ਕੈਦ ਕਰਾਏ। ਪਠੇ ਦੂਤ ਤਤਕਾਲ ਛੁਡਾਏ। ਦਰਬ ਖਸੋਟ੍ਯੋ ਦਿਯੋ ਦਿਵਾਇ। ਧਾਮਨ ਵਿਖੇ ਸਰਬ ਪਹੁੰਚਾਇ ॥੬੬॥ ਗੁਰੂ ਕਹੈਂ 'ਸਿਮਰਹੁ ਸਤਿਨਾਮੂ। ਸਦਾ ਸਹਾਇ ਸਭਿ ਸੁਖ ਧਾਮੂ। ਆਗੈ ਆਜਿਜ਼[1] ਰੱਖ੍ਯਾ ਕਰਿਯੇ। ਉਰ ਤੇ ਜ਼ੁਲਮੀ ਸਗਲ ਪ੍ਰਹਰਿਯੇ ॥ ੬੭ ॥ ਕਲਮਲ ਕਰਿ ਜੋ ਧਨ ਇਕਠਾਇ। ਦੇਹੁ ਖਰਾਇਤ ਨਾਇ ਖੁਦਾਇ[2]। ਕਰਹੁ ਬੰਦਗੀ ਹੋਇ ਅਧੀਨ। ਅਪਨਾ ਭਲਾ ਰਿਦੈ ਇਉਂ ਚੀਨ' ॥੬੮ ॥ ਦੋਹਰਾ ॥ ਮਾਨਿ ਬਚਨ ਗੁਰ ਕੋ ਤਬੈ ਕਾਰੂੰ ਕਰੀ ਸੁ ਕਾਰ। ਜਹਿਂ ਜਹਿਂ ਸੂਬੇ ਤਾਂਹਿ ਕੇ ਦੀਨੀ ਦੇਗ[3] ਅਪਾਰ ॥੬੯॥ ਚੌਪਈ॥ ਸ਼ਾਂਤਿ ਭਈ ਤਬ ਰੂਮ। ਵਿਲਾਇਤ[4]। ਜਹਿਂ ਤਹਿਂ ਦੇਵਨ ਲਗੇ ਖ਼ਰਾਇਤ। ਸ੍ਰੀ ਗੁਰ ਕੇ ਤਿਹ ਜਾਵਨ ਕਰਿਕੈ। ਹੋਤਿ ਜ਼ੁਲਮ ਜੋ ਗਯੋ ਸੁ ਟਰਿ ਕੈ[5] ॥੭੦॥ ਮਾਨਵ ਆਵਨ ਸਗਰੇ ਲਾਗੇ। ਧਰਹਿ ਉਪਾਇਨ ਪਾਇਨ ਆਗੇ। ਬੰਦਹਿਂ ਪਦ ਅਰਬਿੰਦ ਮੁਕੰਦਾ। ਸ੍ਰੀ ਗੋਬਿੰਦ ਸੱਚਿਦਾ ਨੰਦਾ ॥ ੭੧॥ ਬੋਲ੍ਯੋ ਕਾਰੂੰ ਦ੍ਵੈ ਕਰ ਜੋਰੀ। 'ਮੋ ਪਰ ਭੀ ਤੁਮ ਮਿਹਰ ਨ ਥੋਰੀ। ਮਹਾਂ ਗਰਤ ਹੌਂ ਨਿਪਤਤਿ ਜਾਤੋ। ਗਹਿ ਕਰ ਕਾਢ੍ਯੋ ਕਰਿ ਦੁਖ ਹਾਤੋ[6] ॥੭੨॥ ਦੋਹਰਾ॥ ਭਲਾ ਹੋਇ ਮੇਰੋ ਅਬੈ, ਆਸ ਭਈ ਉਰ ਆਇ। ਆਪ ਪ੍ਰਛਿੰਨ[7] ਖੁਦਾਇ ਹੋ, ਮਾਰਗ ਦੀਨ ਬਤਾਇ' ॥੭੩॥ ਚੌਪਈ॥ ਬਾਰ ਬਾਰ ਬੰਦਹਿ ਪਦ ਗੁਰ ਕੋ। ਮਨ ਅਧੀਨ ਕਰਿ ਪ੍ਰੇਮਹਿਂ ਉਰ ਕੋ। ਮਿਹਰ ਧਰੇ ਬੋਲੇ ਸੁਖਦਾਇ। 'ਕਾਰੂੰ ਇਹ ਮਗ ਮਿਲਨ ਖੁਦਾਇ ॥੭੪॥ ਤੁਝ ਪਰ ਕ੍ਰਿਪਾ ਭਈ ਹੈ ਤੂਰਨ। ਮਹਾਂ ਪਾਪ ਹੋਏ ਸਭਿ ਚੂਰਨ। ਰਿਦੈ ਬਿਖੇ ਭਾ ਚਿਤ ਕਰ-ਤਾਰਾ। ਭਵ ਬੰਧਨ ਤੇ ਹੋਇ ਉਧਾਰਾ' ॥੭੫॥ ਕਾਰੂੰ* ਕਹੈ 'ਮਿਹਰ ਭੀ ਤੇਰੀ।

---

[1] ਗਰੀਬਾਂ ਦੀ। [2] ਰੱਬ ਦੇ ਨਾਮ ਤੇ। [3] ਲੰਗਰ। [4] ਦੇਸ਼। [5] ਟਲ ਗਿਆ। [6] ਦੁਖ ਨਾਸ਼ ਕਰਕੇ। [7] ਗੁਪਤ।

*ਮਸ਼ਹੂਰ ਕਾਰੂੰ ਈਰਾਨ ਦਾ ਪਾਤਸ਼ਾਹ ਜਿਸ ਨੇ ਰੂਮ ਆਦਿ ਦੇਸ਼ ਜਿੱਤੇ ਸਨ ਬਹੁਤ ਚਿਰ ਸਤਿਗੁਰ ਜੀ ਤੋਂ ਪਹਿਲਾਂ ਹੋ ਚੁਕਾ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਬੀ ਲਿਖਿਆ ਹੈ ਕਿ ਅਗੇ ਬੀ ਕਾਰੂੰ ਹੋਇਆ ਹੈਸੀ, ਭਾਈ ਜੀ ਇਸ ਕਾਰੂੰ ਦਾ ਨਾਮ ਜੋ ਸਤਿਗੁਰੂ ਜੀ ਨੂੰ ਮਿਲਿਆ ਹਮੀਦ ਕਾਰੂੰ ਦੱਸਦੇ ਹਨ। ਸੋ ਇਹ ਕੋਈ ਹੋਰ ਕ੍ਰਿਪਣਸ਼ਾਹ ਹੈ ਜਿਸ ਦੇ ਬੁਰੀ ਤਰ੍ਹਾਂ ਦੌਲਤ ਜਮਾਂ ਕਰਨ ਕਰਕੇ ਉਸ ਨੂੰ ਕਾਰੂੰ ਦੀ ਅੱਲ ਨਾਲ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ)

Sri Satguru Jagjit Singh Ji eLibrary   NamdhariElibrary@gmail.com

ਕਾਟੀ ਲੋਭ ਰਿਦੈ ਤੇ ਬੇਰੀ[1]। ਮੁਝ ਕੋ ਪੰਥ ਬਤਾਯੋ ਨੀਕਾ। ਭੁਲਾ ਕਰਨ ਆਏ ਸਭਿ ਹੀ ਕਾ' ॥੭੬॥ ਕਿਤਿਕ ਦਿਵਸ ਗੁਰ ਤਹਾਂ ਬਿਤਾਏ। ਸਰਬ ਲੋਕ ਤਹਿਂ ਸੁਖੀ ਬਸਾਏ। ਨਾਮ ਦਾਨ ਕੀ ਸਿੱਖ੍ਯਾ ਦੀਨੀ। ਭਯੋ ਨਿਹਾਲ ਰਿਦੇ ਜਿਨਿ ਲੀਨੀ ॥੭੭॥ ਤ੍ਰਾਸ ਦੇਸ਼ ਕੋ ਸਭਿ ਨਿਰਵਾਰਾ। ਕਾਰੂੰ ਨੀਕੇ ਮਗ ਮਹਿ ਡਾਰਾ। ਬਹੁਰ ਗਮਨ ਕੀ ਕੀਨੀ ਤਯਾਰੀ। ਤਬ ਕਾਰੂੰ ਅਸ ਗਿਰਾ ਉਚਾਰੀ ॥੭੮॥'ਕ੍ਰਿਪਾ ਧਾਰਿ ਰਹੀਏ ਮੁਝ ਪਾਸੂ। ਗਮਨਨ ਤਯਾਰ ਭਏ ਕਿਉਂ ਆਸੂ[2]। ਮੈਂ ਸੇਵਕ ਸਭਿ ਭਾਂਤਿ ਤੁਮਾਰਾ। ਸਰਬ ਦੇਸ਼ ਕੀਨੋ ਨਿਸਤਾਰਾ ॥ ੭੯ ॥ ਰਹਤਿ ਨਹੀਂ, ਜੇ ਕਰਹੁ ਪਿਆਨਾ। ਪੁਨ ਦਰਸ਼ਨ ਦੇਵਹੁ ਕਬ ਆਨਾ?'। ਸੁਨਿਕੈ ਬੋਲੇ ਕ੍ਰਿਪਾ ਨਿਧਾਨਾਂ। 'ਸਿਮਰਹੁ ਨਾਮ ਹੋਇ ਕਲਿਆਨਾ॥੮੦॥ ਰਿਦੈ ਧਯਾਨ ਅਪਨੈ ਤੁਮ ਧਾਰਹੁ। ਇਹੀ ਹਮਾਰੋ ਮਿਲਨ ਬਿਚਾਰਹੁ'। ਬਿਦਾ ਭਏ ਕਹਿਕੈ ਬਰਿਆਈ। ਗਮਨੇ ਆਨ ਸਥਾਨ ਗੁਸਾਈਂ॥੮੧॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਕਾਰੂੰ ਕੋ ਪ੍ਰਸੰਗ' ਬਰਨਨੰ ਨਾਮ ਖੋੜਸਮੋ ਅਧ੍ਯਾਯ ॥ ੧੬ ॥

੧੭. [ਸ਼ਾਰਦਾ ਮੰਗਲ। ਹਬਸ਼ ਵਿਲਾਇਤ, ਚੋਲਾ, ਰਾਮਚੰਦ੍ਰ ਦੀ ਕਥਾ]

ਦੋਹਰਾ॥ ਜਗਮਗਾਤਿ ਜਗ ਤਾਰਨੀ ਜਗਤ ਬਿਖੇ ਜਿਹ ਜੋਤਿ।
ਜੈਯ ਜਾਲਪਾ ਜੈ ਕਰੀ ਕੀਜੈ ਸੁਮਤਿ ਉਦੋਤਿ* ॥ ੧ ॥

[ਜਗਮਗਾਤਿ=ਜਗਮਗ ਕਰ ਰਹੀ ਹੈ। (ਅ) ਪਾਠਾਂਤ੍ਰ ਐਉਂ ਭੀ ਹੈ:—
ਜਗਤ ਮਾਤ ਜਗ ਤਾਰਨੀ—ਤੂੰ ਜਗਤ ਦੀ ਮਾਤਾ ਤੇ ਜਗ

[1] ਰਿਦੇ ਤੋਂ ਲੋਭ (ਰੂਪੀ) ਬੇੜੀ ਕੱਟ ਦਿੱਤੀ ਹੈ। [2] ਛੇਤੀ ਹੀ। *ਪਾ:—ਜੈ ਜੈ ਸੁਮਤਿ ਅਦੋਤ।

[ਪਿਛਲੇ ਪੰਨੇ ਦੀ ਬਾਕੀ ਟੂਕ]

ਯਾਦ ਕੀਤਾ ਗਿਆ ਹੈ। ਤਵਾਰੀਖ ਖਾਲਸਾ ਦੇ ਕਰਤਾ ਜੀ ਨੇ ਬੀ ਇਸ ਦਾ ਨਾਉਂ ਸੁਲਤਾਨ ਹਮੀਦ ਕਾਰੂੰ ਲਿਖਿਆ ਹੈ, ਇਸ ਦਾ ਟਿਕਾਣਾ ਕਿਤੇ ਮਿਸਰ ਦੇਸ਼ ਵਿਚ 'ਕੋਕੋ' ਨਾਮ ਕਰਕੇ ਦਸਿਆ ਨੇ, ਇਹ ਬੀ ਦੱਸਦੇ ਹਨ ਕਿ ਸ਼ਹਿਰ ਦੇ ਦੱਖਣ ਦਰਵੱਜੇ ਨਹਿਰ ਕਿਨਾਰੇ ਚੌਤਰਾ ਹੈ ਜੋ ਸਤਿਗੁਰੂ ਜੀ ਦੀ ਯਾਦਗਾਰ ਹੈ, ਤੇ ਦੱਸਦੇ ਹਨ ਕਿ ੧੯੮੬ ਵਿਚ ਜਦੋਂ ਮਹਦੀ ਨਾਲ ਜੰਗ ਕਰਨ ਫੌਜਾਂ ਗਈਆਂ ਸਨ, ਤਦ ਓਥੋਂ ਮੁੜੇ ਸਿੰਘਾਂ ਨੇ ਇਹ ਥਾਂ ਡਿੱਠਾ ਤੇ ਪ੍ਰਸ਼ਾਦ ਕਰਾਇਆ ਸੀ, ਪਰੰਤੂ ਖੋਜ ਦੀ ਹੋਰ ਲੋੜ ਹੈ। [ਤ੍ਵਾ: ਖ। ੪੫੦ ਪੰਨਾ

ਪਰ ਭਾਈ ਮਨੀ ਸਿੰਘ ਜੀ ਹਮੀਦ ਕਾਰੂ ਨੂੰ ਰੂਮ ਵਿਚ ਲਿਖਦੇ ਹਨ, ਅਸਲ ਨਾਮ ਪਤਾ ਬਾਲੇ ਦੀ ਅਸਲੀ ਸਾਖੀ ਵਿਚ ਪਤਾ ਨਹੀਂ ਕੀਹ ਸੀ। ਵਰਤਮਾਨ ਭਾਈ ਬਾਲੇ ਵਾਲੀ ਸਾਖੀ ਦੇ ੧੩੧ ਸਫੇ ਤੋਂ ਪਤਾ ਲਗਦਾ ਹੈ ਕਿ ਕਾਰੂੰ ਜੋਵੇਂ ਅੱਲ ਸੀ, ਨਾਮ ਹਮੀਦ ਸੀ ਅਰ ਮਦੀਨੇ ਉਸ ਦਾ ਰਾਜ ਸੀ। ਵਿਸ਼ੇਸ਼ ਖੋਜ ਦੀ ਲੋੜ ਹੈ।

ਤਾਰਨੀ ਹੈਂ, ਪਰੰਤੂ ਉਦੋਂਤ ਵਿਚ ਜੋ ਸੰਭਾਵਨਾ ਹੈ, ਉਹ ਦੱਸਦੀ ਹੈ ਕਿ ਬਾਣੀ-ਦੇ ਜਗਮਗ ਕਰਨ ਵਾਲੇ ਗੁਣ ਦੀ ਪ੍ਰਸ਼ੰਸਾ ਵਧੀਕ ਦਰੁਸਤ ਹੈ। ਵੈਰ-ਬਿਖੈ-ਪਦ ਕਿਸੇ ਕ੍ਰਿਯਾ ਪਦ ਦੀ ਲੋੜ ਰਖਦਾ ਹੈ, ਜੋ-ਜਗਮਗਾਤਿ-ਤਾਂ ਹੈ, ਪਰ ਜਗਤ ਮਾਤ ਕ੍ਰਿਆ ਪਦ ਨਹੀਂ ਹੈ।

ਜੈਯ=ਬਿਜੈ ਮਾਨ, ਜੋ ਆਪ ਜਿੱਤ ਸਕੇ ਯਾ ਜਿੱਤ ਲਵੇ।

ਭਾਵ-ਵਿਦਯਾ ਮੰਡਲਾਂ ਵਿਚ ਬਿਜੈ ਦਾਤੀ। [ਸੰਸਃ, ਜਯ੍ਯ

ਜਾਲਪਾ=ਹੰਸ ਜਿਸ ਦਾ ਬਾਹਨ ਹੋਵੇ। [ਸੰਸਃ, ਜਾਲਪਾਦ=ਹੰਸ]

ਜੈ ਕਰੀ=ਜੈ ਕਰ ਦੇਣ ਵਾਲੀ, ਬਿਜੈ ਦਾਤੀ।

ਅਰਥ-ਜਗਤ ਵਿਚ ਜਿਸ ਦੀ ਜੋਤ ਜਗਮਗ ਕਰ ਰਹੀ ਹੈ (ਤੇ ਆਪਣੀ ਸੁਮਤੀ ਪ੍ਰਕਾਸ਼ ਨਾਲ ਜੋ) ਜਗਤ ਨੂੰ (ਅਵਿਦਯਾ ਅੰਧਕਾਰ ਤੋਂ) ਤਾਰ ਰਹੀ ਹੈ, ਜੋ ਹੰਸ (ਉੱਜਲ ਕਵਿ ਮਨਾਂ) ਦੀ ਸਵਾਰੀ ਕਰਦੀ ਹੈ, (ਤੇ ਆਪ) ਬਿਜੈਮਾਨ (ਹੈ ਅਰ ਹੋਰਨਾਂ ਨੂੰ) ਜੈ ਦੇਂਦੀ ਹੈ, (ਮੇਰੀ ਬੀ) ਸ੍ਰੇਸ਼ਟ ਬੁੱਧੀ ਨੂੰ ਜਗਾ ਦਿਓ।

ਸ੍ਰੀ ਬਾਲਾ ਸੰਧੁਰੁ ਵਾਚ॥ ਚੌਪਈ ॥ ਸ੍ਰੀ ਅੰਗਦ ਸੁਨੀਏ ਸੁਖ ਦਾਨੀ। ਆਗੇ ਗਮਨ ਕੀਨ ਗੁਨ ਖਾਨੀ। ਹਬਸ਼* ਵਿਲਾਇਤ ਗਏ ਦਯਾਲਾ। ਪਾਤਿਸ਼ਾਹ ਤਹਿ ਦੁਸ਼ਟ ਬਿਸਾਲਾ॥੨॥ਹਿੰਦੂ ਨਰ ਤਿਸ ਦੇਸ਼ ਜਿ ਆਵੈ। ਗਹੈ ਤਾਹਿ ਜਮਧਾਮ ਪਠਾਵੈ।ਤਿਸ ਕੀ ਧੁਮ ਪ੍ਰਗਟ ਭਈ ਸਾਰੇ। ਜੋ ਹਿੰਦੂ ਪਾਵਹਿ, ਤਿਹ ਮਾਰੇ ॥੩॥ਪਹੁੰਚੇ ਸਤਿਗੁਰ ਨਾਮ ਜਪਾਵਨ। ਟੇਢੇ ਚਲਤਿ ਸੁਧ ਮਗ ਪਾਵਨ। ਕਰਤਿ ਕੁਕਰਮ ਸਿ ਸਰਬ ਹਟਾਵਨ। ਨੀਕੋ ਧਰਮ ਉਪਦੇਸ਼ ਦ੍ਰਿੜਾਵਨ ॥੪॥ਦੋਹਰਾ॥ਤਿਹ ਛਿਨ ਖਿਲਕ[1] ਅਕਾਸ਼ ਤੇ ਉਤਰਯੋ ਗੁਰ ਢਿਗ ਆਇ। ਰੰਗ ਨ ਜਾਨਯੋ ਜਾਵਹੀ ਅਚਰਜ ਬਨਯੋ ਬਨਾਇ॥ ੫॥ਚੌਪਈ ॥ਸਰਬ ਭਾਂਤਿ ਕੇ ਲਿਖੀਯੇ ਅੱਖਰ। ਹਿੰਦਵੀ ਬਹੁਰ ਪਾਰ†ੀ ਤਾਂ ਪਰ। ਅਰਬੀ ਔਰ ਤੋਰਕੀ ਜੋਇ। ਸੰਸਕ੍ਰਿਤੀ ਜੋ ਅੱਖਰ ਸੋਇ ॥ ੬ ॥ ਸੋ ਖਿਲਕਾ ਲੇ ਗੁਰ ਗਰ[2] ਪਾਯੋ। ਰੰਗ ਕੁਦਰਤੀ ਅਧਿਕ ਸੁਹਾਯੋ। ਜਿਹ ਪੁਰਿ ਵਿਖੇ ਰਹੈ ਅਵਨੀਪਾ। ਬੈਠੇ ਤਿਹ ਕੇ ਜਾਇ ਸਮੀਪਾ ॥ ੭ ॥ ਜਬ ਨਰ ਨਿਕਸਿ ਵਿਲੋਕਯੋ ਆਈ।ਰਹੇ ਵਿਸ਼ਾਲ ਰਿਦੇ ਬਿਸਮਾਈ। ਪ੍ਰਗਟ ਨਗਰ ਮਹਿ ਜਬ ਸੁਧ ਹੋਈ। ਧਾਇ ਧਾਇ ਦੇਖੈਂ ਸਭਿ ਕੋਈ ॥੮॥ ਪਾਤਿਸ਼ਾਹ ਕੇ ਜਾਇ ਅਗਾਰੀ। ਨਰਨ ਸੁਨਾਇ ਦੀਨਿ ਸੁਧ ਸਾਰੀ। 'ਵਹਿਰ ਏਕ ਆਯੋ ਦਰਵੇਸ਼ਾ। ਸੁਨਯੋ ਨ ਪਿਖਯੋ ਖਿਲਕ ਗਰੇ ਐਸਾ॥ ੯ ॥ ਹੈਂ ਕੁਰਾਨ ਕੇ

[1]ਚੋਲਾ। [2]ਗਲ ਵਿਚ। *ਪਾਃ-ਸਰਬ। †ਪਾਃ-ਸਿਧਾਰੈ।

Sri Satguru Jagjit Singh Ji eLibrary NamdhariElibrary@gmail.com

ਤੀਸ ਸੁਪਾਰੇ। ਤਾਂ ਪਰ ਲਿਖਿ ਰਾਖੇ ਹੈਂ ਸਾਰੇ।ਅੱਛਰ ਪੰਜ ਪ੍ਰਕਾਰਹਿ ਜੋਊ। ਲਿਖੇ ਸਰਬ ਨੀਕੀ ਬਿਧਿ ਸੋਊ*' ॥੧੦॥ ਦੋਹਰਾ ॥ ਸੁਨਯੋ ਸ਼੍ਰੋਨ ਪਤਿਸ਼ਾਹਿ ਤਬ ਲੀਨ ਵਜ਼ੀਰ ਬੁਲਾਇ। 'ਵਹਿਰ ਏਕ ਦਰਵੇਸ਼ ਹੈ ਖਿਲਕ ਉਤਾਰ ਰਹੁ ਜਾਇ' ॥੧੧॥ ਚੌਪਈ ॥ ਆਇਸੁ ਮਾਨੀ ਚਲਯੋ ਵਜ਼ੀਰੇ। ਆਯੋ ਸ੍ਰੀ ਨਾਨਕ ਕੇ ਤੀਰੇ। ਠਾਂਢੋ ਹ੍ਵੈ ਕਰਿ ਗਿਰਾ ਉਚਾਰੀ।'ਦਿਹੁ ਖਿਲਕਾ ਦਰਵੇਸ਼ ਉਤਾਰੀ ॥੧੨॥ ਪਾਤਿਸ਼ਾਹਿ ਮੰਗਵਾਵਤਿ ਪਾਸੂ। ਹੁਕਮ ਨ ਮੋਰੋ ਦੇ ਦੁਖ ਰਾਸੁ'। ਸੁਨਿਕੈ ਸ੍ਰੀ ਗੁਰ ਬੈਨ ਉਚਾਰੇ।'ਜੋ ਉਤਰੈ ਤੌ ਲੇਹੁ ਉਤਾਰੇ'॥੧੩॥ ਮਿਲਿ ਕਰਿ ਸਭੈ ਉਤਾਰਨ ਆਏ । ਉਤਰਯੋ ਨਹੀਂ ਜੋਰ ਬਹੁ ਲਾਏ। ਖੈਂਚਯੋ ਖਿਚੈ ਨ ਪਾਟਯੋ ਪਟਿਹੈ¹। ਅਚਰਜ ਭਏ ਲੋਕ ਸਭਿ ਲਟਿਹੈਂ² ॥ ੧੪॥ ਸ਼ਾਹ ਸੁਨੀ ਇਸ ਬਿਧਿ ਸੁਧ ਜਬਹੀ। ਕਿਯੋ ਕ੍ਰੋਧ ਬੋਲਯੋ ਬਚ ਤਬ

¹ਨਾਂ ਹੀ ਪਾਟਿਆ ਫਟਦਾ ਹੈ। ²ਹਾਰ ਗਏ (ਅ) ਮੁੜ ਗਏ। *ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਬਤ ਲਿਖੀਆਂ ਜਨਮ ਸਾਖੀਆਂ ਵਿਚੋਂ ਜੋ ਹੁਣ ਤੱਕ ਮਿਲੀਆਂ ਹਨ ਸਭ ਤੋਂ ਪੁਰਾਣੀ ਉਹ ਜਨਮ ਸਾਖੀ ਹੈ ਜਿਸ ਨੂੰ ਵਲਾਇਤ ਵਾਲੀ ਤੇ ਹਾਫਜ਼ਾਬਾਦੀ ਕਿਹਾ ਜਾਂਦਾ ਹੈ ਇਸ ਵਿਚ ਕਿਸੇ ਚੋਲੇ ਦਾ ਜ਼ਿਕਰ ਨਹੀਂ, ਨਾਂ ਹੀ ਭਾਈ ਮਨੀ ਸਿੰਘ ਵਾਲੀ ਵਿਚ ਹੈ। ਬਾਬੂ ਮੁਹੰਮਦ ਯੂਸਫ ਨੇ ਥੋੜਾ ਚਿਰ ਹੋਇਆ ਇਕ ਕਿਤਾਬ ਲਿਖੀ ਹੈ ਜਿਸ ਨੂੰ ਉਸ ਨੇ ਜਨਮ ਸਾਖੀ ਨਾਮ ਦੇਣ ਦੀ ਦੀਦਾ ਦਲੇਰੀ ਕੀਤੀ ਹੈ, ਉਸ ਦੇ ਸਫਾ ੮੨ ਤੇ ਇਕ ਚੋਲਾ ਜਿਸ ਤੇ ਅਰਬੀ ਅੱਖਰ ਲਿਖੇ ਹਨ ਬਗ਼ਦਾਦ ਦੇ ਹਾਕਮ ਵੱਲੋਂ ਗੁਰੂ ਜੀ ਦੇ ਪੇਸ਼ ਕੀਤਾ ਗਿਆ ਲਿਖਿਆ ਹੈ। ਖਾਲਸਾ ਤਵਾਰੀਖ ਰਚਿਤ ਗਿਆਨੀ ਗਿਆਨ ਸਿੰਘ ਦੇ ਸਫਾ ੪੩੯ ਦੇ ੪੪੦ ਅਤੇ 'ਗੁਰਪੁਰ ਪ੍ਰਕਾਸ਼' ਗ੍ਰੰਥ ਦੇ ਵਿਚ ਦੱਸਿਆ ਹੈ ਕਿ ਬਗਦਾਦ ਦੇ ਹਾਕਮ ਦੇ ਘਰ ਕੋਈ ਸੰਤਾਨ ਨਹੀਂ ਸੀ, ਉਸ ਨੇ ਸਾਰੇ ਇਰਾਕ ਤੇ ਅਰਬ ਦੇ ਮੁਸਲਮਾਨ ਫਕੀਰਾਂ ਤੋਂ ਦੁਆਂ ਕਰਾਈਆਂ, ਆਸ ਪੂਰੀ ਨਾ ਹੋਣ ਤੇ ਉਹਨਾਂ ਨੂੰ ਕੈਦ ਕਰ ਦਿੱਤਾ, ਇਹ ਵਿਥਿਆ ਸੁਣ ਗੁਰੂ ਜੀ ਬਗ਼ਦਾਦ ਪੁੱਜੇ, ਹਾਕਮ ਚਰਨੀ ਡਿਗਾ ਗੁਰੂ ਜੀ ਦੀ ਮੇਹਰ ਨਾਲ ਓਹਦੇ ਲੜਕਾ ਜਨਮਿਆਂ, ਬੇਗਮ ਨੇ ਇਕ ਚੋਲਾ ਜਿਸ ਤੇ ਅਰਬੀ ਲਿਖੀ ਹੈ ਗੁਰੂ ਜੀ ਦੀ ਭੇਟ ਕੀਤਾ (ਇਹ ਭੇਟਾ ਉਸੇ ਤਰ੍ਹਾਂ ਦੀ ਭੇਟਾ ਹੈ ਜਿਵੇਂ ਜਾਰਜ ਪੰਜਮ ਨੂੰ ਹਿੰਦ ਦੇ ਹਿੰਦੂ ਮੁਸਲਮਾਨਾਂ ਵਲੋਂ ਆਪਣੀਆਂ ਕਈ ਧਾਰਮਕ ਸ਼ੈਆਂ ਭੇਟਾ ਕੀਤੀਆਂ ਗਈਆਂ ਸਨ)। ਇਹ ਚੋਲਾ ਗੁਰੂ ਜੀ ਦੀ ਇਰਾਕ ਤੇ ਅਰਬ ਦੇ ਵਲੀਆਂ ਪੀਰਾਂ ਤੇ ਫਕੀਰਾਂ ਉਤੇ ਦਿਗਬਿਜੈ ਦੀ ਨਿਸ਼ਾਨੀ ਜਾਣ ਹੁਣ ਤਕ ਡੇਹਰਾ ਬਾਬਾ ਨਾਨਕ ਵਿੱਚ ਰਖਿਆ ਹੋਇਆ ਦੱਸੀਦਾ ਹੈ। ਜਿਸ ਚੋਲੇ ਦਾ ਜ਼ਿਕਰ ਏਥੇ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਹੈ, ਇਸ ਪਰ ਪੰਜ ਜ਼ਬਾਨਾਂ ਦੇ ਅੱਖਰ ਲਿਖੇ ਦੱਸੇ ਹਨ ਤੇ ਏਹ ਅਕਾਸ਼ੋਂ ਉਤਰਿਆ ਵਰਣਨ ਕੀਤਾ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਇਹ ਕਥਾ ਅਰਬ ਦੇ ਪਾਤਸ਼ਾਹ ਨਾਲ ਲਿਖੀ ਹੈ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

Sri Satguru Jagjit Singh Ji eLibrary NamdhariElibrary@gmail.com

ਹੀ। 'ਯਾ ਮਹਿਂ ਸਭਿ ਹਿੰਦੂ ਕੇ ਲੱਛਨ। ਡੋਬਹੁ* ਅਬ ਕੇ ਜਾਇ, ਬਿਚੱਛਨ[1]'!॥੧੫॥ ਦੋਹਰਾ॥ ਸੁਨਿ ਵਜ਼ੀਰ ਗੁਰ ਢਿਗ ਅਯੋ ਅਤਿਸ਼ੈ ਰਿਸ ਕਰਿ ਸੋਇ। ਗਹਿ ਗੰਭੀਰ ਸਰਿਤਾ[2] ਬਿਖੈ ਡਾਰਿ ਦਿਯੋ ਬਹੁ ਲੋਇ[3]॥੧੬॥ ਚੌਪਈ॥ ਸੋ ਖਿਲਕਾ ਭੀਜਤਿ ਨਹਿਂ ਭਯੋ। ਕਨਕੋ ਨੀਰ[4] ਨ ਤਾਂਕੋ ਛੁਯੋ। ਨਿਕਸਿ ਨਦੀ ਤੇ ਗੁਨੀ ਗਹੀਰਾ। ਬੈਠੇ ਵਹਿਰ ਤਿਸੀ ਕੇ ਤੀਰਾ॥ ੧੭॥ ਪਿਖੈਂ ਤਮਾਸ਼ੇ ਨਰ ਤਿਹ ਕਾਲਾ। ਅਚਰਜ ਮਾਨਯੋ ਰਿਦੈ ਬਿਸਾਲਾ। ਪਾਤਿਸ਼ਾਹ ਕੋ ਖਬਰ ਸੁਨਾਈ। 'ਬੂਡਤਿ ਨਹਿਂ ਬਹੁ ਕੀਨ ਉਪਾਈ'॥੧੮॥ ਸ਼ਾਹਿ ਕਹੈ 'ਪਾਵਕ ਮਹਿਂ ਜਾਰੋ[5]। ਲੇ ਕਾਸ਼ਟ ਬਹੁ ਊਪਰ ਡਾਰੋ'। ਸੁਨਿ ਵਜ਼ੀਰ ਤਬ ਬਹੁਰ ਸਿਧਾਰਾ। ਕਾਸ਼ਟ ਕੋ ਬਡ ਲਾਇ ਅੰਬਾਰਾ ॥ ੧੯ ॥ ਦੋਹਰਾ ॥ ਬੀਚ ਬਸਾਏ ਸਤਿਗੁਰੂ ਚਹੁੰ ਦਿਸ਼ਿ ਦੀਨਿ ਲਗਾਇ। 'ਆਂਚ[6] ਰੋਮ ਕੋ ਨਹਿਂ ਲਗੀ ਅਗਨਿ ਗਈ ਸਿਤਲਾਇ[7]'॥੨੦॥ ਚੌਪਈ॥ ਕਾਸ਼ਟ ਭਸਮ ਭਏ ਤਿਸ ਥਾਈਂ। ਸਤਿਗੁਰ ਬੈਠੇ ਬੀਚ ਸੁਹਾਈ। ਸੁਨੀ ਖ਼ਬਰ ਕੋਪਾ ਪਤਿਸ਼ਾਹੂ। 'ਇਹੁ ਫਕੀਰ ਚੇਟਕੀ ਆਹੂ ॥੨੧॥ ਮਮ ਹਜ਼ੂਰ ਕਰਿ ਮਾਰਹੁ ਅਬਹੀ'। ਅਸ ਕਹਿ ਚਲਿ ਆਯੋ ਢਿਗ ਤਬਹੀ । ਬਹੁ ਪਾਹਨ ਕੇ ਤਰੇ ਦਬਾਯੋ। ਭਾਰ ਸਹਸ ਮਣ[8] ਊਪਰਿ ਪਾਯੋ ॥੨੨॥ ਇਉਂ ਦਬਾਇ ਕਰਿ ਸਦਨ ਸਿਧਾਰੇ। 'ਅਬ ਮਰਿ ਜੈਹੈਂ' ਬਚਨ ਉਚਾਰੇ। ਭੋਰ ਭਈ ਪੁਨ ਤਿਸੀ ਸਥਾਨਾ। ਆਨਿ ਬਿਰਾਜੇ ਕ੍ਰਿਪਾ ਨਿਧਾਨਾ ॥੨੩॥ ਨਰ ਬਿਲੋਕਿ ਹਿਰਦੇ ਬਿਸਮਾਏ। -ਇਹ ਫਕੀਰ ਗਤਿ ਜਾਨਿ ਨ ਜਾਏ-। ਪਾਤਿਸ਼ਾਹਿ ਕੇ ਜਾਇ ਅਗਾਰੀ। ਸੁਧ ਮਾਨਵ ਨੈ ਤਬੈ ਉਚਾਰੀ ॥੨੪॥ 'ਜਹਿ ਸਾਥੀ ਜੁਗ[9] ਤਿਹ ਥਾਂ ਬੈਸਾ'। ਚੌਕ੍ਰਿਤ ਭਯੋ ਬੈਨ ਸੁਨਿ ਐਸਾ। 'ਯਾ ਖ਼ੁਦਾਇ ਕਯਾ ਭਯੋ ਸਿਰਾਰਾ[10]'। ਮੀਤ੍ਰਿਨ[11] ਮਿਲ ਕਰਿ ਚੀਨ ਉਚਾਰਾ॥੨੫॥ ਜੋ ਬੈਠੇ ਤਿਹ ਢਿਗ ਦਾਨਾਇ। ਕਹਿਨ ਲਗੇ 'ਇਹ ਰੂਪ ਖ਼ੁਦਾਇ। ਔਰਨ ਮਹਿਂ ਅਜ਼ਮਤ ਨਹਿਂ ਏਤੀ। ਤਿਹ ਪਦ ਪੂਜਹੁ ਸ਼ਰਧਾ ਸੇਤੀ॥੨੬॥ ਕਰਿ ਉਪਾਇ ਤੁਮ ਸਭਿ ਪਰਹਾਰੇ[12]। ਮਾਰਨੇ ਮਰਤਿ

[1]ਹੇ ਚਤੁਰੋ! [2]ਡੂੰਘੀ ਨਦੀ। [3]ਬਹੁਤੇ ਲੋਕਾਂ ਨੇ। [4]ਇਕ ਕਿਣਕਾ ਬੀ ਜਲ ਦਾ। [5]ਸਾੜੋ। [6]ਸੇਕ, ਅੱਗ। [7]ਠੰਢੀ ਹੋ ਗਈ ਅੱਗ। [8]ਹਜ਼ਾਰਾਂ ਮਣ। [9]ਦੋ। [10]ਇਸਰਾਰ=ਭੇਦ। [11]ਵਜ਼ੀਰਾਂ ਨਾਲ। [12]ਖਪਕੇ ਥੱਕ ਗਏ। *ਪਾ:--ਮਾਰਹੁ।

☞ [ਪਿਛਲੇ ਪੰਨੇ ਦੀ ਬਾਕੀ ਟੂਕ]

ਸਤਿਗੁਰ ਜੀ ਦੇ ਬਗ਼ਦਾਦ ਜਾਣ ਤੇ ਓਥੋਂ ਦੇ ਪੀਰਾਂ ਨੂੰ ਸ਼ੁਭ ਮਤ ਦੇਣ ਬਾਬਤ, ਦੇਖੋ ਅਧ੍ਯਾਯ ੩੪ ਤੇ ਉਸ ਦੇ ਅੰਕ ੬੮ ਦੀ ਟੂਕ। ਵਿਸ਼ੇਸ਼ ਖੋਜ ਦੀ ਲੋੜ ਹੈ।

Sri Satguru Jagjit Singh Ji eLibrary NamdhariElibrary@gmail.com

ਨ ਕਿਸੀ ਪ੍ਰਕਾਰੇ । ਹੋਇ ਅਧੀਨ ਗਹਹੁ ਪਦ ਜਾਈ। ਖਤਾ ਲੇਉ ਅਪਨੀ ਬਖਸ਼ਾਈ' ॥੨੭॥ ਅਜ਼ਮਤ ਦੇਖਿ ਬਚਨ ਕੋ ਸੁਨਿਕੇ । ਕੰਪਯੋ ਪਾਤਿਸ਼ਾਹ ਭੈ ਮਨਿਕੈ।—ਬਹੁਤ ਅਵੱਗਯਾ ਕੀਨੀ ਮੋਹੀ[1] ਸਰਬ ਵਿਲਾਇਤ ਡਾਰਕ ਨ ਹੋਹੀ—॥੨੮॥ ਅਨਿਕ ਉਪਾਇਨ ਕਰ ਮਹਿ ਧਾਰੀ । ਲੇਕਰਿ ਗਮਨਯੋ ਗੁਰੂ ਅਗਾਰੀ। ਮੇਚਕ[2] ਰੰਗ ਮਹਾਂ ਜਿਸ ਕੇਰੋ। ਭੈ ਕਰਿਕੈ ਮਨ ਦੀਨ ਘਨੇਰੋ ॥ ੨੯ ॥ ਆਇ ਚਰਨ ਪੰਕਜ ਲਪਟਾਯੋ। ਹਾਥ ਬੰਦਿ ਕੈ ਬਚਨ ਅਲਾਯੋ। 'ਮੈਂ ਬਹੁਤੀ ਕੀਨੀ ਤਕਸੀਰੈਂ[3] । ਬਖਸ਼ੋ ਅਬ ਤੁਮ ਗੁਨੀ ਗਹੀਰੈਂ ॥ ੩੦ ॥ ਪੀਰਨ ਪੀਰ ਕਿ ਆਪ ਖ਼ੁਦਾਇ। ਹੋ ਪ੍ਰਛਿੰਨ[4] ਨ ਪਰਹੁ ਲਖਾਇ[5]। ਰਾਵਰ ਕੀ ਰਜਾਇ ਉਰ ਧਰਿਊਂ । ਬਹੁਰ ਅਵੱਗਯਾ ਫੇਰ* ਨ ਕਰਿਊਂ ॥੩੧॥ ਭਾ ਅਨਜਾਨਪਨੇ ਮਹਿ ਦੋਸ਼ਾ । ਕਰਹੁ ਮਿਹਰ ਪਰਹਰਿ ਉਰ ਰੋਸਾ†' । ਦੀਨ ਦੇਖਿ ਕਰਿ ਦੀਨ ਦਯਾਲਾ । ਕਹਯੋ ਕਰਨ ਉਪਕਾਰ ਬਿਸਾਲਾ ॥ ੩੨ ॥

ਦੋਹਰਾ ॥ 'ਨਰ ਮਾਰਨ ਜੇ ਪਰਹਰੈਂ ਤੌ ਤੂੰ ਬਖਸ਼ਨਾ ਜਾਇ । ਨਹਿ ਤਨਾਗੇ ਦੂਖ ਪਾਇ ਹੈਂ ਦੋਜ਼ਖ ਮਿਲੈ ਸਜ਼ਾਇ' ॥੩੩॥

ਚੌਪਈ ॥ ਲਾਜਬਰਦ[6] ਸੁਨਿ ਬੈਨ ਅਲਾਯੋ । 'ਜਬ ਕੋ ਤੁਮਰੇ ਪਗ ਲਪਟਾਯੋ । ਤ੍ਰਿਨ[7] ਤੋਰਨ ਕੀ ਸ਼ਕਤਿ ਨ ਰਹੀ । ਔਰ ਕਹਹੁ ਜੋ ਕਰਿਹੌਂ ਸਹੀ' ॥੩੪॥ [8]'ਜੇ ਤੈਂ ਹਮਰੀ ਆਇਸੁ ਮਾਨੀ । ਸੱਤਿਨਾਮ ਸਿਮਰਹੁ ਸੁਖਦਾਨੀ। ਕਰਿ ਅਹਾਰ ਕੋ ਹੇਤੁ ਖ਼ੁਦਾਇ । ਦੇਸ਼ ਆਪਨੇ ਦੇਗ ਚਲਾਇ ॥ ੩੫ ॥ ਭੂਖਾ ਰਹਿਨ ਨ ਕੋਊ ਪਾਵੈ । ਬਸਤ੍ਰ ਸੁ ਦੇਹੁ ਨਗਰ ਜੋ ਆਵੈ । ਆਜਜ਼ ਕੀ ਪਰਵਰਸ਼ ਕਰੀਜੈ। ਕਲਮਲ ਕਰਨੋ ਸਭਿ ਤਜਿ ਦੀਜੈ' ॥ ੩੬ ॥ ਮਾਨਿ ਬਚਨ ਕੀਨੋ ਸੋ ਕਾਮੂ । ਸਿਮਰਨ ਕਰਨ ਲਗਾ ਸਤਿਨਾਮੂ । ਪੀਰ ਕਰਯੋ‡ ਸ੍ਰੀ ਨਾਨਕ ਤਾਂਹੀ । ਭਯੋ ਮੁਰੀਦ ਸੇਵ ਚਿਤ ਚਾਹੀ ॥ ੩੭ ॥ ਕੇਤਿਕ ਦਿਵਸ ਬਸੇ ਤਿਹ ਪੁਰਿ ਮੈਂ । ਪਸਰਯੋ ਸੁਜਸੁ ਸਰਬ ਘਰ ਘਰ ਮੈਂ । ਹੋਵਨ ਲਗੀ ਅਤਿਥਿ ਕੀ ਸੇਵਾ । ਜਪਹਿ ਨਾਮ ਸ੍ਰੀ ਅਲਖ ਅਭੇਵਾ ॥੩੮॥

ਏਕ ਦਿਵਸ ਬੈਠੇ ਜਗ ਸਾਈਂ । ਸ੍ਰੀ ਅੰਗਦ ! ਮੈਂ ਗਿਰਾ ਅਲਾਈ

---

[1]ਮੈਂ । [2]ਕਾਲਾ । [3]ਭੁੱਲ। [4]ਗੁਪਤ। [5]ਜਾਣੇ ਨਹੀਂ ਜਾਂਦੇ। [6]ਰਾਜੇ ਦਾ ਨਾਉਂ ਹੈ। [7]ਤਿਨਕਾ ਤੋੜਨਾ। [8]ਗੁਰੂ ਜੀ ਨੇ ਕਿਹਾ:—।

*ਪਾ:—ਐਸ ।

†ਪਾ:—ਅਬ ਹਰਹੁ ਸੁ ਰੋਸਾ।

‡ਪਾ:—ਕਹੇ, ਕਰੇ ।

Sri Satguru Jagjit Singh Ji eLibrary NamdhariElibrary@gmail.com

‘ਰਾਮ ਚੰਦ ਸ੍ਰੀ ਪ੍ਰਭੁ ਅਵਤਾਰਾ* । ਦੈਤਨ ਕੋ ਕੁਲ ਜਾਂਹਿ ਸੰਘਾਰਾ[1] ॥ ੩੯॥ ਲੰਕਾ† ਹੁਤੀ ਉਦਧਿ[2] ਕੇ ਮਾਂਹੀ । ਮਾਰਗ ਜਾਨ ਤਹਾਂ ਕੋ ਨਾਹੀ । ਗਿਰ ਤਰਾਇ ਤਹਿ ਸੇਤੁ ਬੰਧਾਵਾ । ਸਭਿ ਕਪਿ ਕਟਕ[3] ਪਾਰ ਸੁ ਲੰਘਾਵਾ॥੪੦॥ ਹੈ ਅਵਲੋਕਨ ਲਾਲਸ ਮੋਹੀ । ਕ੍ਰਿਪਾ ਧਾਰਿ ਦਿਖਰਾਵਹੁ ਓਹੀ’ ॥ ਸੁਨਿਕੈ ਬੋਲੇ ਪਰਮ ਕ੍ਰਿਪਾਲਾ । ‘ਤੁਮਰਾ ਕਹਨੋ ਕਰੋਂ ਹੌਂ ਬਾਲਾ’॥੪੧॥ ਬਿਦਾ ਭਏ ਤਿਨ ਤੇ ਬਰਿਆਈ । ਤਤਛਿਨ ਗਮਨ ਕੀਨ ਗਤਿਦਾਈ। ਤੂਰਨ ਪਹੁੰਚੇ ਸਾਗਰ ਤੀਰੇ।ਬੈਠਿ ਗਏ ਤਹਿਂ ਗੁਨੀ ਗਹੀਰੇ ॥੪੨॥ ਜਹਿਂ ਰਘੁਬੀਰ ਸੇਤੁ ਬੰਧਵਾਯੋ । ਏਕ ਲਿੰਗ ਸ਼ਿਵ ਤਹਾਂ ਸੁਹਾਯੋ । ਤਿਹ ਬਿਲੋਕਿ ਬੋਲਯੋ ਮਰ-

[1]ਜਿਸਨੇ ਦੈਤਾਂ ਦਾ ਕੁਲ ਨਾਸ਼ ਕੀਤਾ । [2]ਸਮੁੰਦਰ । [3]ਬੰਦਰਾਂ ਦੀ ਸੈਨਾ । *ਇਹ ਪ੍ਰਭੂ ਦਾ ਅਵਤਾਰ ਕਵਿ ਜੀ ਬਾਲੇ ਮੁਖੋਂ ਕਹਾ ਰਹੇ ਹਨ, ਗੁਰਮਤ ਵਿਚ ਪ੍ਰਭੂ ਅਜੋਨੀ ਹੈ।

†ਲੰਕਾ, ਉਸ ਟਾਪੂ ਨੂੰ ਦੱਸਦੇ ਹਨ ਜਿਸ ਨੂੰ ਸਿੰਗਲਾਦੀਪ, ਸੀਲੋਨ, ਸੁਰੰਦੀਪ ਆਖਦੇ ਹਨ । ਹਕੀਕਤ ਰਾਹ ਮੁਕਾਮ ਵਿਚ ਦੱਸੇ ਨਾਗਾ ਬੰਦਰ ਯਾ ਨਾਗਾ ਪਟਨ ਤੋਂ ਇਸੇ ਟਾਪੂ ਨੂੰ ਜਹਾਜ਼ ਜਾਂਦਾ ਹੈ, ਜਾਪਾਪਟਨ (ਜਾਫਨਾ ਪਟਮ) ਇਸੇ ਟਾਪੂ ਦੇ ਉੱਤਰ ਵਿਚ ਬੰਦਰਗਾਹ ਹੈ, ਸ਼ਿਵਨਾਭ ਇਸੇ ਟਾਪੂ ਵਿਚ ਹੋਇਆ ਹੈ। ਸ਼ਿਵਨਾਭ ਤੋਂ ਮੁੜਕੇ ਹਿੰਦ ਵਿਚ ਅੱਪੜਕੇ ਤ੍ਰਿਯਾ ਰਾਜ ਆਏ, ਇਹ ਗੱਲ ਪਿੱਛੇ ਅਧ੍ਯਾਯ ੪੯ ਪੂਰਬਾਰਧ ਵਿਚ ਲਿਖ ਆਏ ਹਨ । ਹਕੀਕਤ ਰਾਹ ਮੁਕਾਮ ਵਿਚ ਤ੍ਰਿਯਾ ਰਾਜ ਬੰਦਰ ਤਜਾਵਰ (ਤੰਜੋਰ) ਬੀਜਾਪੁਰ ਆਦਿ ਦੇ ਨੇੜੇ ਦੱਸਿਆ ਹੈ, ਓਹ ਭੀ ਨਾਗਾਪਟਮ ਤੋਂ ਮੁਲਕ ਦੇ ਅੰਦਰ ਵਲ ਨੂੰ ਗਿਆਂ ਤੇ ਹੈ । ਫੇਰ ਸੇਤਬੰਦ ਰਾਮੇਸੁਰ ਜੋ ਲੰਕਾ ਦਾ ਪਤਾ ਬਾਲੇ ਵਾਲੀ ਸਾਖੀ ਵਿਚ ਦਿੱਤਾ ਹੈ, ਤੇ ਸੇਤ (ਪੁਲ) ਦਾ ਜ਼ਿਕਰ ਇਸੇ ਅਧ੍ਯਾਯ ਦੇ ੪੦ ਤੇ ੪੩ ਅੰਕ ਵਿਚ ਦਿੱਤਾ ਹੈ, ਓਹ ਪੁਲ ਇਸੇ ਟਾਪੂ ਤੇ ਹਿੰਦ ਦੇ ਦੱਖਣੀ ਸਿਰੇ ਦੇ ਵਿਚਕਾਰ ਹੈ । ਇਸ ਟਾਪੂ ਸਿੰਗਲਾਦੀਪ ਦੇ ਵਿਚਕਾਰ ਜਹੇ ਅਨਰੁਧ ਪੁਰ ਨਾਮੇ ਨੱਗਰ ਦੇ ਖੰਡਰਾਤ ਵਿਚ ਹਿੰਦੂ ਲੋਕ ਰਾਵਨ ਦੀ ਰਾਜਧਾਨੀ ਦੱਸਦੇ ਹਨ ।

ਅੱਜ ਕਲ ਦੀ ਪੱਛਮੀ ਪੜਤਾਲ (ਪੁਰਾਤਨ ਇਤਿਹਾਸ ਦੀ) ਨੂੰ ਪੁਖਤ ਸਬੂਤ ਮਿਲੇ ਹਨ ਕਿ ਮੈਸੋਪੁਟਾਮੀਆਂ ਵਿਚ ਆਰਯ ਕੁਲ ਦਾ ਰਾਜ ੬ ਸਦੀਆਂ ਰਿਹਾ ਹੈ, ਮਿਤਾਨੀ ਤੇ ਕੱਸੀ ਦੋ ਜਾਤੀਆਂ ਸਨ, ਇਹ ਸੂਰਜਬੰਸੀ ਸਨ । ਸਮੁੰਦਰ ਦੇ ਰਸਤੇ ਇਹ ਸਿੰਧ ਤੇ ਸਿੰਧ ਤੋਂ ਪੰਜਾਬ ਆਉਂਦੇ ਰਹੇ ਸਨ, ਇਹਨਾਂ ਵਿਚ ਦਸਰਥ ਰਾਜਾ ਹੋਯਾ ਹੈ ੧[illegible]੬੭ ਵਰਹੇ ਈਸਵੀ ਸੰਮਤ ਤੋਂ ਪਹਿਲਾਂ । ਫਿਰ ਆਸਰੀਆਂ (ਅਸੁਰਾਂ) ਤੇ ਹਿਤੀਆਂ (ਦੈਂਤਾਂ) ਨੇ ਇਹ ਰਾਜ ਤਬਾਹ ਕੀਤਾ ਤੇ ਇਨ੍ਹਾਂ ਆਰਯਾਂ ਨੇ ਸਿੰਧ ਵਿਚ ਆਕੇ ਜਾਨ ਬਚਾਈ ਤੇ ਰੋੜ੍ਹੀ ਦੀ ਰਾਜਧਾਨੀ ਥਪੀ । ਮੁਮਕਿਨ ਹੈ ਰਾਮਾਇਣ ਮੈਸੋਪੁਟਾਮੀਆ ਵਿਚ ਹੋਈ ਹੋਵੇ । ਅਜ ਕਲ ਜਾਵਾ ਟਾਪੂ ਵਿਚ ਕਈ ਨਿਸ਼ਾਨ ਮਿਲੇ ਹਨ, ਜਿਥੋਂ ਹਿੰਦੂ ਸ਼ੱਕ ਕਰਦੇ ਹਨ ਕਿ ਰਾਵਨ ਦੀ ਲੰਕਾ ਏਥੇ ਸੀ । (ਦੇਖੋ ਉਤਰਾਰਧ ਅਧ੍ਯਾਯ ੧੮ ਅੰਕ ੨੫ ਦੀ ਟੂਕ) ਪਤਾ ਨਹੀਂ ਜੇ ਸ੍ਰੀ ਗੁਰੂ ਸਾਹਿਬ ਜੀ ਏਸ ਟਾਪੂ ਭੀ ਗਏ ਹੋਣ ।

Sri Satguru Jagjit Singh Ji eLibrary NamdhariElibrary@gmail.com

ਦਾਨਾ। 'ਕਿਸ ਪ੍ਰਕਾਰ ਸ਼ਿਵਲਿੰਗ ਸਥਾਨਾ?॥੪੩॥ ਕਿਹ ਨੈ ਇਹ ਅਸ-ਥਾਪਨ ਕੀਨੋ ?। ਮਹਾਂ ਮਹਾਤਮ ਪੂਜਨ ਦੀਨੋ। ਸਰਬ ਸੁਨਾਵਹੁ ਮੁਝੈ ਪ੍ਰਸੰਗਾ। ਭੂਤ[1] ਭਵਿੱਖਤ[2] ਲਖਹੁ ਸਰਬੰਗਾ[3]' ॥੪੪॥ ਦੋਹਰਾ ॥ ਸ੍ਰੀ ਨਾਨਕ ਬੋਲੇ ਬਚਨ 'ਸੁਨਿ ਮਰਦਾਨੇ! ਗਾਥਾ ਰਾਮਚੰਦ੍ਰ ਆਇ ਇਹਾਂ ਬਾਂਦਰ ਦਲ ਲੇ ਸਾਥ ॥ ੪੫ ॥ ਚੌਪਈ ॥ ਉਦਧਿ ਬਿਲੋਕਤਿ ਰਿਦੈ ਬਿਚਾਰਾ।-ਇਸਕੇ ਜਾਵਹਿਂ ਕਿਹ ਬਿਧਿ ਪਾਰਾ-। ਸਭਿ ਮਿਲਿ ਕਹਯੋ-ਬੰਧਾਵਹੁ ਸੇਤਾ-। ਮਾਨ ਲੀਨ ਅਸ ਰਘੁ ਕੁਲ ਕੇਤਾ ॥ ੪੬ ॥ ਪ੍ਰਿਥਮੇ ਸ਼ਿਵ ਕੀ ਪੂਜਾ ਕੀਨੀ। ਪੁਲ ਬਾਂਧਨ ਪੁਨ ਆਇਸੁ ਦੀਨੀ। ਕਾਜ ਕਰਨ ਤੇ ਜੌਨ ਅਗਾਰੇ। ਗੁਰ ਪੂਜਹਿ*ਹ੍ਵੈਂ ਪੁਰਖੁ ਸੁਖਾਰੇ†॥੪੭॥ ਤਬ ਕੋ ਇਹ ਸ਼ਿਵਲਿੰਗ ਸੁਹਾਵਾ‡। ਰਘੁਬਰ ਕੀਨ ਸਥਾਪਨ ਭਾਵਾ[4]।ਪਾਹਨ ਪਰ ਲਿਖਿ ਕਰਿ ਨਿਜਨਾਮੂ।ਸੇਤੁ ਬਾਂਧਿ ਲੀਨੋ ਅਭਿਰਾਮੂ' ॥੪੮॥ ਮਰਦਾਨਾ ਕਹਿ 'ਭਾ ਸੰਦੇਹੂ। ਕਿਉਂ ਰਘੁ-ਬੀਰ ਕੀਨ ਕ੍ਰਿਤ ਏਹੂ ?। ਸਰਬ ਭਾਂਤਿ ਸਮਰੱਥ ਗੁਸਾਈਂ। ਆਪ ਹੁਤੇ ਠਾਂਢੇ ਜਿਹ ਥਾਈਂ ॥੪੯॥ ਕਿਉਂ ਤਹਿ ਸ਼ਿਵ ਅਭਿਖੇਕਨ[5] ਕੀਨਾ। ਇਕ ਸੰਸੈ ਮੁਝ ਏਹੁ ਪ੍ਰਬੀਨਾ!। ਅਪਨੋ ਲਿਖਿ ਕਰਿ ਨਾਮ ਬਹੋਰੀ। ਤਾਰੇ ਪਾਹਨ ਰਾਖੇ ਜੋਰੀ[6] ॥੫੦॥ ਇਸ ਪ੍ਰਕਾਰ ਕਿਉਂ ਕੀਨ ਪ੍ਰਯਾਸਾ[7]। ਉਰ ਸੰਸੈ ਦ੍ਵੈ[8] ਦੇਹੁ ਬਿਨਾਸਾ। ਹ੍ਵੈ ਬਲ ਹੀਨੇ ਇਉਂ ਬਨਿ ਆਈ। ਅਪਰ ਅਲੰਬ ਪਾਇ ਕਰਿ ਜਾਈ[9]' ॥੫੧॥ ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ। 'ਉੱਤਰ ਸੁਨਹੁ ਕਾਨ ਮਰਦਾਨਾ!। ਭਗਤਿ[10] ਨਾਮ ਕੀ ਬਡ ਬਡਿਆਈ। ਸੁਰ ਨਰ ਸਭਿ ਮਹਿ ਆਪ ਰਖਾਈ§ ॥ ੫੨ ॥ ਸਭਿ ਭਗਤਨ ਮਹਿ ਸ਼ੰਭੁ ਮਹਾਨਾ।ਆਠੋਂ ਜਾਮ ਧਰਹਿ ਉਰ ਧਯਾਨਾ।ਬਿਸ਼ਨੁ ਸਤੋਗੁਨ ਉੱਜਲ ਰੰਗਾ।ਕਰਤਿ ਧਯਾਨ ਸਿਤ[11] ਭਾ ਸਰਬੰਗਾ[12]॥੫੩॥ਤਮਗੁਨ ਸ਼੍ਯਾਮ ਸੁ ਸ਼ਿਵ ਬੱਖ੍ਯਾਤੀ।ਬਿਸ਼ਨੁ

[1]ਪਿਛਲਾ। [2]ਅਗਲਾ। [3]ਸਾਰਾ ਹੀ। [4]ਪ੍ਰੇਮ ਸਹਤ। [5]ਪੂਜਨ। [6]ਜੋੜਕੇ। [7]ਯਤਨ। [8]ਦੋ। [9]ਭਾਵ, ਜੋ ਆਪ ਬਲਹੀਨ ਹੋਵੇ ਉਹ ਦੂਜੇ ਦਾ ਆਸਰਾ ਪ੍ਰਾਪਤ ਕਰਦਾ ਹੈ। [10]ਭਗਤਾਂ ਦੇ। [11]ਚਿੱਟਾ। [12]ਸਾਰੇ ਅੰਗਾਂ ਕਰਕੇ।

*ਇਥੇ ਆਪਣੇ ਗੁਰੂ ਦੇ ਪੂਜਨ ਤੋਂ ਕਵਿ ਦਾ ਮਤਲਬ ਹੈ, ਸਿੱਖਾਂ ਨੂੰ ਸ਼ਿਵ ਪੂਜਨ ਦਾ ਹੁਕਮ ਨਹੀਂ ਹੈ, ਇਸ ਵਿਸ਼ੇ ਪਰ ਗੁਰਬਾਣੀ ਵਿਚ ਸਰਬ ਪ੍ਰਕਾਰ ਦੇ ਬੁਤਾਂ ਮੂਰਤੀਆਂ ਦੇਵਤਿਆਂ ਦੀ ਪੂਜਾ ਮਨ੍ਹੇਂ ਹੈ ਤੇ ਕਵਿ ਜੀ ਬੀ ਪਿਛੇ ਦੇਵਤਿਆਂ ਦੀ ਪੂਜਾ ਮਨ੍ਹਾਂ ਕਰ ਆਏ ਹਨ। †ਪਾ:-ਗੁਰ ਪੂਜਨ ਹ੍ਵੈ ਪੂਰ ਸੁਖਾਰੇ। ‡-ਸ਼ਿਵ ਪੂਜਨ-ਗੁਰਮਤ ਵਿਚ ਮਨ੍ਹੇ ਹੈ।

§ਆਇ ਸਮਾਈ, ਆਪ ਲਖਾਈ, ਤੇ ਆਪ ਰਖਾਏ-ਬੀ ਪਾਠਾਂਤ੍ਰ ਹਨ।

Sri Satguru Jagjit Singh Ji eLibrary NamdhariElibrary@gmail.com

ਧ੍ਯਾਨ ਕਰਿ ਹੀ ਦਿਨੁ ਰਾਤੀ । ਸ਼੍ਯਾਮ ਰੂਪ ਭਾ ਕਾਰਨ ਏਹੀ । ਭੇ ਬਿਪ-ਰੀਤ[1] ਰੰਗ ਦੁਊ ਦੇਹੀ ॥ ੫੪ ॥ ਇਨ ਮਹਿ ਭੇਦ ਨ ਰੰਚਕ[2] ਜਾਨੇ । ਦ੍ਵੈ ਸਰੂਪ ਇਕ ਜੋਤਿ ਪਛਾਨੋ[3]*।ਅਬ ਸੁਨਿਨਾਮ ਲਿਖਨੋ ਜਿਉਂ ਕਹੋਂ।ਤੇਰੇ ਉਰ ਕਾ ਸੰਸਾ ਦਹੋਂ॥੫੫॥ਰੂਪ[4]ਦੇਖਿ ਉਧਰੇ ਹੈਂ ਥੋਰੇ।ਜਪਤ ਨਾਮ ਕੋ ਤਰੇ ਕਰੋਰੇ[5] । ਨਾਮੀ ਤੇ ਹੈ ਨਾਮ ਬਡਾਈ[6] । ਮਹਿਮਾ[7] ਆਪਹਿ ਰਾਮ ਲਖਾਈ[8] ॥੫੬॥ ਬਾਂਧਿ ਸੇਤੁ ਪੁਨ ਕੀਨ ਪਯਾਨਾ।ਹਨੇ ਦੈਤ ਜਿਨ ਮਨਿ ਅਭਿਮਾਨਾ'। ਸੁਨਿ ਮਰਦਾਨਾ ਬੂਝਨ ਲਾਗਾ । 'ਰਘੁਬਰ ਕਥਾ ਸੁਨਨ ਅਨੁਰਾਗਾ॥੫੭॥ ਬਾਂਧਿ ਉਦਧਿ ਕਿਉਂ ਪਾਰ ਪਧਾਰੇ?।ਲੰਕ ਬਿਖੈ ਕਿਉਂ ਦੈਤ ਸੰਘਾਰੇ।ਸਰਬ ਪ੍ਰਸੰਗ ਸੁਨਾਵਹੁ ਮੋਹੀ । ਰਾਵਰ ਤੇ ਕੁਛ ਗੁਪਤ ਨ ਹੋਹੀ' ॥੫੮॥ ਸੁਨਿ ਕੈ ਬੋਲੇ ਪਰਮ ਪ੍ਰਬੀਨਾ । †'ਇਕ ਦਸਰਥ ਨ੍ਰਿਪ ਹੁਤੋ ਕੁਲੀਨਾ । ਤ੍ਰੈ ਰਾਨੀ ਤਿਹ ਲੀਨ ਬਿਵਾਹੀ । ਕੌਸਲਯਾ, ਕੈਕੇਈ ਆਹੀ ॥ ੫੯ ॥ ਬਹੁਰ ਸੁਮਿੱਤ੍ਰਾਂ ਜਾਨਹੁ ਨਾਰ।ਤਿਨ ਤੇ ਜਨਮਤਿ ਭੇ ਸੁਤ ਚਾਰ[9] । ਜੇਸ਼ਟ[10] ਕੌਸ਼ਲਯਾ ਤੇ ਰਾਮੂ।ਕਿਕਈ ਕੇਰ ਭਰਤ ਭਾ ਨਾਮੂ॥੬੦॥ਲਛਮਨ ਬਹੁਰ ਸ਼ਤ੍ਰੂਘਨ ਜੋਊ। ਜਨੇ ਸੁਮਿੱਤ੍ਰਾ ਨੰਦਨ[11] ਦੋਊ । ਕਾਮ ਸਮਾਨ ਰੂਪ ਜਿਨ ਕੇਰੇ । ਖੇਲਤਿ ਹੋਤਿ ਸਰੀਰ ਬਡੇਰੇ॥੬੧॥ਬਿਸ੍ਵਾਮਿੱਤ੍ਰ ਹੁਤੋ ਮੁਨਿਰਾਈ[12]।ਜੱਗ ਕਰਨ ਤਿਨ ਸੌਜ ਬਨਾਈ।ਬਿਘਨ ਕੀਨ ਤਬ ਦੈਂਤਨ ਆਈ। ਮਖ[13] ਕਰਿਨੇ ਤੇ ਦੀਨ ਹਟਾਈ ॥੬੨॥ ਬੈਠਿ ਮੁਨੀਸ਼ੁਰ ਕੀਨੋ ਧ੍ਯਾਨਾ । ਜਗਤ ਸਰਬ ਬਿਰਤੰਤ ਪਛਾਨਾ । ਰਾਵਨ ਤੇ ਦੇਵਨ ਦੁਖ ਪਾਈ।ਗਏ ਅਕਾਲ ਪੁਰਖੁ ਸ਼ਰਨਾਈ ॥ ੬੩॥ ਭਾਖਿ ਪ੍ਰਸੰਸਾ ਬਿਨਤੀ ਕੀਨੀ। ਸ੍ਰੀ ਕਰਤਾਰ ਸਰਬ ਜਬ ਚੀਨੀ। ਤਬ ਸ੍ਰੀ ਬਿਸ਼ਨੁ ਧਰਨੋ ਅਵਤਾਰਾ । ਦੈਂਤ ਸਰਬ ਕੋ ਕਰਹਿ ਸੰਘਾਰਾ ॥ ੬੪ ॥ ਕਰਿਕੈ ਧ੍ਯਾਨ ਲਖਨੋ ਅਸ ਜਬਹੀ । ਅਧੋ ਅਯੁੱਧਯਾ ਮੁਨਿਵਰ ਤਬਹੀ ।

[1]ਉਲਟ । [2]ਥੋੜਾ । [3]ਭਾਵ ਸ਼ਿਵ ਤੇ ਵਿਸ਼ਨੂੰ ਵਿਕ ਰੂਪ ਹੋ ਗਏ । [4]ਭਾਵ ਨਾਮੀ ਦਾ ਰੂਪ । [5]ਕਰੋੜਾਂ । [6]ਵਡਾ ਹੈ । [7]ਏਹ ਮਹਿਮਾ । [8]ਪ੍ਰਗਟ ਕੀਤੀ ਹੈ । [9]ਚਾਰ । [10]ਵੱਡਾ । [11]ਪੁੱਤ੍ਰ । [12]ਵੱਡਾ ਰਿਖੀ । [13]ਯੱਗ ।

*ਹਿੰਦੂ ਮਤ ਦੇ ਓਹ ਫਿਰਕੇ ਜੋ ਇਸ਼ਟ ਭੇਦ ਤੇ ਆਪੋ ਵਿਚ ਲੜਦੇ ਨਹੀਂ, ਉਨ੍ਹਾਂ ਦਾ ਮੱਤ ਦੱਸਿਆ ਹੈ ਕਵਿ ਜੀ ਨੇ, ਇਹ ਗੁਰੂ ਜੀ ਦਾ ਆਪਣਾ ਸਿਧਾਂਤ ਨਹੀਂ ਵਰਣਨ ਹੋਇਆ ।

†ਹੁਣ ਕਵਿ ਜੀ ਰਾਮਾਇਣ ਦਾ ਸਾਰ ਬਿਆਨ ਕਰਨ ਲਗੇ ਹਨ ਤੇ ਰਾਮਾਇਣ ਦੀ ਕਥਾ ਕਵਿ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਮੁਖੋਂ ਦਿੱਤੀ ਹੈ । ਇਸ ਨੂੰ ਗੁਰੂ ਮੁਖੋਂ ਉਚਰੀ ਨਹੀਂ ਸਮਝਣਾ ਚਾਹੀਏ । ਕਵਿ ਜੀ ਆਪ ਬਾਲਮੀਕ ਰਾਮਾਇਣ ਦੇ ਅਨੁਵਾਦ ਕਰਤਾ ਹਨ ।

Sri Satguru Jagjit Singh Ji eLibrary NamdhariElibrary@gmail.com

ਨ੍ਰਿਪ ਨੈ ਸਨਮਾਨਯੋ ਕਰਿ ਬੰਦਨ। ਕੀਨੋ ਜਾਰਨ ਜੇਸ਼ਟ ਨੰਦਨ ॥੬੫॥ ਲੇ ਨ੍ਰਿਪ ਤੇ ਰਘੁਬਰ ਬਰਿਆਈ। ਆਸ਼੍ਰਮ ਗਮਨਯੋ ਹਰਖ ਬਢਾਈ। ਮਾਰਗ ਬਿਖੈ ਤਾੜਕਾ[1] ਮਾਰੀ। ਦੋਇ ਦੈਂਤ ਆਏ ਬਲਿ ਭਾਰੀ ॥ ੬੬ ॥ ਬਿਨ ਫਰ ਸਰ[2] ਮਰੀਚਕੈ ਮਾਰਾ। ਜਾਇ ਪਰਯੋ ਲੰਕਾ ਕੇ ਦ੍ਵਾਰਾ। ਹਨਯੋ ਸੁ ਬਾਹੁ[3] ਰਾਮ ਪੁਨ ਤੂਰਨ। ਰਿਖਿਵਰ ਕੀਨੋ ਮੱਖ ਸੰਪੂਰਨ ॥੬੭॥ ਤਿਹਂ ਛਿਨ ਜਨਕ ਦੂਤ ਚਲਿ ਆਵਾ। ਸੁਤਾ ਸੁਯੰਬਰ[4] ਜਾਂਹਿ[5] ਰਚਾਵਾ। ਲੀਨ ਮੁਨੀ ਸੰਗਿ ਦੋਨੋ ਭਾਈ। ਗਯੋ ਬਿਦੇਹਿ ਨਗਰ[6] ਜਿਹ ਥਾਈਂ॥੬੮॥ ਤਹਿਂ ਬਹੁ ਭੂਪਨ ਭਯੋ ਸਮਾਜਾ।ਧਨੁ ਤੋਰਨ[7] ਕੋ ਸਰਯੋ ਨ ਕਾਜਾ। ਮੁਨਿ ਰਜਾਇ ਤੇ ਉਠੇ ਰਘੁਏਸ਼ਾ[8]। ਭੰਜਯੋ ਚਾਂਪਹਿ ਪਿਖਤਿ ਨਰੇਸ਼ਾ[9] ॥ ੬੯ ॥ ਜਨਕ ਸੁਤਾ ਸੀਤਾ ਜਿਹ ਨਾਮੂ। ਫੂਲ ਮਾਲ ਡਾਰੀ ਗਰ ਰਾਮੂ[10]।ਬਹੁਰੋ ਦਸ਼ਰਥ ਲੀਨ ਬੁਲਾਈ। ਸਜਿ ਬਰਾਤ ਆਏ ਤਿਹ ਥਾਈਂ ॥ ੭੦ ॥ ਚਾਰੁ ਪੁੱਤ੍ਰ ਕੋ ਕੀਨ ਬਿਵਾਹਾ। ਭਾ ਤਿਹ ਛਿਨ ਅਤਿਸ਼ੈ ਉਤਸਾਹਾ। ਨਗਰ ਅਯੁੱਧਯਾ ਪੁਨ ਚਲਿ ਆਏ। ਕਿਤਿਕ ਦਿਵਸ ਬਸਿ ਜਬੈ ਬਿਤਾਏ ॥ ੭੧ ॥ ਭਰਤ ਬਿਦੇਸ਼ ਕੀਨ ਤਬ ਗਵਨੀ। ਰਘੁਬਰ[11] ਰੁਚਿਰ ਬਿਰਾਜਹਿਂ ਭਵਨੀ[12]। ਦਸ਼-ਰਥ ਅਪਨ ਅਵਸਥਾ ਦੇਖੀ।—ਦੇਉਂ ਰਾਜ ਸੁਤ[13]—ਚਾਹਿ ਵਿਸ਼ੇਖੀ ॥੭੨॥ ਅਭਿਖੇਕਨ[14] ਕੋ ਸਮਾਂ ਬਿਚਾਰੀ। ਸਰਬ ਸੌਜ ਕੀਨੀ ਜਬ ਤਯਾਰੀ। ਸੁਨਤਿ ਕੈਕਈ ਕੋ ਮਨ ਛੋਭਾ[15]। ਰਾਜ ਲੇਨਿ ਸੁਤ ਕੋ ਭਾ ਲੋਭਾ ॥ ੭੩ ॥ ਜਬ ਭੂਪਤਿ ਤਿਹ ਭਵਨ ਪਧਾਰਾ। ਰਹੀ ਰੂਠਿ ਨਹਿ ਬਚਨ ਉਚਾਰਾ। ਬਿਸਮਾਨਯੋ ਨ੍ਰਿਪ ਲਖਿ ਭੈ ਨਾਰੀ।—ਰੰਦ ਬਦਨ ! ਹੇ ਪ੍ਰਾਨ ਪਿਆਰੀ ! ॥ ੭੪ ॥ ਚਹਹੁ ਜੁ ਲੇਹੁ ਕਰਹੁ ਕਿਉਂ ਰੋਸੂ। ਕਿਹ ਨੈ ਕੀਨ ਆਜ ਤਵ ਦੋਸੂ— । ਸੁਨਿ ਕੈ ਬੋਲੀ ਲਾਲਸ ਮਨ ਕੀ। —ਪ੍ਰਤਿਪਾਲਾ ਕਰਿ ਅਪਨ ਬਚਨ ਕੀ॥੭੫॥ ਦ੍ਵੈ ਬਰ ਦੇਨਿ ਕਹੇ ਜੋ ਮੋਹੂ। ਸੋ ਨਹਿਂ ਦੇਉ[16], ਭਯੋ ਮੁਝ ਰੋਹੂ। ਦੇਹੁ ਅਬੈ ਤਉ ਜੀਵਨ ਮੇਰਾ। ਨਾਤੁਰ ਮਰਨ ਲਖਹੁ ਇਸ ਬੇਰਾ—॥ ੭੬ ॥ ਨ੍ਰਿਪ ਨੈ ਕਹਯੋ—ਚਾਹਿ ਜੋ ਲੀਜੈ—।

[1]ਇਕ ਰਾਖਸ਼ਨੀ। [2]ਨੋਕ ਬਿਨਾਂ ਤੀਰ। [3]ਨਾਮ ਹੈ ਦੈਂਤ ਦਾ। [4]ਆਪੇ ਪਤੀ ਚੁਣਨ ਦੀ ਰਸਮ। [5]ਜਿਸ ਨੇ। [6]ਜਨਕ ਦੇ ਨਗਰ। [7]ਧਨੁਖ ਤੋੜਨ। [8]ਰਾਮ ਚੰਦ੍ਰ ਜੀ। [9]ਰਾਜਿਆਂ ਦੇ ਵੇਖਦਿਆਂ ਧਨੁਖ ਤੋੜਿਆ। [10]ਗਲ-ਰਾਮ ਚੰਦ੍ਰ ਜੀ ਦੇ। [11]ਰਾਮ ਜੀ। [12]ਘਰ ਵਿਚ। [13]ਪੁੱਤ੍ਰ ਨੂੰ। [14]ਰਾਜ ਤਿਲਕ। [15]ਖੋਭ ਹੋਯਾ। [16]ਨਹੀਂ ਦਿੰਦੇ ਹੋ।

Sri Satguru Jagjit Singh Ji eLibrary NamdhariElibrary@gmail.com

ਬੋਲੀ–ਰਾਜ ਤਾਤ ਮੁਹਿ ਦੀਜੈ[1]–। ਭੂਪਤਿ ਅਪਨੋ ਬੱਚਨ ਨ ਹਾਰਯੋ[2]*। ਦਿਯੋ ਰਾਜ ਤਿਹ ਬਹੁਤ ਧਿਕਾਰਯੋ ॥ ੭੭ ॥–ਦੂਸਰ ਬਰ ਰਘੁਬਰ ਬਨ-ਬਾਸਾ–। ਸੁਨਿ ਨ੍ਰਿਪ ਤਜੀ ਜਿਯਨ ਕੀ ਆਸਾ। ਰਾਮਚੰਦ ਤਬ ਬਿਪਨ[3] ਪਧਾਰੇ। ਸੀਤਾ ਲਛਮਨ ਲੀਨ ਸੰਗਾਰੇ[4]॥੭੮॥ਪੁਰਿ ਆਤੁਰ† ਅਤਿ ਉਰ ਨਰ ਨਾਰੀ। ਰਾਮ ਬਿਰਹ[5] ਬ੍ਯਾਪਯੋ ਦੁਖ ਭਾਰੀ। ਸੁਤ ਕੇ ਬਿਰਹ[6] ਦਸ-ਰਥ ਤਨ ਛੋਰਾ। ਪ੍ਰੀਤਮ ਪ੍ਰੰਨ[7] ਨਿਬਾਹਯੋ ਓਰਾ[8] ॥੭੯॥ ਰਿਖਿ ਬਸਿਸ਼ਟ ਦੇਖਯੋ ਅਸ ਹਾਲਾ। ਭਰਤ ਬੁਲਾਇ ਪਠੇ ਤਤਕਾਲਾ। ਆਨਿ ਦੀਖ ਜਬ ਸਰਬ ਕੁਚਾਲੀ[9]। ਬ੍ਯਾਪੀ ਉਰ ਮਹਿ ਪੀਰ ਬਿਸਾਲੀ ॥ ੮੦ ॥ ਸੁਨਿ ਨਿਜ ਜਨਨੀ ਅਧਿਕ ਧਿਕਾਰੀ[10]। ਬਿਧਿ ਸੋਂ [11]ਪਿਤ ਕੀ ਕ੍ਰਿਯਾ ਜਾਰੀ। ਰੁਦਨ ਕਰਤਿ ਪੁਰਿ ਛੋਰਿ ਸਿਧਾਰਾ। ਜਹਿ ਗਮਨੇ ਰਘੁਰਾਇ ਉਦਾਰਾ ॥ ੮੧॥ ਮਿਲਯੋ ਬਿਪਨ[12] ਮਹਿ ਹੋਇ ਬਿਹਾਲਾ[13]। ਬੰਦਹਿ ਪਦ ਕੋ ਪ੍ਰੇਮ ਬਿਸਾਲਾ।–ਛਿਮਹੁ ਨਾਥ! ਅਪਰਾਧ ਹਮਾਰੇ। ਕੈ ਘਰਿ ਚਲਹੁ ਕਿ ਲੇਹੁ ਸੰਗਾਰੇ–॥੮੨॥ਸੱਤਿ ਸਿੰਧ ਸ਼੍ਰੀਰਾਮ ਬਿਚਾਰਾ।ਧੀਰਜ ਦੀਨ ਭਰਤ ਕੋ ਭਾਰਾ। ਦੇਯ ਖਰਾਂਵ ਸਦਨ ਕੋ ਮੋਰਾ। ਗਮਨੇ ਆਪ ਬਿਪਨ ਕੀ ਓਰਾ॥੮੩॥ਬਿਚ-ਰਤ ਕੇਤਿਕ ਦਿਵਸ ਬਿਤਾਏ। ਮੁਨਿ ਅਗਸਤ ਕੇ ਆਸ਼੍ਰਮ‡ ਆਏ। ਤਹਿ ਬਸ ਬਹੁਰੋ ਗਏ ਅਗਾਰੀ। ਜਹਿ ਰਾਵਨ ਬਹਨੀ[14] ਕੀ ਬਾਰੀ[15] ॥ ੮੪ ॥ ਪਰਨ[16] ਕੁਟੀ ਤਹਿੰ ਜਾਇ ਬਨਾਈ। ਲਛਮਨ ਸਹਤ ਰਹੇ ਰਘੁਰਾਈ। ਸੂਪਨਖਾ ਇਕ ਦਿਨ ਚਲਿ ਆਈ। ਰੂਪ ਵਿਲੋਕਤਿ ਰਹੀ ਲੁਭਾਈ॥੮੫॥ ਕਹੈ,ਕਿ–ਬਰਹੁ ਮੁਝਹਿ ਕਰਿ ਪ੍ਰੀਤੇ[17]।ਨਤੁ ਮਾਰੋਂ ਤੁਮ ਕੋ ਮੈਂ ਜੀਤੇ–।ਸੁਨਿ ਲਛਮਨ ਕਿਯ ਕ੍ਰੋਧ ਘਨੇਰਾ। ਕਾਟਯੋ ਨਾਕ ਕਾਨ ਤਿਸ ਬੇਰਾ ॥੮੬॥ ਸੋ ਰਾਵਨ ਢਿਗ ਜਾਇ ਪੁਕਾਰੀ। ਕਹੈ, ਕਿ–ਤਿਨ ਸੰਗਿ ਸੁੰਦਰ ਨਾਰੀ। ਸੋ ਲ੍ਯਾਵਨ ਗਮਨੀ ਹਿਤ ਤੇਰੇ।ਨਾਸਾਂ ਕਰਨ ਕਟੇ ਤਿਨ ਮੇਰੇ–॥੮੭॥ਸੁਨਿ

---

[1]ਮੇਰੇ ਪੁੱਤ੍ਰ ਨੂੰ ਰਾਜ ਦਿਓ। [2]ਨਾ ਹਾਰਿਆ। [3]ਬਨ ਨੂੰ। [4]ਨਾਲ ਹੀ। [5]ਵਿਛੋੜਾ। [6]ਵਿਛੋੜੇ ਕਰ। [7]ਪ੍ਰੀਤਮ (ਰਾਮ ਨੇ) ਪ੍ਰਣ। [8]ਓੜਕ ਤਕ। [9]ਖੋਟੀ ਚਾਲ (ਭਰਤ ਨੇ) ਦੇਖੀ। [10]ਲਾਨ੍ਹਤ ਪਾਈ। [11]ਮਿਰਯਾਦਾ ਮੂਜਬ। [12]ਬਨ। [13]ਦੁਖੀ। [14]ਰਾਵਨ ਦੀ ਭੈਣ। [15]ਵਾੜੀ, ਬਗੀਚੀ। [16]ਪੱਤ੍ਰਾਂ ਦੀ। [17]ਮੈਨੂੰ ਵਰੋ ਪ੍ਰੀਤ ਕਰਕੇ। *ਪਾ:–ਨਿਹਾਰਯੋ। †ਪਾ:–ਪੁਰ ਆਰਤ।

‡ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧੪ ਅੰਕ ੫੭ ਵਿੱਚ ਇਸੇ ਗੱਲ ਨੂੰ ਇਨ੍ਹਾਂ ਅਖਰਾਂ ਵਿਚ ਕਥਨ ਕੀਤਾ ਹੈ:–'ਕੁੰਭਜ ਨਿਕਟ ਰਘੁਤਮ ਜੈਸੇ'।

Sri Satguru Jagjit Singh Ji eLibrary NamdhariElibrary@gmail.com

ਰਾਵਨ ਮਨ ਕ੍ਰੋਧ ਘਨੇਰਾ। ਕਿਯ ਮਰੀਚ ਮ੍ਰਿਗ*ਕੰਚਨ ਕੇਰਾ[1]। ਪਠਜੋ,
ਤ੍ਰਿਮੁੰਡ[2] ਮਾਰਾ ਸੁਨਾ[3]। ਚਲਜੋ ਆਪ ਪੁਨ ਜੁਗਿਯਾ[4] ਬਨਾ[5] ॥ ੮੮ ॥
ਕੰਚਨ ਮ੍ਰਿਗ ਜਬ ਦੀਨਿ ਦਿਖਾਈ। ਸੀਤਾ ਪ੍ਰੇਰੇ ਗੇ ਰਘੁਰਾਈ[6]। ਪਾਛੇ
ਲਛਮਨ ਬਹੁਰ ਪਧਾਰਾ। ਰਾਵਨ ਅਵਸਰ ਪਾਇ ਸੁਖਾਰਾ ॥੮੯॥ ਅਲਖ
ਜਗਾਈ–ਤੰਦੁਲ[7] ਜਾਚੌਂ–। ਲਖੀ ਸੀਯ[8]–ਇਹ ਜੁਗਿਯਾ ਸਾਚੋ–।
ਭਿੱਖਯਾ ਪਾਵਨ ਕੋ ਜਬ ਆਈ। ਗਹਿ ਕਰਿ ਗਮਨਜੋ ਗੈਨ ਉਡਾਈ[9] ॥੯੦॥
ਰਾਮਚੰਦ੍ਰ ਹਟਿ ਕਰਿ ਪੁਨ ਆਇ। ਕੁਟੀ ਬਿਲੋਕਤਿ ਸੋਚ ਬਢਾਇ। ਬਿਚਰਤਿ
ਬਿਪਨ[10] ਬਿਖੈ ਬਿਰਲਾਪਤਿ।–ਸੀਤਾ ਸੀਤਾ–ਉਚ ਅਲਾਪਤਿ ॥੯੧॥ ਖੋਜਤਿ
ਪਾਇ ਨ ਕਾਹੂ ਠੌਰਾ। ਸੁਧ ਭੂਲੀ ਤਨ ਰਘੁਕੁਲ ਮੌਰਾ[11]। ਬਨ ਮਹਿਂ ਰਹਤਿ
ਕਪਿਸ਼ ਹਨੂਮਾਨਾ[12]। ਕੀਨ ਸਖਾਪਨਿ[13] ਦ੍ਵੈ[14] ਦੁਖਵਾਨਾ[15] ॥੯੨॥ ਭ੍ਰਾਤ
ਸੁਗ੍ਰੀਵਹਿ ਕੋ ਬਲਿ ਬਾਲੀ। ਰਾਜ ਨਾਰ ਲੇ ਕੀਨਿ ਕੁਚਾਲੀ[16]। ਇਕ ਸਰ[17]
ਸੋ ਰਘੁਬਰੁ ਤਿਹ[18] ਮਾਰਾ। ਤਿਹ ਕੋ ਕਾਜ ਪ੍ਰਿਥਮ ਕਿਯ ਸਾਰਾ ॥ ੯੩ ॥
ਬਹੁਰੋ ਕਟਕ ਕਪਿਨ[19] ਕੋ ਜੇਤਾ। ਸੀਤਾ ਖੋਜਨ ਭੇਜਜੋ ਤੇਤਾ। ਹਨੂੰਮਾਨ
ਲੰਕਾ ਕੇ ਮਾਂਹੀ। ਜਾਇ ਬਿਲੋਕੀ ਬੈਸੀ ਤਾਂਹੀ ॥੯੪॥ ਲੰਕਾ ਫੂਕ ਦੈਤ ਬਹੁ
ਘਾਈ[20]। ਸੁਧ ਸੀਤਾ ਕੀ ਆਨਿ ਸੁਨਾਈ। ਲੇ ਕਪਿ ਕਟਕ ਚਢੇ ਰਘੁਰਾਈ।
ਆਇ ਸੇਤੁ ਬਾਂਧਜੋ ਇਹ ਥਾਈਂ ॥੯੫॥ ਪਾਰ ਉਤਰਿਗਾ ਅੰਗਦ ਮਾਨੀ।
ਸੀਤਾ ਦੇਨਿ ਕਹੀ[21], ਨਹਿਂ ਮਾਂਨੀ। ਰਚਜੋ ਬਹੁਰ ਸੰਗ੍ਰਾਮ ਮਹਾਨਾ। ਦੁਹਿ
ਦਿਸ਼ਿ ਮਾਰੂ ਬਜਜੋ ਨਿਸ਼ਾਨਾ ॥ ੯੬ ॥ ਕੁੰਭ ਕਾਨ ਕੋ ਪ੍ਰਿਥਮੈ ਮਾਰਾ।
ਮੇਘਨਾਦ ਕੋ ਬਹੁਰ ਸੰਘਾਰਾ। ਰਾਵਨ ਮਾਰਿ, ਲਈ ਪੁਨ ਸੀਤਾ। ਗਮਨੇ
ਨਿਜ ਪੁਰਿ ਮਾਂਹਿ ਪੁਨੀਤਾ ॥੯੭॥ ਬੈਠਿ ਸਿੰਘਾਸਨ ਰਾਜ ਕਮਾਯੋ। ਦਸ

---

[1]ਮਰੀਚ ਨੂੰ ਸੋਨੇ ਦਾ ਮ੍ਰਿਗ ਬਣਾਇਆ। [2]ਦੈਂਤ ਦਾ ਨਾਮ। [3]ਮਾਰਿਆ ਸੁਣਿਆ। [4]ਜੋਗੀ। [5]ਬਣਕੇ। [6]ਮ੍ਰਿਗ ਦੇ ਪਿੱਛੇ ਗਏ ਸੀਤਾ ਦੇ ਪ੍ਰੇਰੇ ਹੋਏ ਰਾਮ ਜੀ। [7]ਚਾਵਲ। [8]ਜਾਣਿਆਂ ਸੀਤਾ ਨੇ। [9]ਅਕਾਸ਼ ਵਿਚ ਉਡਾਕੇ। [10]ਬਨ। [11]ਭਾਵ ਰਾਮ ਨੂੰ। [12]ਬੰਦਰਾਂ ਦਾ ਰਾਜਾ (ਸੁਗ੍ਰੀਵ) ਅਤੇ ਹਨੂਮਾਨ। [13]ਮਿੱਤ੍ਰਤਾ। [14]ਦੋਹਾਂ। [15]ਰਾਮ ਦੀ ਇਸਤ੍ਰੀ ਰਾਵਣ ਲੈ ਗਿਆ ਤੇ ਸੁਗ੍ਰੀਵ ਦੀ ਇਸਤ੍ਰੀ ਬਾਲੀ ਲੈ ਗਿਆ ਭਾਵ ਰਾਮ ਤੇ ਸੁਗ੍ਰੀਵ ਦੋਹਾਂ ਦੁਖੀਆਂ ਨੇ ਮਿੱਤ੍ਰਤਾ ਕੀਤੀ। [16]ਖੋਟੀ ਚਾਲ। [17]ਬਾਨ। [18]ਭਾਵ ਬਾਲੀ ਨੂੰ। [19]ਫ਼ੌਜ ਬਾਂਦਰਾਂ ਦੀ। [20]ਬਹੁਤੇ ਨਾਸ਼ ਕਰਕੇ। [21]ਰਾਵਣ ਨੂੰ ਕਿਹਾ। *ਪਾ:–ਮਨਿ।

ਸਹੰਸ੍ਰ[1]ਬਰਖਨ ਬਹੁ ਗਾਯੋ*। ਬਹੁਰ ਆਪ ਬੈਕੁੰਠ ਪਧਾਰੇ। ਇਸ ਪ੍ਰਕਾਰ ਇਹ ਕਥਾ ਉਦਾਰੇ ॥ ੯੧॥ ਮਰਦਾਨੇ ਸੁਨਿ ਸੂਛਮ[2] ਬਰਨੀ। ਹੈ ਬਿਸਾਲ ਬਹੁ ਕਲਮਲ ਹਰਨੀ। ਅਬ ਚਲਿ ਲੰਕਿ ਦਿਖਾਵਹਿਂ ਸੁੰਦਰ। ਬਨੇ ਜਹਾਂ ਕੰਚਨ ਕੇ ਮੰਦਿਰ'॥੯੯॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਹਬਸ਼ ਦੇਸ਼ ਅਰ ਸ੍ਰੀ ਰਾਮ ਚੰਦ੍ਰ ਪ੍ਰਸੰਗ' ਬਰਨਨੰ ਨਾਮ ਸਪਤ ਦਸ਼ਮੋ ਅਧਯਾਯ ॥ ੧੭ ॥

੧੮. [ਸ੍ਰੀ ਗੁਰ ਗੋਬਿੰਦ ਸਿੰਘ ਜੀ ਮੰਗਲ। ਲੰਕਾ ਪ੍ਰਸੰਗ, ਬਿਭੀਖਨ, ਹਨੂਮਾਨ ਮਿਲਾਪ]

ਨਰਾਜ ਛੰਦ ॥ ਗੁਰੂ ਗੁਬਿੰਦ ਸਿੰਘ ਜੀ ਨਿਖੰਗ ਚਾਂਪ ਧਾਰਨੇ।
ਅਨੰਦ ਦਾ ਮੁਕੰਦ ਬ੍ਰਿੰਦ ਬੈਰਨੇ ਬਿਦਾਰਨੇ।
ਰਿਦੇ ਸਦੀਵ ਦਾਸ ਕੇ ਨਿਵਾਸ ਹੰਤ ਤ੍ਰਾਸ ਕੇ।
ਪਦਾਰਬਿੰਦ ਮੰਜੁਲੰ ਨਮੋ ਨਮੋ ਅਨਾਸ਼ ਕੇ ॥ ੧ ॥

{ ਨਿਖੰਗ=ਭੱਥਾ, ਤਰਕਸ਼ [ਸੰਸ:, ਨਿਸ਼ੰਗ]।
ਚਾਪ=ਧਨੁਸ਼। ਕਮਾਨ [ਸੰਸ:, ਚਾਪ]। ਬਿਦਾਰਨੰ=ਨਾਸ਼ ਕਰਨ ਵਾਲੇ। ਹੰਤ=ਮਾਰਨ ਵਾਲੇ, ਦੂਰ ਕਰਨ ਵਾਲੇ। ਹੰਤ ਤ੍ਰਾਸ ਕੇ=ਡਰ ਨੂੰ ਮਾਰ ਦੇਣ ਵਾਲੇ, ਨਿਰਭੈ ਕਰਨ ਵਾਲੇ।
ਪਦਾਰਬਿੰਦ=ਪਦ+ਅਰਬਿੰਦ=ਚਰਣ ਕਮਲ। ਮੰਜੁਲੰ=ਉੱਜਲ ਸੁੰਦਰ, ਮਨ ਪਿਆਰਾ, [ਸੰਸ:, ਮੰਜੁਲ]।
ਅਨਾਸ=ਸੁਖੀ, ਅਰਾਮ, ਸੁਖਦਾਈ। (ਅ) ਅ+ਨਾਸ਼=ਨਾ ਨਾਸ਼ ਹੋਣ ਵਾਲੇ, ਸਦਾ ਜਾਗਤੀ ਜੋਤ। (ੲ) ਨਿਰਯਤਨ। [ਸੰਸ:, ਅਨ+ਆਯਾਸ=ਅਨਾਯਾਸ]। ਤੁਕ ਦਾ ਦੂਸਰਾ ਅਰਥ ਐਉਂ ਲਗੇਗਾ ਕਿ ਆਪ ਦੇ ਮਨ ਪਿਆਰੇ ਚਰਨਾਂ ਕਮਲਾਂ ਪਰ ਦਾਸ ਦੀ ਨਿਰਯਤਨ ਨਮਸਕਾਰ ਹੋਵੇ, ਮੁਰਾਦ ਹੈ ਜੋ ਅੰਦਰੋਂ ਆਪੇ ਫੁਟ ਕੇ ਨਿਕਲੇ, ਪ੍ਰੇਮ ਮਈ, (ਸ) ਅਨਾਸ ਮੰਜੁਲ=ਜੋ ਸੁਤੇ ਸਿਧ ਸੁੰਦਰ ਹਨ। ਕੁਦਰਤੀ ਤੌਰ ਤੇ ਖ਼ੂਬ ਸੂਰਤ। }

ਅਰਥ—ਹੇ ਕਮਾਨ ਤੇ ਭੱਥਾ ਧਾਰਨ ਵਾਲੇ (ਸ੍ਰੀ) ਗੁਰੂ ਗੋਬਿੰਦ ਸਿੰਘ ਜੀ, ਅਨੰਦ ਅਰ ਮੁਕਤੀ ਦੇ ਦਾਤੇ, (ਤੁਸੀਂ ਜੋ ਸਰੀਰਕ ਤੇ ਮਾਨਸਕ) ਵੈਰੀਆਂ ਦੇ ਸਮੂਹ ਨੂੰ ਨਾਸ਼ ਕਰ ਦੇਣ ਵਾਲੇ (ਅਤੇ ਐਉਂ ਸਰਬ ਪ੍ਰਕਾਰ ਦੇ) ਭੈ ਨੂੰ ਦੂਰ ਕਰਨ ਵਾਲੇ ਹੋ (ਅਤੇ) ਸਦਾ ਦਾਸਾਂ ਦੇ ਹਿਰਦੇ (ਵਿਚ) ਨਿਵਾਸ (ਰਖਦੇ ਹੋ) ਆਪਦੇ ਸੁਖ ਦਾਤੇ ਤੇ ਮਨ ਪਿਆਰੇ ਚਰਣਾਂ ਕਮਲਾਂ ਪਰ (ਮੇਰੀ) ਨਮਸਕਾਰ ਹੋਵੇ! ਨਮਸਕਾਰ ਹੋਵੇ!

[1]ਹਜ਼ਾਰ। [2]ਸੰਖੇਪ।

*ਦਸ ਹਜ਼ਾਰ ਵਰਹੇ ਬਹੁਤਿਆਂ ਨੇ ਗਾਯਾ ਹੈ। ਕਵਿ ਜੀ ਲੋਕੋਕਤੀ ਦਸ ਰਹੇ ਹਨ। ਰਾਮ ਉਪਾਸ਼ਕਾਂ ਵਿਚ ਐਸਾ ਕਹਿੰਦੇ ਹਨ।

ਸ੍ਰੀ ਬਾਲਾ ਸੰਧੁਰੁ ਬਾਚ ॥ ਚੌਪਈ ॥ ਸ੍ਰੀ ਅੰਗਦ ! ਸੁਨਿ ਪਰਮ ਸੁਜਾਨਾ। ਬੋਲਯੋ ਬਹੁਰ ਬੈਨ ਮਰਦਾਨਾ।'ਰਘੁਬਰ ਸੇਤੁ ਜੁ ਬਾਂਧਨ ਕੀਨਾ। ਤਿਹ ਊਪਰ ਕੋ ਚਲਹੁ ਪ੍ਰਬੀਨਾ!'॥੨॥ ਗੁਰ ਕਹਿੰ 'ਲੰਕਾ ਤੇ ਕਿਯ ਮੋਰਾ[1]। ਤਬਹੀ ਰਾਮ ਸੇਤੁ ਦਿਯ ਤੋਰਾ। ਪੰਥ ਗਮਨ ਕੋ ਤਾਂ ਪਰ ਨਾਂਹੀ।ਰਹੀ ਨਿਸ਼ਾਨੀ ਸਾਗਰ ਮਾਂਹੀ*॥੩॥ਨਾਮ ਜੋਰ ਸੋਂ[2]ਰਘੁਕੁਲ ਕੇਤਾ।ਬਾਂਧਯੋ ਤਬੈ ਉਦਧਿ[3] ਕੋ ਸੇਤਾ। ਅਬ ਹਮ ਲੇ ਕਰਿ ਨਾਮ ਅਲੰਬੁ।ਹ੍ਵੈ ਹੈਂ ਪਾਰ ਸਰਬ ਨਿਧਿ ਅੰਬੁ'॥ ੪ ॥ ਅਸ ਕਹਿ ਗਮਨ ਕੀਨ ਜਗਨਾਥਾ। ਜਲ ਪਰ ਚਲੇ ਜਾਹਿ ਸੁਖਰਾਸਾ। ਗਏ ਮੱਧ ਇਕ ਮੀਨ† ਨਿਹਾਰਾ।ਸਹਸ ਕੋਸ ਕੋ ਜਿਹ ਬਿਸਥਾਰਾ ॥੫॥ ਤਾਂ ਪਰ ਕਿਤਿਕ ਬਾਰ[4]ਕਿਯ ਗਵਨੰ। ਸਿਰ ਪਰ ਭੇ ਠਾਂਢੇ ਗੁਨ ਭਵਨੰ। ਬਦਨ ਬਿਲੋਕਿ ਡਰਯੋ ਮਰਦਾਨਾ। ਅਚਰਜ ਮਾਨਯੋ, ਬਚਨ ਬਖਾਨਾ ॥ ੬॥ 'ਸ੍ਰੀ ਪ੍ਰਭੁ ਰਾਵਰ ਕੇਰ ਪ੍ਰਭਾਊ। ਤਜਾਗਯੋ ਹਮੇ ਨ ਕੀਨੋ ਖਾਊ । ਨਾਤੁਰ ਨਿਗਲ ਜਾਇ ਇਕ ਬਾਰੀ। ਮਾਨੁਖ ਮੁਖ ਦਾਨੋ‡ ਅਨੁਹਾਰੀ[5] ॥ ੭ ॥ ਪ੍ਰਿਥਮ ਬਿਲੋਕਯੋ ਮੀਨ ਮਹਾਨਾ। ਉਸਤੇ ਇਹ ਬਿਸਾਲ ਪਹਿਚਾਨਾ। ਕੇਤਿਕ ਦੋਨੋ[6] ਕੋਸ ਪ੍ਰਮਾਨਾ। ਮੁਝਹਿ ਬਤਾਵਹੁ ਕ੍ਰਿਪਾਨਿਧਾਨਾ!' ॥ ੮ ॥ ਬੋਲੇ ਪ੍ਰਭੁ ਬਿਲੋਕ ਤਮਾਸ਼ੋ । 'ਮਾਯਾ ਮੈਂ ਕਛੁ ਲਖੋ ਨ ਸਾਂਸੋ[7]। ਪੈਂਤਿਸ ਕੋਸ ਪ੍ਰਿਥਮ ਜੋ ਦੇਖਾ। ਸਹਸ ਕੋਸ ਕੋ ਏਹੁ ਬਿਸ਼ੇਖਾ[8]॥੯॥ ਇਸ ਕੀ ਜਾਤਿ ਨਾਮ ਤਿਮ[9] ਕਹੀਐ। ਇਸ ਨਿਗਲਹਿ ਸੁ ਤਿਮੰਗਲ ਕਹੀਐ। ਜੋ ਉਸ ਲੀਲ ਜਾਇ ਬਰਿਆਈ[10]। ਨਾਮ ਤਿਮੰਗਲ ਗਿਲਹਿ ਕਹਾਈ§ ॥੧੦॥ਇਸ ਬਿਧਿ ਕਰਿਕੇ ਬਚਨ ਬਿਲਾਸਾ।ਤੂਸ਼ਨਿ ਹੋਤਿ ਭਏ ਸੁਖਰਾਸਾ।

---

[1] ਜਦ ਮੁੜਨਾ ਕੀਤਾ। [2] ਨਾਮ ਦੇ ਜੋਰ ਨਾਲ। [3] ਸਮੁੰਦ੍ਰ। [4] ਕੁਝ ਚਿਰ ਤਕ। [5] ਦਾਣੇ ਦੇ ਸਦਰਸ਼ (ਜਿਵੇਂ ਮਨੁਖ ਦੇ ਮੂੰਹ ਦਾਣਾ ਚਲਾ ਜਾਂਦਾ ਹੈ ਤਿਵੇਂ ਅਸੀਂ ਇਸ ਦੇ ਮੂੰਹ ਵਿਚ ਚਲੇ ਜਾਂਦੇ)। [6] ਦੋਵੇਂ (ਮੱਛ)। [7] ਸੰਸਾ। [8] ਵੱਡਾ। [9] ਇਸ ਦੀ ਜਾਤ ਦਾ ਨਾਂ 'ਤਿਮ'। [10] ਨਿਗਲ ਜਾਏ ਜ਼ੋਰੋ ਜ਼ੋਰੀ।

*ਹਿੰਦ ਤੋਂ ਲੰਕਾ ਤਕ ਜੋ ਸਾਗਰ ਵਿਚ ਚਿਟਾਨ ਖੜੇ ਹਨ ਸਿਲਸਿਲੇ ਵਾਰ ਨਹੀਂ ਇਨ੍ਹਾਂ ਚਿਟਾਨਾਂ ਪਰ ਹੀ ਪੁਲ ਬੱਧਾ ਦੱਸੀਦਾ ਹੈ। ਰਾਮ ਉਪਾਸ਼ਕਾਂ ਦਾ ਕਥਨ ਹੈ ਕਿ ਪੁਲ ਤੋੜਨ ਤੇ ਏ ਚਿਟਾਨ ਬਾਕੀ ਖੜੇ ਹਨ।

†ਇਹ ਫੇਰ ਜਨਕ ਦੇ ਸ੍ਰਾਪੇ ਹੋਏ ਦੇ ਉਧਾਰ ਕਰਨ ਦਾ ਪ੍ਰਸੰਗ ਹੈ, ਅੰਬਗਤ ਰੂਹਾਂ ਸ੍ਰਾਪ ਦੇ ਸਰੂਪਾਂ ਵਿਚ ਦੁਖ ਭਰ ਰਹੀਆਂ ਦਾ ਨਿਸਤਾਰਾ ਦੱਸਦੇ ਹਨ। ਦੇਖੋ ਪੂਰਬਾਰਧ ਅਧਯਾਯ ਪ੨ ਅੰਕ ੧੯ ਦੀ ਟੂਕ। ‡ਪਾ:—ਦੀਨੋ। §ਸਾਖੀ ਲਿਖਾਰੀਆਂ ਵਾਲੇ ਨੇ ਮੁਬਾਲਗੇ ਕਰ ਦਿਤੇ ਹਨ। ਉੱਥ ਵ੍ਹੇਲ ਨਾਮੇ ਮੱਛੀ ਬਹੁਤ ਵਡੇ ਆਕਾਰ ਦੀ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਚਰਨ ਰੇਨ ਜਬ ਝਖ[1] ਸਿਰ ਪਰਸੀ। ਬੋਲਨ ਸ਼ਕਤਿ ਭਈ ਤਬ ਸਰਸੀ[2]। ॥੧੧॥ ਬੂਝਨ ਲਗੇ ਪ੍ਰਭੁ ਤਿਹ ਤਾਈਂ 'ਅਹੈਂ ਕੌਨ, ਝਖ ਕਾਯਾਂ ਪਾਈ?'। ਤਬਹੀ ਬੋਲ੍ਯੋ ਹੋਇ ਅਧੀਨਾ। 'ਸੁਨੋ ਹੇਤੁ[3] ਜਿਉਂ ਭਾ ਤਨ ਮੀਨਾ ॥੧੨॥ ਹੁਤੋ ਕਾਲ ਜਿਹ ਜਨਕ ਨ੍ਰਿਪਾਲਾ। ਤਬ ਮੈਂ ਤਪ ਕਿਯ ਕਠਨ ਬਿਸਾਲਾ। ਬਾਰਿ[4] ਬਿਖੈ ਗਰਲੌ[5] ਹ੍ਵੈ ਠਾਂਢੋ। ਰਹੋਂ ਸਥਿਰ ਕਰਿ ਧੀਰਜ ਗਾਢੋ ॥ ੧੩ ॥ ਸਹਿਜਸੁਭਾਯ ਜਨਕ ਚਲਿ ਆਯੋ। ਮੁਝੈ ਬਿਲੋਕਤਿ ਬਚਨ ਅਲਾਯੋ।-ਤਪ ਤੈਂ ਕਠਨ ਕੀਨ ਭਾ ਪੂਰਾ। ਅਬ ਤਜਿ, ਬਚਨ ਮਾਨਿ ਮਮ ਰੂਰਾ ॥ ੧੪ ॥ ਜਹਿਂ ਸਤਿਸੰਗਤਿ ਹੋਤਿ ਸਮਾਜਾ। ਸੇਵਾ ਕਰਹੁ ਤਹਾਂ ਸ਼ੁਭ ਕਾਜਾ*। ਮਨ ਕੋ ਪ੍ਰਾਪਤਿ ਗਯਾਨ ਤਹਾਂ ਹੀ। ਮੁਕਤਿ ਉਚਿਤ ਹ੍ਵੈ ਸੰਸੈ ਨਾਂਹੀ- ॥੧੫॥ ਦੋਹਰਾ॥ ਚਰਨ ਬੰਦਨਾ ਮੈਂ ਕਰੀ ਕਹ੍ਯੋ ਬਚਨ ਤਿਨ ਸੰਗ।-ਏਕ ਬਰਖ ਔਰੈ ਕਰੌਂ ਪੁਨ ਪੂਰਨ[6] ਬਿਨ ਭੰਗ[7]'-॥ ੧੬॥ ਚੌਪਈ ॥ ਸੁਨਿਕੈ ਬੋਲ੍ਯੋ ਬਚਨ ਬਿਦੇਹੂ[8]।-ਨੀਕੋ† ਬਚਨ ਨ ਮਾਨ੍ਯੋ ਕੇਹੂ। ਯਾਂਤੇ ਹ੍ਵੈ ਜਲ ਜੀਵ ਬਿਸਾਲਾ। ਜਲ ਮੈਂ ਰਹਹੁ ਸਦੀਵ ਬਿਸ਼ਾਲਾ[9]‡- ॥ ੧੭ ॥ ਸੁਨਿਕੈ ਬਚਨ ਡਰ੍ਯੋ ਉਰ ਮਾਂਹੀ। ਸ੍ਰਾਪਅੰਤ ਬੂਝਤਿ ਭਾ ਤਾਂਹੀ।-ਬਨਿ ਕੈਬਨ[10] ਕੋ ਜੀਵ ਬਹੋਰੀ। ਹੋਇ ਕਿ ਨਹੀਂ ਮੁਕਤਿ ਕਬ ਮੋਰੀ?-॥੧੮॥ ਬੋਲ੍ਯੋ ਜਨਕ,-ਆਇ ਕਲਿ ਕਾਲਾ। ਤਬ ਧਰਿ ਹੈ ਅਵਤਾਰ ਕ੍ਰਿਪਾਲਾ§। ਤਿਨ ਕੇ ਚਰਨ ਛੁਹੈਂ ਜਬ

---

[1]ਮੱਛ ਦੇ। [2]ਬਹੁਤ। [3]ਕਾਰਨ। [4]ਜਲ। [5]ਗਲ ਤਕ। [6]ਪੂਰਾ ਹੋਵੇਗਾ (ਤਪ)। [7]ਵਿਘਨ ਤੋਂ ਬਿਨਾਂ। [8]ਜਨਕ। [9]ਬਹੁਤ (ਚਿਰ)। [10]ਜਲ [ਸੰਸ:, ਕਬੰ]।

*ਹਠ ਦੇ ਤਪਾਂ ਦਾ ਫਲ ਸਤਿਸੰਗਤ ਦੀ ਸੇਵਾ ਹੈ। ਹਠੀ ਤਪੀ ਹੰਕਾਰੀ ਹੋ ਜਾਂਦਾ ਹੈ, ਸੇਵਾ ਨਾਲ ਹੰਕਾਰ ਮਰਦਾ ਤੇ ਮਨ ਸ਼ੁੱਧ ਹੁੰਦਾ ਹੈ। ਇਹ ਵਿਸ਼ੇਸ਼ਤਾ ਭਗਤੀ ਮਾਰਗ ਦੇ ਦੱਸਣ ਤੋਂ ਮੁਰਾਦ ਹੈ।

†ਪਾ:-ਕੀਨੋ।

‡ਜਲ ਆਦਿ ਵਿਚ ਤਪ ਤਾਪਨ ਦਾ ਫਲ ਡੱਡੂ ਮੱਛੀਆਂ ਬਣਨਾ ਦੱਸਿਆ ਨੇ, ਤਾਂਤੇ ਗੁਰ ਸਿੱਖਾਂ ਨੂੰ ਸਤਿਸੰਗ ਦੀ ਸੇਵਾ, ਕੀਰਤਨ, ਨਾਮ, ਸ਼ੁਭ ਆਚਰਨ ਏਹੀ ਸਾਰ ਉਪਦੇਸ਼ ਗੁਰੂ ਸਾਹਿਬਾਂ ਦਾ ਜਾਰੀ ਹੈ। ਪਾ:-ਰਹੁ ਸਦੀਵ ਚਿਰਕਾਲਾ।

§ਇਸ ਤੋਂ ਪ੍ਰਗਟ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ, ਜੋ ਪੂਰਬਾਰਧ ਅਧ੍ਯਾਯ ੪੭ ਅੰਕ ੨੪ ਵਿਚ ਵਾਦੀ ਨੇ ਜਨਕ ਦਾ ਅਵਤਾਰ ਦੱਸਿਆ ਹੈਸੀ ਉਹ ਗ਼ਲਤ ਹੈ, ਜਿਸ ਦਾ ਖੰਡਨ ਕਵੀ ਜੀ ਨੇ ਓਥੇ ਬੀ ਕੀਤਾ ਹੈ। ਇਥੇ ਜਨਕ ਜੀ ਆਪ ਕਹਿ ਰਹੇ ਹਨ 'ਕਿ ਪਰਮੇਸ਼ੁਰ (ਕ੍ਰਿਪਾਲਾ) ਦਾ ਰੂਪ ਗੁਰੂ ਨਾਨਕ ਦੇਵ ਜੀ ਹੋਣਗੇ ਜੋ ਤੇਰੀ ਕੱਲ੍ਯਾਣ ਕਰਨਗੇ'। ਜਿਸ ਤੋਂ ਉਸ ਗਲ ਦੀ ਪ੍ਰੋੜਤਾ ਹੋ ਰਹੀ ਹੈ, ਕਿ ਜਨਕ ਭਗਤ ਸੀ, ਗੁਰੂ ਜੀ 'ਗੁਰ ਅਵਤਾਰ' ਸੇ।

Sri Satguru Jagjit Singh Ji eLibrary NamdhariElibrary@gmail.com

ਆਈ। ਤਬ ਇਹ ਸ੍ਰਾਪ ਨਾਸ਼ ਹ੍ਵੈ ਜਾਈ–॥੧੯॥ ਬੂਝ੍ਯੋ ਜਨਕ¹,–ਲਖੋਂ ਮੈਂ ਕੈਸੇ?।ਭੇਦ ਸਰਬ ਸਮਝਾਵਹੁ ਤੈਸੇ–।²–ਸੁਨਹੁ ਮੁਨੀ! ਜਬ ਮਿਲਿ ਹੈ ਆਈ। ਚਰਨ ਛੁਵਤਿ ਸੁਧ ਹ੍ਵੈ ਤੁਝ ਤਾਈਂ ॥ ੨੦ ॥ ਮੁਕਤਿ ਕਰਹਿ ਪੁਨ ਜਾਇ ਅਗਾਰੀ–। ਸੋ ਤੁਮ ਸ੍ਰੀ ਨਾਨਕ ਨਿਰੰਕਾਰੀ। ਅਬ ਉਧਾਰ ਮੇਰਾ ਕਰਿ ਦੀਜੈ। ਸ਼ਰਨ ਸ਼ਰਨ ਮੈਂ ਸ਼ਰਨ ਰਖੀਜੈ' ॥੨੧॥ ਤਿਹ ਕੇ ਬੈਨ ਸੁਨੇ ਗੁਨਖਾਨੀ। ਬੋਲੇ ਮਧੁਰ ਮ੍ਰਿਦੁਲ ਮੁਖ ਬਾਨੀ। 'ਅਸ਼ਟੰ ਜਾਮ ਆਰਬਲ ਤੋਰੀ। ਪੁਨ ਛੁਟਹਿ ਝਖ ਦੇਹਿ ਬਡੇਰੀ ॥ ੨੨ ॥ ਵਾਹਿਗੁਰੂ ਸਿਮਰਹੁ ਤਬ ਤਾਈਂ।ਤੋਰੀ ਗਤਿ ਕਰਿ ਹੈਂ ਹਮ ਜਾਈ'।ਅਸ਼ਟ ਪਹਿਰ ਭਿਨ ਕਿਯ ਜਬਿ ਜਾਪੂ*। ਛੂਟਯੋ ਬਹੁਰ ਦੀਨ ਜੋ ਸ੍ਰਾਪੂ ॥ ੨੩ ॥ ਝਖ ਤਨ ਤਜਿਕੈ ਸੋ ਤਿਹ ਕਾਲਾ। ਭਯੋ ਚਤੁਰਭੁਜ ਰੂਪ ਬਿਸਾਲਾ। ਕੁੰਡਲ ਕਰਨ, ਬਰਨ³ ਜਿਹ ਸ਼ਯਾਮੂ। ਸੁੰਦਰ ਦੇਹਿ ਦੁਤਿਯ ਜਨੁ ਕਾਮੂ⁴ ॥੨੪॥ ਉਸਤਤਿ ਕਰਿ ਬੈਕੁੰਠ ਸਿਧਾਰਯੋ। 'ਜੈ ਜੈ ਸਤਿਗੁਰ' ਬਚਨ ਉਚਾਰਯੋ⁵।ਪੁਨ ਗਮਨੇ ਬੇਦੀ ਕੁਲ-ਦੀਪਾ। ਪਹੁੰਚੇ ਲੰਕਾ† ਕੇਰ ਸਮੀਪਾ ॥੨੫॥ ਵਿਰਤ ਬ੍ਰਿੰਦ ਤਹਿੰ ਦੀਰਘ

¹ਜਨਕ ਤੋਂ। ²ਜਨਕ ਬੋਲਿਆ। ³ਰੰਗ। ⁴ਮਾਨੋਂ ਦੂਜਾ ਕਾਮਦੇਵ। ⁵'ਜੈ ਹੋ, ਜੈ ਹੋ ਸਤਿਗੁਰਾਂ ਦੀ' (ਮੱਛ ਨੇ) ਆਖਿਆ।

*ਅੱਠ ਪਹਿਰ ਦੇ ਨਾਮ ਦੀ ਮਹਿਮਾ ਦੱਸੀ ਨੇ ਕਿ ਜਿਸ ਨੇ ਉਹ ਸਰਾਪ ਦਾ ਪਿੰਜਰ ਕੱਟ ਕੇ ਕਲਜਾਨ ਕਰ ਦਿੱਤੀ। ਤਪ ਨੇ ਹਉਮੈ ਦਿੱਤੀ ਸੀ, ਹਉਮੈ ਨੇ ਸ੍ਰਾਪਤ ਕੀਤਾ, ਗੁਰ ਨਾਨਕ ਦਰਸ਼ਨ ਨੇ ਸੁਮਤਿ ਦਿੱਤੀ, ਉਹਨਾਂ ਦੇ ਬਖਸ਼ੇ ਨਾਮ ਨੇ ਕੱਲਜਾਨ ਦਿੱਤੀ। ਇਹ ਸਾਰ ਸਿੱਧਾਂਤ ਕਵਿ ਜੀ ਸਮਝਾ ਰਹੇ ਹਨ।

†ਕੁਝਕੁ ਲੋਕਾਂ ਦਾ ਖਿਆਲ ਹੈ, ਕਿ ਰਾਵਣ ਵਾਲੀ ਲੰਕਾ ਓਹ ਜਗ੍ਹਾ ਨਹੀਂ ਜੋ ਸੈਲੂਨ ਜਾਂ ਸਿੰਗਲਾਦੀਪ ਦੇ ਨਾਮ ਤੋਂ ਪ੍ਰਸਿੱਧ ਹੈ, ਕਿਉਂਕਿ ਇਨ੍ਹਾਂ ਟਾਪੂਆਂ ਵਿਚ ਰਾਮਚੰਦ੍ਰ ਦੇ ਜਾਣ ਦਾ ਕੋਈ ਚਿੰਨ੍ਹ ਨਹੀਂ ਮਿਲਦਾ। ਇਨ੍ਹਾਂ ਦਾ ਵਿਚਾਰ ਹੈ ਕਿ ਮਲਾਇਆ ਟਾਪੂ ਵਿਚ ਰਾਵਣ ਵਾਲੀ ਲੰਕਾ ਸੀ, ਸਮਾਟਰਾ ਵਿਚ 'ਸੋਨੀ ਲੰਕਸ਼ਾ' (ਸੋਨੇ ਦੀ ਲੰਕਾ) ਨਾਮ ਦਾ ਇਕ ਸ਼ਹਿਰ ਬੀ ਹੈ। ਇਸ ਟਾਪੂ ਵਿਚ ਰਾਮਚੰਦਰ ਤੇ ਲਛਮਣ ਆਦਿਕ ਦੇ ਪ੍ਰਾਚੀਨ ਦੀਵਾਰਾਂ ਤੇ ਅੰਕਿਤ ਚਿਤ੍ਰ ਵੀ ਮਿਲੇ ਦੱਸੀਦੇ ਹਨ। ਜਾਵਾ ਤੇ ਸਮਾਟਰਾ ਟਾਪੂ ਦੇ ਲਾਗੇ ਫਲੋਰੈਂਸ ਦੇ ਟਾਪੂ ਵਿਚ 'ਰਕ' ਨਾਮ ਦੀ ਇਕ ਜਾਤੀ ਹੁਣ ਤਕ ਮਿਲਦੀ ਹੈ, ਖਿਆਲ ਕੀਤਾ ਜਾਂਦਾ ਹੈ ਕਿ ਇਹ 'ਰਕ' ਨਾਮ ਰਾਕਸ਼ ਵਿਚੋਂ ਨਿਕਲਿਆ ਹੈ।

ਮਾਰਕੰਡੇ ਪੁਰਾਣ ਵਿਚ ਲੰਕਾ ਨੂੰ 'ਮਲਾ ਦੇ ਦੀਪ' (ਜਿਸ ਨੂੰ ਅਜ ਕਲ ਮਲਾਇਆ ਦੀਪ ਕਿਹਾ ਜਾਂਦਾ ਹੈ) ਦਾ ਇਕ ਹਿੱਸਾ ਮੰਨਿਆ ਹੈ। ਇਨ੍ਹਾਂ ਟਾਪੂਆਂ ਵਿਚ ਮਲਜ ਨਾਮ ਦੀ ਜਾਤੀ ਵਸਦੀ ਹੈ, ਤੇ ਇਸ ਇਲਾਕੇ ਵਿਚ ਕਈ ਕਈ ਅਜੇਹੀਆਂ ਨਦੀਆਂ ਨਾਲੇ ਦੱਸੀਦੇ ਹਨ ਕਿ ਜਿਨ੍ਹਾਂ ਦੇ ਨਾਲ ਮਹਾਰਾਜਾ ਰਾਮਚੰਦ੍ਰ ਜੀ ਦੇ ਸੈਨਾਂ ਪਤੀਆਂ ਦੇ ਨਾਮ ਮਿਲਦੇ ਹਨ।

Sri Satguru Jagjit Singh Ji eLibrary NamdhariElibrary@gmail.com

ਦਾਨੋ[1]। ਗਿਰ ਕੱਜਲ[2] ਕੇ ਬਿਚਰਤਿ[3] ਮਾਨੋ। ਤਿਨਹਿੰ ਬਿਲੋਕਿ ਡਰਨੋ ਮਰਦਾਨਾ। ਹੋਇ ਅਧੀਰਜ ਬਚਨ ਬਖਾਨਾ॥ ੨੬॥ 'ਰਾਖਸ਼ ਗਹੈਂ ਆਨਿ ਹਮ ਤਾਈਂ। ਭੱਖਨ[4] ਕਰੈਂ ਨ ਬਿਲਮ ਲਗਾਈਂ। ਇਨ ਸਮੀਪ ਨਹਿੰ ਚਲਹੁ ਗੁਸਾਈਂ! । ਅਪਰ ਸਥਾਨ ਬਿਲੋਕਹੁ ਜਾਈ' ॥੨੭॥ ਸੁਨਿਕੈ ਬੋਲੇ ਪਰਮ ਪੁਨੀਤਾ। 'ਪਢਤਿ ਸੁਨਤਿ ਰਹਿਤਾ ਤੂੰ ਨੀਤਾ। ਰਿਦੈ ਬਿਚਾਰ ਏਕ ਨਹਿ ਆਯੋ। ਮਹਾ ਮੋਹ ਮੈਂ ਮਨ ਬਿਰਮਾਯੋ[5]॥੨੮॥ ਲਗਾ ਭੂਤ ਤੁਝ ਤਨ-ਅਭਿਮਾਨਾ। ਯਾਂ ਤੇ ਮਨ ਨਹਿੰ ਭ੍ਰਮ ਮਿਟਾਨਾ। ਜਿਹ ਕੋ ਭੂਤ ਲਗਤਿ ਹੈ ਆਇ। ਸੋ ਸਰੂਪ ਨਿਜ ਦੇਤਿ ਭੁਲਾਇ॥੨੯॥ਆਪ ਭੂਤਨਾ ਹੋਵਤਿ ਸੋਊ। ਮੰਤ੍ਰਨ ਸੋਂ ਝਾਰੇ ਜੋ ਕੋਊ। ਨਿਕਸਹਿ ਭੂਤ ਵਹਿਰ, ਸੁਧ ਜਾਨਹਿ। ਨਿਜ ਸਰੂਪ ਕੋ ਤਬਹਿ ਪਛਾਨਹਿ॥੩੦॥ ਜਬ ਲਗ ਭੂਤ ਲਗੈ, ਦੁਖ ਪਾਵਹਿ। ਨਿਕਸਹਿ ਵਹਿਰ,ਅਨੰਦ ਸਮਾਵਹਿ।ਤਨਹੰਤਾ[6] ਤੁਝ ਲਾਗਯੋ ਭੂਤੈ। ਨਿਜ ਸਰੂਪ ਭੂਲਯੋ ਅਤਿਪੂਤੈ[7] ॥੩੧॥ਮੰਤ੍ਰ ਸਤਿਗੁਰ ਸ਼ਬਦ ਸੁਜਾਨਾ। ਰਿਦੈ ਬਸੈ ਮਿਟਹਹਿ ਤਨਮਾਨਾ[8]। ਤਨਹੰਤਾ[9] ਜਬ ਸਰਬ ਗਵਾਈ। ਨਿਜ ਸਰੂਪ ਹੋ ਗਯੋ*ਲਖਾਈ[10]॥੩੨॥ਤਬਹੀ ਪਾਵਹਿ ਮੁਕਤਿ ਅਨੰਦਾ।ਬੰਧਨ ਡਾਰਿ ਮਿਟੈ ਜਮ ਫੰਧਾ। ਜੈਸੇ ਸਾਂਪ ਕੰਚੁਕੀ[11] ਡਾਰੈ। ਤਿਉਂ ਹਟਿਕੈ ਨਹਿੰ ਬਹੁਰ ਸੰਭਾਰੈ॥੩੩॥ ਤਨ ਕੋ ਮੋਹ ਨ ਕਬਹੀ ਲਹਿਹੀ[12]।ਮ੍ਰਿਤੁ[13]ਕਿਧੌਂ[14] ਜੀਵਤ ਬਹੁ ਰਹਿ ਹੀ[15]। ਨਾਸ਼ਵੰਤ ਨਿਤ ਲਖਹਿ ਸਰੀਰਾ। ਨਹੀਂ ਕਦਾ-ਚਿਤ ਮਾਨਹਿ ਪੀਰਾ'॥੩੪॥ ਸੁਨਿ ਮਰਦਾਨੇ ਗਿਰਾ ਬਖਾਨੀ। 'ਸਭਿ ਸੁਭ ਯੋਗ ਆਪ ਗੁਨ ਖਾਨੀ। ਮਮ ਪਰ ਕ੍ਰਿਪਾ ਹੋਇ ਤੁਮ ਜਬਹੀ। ਨਿਜ ਸਰੂਪ ਲਖਿ ਸਕ ਹੌਂ ਤਬਹੀ'॥੩੫॥ ਇਸ ਬਿਧਿ ਕਰਤਿ ਪਰਸਪਰ ਜਹਿੰਵਾ। ਦੋਇ ਦੈਂਤ ਆਏ ਚਲਿ ਤਹਿੰਵਾ। ਠਾਂਢੇ ਹ੍ਵੈ ਬੂਝਤਿ ਭੇ ਐਸੇ। 'ਕਿਹਤੇ ਆਏ ਕਿਉਂ ਤੁਮ ਬੈਸੇ?'॥੩੬॥ ਸ੍ਰੀ ਗੁਰ ਕਹੈਂ, 'ਦੂਤ! ਹਮ ਰਾਮੂ।ਮਿਲਨ ਬਿਭੀਖਨ ਕੋ ਹੈ ਕਾਮੂ†।ਵਹਿਰ ਨਿਕਸਿ ਕੈ ਆਵਹਿ ਪਾਸੂ।ਮਿਲਿਹੈਂ ਤਬ,

---

[1]ਵੱਡੇ ਦੈਂਤ। [2]ਸੁਰਮੇ ਦੇ ਪਹਾੜ। [3]ਫਿਰ ਰਹੇ ਹਨ। [4]ਖਾ ਲੈਣਗੇ। [5]ਭੁੱਲ ਰਿਹਾ ਹੈਂ। [6]ਤਨ ਦੀ ਹਉਮੈਂ। [7]ਬੜਾ ਪਵਿੱਤ੍ਰ (ਨਿਜ ਸਰੂਪ)। [8]ਤਨਦਾ ਹੰਕਾਰ। [9]ਤਨ ਦੀ ਹਉਮੈਂ। [10]ਪਛਾਣ ਹੋ ਗਿਆ ਤੈਨੂੰ। [12]ਲੈਂਦਾ। [13]ਮਰ ਜਾਵੇ। [14]ਭਾਵੇਂ। [15]ਜੀਂਵਦਾ ਰਹੇ ਬਹੁਤ। *ਪਾ:--ਕੋ ਭਯੋ।

†ਇਹ ਫਿਕਰਾ ਕਵਿ ਜੀ ਨੇ ਕਟਾਖਯ ਵਾਲਾ ਦਿੱਤਾ ਹੈ, ਹੇ ਦੂਤ ! ਅਸੀਂ ਰਾਮ ਹਾਂ। ਕਈ ਇੱਥੇ 'ਰਾਮ ਦਾ ਦੂਤ' ਅਰਥ ਲਾਉਂਦੇ ਹਨ। ਰਾਮ ਦੇ ਦੂਤ ਦਾ

(ਬਾਕੀ ਟੂਕ ਵੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

ਨਹਿ ਜਾਇ ਅਵਾਸੁ[1] ॥ ੩੭ ॥ ਦੋਹਰਾ ॥ ਅਸੁਰ[2] ਸੁਨਤਿ ਗਮਨੇ ਨਗਰ ਨਿਜ ਪਤਿ ਕੋ ਸੁਧ ਦੀਨ । 'ਨੀਕੇ ਉਪਬਨ[3] ਕੇ ਬਿਖੈ ਬੈਠੇ ਮਾਨੁਖ ਤੀਨ ॥੩੮॥ ਚੌਪਈ ॥-ਹਮ ਹੈਂ ਰਾਮ, ਦੂਤ !-ਇਉਂ ਕਹਿ ਹੀਂ[4] । ਸੰਗ ਆਪਕੇ ਮਿਲਨੋ ਚਹਿਹੀਂ'।ਉਠਯੋ ਬਿਭੀਖਨ ਕਰਿ ਪਗ ਨੰਗੇ।ਰਾਖਸ਼ ਚਲੇ ਬਹੁਤ ਤਿਹ ਸੰਗੇ ॥੩੯॥ ਬਡ ਅਕਾਰ ਗਿਰ ਬਪੁ ਹੈਂ ਜੈਸੇ[5] । ਨਾਸਾਂ ਕਰਨ ਕੰਦਰਾ ਤੈਸੇ।ਦੋਨੋ ਰਾਖਸ਼ ਅੱਗ੍ਰਜ ਕਰਿਕੈ। ਆਯੋ ਨਿਕਟ ਭਾਉ ਉਰ ਧਰਿਕੈ

[1]ਘਰ । [2]ਦੈਂਤ । [3]ਬਾਗ । [4]ਅਸੀਂ ਹਾਂ ਰਾਮ, ਹੇ ਦੂਤ ਐਉਂ ਕਹਿੰਦੇ ਹਨ । (ਅ) ਅਸੀਂ ਹਾਂ ਰਾਮ ਦੂਤ, ਐਉਂ ਕਹਿੰਦੇ ਹਨ। [5]ਵਡੇ ਆਕਾਰ ਦੇ ਸ਼ਰੀਰ ਜਿਵੇਂ ਪਹਾੜ ਹੁੰਦਾ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਅਰਥ ਹੈ 'ਘੱਲਿਆ ਹੋਇਆ ਰੱਬ ਦਾ', ਜਿਸ ਨੂੰ ਮੁਸਲਮਾਨ ਕਹਿੰਦੇ ਹਨ 'ਰਸੂਲਿ ਅੱਲਾ' ਸ਼ਾਯਦ ਦੈਂਤਾਂ ਨੇ ਸਮਝਿਆ ਕਿ ਰਾਵਣ ਨੂੰ ਮਾਰਨ ਵਾਲੇ ਰਾਮ ਦਾ ਸਫੀਰ ਹੈ ਕੋਈ। ਅੱਗੇ ਚਲਕੇ ਅੰਕ ੬੩, ੬੪, ੬੫ ਵਿਚ ਗੁਰੂ ਜੀ ਬਿਭੀਖਨ ਨੂੰ ਤੇਤੀ ਕਰੋੜ ਦੇਵਤਾ ਨੂੰ ਛੱਡਣ ਦਾ ਤੇ ਇਕ ਆਤਮਾ ਦੀ ਪਛਾਣ ਦਾ ਉਪਦੇਸ਼ ਦਿੰਦੇ ਹਨ। ਬਿਭੀਖਨ ਅਜੇ ਤਕ ਇਕ ਆਤਮਾ ਦੀ ਪਛਾਣ ਤੋਂ ਵਿਰਵਾ ਸੀ, ਇੱਸੇ ਕਰਕੇ ਕਿਸੇ ਪਾਰਲੌਕਿਕ ਹਾਲਤ ਵਿਚ ਉਸੇ ਰਾਜ ਭਾਗ ਕਾਰ ਕਰਮ ਦੇ ਕਿਸੇ ਸੂਖਮ ਹੰਕਾਰ ਵਿਚ ਸੀ, ਜਿਸ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਦਰਸ਼ਨ ਦਿੱਤੇ, ਇਸੇ ਕਿਸੇ ਉਦਲੀ ਅਵਸਥਾ ਵਿਚ ਹਨੂਮਾਨ ਸੀ, ਜੋ ਅਜੇ ਤਕ ਰਾਵਣ ਦੀ ਚਿਖਾ ਤੇ ਬੈਠਾ ਦੱਸਿਆ ਹੈ। ਉਸ ਨੂੰ ਬੀ ਗੁਰੂ ਜੀ ਨੇ ਇਹ ਉਪਦੇਸ਼ ਦਿੱਤਾ ਹੈ ਦੇਖੋ ਅੰਕ ੭੫ ਇਸੇ ਅਧਯਾਯ ਦਾ:-

ਸਰਬ ਬਿਆਪੀ ਮੋਹਿ ਕੋ ਜਬ ਜਾਨਹਿ ਮਨ ਮਾਂਹਿ।
ਸਦਾ ਮਿਲਯੋ ਹਮ ਸੋਂ ਰਹੈਂ ਬਿਛੁਰਨ ਹ੍ਵੈ ਕਬ ਨਾਹਿ।

ਹਨੂਮਾਨ ਦੀ ਦ੍ਰਿਸ਼ਟੀ ਵਿਚ ਬੀ ਇਹ ਕਸਰ ਸੀ, ਜਿਹੜੀ ਦੂਰ ਕਰਨੀ ਸੀ।

ਇਨ੍ਹਾਂ ਪ੍ਰਸੰਗਾਂ ਦਾ ਇਹ ਭਾਵ ਨਹੀਂ ਕਿ ਲੰਕਾ ਨਾਮੇ ਧਰਤੀ ਉਤੇ ਹਡ ਚੰਮ ਦੀ ਦੇਹੀ ਵਿਚ ਬਿਭੀਖਨ ਤੇ ਹਨੂਮਾਨ ਬੈਠੇ ਰਾਜ ਕਰਦੇ ਸਨ ਤੇ ਰਾਵਣ ਦੀ ਚਿਖਾ ਫਰੋਲਦੇ ਸਨ, ਪਰ ਇਹ ਕਿ ਦੋਵੇਂ ਸਰੀਰ ਤੋਂ ਮਗਰੋਂ ਪੂਰਨ ਪਦ ਤੇ ਨਹੀਂ ਅੱਪੜੇ, ਕਿਸੇ ਲਿੰਗ ਸ਼ਰੀਰ ਦੀ ਅਵਸਥਾ ਵਿਚ ਚਿਰਜੀਵੀ ਹੋਕੇ ਆਪਣੇ ਪਿਆਰ ਵਾਲੇ ਸੰਕਲਪਾਂ ਦਾ ਸੁਖ ਮਾਣ ਰਹੇ ਸਨ, ਕਸਰ ਸੀ ਸਰਬ ਬਯਾਪੀ ਦੀ ਅੰਤਰ ਆਤਮੇ ਲੱਖਯਤਾ ਦੀ, ਸ੍ਰੀ ਗੁਰੂ ਜੀ ਨੇ ਜਿਸ ਹਾਲਤ ਜਿਸ ਖੰਡ plane, (ਜ਼ਾਲਬਨ ਧਰਮ ਖੰਡ) ਵਿਚ ਉਹ ਸਨ, ਉਨ੍ਹਾਂ ਨੂੰ ਮਿਲਕੇ ਇਹ ਕਸਰ ਕੱਢ ਦਿੱਤੀ । ਪ੍ਰਸੰਗ ਲਿਖਣ ਦਾ ਪ੍ਰਯੋਜਨ ਇਹ ਜਾਪਦਾ ਹੈ ਕਿ ਪਾਠਕ ਜਨ ਅਨਿੰਨ ਭਗਤੀ ਸ੍ਰੀ ਵਾਹਿਗੁਰੂ ਜੀ ਦੀ ਕਰਨ ਤੇ ਉਨ੍ਹਾਂ ਦੇ ਤਤਸਰੂਪ ਦੇ ਅਨੁਭਵ ਵਿਚ ਨਿਮਗਨ ਹੋਣ ਤਾਂ ਜੋ ਸਦਗਤੀ ਮਿਲੇ । ਬਾਕੀ ਇਹ ਪ੍ਰਸੰਗ ਅਸਲ ਜਨਮ ਸਾਖੀ ਵਿਚ ਕਿਵੇਂ ਸਨ ਤੇ ਨਕਲੀ ਵਿਚ ਕੀਹ ਰੂਪ ਲੈ ਗਏ, ਇਹ ਬਾਤਾਂ ਵਿਸ਼ੇਸ਼ ਖੋਜ ਦੀਆਂ ਮਥਾਜ ਹਨ।

Sri Satguru Jagjit Singh Ji eLibrary NamdhariElibrary@gmail.com

॥੪੦॥ਧਰੀ ਉਪਾਇਨ ਆਗੈ ਨੀਕੀ।ਬੰਦਨ ਕਿਯ ਸ਼ਰਧਾ ਧਰਿ ਜੀ ਕੀ। 'ਰਾਮ ਨਾਮ' ਕਹਿ ਬੈਠਿ ਸਮੀਪਾ। ਕੁਸ਼ਲ ਬੂਝਿ ਬੇਦੀ ਕੁਲਦੀਪਾ ॥੪੧॥ ਬੋਲੇ ਬਹੁਰ 'ਸੁਨਹੁ ਲੰਕੇਸ਼ਾ ! । ਭਯੋ ਬਿਰਹ ਚਿਰਕਾਲ ਰਘੁਏਸ਼ਾ। ਮੇਲਿ ਫੇਰ ਕੀਨੋ ਕੈ ਨਾਂਹੀ? ਮਹਾਂ ਭਗਤ ਤੂੰ ਦੈਂਤਨ ਮਾਂਹੀ'॥੪੨॥ਲਖੇ ਬਿਭੀ-ਖਨ ਸੰਤ ਸੁ ਪੂਰੇ। ਹਾਥ ਬੰਦਿ ਬੋਲਯੋ ਬਚ ਰੂਰੇ।'ਸੁਨਹੁ ਸੰਤ! ਜਬ ਕਾ ਮੈਂ ਬਿਛੁਰਾ। ਤਬ ਕਾ ਰਾਮ ਨਾਮ ਉਰ ਧਰਾ॥੪੩॥ ਨਹਿਂ ਬਿਛੁਰਨੋ ਮੈਂ ਜਾਨਹੁੰ ਤਿਨ ਕੋ।ਚਿਤ ਮਹਿਂ ਨਾਮ ਬਸਤਿ ਨਿਤ ਜਿਨ ਕੋ।ਹਿਰਦੈ ਧਰਿਕੈ ਧਯਾਨ ਮੁਕੰਦਾ। ਨਿਤਾਪ੍ਰਤੀ ਹੌਂ ਮਗਨ ਅਨੰਦਾ॥੪੪॥ ਦੋਹਰਾ ॥ ਮੇਲਿ ਸਰੀਰਨ ਕੋ ਬਨਯੋ ਬਿਛੁਰਨ ਹੈ ਇਨ ਅੰਤ। ਮਿਲੇ, ਨ ਬਿਛੁਰਹਿਂ ਸੇ ਸਦਾ ਜਿਨ ਉਰ ਨਾਮ ਸੁ ਮੰਤ[1]॥੪੫॥ਚੌਪਈ॥ਜਬ ਸ੍ਰੀ ਰਾਮ ਲੰਕ ਚਢਿ ਆਯੋ। ਦਸ-ਸਿਰ ਕੋ ਮੈਂ ਤਬ ਸਮਝਾਯੋ।–ਸੀਤਾ ਦੇਇ ਮਿਲਹੁ ਰਘੁਨਾਥੈ। ਰਾਜ ਕਰੋ ਬੈਠੇ ਸੁਖ ਸਾਥੈ–॥੪੬॥ ਕਰਯੋ ਕ੍ਰੋਧ ਤਿਨ ਲਾਤ ਪ੍ਰਹਾਰੀ। ਕੀਨ ਅਨਾਦਰ ਸਭਾ ਮਝਾਰੀ। ਲਾਤ ਪ੍ਰਹਾਰ ਕਸ਼ਟ ਸਹਿ ਤਬਹੀ। ਦਹਿਦਿਸ਼ ਦੀਨ ਭਯੋ ਮੈਂ ਤਬਹੀ ॥੪੭॥ ਰਾਮ ਚੰਦ ਕੀ ਤੱਕੀ ਸ਼ਰਨਾ। ਤਿਹ ਛਿਨ ਭਯੋ ਰਿਦੈ ਅਸ ਫੁਰਨਾ।–ਗਢ ਲੰਕਾ ਕੋ ਮਾਰਹਿ ਜਬਹੀ।ਬਿਜੈ[2] ਹੋਇ ਰਘੁਪਤਿ ਕੀ ਤਬਹੀ॥੪੮॥ਮੁਝੈ ਰਾਜ ਦੇਂ ਲੰਕ ਸਮੇਤਾ–। ਇਉਂ ਬਿਚਾਰ ਕਰਿ ਚਲਯੋ ਨਿਕੇਤਾ। ਗਮਨਯੋ ਸਨਮੁਖ ਹੋਇ ਅਨਾਥਾ। ਜਾਇ ਦਰਸ ਦੇਖਯੋ ਰਘੁ-ਨਾਥਾ॥੪੯॥ਰਾਜ ਚਾਹਿ[3] ਤਿਹਛਿਨ* ਮਿਟ ਗਈ। ਇਉਂ ਬਿਚਾਰ ਉਰ ਮੈਂ ਸ਼ੁਭ ਭਈ।ਰਾਜ ਬਡੋ ਦੁਖ ਸਾਗਰ ਹੇਰਾ।ਜਗਤ ਧੰਧ ਕੋ ਗਰਤ[4] ਬਡੇਰਾ ॥੫੦॥ ਅਵਲੋਕੇ ਹ੍ਵੈ ਕਰਿ ਨਿਹਕਾਮੂ[5]। ਬੰਦਨ ਕੀਨਿ ਚਰਨ ਸ੍ਰੀ ਰਾਮੂ। ਕਰੁਨਾਨਿਧਿ ਸ੍ਰੀ ਅੰਤਰਯਾਮੀ[6]। ਪੂਰਬ ਫੁਰਨਾ ਲਖਿਕਰਿ ਸ੍ਵਾਮੀ ॥੫੧॥ ਦੋਹਰਾ॥ ਬੋਲੇ ਸ੍ਰੀ ਮੁਖ ਤੇ ਬਚਨ–ਆਉ ਬੈਠਿ ਲੰਕੇਸ਼!–।ਬਿਨੈ ਕਰੀ ਕਰ ਬੰਦਿ ਮੈਂ–ਚਾਹਿ ਨ ਰਾਜ ਸੁ ਦੇਸ਼– ॥੫੨॥ਚੌਪਈ॥ਸੁਨਿਸ੍ਰੀ ਰਘੁਪਤਿਬਹੁਰ ਉਚਾਰਾ।–ਨਿਜ ਘਰ ਤੇ ਤੂੰ ਜਬੈ ਪਧਾਰਾ। ਤਬੈ ਕਾਮਨਾ ਰਿਦੈ ਉਠਾਈ। ਲੰਕਾ ਦੇਹਿ ਰਾਮ ਮੁਝ ਤਾਈਂ ॥੫੩॥ ਬਿਰਦ[7] ਹਮਾਰਾ ਜਾਨਹੁ ਐਸਾ। ਤੋਸੋਂ ਕਹੋਂ ਬਿਭੀਖਨ ਤੈਸਾ। ਧਾਰਿ ਕਾਮਨਾ ਜੋ ਜੱਗਦਾਸੀ। ਘਰ ਤਜਿ

---

[1]ਨਾਮ ਰੂਪ ਸ੍ਰੇਸ਼ਟ ਮੰਤ੍ਰ। [2]ਫਤੇ। [3]ਰਾਜ ਦੀ ਇੱਛਾ। [4]ਟੋਇਆ। [5]ਕਾਮਨਾ ਰਹਤ। [6]ਸ਼੍ਰੀ ਰਾਮਚੰਦ ਜੀ। [7]ਧਰਮ। *ਪਾ:–ਘਟ।

Sri Satguru Jagjit Singh Ji eLibrary NamdhariElibrary@gmail.com

ਆਵਤਿਹੈ ਮੁਝ ਪਾਸੀ॥੫੪॥ਕਰੌਂ ਕਾਮਨਾਪੂਰਬ ਪੂਰੀ।ਪੁਨ ਦਿਉਂ ਪਦਵੀ ਕੈਵਲ[1] ਰੂਰੀ[2]—। ਹੈਂ ਐਸੇ ਸ੍ਰੀ ਰਾਮ ਉਦਾਰਾ । ਅਸ਼ਟ ਪਹਿਰ ਜਿਨ ਨਾਮ ਅਧਾਰਾ[3]'॥੫੫॥ਸੁਨਿ ਸ੍ਰੀ ਨਾਨਕ ਕਹਿਂ ਮ੍ਰਿਦੁ ਬਾਨੀ।'ਧੰਨਬਿਭੀਖਨ ਸ਼ੁਭ ਗੁਨਖਾਨੀ॥ਚਿਰੰਜੀਵ ਪਦਵੀ ਤੈਂ ਪਾਈ। ਮਨ ਕੀ ਨਾਮ ਬਿਖੈ ਲਿਵਲਾਈ ॥੫੬॥ਡਰਤਿ ਰਹਤਿ ਰਾਖਸ਼ ਭੈ ਤੇਰੋ।ਆਇਸੁ ਮਾਨਿਭਏ ਸਭਿਚੇਰੋ।ਕਾਹੂ ਨ ਕਰੈ ਦੁਖਾਉਨ ਕੋਈ[4]।ਭਾਉ ਭਗਤਿ ਮਹਿ ਸ਼ਰਧਾ ਹੋਈ'॥੫੭॥ਸੁਨਤਿ ਬਿਭੀਖਨ ਬੈਨ ਉਚਾਰੇ।'ਬੇਮੁਖ ਦੈਤ ਰਾਮ ਸਭਿ ਮਾਰੇ।ਦੈਕੈ ਰਾਜ ਅਜੁੱਧਯਾ ਗਏ। ਮਮ ਸਮੇਤ ਬਾਂਦਰ ਦਲ ਲਏ॥੫੮॥ਦੋਹਰਾ ॥ਤਹਾਂ ਜਾਇ ਮੋਕੋ ਤਬਹਿ ਇਹ ਉਪਦੇਸ਼ ਬਤਾਇ ।—ਨਮਿਤਮਾਤ੍ਰ ਅਵਤਾਰ ਧਰਿ ਈਸ਼ੁਰ ਧਰਨੀ[5]ਆਇ ॥੫੯॥ ਚੌਪਈ ॥ਕਾਰਜ ਕਰਿ ਬੈਕੁੰਠ ਸੁ ਜਾਵਹਿ । ਤਿਨਕੇ ਗੁਨ ਪਢਿਸੁਨਿ ਸੁਖ ਪਾਵਹਿਂ।ਹੈਂ ਅਵਤਾਰ ਸੰਤ ਨਿਤ ਮੇਰੇ।ਤਿਨਮਿਲਾਪ ਅਘ ਜਾਹਿਂ ਘਨੇਰੇ॥੬੦॥ਸੰਤਮੋਹਿ ਮਹਿ ਭੇਦ ਨ ਕੋਊ—।ਐਸੇ ਰਾਮ ਕਹਾ ਦੁਖ ਖੋਊ । ਸੋ ਤੁਮ ਸੰਤ ਸਦਾ ਸੁਖਦਾਈ।ਕਰਿ ਉਪਦੇਸ਼ ਦੇਹੁ ਸਮਝਾਈ ॥੬੧॥ਰਘੁਬਰ ਤੁਮ ਮਹਿਂ ਭੇਦ ਨ ਜਾਨੌਂ।ਈਸ਼ੁਰ ਏਕਸਮਾਨ ਪਛਾਨੌਂ*'। ਬਿਨੈ ਸਨੀ[6]ਸੁਨਿਕੈ ਤਿਹ ਬਾਨੀ । ਬੋਲੇ ਸ੍ਰੀ ਨਾਨਕ ਗੁਨਖਾਨੀ ॥ ੬੨ ॥

ਸ੍ਰੀ ਮੁਖਵਾਕ ॥ ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ ॥
ਰਾਮਚੰਦਿ ਮਾਰਿਓ ਅਹਿਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ ੪੦ ॥

ਚੌਪਈ ॥ ਸ੍ਰੀ ਗੁਰ ਭਨੈ,'ਬਿਭੀਖਨ ! ਸੁਨੀਏ । ਆਗੇ ਹੀ ਗੁਰਮੁਖਿ ਮਨ ਗੁਨੀਏ।ਭੇਦ ਆਇ ਦੀਨੋ ਸ੍ਰੀ ਰਾਮੂ।ਰਾਵਨ ਮਾਰਿ ਕਰੇ ਸਭਿਕਾਮੂ॥੬੩॥

---

[1] [2]ਮੁਕਤੀ ਦੀ ਸੁੰਦਰ ਪਦਵੀ। [3]ਜਿਨ੍ਹਾਂ ਦੇ ਨਾਮ ਦਾ ਮੈਨੂੰ ਆਧਾਰ ਹੈ। [4]ਕਿਸੇ ਨੂੰ ਕੋਈ ਦੁਖਾਉਣਾ ਨਹੀਂ ਕਰਦਾ। [5]ਧਰਤੀ ਤੇ। [6]ਬੇਨਤੀ ਵਾਲੀ।

*ਰਾਮ ਜੀ ਦੇ ਦ੍ਰਿੜ ਭਗਤਾਂ—ਬਿਭੀਖਨ ਤੇ ਹਨੂਮਾਨ—ਦਾ ਗੁਰੂ ਜੀ ਨੂੰ ਆਪਣੇ ਇਸ਼ਟ ਦੇਵ ਦੇ ਤੁੱਲ ਮੰਨ ਲੈਣਾ ਭਗਤੀ ਮਾਰਗ ਵਿਚ ਇਕ ਭਾਰੀ ਜਿੱਤ ਸਮਝੀ ਜਾਂਦੀ ਸੀ, ਕਵਿ ਜੀ ਨੇ ਆਪਣੇ ਨੁਕਤਾ ਖਿਆਲ ਤੋਂ ਇਹ ਗਲ ਸਿੱਧ ਕੀਤੀ ਹੈ ਕਿ ਰਾਮ ਦੇ ਦ੍ਰਿੜ ਭਗਤਾਂ ਨੇ ਬੀ ਗੁਰੂ ਜੀ ਨੂੰ ਆਪਣੇ ਇਸ਼ਟ ਤੁੱਲ ਤਸਲੀਮ ਕੀਤਾ, ਇਹ ਗੁਰੂ ਜੀ ਦੇ ਮਹਾਂ ਪ੍ਰਬਲ ਸਰੂਪ ਦੀ ਦਿਸ ਮੰਡਲ ਵਿਚ ਬਿਜੈ ਹੈ ਜੋ ਕਵਿ ਜੀ ਨੇ ਦਰਸਾਈ ਹੈ। ਫਿਰ ਹੋਰ ਵਡਿਆਈ ਅੱਗੇ ਦੱਸਦੇ ਹਨ—ਅੰਕ ੬੫ ਵਿਚ ਗੁਰੂ ਜੀ ਉਸ ਨੂੰ ਆਪਣਾ ਉਪਦੇਸ਼ ਦ੍ਰਿੜ ਕਰਾਉਂਦੇ ਹਨ, ਤੇ ਉਸ ਦੀ ਭਗਤੀ ਨੂੰ ਪਰਾ ਭਗਤੀ ਦੇ ਦਰਜੇ ਵਿਚ ਲੈ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਗੁਰਕੈ ਸਬਦ ਰਾਮ ਬੀਚਾਰੇ। ਸਿੰਧ ਬਿਖੈ ਪਾਹਨ ਬਡ ਤਾਰੇ। ਸਤਿਗੁਰ ਸਬਦ ਸਭਿਨਿ ਤੇ ਵਡੋ। ਤੇਤੀ ਕੋਟ ਸੁਰਨ ਕੋ[1] ਛਡੋ[2]* ॥੬੪॥ ਸਤਿਗੁਰ ਸ਼ਬਦ ਰਿਦੈ ਬੀਚਾਰੋ। ਇਹ ਉਪਦੇਸ਼ ਹਮਾਰੋ ਧਾਰੋ। ਸੁਪਨ ਸਮਾਨ ਜਗਤ ਕੋ ਜਾਨੋ। ਏਕ ਆਤਮਾ ਸਰਬ ਪਛਾਨੋ॥੬੫॥ ਦੋਹਰਾ॥ ਸੰਤਨ ਕੀ ਸੰਗਤਿ ਕਰੋ ਸੁਖ ਜਿਸ ਮਹਿ ਦਿਨ ਰੈਨ। ਨੀਕੋ ਇਹ ਉਪਦੇਸ਼ ਹੈ ਮਹਾਂ ਅਧੀ ਗਤਿ ਦੈਨ[3]"॥੬੬॥ ਚੌਪਈ॥ ਤਿਹ ਛਿਨ ਬੋਲਿ ਉਠਯੋ ਮਰਦਾਨਾ। 'ਸੁਨਯੋ ਸੁ ਰਹੈ ਇਹਾਂ ਹਨੁਮਾਨਾ। ਤਿਸਹਿ ਦਿਖਾਵਹੁ ਸ੍ਰੀ ਪ੍ਰਭੁ! ਅਬਹੀ'। ਸੁਨਿਤਿ ਬਿਭੀਖਨ ਬੋਲਯੋ ਤਬਹੀ ॥ ੬੭ ॥ ਰਾਵਨ ਕੋਸਲ[4] ਜਹਾਂ ਮਹਾਨਾਂ। ਅਬ ਬੈਠਯੋ ਤਿਹ ਠਾਂ ਹਨੁਮਾਨਾ। ਬਿਨ ਸ੍ਰੀ ਰਾਮ ਨ ਬੰਦਨ ਕਰਿਹੀ। ਆਇਸੁ ਅਪਰ[5] ਨ ਕਿਹ ਸਿਰ ਧਰਿਹੀ' ॥੬੮॥ ਗੁਰੂ ਕਹਯੋ,'ਹਮ ਰਾਮ ਸਰੂਪਾ† । ਪੁਤ ਸੀਤਾ ਕੋ ਧਰਹਿਂ ਅਨੂਪਾ। ਤਿਹ ਬੁਲਾਇਕੇ ਦੇਹੁ ਦਿਖਾਈ। ਪੁਨ ਹਮ ਆਵਨ ਹੋਇ ਕਦਾਈ'॥੬੯॥ ਤਬ ਇਕ ਰਾਖਸ਼ ਤਹਾਂ ਪਠਾਯੋ। ਗਇਓ ਨਿਕਟਿ ਇਉਂ ਬੈਨ ਸੁਨਾਯੋ। 'ਵਹਿਰ ਲੰਕ ਸ੍ਰੀ ਰਾਮ ਸੁਹਾਵਤਿ। ਸੀਤਾ ਪੁਤ ਸੋ ਤੁਝੈ ਬੁਲਾਵਤਿ॥੭੦॥ ਨਿਕਟ[6] ਬਿਭੀਖਨ ਗਯੋ ਅਗਾਰੀ[7]। ਮੈਂ ਆਯੋ ਤੁਮ ਕੋ ਸੁਧ ਕਾਰੀ[8]'। ਸੁਨਤਿ ਚੌਂਪ ਕਰਿਕੈ ਹਨੁਮਾਨਾ। ਚਲ੍ਯੋ ਸੀਘ੍ਰ ਹਿਰਦੈ ਹਰਖਾਨਾ॥੭੧॥ ਰਘੁਬਰੁ ਕੋ ਸ੍ਰੀ ਗੁਰ ਬਪੁ[9] ਧਰਾ। ਮੈਂ[10] ਤਿਹ ਛਿਨ ਲਛਮਨ ਤਨ ਕਰਾ। ਸੀਤਾ ਬੇਖ ਕੀਨ ਮਰਦਾਨਾ। ਚਲਿ ਆਇਓ ਤਿਹ

[1]ਦੇਵਤਿਆਂ ਨੂੰ। [2]ਛੁੜਾਇਆ। [3]ਦੇਣ ਵਾਲਾ। [4]ਰਾਵਣ ਦੀ ਚਿਖਾ। [5]ਹੋਰ ਕਿਸੇ ਦੀ। [6](ਰਾਮ ਜੀ) ਪਾਸ। [7]ਅਗੇ ਹੀ। [8]ਖਬਰ ਦੇਣ। [9]ਸਰੀਰ। [10]ਭਾਵ ਬਾਲੇ ਨੇ।

*ਕਵਿ ਜੀ ਨੇ ਅੰਕ ੬੨ ਤੋਂ ਮਗਰਲੀਆਂ ਤੁਕਾਂ ਦਾ ਟੀਕਾ ਕੀਤਾ ਹੈ, ਸਮੇਂ ਦੇ ਨਾਲ ਫਬਦਾ ਢੁਕਦਾ। ਸਿਧ ਗੋਸਟ ਵਿਚ ਗੁਰੂ ਦੀ ਮਹਿਮਾ ਚਲ ਰਹੀ ਹੈ। ਉਥੇ ਦ੍ਰਿਸ਼ਟਾਂਤ ਮਾਤ੍ਰ ਲਈ ਇਹ ਕੁਛ ਦੱਸਦੇ ਹਨ। ਮੂਲ ਅਰਥ ਗਯਾਨੀ ਇਹ ਕਰਦੇ ਹਨ:—

ਗੁਰੂ ਦੇ ਦੁਆਰਾ ਨਾਮ ਰੂਪੀ ਪੁਲ ਬੱਧਾ, ਅਵਿੱਦਯਾ ਅਹੰਤਾ ਰੂਪੀ ਲੰਕਾ ਲੁਟੀ, ਕਾਮ ਕ੍ਰੋਧ ਰੂਪੀ ਦੈਂਤਾਂ ਨੂੰ ਸੰਤਾਪ ਦਿੱਤਾ, ਰਾਮ ਰਾਮ ਕਰਕੇ ਮਾਰਿਆ ਹੰਕਾਰ ਰੂਪੀ ਰਾਵਣ, ਇਹ ਭੇਦ ਸਾਰਾ ਗੁਰੂ ਰੂਪੀ ਬਿਭੀਖਣ ਨੇ ਦਿੱਤਾ। ਗੁਰੂ ਨੇ ਪਾਪਾਂ ਨਾਲ ਪੱਥਰਾਂ ਵਤ ਭਾਰੇ ਜੀਵ ਸੰਸਾਰ ਰੂਪੀ ਸਾਗਰ ਤੋਂ ਤਾਰ ਦਿੱਤੇ। ਤੇਤੀ ਕ੍ਰੋੜ ਦੇਵਤੇ ਭਾਵ ਕਈ ਉਧਾਰ ਦਿੱਤੇ ਯਾ ਕ੍ਰੋੜਾਂ ਤੋਂ (ਤੀਸ) ਅਧਿਕ ਜੀਵ ਤਾਰੇ।

†ਇਹ ਬੀ ਕਵਿ ਜੀ ਦਾ ਓਹੋ ਆਪਣੇ ਇਸ਼ਟ ਨੂੰ ਉੱਚੇ ਦੱਸਣ ਦਾ ਖਿਆਲ ਹੈ, ਕਿ ਹਨੂਮਾਨ ਜੈਸੇ ਦ੍ਰਿੜ੍ਹ ਤੇ ਅਨਿੰਨ ਰਾਮ ਭਗਤ ਤੋਂ ਬੀ ਮੱਥਾ ਟਿਕਵਾਯਾ ਅਰ ਫਿਰ ਉਸ ਦੀ ਭਗਤੀ ਨੂੰ ਪਰਾ ਭਗਤੀ ਬਣਾਕੇ ਉਸ ਨੂੰ ਸਿਰੇ ਚੜ੍ਹਾਇਆ।

Sri Satguru Jagjit Singh Ji eLibrary NamdhariElibrary@gmail.com

ਠਾਂ ਹਨੂਮਾਨਾ ॥ ੭੨ ॥ ਗਿਰ ਕੰਚਨ[1] ਸਮ ਦੇਹਿ ਕਰਾਲਾ[2] । ਕਾਂਧੇ ਧਾਰੀ ਗੁਰਜ ਬਿਸਾਲਾ । ਕੀਨ ਬੰਦਨਾਂ ਪਦ ਅਰਬਿੰਦਾ।ਬੈਠਿ ਗਯੋ ਉਰ ਅਧਿਕ ਅਨੰਦਾ ॥੭੩॥ਰੂਪ ਬਿਲੋਕਤਿ ਲੋਚਨ ਭਰਿ ਕੈ। ਮਹਾਂ ਪ੍ਰੇਮ ਪੁਲਕਾਵਲਿ[3] ਕਰਿਕੈ । ਤਿਹ ਛਿਨ ਬੋਲੇ ਕ੍ਰਿਪਾ ਨਿਧਾਨਾ।'ਸੁਨੋ ਬੈਨ ਹਮਰੇ ਹਨੂਮਾਨਾ! ॥੭੪॥ਦੋਹਰਾ ॥ਸਰਬ ਬਿਆਪੀ ਮੋਹਿ ਕੋ ਜਬ ਜਾਨਹਿ ਮਨ ਮਾਂਹਿ । ਸਦਾ ਮਿਲਯੋ ਹਮ ਸੋਂ ਰਹੈਂ ਬਿਛੁਰਨ ਹ੍ਵੈ ਕਬ ਨਾਂਹਿ* ॥੭੫॥ਚੌਪਈ॥ਦੇਖਤਿ ਹੋ ਜਿਤਨੇ ਤਨੁ ਸਾਰੇ । ਸਭਿ ਜਾਨਹੁ ਸੀਤਾ ਇਹ ਧਾਰੇ।ਸੋ ਸੀਤਾ[4] ਪੁਨ ਧਰਿ ਰਘੁਬੀਰੁ। ਸੋ ਲਖਮਨ ਕੋ ਬਨੀ ਸਰੀਰੁ ॥੭੬॥ ਸਭਿ ਬਾਂਦਰ ਦਲ ਸੋਊ ਜਾਨਹੁ।ਬਾਲੀ ਜਾਮਵੰਤ ਪਹਿਚਾਨਹੁ।ਅੰਗਦ ਔਰ ਸੁਗ੍ਰੀਵ ਸੁ ਸੀਤਾ।ਸਭਿ ਰਾਖਸ਼ ਤਨ ਤਿਨਹੀ ਕੀਤਾ।।੭੭।।ਰਾਵਨਆਦਿ ਬਿਭੀਖਨ ਸਭਿਹੀ।ਤਨ ਸੀਤਾ ਧਾਰਤਿ ਲਖਿ ਅਬਹੀ । ਬਿਨ ਸੀਤਾ ਕੇ ਕਹੂੰ ਨ ਔਰਾ। ਦ੍ਰਿਸ਼ਟਿ ਜੁ ਆਵਤਿ ਸੋ ਸਭਿ ਠੌਰਾ।।੭੮।।ਦੋਹਰਾ।।ਸੋਸੀਤਾ ਸਭਿ ਜਗਤਭਈ ਸੌਤਨ ਲੇਕਰਿ ਰਾਮ।ਉਪਜਾਵਤਿ ਸਭਿ ਜਗਤ ਕੋ ਪੁਨ ਪਾਲਤਿ ਸੁਖ ਧਾਮ।।੭੯।।ਚੌਪਈ।।ਸੋ

[1]ਸੋਨੇ ਦਾ ਪਹਾੜ। [2]ਭਯਾਨਕ। [3]ਲੂੰ ਖੜੇ ਪ੍ਰੇਮ ਨਾਲ। [4]ਸੀਤਾ ਨੇ ਹੀ (ਸੀਤਾ ਤੋਂ ਮੁਰਾਦ ਮਾਇਆ ਲੈ ਰਹੇ ਹਨ)।

*ਇਥੇ ਕਵਿ ਜੀ ਗੁਰੂ ਜੀ ਨੂੰ ਸਭ ਤੋਂ ਉੱਚਾ ਦੱਸਦੇ ਹਨ-ਸਰਬ ਬਯਾਪੀ ਗੁਰੂ ਜੀ ਹਨੂਮਾਨ ਨੂੰ ਅੰਤ੍ਰੀਵ ਬੁੱਧੀ ਖੁਲ੍ਹਨ ਦੀ ਮੱਤ ਦੇਂਦੇ ਹਨ, ਕਿ ਵਯਾਪਕ ਰਾਮ ਨੂੰ ਸਾਰੇ ਦੇਖ, ਸੀਤਾ ਦੀ ਥਾਵੇਂ ਮਾਇਆ ਨੂੰ ਸਮਝ, ਬਾਂਦਰ ਦੇਵਤੇ ਰਾਖਸ਼ ਸਭ ਸੀਤਾ ਨੇ ਰਚੇ ਹਨ, ਦ੍ਰਿਸ਼ਟਮਾਨ ਸਭ ਮਾਇਆ ਹੈ, ਇਸ ਦੇ ਅੰਤਰ ਬਯਾਪਕ ਵਾਹਿਗੁਰੂ ਹੈ, ਇਹ ਦ੍ਰਿਸ਼ਟੀ ਕਰ । ਰਾਮ ਸਰੀਰ ਤੋਂ ਉੱਚਾ ਉੱਠਕੇ ਵਯਾਪਕ ਰਾਮ ਵੇਖ ਜੋ ਸ੍ਰੀ ਗੁਰੂ ਜੀ ਨੇ ਐਉਂ ਦਰਸਾਈ ਹੈ:—

ਸਲੋਕ ਮਃ ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ ੧ ॥

[ਰਾਮਕਲੀ ਕੀ ਵਾਰ

Sri Satguru Jagjit Singh Ji eLibrary NamdhariElibrary@gmail.com

ਸੀਤਾ ਪੁਨ ਕਰਤਿ ਸੰਘਾਰਾ[1]। ਸੱਤ੍ਰਨਾ ਪਾਇ ਕਰਹਿ ਸਭਿ ਕਾਰਾ। ਰਾਮ ਬਿਆਪਕ ਸਭਿਕੇ ਮਾਂਹੀ॥ਬਿਨਬ੍ਯਾਪਕ ਕੋਊਘਟਨਾਂਹੀ॥੯੦॥ ਧਾਂਨ੍ਹੇਸੀਤਾ ਹੈ ਧਾ ਰਾਮਾ॥ਨਹਿੰਤੀਸਰ ਕੋਚੀਨਹੁਨਾਮ[2]॥ਮ੍ਰਿਦੁਲ ਬੈਨਸੁਨਿਕੈਹਨੁਮਾਨਾ। ਪ੍ਰੇਮਮਗਨ ਹਿਰਦੇ ਹਰਖਾਨਾ॥੯੧॥'ਸੱਤਸਸੱਤਸ[3] ਤੁਮ ਗਿਰਾ ਅਲਾਈ। ਅਪਨੇ ਨਿਕਟਿ ਰਖਹੁ ਰਘੁਰਾਈ"। ਰਾਮ ਬੇਖ ਸ੍ਰੀ ਨਾਨਕ ਕਹਾ। 'ਕਥਾ ਕੀਰਤਨ ਹੋਵਤਿ ਜਹਾਂ॥੯੨॥ਦੋਹਰਾ॥ਤਹਾਂਬਸਤਿ ਹੌਂ ਮੈਂ ਸਦਾ ਸੁਨਹੁ ਪ੍ਰੀਤ ਕਰਿ ਜਾਇ॥ਨਿਕਟਿ ਰਹਿਨ ਫਲ ਹੋਤਿਹੈ ਸਤਿਸੰਗਤਿ ਮਨਲਾਇ॥੯੩॥ਚੌਪਈ॥ਅਬ ਤੁਮ ਜਾਵਹੁ ਜਹਿਤੇ ਆਇਓ'।ਬੰਦਨ ਕਰਿ ਹਨੁਮਾਨੁ ਸਿਧਾਇਓ। ਜਹਿਂ ਰਾਵਨ ਕੀ ਚਿਖਾ ਬਿਸਾਲਾ। ਤਹਾਂ ਜਾਇ ਪਹੁੰਚਯੋ ਤਤਕਾਲਾ॥ ੯੪॥ ਕਥਾ ਕੀਰਤਨ ਜਹਿਂ ਜਹਿਂ ਹੋਇ। ਦੂਸਰ ਤਨ ਧਰਿ ਸੁਨਿ ਹੈ ਸੋਇ*॥ਨਿਜ ਸਰੂਪ ਸ੍ਰੀ ਨਾਨਕ ਕੀਨੋ। ਮੈਂ ਮਰਦਾਨਾ ਤੇ ਤਿਊਂ ਚੀਨੋ॥ ੯੫॥ ਦੋਹਰਾ॥ ਬਿਦਾ ਬਿਭੀਖਨ ਤੇ ਭਏ ਚਲੇ ਅਪਰ ਅਸਥਾਨ। ਕਰਿ ਸੰਤੋਖ ਸਿੰਘ ਬੰਦਨਾ ਪੂਰਨ ਧਯਾਇ ਪਛਾਨ॥ ੯੬॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਲੰਕਾ ਪ੍ਰਸੰਗ' ਬਰਨਨੰ ਨਾਮ ਅਸ਼ਟਦਸਮੋ ਅਧਯਾਯ॥੧੮॥

੧੯. [ਸ਼ਾਰਦਾ ਮੰਗਲ। ਪਲਖ, ਸ਼ਾਲਮਲੀ, ਕੁਸ਼, ਕ੍ਰੌਚ, ਸ਼ਾਕ ਤੇ ਪੁਸ਼ਕਰ ਦੀਪ ਗਮਨ]

ਦੋਹਰਾ॥ ਤੁਮ ਅੱਗ੍ਯਾਨ ਬਿਨਾਸ਼ਨੀ ਦੇਤਿ ਗ੍ਯਾਨ ਉਰ ਨੈਨ।

ਸ੍ਰੀ ਸਰਸ੍ਵਤੀ ਸੁਮਤਿ ਦਾ ਜੈ ਜੈ ਬਸੀਐ ਬੈਨ ॥ ੧ ॥

{ ਦਾ—ਦੇਣ ਵਾਲੀ। ਸੁਮਤਿ ਦਾ—ਸ੍ਰੇਸ਼ਟ ਬੁੱਧੀ ਦੇਣ ਵਾਲੀ।
ਬੈਨ—ਬਚਨ, ਬਾਣੀ, ਕਾਵ੍ਯ—ਰਚਨਾ }

ਅਰਥ—ਹੇ ਸਰਸ੍ਵਤੀ ! ਅੱਗ੍ਯਾਨ (ਰੂਪੀ) ਹਨੇਰੇ ਨੂੰ ਵਿਨਾਸ਼ ਕਰਨੇ ਵਾਲੀ ! (ਜੋ) ਹਿਰਦੇ ਦੇ ਨੇਤ੍ਰਾਂ ਨੂੰ ਗ੍ਯਾਨ (ਰੂਪੀ ਪ੍ਰਕਾਸ਼) ਦੇਣ ਹਾਰੀ ਹੈਂ (ਅਤੇ) ਸ੍ਰੇਸ਼ਟ ਬੁੱਧੀ ਦੀ ਦਾਤਾ ਹੈਂ, ਤੇਰੀ ਜੈ ਹੋ ਜੈ ਹੋ (ਮੇਰੀ) ਬਾਣੀ ਵਿਚ ਆਕੇ ਵੱਸ ਜਾਓ।

ਸ੍ਰੀ ਬਾਲਾ ਸੰਧਰੂ ਵਾਚ॥ ਚੌਪਈ॥ ਕਹਿ ਬਾਲਾ ਸ੍ਰੀ ਅੰਗਦ ਪਾਸੀ। ਰੁਚਿਰ ਕਥਾ ਸੁਨੀਂਏ ਸੁਖਰਾਸੀ ! ॥ ਸ੍ਰੀਗੁਰ ਸੋਂ ਬੋਲਯੋ ਮਰਦਾਨਾ॥'ਸਭਿ ਹੀ ਦੀਪ[4]

---

[1]ਨਾਸ਼। [2]ਸੱਚੀ। [3]ਹੇ ਰਾਮਚੰਦ੍ਰ ਜੀ ! [4]ਜਜ਼ੀਰੇ, ਧਰਤੀ ਦੇ ਇਲਾਕੇ ਪੌਰਾਣਕ ਵੰਡ ਮੂਜਬ।

*ਹਨੂਮਾਨ ਦਾ ਟਿਕਾਣਾ ਰਾਵਣ ਦੀ ਚਿਖਾ ਦੱਸਿਆ ਹੈ, ਇਹ ਕਿੰਨੀ ਉਦਾਸ ਕਰਨ ਵਾਲੀ ਗੱਲ ਹੈ। ਗੁਰੂ ਜੀ ਨੇ ਉਸ ਨੂੰ ਇਸ ਥਾਉਂ ਤੋਂ ਉਧਾਰ ਬਖਸ਼ ਕੇ ਦੱਸਿਆ ਕਿ ਕਥਾ ਕੀਰਤਨ ਸੁਣਨ ਜਾਇਆ ਕਰ, ਉੱਥੇ ਕੱਲਯਾਨ ਰੂਪ 'ਮੈਂ' ਵਸਦਾ ਹਾਂ। ਗੋਯਾ ਹਨੂਮਾਨ ਨੂੰ ਸਤਿਸੰਗ ਵਿਚ ਜਾਣ ਦਾ ਰਸਤਾ ਖੁਹਲਕੇ ਵਿਆਪਕ ਰਾਮ ਦੇ ਰਸਤੇ ਪਾ ਦਿੱਤਾ।

Sri Satguru Jagjit Singh Ji eLibrary NamdhariElibrary@gmail.com

ਦਿਖਾਉ ਮਹਾਨਾ॥੨॥ ਇਹ ਲਾਲਸ ਮੇਰੇ ਮਨਮਾਂਹੀ। ਦੇਖੌਂ ਸਪਤ ਦੀਪ ਜੋ ਆਹੀ।ਸਰਬ ਪ੍ਰਕਾਰ ਸਮਰੱਥ ਸੁਆਮੀ। ਜਹਿਂ ਚਾਹਉ ਤਹਿਂ ਕੇ ਤੁਮ ਗਾਮੀ[1]"॥੩॥ਸੁਨਿਕੈ ਬੋਲੇ ਕ੍ਰਿਪਾ ਨਿਧਾਨ॥ 'ਉੱਤਮ ਜੰਬੂ ਦੀਪ ਮਹਾਨਾਂ। ਲਖ ਜੋਜਨ ਇਸ ਕੋ ਬਿਸਤਾਰੂ[2]।ਸਭਿ ਦੀਪਨਕੇ ਲਖਹੁ ਮਝਾਰੂ॥੪॥ਇਹ ਕੇ ਬੀਚ ਮੇਰੁ[3]ਗਿਰ ਛਾਜੈ।ਕਮਲ ਬਿਖੈ ਜਿਉਂ ਕੋਸ਼[4]ਬਿਰਾਜੈ।ਜੋਜਨ ਲਾਖ ਜਾਨਿਯੇ ਮੇਰੂ।ਕਛੁ ਛਿਤ ਮੈਂ ਕਛੁ ਊਪਰ ਹੇਰੂ[5]॥੫॥ ਤਰੁ ਜਾਮਨ ਤੇ ਜੰਬੂ ਗਾਏ।ਹੈ ਨਵ ਖੰਡ ਜੁ ਤੁਝੈ ਦਿਖਾਏ। ਤਿਨ ਮਹਿਂ ਭਾਰਥ ਖੰਡ ਹੈ ਜੋਊ। ਧਰਾ ਬੀਚ ਕੀ ਜਾਨਉ ਸੋਊ[6]॥੬॥ਦੋਹਰਾ ॥ਪੁੰਨਜ ਜੱਗਜ ਤਪ ਕਰਿ ਬਡੇ ਭਰਥਖੰਡ ਕੇ ਥਾਨ। ਦੀਪਖੰਡ ਅਨ ਜਾਇ ਸੋ ਭੋਗਹਿਂ ਭੋਗ[7] ਮਹਾਨ॥੭॥ ਚੌਪਈ ॥ਤੇਰੋ ਕਹਨੋ ਨ ਮੋਰੋਂ ਕੈਸੇ। ਚਲਹੁ ਦਿਖਾਵਹੁਂ, ਹੈਂ ਉਹ ਜੈਸੇ'। ਅਸ ਕਹਿ ਸ੍ਰੀਗੁਰ ਚਲੇ ਅਗਾਰੀ॥ਇਸ ਸਮੁੰਦ੍ਰ ਕੇ ਪਹੁੰਚੇ ਪਾਰੀ॥੮॥ ਲਖ ਜੋਜਨ ਕੋ ਥੋ ਬਿਸਥਾਰਾ।ਪਾਰ ਗਏ ਨਹਿਂ ਲਾਗੀ ਵਾਰਾ।ਪਲਖ[8]*ਦੀਪ ਮਹਿਂ ਬੈਠੇ ਜਾਇ। ਤਰੁ ਪਿਲਖਨ[9] ਤੇ ਨਾਮ ਸਦਾਇ॥੯॥ਅਧਿਕ ਨਰਨ ਕੋ ਰੁਚਿਰ ਸਰੂਪਾ। ਸੁਖ ਭੋਗਹਿਂ ਨਿਜ ਮਨ ਅਨਰੂਪਾ[10]। ਬੈਸ[11]ਸਭਿਨਿ ਕੀ ਬਰਖ ਹਜਾਰੂ। ਸਮ ਅਮਰਨ[12] ਕੇ ਤਿਨ ਬਿਵਹਾਰੂ॥੧੦॥ ਦੋਹਰਾ ॥ ਸਪਤ ਖੰਡ ਤਿਹ ਦੀਪਕੇ ਸਰਿਤਾ ਸਪਤ[13]ਪ੍ਰਵਾਹਿ।ਸਰਬ ਪ੍ਰਕਾਰ ਅਨੰਦ ਬਹੁ ਕੰਚਨ[14] ਮੰਦਿਰ ਜਾਂਹਿ॥੧੧॥ ਚੌਪਈ॥ ਜਹਿਂ ਗੁਰ ਬੈਸੇ ਨਰ ਬਹੁ ਆਏ। ਹਾਥ ਜੋਰਿ ਪਗ ਸੀਸ ਨਿਵਾਏ।–ਅਪਰ[15] ਦੀਪਕੋ ਸੰਤ ਸਰੂਪਾ–। ਅਸ ਲਖਿ ਆਨਹਿ[16] ਭੇਟ ਅਨੂਪਾ॥੧੨॥ ਮਧੁਰ ਧਰੇ ਫਲ ਰੁਚਿਰ ਅਗਾਰੀ।ਬੈਠੇ ਚਹੁੰਦਿਸ਼ ਅਚਰਜ ਧਾਰੀ।ਸ੍ਰੀਪ੍ਰਭੁਤਿਨ ਸਿਉਂ ਬੈਨਉਚਾਰੇ। 'ਸਭਿ ਬਿਧਿ ਹੈ ਆਨੰਦ ਤੁਮਾਰੇ?॥੧੩॥ਜਿਸ ਪ੍ਰਕਾਰ ਇਸਦੀਪ ਮਝਾਰਾ। ਹਮ ਸੌਂ ਕਹੋ ਸਰਬ ਬਿਵਹਾਰਾ।ਸੁਖ ਦੁਖ ਜੇਤੋ ਹੈ ਤੁਝ ਤਾਈਂ।ਸੋਊ ਸੁਨਾਵਹੁ ਕੂਰ ਬਿਹਾਈ[17]' ॥੧੪॥ ਦੋਹਰਾ ॥ ਨਰ ਬੋਲੇ ਤਿਸ ਦੀਪ ਕੇ, 'ਹੇ ਸੁਖ

[1]ਜਾਣ ਵਾਲੇ। [2]ਫੈਲਾਉ। [3]ਸੁਮੇਰੁ ਪਰਬਤ। [4]ਡੋਡੀ। [5]ਦੇਖ। [6]ਸੋ ਭਾਰਤ ਖੰਡ ਹੀ ਵਿਚਲੀ ਧਰਤੀ ਜਾਣੋ (ਨਵਾਂ ਖੰਡਾਂ ਦੀ)। [7]ਹੋਰ ਦੀਪਾਂ ਖੰਡਾਂ (ਵਿਚ) ਜਾਕੇ ਸੋ (ਪੁਰਸ਼, ਉਨ੍ਹਾਂ ਦੇ) ਫਲ ਭੋਗਦੇ ਹਨ। [8]ਪ੍ਰਕਸ਼=ਸਤਾਂ ਦੀਪਾਂ ਵਿਚੋਂ ਇਕ ਦਾ ਨਾਂ। ਜਿਥੋਂ ਸਰਸ੍ਵਤੀ ਨਿਕਲਦੀ ਹੈ, ਉਸ ਦਾ ਨਾਂ ਬੀ ਪ੍ਰਕਸ਼ ਰਾਜ ਲਿਖਿਆ ਹੈ। [9]ਪ੍ਰਕਸ਼=ਰਾਮ ਅੰਜੀਰ, ਪਿੱਪਲ,ਪੀਲੂ ਬ੍ਰਿੱਛ। [10]ਇਛਾਅਨੁਸਾਰ। [11]ਆਯੂ। [12]ਦੇਵਤਿਆਂ ਵਰਗੇ। [13]ਸੱਤ ਨਦੀਆਂ। [14]ਸੋਨੇ ਦੇ ਸੁਨਹਿਰੀ। [15]ਹੋਰ। [16]ਲਿਆਂਵਦੇ ਹਨ। [17]ਝੂਠ ਛੱਡਕੇ। *ਪਾ:--ਪਲਾਖ--।

Sri Satguru Jagjit Singh Ji eLibrary NamdhariElibrary@gmail.com

ਸਰਬ ਪ੍ਰਕਾਰ।ਤ੍ਰੈ ਦੁਖ ਹੈਂ ਸਭਿਹਿਨਿ ਬਿਖੈ ਸੋ ਹਮ ਕਰਹਿ ਉਚਾਰ॥੧੫॥ ਚੌਪਈ ॥ ਬਡੋ ਆਪ ਤੇ ਜਿਹ ਕੋ ਜਾਨਹਿ। ਤਿਹ ਸੋਂ ਮਨ ਮਹਿਂ ਮਤਸਰ[1] ਠਾਨਹਿ।ਲਘੁ ਕੋ ਦੇਖਿ ਗਰਬ ਉਰ ਧਰਿਹੀਂ।ਜੋ ਸਮ ਹੋਇ ਸਪਰਧਾ[2] ਕਰਿ ਹੀਂ ॥ ੧੬ ॥ ਇਨ ਦੁਖ ਤੇ ਹੈਂ ਨਰ ਦੁਖਵੰਤੇ। ਔਰ ਸਰਬ ਸੁਖ ਸੁਨਹੁ ਬ੍ਰਿਤੰਤੇ।ਸੁਨਿ ਕਰਿ ਬੋਲੇ ਕ੍ਰਿਪਾਨਿਧਾਨਾ।'ਬਚਨ ਹਮਾਰੇ ਕਰਹੁ ਪ੍ਰਮਾਨਾ[3] ॥੧੭॥ ਇਹ ਤੀਨੋ ਦੁਖ ਜਾਇ ਪਲਾਈ[4]। ਸਦਾ ਅਨੰਦ ਰਹੈ ਤੁਮ ਤਾਈਂ'। ਬੂਝਨ ਲਗੇ ਸਿ ਨਰ ਕਰ ਬੰਦੇ। 'ਦੇਹੁ ਸੀਖ[5] ਜਿਵ ਸਦਾ ਅਨੰਦੇ' ॥੧੮॥ ਦੋਹਰਾ॥'ਸਰਬ ਬਿਖੈ ਇਕਰਾਮ ਹੈ ਰਾਮਬਿਨਾਂ ਨਹਿਂ ਕੋਇ।ਐਸੇ ਜਬ ਉਰ ਮੈਂ ਲਖੋ ਦ੍ਵੈਤ ਨ ਕਬਹੂ ਹੋਇ ॥੧੯॥ਚੌਪਈ॥ਦ੍ਰਿੜ੍ਹ ਮਨ ਮਹਿਂ ਇਸ ਬਿਧਿ ਜਬ ਹੋਊ।ਤਬ ਪੁਨ ਦੁਖ ਨ ਬਜਾਪੇ ਕੋਊ। ਸੱਤਿਨਾਮ ਕੋ ਜਾਪ ਜਪੀਜੈ। ਸਤਿਗੁਰ ਸਿਮਰ ਤਿਹਾਵਲ ਕੀਜੈ ॥੨੦ ॥ ਕਰਿ ਅਰਦਾਸਿ ਸਿਖਨ ਮੁਖ ਪਾਵਹੁ।ਤਬ ਦੁਬਿਧਾ ਉਰ ਸਕਲ ਨਸਾਵਹੁ'।ਮ੍ਰਿਦੁਲ ਬਚਨ ਇਸ ਬਿਧਿ ਸੁਨਿ ਗੁਰਕੇ*।ਭੁਏ ਸਿ ਨਰ ਸਿਖ ਸ਼ਰਧਾ ਧਰਿਕੇ॥੨੧॥ ਕਿਤਿਕ ਦਿਵਸ ਤਹਿ ਡੇਰਾ ਰਾਖਯੋ। ਅੱਗ੍ਰਜ ਗਮਨ ਬਹੁਰ ਅਭਿਲਾਖਯੋ। ਦ੍ਵੈ ਲਖ ਜੋਜਨ ਦੀਪ[6] ਬਿਸਾਲਾ। ਉਲੰਘ ਗਏ ਸਗਰੋ ਤਤਕਾਲਾ ॥ ੨੨ ॥ ਬਹੁਰੋ ਆਵਾ ਉਦਧਿ[7] ਅਗਾਰੀ। ਰਸ ਉਖਹਿ[8] ਕੋ ਜੋ ਅਨੁਹਾਰੀ[9]। ਦ੍ਵੈ ਲਛ[10] ਜੋਜਨ ਕੋਰ ਪ੍ਰਮਾਨਾ[11]।ਤਿਹ ਪਰ ਕੀਨ ਪ੍ਰਭੂ ਪ੍ਰਸਥਾਨਾ॥੨੩॥ਪਗ ਅੰਗੁਸ਼ਟ[12] ਨ ਕਿਹ ਠਾਂ ਭੀਨੋ। ਚਲੇ ਸੁਖ ਸੋਂ ਹਮ ਭੀ ਤੀਨੋ†।ਪਾਰ ਕਰਾਰ[13] ਹੁਤੋ ਜਿਹ ਥਾਈਂ। ਤਹਿ ਪਹੁੰਚੇ ਜਸਪਦ[14] ਜਗਸਾਈਂ॥੨੪॥ ਸ਼ਾਲਮਲੀ[15] ਸੋ ਦੀਪ ਸੁਹਾਵਾ। ਸਿੰਮਲ ਬ੍ਰਿੱਖ ਨਾਮ ਤੇ ਪਾਵਾ। ਬੈਠੇ ਨਗਰ ਬਿਖੈ ਗੁਰ ਜਾਈ। ਨਰ ਆਇ ਮਿਲਿ ਬਹੁ ਤਿਹ ਥਾਈਂ ॥੨੫॥ ਦੋਹਰਾ ॥ ਬੰਦਨ ਕਰਿ ਢਿਗ ਬੈਠਿਹੀ ਪੁਨ ਨਿਜ ਜਾਹਿਂ ਅਵਾਸ। 'ਆਨ ਦੀਪ ਕੋ ਸੰਤ ਹੈ' ਸੁਧ ਹੋਈ ਨ੍ਰਿਪ ਪਾਸ ॥ ੨੬ ॥ ਚੌਪਈ ॥ ਉੱਤਮ ਬਹੁਤ ਉਪਾਇਨ ਲਯਾਯੋ। ਆਇ ਗੁਰੂ ਪਗ ਸੀਸ ਨਿਵਾਯੋ। ਬੈਠਯੋ ਜਬ ਪ੍ਰਭੁ ਬਚਨ ਬਖਾਨਾ। 'ਲੇ ਜਾਵਹੁ ਇਹ ਭੇਟ ਰਜਾਨਾ! ॥੨੭॥ ਕਛੂ ਨ ਹਮਾਰੇ ਆਵਹਿ ਕਾਜੂ। ਨਾਮ ਨ

[1]ਈਰਖਾ। [2]ਬਖੀਲੀ। [3]ਚੰਗੀ ਤਰ੍ਹਾਂ ਮੰਨਣਾ ਕਰੋ। [4]ਦੂਰ ਹੋ ਜਾਣਗੇ। [5]ਸਿੱਖਯਾ। [6]ਕ੍ਰਾਵ ਦੇਸ਼। [7]ਸਮੁੰਦ੍ਰ। [8]ਗੰਨੇ ਦੇ ਰਸ। [9]ਵਰਗਾ। [10]ਦੋ ਲੱਖ। [11]ਅੰਦਾਜ਼ੇ ਦਾ। [12]ਪੈਰ ਦਾ ਅੰਗੂਠਾ। [13]ਪਾਰਲਾ ਕਿਨਾਰਾ। [14]ਛੇਤੀ। [15]ਇਕ ਦੀਪ ਦਾ ਨਾਮ। (ਅ) ਸਿੰਮਲ ਬ੍ਰਿੱਛ।

*ਪਾ:-ਕਰਿਕੇ। †ਪਾ:-ਚਲੇ ਗਏ ਸੁਖ ਸੋਂ ਹਮ ਤੀਨੋਂ।

Sri Satguru Jagjit Singh Ji eLibrary NamdhariElibrary@gmail.com

ਜਪਹੁ ਜਨਮ ਕੋ ਲਾਜੁ'। ਹਾਥ ਜੋਰਿ ਕਰਿ ਭੂਪ ਉਚਾਰੈ। 'ਨਿਜ ਉਪ-
ਦੇਸ਼ ਦੇਹੁ ਹਮ ਧਾਰੈਂ ॥ ੨੮ ॥ ਤੁਮ ਹੋ ਸੰਤ ਪ੍ਰਮੇਸੁਰ ਰੂਪਾ। ਸਭਿ ਤੇ
ਮਹਿਮਾਂ ਅਧਿਕ ਅਨੂਪਾ'। ਕੀਨਿ ਬਿਨੈ ਬਹੁ ਕਹਿ ਵਡਿਆਈ। ਤਬ
ਸ੍ਰੀਨਾਨਕ ਗਿਰਾ ਅਲਾਈ॥੨੯॥ਦੋਹਰਾ॥'ਸੱਤਿਨਾਮ ਕੋ ਜਾਪ ਮੁਖ ਕਰਿਕੈ
ਸਦਾ ਉਚਾਰਿ। ਪੰਚਾਂਮ੍ਰਿਤ ਗੁਰ ਕੋ ਕਰਹੁ ਇਤ ਉਤ ਨਿਤ ਸੁਖ ਸਾਰ'
॥੩੦॥ ਚੌਪਈ ॥ ਮਾਨੇ ਸਤਿਗੁਰ ਕੇ ਬਚ ਜਬਹੀ। ਪਾਹੁਲ ਪਗ ਕੀ ਦੀਨੀ
ਤਬਹੀ॥ਸਿੱਖ ਭਏ ਬਹੁਤੇ ਨਰ ਆਏ।ਨਾਮ ਦਾਨ ਇਸ਼ਨਾਨ ਦ੍ਰਿੜਾਏ॥੩੧
॥ਕੇਤਿਕ ਦਿਨ ਗੁਰ ਤਹਾਂ ਗੁਜਾਰੇ।ਨ੍ਰਿਪ ਕੇ ਸਦਨ ਰਹੇ ਦੁਖਟਾਰੇ। ਬਿਦਾ
ਹੋਇ ਪ੍ਰਭੁ ਕੀਨ ਪਯਾਨਾ। ਚਤੁਰ ਲੱਛ ਜੋਜਨ ਪਰਮਾਨਾ ॥੩੨॥ ਦੋਹਰਾ॥
ਸਿੰਧੁ ਬਾਰਨੀ[1] ਕੋ ਜਹਾਂ ਦੀਪ ਸਰਸ ਬਿਸਥਾਰ। ਲੀਨ ਉਛਾਰੀ ਤਹਾਂ ਤੇ
ਗਏ ਉਦਧਿ[2] ਕੇ ਪਾਰ॥੩੩॥ ਚੌਪਈ॥ ਪਹੁੰਚੇ ਦੀਪ ਹੁਤੋ ਕੁਸ਼ ਨਾਮੂ। ਕੁਸ਼ਾ
ਬੂਟ ਤਾਂ ਮੈਂ ਅਭਿਰਾਮੂ। ਯਾਂ ਤੇ ਕੁਸ਼ ਤਿਹ ਨਾਮ ਕਹੀਜੈ।ਭੋਗਤਿ ਸੁਖ ਜੋ
ਜੰਬੁ[3] ਕੀਜੈ[4] ॥੩੪॥ ਬੈਠੇ ਸ੍ਰੀ ਪ੍ਰਭੁ ਪੁਰਿ ਮਹਿ ਜਾਇ।ਨਰ ਸਮੀਪ ਆਏ
ਸਮੁਦਾਇ। ਬਿਸਮਾਏ ਦੇਖੇ ਨਰ ਨਾਰੀ। ਬੰਦਹਿ ਭੇਟਾ ਧਰਹਿ ਅਗਾਰੀ॥
੩੫॥ਦੋਹਰਾ॥—ਅਪਰ ਦੀਪ ਕੋ ਸੰਤ ਇਹੁ ਸਿੰਧੁ ਲੰਘਿ ਕਰਿ ਆਇ—।ਅਚ-
ਰਜ ਮਨ ਮਹਿ ਮਾਨਿਕੈ ਆਨ ਲਗਹਿ ਸਭਿ ਪਾਇ॥੩੬॥ਚੌਪਈ॥—ਕਲਾ-
ਵਾਨ. ਸਮਰੱਥ ਮੁਕੰਦਾ।ਸੰਤ ਰੂਪ ਸਭਿ ਦੇਖ ਨਿਕੰਦਾ—।ਐਸੇ ਜਾਨਿ ਸੁਨਹਿ
ਉਪਦੇਸ਼ੂ।ਕਰਿ ਦਰਸ਼ਨ ਭੀ ਭਗਤਿ ਪ੍ਰਵੇਸ਼ੂ॥੩੭॥ਸ੍ਰੀ ਗੁਰ ਤਿਨ ਸੋਂ ਬਚਨ
ਸੁਨਾਵੈ। 'ਸੱਤਿਨਾਮ ਤੇ ਗਤਿ ਹੁਇ ਜਾਵੈ। ਸੰਤਨ ਸੇਵਾ ਉਰ ਮਹਿ ਧਾਰੋ।
ਭੋਗ ਲਾਲਸਾ ਰਿਦੈ ਬਿਸਾਰੋ ॥ ੩੮ ॥ ਪੂਰਬ[5] ਪੁੰਨ ਬਾਦ[6] ਨਹਿ ਖੋਵਹੁ।
ਪਰਮਪਦੈ[7] ਅਧਿਕਾਰੀ ਹੋਵਹੁ। ਸੁੱਧ ਆਤਮੇ ਨਾਮ ਜਪੀਜੈ। ਮਨ ਬਿਕਾਰ
ਸਭਿ ਨਾਸ਼ ਕਰੀਜੈ' ॥ ੩੯ ॥ ਦੋਹਰਾ ॥ ਸੁਨਿ ਗੁਰ ਤੇ ਸਿਮਰਨ ਲਗੇ ਸ਼ੁੱਧ
ਆਤਮੈ ਨਾਮ। ਦਰਸ਼ਨ ਕਰਿ ਨਿਰਮਲ ਭਏ ਭਿਰੇ[8] ਭਗਤਿ ਅਭਿਰਾਮ
॥੪੦॥ ਚੌਪਈ॥ ਸੇਵਕ ਭਏ ਬਹੁਤ ਨਰ ਆਇ। ਪਾਹੁਲ ਪਗ ਲੇਵਹਿ ਸੁਖ
ਪਾਇ।ਨਾਮ ਜਪਾਇ ਭਗਤਿ ਪ੍ਰਗਟਾਈ। ਚਲੇ ਤਹਾਂ ਤੇ ਲੀਨਿ ਬਿਦਾਈ॥
੪੧॥ ਅਸ਼ਟ ਲੱਛ ਜੋਜਨ ਪਰਮਾਨਾ। ਉਲੰਘ ਗਏ ਸਭਿ ਮਧਾ ਨਿਧਾਨਾ।

---

[1]ਸਮੁੰਦਰ ਸ਼ਰਾਬ ਦਾ। [2]ਸਮੁੰਦਰ। [3]ਜੋ ਜੰਬੂ ਵਿਚ। [4]ਕਰੀਦੇ ਹਨ (ਪੁੰਨ)। [5]ਪਿਛਲੇ।
[6]ਵਿਅਰਥ। [7]ਮੁਕਤੀ। [8]ਭਿੱਜ ਗਏ।

Sri Satguru Jagjit Singh Ji eLibrary NamdhariElibrary@gmail.com

ਆਵਾ ਸਾਗਰ ਘ੍ਰਿਤ[1] ਅਗਾਰੇ। ਦੀਪ ਸਮਾਨ[2] ਤਾਂਹਿ ਬਿਸਤਾਰੇ॥ ੪੨॥ ਤਿਹ ਪਰ ਗਮਨੇ ਦੀਨ ਦਇਆਲਾ। ਸਗਰੇ ਉਲੰਘ ਗਏ ਤਤਕਾਲਾ। ਜਾਵਤਿ ਨਗਰਬਿਲੋਕਤਿ ਏਕੂ।ਤਿਹਮਹਿ ਬੈਠਨੋ ਜਲਧਿ[3]ਬਿਬੇਕੂ[4]॥੪੩॥ ਦੋਹਰਾ॥ਕ੍ਰੌਂਚ[5]ਨਾਮ ਤਿਹ ਦੀਪ ਕੇ ਨਰ ਸੁੰਦਰ ਸਮੁਦਾਇ। ਸੁਖ ਬਿਲਾਸ* ਭੋਗਹਿਂ ਘਨੋ ਰਹੇ ਬਿਸ਼ੈ ਲਪਟਾਇ ॥੪੪॥ਚੌਪਈ॥ਸ੍ਰੀਗੁਰ ਕੋ ਜਬਹੀ ਨਰ ਦੇਖਾ।ਢਿਗ ਆਏ ਧਰਿ ਭਾਉ ਵਿਸ਼ੇਖ॥ਬੰਦਨ ਕਰਿਹੀਂ ਬੈਨ ਸਮੀਪਾ।ਸੁਨਿ ਕੈ ਸੁਧ ਆਯੋ ਅਵਨੀਪਾ ॥੪੫॥ ਧਰਿਕੈ ਸ਼ਰਧਾ ਦਰਸ਼ਨ ਕਰਿਹੀ। ਅਤਿ ਮਹਿਮਾ ਕੇ ਬਚਨ ਉਚਰਿਹੀ।ਦੇਨੇ ਹੇਤੁ ਸੁਮਤਿ ਤਿਨ ਤਾਈਂ। ਮ੍ਰਿਦੁਲ ਬਚਨ ਬੋਲੇ ਜਗ ਸਾਈਂ॥੪੬॥ 'ਬਲੀ ਕਾਲ ਭਗਵਾਨ[6]ਅਪਾਰ[7]। ਭੱਖਤਿ ਹੈ[8]ਸਗਰੋ ਸੰਸਾਰ॥ਸੁਰ ਬ੍ਰਹਮਾਦਿਕ ਤੇ ਹੈਂ ਜੇਤੇ।ਪੰਨਗ[9]ਮਾਨਵ ਦਾਨਵ[10] ਕੇਤੇ ॥੪੭॥ ਅਪਰ ਸਮਰਥ ਸਰਬ ਬਿਧਿ ਜੋਊ। ਤਿਹ ਕੇ ਆਗੇ ਛੁਟੈ ਨ ਕੋਊ॥ਜਿਉ ਦਾਨੇ ਕੋ ਚਾਬਤਿ ਚਾਕੀ[11]।ਤਿਉਂ ਨ ਬਚੈ ਕੁ ਅਗਾਰੀ ਵਾਂ ਕੀ॥ ੪੮॥ ਭੈ ਕਰਿ ਸ਼ਰਨ ਗਹੋ ਤੁਮ ਤਾਂਕੀ।ਸਮਤਾ ਕਰਿ ਨ ਸਕੈ ਕੋ ਜਾਂ ਕੀ। ਜਿਉਂ ਕੀਲੀ ਢਿਗ ਰਹੇ ਜੁ ਦਾਨੇ। ਉਬਰਹਿ ਸੋ ਉਰ ਲੇਹੁ ਪਛਾਨੋ॥੪੯॥ ਤਿਉਂ ਤੁਮ ਨਾਮ ਜਪਹੁਗੇ ਜਬਹੀ। ਜਨਮ ਮਰਨ ਤੇ ਛੁਟਿਹੋ ਤਬਹੀ। ਹੁਜੈ ਬਿਖੈ ਬਿਲਾਸ ਨਿਰਾਸੇ। ਜਪਹੁ ਨਾਮ ਸਤਿਗੁਰ ਭਰਵਾਸੇ' ॥ ੫੦ ॥ ਇਸ ਪ੍ਰਕਾਰ ਤਿਨ ਦੇ ਉਪਦੇਸ਼ਾ। ਕੇਤਿਕ ਦਿਵਸ ਬਸੇ ਜਗਤੇਸ਼ਾ। ਸਤਿ-ਸੰਗਤਿ ਕੀ ਰੀਤਿ ਚਲਾਈ। ਭਾਉ ਭਗਤਿ ਨੀਕੇ ਪ੍ਰਗਟਾਈ ॥੫੧॥ਬਿਦਾ ਹੋਇ ਬਹੁਰੋ ਪ੍ਰਸਥਾਨੇ। ਖੋੜਸ ਜੋਜਨ ਤਾਂਹਿ ਪ੍ਰਮਾਨੇ। ਸਗਰੋ ਛੋਡਿ ਗਏ ਗੁਰ ਜਬਹੀ। ਸਿੰਧੁ ਦੂਧ ਕੋ ਆਯੋ ਤਬਹੀ ॥ ੫੨ ॥ ਦੀਪ 'ਸਮਾਨ ਹੁਤੋ ਬਿਸਥਾਰ।ਤਿਹ ਪਰ ਗਮਨੇ ਪ੍ਰਭੂ ਉਦਾਰ। ਤੂਰਨ ਪਹੁੰਚੇ ਪਾਰ ਕਰਾਰੇ। ਗਏ ਅਗਾਰੇ ਦੀਪ ਮਝਾਰੇ ॥ ੫੩॥ ਦੋਹਰਾ ॥ ਬਹਿਤਿ ਦੂਧ ਕੀ ਨਦੀ ਬਹੁ ਮਿਸਰੀ ਕੇ ਗਿਰ ਭੂਰ। ਜਿਹ ਸੁੰਦਰ ਨਾਰੀ ਅਧਿਕ ਜਨੋਂ ਅਪਸਰ[12] ਤਨ ਰੂਰ[13]॥੫੪॥ ਚੌਪਈ॥ ਜਿਸ ਪੁਰਿ ਮਹਿਂ ਹੋਤੋ ਅਵਨੀਪ। ਬੈਠੇ ਤਹਿ ਬੇਦੀ ਕੁਲ ਦੀਪਾ। ਨਾਮ ਦੀਪ ਕੋ ਸਾਖ[14] ਬਤਾਯੋ। ਭੋਗਹਿ ਸੁਖ ਬਿਸਾਲ ਮਨ

[1]ਘਿਉ ਦਾ। [2]ਵਾਂਙੂ। [3]ਸਮੁੰਦਰ। [4]ਗਜ਼ਨ ਦੇ ਸਮੁੰਦਰ (ਗੁਰੂ ਜੀ)। [5]ਨਾਮ ਦੀਪ ਦਾ, (ਅ) ਅਸਾਮ ਦੇ ਉਤਰ ਇਕ ਪਹਾੜ ਦਾ ਨਾਮ। [6]ਮ੍ਰਿਤੂ। [7]ਬੜਾ। [8]ਖਾਂਦਾ ਹੈ। [9]ਸੱਪ। [10]ਦੈਂਤ। [11]ਚੱਕੀ। [12]ਪਰੀਆਂ। [13]ਸੁੰਦਰ। [14]ਸੰਸ:—ਸ਼ਾਕ=ਸਾਗਵਾਨ ਦਾ ਬ੍ਰਿਛ। *ਪਾ:—ਬਿਸਾਲ।

Sri Satguru Jagjit Singh Ji eLibrary NamdhariElibrary@gmail.com

ਭਾਯੋ ॥ ੫੫ ॥ ਗੁਰ ਅਵਲੋਕੇ ਜਬ ਨਰ ਨਾਰੀ। ਕਲਾਵਾਨ ਜਾਨੇ ਤਬ ਭਾਰੀ।ਆਨਿ ਉਪਾਇਨ ਧਰੈਂ ਅਗਾਰੀ। ਬੰਦਹਿਂ ਚਰਨ ਕਮਲ ਸੁਖਕਾਰੀ॥ ੫੬॥ਬਚਨ ਸੁਨਨ ਕੀ ਲਾਲਸ ਕਰਿਕੈ।ਬੈਠੇ ਨਿਕਟ ਭਾਉ ਉਰ ਧਰਿਕੈ। ਤਿਨ ਸੋਂ ਬੋਲੇ ਗਿਰਾ ਗੁਸਾਈਂ।'ਜਪਹੁ ਨਾਮ ਹੁਇ ਅੰਤ ਸਖਾਈ ॥੫੭॥ ਜਿਹ ਕੀ ਚੇਤਨਸੱਤਾ ਐਸੇ । ਹਾਰ ਪਰੇ ਸਭਿ ਲਖਹਿ ਨ ਕੈਸੇ। ਸੂਛਮ ਅਤਿਸ਼ੈ ਗੁਪਤ ਮਹਾਨੇ। ਮੁਨਿ ਜਨ ਸਭਿਹਿ ਬਿਅੰਤ ਬਖਾਨੇ ॥੫੮॥ ਜਿਹ ਸਮਾਨ ਪ੍ਰ... ਪ੍ਰਗਟ ਨ ਕੋਊ। ਰੂਪ ਅਚਰਜ ਜਾਨਿਯੇ ਸੋਊ। ਜਿਸ ਬਿਨ ਸਰਬ ਰਿਖੀਕ[੧] ਜਿ ਆਹੀਂ। ਕ੍ਰਿਆ ਏਕ ਕਰਿ ਸਕਹੀਂ ਨਾਂਹੀ ॥੫੯॥ ਗੁਪਤ ਪ੍ਰਗਟ ਅਤਿ ਸੱਤਯਾ ਜਾਂਹੀ। ਸਮਤਾ ਕੋ ਨ ਸਕੈ ਕਰਿ ਤਾਂਹੀ।ਤਿਹ ਕੀ ਸ਼ਰਨ ਪਰਹੁ ਸੁਖ ਪਾਵਹੁ। ਮਨ ਮਲੀਨਤਾ ਸਰਬ ਮਿਟਾਵਹੁ ॥੬੦॥ ਬਿਸ਼ੈ ਅਨੰਦ ਰੂਪ ਪਹਿਚਾਨਹੁ।ਨੀਰ[੨]ਕਟੋਰੇ ਕੇ ਸਮ ਮਾਨਹੁ। ਨਸ਼ਟ, ਜੂਠ,ਸੀਤ,ਉਸ਼ਨਾਦਿਕ[੩]। ਤਿਸ ਮਹਿਂ ਦੋਖ ਲਖਹੁ ਇਤਯਾਦਿਕ ॥੬੧॥ ਬਹੁਰ ਸੁਨੋ ਭਜਨਾਨੰਦ ਜੋਊ।ਨਦੀ ਨੀਰ ਲਖਿਯੇ ਜਿਉਂ ਸੋਊ। ਬਢਨ ਘਟਨ ਤਾਂਮਹਿ[੪]ਇਹ ਹੋਵਤਿ।ਪਾਛਲ ਦੋਖਨ ਕੋ ਸਭਿ ਖੋਵਤਿ॥੬੨॥ਪੁਨ ਗਯਾਨਾਨੰਦ ਜਾਨਹੁ ਐਸੇ। ਸਾਗਰ[੫] ਜਲ ਅਪਾਰ[੬] ਹੁਇ ਜੈਸੇ। ਦੋਖ ਬਿਹੀਨ ਸਦਾ ਇਕ ਸਾਰਾ। ਜੋ ਪਾਵਹਿ ਤੇ ਤਰੈਂ ਸੰਸਾਰਾ॥੬੩॥ਯਾਂਤੇ ਤੁਮ ਜਪ ਕਰਿ ਸ੍ਰੀ ਰਾਮੂ।ਪਾਇ ਗਯਾਨ ਪਹੁੰਚਹੁ ਸੁਖ ਧਾਮੂ। ਇਹ ਤਨ[੭]ਕਰਮ ਤਰੋਵਰੁ[੮] ਜਾਨਹੁ। ਹੈ ਅਰੋਗਤਾ ਸਾਖਾ[੯] ਮਾਨਹੁ ॥ ੬੪ ॥ ਜਲ ਸਿੰਚਨ ਕਰਨੋ ਧ੍ਰਮ ਹੀ ਕਾ[੧੦]। ਸਿਮਰਨ ਨਾਮ ਪੁਸ਼ਪ[੧੧] ਭਾ ਨੀਕਾ। ਭਯੋ ਗਯਾਨ ਫਲ ਲਾਗਯੋ ਰੂਰਾ[੧੨]।ਮਗਨ ਅਨੰਦ ਰਹਯੋ ਰਸ ਪੂਰਾ॥੬੫॥ ਅਸ ਬਿਚਾਰਿ ਮਨ ਤਜਹੁ ਬਿਕਾਰਾ। ਸਿਮਰਹੁ ਸਦਾ ਨਾਮ ਕਰਤਾਰਾ'। ਇਹ ਉਪਦੇਸ਼ ਦੀਨ ਤਿਨ ਤਾਈਂ।ਕਿਤਿਕ ਦਿਵਸ ਰਹਿ ਕਰਿ ਜਗ ਸਾਈਂ॥੬੬॥ ਬਹੁਰੋ ਕੀਨੋ ਗਮਨ ਅਗਾਰੀ।ਧਰਾ ਦੀਪ ਕੀ ਉਲੰਘੇ ਸਾਰੀ। ਬਤੀਸ ਜੋਜਨ ਬੋ ਬਿਸਥਾਰਾ। ਮਧੁ ਸਾਗਰ[੧੩] ਕੋ ਆਇ ਕਰਾਰਾ[੧੪] ॥ ੬੭ ॥ ਦੀਪ ਸਮਾਨ

[੧]ਇੰਦ੍ਰੀਆਂ। [੨]ਜਲ। [੩](ਕਟੋਰੇ ਦਾ ਜਲ) ਡੁਲ੍ਹ ਜਾਂਦਾ ਹੈ, ਜੂਠਾ, ਠੰਢਾ ਤੇ ਗਰਮ ਭੀ ਹੋ ਜਾਂਦਾ ਹੈ। [੪]ਨਦੀ ਦੇ ਜਲ ਵਿਚ। [੫]ਸਮੁੰਦਰ ਦਾ। [੬]ਬਿਅੰਤ। [੭]ਸਰੀਰ। [੮]ਕਰਮਾਂ ਦਾ ਬ੍ਰਿੱਛ। [੯]ਅਰੋਗਤਾ ਹੋਣ ਨੂੰ ਟਾਹਣੀਆਂ। [੧੦]ਧਰਮ ਦਾ ਕਰਨਾ ਇਹ ਜਲ ਸਿੰਜਣਾਂ ਹੈ। [੧੧]ਫੁੱਲ। [੧੨]ਸੁੰਦਰ। [੧੩]ਮਧੁ ਸਮੁੰਦਰ। [੧੪]ਕਿਨਾਰਾ।

Sri Satguru Jagjit Singh Ji eLibrary NamdhariElibrary@gmail.com

ਹੁਤੋ ਪਰਮਾਨਾ । ਪਾਰ ਗਏ ਤਿਹ ਕ੍ਰਿਪਾ ਨਿਧਾਨਾ । ਆਵਾ ਪੁਸ਼ਕਰ ਦੀਪ ਅਗਾਰੀ । ਪਹੁੰਚੇ ਤਿਹ ਕੇ ਜਾਇ ਅਗਾਰੀ॥੬੮॥ ਰੁਚਿਰ ਬਿਲੋਕਿ ਨਗਰ ਤਿਹ ਮਾਂਹੀ।ਸੱਤਿਨਾਮ ਉਪਦੇਸ਼ ਤਹਾਂਹੀ । ਕਰਨੀ ਸੰਤਨ ਸੇਵ ਸਿਖਾਈ। ਭਾਉਭਗਤਿ ਅਭਿਰਾਮ ਦ੍ਰਿੜਾਈ॥੬੯॥ਤਹਿਂਤੇ ਚਲਿ ਪਹੁੰਚੇ ਪ੍ਰਭੁ ਤਹਿਂਵਾ। ਹੁਤੋ ਸਪਤਵੋਂ ਸਾਗਰ ਜਹਿਂਵਾ।ਤਟ ਪਰ ਠਾਂਢੇ ਕ੍ਰਿਪਾਨਿਧਾਨਾ। ਮਰਦਾਨੇ ਕੋ ਬਚਨ ਬਖਾਨਾ ॥ ੭੦ ॥'ਇਹੀ ਸਪਤਮੋਂ ਦੀਪ ਜਨੀਜੈ । ਚੌਸਠ ਲਖ ਜੋਜਨ ਲਖਿ ਲੀਜੈ । ਇਸ ਸਮਾਨ ਇਹ ਸਾਗਰ ਜਾਨਹੁ ।ਮਿਸ਼ਟ ਨੀਰ[1] ਕੋ ਸਰਬ ਪਛਾਨਹੁ' ॥ ੭੧॥ ਸੁਨਿਕੈ ਪ੍ਰਸ਼ਨ ਕੀਨ ਮਰਦਾਨੇ । 'ਇਸ ਤੇ ਪਰ ਕਹਾਂ[2]?ਕਰਹੁ ਬਖਾਨੇ। ਰਹੈਂ ਕੌਨ, ਕੈਸੀ ਹੈ ਧਰਨੀ? । ਪਹੁੰਚੇ ਤਹਾਂ ਕੌਨ ਕਰਿ ਕਰਨੀ' ॥ ੭੨ ॥ ਅੰਤਰਜਾਮੀ ਗਿਰਾ ਉਚਾਰੀ । 'ਸੁਰ, ਨਰ, ਦਾਨਵ ਕੋ ਨ ਅਗਾਰੀ। ਕੰਚਨ[3] ਕੀ ਛਿਤ[4] ਕੇਤਿਕ ਜਾਨਾ।ਤਿਹ ਤੇ ਪਰੇ ਪਹਾਰ ਮਹਾਨਾ॥੭੩॥ਲੋਕਾਲੋਕ ਨਾਮ ਹੈ ਜਾਂ ਕੋ। ਬਹੁ ਬਿਸਤਾਰ ਜਾਨੀਅਹਿ ਤਾਂ ਕੋ । ਚੌਫੇਰੇ ਦੀਪਨ ਕੇ ਸੋਊ । ਤਿਸ ਤੇ ਪਰੇ ਨ ਅਵਨੀ ਕੋਊ ॥ ੭੪ ॥ ਇਸ ਤੇ ਉਰੇ ਪ੍ਰਕਾਸ਼ਹਿ ਸਾਰੇ । ਮਾਰਤੰਡ[5], ਸਾਗਰਸੁਤ[6], ਤਾਰੇ । ਪਰੈ ਨ ਕਾਂ ਕੋ ਹੋਇ ਪ੍ਰਕਾਸ਼ਾ । ਗਾਢੋ ਬਡੋ ਅੰਧੇਰੋ ਰਾਸਾ[7] ॥੭੫ ॥ਦੋਹਰਾ॥ ਜੋ ਦ੍ਵਾਦਸ਼ ਸੂਰਜ ਚੜਹਿ ਸਰਬ ਸ਼ਜਾਮ[8] ਹੁਇ ਜਾਇ। ਅਬ ਚਲਿ ਜੰਬੂ ਦੀਪ ਕੋ ਧਰਤਿ ਪੁਨੀਤ ਸੁਹਾਇ' ॥ ੭੬ ॥ ਚੌਪਈ ॥ ਅਸ ਕਹਿ ਸ੍ਰੀ ਗੁਰ ਲੀਨਿ ਉਡਾਰੀ । ਜੰਬੂ ਆਵਨ ਇੱਛਾ ਧਾਰੀ।ਮਨ ਚਿਤਵਨ ਜਿਉਂ[9] ਤਹਾਂ ਸਿਧਾਏ। ਸਰਬ ਦੀਪ*ਤਜਿ ਕਰਿ ਸੋ ਆਏ ॥ ੭੭ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਦੀਪਨ ਪ੍ਰਸੰਗ' ਬਰਨਨੰ ਨਾਮ ਉਨੀਸਵੋਂ ਅਧਯਾਯ ॥ ੧੯ ॥

---

[1]ਮਿੱਠੇ ਜਲ ਦਾ। [2]ਪਰੇ ਕੀ ਹੈ ? । [3]ਸੋਨੇ। [4]ਧਰਤੀ। [5]ਸੂਰਜ। [6]ਚੰਦਰਮਾ । [7]ਸਮੂਹ । [8]ਕਾਲੇ। [9]ਮਨ ਦੇ ਸੰਕਲਪ ਵਾਂਙੂ ।

*ਸੱਤ ਦੀਪ ਜਿਨ੍ਹਾਂ ਦਾ ਇਸ ਅਧਯਾਯ ਵਿਚ ਵਰਣਨ ਆਇਆ ਹੈ ਪੌਰਾਣਕ ਵੰਡ ਪ੍ਰਿਥਵੀ ਦੀ ਹੈ, ਹਿੰਦੀ ਕੋਸ਼ਕਾਰਾਂ ਨੇ ਇਸ ਵੰਡ ਨੂੰ ਕਲਪਿਤ ਲਿਖਿਆ ਹੈ । ਕਵਿ ਜੀ ਨੇ ਇਹ ਵੰਡ ਹਿੰਦਾਲੀ ਜਨਮ ਸਾਖੀ ਤੋਂ ਲਈ ਹੈ, ਜਿੱਥੇ ਥੋੜੇ ਜਹੇ ਦੀਪ ਦਿੱਤੇ ਹਨ । ਪਤਾ ਨਹੀਂ ਅਸਲ ਜਨਮ ਸਾਖੀ ਵਿਚ ਕਿਵੇਂ ਸੀ। ਹਿੰਦਾਲੀਏ ਨੇ ਜੋ ਅਸਥਾਨਾਂ ਨੂੰ ਪੌਰਾਣਕ ਰੂਪ ਦਿੱਤਾ ਹੈ ਉਸ ਨੇ ਅਸਲ ਟਿਕਾਣੇ ਭੁਲਾ ਦਿੱਤੇ ਹਨ । ਸ਼ੱਕ ਹੁੰਦਾ ਹੈ ਕਿ ਆਸਾਮ ਬ੍ਰਹਮਾ ਤੋਂ ਅੱਗੇ ਮਲਾਇਆ ਸਮਾਟਰਾ ਜਾਵਾ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

੨੦. [ਗੁਰ ਚਰਣ ਮੰਗਲ । ਸਿੱਧਾਂ ਨਾਲ ਗੋਸ਼ਟ]

ਦੋਹਰਾ ॥ ਸ੍ਰੀ ਗੁਰ ਚਰਨ ਸਰੋਜ ਕੋ ਰਿਦੈ ਧ੍ਯਾਨ ਧਰਿ ਰੋਜ ।
ਪਾਇ ਸੁਮਤਿ ਕੋ ਓਜ ਅਤਿ ਨਿਜ ਸਰੂਪ ਕੋ ਖੋਜਿ ॥ ੧ ॥

{ਰੋਜ=ਹਰ ਦਿਨ, ਨਿੱਤ [ਫਾਰਸੀ:-ਰੋਜ਼] । ਓਜ=ਬਲ, ਪ੍ਰਬੀਨਤਾ}

ਅਰਥ—ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਹਿਰਦੇ (ਵਿਚ) ਨਿੱਤ ਧਾਰਨ ਕਰਕੇ ਸ੍ਰੇਸ਼ਟ ਬੁਧੀ ਦਾ (ਮੈਂ) ਬਹੁਤਾ ਬਲ ਪ੍ਰਾਪਤ ਕੀਤਾ ਹੈ (ਜਿਸ ਨਾਲ ਹੁਣ) ਨਿਜ ਸਰੂਪ ਦੀ ਖੋਜ (ਵਿਚ ਲੱਗ ਰਿਹਾ ਹਾਂ) । ਅਥਵਾ—(ਹੇ ਮਨ ! ਯਾ ਹੇ ਜਗਯਾਸੂ !) ਸ੍ਰੀ ਗੁਰੂ ਜੀ ਦੇ ਚਰਨਾਂ ਕਮਲਾਂ ਦਾ ਧਿਆਨ ਰਿਦੇ ਵਿਚ ਸਦਾ ਧਰ, (ਜਿਸ ਤੋਂ ਤੂੰ) ਸੁਮਤਿ ਦਾ ਬਹੁਤ ਬਲ (ਪਾਕੇ) ਨਿਜ ਸਰੂਪ ਦੇ ਖੋਜ (ਅਥਵਾ ਗਯਾਨ ਨੂੰ) ਪ੍ਰਾਪਤ ਹੋਵੇਂ ।

ਸ੍ਰੀ ਬਾਲਾ ਸੰਧੁਰੂ ਬਾਚ ॥ ਚੌਪਈ ॥ ਸ੍ਰੀ ਅੰਗਦ ਸੁਨੀਏ ਗੁਨ ਪੂਰਨ । ਆਏ ਜੰਬੂ ਮਹਿ ਪੁਨ ਤੂਰਨ । ਸਹਿਜ ਸੁਭਾਇਕ ਆਇ ਸੁਹੇਲੇ[1] । ਹੋਤਿ ਭਯੋ ਸਿੱਧਨ ਸੋਂ ਮੇਲੋ॥੨॥ਗੋਰਖ ਤਪ ਕੋ ਹੁਤੋ ਸਥਾਨਾ।ਬੈਠਿ ਗਏ ਤਹਿ ਕ੍ਰਿਪਾ-ਨਿਧਾਨਾ।ਸਭਿ ਸਿੱਧਨ ਮਿਲਿ ਇਕ ਤਿਲ ਲੀਨੋ।ਗੁਰ ਆਗੇ ਭੇਟ ਸੁ ਧਰਿ

---

[1]ਸੁਖ ਨਾਲ ਆਏ ।

[illegible] (ਪਿਛਲੇ ਪੰਨੇ ਦੀ ਬਾਕੀ ਤੁਕ)

ਆਦਿ ਪੂਰਬ ਦੱਖਣੀ ਦੀਪ—ਸਮੂਹਾਂ ਦੇ ਸਿਰ ਦੇ ਖਯਾਲਾਤ ਇੰਝ ਢਾਲੇ ਗਏ ਹਨ ।

ਜੇ ਉਂਞ ਨਾਮਾਂ ਦੇ ਮੇਲ ਲੱਭੀਏ ਤਾਂ ਪੁਸ਼ਕਰ ਤੀਰਥ ਹੈ ਅਜਮੇਰ ਦੇ ਨੇੜੇ । ਕ੍ਰੌਂਚ ਪਰਬਤ ਹੈ ਆਸਾਮ ਦੇ ਉੱਤਰ । ਸ਼ਾਕ ਉਹ ਇਲਾਕਾ ਹੈ ਜੋ ਈਰਾਨ ਤੇ ਤੁਰਕਿਸਤਾਨ ਦੇ ਵਿਚਕਾਰ ਹੈ ਤੇ ਆਕਸਸ ਨਦੀ ਜਿਸ ਵਿਚ ਵਹਿੰਦੀ ਹੈ । ਇਥੇ ਕਦੇ ਆਰਯ ਤੇ ਸ਼ਾਕਾ ਲੋਕ ਵਸਦੇ ਸਨ । ਸ੍ਰੀ ਕ੍ਰਿਸ਼ਨ ਜੀ ਦੇ ਪੋਤ੍ਰੇ ਨੇ ਜੱਗ ਵਾਸਤੇ ਸ਼ਾਕ ਦੇਸ਼ ਤੋਂ ਹੋਮ ਕਰਨ ਵਾਲੇ ਬ੍ਰਾਹਮਣ ਮੰਗਵਾਏ ਸਨ, ਇਨ੍ਹਾਂ ਨੂੰ ਹੁਣ ਤੱਕ ਹਿੰਦ ਵਿਚ ਸ਼ਾਕਦ੍ਵੀਪੀਯ ਕਹਿੰਦੇ ਹਨ, ਇਨ੍ਹਾਂ ਦਾ ਦੂਸਰਾ ਨਾਮ 'ਮਗ ਬ੍ਰਾਹਮਣ' ਬੀ ਹੈ; ਈਰਾਨ ਵਿਚ ਤਦੋਂ ਜੱਗ ਕਰਾਉਣ ਵਾਲੇ ਪ੍ਰੋਹਿਤ ਨੂੰ 'ਮਗ' ਕਹਿੰਦੇ ਸਨ । ਜੰਬੂ ਦੀਪ ਦੇ ਲੱਛਣ ਕੁਛ ਹਿੰਦ ਨਾਲ ਮਿਲਦੇ ਹਨ । ਜਾਮਨੂੰ ਦੇ ਬੂਟੇ ਏਥੇ ਹੁੰਦੇ ਹਨ, ਜੰਬੂ ਦ੍ਵੀਪ ਦੀ ਵਯਾਖਯਾ ਵਿਚ ਭਾਰਤ ਵਰਖ ਤੇ ਹਿਮਾਲਯ ਆਦਿ ਇਸ ਵਿਚ ਮੰਨੇ ਹਨ; ਬੋਧੀ ਲੋਕ ਤਾਂ ਜੰਬੂ ਦੀਪ ਤੋਂ ਕੇਵਲ ਭਾਰਤ ਵਰਖ ਮੁਰਾਦ ਲੈਂਦੇ ਹਨ । ਪਲਕਸ਼ ਸਰਸ੍ਵਤੀ ਨਦੀ ਦਾ ਨਾਮ ਹੈ । ਇਕ ਤੀਰਥ ਦਾ ਨਾਮ ਬੀ ਲਿਖਿਆ ਹੈ । ਜਿਥੋਂ ਇਹ ਨਦੀ ਨਿਕਲਦੀ ਹੈ ਉਸ ਨੂੰ ਪਲਕਸ਼ ਰਾਜ ਲਿਖਿਆ ਹੈ । ਤਵਾਰੀਖ ਖਾਲਸਾ ਨੇ ਸ਼ਾਲਮਲੀ ਦਾ ਇਲਾਕਾ ਰਿਆਸਤ ਮਨੀ ਪੁਰ ਤੋਂ ਅਗੇਰੇ ਦਾ ਦੇਸ਼ ਮੰਨਿਆਂ ਹੈ, ਉਂਞ ਸ਼ਾਲਮਲੀ ਬ੍ਰਿਛਾਂ ਦਾ ਦੇਸ਼ ਗੋਦਾਵਰੀ ਦਾ ਇਲਾਕਾ ਬੀ ਹੈ । ਕੁਸਪ੍ਲਵਨ ਨਾਮੇ ਇਕ ਤੀਰਥ ਦਾ ਜ਼ਿਕਰ ਮਹਾਂ ਭਾਰਤ ਵਿਚ ਬੀ ਆਇਆ ਹੈ ।

Sri Satguru Jagjit Singh Ji eLibrary NamdhariElibrary@gmail.com

ਦੀਨੋ ॥੩॥ ਕਹਨੋ ਕਿ'ਸਭਿ ਮਹਿ ਦਿਹੁ ਬਰਤਾਈ'। ਨੀਰ ਦੁਗਾਇ ਦੀਨ ਤਿਹ ਥਾਈਂ।ਸਰਬ ਪ੍ਰਕਾਰ ਜਾਨਿ ਗੁਨਖਾਨੀ।ਮੇਰੇ ਸੰਗ ਕਹੀ ਅਸ ਬਾਨੀ ॥ ੪ ॥ 'ਹੇ ਬਾਲੇ ! ਤੁਮ ਘੋਟਹੁ ਨੀਕੇ। ਬਹੁਰ ਬੂਡਾਵਹੁ ਮੱਧ ਸਭੀ ਕੇ'। ਹੁਤੀ ਦੂਰ ਸਰਿਤਾ ਬਹਿ[੧] ਬਾਰੀ[੨]। ਊਚੇ ਸੁਰ ਸੋਂ ਗੁਰੂ ਗੁਹਾਰੀ[੩] ॥ ੫ ॥ ਸੋ ਆਈ ਤਤਕਾਲ ਅਗਾਰੀ। ਮਨਹੁ ਬੁਲਾਈ ਕਿਨ ਗੋ ਪਾਰੀ[੪]। ਤਿਹ ਤੇ ਜਲ ਪਾਤਰ ਭਰਿ ਲੀਨੋ। ਤਿਲ ਕੋ ਘੋਟ ਮਿਲਾਵਨ ਕੀਨੋ॥੬॥ ਪੁਨ ਸਭਿ ਸਿੱਧਨ ਮਹਿ ਬਰਤਾਵਾ। ਤਿਨ ਸਮਾਜ ਅਤਿ ਪਿਖਤਿ ਲਜਾਵਾ। ਬੋਲਨੋ ਮੰਗਲ ਨਾਥ ਸੁਜਾਨਾ। 'ਕਲ ਮਹਿੰ ਤੁਮ ਅਵਤਾਰ ਮਹਾਨਾਂ ॥੭॥ ਅਲਖ ਨਿਰੰਜਨ ਮੂਰਤਿ ਰੂਰੀ।ਸਭਿ ਬਿਧਿ ਕੀ ਅਜ਼ਮਤ ਧਰਿ ਭੂਰੀ।ਤੁਮਰੀ ਸਰ-ਬਰ[੫] ਮੂਰਖ ਕਰਿਹੀਂ। ਬਹੁਰ ਲਜਾਇ ਰਿਦੇ ਦੁਖ ਭਰਿਹੀਂ॥੮॥ ਮਨਮੁਖ ਮਹਿਮਾ ਜਾਨਹਿ ਨਾਂਹੀ।ਨਿਜ ਹੰਕਾਰ ਬਿਖੈ ਗਰਬਾਹੀਂ। ਤੁਮਹਿੰ ਪਛਾਨਹਿ ਸੋ ਗੁਨ ਖਾਨੀ'। ਸੁਨਿ ਸ੍ਰੀ ਨਾਨਕ ਉਚਰੀ ਬਾਨੀ ॥ ੯ ॥ 'ਮੰਗਲ ਨਾਥ ! ਸੁਨਹੁ ਤੁਮ ਐਸੋ।ਨਾਮ ਬਿਨਾ ਗਤਿ ਹੋਤਿ ਨ ਕੈਸੋ।ਨਾਮ ਹੀਨ ਨਰ ਨਰਕ ਸਿਧਾਵਹਿ। ਬੇਮੁਖ ਨਾਮ ਅਧਿਕ ਦੁਖ ਪਾਵਹਿ' ॥ ੧੦ ॥ ਸੁਨਿਕੈ ਬੋਲਨੋ ਭੰਗਰ ਥੈਨਾ। 'ਜੋਗ ਗਯਾਨ ਬਿਨ ਕੇਵਲ[੬] ਹੈ ਨਾ। ਤੁਮ ਕੈਸੇ ਕੈ ਨਾਮ ਬਖਾਨਹੁ।ਮਨ ਮਹਿ ਮਤ ਨ ਹਮਾਰੋ ਜਾਨਹੁ*'॥੧੧॥ਦੋਹਰਾ॥ਗੁਰੂ ਕਹੈਂ:- 'ਸ੍ਰੀ ਨਾਮ ਮੈ ਜਬ ਹੀ ਮਨ ਥਿਤ[੭] ਪਾਇ। ਈਸ਼ੁਰ ਕਰੁਨਾ ਤੇ ਤਬੈ ਗਯਾਨ ਰਿਦੇ ਹ੍ਵੈ ਜਾਇ ॥੧੨॥ ਨਾਮ ਬਿਨਾ ਨਹਿ ਜੋਗ ਹੈ† ਦੇਖਹੁ ਰਿਦੇ ਬਿਚਾਰਿ। ਤਾਂ ਤੇ ਸਭਿਹੀ ਸਿੱਧ ਮਹਿ[੮] ਨਾਮ ਲਖੋ ਸੁਖਕਾਰ ॥ ੧੩ ॥ ਸੋਰਠਾ ॥ ਅਤਿਸ਼ੈ ਸ੍ਰੇਸ਼ਟ ਨਾਮ ਹੈ ਨੌਕਾ ਕਲਿਕਾਲ ਮਹਿ'।ਸ਼ਬਦ ਭਨਨੋ ਅਭਿਰਾਮ ਸਿੱਧਨ ਕੋ ਲੱਜਿਤ ਕਰਨ ॥ ੧੪ ॥

ਰਾਮਕਲੀ ਮਹਲਾ ੧ ॥

ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥

[੧]ਵਹਿੰਦੀ। [੨]ਪਾਣੀ ਦੀ। [੩]ਬੁਲਾਈ। [੪]ਗਊ ਪਾਲੀ ਹੋਈ। [੫]ਬਰੱਬਰੀ। [੬]ਮੁਕਤੀ। [੭]ਟਿਕਾਉ। [੮]ਸਿੱਧੀਆਂ ਵਿੱਚ।

*ਪਾਃ-ਮਾਨਹੁ। †ਯੋਗ ਦਰਸ਼ਨ ਵਿਚ ਬੀ ਯੋਗ ਦੀ ਪ੍ਰਾਪਤੀ ਦੇ ਮੁਖ ਸਾਧਨਾਂ ਵਿਚ ਨਾਮ ਦਾ ਅੱਭਯਾਸ ਦੱਸਿਆ ਹੈ। ਯਥਾ:-ਤਪਃ ਸ੍ਵਾਧ੍ਯਾਯੇਸ਼੍ਵਰ ਪ੍ਰਣਿਧਾਨਾਨਿ ਕ੍ਰਿਯਾ ਯੋਗਃ। ਅਰਥਾਤ-ਕ੍ਰਿਯਾ ਯੋਗ (ਕਿਵੇਂ ਕਰੀਦਾ ਹੈ ? ਉੱਤਰ) ਤਪ, ਨਾਮ ਦਾ ਜਪ, ਈਸ਼ਵਰ (ਵਿਚ ਚਿੱਤ ਦਾ) ਲਗਾਉ, (ਇਨ੍ਹਾਂ ਤਿੰਨਾਂ ਦ੍ਵਾਰਾ)। ਸ੍ਵਾਧ੍ਯਾਯ ਦਾ ਅਰਥ ਸ਼ਾਸਤ੍ਰ ਦਾ ਪੜ੍ਹਨਾ ਬੀ ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥ ੧ ॥ ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥ ੧॥ ਰਹਾਉ ॥ ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥ ਗੁਰਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥ ੨ ॥ ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮਡੰਡੁ ॥ ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥ ੩ ॥ ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥ ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥ ੪॥ ਭੇਖ ਕਰੈ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥ ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥ ੫ ॥ ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥ ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥ ੬ ॥ ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥ ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥ ੭ ॥ ਤੁਝ ਪਹਿ ਨਉਨਿਧਿ ਤੂ ਕਰਣੈ ਜੋਗੁ॥ ਥਾਪਿ ਉਥਾਪੇ ਕਰੇ ਸੁ ਹੋਗੁ। ਜਤੁ ਸਤੁ ਸੰਜਮੁ ਸਚੁ ਸੁ ਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥ ੮ ॥ ੨ ॥

ਚੌਪਈ ॥ 'ਦੰਭਧਾਰਿ ਕਰਿ ਜਗ ਦਿਖਰਾਵਹੁ। ਲੋਕਨ ਮਹਿਂ ਨਿਜ ਮਾਨ ਬਧਾਵਹੁ। ਭੇਖ ਕੂਰ, ਨਹਿਂ ਰਿਦੈ ਕਮਾਵਹੁ। ਨਾਮ ਜਪੇ ਬਿਨ ਕਿਉਂ ਸਚੁ ਪਾਵਹੁ॥੧੫॥ ਜਗਤਿ ਅਸੱਤਿ ਲਖਤਿ ਹੈ ਜੋਊ। ਮਾਨ ਹੇਤੁ ਦੰਭ ਕਰੈ ਨ ਸੋਊ*। ਇਕ ਮਨ ਹ੍ਵੈ ਜੋ ਨਾਮ ਜਪਾਹੀ। ਮਿਲਿ ਹੈ ਸੋ ਨਾਮੀ ਕੇ ਮਾਂਹੀ'॥੧੬॥ ਸੁਨਤਿ ਸ਼ਬਦ ਸਿਧ ਸਰਬ ਲਜਾਏ। ਤੂਸ਼ਨ ਭਏ ਨ ਉੱਤਰ ਆਏ। ਕਰੀ 'ਅਦੇਸ਼ ਅਦੇਸ਼' ਬਹੋਰੀ। ਗਏ ਸਿੱਧ ਸਭਿ ਔਰੇ ਠੌਰੀ ॥੧੭॥ ਗੋਰਖ ਮਤਾ ਨਾਮ ਇਕ ਥਾਨਾ। ਤਹਾਂ ਜਾਇ ਕਿਯ ਆਸਨ ਠਾਨਾ। ਕਿਨਹੂੰ ਤਰ[1] ਮ੍ਰਿਗਛਾਲ ਡਸਾਈ[2]। ਕਿਨਿ ਬੈਰਾਗਨ ਭੁਜਾ ਉਠਾਈ ॥੧੮॥ ਭਸਮ ਸੰਗ ਅੰਗੈ ਸਿਤ[3] ਰੰਗਾ। ਤੂਸ਼ਨ ਬੈਠੇ ਮਾਨ ਉਤੰਗਾ[4]। ਤਿਨ ਪਾਛੈ ਕੇਤਿਕ ਚਿਰਕਾਲਾ। ਤਹਾਂ ਪਹੂੰਚੇ ਜਾਇ ਕ੍ਰਿਪਾਲਾ ॥੧੯॥ ਸਭਿ ਕੋ ਕੀਨ 'ਅਦੇਸ਼ ਅਦੇਸ਼ਾ'। ਬੈਠਨੋ ਚਹਿਤ ਬਹੁਰ ਜਗਤੇਸ਼ਾ। ਸੂਕੋ ਬਿਰਖ ਹੁਤੋ ਤਹਿਂ ਏਕੂ। ਤਿਹ ਤਰ ਬੈਠੇ ਜਲਧਿ ਬਿਬੇਕੂ[5] ॥੨੦॥ ਸੋ ਚਲਦਲ[6] ਕੋ ਤਰੁ ਤਤਕਾਲਾ। ਹਰਯੋ ਹੋਤਿ ਭਾ ਪੱਤ੍ਰ ਬਿਸਾਲਾ। ਅਵਲੋਕਤਿ ਬਿਸਮੇ ਸਿਧ ਮਾਨੀ[7]। ਕਰਹਿ

[1]ਹੇਠ। [2]ਵਿਛਾਈ। [3]ਚਿੱਟਾ। [4]ਭਾਰੀ ਹੰਕਾਰ। [5]ਭਾਵ ਗੁਰੂ ਜੀ। [6]ਪਿੱਪਲ। [7]ਹੰਕਾਰੀ।

*ਪਾ:-ਕੋਊ।

Sri Satguru Jagjit Singh Ji eLibrary NamdhariElibrary@gmail.com

ਅਸੂਯਾ[1] ਬੋਲੇ ਬਾਨੀ ॥੨੧॥'ਸਿੱਖ੍ਯਾ ਲੈ ਤੂੰ ਭਾ ਸਿਖ ਕਿਹ ਕੋ?। ਹਮ ਕੋ
ਨਾਮ ਬਤਾਵਹੁ ਤਿਹ ਕੋ। ਕਿਸ ਦੁਖ ਤੇ ਉਰ ਭਯੋ ਉਦਾਸਾ?। ਜਿਹ ਡਰ
ਕਰ ਨਹਿ ਜਾਹਿ ਅਵਾਸਾ॥੨੨॥ਬਿਚਰਤਿ ਰਹੈਂ ਨਈ ਨਿਤ ਜਾਈ[2]।ਇਸ-
ਥਿਤ ਥਾਇ[3]ਨ ਪਾਵਹਿ ਕਾਈ।ਤੋ ਮਹਿਂ ਜੋਰ ਸ਼ਕਤਿ ਕਹੁ ਕੇਤਾ?'। ਸੁਨਿ
ਬੋਲੇ ਬੇਦੀ ਕੁਲ ਕੇਤਾ ॥ ੨੩ ॥ ਦੋਹਰਾ ॥ 'ਮਨ ਬਚ ਕ੍ਰਮ ਸਿਖਿ ਸਾਚ ਕੋ[4]
ਜਿਸਤੇ ਬਡਾ ਨ ਕੋਇ। ਸੱਤਨ ਸ਼ਬਦ ਕੋ ਬੇਖ ਲੇ ਬੰਧਨ ਭਵ[5]ਕੇ ਖੋਇ॥
੨੪॥ ਚੌਪਈ ॥ ਹੌਂ ਗਰੀਬ ਨਹਿਂ ਸ਼ਕਤੀ ਮੋ ਮਹਿ। ਬਿਚਰਿ ਬਿਲੋਕੋਂ ਜਗ
ਕੋ ਜਹਿਂ ਤਹਿ।ਗਰਬ ਬੈਨ ਸ਼ਕਤੀ,ਬਲ ਗਾਮ ਕੋ[6]।ਸ੍ਰੀ ਪਰਮੇਸ਼੍ਵਰ ਬਖਸ਼ਿਸ਼
ਭ੍ਰਮ ਕੋ' ॥੨੫॥ ਇਸ ਪ੍ਰਕਾਰ ਕੇ ਬੋਲਤਿ ਬਚਨਾ। ਭਈ ਆਨਿ ਰਜਨੀ[7]
ਕੀ ਰਚਨਾ। ਤਬ ਅਪਨੇ ਅਪਨੇ ਥਲ ਜਾਇ। ਬੈਠਿ ਗਏ ਸਿਧ ਆਸਨ
ਲਾਇ॥੨੬॥ ਸ੍ਰੀ ਗੁਰ ਕਹੈਂ 'ਉਠਹੁ ਅਬ ਬਾਲਾ। ਧੂਨੀ ਆਨਹਿ[8] ਸਰਦੀ
ਕਾਲਾ[9]'। ਆਇਸੁ ਪਾਇ ਗਯੋ ਇਕ ਥਾਏਂ। ਪੀਛੇ ਸਿਧ ਆਏ ਤਬ
ਧਾਏ॥੨੭॥ ਦੋਹਰਾ॥ ਤਿਹ ਛਿਨ ਜੋ ਧੂੰਨੀ ਲਈ ਛੀਨੀ ਮੋ ਢਿਗ[10] ਆਇ।
ਮੈਂ ਛੂਛੋ ਫਿਰਿ ਕੈ ਗਯੋ ਸਭਿ ਬਿਧਿ ਦਈ ਸੁਨਾਇ ॥ ੨੮॥ ਚੌਪਈ ॥ ਗੁਰੂ
ਕਹ੍ਯੋ'ਨਿਜ ਪਟ[11]ਕੋ ਝਾਰਿ'। ਝਾਰ੍ਯੋ ਨਿਕਸੀ ਮੋਚਨ ਚਾਰ। ਮੈਂ ਆਇਸੁ
ਲੈਕਰਿ ਸੋ ਕੂਟੀ।ਤਿਨ ਤੇ ਧੂੰਨੀ ਭਈ ਅਖੂਟੀ॥੨੯॥ਬਡੋ ਫੇਰ ਪਾਵਕ ਪੁਨ
ਬਾਰੀ। ਦੇਖਿ ਸਿੱਧ ਬਿਸਮੈ ਮਤਿ ਹਾਰੀ।-ਕਿਹ ਤੇ ਲ੍ਯਾਏ ਧੂਨੀ ਪਾਏ-।
ਪੁਨ ਸਿੱਧਨ ਬਹੁ ਪੌਨ ਚਲਾਈ ॥੩੦॥ ਖਰੇ ਤਹਾਂ ਤਰੁਵਰ ਜੋ ਗਾਢੇ।ਬੇਗ
ਉਖਾਰੇ ਰਹੇ ਨ ਠਾਂਢੇ।ਬਹੁ ਕੰਕਰ ਅਰ ਧੂਰ ਉਡਾਈ।ਪੌਢੇ ਸਭਿ ਮੁਖ ਪਰ
ਪਟ ਪਾਈ॥੩੧॥ਦੋਹਰਾ॥ਜਿਸ ਬ੍ਰਿੱਛਹਿ ਕੇ ਤਰ[12] ਗੁਰੂ ਉਡਨ ਲਗ੍ਯੋ ਜਬ
ਸੋਇ।ਨਿਜ ਕਰ ਸੌਂ ਥੰਮ੍ਯੋ ਤਬਹਿ ਕਹ੍ਯੋ 'ਰਹੋ ਥਿਰ ਹੋਇ' ॥੩੨॥ ਚੌਪਈ
॥ ਸ੍ਰੀ ਗੁਰ ਕੋ ਜਬ ਹੀ ਕਰ ਛੁਯੋ। ਨਹਿਂ ਡੋਲ੍ਯੋ ਥਿਰ ਗਾਢੋ ਭਯੋ। ਬਹੀ
ਸਮੀਰ ਰੈਨ ਸਭਿ ਜਬਹੀ।ਉਡਿ ਗੀ ਸਿੱਧਨ ਧੂੰਨੀ ਤਬਹੀ॥੩੩॥ਬੀਤੀ ਰੈਨ
ਭੋਰ ਭੀ ਆਇ। ਸ੍ਰੀ ਗੁਰ ਪਾਵਕ ਦਈ ਦ੍ਰਾਇ। ਧੂੰਨੀ ਦੇਖਨ ਉਠੇ ਸਿੱਧ

---

[1]ਈਰਖਾ। [2]ਨਿੱਤ ਨਵੀਂ ਨਵੀਂ ਜਗਾਹ। [3]ਟਿਕਾਉ ਵਾਲੀ ਥਾਂ। [4]ਮਨ ਬਚਨ ਕਰਮ ਕਰਕੇ 'ਸੱਚ' ਦਾ ਸਿੱਖ ਹਾਂ। [5]ਜਨਮ (ਅ) ਸੰਸਾਰ। [6]ਬਚਨ ਤੇ ਕਰਾਮਾਤ ਦਾ ਹੰਕਾਰ, (ਦੇਸ਼ਾਂ ਵਿਚ) ਰਮਤਾ ਦਾ ਬਲ। [7]ਰਾਤ। [8]ਧੂਣੀ ਲਿਆਈਏ। [9]ਸਮਾਂ ਸਰਦੀ ਦਾ ਹੈ। [10]ਮੇਰੇ (ਭਾਵ ਬਾਲੇ) ਪਾਸੋਂ। [11]ਬਸਤ੍ਰ। [12]ਹੇਠ।

Sri Satguru Jagjit Singh Ji eLibrary NamdhariElibrary@gmail.com

ਜਬ।ਪਾਵਕ ਕਹੂੰ ਨ ਪਾਵਤਿਹੈਂ ਤਬ॥੩੪॥ਇਕ ਸ੍ਰੀ ਨਾਨਕ ਧੂੰਨੀ ਮਾਂਹੀ। ਔਰ ਹੁਤਾਸਨ[1] ਕਿਤਹੂ ਨਾਂਹੀ।ਤਬ ਅਪਨੀ ਸਭਿ ਸ਼ਕਤਿ ਲਗਾਈ।ਕੈਸਿ ਨ ਅਗਨਿ ਭਈ ਪ੍ਰਗਟਾਈ ॥੩੫॥ ਦੋਹਰਾ॥ਗੋਰਖ ਭਰਥਰਿ ਸੋਂ ਕਹੀ 'ਸ੍ਰੀ ਨਾਨਕ ਢਿਗ ਜਾਇ। ਪਾਵਕ ਜਾਚਨ ਕੀਜੀਏ ਅਵਰ ਨਹੀਂ ਕਿਤ ਥਾਇ'॥੩੬॥ ਚੌਪਈ॥ ਆਇਸੁ ਲੇ ਭਰਥਰਿ ਤਬ ਆਯੋ। ਸੁਨਿ ਤਿਹ ਤੇ ਬਚ ਪ੍ਰਭੁ ਅਲਾਯੋ। 'ਗੋਰਖ ਕੀ ਇਕ ਮੁੰਦ੍ਰਾ ਲਯਾਉ। ਬਹੁਰੋ ਤਿਹ ਕੀ ਚਰਨ ਖੜਾਊਂ ॥ ੩੭ ॥ ਪ੍ਰਿਥਮੇ ਦੇਹਿ ਆਨ ਜੋ ਹਮ ਕੋ। ਪੀਛੈ ਪਾਵਕ ਦੇਵੇਂ ਤੁਮ ਕੋ'। ਪੁਨ ਭਰਥਰਿ ਗੋਰਖ ਢਿਗ ਆਵਾ। ਗੁਰਕੋ ਕਹਿਨੋ ਸਰਬ ਸੁਨਾਵਾ ॥੩੮॥ ਗੋਰਖ ਗੁਨੀ[2]–ਦੋਊਂ ਤਿਹ[3] ਭਾਈ। ਲਾਇ ਸ਼ਕਤਿ ਪੁਨ ਲੇਊਂ ਮੰਗਾਈ–। ਮੁੰਦ੍ਰਾ ਬਹੁਰ ਖਰਾਂਵ ਜੁ ਦੋਊ। ਦੀਨੀ ਭਰਥਰਿ ਕੇ ਕਰ ਸੋਊ॥੩੯॥ਗੁਰੂ ਅਗਾਰੀ ਧਰਿ ਦੀ ਜਬ ਹੀ।ਪਾਵਕ ਲਈ ਹਾਥ ਪੁਨ ਤਬ ਹੀ। ਸਿੱਧਨ ਅਪਨੇ ਮਧ ਸੁ ਬਾਰੀ[4]। ਸਰਦੀ ਤਨ ਕੀ ਸਕਲ ਬਿਦਾਰੀ[5] ॥ ੪੦ ॥ ਦੋਹਰਾ ॥ ਗੋਰਖ ਛੂਛਾ[6] ਸ਼ਕਤਿ ਤੇ ਬੈਸਾ ਹੋਇ ਅਧੀਰ। ਚਿੰਤਾ ਸਰਿਤਾ[7] ਮਹਿ ਬਹਸੋ ਪਾਯੋ ਜਾਇ ਨ ਤੀਰ[8] ॥ ੪੧ ॥ ਚੌਪਈ ॥ ਅਪਨੇ ਗੁਰ ਕੀ ਦਸ਼ਾ ਨਿਹਾਰੀ। ਭੰਗਰ ਆਯੋ ਕਰਿ ਰਿਸ ਭਾਰੀ। ਲਾਇ ਸ਼ਕਤਿ ਕੋ ਚਾਹਿਤਿ ਸੋਈ। ਮੁੰਦ੍ਰਾ ਲੇਊਂ ਖਰਾਊਂ ਦੋਈ ॥੪੨॥ ਸ਼ਕਤਿ ਨ ਚਲੀ ਸਕਲ ਬਿਧਿ ਹਾਰਨੋ। ਗੁਰ ਢਿਗ ਬੈਠਨੋ ਬੈਨ ਉਚਾਰਨੋ। 'ਮਮ ਤੂੰਬਾ ਪੈ[9] ਸੋਂ ਭਰਿ ਦੀਜੈ। ਅਬਹੀ ਤੂਰਨ ਬਿਲਮ ਨ ਕੀਜੈ' ॥ ੪੩॥ ਸ੍ਰੀ ਨਾਨਕ ਤਬ ਲੇ ਨਿਜ ਹਾਥਾ। ਭਰਨੋ ਕੂਪ ਤੇ ਦੂਧਹਿ ਸਾਥਾ। ਸੋ ਲੈ ਕੇ ਸਿੱਧਨ ਮਹਿਂ ਆਯੋ। ਸਭਿ ਹੀ ਪੀਯ ਰਹੇ ਤ੍ਰਿਪਤਾਯੋ॥ ੪੪॥ ਪੈ[9] ਤੂੰਬੇ ਤੇ ਨਿਖੁਟਤਿ ਨਾਂਹੀ।ਅਚਰਜ ਭਏ ਸਭੈ ਮਨ ਮਾਂਹੀ।ਭਬਕ* ਭਮਕ[10] ਕਰਿ ਸ਼ਿਵਨਾਥਾ। ਢਿਗ ਆਯੋ ਬੋਲਨੋ ਗੁਰ ਸਾਥਾ ॥ ੪੫ ॥ ਦੋਹਰਾ ॥ 'ਪੁਰਬੀ ਕੋ ਹੈ ਕਾਲ ਅਬ ਸੁਰਸਰਿ ਕੋ ਮੰਗਵਾਇ[11]। ਸ਼ਕਤਿ ਧਾਰ ਤੂੰ ਹੈਂ ਬਡਾ,ਮਿਲ ਮੱਜਹਿ ਇਹ ਥਾਇ'॥੪੬॥ਚੌਪਈ॥ਮਰਦਾਨੇਸੋਂ ਸ੍ਰੀਗੁਰ ਬੋਲੇ।'ਉਠਿ ਧਾਵਹੁ ਢਹੁਰੀ ਕਰ ਮੇਂ ਲੇ[12]। ਰੀਗਾ ਤੀਰ ਘਸੀਟਤਿ ਆਊ। ਨਹਿ ਮੂਰ ਪਾਛੇ

[1]ਅਗਨੀ। [2]ਵਿਚਾਰੀ। [3]ਗੁਰੂ ਜੀ ਨੂੰ। [4]ਬਾਲੀ। [5]ਦੂਰ ਕੀਤੀ। [6]ਖਾਲੀ। [7]ਚਿੰਤਾ (ਰੂਪੀ) ਨਦੀ। [8]ਕੰਢਾ। [9]ਦੁੱਧ। [10]ਖ਼ੁਰਸ ਖਾਕੇ। [11]ਰੀਗਾ ਨੂੰ ਸਦਵਾਓ। [12]ਹੱਥ ਵਿਚ ਲੈਕੇ। *ਪਾ:–ਭਬੂਕ।

Sri Satguru Jagjit Singh Ji eLibrary NamdhariElibrary@gmail.com

ਕਰਹੁ ਲਖਾਉ''॥੪੭॥ ਸੁਨਿ ਆਇਸੁ ਮਰਦਾਨਾ ਗਯੋ। ਤੁਰਤੁ ਗੰਗ ਤਟ ਦੇਖਤਿ ਭਯੋ। ਬਹੁਰ ਘਸੀਟਤਿ ਲਜਾਵਤਿ ਧਾਵਾ। ਫਹੁਰੀ ਪੀਛੇ ਸੁਰਸਰਿ ਆਵਾ॥੪੮॥ ਰਹੀ ਆਵਨੀ ਕੌਤਿਕ ਸੋਊ। ਮਰਦਾਨੇ ਮਨ ਸੰਸੈ ਹੋਊ।— ਆਵਤ, ਨਹੀਂ ਕਿ ਮੋਰਿ ਪਿਛਾਰੀ[2]—। ਅਸਗੁਨਿ[3] ਪਾਛੋ ਦ੍ਰਿਸ਼ਟਿ ਨਿਹਾਰੀ॥੪੯॥ ਤਿਹ ਥਲ ਰਹੀ ਸਥਿਤ ਹ੍ਵੈ ਸੋਊ। ਰਹਯੋ ਘਸੀਟ ਨ ਆਵਤਿ ਕੋਊ। ਮਰ-ਦਾਨਾ ਹਿਰਦੈ ਬਿਸਮਾਨਯੋ। ਗੁਰ ਢਿਗ ਆਇ ਬ੍ਰਿਤੰਤ ਬਖਾਨਯੋ॥੫੦॥ ਬੈਠੇ ਸਿੱਧ ਤਹਾਂ ਹੀ ਸਾਰੇ। ਸੁਨਿ ਸ੍ਰੀ ਨਾਨਕ ਬੈਨ ਉਚਾਰੇ। 'ਹਟਿਕੈ ਜੇ ਨਹਿ ਕਰਹੁ ਬਿਲੋਕੀ[4]। ਤੌ ਚਲਿ ਆਵਤਿ ਇਹਾਂ ਅਰੋਕੀ[5]॥੫੧॥ ਕਿਤਕ ਕੋਸ ਮਰਦਾਨੇ ਆਨੀ। ਰਹਯੋ ਸਮੀਪ ਸੁਰਸਰੀ ਪਾਨੀ। ਸੋ ਸਿੱਧਹੁ! ਅਬ ਤੁਮ ਮੰਗਵਾਵਹੁ। ਮੱਜਨ ਹਮ ਕੋ ਇਹਾਂ ਕਰਾਵਹੁ'॥੫੨॥ ਦੋਹਰਾ॥ ਮਿਲਿ ਕੈ ਸਭਿ ਸਿੱਧਨ ਤਬੈ ਨਿਜ ਨਿਜ ਓਜ[6] ਲਗਾਇ। ਸਭਿਹੀ ਬਿਧਿ ਸੋਂ ਪਚਿ ਰਹੇ, ਰਹੀ ਸੁ ਤਿਸਹੀ ਥਾਇ॥੫੩॥ ਚੌਪਈ॥ ਲੇ ਜਿਤਿ ਹੈਂ ਸਭਿਹੀ ਪਚਹਾਰੇ। ਸ੍ਰੀ ਪ੍ਰਭੁ ਨਿਜ ਤੇ ਬ੍ਰਿੱਧ ਬਿਚਾਰੇ[7]। ਕੇਤਿਕ ਚਰਨਨ ਸੀਸ ਨਿਵਾਯੋ। ਕੇਤਿਕ ਮਨ ਮੈਂ ਗਰਬ ਬਢਾਯੋ॥੫੪॥ ਤਬ ਮਛਿੰਦ੍ਰ ਨੇ ਬੈਨ ਉਚਾਰੇ। 'ਹਮ ਕੋ ਫਲ ਦਿਹੁ ਮਧੁਰ ਅਹਾਰੇ[8]। ਬੈਠੇ ਰਹੋ ਨ ਕਿਤਹੂੰ ਜਾਈ। ਦੇਖਹਿ ਸ਼ਕਤਿ ਜਿ ਦੇਹਿ ਖਵਾਈ'॥੫੫॥ ਦੋਹਰਾ॥ ਰੇਠਲ ਕੋ ਤਰੁ[9] ਤਹਿ ਹੁਤੋ ਤਬ ਹੀ ਗੁਰ ਸਿਧ ਮਾਂਹਿ। ਇਕ ਟਹਿਨੋ ਪ੍ਰਭੁ ਕੀ ਦਿਸ਼ਾ ਇਕ ਸਿੱਧਨ ਦਿਸ਼ ਆਹਿ॥੫੬॥ ਚੌਪਈ॥ ਟਹਿਨੋ ਅਪਨੀ ਦਿਸ਼ ਕੋ ਜੋਊ। ਸ੍ਰੀ ਗੁਰ ਪਿਖਿ ਮਧੁਰੋ ਕਿਯ ਸੋਊ। ਟੂਟੇ ਫਲ ਤਜਿ ਕਰਿ ਤਰੁ ਡਾਰੀ[10]। ਪਰੇ ਮਛਿੰਦਰ ਕੇਰ ਅਗਾਰੀ॥੫੭॥ ਫਲ ਬਿਲੋਕਿ ਕੈ ਹਾਥ ਉਚਾਏ। ਸਾਦ ਮਧੁਰ ਅਤਿ ਪਾਯੋ ਖਾਏ। ਤਬ ਸਿੱਧਿਨ ਸੋਂ ਗਿਰਾ ਉਚਾਰੀ। 'ਇਹ ਫਲ ਕੌਰੇ ਹੁਤੇ ਅਗਾਰੀ॥੫੮॥ ਅਬ ਅਤਿ ਮਧੁਰ ਸਾਦ ਕੇ ਮਾਂਹੀ। ਖਾਵਤਿ ਤਜਾਗੇ ਜਾਵਤਿ ਨਾਂਹੀ'। ਸੁਨਿ ਸਿਧ ਕਿਤਿਕ ਚਢੇ ਤਰੁ ਤਾਂਹੀ। ਪਰਖਨ ਹੇਤੁ ਫਲਨ ਕਰਿ ਚਾਹੀ[11]॥੫੯॥ ਅਪਨੀ ਦਿਸ਼ ਟਹਿਨੀ ਫਲ ਜੋਊ। ਤੋਰਿ ਤੋਰਿ ਖਾਏ ਜਬ ਸੋਊ। ਅਤਿ ਕੌਰੇ ਸੋ ਜਾਇਂ ਨ ਖਾਏ। ਮੁਖ ਮਹਿ ਪਾਇ ਰਿਦੇ ਪਛੁਤਾਏ॥੬੦॥ ਸ੍ਰੀ ਪ੍ਰਭੁ ਬੋਲੇ

[1]ਪਿੱਛਾ ਮੋੜ ਕੇ ਨਾ ਵੇਖੀਂ। [2]ਮੇਰੇ ਪਿਛੇ ਆਉਂਦੀ ਹੈ ਕਿ ਨਹੀਂ। [3]ਇਸ ਤਰ੍ਹਾਂ ਸੋਚਕੇ। [4]ਜੇ ਮੁੜਕੇ ਨਾ ਤਕਦੋਂ। [5]ਬਿਨਾ ਰੋਕ। [6]ਬਲ। [7]ਆਪਣੇ ਤੋਂ (ਗੁਰੂ ਜੀ) ਵੱਡ ਜਾਣੇ। [8]ਖਾਣ ਲਈ ਮਿੱਠੇ ਫਲ ਦਿਓ। [9]ਰੇਠਜ਼ੇ ਦਾ ਬ੍ਰਿੱਛ। [10]ਬ੍ਰਿਛ ਦੀਆਂ ਡਾਲੀਆਂ ਨੂੰ। [11]ਇੱਛਾ।

Sri Satguru Jagjit Singh Ji eLibrary NamdhariElibrary@gmail.com

'ਹਮ ਦਿਸ਼ ਜੇਤੋ।ਮਧੁਰ ਦਿਯੋ ਕਰਿ ਸਗਰੋ ਤੇਤੋ।ਅਪਨੀ ਦਿਸ਼ ਤੁਮ ਸਭਿ ਸਿਧ ਮਿਲਿਕੈ।ਮਧੁਰ ਲੇਹੁ ਕਰਿ[1] ਖਾਹੁ ਸੁ ਛਿਲਕੈ॥੬੧॥ਸੁਨਿ ਸਭਿ ਸਿੱਧਨ ਸ਼ਕਤਿ ਲਗਾਈ।ਮਧੁਰ ਨ ਭਏ ਰਹੇ ਕਰੁਆਈ[2]।ਅਬ ਲੌ ਤਿਹ ਠਾਂ ਅਹੈ ਨਿਸ਼ਾਨੀ।ਅਰਧ ਮਧੁਰ* ਅਰਧਹਿ ਕਰੁਵਾਨੀ॥੬੨॥ ਗੁਰ ਕੀ ਅਜ਼ਮਤ ਅਧਿਕ ਨਿਹਾਰੀ।ਜਰੀ ਨ ਜਾਇ,ਜਰੈਂ[3] ਉਰ ਭਾਰੀ।ਦਿਨ ਬੀਤਯੋ ਰਜਨੀ ਭੀ ਜਬਹੀ।ਮਿਲਿਕੈ ਛਲ ਕੀਨੋ ਇਕਤਬਹੀ॥੬੩॥ਖਨਿ[4] ਧਰਨੀ ਬਾਲਕ ਬੈਠਾਯੋ। ਊਪਰ ਤੇ ਇਕਸਾਰ ਬਨਾਯੋ †। ਅਸ ਕਰਿ[5] ਪ੍ਰਭੁ ਸੋਂ ਕਹਯੋ ਬਹੋਰੀ। 'ਚਹਹੁ ਜਿ ਪੂਜਾ ਨਿਜ ਸਭਿ ਠੌਰੀ।।੬੪।। ਧਰਨੀ ਕੋ ਬੁਲਾਇ ਬਿਨ ਦੇਰੀ। ਬੂਝਿ ਲੇਹੁ ਇਹ ਹੈ ਕਿਸ ਕੇਰੀ?। ਓੱਤਰ ਦੇਯ ਕਿ-ਹੌਂ ਮੈਂ ਤੇਰੀ-।ਆਪ ਪੁਜਾਵਹੁ,ਕੋਇ ਨ ਫੇਰੀ[6]॥੬੫॥ ਜੇ ਨਿਜ ਵਿਖੇ ਸ਼ਕਤਿ ਨਹਿ ਪਾਵਹਿ। ਕਹੁ ਹਮ ਸੰਗ,ਬੁਲਾਇ ਦਿਖਾਵਹਿ'। ਸੁਨਿ ਮੁਸਕਾਨੇ ਸ੍ਰੀ ਗੁਨਖਾਨੀ। ਤਿਨਕੇ ਸੰਗ ਭਨੀ ਇਮ ਬਾਨੀ॥ ੬੬॥ 'ਸ਼ਕਤਿਵਾਨ ਏਕੈ ਜਗਤੇਸ਼ਾ। ਹਮਰੇ ਬਿਖੈ ਨ ਪਾਯਤਿ ਲੇਸ਼ਾ। ਅਜ਼ਮਤ ਕੋ ਹੰਕਾਰ ਤੁਮਾਰੇ। ਹਮਹਿ ਦਿਖਾਵਹੁ,ਦੇਖਨ ਹਾਰੇ[7]"॥੬੭॥ ਸੁਨਿਕੈ ਸਿੱਧਨ ਗਿਰਾ ਉਚਾਰੀ। 'ਜੋ ਧਰਨੀ ਤੂੰ ਅਹੈਂ ਹਮਾਰੀ। ਤੌ ਉੱਤਰ ਦੀਜੈ ਤ੍ਰੈਵਾਰੀ।-ਮੈਂ ਸਿੱਧਨ ਕੀ-ਕਹਉ ਪੁਕਾਰੀ'॥ ੬੮॥ ਸੁਨਿ ਸਿਸ[8] ਬੋਲਯੋ ਧਰਨ ਮਝਾਰੀ[9]। 'ਮੈਂ ਸਿੱਧਨ ਕੀ ਨਿਤ ਅਨੁਸਾਰੀ'। ਦੁਤਿਯ ਬਾਰ ਸਿਧ ਬੂਝਨ ਲਾਗੇ। ਬੋਲਯੋ ਬਾਲਿਕ ਜਿਉਂ ਕਹਿ[10] ਆਗੈ॥੬੯॥ ਤੀਸਰ ਬਾਰ ਉਦਿਤਿ ਭਾ[11] ਜਬ ਹੀ। ਪੂਰਬ ਸਤਿਗੁਰ ਬੋਲੇ ਤਬਹੀ। 'ਅਬ ਲੌ ਬੋਲਨ ਉਦਿਤ ਰਹਯੋ ਈ[12]?' ਸੁਨਤਿ ਭਯੋ ਮਿਰਤਕ ਸਿਸ ਸੋਈ॥੭੦॥ਉੱਤ੍ਰ ਨ ਆਯੋ ਬਹੁਰ ਬੁਲਾਏ। ਸਰਬ ਸਿੱਧ ਮਨ ਮਹਿਂ ਬਿਸਮਾਏ। ਕੌਤਿਕ ਚਿਰ ਮਹਿ ਮਰਯੋ ਨਿਕਾਰਯੋ।

---

[1]ਕਰ ਲਓ। [2]ਕੌੜੇ ਹੀ। [3]ਸਹਾਰੀ ਨਹੀਂ ਜਾਂਦੀ ਤੇ ਸੜਦੇ ਹਨ। [4]ਪੁੱਟਕੇ। [5]ਇਸ ਤਰ੍ਹਾਂ ਕਰਕੇ। [6]ਕੋਈ ਨਾ ਹਟਾਵੇਗਾ। [7]ਅਸੀਂ ਤਾਂ ਦੇਖਣਹਾਰ ਹਾਂ। [8]ਬਾਲਕ। [9]ਵਿਚੋਂ। [10]ਕਹਿਆ ਸੀ। [11](ਬੋਲਣ) ਲਈ ਤਿਆਰ ਹੋਯਾ। [12]ਅਜੇ ਤੱਕ (ਤੂੰ) ਬੋਲਣ ਜੋਗਾ ਹੀ ਰਹਿ ਗਿਆ ਹੈਂ?

*ਇਹ ਬ੍ਰਿਛ ਹੁਣ ਤੱਕ ਹੈ, ਫਲ ਮਿੱਠੇ ਹਨ, ਯਾਤ੍ਰੂਆਂ ਦੇ ਆਂਦੇ ਹੋਏ ਅਸਾਂ ਆਪ ਖਾਕੇ ਵੇਖੇ ਹਨ। †ਇਸ ਪ੍ਰਕਾਰ ਦੀਆਂ ਠੱਗੀਆਂ ਸਿੱਧ ਲੋਕ ਆਪਣੀਆਂ ਸਿਧੀਆਂ ਦੱਸਣ ਲਈ ਕਰਿਆ ਕਰਦੇ ਸਨ, ਇਸ ਕਰਕੇ ਉਨ੍ਹਾਂ ਦਾ ਧਰਮ ਜਗਤ ਦਾ ਨਿਸਤਾਰਾ ਨਹੀਂ ਸੀ ਰਹਿ ਗਿਆ, ਪਰ ਆਪਣੀ ਪੂਜਾ ਜਗਤ ਤੋਂ ਕਰਵਾਉਣੀ। ਇਹੋ ਪਾਜ ਖੁਹਲ ਕੇ ਸਤਿਗੁਰੂ ਜੀ ਜਗਤ ਨੂੰ ਜਗਤ ਦੇ ਆਪਣੇ ਭਲੇ ਲਈ ਸੁਭ ਮਾਰਗ ਵਿਚ ਲਾਉਣਾ ਚਾਹੁੰਦੇ ਸਨ।

Sri Satguru Jagjit Singh Ji eLibrary NamdhariElibrary@gmail.com

ਲੱਜਿਤ ਹ੍ਵੈ ਸਿੱਧਨ ਬਲ ਹਾਰਨੋ॥੭੧॥ਆਪ ਆਪਨੇ ਆਸਨ ਬੈਸੇ। ਚੋਰ-ਨਾਰਿ ਜਿਉਂ ਭੂਸ਼ਨਿ[1] ਤੈਸੇ।ਪ੍ਰਾਨਨਾਥ ਪੁਨ ਮੰਗਲ ਜੋਊ। ਪ੍ਰਭੁ ਸਮੀਪ ਆਏ ਚਲਿ ਦੋਊ॥੭੨॥ਥਿਨੈ ਪ੍ਰਸ਼ੰਸਾ ਅਧਿਕ ਉਚਾਰੀ।'ਆਪ ਨਿਰੰਜਨ ਮੂਰਤਿ ਧਾਰੀ। ਮੁੰਦਾ ਔਰ ਖਰਾਊਂ ਜੋਊ। ਸਹਤ ਸ਼ਕਤਿ ਗੋਰਖ ਦਿਹੁ ਦੋਊ॥੭੩॥ ਬਾਲਿਕ ਕੋ ਜਿਵਾਇ ਪੁਨ ਦੀਜੈ। ਸ੍ਰੀ ਨਾਨਕ ਜੀ ! ਕਰੁਨਾ ਕੀਜੈ। ਨਿਜ ਹੰਕਾਰ ਮੈਂ[2] ਜਾਨਤਿ ਨਾਂਹੀ। ਮੂਰਖ ਬਹੁਰ ਬਹੁਰ ਪਛੁਤਾਹੀਂ' ॥ ੭੪ ॥ ਦੋਹਰਾ ॥ ਜਾਨਿ ਆਪਨੇ ਈਠ ਦੌ[3] ਥਿਨੈ ਸੁਨੀ ਪੁਨ ਕਾਨ। ਮੁੰਦਾ, ਸ਼ਕਤਿ, ਖਰਾਊਂ ਜੋ ਤੀਨ ਦੀਨ[4] ਤਿਨ ਪਾਨ[5]॥ ੭੫॥ ਬਿਗਸਤਿ ਬੋਲੇ ਬਚਨ ਕੋ ਬਹੁਰੋ ਕ੍ਰਿਪਾਨਿਧਾਨ।'ਸਾਗਰ ਮਹਿੰ ਇਕ ਬੂੰਦ ਜੋ ਪਰੀ ਨ ਪਰੀ ਸਮਾਨ[6] ॥੭੬॥ ਚੌਪਈ ॥ਏਹ ਖਰਾਊਂ ਸਿਸ ਸਿਰ ਲਾਵਹੁ। ਤਤਛਿਨ ਤਾਂਕੋ ਜਾਇ ਜਿਵਾਵਹੁ'। ਲੈਕੇ ਉਭੈ[7] ਪ੍ਰਸ਼ੰਸਾ ਕਰਿ ਕੈ। ਗਮਨੇ ਦੋਨਹੁੰ ਹਰਖ ਉਰ ਭਰਿਕੈ ॥੭੭॥ਲੀਨੀ ਮੁੰਦ੍ਰਾ ਬਹੁਰ ਖਰਾਊਂ।ਗੋਰਖ ਮੈਂ ਭਾ ਸ਼ਕਤਿ ਪ੍ਰਭਾਊ[8] । ਸਿਸ ਕੇ ਸੀਸ ਛੁਹਾਇ ਜਿਵਾਯੋ। ਆਨ ਥਾਨ ਚਲਿਨੋ ਮਨ ਭਾਯੋ ॥੭੮॥ ਸਭਿ ਮਿਲਿ ਕਹੀ'ਅਦੇਸ਼ ਅਦੇਸ਼ਾ'।ਇੱਛਾ ਚਾਰੀ[9] ਗਏ ਸੁਦੇਸ਼ਾ[10]। ਏਕ ਦਿਵਸ ਸ੍ਰੀ ਨਾਨਕ ਰਹੇ।ਭੋਰ ਭਈ ਚਲਿਨੋ ਮਨ ਚਹੇ॥੭੯॥ਗੋਰਖ-ਮਤਾ ਹਟਾਯੋ ਨਾਮੂ।ਨਾਨਕਮਤਾ ਰਾਖਿ ਅਭਿਰਾਮੂ*।ਬਹੁਰੋ ਸ੍ਰੀਗੁਰ ਕੀਨਿ

---

[1]ਚੋਰ ਦੀ ਤੀਵੀਂ ਵਾਂਗ ਚੁਪ । [2]ਹੰਕਾਰ ਵਿਚ । [3]ਦੋਹਾਂ ਨੂੰ ਆਪਣੇ ਪਿਆਰੇ ਜਾਣਕੇ। [4]ਤਿੰਨੇ ਦੇ ਦਿੱਤੀਆਂ। [5]ਤਿਨ੍ਹਾਂ ਦੇ ਹੱਥ (ਵਿਚ)। [6]ਪਈ ਕਿ ਨਾ ਪਈ ਇਕ ਤੁੱਲ ਹੈ। [7]ਦੋਵੇਂ। [8]ਪ੍ਰਤਾਪ। [9]ਇੱਛਾ ਅਨੁਸਾਰ ਵਿਚਰਨ ਵਾਲੇ। [10]ਆਪਣੇ ਦੇਸ਼।

*ਬ੍ਰੇਲੀ ਤੋਂ ਬਿਹਾਰੀ ਪੁਰ ਦੀ ਧਰਮਸਾਲ ਦੇ ਮਹੰਤ ਜੀ ਤੋਂ ਹੇਠ ਲਿਖਿਆ ਪਤਾ ਪ੍ਰਾਪਤ ਹੋਇਆ ਹੈ:—ਨਾਨਕ ਮਤਾ ਪੀਲੀ ਭੀਤ ਦੇ ਨੇੜੇ ਹੈ। ਪੀਲੀ ਭੀਤ ਤੋਂ ਤਨਕ ਪੁਰ ਜੋ ਰੇਲ ਜਾਂਦੀ ਹੈ ਉਸ ਤੇ ਖਟੀਮਾ ਸਟੇਸ਼ਨ ਹੈ, ਜਿਥੋਂ ਅੱਠ ਦਸ ਮੀਲ ਤੇ ਨਾਨਕ ਮਤਾ ਹੈ, ਸੁਾਰੀ ਘੋੜੇ ਦੀ ਹੈ। ਰਸਤਾ ਬਰਸਾਤ ਵਿਚ ਖਰਾਬ ਹੈ। ਜੰਗਲ ਵਿਚ ਬਨ ਪਸ਼ੂਆਂ ਦਾ ਡਰ ਹੈ। ਮਿੱਠੇ ਰੇਠੇ ਦਾ ਟਿਕਾਣਾ ਨਾਨਕ ਮਤੇ ਤੋਂ ਬੀ ਬੀਸ ਕੁ ਮੀਲ ਪਰੇ ਪਹਾੜ ਦੀ ਬਨ ਵਿਚ ਹੈ। ਇਸ ਰਸਤੇ ਵਿਚ ਸ਼ੇਰ ਬਾਘ ਆਦਿ ਪੈਂਦੇ ਹਨ, ਰਾਹ ਬੜਾ ਖ਼ਰਾਬ ਹੈ। ਸੁਣਿਆ ਹੈ ਕਿ ਰੇਠੇ ਦੇ ਉਸ ਪੁਰਾਣੇ ਗੁਰ ਨਾਨਕ ਦੇ ਮਿੱਠੇ ਕੀਤੇ ਦਰਖਤ ਤੋਂ ਬੀਜ ਡਿਗ ਖਿਲਰਕੇ ਹੋਰ ਦਰਖਤ ਬੀ ਮਿੱਠੇ ਰੇਠੇ ਦੇ ਹੋਏ ਹਨ। ਨਾਨਕ ਮਤੇ ਤੇ ਰੇਠੇ ਦਾ ਜ਼ਿਲਾ ਨੈਨੀਤਾਲ ਹੈ। ਖਟੀਮਾ ਸਟੇਸ਼ਨ ਪੀਲੀਭੀਤ ਦੇ ਜ਼ਿਲੇ ਵਿਚ ਹੈ। ਇਸ ਬ੍ਰਿੱਛ ਬਾਬਤ ਵਿਸ਼ੇਸ਼ ਹਾਲ ਪੜ੍ਹੋ, ਰਾਸ ਪੰਜਵੀਂ ਅੰਸੂ ੨੮ ਅੰਕ ੨੭ ਦੀ ਹੇਠਲੀ ਟੂਕ।

Sri Satguru Jagjit Singh Ji eLibrary NamdhariElibrary@gmail.com

ਪਯਾਨਾ।ਕਾਰਨ ਇਹੀ ਕਰਨ ਕਲਯਾਨਾ॥੮੦॥ ਇਤਿ ਸ੍ਰੀ ਗੁਰ ਨਾਨਕ ਪ੍ਰਕਾ
ਗ੍ਰੰਥੇ ਉਤਰਾਰ੍ਧੇ 'ਸਿੱਧਨ ਕੋ ਮੇਲ' ਪ੍ਰਸੰਗ ਬਰਨਨੰ ਨਾਮ ਬੀਸਮੋ ਅਧਯਾਯ ॥ ੨੦ ॥

੨੧. [ਸ਼ਾਰਦਾ ਮੰਗਲ । ਦਿੱਲੀ ਵਿਖੇ ਹਾਥੀ ਜਿਵਾਲਣਾ ਤੇ ਮਰਦਾਨੇ ਦੀ ਪੂਜਾ ਕਰਵਾਉਣੀ]

ਭੁਜੰਗ ਪ੍ਰਯਾਤ ਛੰਦ ।

ਨਮੋ ਰੰਭਿਕਾ ਸੰਭਿਕਾ ਸਰਬ ਲੋਕਾ । ਪ੍ਰਸੀਦੇ ਸਦਾ ਦਾਸ ਦੇਤੀ ਅਸ਼ੋਕ
ਹਤੇ ਦੈਂਤ ਥਿੰਦੇ ਰਖਯੋ ਬੱਜ੍ਰਪਾਨੀ। ਕਰੋ ਗ੍ਰੰਥ ਪੂਰੇ ਨਮੋ ਬਾਕਬਾਨੀ ॥੧

[ਸੰਭਿਕਾ=ਦੇਖੋ ਪੂਰਬਾਰਧ ਅਧਯਾਯ ੧ ਅੰਕ ੨ ।
ਪ੍ਰਸੀਦੇ=ਪਸੀਜਕੇ, ਕ੍ਰਿਪਾਲ ਹੋਕੇ, ਤ੍ਰੁੱਠਕੇ ।
ਅਸ਼ੋਕਾ=ਅ+ਸ਼ੋਕ=ਸ਼ੋਕ ਰਹਤਤਾ, ਪ੍ਰਸੰਨਤਾ ।]

ਅਰਥ—ਸਾਰੇ ਲੋਕਾਂ ਨੂੰ ਸਧਾਰਨ ਵਾਲੀ, ਹੇ ਤੇਜ ਸ੍ਵਰੂਪ ! (ਤੈਨੂੰ) ਨਮਸਕਾਰ ਹੋਵੇ, (ਜਿਸ ਲਏ) ਤ੍ਰੁੱਠਕੇ 'ਸ਼ੋਕ ਰਹਿਤ ਹੋ ਜਾਣ' ਦੀ ਦਾਤ ਸਦਾ ਦਾਸ ਨੂੰ ਦੇਂਦੀ ਹੈਂ, (ਤੂੰ) ਇੰਦ੍ਰ ਨੂੰ (ਉਸ ਦੇ ਸ਼ਤ੍ਰੂ) ਦੈਂਤ ਮਾਰਕੇ ਬਚਾ ਲਿਆ, (ਹੇ ਸਰਸ੍ਵਤੀ ਮੇਰੇ ਵਿਘਨਾਂ ਹਰਕੇ, ਮੇਰਾ ਬੀ) ਗ੍ਰੰਥ ਸੰਪੂਰਨ ਕਰੋ, ਮੈਂ ਤੈਨੂੰ ਨਮਸਕਾਰ ਕਰਦਾ ਹਾਂ ।

ਸ੍ਰੀ ਬਾਲਾ ਸੰਧੁਰੂ ਵਾਚ ॥ ਚੌਪਈ ॥ ਸ੍ਰੀ ਅੰਗਦ! ਸੁਨਿ ਕਥਾ ਮਹਾਨੀ । ਤਹਿ :
ਗਮਨ ਕੀਨ ਗੁਨਖਾਨੀ । ਦਿੱਲੀ ਨਗਰ ਬਿਸਾਲ ਬਸੇਰਾ । ਉਪਬਨ
ਬਿਖੈ ਆਨਿ ਕਿਯ ਡੇਰਾ ॥ ੨॥ ਗਾਵਨ ਲਗਾ ਸ਼ਬਦ ਮਰਦਾਨਾ । ਸੁਨਿ
ਪ੍ਰੇਮ ਮਹਿ ਮਗਨ ਮਹਾਨਾ। ਰੁਚਿਰ ਰਾਗ ਕਰਿਕੈ ਧੁਤਪ੍ਰੀਤੋ। ਭੂਸ਼ਨ ਬ
ਮਹੂਰਤ ਬੀਤੇ ॥ ੩ ॥ ਪਾਤਿਸ਼ਾਹਿ ਕੋ ਕੁੰਚਰ[1] ਭਾਰੀ । ਮ੍ਰਿਤਕ ਹੁਤੋ ਵਿ
ਬਾਗ਼ ਮਝਾਰੀ । ਰੋਇ ਮਹਾਵਤ ਊਚ ਪੁਕਾਰਤਿ । ਹੇਤੁ ਜੀਵਕਾ ਦੁਖ ਮ
ਆਰਤ[3]॥੪॥ ਦੀਨ ਭਏ ਬਿਰਲਾਪਤਿ ਐਸੇ। ਕਿਰਪਨ ਦਰਬ ਜਾਇ ਕਿ
ਜੈਸੇ । ਅਵਲੋਕਯੋ ਜਬਹੀ ਤਿਨ ਤਾਈਂ। ਕਰੁਨਾਨਿਧਿ ਉਰ ਕਰੁਨਾ ਛਾ
॥੫॥ ਬੂਝਨ ਲਗੇ 'ਕੌਨ ਦੁਖ ਭਾਰੀ? । ਜਿਸਤੇ ਤੁਮ ਰੋਵਹੁ ਧ੍ਰਿਤ ਹਾਰ
ਕਿਨ ਮਾਰੇ ਕੈ* ਖੋਸਨ ਕੀਨੋ[5] ? । ਨਿਜ ਕਰਮਨ ਗਤਿ ਲੇਹੁ
ਚੀਨੇ[6]॥੬॥ ਸੰਤ ਸਰੂਪ ਜਾਨਿ ਮਨ ਸੋਊ। ਬੰਦਨ ਕਰੀ ਬੰਦਿ ਕਰ ਦੋ
ਬਿਨਤੀ ਉਸਤਤਿ ਕੈ ਮਧ ਸਾਨੀ[7] । ਬੋਲੇ ਅਤਿਸ਼ੈ ਆਤੁਰ ਬਾਨੀ ॥ ੭
ਦੋਹਰਾ ॥ 'ਸੁਨਹੁ ਬ੍ਰਿਥਾ ਦਰਵੇਸ਼ ਜੀ ! ਕੁੰਚਰ ਹੁਤੋ ਮਹਾਨ । ਰੋਗਿ ਭ
ਅਬ ਮਰਿ ਗਯੋ ਕੋਇ ਨ ਸਕਯੋ ਪਛਾਨ॥੮॥ ਚੌਪਈ ॥ ਹੁਤੇ ਮਹਾਵਤ ਹ

[1]ਬਾਗ । [2]ਹਾਥੀ । [3]ਦੁਖੀ । [4]ਧੀਰਜ ਹਾਰਕੇ । [5]ਯਾ (ਕਿਸੇ ਨੇ) ਲੁੱਟ ਲਿਆ ਹੈ । [6]ਆਪ ਕਰਮਾਂ ਦੀ ਗਤਿ ਨਹੀਂ ਪਛਾਣਦੇ ਹੋ ? [7]ਵਿੱਚ ਮਿਲੀ ਹੋਈ । *ਪਾਃ—ਕਿਨ ।

Sri Satguru Jagjit Singh Ji eLibrary NamdhariElibrary@gmail.com

ਤਿਸ ਕੇਰੇ। ਚਲਤਿ ਹੁਤੀ ਗੁਜ਼ਰਾਨ ਘਨੇਰੇ। ਮ੍ਰਿਤੂ ਭਏ ਹਟਿ ਗਾ ਰੁਜ਼-ਗਾਰਾ। ਕਿਉਂ ਪਾਲਨ ਹ੍ਵੈ ਮਮ ਪਰਵਾਰਾ ॥ ੯ ॥ ਔਰ ਉਪਾਇ ਨ ਜਾਨੋਂ ਕੋਊ। ਰੋਜ਼ੀ ਜਿਹ ਤੇ ਪੈਦੇ ਹੋਊ। ਇਸ ਦੁਖ ਤੇ ਹਮ ਰੋਵਤਿ ਬੈਸੇ। ਗੁਜ਼ਰ ਹਮਾਰੀ ਚਲਿਹੈ ਕੈਸੇ?'॥੧੦॥ਦੋਹਰਾ॥ਸ੍ਰੀ ਗੁਰ ਕਹੈਂ,'ਨ ਚਿੰਤ ਕਰਿ ਸਭਿ ਕੋ ਦੈ ਕਰਤਾਰ। ਜਿਤੇ ਬਹਾਨੇ ਜਗਤ ਕੇ ਕਰਨ ਹਾਰ ਇਕ ਧਾਰਿ॥੧੧॥ ਚੌਪਈ॥ਕੁੰਚਰ ਹਿਤ ਰੋਵਹੁ ਤੁਮ ਨਾਂਹੀ।ਸਿਮਰਹੁ ਨਾਮ ਪ੍ਰਭੂ ਮਨ ਮਾਂਹੀ।ਜੋ ਜਨਾਵਤਿ ਮਾਰਤਿ ਹੈ ਸੋਊ।ਵਾਹਿਗੁਰੂਇਕ ਅਵਰ ਨ ਕੋਊ॥੧੨॥ਸੋਦੇਵਤਿ ਸਭਿ ਕੋ ਰੁਜ਼ਗਾਰਾ। ਔਰ ਬਹਾਨਾ ਕਰਹਿ ਤੁਮਾਰਾ।ਮਿਸ[1] ਕਰਿਕੈ ਦੇਵਤਿ ਨਿਤ ਰੋਜ਼ੀ। ਲਖਹਿ ਸੰਤ ਸ੍ਰੀ ਪ੍ਰਭੁ ਕੇ ਖੋਜੀ' ॥੧੩॥ ਐਸੇ ਸੁਨੇ ਮਹਾਵਤ ਬੈਨ।ਪੂਰਨ ਸੰਤ ਲਖੇ ਸੁਖਦੈਨ।ਹਾਥ ਬੰਦਿਪੁਨ ਬਚਨ ਉਚਾਰੇ।'ਕਿਉਂ ਹੋਵੈ ਮਨ ਸ਼ਾਂਤਿ ਹਮਾਰੇ ॥੧੪॥ ਦੋਹਰਾ॥ਰੋਜ਼ੀ ਹਮਰੀ ਆਜ ਤੇ ਭਈ ਬੰਦ ਦਰ ਸ਼ਾਹਿ[2]*। ਤੁਮ ਤੇ ਸਭਿ ਕੁਛ ਹੋਤਿ ਹੈ ਸੰਤਹੁ ਬੇ ਪਰਵਾਹ ! ॥੧੫॥ ਚੌਪਈ ॥ ਜਿਉਂ ਚਾਕਰ ਹਮ ਹੈਂ ਪਤਿਸ਼ਾਹਿ। ਤਿਉਂ ਖ਼ੁਦਾਇ ਸੇਵਕ ਤੁਮ ਆਹਿ। ਹਮਰੋ ਕਾਜ ਅਟਕ ਜੋ ਜਾਈ।ਬਿਨੈ ਕਰਤਿ ਅੱਗ੍ਰਜ ਨਿਜ ਰਾਈ[3] ॥੧੬॥ ਕਰ ਜੋਰਹਿਕਰਿਵਾਵਹਿ ਕਾਜਾ।ਮਾਨਹਿ ਸੇਵਕ ਕੀ ਸ਼ੁਭ ਰਾਜਾ।ਹੈ ਤੁਮਰੋ ਪਤਿਸ਼ਾਹਿ ਖ਼ੁਦਾਇ। ਤਿਹ ਤੇ ਕਹਿ ਗਜ ਇਹੀ ਜਿਵਾਇ ॥ ੧੭॥ ਮਾਨਹਿ ਬਚ ਤੁਮਰੋ ਕਰਤਾਰ।ਕਰਹੁ ਸੰਤ ਜੀ ! ਇਹ ਉਪਕਾਰਾ। ਦਰ-ਵੇਸ਼ਨ ਕੀ ਬਾਨ[4] ਦਯਾਲਾ। ਹਮ ਤੇ ਅਪਰ ਨ ਦੁਖੀ ਬਿਸਾਲਾ' ॥ ੧੮ ॥ ਦੋਹਰਾ॥ਦੀਨ ਭਯੋ ਬੰਦਨ ਕਰਤਿ ਬਾਰ ਬਾਰ ਸਿਰ ਨਾਇ।ਦੇਖਿ ਮਹਾਵਤ ਕੀ ਦਸ਼ਾ ਬਿਗਸੇ ਪ੍ਰਭੂ ਸੁਖਦਾਇ ॥ ੧੯ ॥ ਚੌਪਈ ॥ ਹੁਇ ਕ੍ਰਿਪਾਲ ਕਹਿ ਗੁਨੀ ਗਹੀਰੂ। 'ਆਨਹੁ ਏਕ ਘਟਾ[5] ਭਰਿ ਨੀਰੂ'। ਗਯੋ ਬੇਗ ਤਿਹ ਭਰਿ ਕਰਿ ਆਨਾਂ। ਮਰਦਾਨੇ ਸੋ ਬਚਨ ਬਖਾਨਾਂ॥੨੦॥ 'ਸੱਤਿਨਾਮ ਕਹਿ ਇਹ ਘਟ ਲੀਜੈ। ਮ੍ਰਿਤੂ ਮਤੰਗ ਪਰ ਛਿਰਕਨ ਕੀਜੈ'। ਆਇਸੁ ਪਾਇ ਘਟਾ ਕਰ ਲਯੋ। ਕੁੰਚਰ ਕੇ ਸਮੀਪ ਚਲਿ ਗਯੋ॥੨੧॥ ਵਾਹਿਗੁਰੂ ਕਹਿ ਛਿਰਕਾ ਦੀਨੋ। ਗਜ ਸਰੀਰ ਕੋ ਤੇਵਨ ਕੀਨੋ। ਪ੍ਰਾਨ ਪਰੇ ਜੀਯੋ ਤਤਕਾਲਾ। ਭਯੋ ਮਹਾਵਤ ਹਰਖ ਬਿਸ਼ਾਲਾ ॥੨੨॥ ਬਾਰ ਬਾਰ ਪਦ ਬੰਦਨ ਕਰਿਹੀ।

[1]ਬਹਾਨਾ। [2]ਪਾਤਸ਼ਾਹ ਦੇ ਘਰੋਂ। [3]ਆਪਣੇ ਰਾਜੇ ਦੇ। [4]ਸੁਭਾਵ, ਆਦਤ। [5]ਘੜਾ।

*ਜੇ ਪਾਠ-ਦਰਸਾਹਿ-ਹੋਵੇ, ਤਾਂ ਅਰਥ ਹੋਵੇਗਾ-ਦਿੱਸਦੀ ਹੈ।

Sri Satguru Jagjit Singh Ji eLibrary NamdhariElibrary@gmail.com

ਉਸਤਤਿ ਕੇ ਮੁਖ ਬਚਨ ਉਚਰਿਰੀ। ਜਾਇ ਕਹੀ ਪਤਿਸ਼ਾਹਿ ਅਗਾਰੀ।
'ਮਰਨੋ ਸੁ ਜੀਵਨੋ ਕੁੰਚਰ ਭਾਰੀ ॥੨੩॥ ਇਹ ਫਕੀਰ ਹੈ ਆਪ ਖ਼ੁਦਾਇ।
ਥਿਨੈ ਸੁਨੀ ਤਿਨ ਦਿਯੋ ਜਿਵਾਇ'।ਇਉਂ ਸੁਨਿਕੈਬਿਸਮਾਦੇ ਸਭਿਹੀ।ਦਰ-
ਸ਼ਨ ਕਰਨ ਉਦਿਤ ਭਾ ਤਬਹੀ॥੨੪॥ਕਾਜ਼ੀ ਸੰਗ ਲਿਯੋ ਪਤਿਸ਼ਾਹੂ।ਚਲਿ
ਆਏ ਸ੍ਰੀ ਨਾਨਕ ਪਾਹੂ। ਕਰਿ ਪਦ ਬੰਦਨ ਗੁਰ*ਢਿਗ ਬੈਸੇ।ਕਾਜ਼ੀ ਬਚਨ
ਕਹੇ ਤਬ ਐਸੇ ॥੨੫॥ 'ਹੋਤ ਮਹਾਵਤ ਹਾਥੀ ਜੋਊ। ਜੀਵਾਯੋ ਤੁਮ ਨੈ ਹੀ
ਸੋਊ?।ਸੁਨਿ ਕੈ ਰਾਵਰਿ ਸਿਫਤ ਘਨੇਰੀ।ਦਰਸ਼ਨ ਹਿਤ ਆਏ ਬਿਨਦੇਰੀ'
॥੨੬॥ਕਾਜ਼ੀ ਕੀ ਦਿਸ਼ ਦੇਖਿ ਗੁਸਾਈਂ।ਬਾਨੀ ਨਿਰਹੰਕਾਰ ਅਲਾਈ। 'ਹਮ
ਹੈਂ ਕੌਣ ਮ੍ਰਿਤਕ ਜੀਵਾਰਹਿਂ। ਇਕ ਕਰਤਾਰ ਜਿਵਾਵਹਿ ਮਾਰਹਿ ॥੨੭॥
ਤਿਸ ਬਿਨ ਔਰ ਸ਼ਕਤਿ ਕਿਸ ਮਾਂਹੀ। ਬ੍ਯਾਪਕ ਕਲਾ ਦੇਖੀਯਤਿ ਜਾਂਹੀ'[1]।
ਕਾਜ਼ੀ ਕਹੋ'ਸ਼ਕਤਿ ਜੇ ਧਾਰਹੁ।ਮੁਖ ਤੇ ਕਹਿ ਅਬ ਕੈ ਗਜ ਮਾਰਹੁ ॥੨੮॥
ਜੇ ਤੁਮ ਕਹੇ ਗਯੋ ਮਰਿ ਕੁੰਚਰ।ਤੌ ਜਾਨੈਂ ਪ੍ਰਤੱਖ ਕਲਾਧਰਿ'।ਸੁਨਿਪ੍ਰਭੁਬੋਲੇ
ਸਹਿਜ ਸੁਭਾਇ।† 'ਜਿਉਂ ਖ਼ੁਦਾਇ ਕੀ ਹੋਇ ਰਜਾਇ' ॥੨੯॥ ਤਤਛਿਨ
ਕੁੰਚਰ ਗਿਰਨੋ ਬਹੋਰੀ। ਪਰਨੋ ਮ੍ਰਿਤਕ ਹੁਇ ਤਿਸਹੀ ਠੌਰੀ। ਪਾਤਿਸ਼ਾਹਿ
ਕੇ ਬੈਠਨੋ ਤੀਰ[2]। ਹੁਤੋ ਨਜ਼ਾਮਦੀਨ ਇਕ ਪੀਰ ॥੩੦॥ ਤਿਨ ਕਾਜ਼ੀ ਸੋਂ
ਬਚਨ ਉਚਾਰੇ।'ਇਹ ਖ਼ੁਦਾਇ ਹੈ ਨਰ ਤਨ ਧਾਰੇ। ਬਚਨ ਬਿਫਲ[3]ਇਹ
ਕੋ ਨਹਿਂ ਹੋਇ।ਸ਼ਰਧਾ ਧਰਿ, ਦੁਖ ਲਗੇ ਨ ਕੋਇ'॥੩੧॥ ਪੁਨ ਕਾਜ਼ੀ ਕਹਿ
'ਦੇਹੁ ਜਿਵਾਇ। ਤੌ ਜਾਨੌਂ ਮੈਂ ਆਪ ਖ਼ੁਦਾਇ'। ਸੁਨਿ ਗੁਨ ਐਨ ਸੁ ਬੈਨ
ਉਚਾਰੇ। 'ਸੰਤ ਬਚਨ ਕੇ ਜੇਊ ਮਾਰੇ ॥ ੩੨ ॥ ਤਿਨ ਕੋ ਕੋਇ ਨ ਸਕੈ
ਜਿਵਾਇ। ਮੇਟੀ ਜਾਇ ਨ ਕਬਹਿ ਰਜਾਇ। ਈਸ਼ੁਰ ਆਇਸੁ[4] ਸੰਤ
ਹਟਾਵੈ। ਸੰਤ ਕਹੇ ਕੋ ਕੌਨ ਮਿਟਾਵੈ ॥ ੩੩ ॥ ਦੋਹਰਾ ॥ ਜੈਸੇ ਜਗ ਅੰਧਾ
ਕਰਨੋ ਮਾਯਾ ਸੰਗ ਭੁਲਾਇ। ਸਤਿਗੁਰ ਬਚਨ ਸੁਚੇਤ ਕਰਿ ਦੇਵਹਿਂ
ਨਾਮ ਦ੍ਰਿੜਾਇ ॥ ੩੪ ॥ ਚੌਪਈ ॥ ਜਿਸਕੋ ਚਾਹੈਂ ਕਰੈਂ ਉਧਾਰਾ। ਬੰਧਨ
ਦੇਹਿਂ ਸਰਬ ਨਿਰਵਾਰਾ। ਜਿਉਂ ਅੰਬ੍ਰੀਕ ਭਗਤ ਢਿਗ ਆਯੋ[5]। ਦੁਰਬਾਸ਼ਾ
ਉਰ ਕ੍ਰੋਧ ਬਢਾਯੋ ॥੩੫॥ ਤਪਤ ਚੱਕ੍ਰ ਤਿਹ ਪੀਛੈ ਲਾਗਨੋ। ਜਰਤਿ[6]ਅੰਗ
ਉਰ ਡਰ ਕਰਿ ਭਾਗਨੋ। ਸ਼ਸ਼ਿ[7] ਸਵਿਤਾ[8] ਨਹਿ ਰਾਖਨੋ ਜਿਸ਼ਨੂੰ[9]।ਦ੍ਰੁਹਣ[10]

[1]ਜਿਸ ਦੀ। [2]ਪਾਸ। [3]ਬਿਅਰਥ। [4]ਈਸ਼ੁਰ (ਦੀ) ਆਗਯਾ। [5]ਪਾਸ ਆਯਾ (ਦੁਰਬਾਸਾ)। [6]ਸੜਦੇ। [7]ਚੰਦ੍ਰਮਾ। [8]ਸੂਰਜ। [9]ਇੰਦ੍ਰ। [10]ਬ੍ਰਹਮਾ। *ਪਾਠ—ਪ੍ਰਭ। †ਪਾਠ—ਸੁਭਾਇ।

Sri Satguru Jagjit Singh Ji eLibrary NamdhariElibrary@gmail.com

ਗਿਰੀਸ਼[1] ਗਯੋ ਫਿਰ ਬਿਸ਼ਨੂੰ ॥ ੩੬ ॥ ਇਕ ਛਿਨ ਰਾਖਿ ਸਕਯੋ ਨਹਿ ਕੋਊ।ਭੂਪ[2] ਸ਼ਰਨ ਆਯੋ ਪੁਨ ਸੋਊ।ਜਰਤਿ ਚੱਕ੍ਰ ਤੇ ਤਾਂਹਿ ਉਬਾਰ। ਇਉਂ ਸੰਤਨ ਕੀ ਸਿਫ਼ਤ ਅਪਾਰ।* ॥੩੭॥ ਦੋਹਰਾ ॥ ਕਰਨੋ ਏਕੰਕਾਰ[3] ਜੋ, ਸੰਤ 'ਸੁ ਦੇਤਿ ਹਟਾਇ। ਸੰਤਨ ਕੇ ਜੋ ਬਚਨ ਹੈਂ ਕੋਇ ਨ ਸਕਹਿ ਮਿਟਾਇ'॥ ੩੮॥ਚੌਪਈ॥ ਗੁਨਖਾਨੀ ਕੇ ਬੈਨਨ ਸੁਨਿਕੈ। ਬੰਦਨ ਕਰਹਿਂ ਚਰਨ,ਗੁਰ ਗੁਨਿ ਕੈ। ਪੀਰ ਨਿਜ਼ਾਮਦੀਨ ਕਰ ਜੋਰੀ। ਬੋਲਯੋ ਹ੍ਵੈ ਕਰਿ ਦੀਨਬਹੋਰੀ॥ ੩੯॥ 'ਸਭਿ ਹੀ ਸ਼ਰਨ ਤੁਮਾਰੀ ਆਏ। ਅਬ ਪੁਨ ਕੁੰਚਰ ਦੋਹੁ ਜਿਵਾਏ। ਤੁਵ ਖੁਦਾਇ ਮੈਂ ਭੇਦ ਨ ਕੋਊ।ਚਹਹੁ ਜੁ ਉਰ ਮਹਿ ਕਰਿ ਹੋ ਸੋਊ'॥੪੦॥ ਬੋਲੇ ਪ੍ਰਭੁ 'ਉਠਹੁ ਮਰਦਾਨਾ। ਛਿਰਕਹੁ ਜਲ ਤੁਮ ਲੇ ਨਿਜ ਪਾਨਾ।ਕਹੇ ਪੀਰ ਕੇ ਅਬ ਕੀ ਵਾਰੀ। ਦੋਹਿ ਜਿਵਾਇ ਮਰਨੋ ਗਜ ਭਾਰੀ' ॥੪੧॥ ਦੋਹਰਾ ॥ ਉਠਤਿ ਭਯੋ ਤਤਕਾਲ ਪੁਨ ਜਲ ਲੈ, ਕਹਿ 'ਸਤਿਨਾਮ'। ਛਿਰਕੇ ਤੇ

---

[1]ਸ਼ਿਵ। [2]ਅੰਮਰੀਕ ਦੀ। [3]ਪਰਮੇਸ਼ੁਰ ਦਾ ਕੀਤਾ ਹੋਇਆ।

*ਇਹ ਭਗਤੀ ਮਾਰਗ ਦਾ ਅਸੂਲ ਦੱਸਿਆ ਨੇ, ਇਹੁ ਅਸੂਲ ਮੁਸਲਮਾਨ ਸੂਫੀ ਫਕੀਰਾਂ ਵਿਚ ਬੀ ਹੈ। ਸ਼ਮਸ ਤਬਰੇਜ਼ ਨੇ ਮੋਏ ਲੜਕੇ ਨੂੰ ਜਿਵਾਵਨ ਵਾਸਤੇ 'ਕੁੰਮ ਬਿਜ਼ਨੀ' ਕਿਹਾ ਸੀ, ਅਰਥਾਤ 'ਉਠ ਮੇਰੇ ਹੁਕਮ ਨਾਲ' ਤੇ ਕਾਜ਼ੀਆਂ ਉਸ ਨੂੰ ਕਾਫਰ ਕਰਾਰ ਦਿੱਤਾ ਸੀ ਕਿ ਉਸ ਨੇ 'ਕੁੰਮ ਬਿਜ਼ਨਿਲਾ' 'ਉਠ ਅੱਲਾ ਦੇ ਹੁਕਮ ਨਾਲ' ਕਿਉਂ ਨਹੀਂ ਕਿਹਾ। ਸ਼ਮਸ ਤਬ੍ਰੇਜ਼ ਨੇ ਬੀ ਇਹੋ ਕਾਰਣ ਦੱਸਿਆ ਸੀ, ਕਿ ਅੱਲਾ ਦਾ ਹੁਕਮ ਬਦਲ ਨਹੀਂ ਸਕਦਾ, ਹਾਂ ਫਕੀਰ ਜੋ ਉਸ ਨਾਲ ਜੁੜ ਰਿਹਾ ਹੈ, ਆਪਣੇ ਲਾਡ ਵਿਚ ਜਿਵਾ ਦੇਵੇ ਤਾਂ ਪਿਆਰੇ ਪੁੱਤ੍ਰ ਦੇ ਕੀਤੇ ਵਾਂਙੂ ਪਿਤਾ ਪਰਮੇਸ਼ੁਰ ਝੱਲ ਲੈਂਦਾ ਹੈ। ਕਵਿ ਜੀ ਏਥੇ ਭਗਤੀ ਦੇ ਅਸੂਲ ਨੂੰ ਦੱਸਕੇ ਗੁਰੂ ਨਾਨਕ ਦੇਵ ਜੀ ਦੀ ਦਿਸ ਤੋਂ ਬੀ ਮਹਾਨ ਸ਼ਕਤੀ ਦੱਸਦੇ ਹਨ ਕਿ ਉਹ ਫਕੀਰ ਦੇ ਹੁਕਮ ਨਾਲ ਮਰੇ ਨੂੰ ਬੀ ਜਿਵਾ ਸਕਦੇ ਹਨ। ਉਹਨਾਂ ਨੂੰ ਅਪਾਰ ਸ਼ਕਤੀ ਦਾ ਮਾਲਕ ਗੋਬਿੰਦ ਰੂਪ ਕਵਿ ਜੀ ਦੇਖ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਜੀ ਦੀ ਸ਼ਕਤੀ ਬਾਬਤ ਵਾਕ ਹੈ:—

ਸਤਿਗੁਰੁ ਮੇਰਾ ਮਾਰਿ ਜੀਵਾਲੈ ॥ [ਭੈਰਉ ਮਹਲਾ ੫

ਫਿਰ ਕਵਿ ਜੀ ਇਹ ਬੀ ਦੱਸਦੇ ਹਨ ਕਿ ਗੁਰੂ ਜੀ ਇਹ ਗਲ ਨਹੀਂ ਆਖਦੇ ਕਿ ਮੇਰੇ ਹੁਕਮ ਨਾਲ ਜੀਵਿਆ ਹੈ, ਜਿਵਾਲ ਕੇ ਫਿਰ ਨਿੰਮ੍ਰਤਾ ਵਿਚ ਫੁਰਮਾਉਂਦੇ ਹਨ:—

'ਹਮ ਹੈਂ ਕੌਣ ਮ੍ਰਿਤਕ ਜੀਵਾਰਹਿ।
ਇਕ ਕਰਤਾਰ ਜਿਵਾਵਹਿ ਮਾਰਹਿ' ॥੨੭॥

Sri Satguru Jagjit Singh Ji eLibrary NamdhariElibrary@gmail.com

ਜੀਵਯੋ ਤੁਰਤ* ਜੋ ਕੁੰਚਰ ਅਭਿਰਾਮ ॥ ੪੨ ॥ ਚੌਪਈ ॥ ਕੌਤਕ ਦੇਖਿ ਬਿਸਮ ਭੇ ਸਭਿਹੀ।ਬਾਰ ਬਾਰ ਬੰਦਹਿਂ ਪਦ ਤਬਿਹੀ। ਕਹਿਨ ਲਗੇ'ਨਿਜ ਵਿਹੁ ਉਪਦੇਸ਼ਾ। ਤੁਮ ਖੁਦਾਇ ਤਨ ਧਰਿ ਦਰਵੇਸ਼ਾ' ॥੪੩॥ਸ੍ਰੀਗੁਰ ਭਨੈਂ 'ਸੁਨਹੁ ਪਤਿਸ਼ਾਹਿ। ਧਰਮ ਨਯਾਇ ਕੀਜੈ ਚਿਤ ਚਾਹਿ। ਕਾਜ਼ੀ! ਨਹਿਂ ਰਿਸ਼ਵਤ ਕਬ ਲੀਜੈ। ਰਾਖਹੁ ਧਰਮ ਨ ਕਿਹ ਦੁਖ ਦੀਜੈ ॥ ੪੪ ॥ ਸਭਿ-ਸੰਗਤਿ ਮਿਲਿ ਸੇਵਾ ਕਰਨੀ।ਮਨ ਮਲੀਨਤਾ ਸਕਲੀ ਹਰਨੀ[1]।ਸੱਤਿਨਾਮ ਸਿਮਰਹੁ ਦਿਨ ਰਾਤੀ। ਹਿਰਦੇ ਸ਼ਰਧਾ ਧਰਿ ਭਲਿ ਭਾਂਤੀ॥੪੫॥ ਦੋਹਰਾ ॥ ਹਿਤ ਖੁਦਾਇ ਦਸ਼ਵੰਧ ਦੇ ਕੀਜੈ ਧਰਮ ਨਿਆਇ। ਗਤਿ ਪ੍ਰਾਪਤਿਹੋਵਹਿ ਤੁਮਹਿ ਇਸ ਬਿਧਿ ਕਿਰਤ ਕਮਾਇ'॥੪੬॥ ਚੌਪਈ॥ ਅਸ ਉਪਦੇਸ਼ ਦੀਨ ਤਿਨ ਨੀਕਾ।ਕਰਿ ਸੰਤੋਖ ਤਹਾਂ† ਸਭਿ ਹੀਕਾ।ਬਿਦਾ ਭਏ ਤਿਨ ਤੇ ਬਰਿਆਈ।ਗਮਨ ਕੀਨ ਮਾਰਗ ਜਗ ਸਾਈਂ॥੪੭॥ ਕੀਨ ਮਨੋਰਥ ਮਨ ਮਰਦਾਨੇ।–ਮਮ ਮਨਤਾ[2] ਕਿਮ ਹੋਇ ਮਹਾਨੇ।ਮੁਝਕੋ ਬੰਦਹਿ ਸਭਿਨਰਨਾਰੀ। ਭੇਟਾ ਉੱਤਮ ਧਰਹਿ ਅਗਾਰੀ–॥੪੮ ॥ ਅੰਤਰਯਾਮੀ ਉਰ ਕੀ ਜਾਨੀ। ਮੁਸਕਤਿ ਮੰਦ[3] ਕਹੀ ਮ੍ਰਿਦੁ ਬਾਨੀ।'ਰਿਦੇ ਬਿਚਾਰਤਿ ਜੋ, ਤੁਮ ਆਵਹੁ। ਅੰਗ੍ਰਜ ਪੁਰਿ[4] ਮਨਭਾਵਤਿ ਪਾਵਹੁ ॥ ੪੯ ॥ ਇਹ ਸਭਿ ਕੂਰ ਕਾਜ ਨਹਿ ਸਰਿਈ[5]।ਮੁਕਤਿ ਪੰਥ ਤੇ ਬਰਜਨ ਕਰਿਈ[6]।ਚਹਿਤ ਰਹੈਂ ਜਗ ਮਹਿਂਥਭਿਆਈ। ਅਲਪ ਕਾਲ ਜਿਸ ਬੀਚ ਰਹਾਈ[7]' ॥੫੦॥ ਜਹਿ ਜਾਵਨ[8] ਲਹਿ-

[1]ਨਾਸ਼ ਕਰਨੀ। [2]ਮਾਨਤਾ, ਪੂਜਾ। [3]ਥੋੜਾ ਮੁਸਕ੍ਰਾਕੇ। [4]ਅਗਲੇ ਸ਼ਹਿਰ। [5]ਇਹ (ਪਦਾਰਥ) ਸਾਰੇ ਝੂਠੇ ਹਨ (ਇਨ੍ਹਾਂ ਤੋਂ ਕੋਈ) ਕੰਮ ਨਹੀਂ ਸੌਰਦਾ। [6]ਰੋਕਨਾ ਕਰਦੇ ਹਨ। [7]ਜਿਸ (ਜਗਤ) ਵਿਚ ਥੋੜਾ ਚਿਰ ਰਹਿਣਾ ਹੈ। [8]ਜਿਸ (ਜਗਤ ਵਿਚ) ਜਾਣਾ ਹੈ।

*ਜੋਗੀ ਪੀਰ ਆਦਿ ਆਪ ਕਰਾਮਾਤਾਂ ਕਰਦੇ ਰਹੇ ਹਨ, ਪਰ ਆਖਕੇ ਕਿਸੇ ਤੋਂ ਕਰਵਾ ਦੇਣੀ ਗੁਰੂ ਸਾਹਿਬਾਂ ਦੀ ਸਰਬ ਸ਼ਿਰੋਮਣਤਾ ਦੀ ਸੂਚਕ ਹੈ, ਕਿਉਂਕਿ ਓਹ ਸ਼ਕਤੀਆਂ ਦੇ ਦਾਤੇ ਹਨ। ਗੁਰਵਾਕ ਬੀ ਹੈ:—

'ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ'। [ਵਾਰ ਮਾ: ਸ: ਮਹਲਾ ੧—੧੯

†ਜਿਸ ਜਗ੍ਹਾ ਦੀ ਇਹ ਕਥਾ ਹੈ, ਉਹ ਜਗ੍ਹਾ ਦਿੱਲੀ ਤੋਂ ਜਮਨਾਂ ਦੇ ਉੱਪਰ ਰੁਖ ਨੂੰ ਨਦੀ ਕਿਨਾਰੇ ਹੈ, ਓਥੇ ਗੁਰਦੁਆਰਾ ਹੈ। ਛੇਵੇਂ ਪਾਤਸ਼ਾਹ ਬੀ ਇੱਥੇ ਗਏ ਹਨ, ਚਰਨ ਪਾਦੁਕਾ ਦਾ ਨਿਸ਼ਾਨ ਕਾਇਮ ਹੈ। ਮਜਨੂੰ ਇਕ ਗੁਰੂ ਜੀ ਦਾ ਚੰਗਾ ਸਿਖ ਇੱਥੇ ਹੋਇਆ ਹੈ, ਇਸ ਕਰ ਕੇ ਇਸ ਨੂੰ ਮਜਨੂੰ ਦਾ ਟਿੱਲਾ ਕਹਿੰਦੇ ਹਨ। ਲੈਲਾ ਵਾਲਾ ਮਜਨੂੰ ਹੋਰ ਹੈ। ਦੇਖੋ ਰਾਸ ੫ ਅੰਸੂ ੫ ਅੰਕ ੫੧ ਦੀ ਟੂਕ।

Sri Satguru Jagjit Singh Ji eLibrary NamdhariElibrary@gmail.com

ਨੌ ਸੁਖ ਭਾਰੀ। ਤਹਿ ਕੀ ਗਤਿ ਨਹਿ ਕਰਹਿ ਬਿਚਾਰੀ। ਮਾਨਹੀਨ[1] ਰਹਿ
ਜਗ ਮਹਿ ਜੋਈ। ਚਹੈ ਮਾਨ ਪਰਲੋਕਹਿ ਸੋਈ' ॥੫੧॥ ਸੁਨਿਕੈ ਸਕੁਚਿ[2]
ਕਹ੍ਯੋ ਮਰਦਾਨੇ। 'ਹੈ ਕਰੁਨਾ ਤੁਮ, ਤਬ ਅਸ ਜਾਨੋ[3]'। ਕਰਤਿ ਬਾਤ
ਤਹਿ ਪੁਰਿ ਨਿਯਰਾਯਾ[4]। ਪ੍ਰਭੁ ਬੈਠੇ ਪਿਖਿ ਇਕ ਤਰੁ[5] ਛਾਯਾ ॥ ੫੨ ॥
ਦਈ ਨਿਦੇਸ਼[6] 'ਜਾਹੁ ਮਰਦਾਨੇ! । ਨਗਰ ਬਿਲੋਕਹੁ, ਹੈ ਮਨ ਭਾਨੇ'।
ਜਾਇ ਨ[7], ਬਹੁਰ ਪਠ੍ਯੋ ਬਰਿਆਈ[8]। ਸ਼੍ਰੀ ਪ੍ਰਭੁ ਤੇ ਬਹੁਤੇ ਸਕੁਚਾਈ
॥ ੫੩ ॥ ਪੁਰਿ ਕੇ ਦਰ ਮਹਿ ਪ੍ਰਵਿਸ਼ਨੋ ਜਬਹੀ। ਮਾਨਵ ਦਰਸ ਕਰਹਿ ਤਿਹ
ਤਬਹੀ। ਆਨਿ ਉਪਾਇਨ ਧਰਹਿ ਅਗਾਰੀ। ਬੂਝਨ ਹੇਤੁ ਨ ਗਿਰਾ ਉਚਾਰੀ
॥ ੫੪ ॥ ਪਿਖਤਿ ਪਰਸਪਰ ਘਰ ਨਿਜ ਜਾਹੀਂ। ਨਾਨਾ ਬਿੰਜਨ[9] ਆਨਹਿ
ਪਾਹੀਂ। ਰੁਚਿਰ ਸਥਲ ਬੈਠ੍ਯੋ ਮਰਦਾਨਾ। ਹੋਵਨ ਪੂਜਾ ਲਗੀ ਮਹਾਨਾ॥
੫੫॥ ਬਹੁ ਰੰਗਨ ਕੇ ਬਸਤ੍ਰ ਅਮੋਲੇ। ਆਨ ਸਮਰਪਹਿ[10], ਕਛੁ ਨਹਿ ਬੋਲੇ।
ਕੇਤਿਕ ਦਰਬ ਚਢਾਵਹਿ ਆਨੀ। ਹੋਇ ਰਹੇ ਸੇਵਕ ਮਨ ਬਾਨੀ ॥ ੫੬ ॥
ਹਿੰਦੂ ਤੁਰਕ ਜਿ ਦੇਖਹਿ ਆਈ। ਮਹਾਂ ਪੁਰਖ ਲਖਿ ਪਗਿ ਹੈਂ ਪਾਈ[11]।
ਸੁਨਹਿ ਅਪਰ ਤੇ ਅਪਰ ਜਿ ਮਾਨਵ। ਦੌਰਹਿ ਦੌਰ ਉਪਾਇਨ ਆਨਵ।
੫੭ ॥ ਕਹੈਂ ਕਿ 'ਸੰਤ ਬਡੋ ਹੈ ਕੋਈ। ਇਸ ਦਰਸ਼ਨ ਤੇ ਹਮ ਗਤਿ ਹੋਈ।
ਜੋ ਇਸ ਪਾਸ ਚਢਾਇ ਪਦਾਰਥ। ਸੋ ਹਮ ਜਾਨਹਿ ਹੋਇ ਸਕਾਰਥ'॥੫੮॥
ਲਾਗ੍ਯੋ ਅੰਬਰ ਕੇਰ[12] ਅੰਬਾਰੂ[13]। ਮਰਦਾਨੇ ਭਾ ਹਰਖ ਅਪਾਰੂ। ਬੀਤ
ਗਏ ਜਬਹੀ ਜੁਗ ਜਾਮਾ[14]। ਉਠ੍ਯੋ ਤਬਹਿ ਭਾ ਪੂਰਨ ਕਾਮਾ ॥ ੫੯ ॥
ਮਾਨਵ ਕੈ ਉਚਵਾਯੋ ਸੀਸਾ। ਆਯੋ ਜਹਿ ਬੈਠੇ ਜਗਦੀਸ਼ਾ। ਕਹਿਨ ਲਗ੍ਯੋ
ਕਰਿ ਹਰਖ ਘਨੇਰੋ। 'ਦਾਸ ਭਯੋ ਸਗਰੋ ਪੁਰਿ ਮੇਰੋ॥੬੦॥ ਸਭਿਹੀ ਪੂਜਾ ਕੀਨਿ
ਮਹਾਨਾ। ਬੰਦਹਿ ਪਦ ਭੇਟੈਂ ਧਰਿ ਨਾਨਾ। ਕਿਨਹੂੰ ਨ ਬੂਝਨ ਕੀਨੋਂ ਮੋਹੀ।
ਕਹਹਿੰ ਪਰਸਪਰ–ਸੰਤ ਸੁ ਹੋਹੀ–'॥੬੧॥ ਅਸ ਕਹਿ ਭੇਟ ਹੁਤੀ ਜੋ ਸਾਰੀ।
ਸੋ ਧਰਿ ਦੀਨੀ ਗੁਰੂ ਅਗਾਰੀ। ਬਿਗਸਤਿ ਮੁਖ ਤੇ ਬਚਨ ਬਖਾਨੋ। 'ਕੋ ਕੋ
ਵਥ ਆਨੀ[15]? ਮਰਦਾਨੇ! ॥੬੨॥ ਹਿਰਦੇ ਤੇਰੋ ਹਰਖ ਵਿਸ਼ੇਖਾ। ਬਦਨ

---

[1](ਦਿਲੀ) ਨਿੰਮ੍ਰਤਾ ਵਿਚ। [2]ਸੰਕੋਚ ਕੇ, ਸ਼ਰਮ ਕੇ। [3]ਤਾਂ ਐਸਾ ਜਾਣਿਆ ਜਾਂਦਾ ਹੈ। [4]ਨੇੜੇ ਆਗਿਆ। [5]ਬ੍ਰਿੱਛ ਦੀ। [6]ਆਗਯਾ। [7]ਜਾਵੇ ਨਾ (ਮਰਦਾਨਾ)। [8]ਜ਼ੋਰੋ ਜ਼ੋਰੀ ਭੇਜਿਆ। [9]ਭੋਜਨ। [10]ਅਰਪਣ ਕਰਦੇ ਹਨ (ਲੋਕੀਂ)। [11]ਪੈਰੀਂ ਪੈਂਦੇ ਹਨ। [12]ਬਸਤਰਾਂ ਦਾ। [13]ਢੇਰ। [14]ਦੋ ਪਹਿਰ। [15]ਕਿਹੜੀ ਕਿਹੜੀ ਚੀਜ਼ ਲਿਆਂਦੀ ਹੈ?

Sri Satguru Jagjit Singh Ji eLibrary NamdhariElibrary@gmail.com

ਪ੍ਰਫੁੱਲਿਤ ਅਤਿਸ਼ੈ ਦੇਖਾ'। ਕਰ ਜੋਰੇ ਕਹਿ 'ਸੁਨਿ ਪ੍ਰਭੁ! ਮੋਰੇ। ਗਮਨਯੋ ਨਗਰ ਅਨੁੱਗ੍ਰਹੁ ਤੋਰੇ[1] ॥ ੬੩ ॥ ਜਿਉਂ ਰਾਵਰ ਨੇ ਬਚਨ ਬਖਾਨਾ। ਤਿਉਂ ਪੂਰਨ ਭਾ, ਹਰਖ ਮਹਾਨਾ। ਸੁੰਦਰ ਬਹੁ ਅੰਬਰ[2] ਮੈਂ ਲਯਾਯੋ। ਧਨ ਆਨਯੋ ਨਰ ਜਿਤੋ ਚਹਾਯੋ' ॥ ੬੪ ॥ ਹੇਤੁ ਦਿਖਾਵਨ ਗਠੜੀ ਖੋਲੀ ਦੇਖਹਿਂ ਪ੍ਰਭੁ ਵਸਤ ਬਹੁ ਮੋਲੀ। ਦਸ਼ਾ ਦੇਖਿ ਮਰਦਾਨੇ ਕੇਰੀ। ਲੋਭ ਲਹਿਰ ਮੈਂ ਚਾਹਿ ਘਨੇਰੀ ॥੬੫॥ ਉੱਚ ਹਾਸ[3] ਬਿਗਸੇ ਜਗਸਾਈਂ। ਕਿਤਿਕ ਬੇਰਿ ਪੁਨ ਗਿਰਾ ਅਲਾਈ। 'ਭਲਾ ਕਿਯੋ ਆਨਯੋ ਮਰਦਾਨੇ। ਆਵਹਿ ਕਿਤੇ ਟ ਕਾਜ ਅਧਾਨੇ!॥੬੬॥ਮਾਨਿਬਚਨ ਅਬ ਇਸ ਬਿਧਿ ਕੀਜੈ। ਵਸਤੁ ਲੁਟਾਇ ਸਪੂਰਨ ਦੀਜੈ। ਲੈਕੇ ਰੰਕ ਪਰਮ ਸੁਖ ਪਾਵਹਿਂ। ਤੇਰੋ ਸੀਸ ਅਸੀਸ ਅਲਾਵਹਿਂ॥੬੭॥'ਹਸਨੇਤੇ ਲੱਜਿਤਿ ਮਰਦਾਨਾ। ਰਿਦੇ ਗੁਨਤਿ–ਮੈਂ ਭਯੋ ਅਯਾਨਾ। ਹੇਮ ਧਰਾਦਿਕ[4] ਜੋ ਸਭਿ ਚੀਨੋ[5]। ਤਨਕ ਲੋਭ ਤਹਿਂ ਕਰਨ ਨ ਦੀਨੋ ॥੬੮॥ ਇਹ ਕਲਾ ਅਲਪ ਵਸਤੁ ਮੈਂ ਆਨੀ। ਮਾਨ ਲੋਭ ਮਹਿ ਮਤਿ ਬਿਰਮਾਨੀ[6]–। ਖਰੇ ਰੰਕ ਅਵਲੋਕੇ ਪਾਸੂ। ਸਰਬ ਵਸਤੁ ਲੁਟਵਾਈ ਆਸੂ[7]*॥੬੯॥ਬ੍ਰਿਕਤ[8] ਪਦਾਰਥ ਤੇ ਮਨ ਕਰਿਕੈ। ਰਹਯੋ ਟਕ ਸਤਿਗੁਰ ਕੀ ਧਰਿਕੈ। ਬਹੁਰ ਬਿਕਾਰ ਨ ਚਿਤਵਨ ਕੀਨੋ। ਸਤਿ ਸੰਤੋਖ ਬਿਖੇ ਮਨ ਦੀਨੋ॥੭੦॥

ਚਲੇ ਪ੍ਰਭੂ ਪੁਨ ਇਸਬਿਧਿ ਕਰਿ ਕੈ। ਅਦਭੁਤ ਬੇਖ ਤਨ ਬਿਖੈ ਧਰਿਕੈ। ਕੇਸਰ ਤਿਲਕ ਭਾਲ ਮਹਿ ਲਾਲਾ। ਸਿਰ ਪਰ ਉਰਧ ਕੁਲਹਿ[9] ਬਿਸਾਲਾ ॥੭੧॥ ਭਗਵੇ ਅੰਬਰ ਊਪਰ ਲੀਨਾ। ਨੀਲੋ ਤੇੜ ਲਪੇਟਨ ਕੀਨਾ। ਮਾਲ ਬਿਸ਼ਾਲ ਕੰਠ ਮਹਿਂ ਪਾਈ। ਇਕ ਰੁਮਾਲ ਕਰ ਮਾਂਹਿ ਸੁਹਾਈ॥੭੨॥ ਦੋਹਰਾ ॥ ਇਕ ਪਗ[10] ਪਨਹੀ[11] ਨੋਕ ਬਡ ਇਕ ਪਗ ਕੌਂਸ[12] ਟਿਕਾਇ[13]। ਹਿੰਦੂ ਤੁਰਕ ਨ ਲਖਿ ਪਰੈਂ ਐਸੋ ਬੇਖ ਬਨਾਇ ॥੭੩॥ ਚੌਪਈ॥ ਸੁੰਦਰ ਸ਼ਮਸ਼[14] ਸਿਤਾਸਿਤ[15] ਸੋਹੈ। ਬੋਲਤਿ ਗੁਨੀਅਨ ਕੇ ਮਨ ਮੋਹੈਂ। ਤੁਰਕ ਮਿਲੈ ਕੋ ਸੋਸੋ ਕਰਿਈ। ਤੁਰਕੀ ਰੀਤ ਜਵਾਬ ਉਚਰਿਈਂ॥੭੪॥ਹਿੰਦੂ ਆਇ ਬੂਝਿਹੈ ਕੋਊ।

---

[1]ਤੁਹਾਡੀ ਕ੍ਰਿਪਾ ਨਾਲ। [2]ਬਸਤਰ। [3]ਉੱਚੀ ਹੱਸ ਕੇ। [4]ਸੋਨੇ ਦੀ ਧਰਤੀ ਆਦਿ। [5]ਦੇਖੇ ਸਨ। [6]ਭੁੱਲ ਗਈ। [7]ਛੇਤੀ। [8]ਤਿਆਗੀ। [9]ਲੰਬੀ ਟੋਪੀ। [10]ਪੈਰ। [11]ਜੁੱਤੀ। [12]ਖੜਾਊਂ। [13]ਪਹਿਨਕੇ। [14]ਦਾੜ੍ਹਾ। [15]ਚਿੱਟਾ ਤੇ ਕਾਲਾ।

*ਪੁਰਾਤਨ ਜਨਮ ਸਾਖੀ ਵਿਚ ਇਹ ਵਾਰਤਾ ਸੱਜਣ ਠੱਗ ਦੇ ਪਾਸ ਪੁੱਜਣ ਤੋਂ ਪਹਿਲਾਂ ਦਿੱਤੀ ਹੈ, ਮਾਨੋਂ ਪਹਿਲੀ ਉਦਾਸੀ ਦੀ ਪਹਿਲੀ ਸਾਖੀ ਹੈ।

Sri Satguru Jagjit Singh Ji eLibrary NamdhariElibrary@gmail.com

ਉੱਤਰ ਪਾਇ ਹਿੰਦੁ ਕਾ ਸੋਊ। ਮਨੁਜਨ ਤੇ[1] ਕਛੁ ਜਾਇ ਨ ਜਾਨ॥ ਕੀਨ ਬੇਖ ਅਸ ਸ੍ਰੀ ਸੁਖਦਾਨਾ ॥ ੭੫॥ ਮਾਰਗ ਚਲੇ ਜਾਹਿ ਜਗਤੇਸ਼ਾ। 'ਸਿਮਰਹੁ ਨਾਮ' ਦੇਹਿੰ ਉਪਦੇਸ਼ਾ। 'ਬਿਖੈ ਬਿਕਾਰਨ ਸਰਬ ਬਿਹਾਈ[2]। ਸਤਿ ਸੰਗਤਿ ਸੇਵਹੁ ਮਨ ਲਾਈ' ॥ ੭੬ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਦਿੱਲੀ ਅਰ ਮਰਦਾਨੇ ਕੋ ਪ੍ਰਸੰਗ' ਬਰਨਨੰ ਨਾਮ ਇਕੀਸਮੋਂ ਅਧਯਾਯ ॥ ੨੧ ॥

੨੨ [ਨਿਰਵਿਕਾਰ ਮਨ ਦਾ ਮੰਗਲ। ਲਾਹੌਰ ਨੂੰ ਸ੍ਰਾਪ, ਬ੍ਰਾਹਮਣ ਤੇ ਗ੍ਰਾਮਨ ਪ੍ਰਸੰਗ]

ਦੋਹਰਾ ॥ ਹੇ ਮਨ ਬੰਦਨ ਤੁਹਿ* ਕਰੌਂ ਤਜਿਕੈ ਸਰਬ ਬਿਕਾਰ।
ਸ੍ਰੀ ਸਤਿਗੁਰ ਕੀ ਸ਼ਰਨ ਪਰਿ, ਭਵ ਤੇ ਹ੍ਵੈ ਨਿਸਤਾਰ ॥ ੧ ॥

ਅਰਥ—ਹੇ (ਮੇਰੇ) ਮਨ ਮੈਂ ਤੈਨੂੰ (ਬੀ) ਨਮਸਕਾਰ ਕਰਦਾ ਹਾਂ (ਕਿ ਤੂੰ ਮੇਰੀ ਲਾਜ ਐਉਂ ਰਖ) ਕਿ ਸਾਰੇ ਵਿਕਾਰਾਂ ਨੂੰ ਤਿਆਗਕੇ ਸ੍ਰੀ ਸਤਿਗੁਰੂ ਜੀ ਦੀ ਸ਼ਰਣ ਪੈ ਜਾਹੁ ਜੋ ਸੰਸਾਰ ਤੋਂ ਨਿਸਤਾਰਾ ਪ੍ਰਾਪਤ ਹੋ ਜਾਵੇ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ਸ੍ਰੇਸ਼ਟ ਗੁਨਖਾਨੀ!।ਸੁੰਦਰਕਥਾ ਸੁਨਹੁ ਸੁਖਦਾਨੀ। ਬਿਚਰਤਿ ਬਹੁਰ ਬੇਖ ਅਸ ਧਰਿਕੈ। ਲੋਕਨ ਕੋ ਕਲਿਆਨ ਬਿਚਰਿਕੈ ॥ ੨ ॥ ਰਮਤਿ[3] ਕਰਤੇ ਸਹਿਜ ਸੁਭਾਏ। ਲਵਪੁਰਿ[4] ਮਾਂਹੀ ਚਲਿ ਕਰਿ ਆਏ। ਹੁਤੋ ਕਸਾਬਪੁਰਾ[5] ਜਿਹ ਥਾਨਾ। ਤਹਾਂ ਠਾਂਢਿ ਭੇ ਕ੍ਰਿਪਾਨਿਧਾਨਾ ॥ ੩ ॥ ਗੋ ਬਧ ਮਹਾਂ ਪਾਪ ਅਵਲੋਕਾ। ਪੂਰਾ ਤੁਰਕ ਤਪ ਲਖਿ[6] ਰਿਸ ਰੋਕਾ[7]। ਨਾਤੁਰ ਨਾਸ਼ ਕਰਨ ਇਛ ਧਾਰੀ। ਤਦਪਿ ਕ੍ਰੋਧ ਸੋਂ ਗਿਰਾ ਉਚਾਰੀ ॥ ੪ ॥ ਸ੍ਰੀ ਮੁਖ ਵਾਕ ॥

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ ੨੭ ॥ [ਵਾਰਾਂ ਤੇ ਵਧੀਕ

ਚੌਪਈ ॥ ਅਸ ਕਹਿ ਬੋਲੇ ਬਚਨ ਬਹੋਰੂ। 'ਸੁਨਿ ਬਾਲੇ! ਅਬ ਤੁਰਕਨ ਜੋਰੂ। ਦਸਵਾਂ ਜਾਮਾਂ ਪਹਿਰੋਂ ਜਬਹੀ। ਧਰਮ ਪੰਥ ਪ੍ਰਗਟਾਵੋਂ ਤਬਹੀ ॥ ੫ ॥ ਆਯੁਧ ਧਰਿ ਕੈ ਜੁੱਧ ਮਚਾਵਹਿਂ। ਤੁਰਕਨ ਕੀ ਸਭਿ ਸਫਾ ਉਠਾਵਹਿ। ਮਹਾਂ ਪਾਪ ਸੋ ਦੇਹਿ ਹਟਾਈ। ਧਰਮ ਨੀਤਿ[8] ਯੁਤ[9] ਰਾਜ ਭ੍ਰੁਗਾਈ[10] ॥੬॥ ਨਹਿੰ ਠਹਿਰੋਂ ਅਬ, ਚਲਿ ਮਰਦਾਨਾ!'। ਨਿਕਸੇ ਵਹਿਰ ਗਏ ਇਕ ਥਾਨਾ। ਇਕ ਦਿਜ ਦੰਭੀ ਹੁਤੋ ਅਗਾਰੀ।ਬਹੁ ਪਖੰਡ ਜਿਨ ਕੀਨ ਸਵਾਰੀ ॥ ੭ ॥ ਗੋਬਰ ਸੋਂ ਧਰ ਲੀਪ ਬਨਾਈ। ਬਹੁਰੋ ਊਪਰ ਕੁਸ਼ਾ[11] ਛੁਸਾਈ[12]।

[1] ਮਨੁਖਾਂ ਤੋਂ। [2] ਦੂਰ ਕਰਕੇ। [3] ਚਲਨਾ। [4] ਲਾਹੌਰ। [5] ਕਸਾਈਆਨਾ। [6] ਤੁਰਕਾਂ ਦਾ ਪੂਰਬ ਜਨਮ ਦਾ ਤਪ ਲਖਕੇ। [7] ਗੁੱਸਾ ਰੋਕਿਆ। [8] ਧਰਮ ਨਿਆਇ। [9] ਸਹਿਤ। [10] ਭੁਗਾਵੇਗੀ। [11] ਦੱਭ। [12] ਵਿਛਾਈ।

*ਪਾ:—ਤਹਿ।

Sri Satguru Jagjit Singh Ji eLibrary NamdhariElibrary@gmail.com

ਬਸਤ੍ਰ ਉਤਾਰਿ ਕੀਨ ਇਸ਼ਨਾਨੋ।ਦ੍ਵਾਦਸ਼ ਤਨ ਮਹਿ ਤਿਲਕ ਲਗਾਨੋ॥੮॥ ਰਾਖੇ ਸਾਲਗਰਾਮ[1] ਅਗਾਰੀ। ਪੂਜਨ ਕੀਨ ਸੰਭਾਰ ਸੰਭਾਰੀ[2]। ਲੇ ਕਰਿ ਘੰਟਾ ਹਾਥ ਬਜਾਵਾ। ਬਾਰ ਬਾਰ ਧਰ ਪਰ ਸਿਰ ਲਾਵਾ॥੯॥ ਬਹੁਰੋ ਮਾਲਾ ਲੀਨੀ ਪਾਨਾ[3]। ਨੈਨ ਮੂੰਦ ਬੈਠ੍ਯੋ ਬਕ ਧ੍ਯਾਨਾ[4]। ਦੇਖਿ ਮੰਜਾਰ[5] ਲਜਾਵਹਿ ਜਾਹੀ। ਮਾਯਾ ਕੋ ਲਾਲਚ ਮਨ ਮਾਂਹੀ॥੧੦॥ ਬਹੁ ਨਰ ਆਇ ਬੰਦਨਾ ਕਰਿਹੀਂ। ਜਾਥਾ ਸ਼ਕਤਿ ਤਿਹ ਭੇਟਾ ਧਰਿਹੀਂ। ਸ੍ਰੀ ਨਾਨਕ ਤਿਹ ਉਰ ਕੀ ਜਾਨੀ। ਬੋਲੇ ਦੇਖ ਹਾਨ ਕੀ ਬਾਨੀ॥ ੧੧॥ 'ਹੇ ਦ੍ਵਿਜ! ਧ੍ਯਾਨ ਕਾਹਿ ਕੋ ਧਾਰੀ। ਸਾਲਗਰਾਮ ਤੁਮਾਰ ਅਗਾਰੀ। ਅਪਨੋ ਇਸ਼ਟ ਸਮੀਪ ਨ ਹੋਈ। ਤੋ ਹਿਤ ਧ੍ਯਾਨ ਮੂੰਦੇ ਚਖੁ ਦੋਈ॥੧੨॥ਦ੍ਰਿਸ਼ਟਿ ਹਜੂਰ[6] ਸੁ ਪ੍ਰਤਿਮਾ[7] ਤੇਰੀ। ਤੈਂ ਲੋਚਨ ਕਿਉਂ ਮੂੰਦਹਿ ਫੇਰੀ[8]?'। ਤਬ ਦ੍ਵਿਜ ਬੋਲ੍ਯੋ ਪਾਖੰਡ ਰਾਤਾ। 'ਸੁਨਹੁ ਫਕੀਰ! ਤੁਮਹਿ ਨਹਿ ਗ੍ਯਾਤਾ॥੧੩॥ ਪ੍ਰਤਿਮਾ ਕੀ ਸੇਵਾ ਕਰਿ ਲੀਨੀ। ਬਾਰ ਬਾਰ ਧਰ ਬੰਦਨ ਕੀਨੀ। ਨੈਨ ਮੂੰਦ ਸਭਹੀ ਬ੍ਰਿਤਿ ਰੋਕੀ। ਹੇਰਤਿ ਹੈ ਸੁਧ ਮੁਝਹਿ ਤ੍ਰਿਲੋਕੀ'॥੧੪॥ਅਸ ਕਹਿ ਬੈਠ੍ਯੋ ਲਾਇ ਧਿਆਨਾ। ਲੋਕ ਦਿਖਾਵਾ ਮਨਿ ਅਤਿ ਮਾਨਾ[9]। ਧਨ ਕੋ ਲਾਲਚ ਬਧੇ ਬਧੇਰਾ। ਜਿਉਂ ਆਵਹਿ ਤਿਉਂ ਚਹੇ ਘਨੇਰਾ॥੧੫॥ ਕੁਮਤਿ ਕਦਨ ਕੋ ਸ੍ਰੀ ਜਗ ਸਾਈਂ। ਠਾਕਰ ਚੌਂਕੀ ਦੀਨ ਉਠਾਈ। ਏਕ ਮਹੂਰਤ ਬੀਤੇ ਪਾਛੇ।ਬਿੱਪ੍ਰ ਬਿਲੋਕਨ ਲਾਗ੍ਯੋ ਆਛੇ॥ ੧੬॥ ਠਾਕੁਰ ਚੌਂਕੀ ਸਭਹਿ ਨ ਪਾਈ। ਕਰਤਿ ਬਿਲਾਪ ਰਹ੍ਯੋ ਘਿਘਿਆਈ[10]। ਚਿੰਤਾਤੁਰ ਹ੍ਵੈ ਲੋਕਨ ਪੂਛਾ। ਦੀਨੋ ਉੱਤਰ ਸਭਿਨੇ ਛੂਛਾ[11]॥੧੭॥ ਬੂਝ੍ਯੋ[12] ਪ੍ਰਭੂ 'ਕਹੋ ਦ੍ਵਿਜ! ਗਾਥਾ। ਅਬ ਤੂੰ ਹੁਤੋ ਹਰਖ ਕੇ ਸਾਥਾ। ਕਿਉਂ ਬਿਹਬਲ ਬਿਰਲਾਪ ਪੁਕਾਰਾ?। ਕੋ ਕਾਰਜ ਗਾ ਬਿਗਰ ਤੁਮਾਰਾ?'॥੧੮॥'ਹੇ ਸੰਤਹੁ! ਜੋ ਸਾਲਗਰਾਮਾ।ਕਾਹੂ ਚੁਰਾਇ ਲੀਨ ਅਭਿਰਾਮਾ।ਕਿਤਿਕ[13] ਹੁਤੋ ਧਨ ਚੌਂਕੀ ਮਾਂਹੀ।ਰਹ੍ਯੋ ਬੂਝਿ ਕੋ ਦੇਵਤਿ ਨਾਂਹੀ'॥ ੧੯॥ ਗੁਰੂ ਕਹੈਂ'ਸੁਧਿ ਤੁਝੇ ਤ੍ਰਿਲੋਕੀ। ਧਰਹੁ ਧ੍ਯਾਨ ਕੋ ਲੇਹੁ ਬਿਲੋਕੀ। ਕਹਾਂ ਦੁਰਾਵਹਿਗੋ ਤਿਹ ਜਾਈ। ਨੀਕੇ ਦੇਖਿ ਲੇਹੁ ਸਭਿ ਥਾਈਂ' ॥ ੨੦ ॥

---

[1]ਠਾਕਰ (ਸਾਲਗਰਾਮ ਰਖੇ)। [2]ਸੰਭਾਲਕੇ (ਚਿਤ੍ਤ ਨਾਲ,) ਤੇ ਪੂਜਾ ਕੀਤੀ ਸੰਭਾਲਕੇ (ਚੰਗੀ ਤਰ੍ਹਾਂ)। (ਅ) ਸਮਗ੍ਰੀ ਨੂੰ ਸੰਭਾਲਕੇ ਪੂਜਾ ਕੀਤੀ। [3]ਹੱਥ ਵਿਚ। [4]ਬਗਲੇ (ਵਤ) ਧਿਆਨ ਲਾਈ। [5][illegible]। [6]ਗੁਰੂ ਦੇ ਸਾਹਮਣੇ। [7]ਮੂਰਤੀ। [8]ਫਿਰ ਤੂੰ ਨੇਤ੍ਰ ਕਿਉਂ ਬੰਦ ਕੀਤੇ ਹਨ। [9]ਬਹੁਤ ਹੰਕਾਰ। [10]ਤਰਲੇ ਲੈਂਦੇ। [11]ਖਾਲੀ। [12]ਪੁੱਛਿਆ। [13]ਕਿੰਨੇ ਹੀ, ਭਾਵ ਬਹੁਤਾ।

Sri Satguru Jagjit Singh Ji eLibrary NamdhariElibrary@gmail.com

ਸੁਨਿਕੈ ਬਨੈਗੀ[1] ਬਚਨ ਦਿਜ ਜਾਨੀ ।– ਇਨਕੀ ਦ੍ਰਿਸ਼ਟਿ ਬਿਖੈ[2] ਕਿਤ ਥਾਨੀ–।ਝੂਠ ਤਜਾਗਿ ਤਬ ਸਾਚ ਬਖਾਨਾ। 'ਪੇਟ ਕੇ ਹੇਤ ਹੁਤੀ ਗੁਜਰਾਨਾ ॥੨੧॥ਕਹਿ ਕਰਿ ਕੂਰ ਜੀਵਕਾ ਲੇਊਂ।ਪਾਲਨ ਨਿਜ ਪਰਵਾਰ ਕਰੇਊਂ। ਹੈ ਲੋਕਨ ਮਹਿ ਮਾਨ ਘਨੇਰਾ। ਲਖਹੁ ਪਖੰਡ ਮੈਤ ਜੀ ਮੇਰਾ ॥ ੨੨॥ ਤਿਸ ਮੂਰਤਿ ਕਰਿ ਰੋਜ਼ੀ ਹਮਰੀ। ਦੇਉ ਬਤਾਇ ਛੀਠ ਮਹਿਂ ਤੁਮਰੀ। ਅਵਲੋਕਨੇ ਜੋ ਲੇਵਤਿ ਕੋਈ। ਮੁਝਹਿ ਜਨਾਇ ਦੀਜੀਏ ਸੋਈ' ॥ ੨੩ ॥ ਕ੍ਰਿਪਾ ਧਾਰਿ ਬੋਲੇ ਗੁਨਖਾਨੀ। 'ਤਜਹੁ ਝੂਠ ਬੋਲਨ ਕੀ ਬਾਨੀ। ਸ਼ੁੱਧ ਆਤਮੈ ਜਪਿ ਹਰਿਨਾਮੂ। ਤਜਹੁ ਪਖੰਡ ਕੇਰ ਸਭਿ ਕਾਮੂ॥੨੪॥ ਸਦ ਹੀ ਕਰੀਏ ਸਾਚ ਵਖਾਨਾ।ਕਰਵਾਵਹਿ ਸ੍ਰੀ ਪ੍ਰਭੁ ਗੁਜਰਾਨਾ। ਜੋ ਕਰਤਾ ਸਭਿ ਕੀ ਪ੍ਰਤਿਪਾਰਾ। ਕਜਾ ਤੁਮਕੋ* ਨਹਿ ਦੇਹਿ ਅਹਾਰਾ'॥੨੫॥ ਦੋਹਰਾ ॥ ਦਿਜ ਕਹਿ 'ਕੂਰ ਬਿਹੀਨ ਜਗ ਚਲੈ ਨ ਕਬਿ ਗੁਜਰਾਨ।ਸਭਿ ਪਖੰਡ ਕੋ ਪੂਜਈਂ ਸਾਚ ਨ ਸਕਹਿ ਪਛਾਨ॥੨੬॥ ਚੌਪਈ ॥ ਝੂਠ ਬੋਲ ਬਾਤਹਿ ਬਹੁ ਜਾਨਹਿ। ਭੇਖਿ ਦੰਭ ਕੋ ਨਰ ਸਨਮਾਨਹਿ। ਹੇਤੁ ਜੀਵਕਾ ਕੀਨ ਬਨਾਊ। ਸੋ ਕਿਨ ਲੀਨੋ,ਕਰ ਨਹਿਂ ਪਾਊ[3]'॥੨੭॥ ਸ੍ਰੀ ਗੁਰ ਕਹਿ 'ਦਿਜ ਤੂੰ ਬ੍ਰਿਤਿ ਰੋਕਤਿ। ਧਰਤਿ ਧਨਾਨ ਤ੍ਰੈਲੋਕ ਬਿਲੋਕਤਿ। ਜਹਿ ਬੈਠਨੋ ਤੂੰ, ਧਨ ਤਹਿ ਗਾਡਨੋ। ਹੁਤੀ ਜਿ ਸੁਧ ਤੈਂ ਕਾਹੇ ਛਾਡਨੋ॥੨੮॥ਧਰਨੀ ਖੁਨਿਕੈ ਦੇਖਹੁ ਪਾਛੇ।ਜੋ ਤੇਰੇ ਉਰ ਸੁਧ ਨਹਿ ਆਛੇ'। ਸੁਨਿਕੈ ਧਨ ਕੋ ਕਰਿ ਅਨੁਰਾਗਾ[4]। ਪੀਛੇ ਧਰਾ ਖੁਨਨ ਦਿਜ ਲਾਗਾ ॥੨੯॥ ਦੋਹਰਾ ॥ ਦਰਬ ਨਿਕਾਸਿ ਹਰਾਨ ਭਾ ਅੰਤਰਜਾਮੀ ਚੀਨ। ਬਿਗਸੇ ਸ੍ਰੀ ਗੁਰ ਬਦਨ ਤੇ ਸ਼ਬਦ ਬਖਾਨਨ ਕੀਨ ॥੩੦॥

ਧਨਾਸਰੀ ਮਹਲਾ ੧ ਘਰੁ ੩

ੴ ਸਤਿਗੁਰਪ੍ਰਸਾਦਿ ॥

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ'
ਹੋਏ ਡੂਬਤਾ ਇਵ ਜਗੁ ॥ ੧ ॥ ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ
ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥ ੧ ॥ ਰਹਾਉ ॥

ਚੌਪਈ ॥ ਸ੍ਰੀ ਗੁਰ ਕਹੈਂ 'ਸੁਨਹੁ ਦਿਜ ਕਾਨਾ। ਦੁਖਦਾ ਲਖਹੁ ਪਖੰਡ ਨਿਦਾਨਾ[5]। ਜਬਹਿ ਆਨਿ ਜਮ ਪਕੜ ਚਲਾਵਹਿ। ਡੰਡੇ ਮੂੰਡ[6] ਲਗਹਿ

---

[1]ਧੂਨੀ ਵਾਲੇ। [2]ਨਜ਼ਰ ਵਿਚ ਹੈ। [3]ਉਹ (ਮਰਜੰਗੀ ਮੇਰੀ) ਕਿਸੇ ਨੇ ਲਈ ਹੈ (ਹੁਣ ਮੁੜ) ਮੇਰੇ ਹੱਥ ਨਹੀਂ ਆਉਂਦੀ। [4]ਪ੍ਰੇਮ। [5]ਅੰਤ ਨੂੰ। [6]ਸੀਸ ਤੇ।

*ਪਾ:–ਸੋ ।

Sri Satguru Jagjit Singh Ji eLibrary NamdhariElibrary@gmail.com

ਬਿਲਲਾਵਹਿਂ ॥ ੩੧ ॥ ਬਕ[1] ਜਿਉਂ ਬੈਠਹਿਂ ਲਾਇ ਧਿਆਨਾ। ਸਭਿ ਮਹਿਂ ਮੁਖ ਤੇ ਕਥਹਿ ਗਿਆਨਾ। ਧਨ ਕਾਰਨ ਸਭਿ ਕੀਨ ਉਪਾਈ[2]। ਮਨ ਸਦੀਵ ਲੋਭਹਿ ਭਹਿਕਾਈ[3] ॥ ੩੨ ॥ ਇਹ ਬਿਡੰਬਨਾ[4] ਤਬ ਗਲ ਪੈਹੈ। ਅੰਤ ਕਾਲ ਮਹਿਂ ਬਹੁ ਦੁਖ ਦੈਹੈ। ਕਲੀ ਕਾਲ ਕੇ ਪਹਿਰੇ ਮਾਂਹੀ[5]। ਨਾਮ ਬਿਹੀਨ ਸਾਰ* ਕਿਛੁ ਨਾਹੀ ॥੩੩॥ ਤਟ ਤੀਰਥ ਦੇਵਾਲੇ ਦੇਵਾ। ਏਕ ਨਾਮ ਬਿਨ ਬਿਰਥੀ ਸੇਵਾ। ਅਬ ਕੇ ਸਮੇਂ ਮੁਕਤਿ ਜੇ ਚਾਹੈ। ਨਾਮ ਵਡਾਈ ਕੋ ਅਵਗਾਹੈ[6] ॥੩੪॥ ਦੰਭਹਿ ਕੀ ਪੂਜਾ ਸਭਿ ਤਜੀਏ। ਹ੍ਵੈ ਨਿਹਕਪਟ ਨਾਮ ਕੋ ਭਜੀਏ। ਲਿਵ ਲਾਵਹੁ ਨਿਸ ਦਿਨ ਸ੍ਰੀ ਨਾਮੂ। ਜੇ ਦ੍ਵਿਜ ਤੂੰ ਕਰਿ ਹੈਂ ਅਸਕਾਮੂ ॥੩੫॥ ਏਨਹੁ ਲੋਕ ਬਿਖੈ ਸੁਖ ਪਾਂਹੀ[7]। ਰਿੱਧਿ ਸਿਧਿ ਆਵਹਿ ਕਰ ਮਾਂਹੀ'। ਹਾਥ ਬੰਦਿ ਕੈ ਪੁਨ ਦ੍ਵਿਜ ਭਾਖਾ। 'ਕਹਹੁ ਮੰਤ ਕਿਨ ਧਾ ਧਨੁ ਰਾਖਾ ॥੩੬॥ ਕਿਸ ਪ੍ਰਕਾਰ ਤੁਮਨੈ ਇਹੁ ਦੇਖਾ। ਮੋਕੋ ਅਚਰਜ ਹੋਤਿ ਬਿਸ਼ੇਖਾ। ਮੁਝਹਿ ਬ੍ਰਿਤੰਤ ਬਤਾਵਹੁ ਸਾਰਾ'। ਸੁਨਤਿ ਸ਼ਬਦ ਪਦ ਦੁਤਿਯ ਉਚਾਰਾ ॥ ੩੭ ॥

ਸ੍ਰੀ ਮੁਖ ਵਾਕ ॥

ਆਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ ਮਗਰ ਪਾਛੈ ਕਛੁ ਨ ਸੂਝੈ
ਏਹੁ ਪਦਮ ਅਲੋਅ ॥ ੨ ॥

ਚੌਪਈ ॥ ਸ੍ਰੀ ਪ੍ਰਭੁ ਭਨੈ 'ਬਿੱਪ੍ਰ! ਸੂਤ[8] ਸੁਨੀਏ। ਏਤੋ ਝੂਠ ਨ ਮੁਖ ਤੇ ਭਨੀਏ। ਮਗਰ ਪਿਛੈ ਕੀ ਸੁਧ ਨਹਿ ਜਾਨੀ। ਪੂਰਬ ਸੁਧ ਤ੍ਰੈਲੋਕ ਬਖਾਨੀ' ॥੩੮॥ ਬਿੱਪ੍ਰ ਕਹੈ 'ਹਮ ਝੂਠ ਉਚਰਿਹੀ। ਭਗਤਿ ਦੰਭ ਕੀ ਨਿਤਪ੍ਰਤਿ ਕਰਿਹੀ। ਝੂਠੀ ਹੈ ਕਰਤੂਤ ਹਮਾਰੀ। ਧਨ ਆਸਾ ਕੇ ਇਹ ਬਿਵਹਾਰੀ[9]' ॥੩੯॥ ਦੋਹਰਾ ॥ 'ਸੁਨੀਏ ਦ੍ਵਿਜ! ਜਿਨ ਰਿਦੇ ਸਚੁ ਸੋ ਸਭਿ ਜਾਣਹਿ ਜਾਨ। ਹਰਿ ਕੇ ਪ੍ਰੀਤਮ ਭਗਤਿ ਜੋ ਕਰਹਿਂ ਨ ਕਹੂੰ ਵਖਾਨ[10]' ॥੪੦॥ ਚੌਪਈ ॥ ਸਭਿ ਜਗ ਬਿਖੈ ਦੋਰਬ ਹੈ ਜੋਊ। ਧਰਾ ਮਾਂਹਿ ਪਹਿਚਾਨਹੁ ਸੋਊ। ਗਾਡ ਗਾਡ ਬਹੁ ਮਰਿ ਮਰਿ ਗਏ। ਆਗੇ ਕਿਨਹੂੰ ਸੰਗ ਨ ਲਏ ॥੪੧॥ ਖਾਧੋ ਕਿਨਹੂ ਨ ਆਗੈ ਗਯੋ। ਧਰਨੀ ਬਿਖੈ ਦਵਨ ਸੋ ਭਯੋ[11]। ਖਾਯੋ ਅੰਨ ਪੀਯੋ ਮੁਖ ਪਾਨੀ। ਚੀਰ ਹੰਢਾਏ

[1]ਬਗਲੇ। [2]ਯਤਨ। [3]ਭਰਮ ਰਿਹਾ ਹੈ। [4]ਠੱਗੀ। [5]ਭਾਵ ਸਮੇਂ ਵਿਚ। [6]ਨਿਮਗਨ ਹੋਵੇ [ਸੰਸ:, ਅਵਗਾਹ=ਡੂੰਘਾ ਉਤਰਨਾ] (ਅ) ਜਪੇ। [7]ਪਾਵੇਂਗਾ। [8]ਕੌਨੀ। [9]ਵਿਵਹਾਰ ਹੈ (ਮੇਰਾ)। [10]ਕਿਸੇ ਨੂੰ ਕਹਿੰਦੇ ਨਹੀਂ, (ਮੰਗਣ ਲਈ ਯਾ ਜੋ ਗਲ ਅਗਲੀਆਂ ਤੁਕਾਂ ਵਿਚ ਵਰਣਨ ਕਵੀ ਜੀ ਕਰਦੇ ਹਨ, ਓਹ ਗੱਲ ਹਰਿ ਭਗਤ ਜਾਣਦੇ ਹਨ ਪਰ ਕਹਿੰਦੇ ਨਹੀਂ)। [11]ਦੱਬਿਆ ਰਿਹਾ। *ਪਾ:—ਸੁਖਦ।

Sri Satguru Jagjit Singh Ji eLibrary NamdhariElibrary@gmail.com

ਔਧ ਬਿਹਾਨੀ ॥ ੪੨ ॥ ਸੁਇਨਾ ਖਾਇ ਨ ਚਾਂਦੀ ਖਾਈ। ਧਰਨੀ ਦਵਨ ਕੀਏ[1] ਤਜਿ ਜਾਈ। ਜਗ ਕੇ ਕਾਜ ਚਲਾਵਨ ਕਾਰਨ।ਧਨ ਕਿਯ ਕਰਨ ਸਰਬ ਬਿਵਹਾਰਨ[2] ॥ ੪੩ ॥ ਸੰਤ ਭਗਤਿ ਜੋ ਉਰ ਸਚਿਆਰੁ। ਗੁਪਤ ਪ੍ਰਗਟ ਸੋ ਜਾਨਨਹਾਰੁ। ਕਿਤੇ ਅਸੰਖ ਪਦਮ ਧਨ ਜੋਊ। ਸਭਿ ਧਰਨੀ ਮਹਿ ਗਾਡਨੋ ਸੋਊ॥੪੪॥ਜਾਨਹਿ ਸੰਤ ਰਾਮ ਕੇ ਪਜਾਰੇ। ਜਿਹ ਨਿਜ ਰਿਦੈ ਸਮਾਈ ਧਾਰੇ[3]" । ਬਿੱਪ੍ਰ ਕਹੈ 'ਜੇਤੇ ਨਰ ਅਹੈਂ। ਸਭੈ ਪ੍ਰੀਤ ਕਰਿ ਧਨ ਕੋ ਚਹੈਂ॥੪੫॥ਨਹਿ ਜਾਨਹਿ ਪਰਮੇਸ਼ੁਰ ਕੋਊ।ਲੋਭ ਮੋਹ ਮਹਿ ਫਸਿਗੇ ਸੋਊ। ਅਪਨੇ ਧਰਮ ਬਿਖੈ ਕੋ ਨਾਂਹੀ'। ਸੁਨਿ ਗੁਰ ਤ੍ਰਿਤਿਯਾ ਪੌੜੀ ਪ੍ਰਾਹੀ[4]॥੪੬॥

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ੩ ॥

ਚੌਪਈ ॥ 'ਕਲੀਕਾਲਿ ਮਹਿਂ ਛੁਟਿ ਗਯੋ ਧਰਮੁ। ਖੱਤ੍ਰੀ ਦਿਜ ਸਭਿ ਕਰਤਿ ਕੁਕਰਮ। ਇਨ ਦੋਨੋ[5] ਬਹੁ ਗਹਿ ਲਿਯ[6] ਪਾਪਾ । ਭ੍ਰਿਸ਼ਟ ਭੁਏ ਛੋਡ੍ਯੋ ਧ੍ਰਮ ਆਪਾ ॥੪੭॥ ਤਨੁਜਾ ਕੋ ਧਨ[7] ਲੇਕਰਿ ਖਾਹੀਂ। ਪਰਤਿਯ ਸੋਂ ਬਿਭ-ਚਾਰ ਕਮਾਹੀਂ । ਅਪਨੋ ਪਢਨਾ ਦੀਨੋ ਤ੍ਯਾਗੇ। ਪਢਨ ਮਲੇਛਨ ਭਾਖਾ ਲਾਗੇ* ॥੪੮ ॥ ਧਨ ਲਾਲਚ ਕਰਿ ਭੇ ਬਿਪਰੀਤੀ। ਨਿਜ ਬ੍ਰਿਤਿ ਤ੍ਯਾਗੀ ਚਲੈਂ ਅਨੀਤੀ । ਪਰ ਨਿੰਦਾ ਮਿਲਿ ਸਦਾ ਅਲਾਵਹਿ। ਕਰਤਿ ਹਰਿ ਕਥਾ ਬਾਤ ਚਲਾਵਹਿ'॥੪੯॥ਸੁਨਿ ਕਰਿ ਪੁਨ ਦਿਜ ਉਚਰੇ ਬੈਨਾ।'ਸੁਨਹੁ ਸੰਤ ਜੀ ਤੁਮ ਸੁਖਦੈਨਾ। ਕਲਿਜੁਗ ਮਹਿਂ ਅਘ[8] ਕੇ ਬਰਤਾਰਾ। ਕਰਤਿ ਸਰਬ ਨਰ ਬਿਨਾ ਬਿਚਾਰਾ ॥ ੫੦ ॥ ਬਿਨਾ ਨਾਮ ਤੇ ਆਨ ਉਪਾਇ। ਜਿਉਂ ਗਤਿ ਹੋਵਹਿ ਦੇਹੁ ਬਤਾਇ। ਤੁਮ ਸਰਬੱਗਯ ਅਹੋ ਗਤਿਦਾਈ'। ਸੁਨਿ ਸ੍ਰੀ ਗੁਰ ਪੁਨ ਗਿਰਾ ਅਲਾਈ ॥ ੫੧ ॥

[1](ਇਕੱਠਾ) ਕਰਕੇ ਧਰਤੀ ਵਿਚ ਦੱਬਕੇ। [2]ਸਾਰੇ ਵਿਹਾਰ (ਸਿੱਧ) ਕਰਨ ਵਾਸਤੇ। [3]ਸਮਾਈ ਧਾਰੀ ਹੈ—ਭਾਵ ਆਪਣਾ ਆਪ ਜਣਾਇਆ ਨਹੀਂ। [4]ਕਹੀ। [5]ਖੱਤ੍ਰੀ ਬ੍ਰਹਮਣਾਂ ਨੇ। [6]ਗ੍ਰਹਣ ਕਰ ਲੀਤਾ ਹੈ। [7]ਧੀ ਦਾ ਧਨ। [8]ਪਾਪ।

*ਭਾਵ ਇਹ ਹੈ ਕਿ ਆਪਣੀ (ਹਿੰਦ ਦੀ) ਭਾਸ਼ਾ ਵਿਚ ਧਰਮ ਪਰਧਾਨ ਹੈ ਉਹ ਪੜ੍ਹਦੇ ਨਹੀਂ, ਤੇ ਮਲੇਛ (ਬਦੇਸ਼ੀ ਰਾਜੇ) ਜੋ ਰਾਜ ਕਰ ਰਹੇ ਹਨ ਉਹਨਾਂ ਦੀ ਭਾਸ਼ਾ ਪੜ੍ਹਦੇ ਹਨ। ਉਹਨਾਂ ਦੀ ਭਾਸ਼ਾ ਨੇ ਉਨ੍ਹਾਂ ਨੂੰ ਦੂਸਰੇ ਦਾ ਰਾਜ ਮਾਲ ਖੁਹਣਾ, ਲੁੱਟਣਾ, ਐਸ਼ਾਂ ਤੇ ਪਦਾਰਥਾਂ ਦੇ ਭੋਗ ਸਿਖਾਲੇ ਹਨ। ਦੂਸਰਿਆਂ ਦੀ ਬੋਲੀ ਮਾਤ੍ਰ ਦੇ ਪੜ੍ਹਨ ਤੋਂ ਯਾ ਚੰਗੇ ਪੁਸਤਕ ਪੜ੍ਹਨ ਤੋਂ ਮੁਰਾਦ ਨਹੀਂ, ਕਿਉਂਕਿ ਅਗਲੀ ਤੁਕ ਵਿਚ ਮਲੇਛ ਭਾਖਿਆ ਦਾ ਅਸਰ ਬੇਧਰਮੀ ਹੋਣਾ ਦੱਸ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥ ਬਿਨੁ ਨਾਮ
ਹਰਿਕੇ ਮੁਕਤਿ ਨਾਹੀ ਕਹੈ ਨਾਨਕ ਦਾਸੁ ॥ ੪ ॥ ੧ ॥ ੬ ॥ ੮ ॥

ਚੌਪਈ ॥ ਕਰ ਜੋਰੇ ਦਿਜ ਕੀਨੀ ਬੰਦਨ। 'ਮਮ ਗਤਿ ਕੀਜੈ ਪਾਪ ਨਿਕੰਦਨ! ਪੂਰਨ ਪੁਰਖਸੱਤ ਜਗਦੀਸੁ!' ਅਸ ਕਹਿ ਚਰਨ ਕਮਲ ਧਰਿ ਸੀਸੁ ॥ ੫੨ ॥ ਗਰਬ ਜਾਤਿ ਕਾ ਦੀਨੋ ਤ੍ਯਾਗੀ। ਗੁਰ ਪਗ ਕੀ ਉਰ ਮਹਿ ਲਿਵ ਲਾਗੀ। 'ਨਿਜ ਉਪਦੇਸ਼ ਮੋਹਿ ਕੋ ਦੀਜੈ। ਸ਼ਰਨ ਪਰੇ ਕੀ ਸ਼ਰਮ ਰਖੀਜੈ' ॥ ੫੩ ॥ ਦੋਹਰਾ ॥ ਗੁਰ ਕਹਿ 'ਧਨ ਪ੍ਰਾਪਤਿ ਭਯੋ ਭਜਹੁ ਦੇਬ ਛਲ ਜੋਇ। ਸ਼ੁੱਧ ਆਤਮੈ ਨਾਮ ਜਪਿ ਇਸ ਪ੍ਰਕਾਰ ਗਤਿ ਹੋਇ ॥ ੫੪ ॥ ਚੌਪਈ ॥ ਵਾਹਿਗੁਰੂ ਜਪਿ ਵਰਤਹੁ ਦਰਬਾ। ਪਰਹਰਿ ਰਿਦੇ ਬਿਕਾਰਨ ਸਰਬਾ। ਪਾਛਲ ਅਘ ਬਖਸ਼ੇ ਤੁਝ ਤਾਈਂ। ਬਹੁਰ ਨ ਕਰਿ ਸੁ ਅਹੈਂ ਦੁਖਦਾਈ' ॥ ੫੫ ॥ ਸਾਲਗਰਾਮ ਦੀਨ ਪੁਨ ਤਾਹੀ। 'ਇਨਕੀ ਭੀਸ਼ੈ[1] ਵਾਕ ਰਚਾਹੀ[2]*'। ਭਯੋ ਸਿੱਖ ਸਤਿਗੁਰ ਕੋ ਦਿਜਬਰ। ਹਰਖ੍ਯੋ ਅਧਿਕ ਸ਼ਬਦ ਬਹੁ ਲਿਖਿ ਕਰਿ ॥੫੬॥ ਦੋਹਰਾ॥ ਇਸ ਬਿਧਿ ਬਿੱਪ੍ਰ ਨਿਹਾਲ ਕਰਿ ਕੀਨੋ ਗਮਨ ਬਹੋਰ†। ਇਕ ਗ੍ਰਾਮ ਪਹੁੰਚਤਿ ਭਏ, ਮੰਦਮਤੀ[3] ਤਿਹ ਠੌਰ ॥ ੫੭ ॥ ਚੌਪਈ॥ ਜਿਹ ਸਥਾਨ ਬੈਠੇ ਗੁਰ ਜਾਈ। ਹਸੀ ਕਰਹਿਂ ਤਹਿਂ ਮਾਨਵ ਆਈ। ਦੀਨ ਉਠਾਇ ਅਵਰ ਥਲ ਗਏ। ਕਿਨਹੂ

---

[1]ਭੀਸ਼—ਭਿਖ੍ਯਾ। [2]ਇਨ੍ਹਾਂ ਦੁਆਰਾ ਭਿਖਿਆ ਮੰਗਦਾ ਸੈਂ (ਝੂਠੀ) ਵਾਕ ਰਚਨਾ ਕਰਕੇ।
[3]ਮੰਦੀ ਮਤਿ (ਵਾਲੇ ਰਹਿੰਦੇ ਸਨ)।

*ਇਸ ਤੁਕ ਦਾ ਹੋਰ ਪਾਠ ਤੇ ਅਰਥ ਭੀ ਕਰਦੇ ਹਨ, 'ਇਨ ਕੀ ਭੀ ਸੇਵਾ ਕਰਿ ਚਾਹੀ' ਕਿ 'ਇਨ੍ਹਾਂ ਦੀ ਸੇਵਾ ਭੀ ਚਾਹ ਕਰਕੇ ਕਰ'। ਏਹ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਨਹੀਂ ਹੋ ਸਕਦਾ ਕਿਉਂਕਿ ਬੁਤ ਪ੍ਰਸਤੀ ਦਾ ਉਪਦੇਸ਼ ਉਨ੍ਹਾਂ ਦੀ ਉਚਾਰੀ ਬਾਣੀ ਦੇ ਵਿਰੁੱਧ ਹੈ 'ਪਾਥਰੁ ਲੇ ਪੂਜਹਿ ਮੁਗਧ ਗਵਾਰ ॥ [ਵਾਰ ਬਿਹਾਗੜਾ]' ਫੇਰ ਅਗਲੀ ਤੁਕ ਵਿਚ ਬ੍ਰਾਹਮਣ ਸਿੱਖ ਬਣ ਰਿਹਾ ਹੈ ਤੇ ਗੁਰਬਾਣੀ ਲਿਖ ਰਿਹਾ ਦੱਸਿਆ ਹੈ। ਸਿੱਖ ਹੋ ਗਏ ਨੂੰ ਪੱਥਰ ਪੂਜਾ ਗੁਰੂ ਜੀ ਕੀਕੂੰ ਦੱਸ ਸਕਦੇ ਹਨ। ਹਾਂ, ਇਹ ਵਾਕ ਮਖੌਲ ਨਾਲ ਕਹੇ ਗਏ ਹੋਣ ਤਾਂ ਢੁੱਕ ਸਕਦੇ ਹਨ। ਇਹ ਅਰਥ,—ਕਿ ਉਸ ਦਾ ਸਾਲਗਰਾਮ ਜੋ ਉਸ ਦੀ ਤ੍ਰਿਕਾਲ ਦ੍ਰਿਸ਼ਟੀ ਝੂਠੀ ਸਾਬਤ ਕਰਨ ਲਈ ਲੁਕਾਏ ਸੇ ਦੇਕੇ ਕਹਿਣ ਲਗੇ, ਹੁਣ ਦਸ ਖਾਂ ਪੰਡਤਾ ਏਨ੍ਹਾਂ ਪੱਥਰਾਂ ਦੀ ਚਾਹ ਕਰਕੇ ਸੇਵਾ ਕਰਦਾ ਹੁੰਦਾ ਸੈਂ, ਹੁਣ ਵੇਖ ਖਾਂ, ਜੀ ਕਰਦਾ ਹਈ ਕਰਨ ਨੂੰ? ਤਾਂ ਬ੍ਰਾਹਮਣ ਨੇ ਸਿੱਖੀ ਕਬੂਲੀ ਤੇ ਗੁਰਬਾਣੀ ਲਿਖ ਲਈ, ਮੁਰਾਦ ਇਹ ਕਿ ਸਾਲਗਰਾਮ ਤਿਆਗ ਦਿੱਤੇ।

†ਅਗਲੀਆਂ ਦੋਵੇਂ ਸਾਖੀਆਂ ਪੁਰਾਤਨ ਜਨਮ ਸਾਖੀ ਵਿਚ ਭੀ ਹਨ।

Sri Satguru Jagjit Singh Ji eLibrary NamdhariElibrary@gmail.com

ਨ ਬੈਠਨ ਕਿਹਠਾਂ ਦਏ ॥੫੮॥ 'ਬਸਦੇ ਰਹਹੁ ਇਸੀ ਥਲ ਮਾਂਹੀ'। ਅਸ ਕਹਿ ਗਮਨ ਕੀਨਿ ਦੁਖਦਾਹੀ। ਆਵਾ ਪੁਨ ਆਗੈ ਇਕ ਗ੍ਰਾਮੁ ॥ ਬੈਠਿ ਗਏ ਸ਼ੁਭ ਥਲ ਸੁਖਧਾਮੁ ॥੫੯॥ ਸੰਤ ਸਰੂਪ ਲਖਨੋ ਨਰ ਆਏ। ਚਰਨ ਕਮਲ ਪਰ ਸੀਸ ਟਿਕਾਏ। ਅਧਿਕ ਭਾਉ ਕਰਿ ਸੇਵਾ ਕੀਨੀ। ਨਿਸ ਮਹਿ ਨੀਕੀ ਜਾਗੈ[1] ਦੀਨੀ ॥੬੦॥ ਤਬ ਸ੍ਰੀ ਨਾਨਕ ਬੈਨ ਉਚਾਰਾ। 'ਇਹੁ ਗ੍ਰਾਮ ਉਜਰੈਗੋ ਸਾਰਾ। ਜਾਇ ਬਹੁਤ ਗ੍ਰਾਮਨ ਮੈਂ ਬਸਈ। ਇਹਾਂ ਬਾਸ[2] ਸਭਿਹੀ ਕੌ ਨਸਈ[3]' ॥੬੧॥ ਮਰਦਾਨਾ ਇਸ ਬਿਧਿ ਬਚ ਸੁਨਿਕੈ। ਬੋਲਨੋ ਤਬ ਸੰਸੈ ਮਨ ਗੁਨਿਕੈ। 'ਜਹਾਂ ਨ ਹਮਕੋ ਬੈਠਨਿ ਦੀਨੋ।–ਬਸਦੇ ਰਹੋ–ਕਹਿਨ ਅਸ ਕੀਨੋ ॥੬੨॥ ਬਹੁਰੋ ਸੇਵਾ ਕੀਨੀ ਜਹਿਂਵਾ। ਉਜਰਨ ਕੌ ਸਰਾਪ ਦੇ ਤਹਿਂਵਾ। ਇਹ ਕਲਾ ਰੀਤਿ ਆਪਨੈ ਕੀਨੀ ?। ਮਨ ਮੇਰੇ ਮਹਿ ਪਰਹਿ ਨ ਚੀਨੀ[4]' ॥੬੩॥ ਦੋਹਰਾ ॥ ਗੁਰ ਕਹਿ 'ਨਰ ਇਸ ਗ੍ਰਾਮ ਕੇ ਬਸੈਂ ਬਹੁਤ ਜੇ ਗ੍ਰਾਮ॥ਸੁਮਤਿ ਸਿਖਾਵਹਿ ਸਭਿਨਿਕੋ ਬਧਹਿ ਧਰਮ ਅਭਿਰਾਮ॥੬੪॥ਚੌਪਈ॥ ਤਿਸੀ ਗ੍ਰਾਮ ਕੇ ਨਰ ਜਹਿ ਜਾਵਹਿ। ਦੇਕੈ ਕੁਮਤਿ ਕੁਕਰਮ ਚਲਾਵਹਿ। ਬਿਗਰੇ ਆਪਹਿ[5], ਅਪਰ ਬਿਗਾਰਹਿ। ਪਰਲੋਕਹਿ ਸੁਖ ਮੂਲ[6] ਉਖਾਰਹਿ[7] ॥ ੬੫॥ ਲੰਪਟ ਲੋਭ ਕੂਰ ਅਨੁਸਰਈਂ[8]। ਸੰਤ ਅਤਿਥਿ[9] ਕੀ ਸੇਵ ਨ ਕਰਿਈਂ।ਨਿਸ ਦਿਨ ਬਿਖਿਯਨਿ ਬਿਖੈ ਬਿਤਾਵਹਿਂ।ਅੰਤਕ ਤੇ[10] ਅੰਤਹਿ ਦੁਖ ਪਾਵਹਿਂ' ॥੬੬॥ ਮਰਦਾਨਾ ਕਹਿ 'ਜੇ ਤੁਧ ਭਾਵਹਿ। ਤਉ ਓਨ੍ਹਾਂ ਕੀ ਮੋਖ ਕਰਾਵਹਿ'। ਤਿਹ ਛਿਨ ਬਹੁਤੇ ਨਰਨ ਮਝਾਰਾ। ਸ੍ਰੀ ਗੁਰ ਉਚਰਨੋ ਸ਼ਬਦ ਮਲਾਰਾ ॥ ੬੭ ॥

ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥ ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥ ੧ ॥ ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥ ੧ ॥ ਰਹਾਉ ॥ ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥ ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥ ੨ ॥ ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥ ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ

[1]ਸੁਹਣੀ ਥਾਂ। [2]ਵਸਣਾ। [3]ਨਾਸ਼ ਹੋਵੇਗਾ। [4]ਜਾਣੀ ਨਹੀਂ ਜਾਂਦੀ। [5]ਆਪ ਵਿਗੜੇ ਹਨ। [6]ਮੂਲ ਤੋਂ। [7]ਪੁੱਟ ਦੇਂਦੇ। [8]ਅਨੁਸਾਰ ਹਨ। [9]ਲੋੜਵੰਦ। [10]ਜਮ ਤੋਂ।

ਮੈਲੇ ਹਛੇ ਹੋਹੀ ॥ ੩ ॥ ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥ ੪ ॥ ੧ ॥

ਚੌਪਈ॥ ਲੋਕਨਿ ਸਰਬ ਸ਼ਬਦ ਸੁਨਿ ਕਰਿਕੈ। ਸਿੱਖ ਭਏ ਸਤਿਗੁਰੂ ਬਿਚਰਿਕੈ। ਵਾਹਿਗੁਰੂ ਕੋ ਸਿਮਰਨ ਕਰਿਹੀਂ। ਰਿਦੈ ਬਿਕਾਰਨ ਕੋ ਪਰਹਰਿਹੀਂ॥੬੭॥ਦੋਹਰਾ॥ਗਮਨ ਕੀਨ ਤਹਿਂ ਤੇ ਪ੍ਰਭੂ ਜਾਨਿ ਆਨ ਅਸਥਾਨ।ਗੰਜਨ[1] ਦੰਭ,ਭੰਜਨ[2] ਕਸ਼ਟ,ਰੰਜਨ[3] ਜਨ[4] ਕੇ ਪ੍ਰਾਨ॥੬੮॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਬ੍ਰਾਹਮਨ, ਗ੍ਰਾਮਨ' ਪ੍ਰਸੰਗ ਬਰਨਨੰ ਨਾਮ ਬਾਈਸਮੋ ਅਧ੍ਯਾਯ ॥੨੨॥

੨੩. [ਸਤਿਗੁਰ ਮੰਗਲ। ਸਤਿੱਘਰਾ ਵਿਖੇ ਦੁਖੀ ਸ਼ਾਹ ਦਾ ਉਧਾਰ]

ਦੋਹਰਾ ॥ ਸੁਖ ਸਾਗਰ ਨਾਗਰ ਗੁਰੂ ਜਗਤ ਉਜਾਗਰ ਰੂਪ ॥
ਬੰਦੋਂ ਪਦ ਅਰਬਿੰਦ ਕੋ ਉਚਰੋਂ ਕਥਾ ਅਨੂਪ ॥ ੧ ॥

[ਨਗਰ=ਜੋ ਨਗਰ ਵਿਚ ਵੱਸਦਾ ਹੋਵੇ ਸੋ ਨਾਗਰ। (ਅ) ਨਗਰ ਦੇ ਵੱਸਣ ਵਾਲੇ ਪਿੰਡਾਂ ਦੇ ਵੱਸਣ ਵਾਲਿਆਂ ਤੋਂ ਵਧੇਰੇ ਸੱਭ੍ਯ ਹੁੰਦੇ ਹਨ, ਇਸ ਲਈ ਨਾਗਰ ਦਾ ਅਰਥ ਹੋ ਗਿਆ ਹੈ ਚਤੁਰ, ਪ੍ਰਬੀਨ, ਗੁਣਸੰਪੰਨ, ਸਭ੍ਯ, ਸੁਸਿੱਖ੍ਯਤ। (ੲ) ਸ਼ਹਿਰਾਂ ਦੇ ਰਹਿਣ ਵਾਲੇ ਮੁਸ਼ੱਕਤ ਦੇ ਕੰਮ ਨਾ ਕਰਨ ਕਰਕੇ ਸੁਹਲ ਤੇ ਕੁਛ ਸੁਹਣੇ ਹੋ ਜਾਂਦੇ ਹਨ ਇਸ ਕਰਕੇ ਨਾਗਰ ਦਾ ਅਰਥ ਸੁਹਣਾ ਬੀ ਹੈ।]

ਅਰਥ—ਗੁਰੂ ਸੁਖਾਂ ਦਾ ਸਮੁੰਦਰ ਹੈ (ਤੇ ਹਰ ਗੁਣ ਵਿਚ) ਨਿਪੁਨ ਹੈ, (ਉਸ ਦਾ) ਸਰੂਪ ਜਗਤ ਪਰਸਿੱਧ ਹੈ। (ਉਨ੍ਹਾਂ ਦੇ) ਚਰਨਾਂ ਕਮਲਾਂ ਨੂੰ ਨਮਸਕਾਰ ਕਰਕੇ (ਅਗੋਂ ਹੋਰ) ਅਨੁਪਮ ਕਥਾ ਉਚਾਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ! ਸੁਨਿ ਕਥਾ ਸੁਹਾਨੀ। ਗਮਨ ਕੀਨ ਆਗੇ ਗੁਨਖਾਨੀ। ਹੁਤੋ ਸਤਿੱਘਰਾ* ਏਕ ਸਥਾਨਾ। ਤਹਾਂ ਪਹੂਚੇ ਕ੍ਰਿਪਾਨਿਧਾਨਾ॥੨॥ ਗਮਨੇ ਬਹੁਰ ਬਜਾਰ ਮਝਾਰਾ।ਬੈਠਿ ਗਏ ਇਕ ਹਾਟ ਉਦਾਰਾ। ਹੁਤੋ ਧਨਾਢ ਸ਼ਾਹ ਇਕ ਭਾਰੀ। ਕਾਮੇ ਜਿਹ ਕੇ ਬਹੁਤ ਅਗਾਰੀ ॥੩॥ਜਗ ਕੇ ਧੰਧ ਅਧਿਕ ਸੋ ਕਰਿਈ।ਰਿਦੇ ਨਾਮ ਹਰਿ ਕਦੇ ਨ ਧਰਿਈ। ਕਰਤਿ ਬਨਜ ਸਭਿ ਦਿਵਸ ਬਿਤਾਵਤਿ। ਧਰੀ ਭਧੋ[5] ਕਬਹਿ ਨ ਬਿਸਰਾਵਤਿ[6]॥੪॥ਦੋਹਰਾ॥ਘਟੀ ਦੋਇ ਦਿਨ ਜਬ ਰਹਾ ਮਰਦਾਨੇ ਦ੍ਰਿਗ ਲਾਇ[7]

[1]ਨਾਸ਼ ਕਰਨ ਨੂੰ। [2]ਤੋੜਨ ਨੂੰ। [3]ਪ੍ਰਸੰਨ ਕਰਨ। [4]ਦਾਸਾਂ। [5](ਵਿਹਾਰ ਵਿਚ) ਖਚਤ ਹੋਯਾ [6]ਭੁੱਲਦਾ ਨਹੀਂ (ਵਿਹਾਰਾਂ ਨੂੰ)। [7]ਨੇੜੂ ਲਾਕੇ (ਵੇਖਿਆ)।

*ਤੁਵਾ: ਖਾ: ਨੇ ਇਸ ਪਿੰਡ ਦਾ ਨਾਉਂ ਨੁਸ਼ਹਿਰਾ ਦਿੱਤਾ ਹੈ। (ਦੇਖੋ ਸਫਾ ੪੭੯) ਸਤਿੱਘਰਾ ਮਿੰਟਗੁਮਰੀ ਦੇ ਜ਼ਿਲੇ ਵਿਚ ਹੈ ਤੇ ਸਤਿਗੁਰੂ ਜੀ ਦੀ ਯਾਦਗਾਰ ਵਿਚ ਉਥੇ ਗੁਰਦ੍ਵਾਰ ਹੈ, ਤੇ ਇਹ ਕਥਾ ਬੀ ਓਥੇ ਪ੍ਰਸਿੱਧ ਹੈ।

Sri Satguru Jagjit Singh Ji eLibrary NamdhariElibrary@gmail.com

ਕਹ੍ਯੋ 'ਸੁਖੀ ਬਹੁ ਸ਼ਾਹ ਇਹੁ, ਸੁਖ ਸੋਂ ਦਿਵਸ ਬਿਤਾਇ ॥ ੫ ॥ ਚੌਪਈ ॥ ਕਬ ਕੋ ਤੁਮ ਬੈਠੇ ਇਸ ਥਾਈਂ। ਦ੍ਰਿਸ਼ਟਿ ਨ ਇਸਕੀ ਹਮ ਦਿਸ਼ਿ ਆਈ। ਕਰਨ ਦਾਨ ਕੀ[1] ਮਨ ਮਹਿਂ ਨਾਂਹੀ। ਬੇਮੁਖ ਸੰਤਨ ਤੇ ਇਹ ਆਹੀ ॥੬॥ ਕਬਹਿ ਨ ਸੇਵ ਕਿਸੂ ਕੀ ਕਰਿਈ। ਭਾਉ ਭਗਤਿ ਕੋ ਰਿਦੈ ਨ ਧਰਿਈ। ਸੁਖੀ ਰਹਿਤ,ਉਲਟੀ ਇਹ ਜਾਨੀ[2]'।ਸੁਨਿਕੈ ਅਸ ਬੋਲੇ ਗੁਨ ਖਾਨੀ ॥੭॥ 'ਰੀਤਿ ਕਲੁਖ ਕੀ ਦੁਖ ਕੋ ਦੇਈ[3]। ਜਿਨਹਿ ਗ੍ਯਾਨ, ਸੁਖੀਆ ਹੈ ਤੇਈ। ਬਿਨ ਸੂਰਜ ਕਬ ਨਹਿ ਦਿਨ ਆਹੀ।ਹੀਨ ਗ੍ਯਾਨ ਤਿਉਂ ਸੁਖ ਕਿਹ ਨਾਂਹੀ ॥੮॥ਜੇਕਰਿ ਤੇਰੇ ਉਰ ਸੰਦੇਹੂ। ਸ਼ਾਹਿ ਬੁਲਾਇ ਬੂਝ ਕਿਨ ਲੇਹੂ[4]'। ਸੁਨਿ ਕਰਿ ਇਸ ਪ੍ਰਕਾਰ ਮਰਦਾਨੇ।ਸ਼ਾਹੁ ਸੰਗਿ ਤਬ ਬਚਨ ਬਖਾਨੇ ॥੯॥ 'ਸੁਖ ਬਿਸ਼ਾਲ ਮਹਿ ਤੁਮ ਕੋ ਜੋਵਾ[5]। ਕੌਨ ਪੁੰਨ ਕਿਯ ? ਜਾਂਤੇ ਹੋਵਾ[6]। ਜਾਂਤੇ* ਨਿਸ ਦਿਨ ਜਾਨਤਿ ਨਾਂਹੀ। ਮਗਨ ਰਹੋ ਅਪਨੇ ਸੁਖ ਮਾਂਹੀ' ॥ ੧੦ ॥ ਲਖਿ[7] ਦਰਵੇਸ਼ ਬੇਸ਼ ਮਨ ਮਾਂਹੀ। ਬੋਲ੍ਯੋ ਸ਼ਾਹ ਅਧਿਕ ਦੁਖ ਜਾਂਹੀ। 'ਸਰਬ ਜਗਤ ਮਹਿ ਮੋਹਿ[8] ਸਮਾਨਾਂ। ਔਰ ਨ ਕੋਊ ਦੁਖੀ ਮਹਾਨਾਂ ॥੧੧॥ ਗੁਹਜ ਬਹੁਤ ਸੋ[9] ਕਹਾ ਨ ਜਾਈ। ਕੈਸੇ ਤੁਮ ਢਿਗ ਦੇਉਂ ਬਤਾਈ'।ਕਹਿ ਮਰਦਾਨਾ'ਸੰਤ ਮਹਾਨੇ। ਇਨ ਆਗੇ ਕਹੁ ਹੈ ਦੁਖ ਹਾਨੇ' ॥੧੨॥ਨਿਕਟਿ ਬੈਠਿ ਗੁਰ ਸ਼ਾਹ ਅਲਾਈ।'ਸੁਨਹੁ ਸੰਤ ! ਤੁਮ ਸਭਿ ਸੁਖਦਾਈ।ਅੰਗਨਾ[10] ਜੋ ਮੇਰੇ ਘਰ ਮਾਂਹੀ। ਅਧਿਕ ਸਨੇਹ ਸੰਗ ਮਮ ਤਾਂਹੀ॥੧੩॥ ਰਾਤ ਦਿਵਸ ਤਿਹ ਭੋਗ ਬਿਲਾਸਾ। ਕਰਤਿ ਰਹਿਤਿ ਨਹਿ ਛੋਡੋਂ ਪਾਸ। ਏਕ ਸਮੇ ਹੋਯੋ ਤਿਹ ਰੋਗਾ। ਭੀ ਦੁਰਬਲ, ਮ੍ਰਿਤੁ ਤੇ[11] ਭਾ ਸੋਗਾ॥੧੪॥ਅਧਿਕ ਦਾਨ ਦੀਨੋ ਤਿਹ ਕਾਲਾ। ਕੀਨੋ ਬਹੁਰ ਬ੍ਰਿਲਾਪ ਬਿਸਾਲਾ। ਰੁਦਨ ਕਰਤਿ ਬੈਠ੍ਯੋ ਤਿਹ ਪਾਸਾ। ਕਹਿਤਿ ਭਈ ਤਿਯ ਦੇਨ ਦਿਲਾਸਾ ॥ ੧੫ ॥ -ਹਿਤ ਮੇਰੇ ਕਿਉਂ ਰੋਦਨ ਠਾਨੋ। ਨਿਜ ਕੋ ਬਡ ਧਨਵੰਤ ਪਛਾਨੋ। ਮੈਂ ਮਰਿਹੋਂ ਕਰਿ ਬ੍ਯਾਹ ਬਹੋਰੀ। ਭੋਗਹੁ ਆਨਿ[12] ਅੰਗਨਾ ਔਰੀ[13]॥੧੬॥ਬਿਲਸਿ ਬਿਲਾਸਨ ਹ੍ਵੈ ਅਹਿਲਾਦੂ[14]। ਮੁਝਹਿ ਬਿਸਾਰਹਿਂ ਕਰਹਿਂ ਨ ਯਾਦੂ-। ਮੈਂ ਭਾਖ੍ਯੋ-

[1]ਦਾਨ ਕਰਨੇ ਦੀ (ਇੱਛਾ)। [2]ਫੇਰ ਇਹ ਸੁਖੀ ਰਹਿੰਦਾ ਹੈ, (ਮੈਨੂੰ) ਇਹ ਗਲ ਪੁੱਠੀ ਲਗਦੀ ਹੈ। [3]ਭਾਵ ਪਾਪ ਤਾਂ (ਸਦਾ) ਦੁੱਖ ਹੀ ਦੇਂਦੇ ਹਨ। [4]ਪੁੱਛ ਕਿਉਂ ਨਹੀਂ ਲੈਂਦਾ। [5]ਦੇਖਿਆ। [6]ਹੋਇਆ ਹੈ (ਸੁਖ)। [7]ਜਾਣਕੇ। [8]ਮੇਰੇ। [9]ਗੁੱਝਾ ਹੈ ਉਹ (ਦੁਖ) ਬਹੁਤ। [10]ਇਸਤ੍ਰੀ। [11]ਮੌਤ (ਦਾ ਖਿਆਲ) ਕਰਕੇ। [12]ਲਿਆਕੇ। [13]ਹੋਰ ਇਸਤ੍ਰੀ। [14]ਅਨੰਦ। *ਪਾ:-ਜਾਂਤੇ।

Sri Satguru Jagjit Singh Ji eLibrary NamdhariElibrary@gmail.com

ਸੁਨੀਐ ਪ੍ਰਿਯ ਮੋਰੀ[1] । ਤੁਝ ਬਿਨ ਮੋਹਿ ਨ ਭਾਵੈ ਔਰੀ ॥੧੭॥ ਤੂੰ ਜੀਵਹਿ ਤੋ ਕਰੌਂ ਬਿਲਾਸਾ। ਨਤੁ ਮੈਂ ਤਜੌਂ ਜਿਯਨ ਕੀ ਆਸਾ । ਪ੍ਰਾਨ ਸਮਾਨ ਮੋਹਿ ਕੋ ਪਯਾਰੀ। ਤੁਝ ਬਿਨ ਕਸ[2] ਬਿਲਸੌਂ ਬਿਬ ਨਾਰੀ[3]–॥ ੧੮ ॥[4]–ਅਹੋ ਕੰਤ ! ਮੈਂ ਜੀਓਂ ਤ ਸਾਚੀ। ਮਰਿ ਜਾਵੌਂ ਇਹ ਕਹਿ[5] ਸਭਿ ਕਾਚੀ। ਅਸ ਕਹਿ ਮੋਹਿ ਸੁਨਾਵਤਿ ਪ੍ਰੀਤੀ। ਰਿਦੈ ਬਿਖੈ ਠਾਨਤਿ ਬਿਪਰੀਤੀ[6]–॥੧੯॥ ਤਿਯ ਕੀ ਤਰਕ ਸੁਨੀ ਮੈਂ ਜਬਹੀ। ਸਹਿ ਨ ਜਾਇ ਬਹੁ ਦੁਖ ਭਾ ਤਬਹੀ। ਲੇ ਕਰਿ ਤੀਛਨ ਛੁਰੀ ਚਲਾਈ । ਲਿੰਗ ਕਾਟਿ ਨਿਜ ਦੀਨ ਬਗਾਈ ॥ ੨੦ ॥–ਅਬ ਤੌ ਆਇ ਕਿ ਨਾਂਹਿ ਪ੍ਰਤੀਤੀ। ਮਾਨਤਿ ਨਹੀਂ ਸਾਚ ਮਮ ਪ੍ਰੀਤੀ–।ਸ਼ਿਸ਼ਨ[7] ਕਟੇ ਤੇ ਪੀਰ ਬਿਸਾਲਾ। ਮੈਂ ਰਹਿਓ ਜੀਵਤਿ ਤਿਹ ਕਾਲਾ ॥੨੧॥ ਕਿਤਿਕ ਦਿਵਸ ਬੀਤੇ ਤੇ ਨਾਰੀ। ਭਈ ਅਰੋਗ ਗਯੋ ਦੁਖ ਭਾਰੀ। ਜਬ ਬਲ ਭਯੋ ਆਨ ਸਰਬੰਗਾ[8] । ਬਯਾਪਯੋ ਤਿਹ ਤਨ ਬਹੁਰ ਅਨੰਗਾ[9] ॥ ੨੨ ॥ ਕਿਤਿਕ ਦਿਵਸ ਮੁਹਿ ਸੰਗ ਅਲਾਈ।–ਬਿਨ ਮੈਥੁਨ ਤੇ ਰਹਯੋ ਨ ਜਾਈ–ਹੌਂ ਲੱਜਿਤ ਹੁਇ ਕਛੁ ਨ ਬਤਾਵੌਂ ।ਅਪਨ ਕਰਯੋ ਲਖਿ ਉਰ ਪਛੁਤਾਵੌਂ॥੨੩॥ ਅਬ ਪਰ ਪੁਰਖਨ ਸੌਂ ਬਿਭਚਾਰਤਿ[10] । ਜਿਹ ਚਾਹੇ ਤਿਹ ਪਾਸ ਹਕਾਰਤਿ।ਪਰਹਰਿ ਲਾਜ ਸਰਬ ਪਰਵਾਰਾ।ਬਹੁਤ ਨਰਨ ਸੌਂ ਕਰਤਿ ਬਿਹਾਰਾ ॥੨੪॥ ਅਸ ਕੁਕਰਮ ਨੈਨਨ ਨਿਤ ਦੇਖੋਂ।ਮੋ ਮਨ ਹੋਵਤਿ ਦਰਾਧ ਬਿਸ਼ੇਖੋ । ਚਿੰਤਾਤੁਰ ਦੁਖ ਮਹਿ ਦਿਨ ਰੈਨਾ । ਮੋ ਸੋ ਦੁਖੀ ਅਵਰ ਕੋ ਹੈ ਨਾਂ ॥ ੨੫ ॥ ਰਿਦੇ ਬਿਚਾਰਤਿ ਹ੍ਵੈ ਨ ਉਪਾਈ । ਸਭਿ ਲੋਕਨ ਤੇ ਰਹੌਂ ਲਜਾਈ[11] ।ਸੁਨਿਕੈ ਸ੍ਰੀ ਪ੍ਰਭੁ ਬੈਨ ਅਲਾਏ। 'ਪੁਰਬ ਜਨਮ ਕਰਮ ਕਰਿ ਆਏ ॥ ੨੬ ॥ ਦੋਹਰਾ ॥ ਤਿਨਕੋ ਦੁਖ ਸੁਖ ਭੋਗਈ ਜੋ ਬੀਜਹਿ ਸੋ ਖਾਇ। ਪੁੰਨ ਕਰੇ ਸੁਖ ਹੋਤਿ ਹੈਂ ਕਲਮਲ ਤੇ ਦੁਖ ਪਾਇ ॥੨੭॥ ਚੌਪਈ॥ ਬ੍ਰਹਮਾ-ਦਿਕ ਤੇ ਮਸ਼ਕ[12] ਜਿ ਆਹੀਂ[13] । ਭੋਗਹਿ ਕਰਮ ਕੀਨ ਜਸ ਜਾਂਹੀ। ਜਿਨ ਕਿਨ ਜਸ ਕਸ ਕਰਮ ਕੀਨੈ। ਭੋਗੇ ਬਿਨਾ ਛੁਟਤਿ ਨਹਿ, ਚੀਨੈ ॥ ੨੮ ॥ ਜੋ ਜਗ ਮਹਿ ਗਯਾਨੀ ਹੁਇ ਮਾਨਵ। ਦੇਹਿ ਅਨਿੱਤ ਸਦੀਵ ਸੁ ਜਾਨਵ[14] । ਦੁਖ ਸੁਖ ਭੀ ਨੱਸ੍ਵਰ[15] ਉਰ ਜਾਨਹਿ। ਮਮਤਾ ਇਨ ਮਹਿ

---

[1]ਮੇਰੀ ਪਿਆਰੀ। [2]ਕੈਸੇ। [3]ਦੂਸਰੀ ਇਸਤ੍ਰੀ। [4]ਇਸਤ੍ਰੀ ਬੋਲੀ। [5]ਕਹਿਣੀ (ਤੇਰੀ)। [6]ਉਲਟੀ [illegible] । [7][illegible] [8]ਸਾਰੇ ਅੰਗਾਂ ਵਿਚ। [9]ਕਾਮਦੇਵ। [10]ਮਾੜਾ ਕਰਮ ਕਰਦੀ ਹੈ। [11]ਸ਼ਰਮਿੰਦਾ [illegible] । [12][illegible] [13]ਜੋ ਹੈਨ (ਸਾਰੇ)। [14]ਜਾਣਦਾ ਹੈ (ਗਿਆਨੀ)। [15]ਨਾਸ਼ ਹੋਣ ਵਾਲੇ।

ਕਬਹਿ ਨ ਆਨਹਿ[1]॥੨੯॥ ਸਦਾ ਅਨੰਦ ਏਕ ਰਸ ਰਹਿਹੀ। ਹਰਖ ਸੋਗ ਦੋਊ ਨਹਿਂ ਲਹਿਹੀ। ਪੁਨ ਮਾਨਵ ਜੋ ਹੈਂ ਜਗਿਆਸੀ। ਭਗਤਿ ਕਰਤਿ ਨਿਤ ਪ੍ਰਭੁ ਅਬਿਨਾਸ਼ੀ॥੩੦॥ ਦੋਹਰਾ॥ ਸੋ ਜਾਨਤਿ ਇਸਬਿਧਿ ਰਿਦੈ–ਦੁਖ ਸੁਖ ਦੇ[2] ਕਰਤਾਰ। ਹਮਰੋ ਪਰਮੇਸ਼੍ਵਰ ਮਿਤ੍ਰ ਕਰਤਿ ਭਲੀ ਸਭਿ ਕਾਰ–॥੩੧॥ ਚੌਪਈ॥ ਸੰਕਟ ਪਰੈ ਆਨਿ ਜਬ ਤਾਂਹੀ।–ਭਲਿ ਹੈ–ਲਖੈ ਸੁ ਅਸ ਮਨ ਮਾਂਹੀ।–ਪਾਪ ਕਿਯੇ[3] ਸੋ ਜਾਇੰ ਬਿਲਾਈ[4]–। ਇਉਂ ਮਨ ਜਾਨਿ ਪ੍ਰਸੰਨ ਰਹਾਈ॥੩੨॥ ਜਿਉਂ ਰੋਗੀ ਢਿਗ ਭੇਖਕ[5] ਆਵੈ। ਕਟੁ[6] ਔਖਧਿ[7] ਲੇ ਤਾਂਹਿ ਖੁਵਾਵੈ। ਹ੍ਵੈ ਪ੍ਰਸੰਨ ਸੋ ਭੱਖਨ ਕਰਿਈ[8]। ਜਾਨਹਿ–ਰੋਗ ਸਕਲ ਮਮ ਹਰਿਈ[9]–॥੩੩॥ ਤਿਉਂ ਭੋਗਹਿ ਨਿਜ ਕਰਮਨ ਸੋਊ। ਪ੍ਰਭੁ ਕੀ ਭਗਤਿ ਰਤੇ ਹੈਂ ਜੋਊ। ਦੁਖ ਹੋਵਹਿ ਤੌ ਪਾਪ ਮਿਟਾਈ। ਸੁਖ ਭੋਗਹਿ ਤੌ ਪੁੰਨ ਬਿਲਾਈ[10]॥੩੪॥ ਦੋਹਰਾ॥ ਪੂਰਬਲੇ ਸਭਿ ਜਨਮ ਮਹਿਂ ਕਰਮ ਕਿਯੇ ਹੈਂ ਜੋਇ। ਨਿਸ਼ਚੈ ਭੋਗੇ ਚਾਹੀਏ ਕਿਹ ਬਿਧਿ ਮਿਟਨ ਨ ਹੋਇ॥੩੫॥ ਚੌਪਈ॥ ਸਤਿਸੰਗੀ ਅਸ ਕਰਹਿਂ ਬਿਚਾਰਾ। ਦੁਖ ਸੁਖ ਮਹਿਂ ਰਹਿਹੀਂ ਇਕ ਸਾਰਾ। ਲਖੈਂ–ਮੀਤ ਹਮਰਾ ਕਰਤਾਰਾ। ਜੋ ਕਿਛੁ ਕਰਹਿ ਸੁ ਨੀਕੀ ਕਾਰਾ–॥੩੬॥ ਪੁਨ ਜਗ ਮਹਿਂ ਜੋ ਨਰ ਅਗਿਆਨੀ। ਦੁਖ ਮਹਿਂ ਬਹੁ ਮਮਤਾ ਮਨੁ ਮਾਨੀ। ਖੇਦ ਪਾਇ ਭੋਗਤਿ ਹੈਂ ਸਭਿਹੀ। ਭੋਗੈ ਬਿਨਾ ਨ ਛੂਟਹਿ ਕਬਹੀ॥੩੭॥ ਇਕ ਤੌ ਤਨ ਦੁਖ ਭੋਗਹਿ ਸੋਈ। ਦੂਸਰ ਅਧਿਕ ਰਿਦੈ ਦੁਖ ਹੋਈ। ਇਸ ਪ੍ਰਕਾਰ ਕਹਿ ਕ੍ਰਿਪਾਨਿਧਾਨਾ। ਸ੍ਰੀ ਮੁਖ ਏਹੁ ਸ਼ਲੋਕ ਬਖਾਨਾ॥੩੮॥

ਸਲੋਕੁ ਮ: ੧॥

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥ ਪਰਸਰਾਮੁ ਰੋਵੈ ਘਰਿ ਆਇਆ॥ ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥ ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥ ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥ ਰੋਵਹਿ ਪਾਂਡਵ ਭਏ ਮਜੂਰ॥ ਜਿਨਕੈ ਸੁਆਮੀ ਰਹਤ ਹਦੂਰਿ॥ ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥ ਰੋਵਹਿ ਸੇਖ ਮਸਾਇਕ ਪੀਰ॥ ਅੰਤਿਕਾਲਿ ਮਤੁ ਲਾਗੈ ਭੀੜ॥ ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥ ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥ ਮੰਨੇ ਨਾਉ ਸੋਈ

[1]ਨਹੀਂ ਲਿਆਂਵਦਾ। [2]ਦਿੰਦਾ ਹੈ। [3]ਕੀਤੇ ਹੋਏ ਪਾਪ। [4]ਦੂਰ ਹੋ ਜਾਵਣਗੇ। [5]ਵੈਦ। [6]ਕੌੜੀ। [7]ਦਵਾਈ। [8]ਖਾਂਦਾ ਹੈ। [9]ਨਾਸ਼ ਕਰੇਗੀ। [10]ਨਾਸ਼ ਹੁੰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ ੧ [ਰਾਮਕਲੀ

ਦੋਹਰਾ ॥ ਮਰਦਾਨੇ ਸੁਨਿ ਸ੍ਰੋਨ ਮਹਿਂ ਕਹਨੈ ਬਚਨ ਇਹ ਭਾਇ। 'ਸਰਬ ਸ਼ਬਦ ਕੋ ਅਰਥ ਅਬ ਦੀਜੈ ਹਮੈ ਸੁਨਾਇ' ॥੩੯॥ ਚੌਪਈ ॥ ਸ੍ਰੀ ਨਾਨਕ ਤਬ ਅਰਥ* ਬਖਾਨੇ। ਸਰਬ ਬ੍ਰਿੱਤਿ ਬਧਾਇ ਮਹਾਂਨੇ[1]। 'ਸਤ[2]ਅਸੁਮੇਧ[3] ਕਰਤਿ ਹੈ ਜੋਊ। ਹੋਤਿ ਸੁਰਗ ਮਹਿਂ ਅਧਿਪਤਿ ਸੋਊ ॥੪੦॥ ਸਚੀ[4] ਹੋਤਿ ਹੈ ਮਹਿਲਾ[5] ਤਾਂਕੀ। ਰਤਿ[6] ਨ ਪਟੰਤਰ[7] ਪੂਜਹਿ[8] ਜਾਂਕੀ[9]। ਚੰਦ ਬਦਨ ਅਰਬਿੰਦ ਬਿਲੋਚਨ। ਚਿਤਵਨ[10] ਬਾਨ ਕਾਮ ਮਦ ਮੋਚਨ[11] ॥ ੪੧ ॥ ਅਪਰ ਅਪਸਰਾ ਸੁੰਦਰ ਸਾਰੀ। ਸਰਬ ਰਹਹਿਂ ਆਇਸੁ ਅਨੁਸਾਰੀ। ਤਿਨ[12] ਇਕ ਸਮੇਂ ਪਿਖੀ ਰਿਖਿ ਨਾਰੀ। ਤਨ ਕੀ ਸੁਧ ਬੁਧਿ ਸਕਲ ਬਿਸਾਰੀ॥੪੨॥ਦੋਹਰਾ॥ਦਿਪਤ[13]ਦੀਪ[14]ਦੁਤਿ[15] ਬਪੁ[16]ਪਿਖੀ ਬਾਸਵ[17]ਭਯੋ ਪਤੰਗ[18]। ਕਾਮ ਸਿੰਘ[19] ਗਰਜਨ ਕਰਾ, ਧੀਰਜ ਭਯੋ ਕੁਰੰਗ[20] ॥ ੪੩॥ ਚੌਪਈ ॥ ਪਰਮ ਸਰੂਪ ਅਹਿੱਲਯਾ ਨਾਰੀ। ਮਨਹੁ ਨਿਪੁਨਤਾ[21] ਦ੍ਰੂਹਨ[22]

---

[1]ਬਹੁਤ ਵਧਾਕੇ। [2]ਸੌ। [3]ਇਕ ਜੱਗ ਦਾ ਨਾਮ ਹੈ। [4]ਇੰਦ੍ਰ ਦੀ ਇਸਤ੍ਰੀ। [5]ਇਸਤ੍ਰੀ। [6]ਕਾਮ ਦੀ ਇਸਤ੍ਰੀ। [7]ਬਰਾਬਰ। [8]ਨਹੀਂ ਪਹੁੰਚਦੀ। [9]ਜਿਸ ਦੇ। [10].[11]ਨਜ਼ਰ (ਜਿਸ ਦੀ ਕਾਮ ਦੇ ਬਾਣ ਦੇ ਹੰਕਾਰ ਨੂੰ ਹਟਾਂਵਦੀ ਹੈ। [12]ਇੰਦ੍ਰ ਨੇ। [13]ਪ੍ਰਕਾਸ਼ ਦੇ। [14]ਦੀਵੇ ਵਾਂਗ। [15]ਸੁੰਦਰਤਾ। [16]ਸਰੀਰ (ਰਿਖ ਦੀ ਨਾਰੀ ਦਾ)। [17]ਇੰਦ੍ਰ। [18]ਭੰਬਟ (ਭਾਵ ਆਸ਼ਕ ਹੋਗਿਆ)। [19]ਕਾਮ ਰੂਪੀ ਸ਼ੇਰ। [20]ਧੀਰਜ ਹਰਨ ਹੋ ਗਿਆ। [21]ਚਤੁਰਤਾ (ਇਸ ਤੀਵੀਂ—ਅਹਿਲਯਾ—ਦੇ ਸਰੀਰ ਦੀ ਰਚਨਾ ਵਿਚ)। [22]ਬ੍ਰਹਮਾ ਨੇ [ਸੰਸ:, ਦ੍ਰੁਹਣ]।

*ਇਹ ਅਰਥ ਕਵਿ ਜੀ ਆਪ ਕਰਨ ਲੱਗੇ ਹਨ, ਅਰ ਇਸ ਵਿਚ ਓਹ ਕਥਾ ਖੁਹਲਣ ਲਗੇ ਹਨ ਜੋ ਸ਼ਾਸਤ੍ਰਕਾਰਾਂ ਨੇ ਲਿਖੀਆਂ ਹਨ। ਗੁਰੂ ਜੀ ਦਾ ਇਹ ਸ੍ਰੀ ਮੁਖਵਾਕ ਸ਼ਬਦ ਅਸੂਲ ਪ੍ਰਤਿਪਾਦਨ ਕਰਦਾ ਹੈ ਕਿ ਸਾਰਾ ਸੰਸਾਰ ਦੁਖੀ ਹੈ, ਦੁਖੀ ਦਾ ਸਰੂਪ ਦੱਸਣ ਲਈ ਮੰਨੇ ਪਰਮੰਨੇ ਵਡਕਿਆਂ ਦੇ ਹਾਲਾਤ ਨਮੂਨੇ ਮਾਤ੍ਰ ਦ੍ਰਿਸ਼ਟਾਂਤ ਦੇ ਢੰਗ ਤੇ ਦੱਸੇ ਹਨ ਕਿ ਇਤਨੇ ਵਡੇ ਕਹਿਲਾਉਣ ਵਾਲੇ ਲੋਕ ਦੁਖ ਤੋਂ ਨਹੀਂ ਬਚ ਸਕੇ। ਫਿਰ ਪ੍ਰਸ਼ਨ ਹੁੰਦਾ ਹੈ ਕਿ ਕੋਈ ਰੋਣ ਦੇ ਦੁਖ ਤੋਂ ਛੁਟੇ ਕੀਕੂੰ ? ਤਾਂ ਦੱਸਦੇ ਹਨ ਕਿ ਨਾਮ ਨੂੰ ਜੋ ਧਾਰਨ ਕਰੇ ਸੋ ਜਨਮ ਜਿੱਤ ਜਾਂਦਾ ਹੈ, ਹੋਰ ਕਰਮਾਂ ਨਾਲ ਜਨਮ ਨਹੀਂ ਜਿੱਤਿਆ ਜਾਂਦਾ। ਕਰਮਾਂ ਨਾਲ ਜਿੱਤਣ ਦਾ ਜਤਨ ਵਾਲੇ ਇੰਦ੍ਰ ਆਦੀ (ਉਪਰ ਗਿਣਕੇ ਦੱਸਿਆਂ) ਨੇ ਦੁਖ ਪਾਇਆ ਹੈ।

ਇਹ ਨਹੀਂ ਸਮਝਣਾ ਚਾਹੀਦੇ ਕਿ ਸੌ ਜੱਗ ਕਰਨੇ ਤੇ ਸੁਰਗ ਦਾ ਰਾਜਾ ਬਣਦਾ ਹੈ, ਤੇ ਇਹ ਗੁਰੂ ਜੀ ਦਾ ਸਿਧਾਂਤ ਹੈ। ਗੁਰੂ ਜੀ ਦਾ ਸਿਧਾਂਤ ਇਨ੍ਹਾਂ ਨੂੰ 'ਕਰਮ' ਕਹਿਕੇ ਖੰਡਨ ਵਿਚ ਹੈ 'ਅਉਰੀ ਕਰਮ ਨ ਲੇਖੈ ਪਾਇ', ਕੇਵਲ 'ਮੰਨੇ ਨਾਉ ਸੋਈ ਜਿਣਿ ਜਾਇ' ਗੁਰੂ ਜੀ ਦਾ ਸਿੱਧਾਂਤ ਹੈ।

Sri Satguru Jagjit Singh Ji eLibrary NamdhariElibrary@gmail.com

ਦਿਖਾਰੀ। ਜਿਹ ਬਿਲੋਕਿ ਸੁਰ ਨਰ ਭੁਰਮਾਏ। ਜੋਗਨਿ ਜੋਗ ਰਿਦੈ ਬਿਸਰਾਏ ॥ ੪੪ ॥ ਮਘਵਾ[੧] ਬਧਯੋ[੨] ਨੇਹ ਤਿਹ[੩] ਡੋਰੀ[੪]। ਕਿਯੋ ਚਹਿਤ ਰਤਿ[੫] ਗੋਤਮ ਚੋਰੀ[੬]। ਰਹਯੋ ਦੇਖਿ ਅਵਸਰ ਨਹਿਂ ਪਾਵੈ। ਚਿਤਵਹਿ[੭] ਉਪਾਇ[੮] ਮਿਲਯਾ ਕਿਉਂ ਜਾਵੈ ॥ ੪੫ ॥ ਮਿਲਿ ਮਯੰਕ[੯] ਸੰਗ ਘਾਤ[੧੦] ਬਿਚਾਰੀ। ਗਮਨੇ ਅਰਧ ਰਾਤ੍ਰਿ ਛਲ ਧਾਰੀ[੧੧]। ਅਰੁਨਚੂੜ[੧੨] ਕੋ ਤਨੁ ਸ਼ਸ਼ਿ ਭਯੋ[੧੩]। ਜਾਇ ਸਮੀਪ ਸ਼ਬਦ ਨਿਜ ਕਯੋ ॥ ੪੬ ॥ ਗੋਤਮ ਲਖੀ ਭਈ ਅਬ ਪ੍ਰਾਤਾ। ਮੱਜਨ ਕਰਨ ਚਲਾ ਅਧਿਰਾਤਾ[੧੪]। ਸੁਨਾਸੀਰ ਲਖਿ ਸੂਨ ਨਿਸ਼ੰਕਾ[੧੫]। ਮਿਲਯੋ ਅਹਿੱਲਯਾ ਕੋ ਭਰਿ ਅੰਕਾ ॥ ੪੭ ॥ ਹਰਖਯੋ ਅਧਿਕ ਕੇਲ[੧੬] ਕਰਿ ਲੀਨੋ। ਮਦਅਨੰਗ ਕੋ[੧੭] ਮੋਚਨ ਕੀਨੋ। ਗੋਤਮ ਕੋ ਸੁਧਿ ਸੁਰਸਰਿ[੧੮] ਦੀਨੀ। ਹਟਯੋ[੧੯] ਤਹਾਂ ਤੇ ਰਿਸ ਬਹੁ ਕੀਨੀ ॥ ੪੮ ॥ ਸਤਿਮੰਨੁ[੨੦] ਅਵਲੋਕਯੋ ਜਬਹੀ। ਕੋਪਿਕ ਰਿਖੀ ਸ੍ਰਾਪ ਦਿਯ ਤਬ ਹੀ। –ਇਕ ਭਗ ਕਾਰਨ ਇਹ ਠਾਂ ਆਯੋ। ਨਹੀਂ ਰਿਖਨ ਤੇ ਨੈਕੁ[੨੧] ਡਰਾਯੋ ॥੪੯॥ ਭਗ ਸਹੰਸ੍ਰ[੨੨] ਹੋਵਹਿ ਤਨ ਤੇਰੇ–ਭਯੋ ਸ੍ਰਾਪ ਨਹਿ ਜਾਵਹਿ ਫੇਰੇ। ਅਤਿ ਕਰੂਪ ਤਿਹ ਬਨਾ ਸਰੀਰਾ। ਜਸ ਅਘ ਤਸ ਫਲ ਪਾਇ ਅਧੀਰਾ ॥੫੦॥ ਸੁਰਗਾਦਿਕ ਕੀ ਤਜਿ ਰਜਧਾਨੀ। ਅਨੀ ਸੁਰਨ ਕੀ ਯੁਤ ਸੈਨਾਨੀ[੨੩]। ਗਮਨਯੋ ਜਹਿਂ ਜਲ ਹੁਤੋ ਬਿਸਾਲਾ। ਕਮਲ ਨਾਲ ਮਹਿਂ ਦੁਰ[੨੪] ਤਤਕਾਲਾ ॥੫੧॥ ਦੋਹਰਾ॥ ਲੱਜਿਤ ਹ੍ਵੈ ਰੋਯੋ ਤਬਹਿ ਭਗਸਹੰਸ੍ਰ* ਤਨਪਾਇ। ਪਰਸਰਾਮ ਕੀ ਅਬ ਕਥਾ ਦੇਇੰ ਸੁ ਤੁਮਹਿ ਸੁਨਾਇ ॥੫੨॥ ਚੌਪਈ॥ ਸਹਸ੍ਰਬਾਹੁ ਭੂਪਤ ਇਕ ਭਯੋ। ਸਰਬ ਦਿਗਬਿਜੈ[੨੫] ਜਿਹ ਛਿਤ[੨੬] ਕਯੋ। ਰਿਖਿ ਜਮਦਗਨਾਸ਼੍ਰਮ ਇਕ ਕਾਲਾ। ਸਿਵਰ[੨੭]† ਕੀਨ ਸੰਗਿ ਸੈਨ ਬਿਸਾਲਾ ॥

੧ਇੰਦ੍ਰ। ੨ਬੰਨ੍ਹਿਆਂ ਗਿਆ। ੩ਤਿਸਦੇ। ੪ਮੋਹ ਦੀ ਰਸੀ ਨਾਲ। ੫ਭੋਗ। ੬ਗੋਤਮ (ਰਿਖੀ ਅਹਿੱਲਯਾ ਦੇ ਪਤੀ) ਤੋਂ ਚੋਰੀ। ੭ਚਿਤਵਦਾ ਹੈ। ੮ਯਤਨ। ੯ਚੰਦ੍ਰਮਾ। ੧੦ਦਾਉ। ੧੧ਅੱਧੀ ਰਾਤ ਛਲ ਧਾਰਕੇ। ੧੨ਕੁਕੜ। ੧੩ਭਾਵ ਚੰਦਰਮਾਂ ਕੁਕੜ ਬਣ ਗਿਆ। ੧੪ਅੱਧੀ ਰਾਤ (ਨੂੰ ਹੀ)। ੧੫ਇੰਦਰ ਵੇਖਕੇ ਸੁੰਞਾ (ਘਰ) ਨਿਸ਼ੰਕ ਹੋਕੇ। ੧੬ਭੋਗ। ੧੭ਕਾਮ ਦੇ ਨਸ਼ੇ ਨੂੰ। ੧੮ਗੰਗਾ ਨੇ। ੧੯ਮੁੜਿਆ। ੨੦ਇੰਦ੍ਰ ਨੂੰ [ਸ਼ਿ:, ਸ਼ੁਤ੍ਰਮਨੁ]। ੨੧ਥੋੜਾ ਬੀ। ੨੨ਹਜ਼ਾਰਾਂ। ੨੩ਦੇਵਤਿਆਂ ਦੀ ਫੌਜ ਸਮੇਤ ਸੈਨਾਪਤਿ (ਸ੍ਵਾਮ ਕਾਰਤਕ ਦੇ ਛੱਡਕੇ)। ੨੪ਛੁਪ ਗਿਆ। ੨੫ਹਰ ਪਾਸੇ ਫਤੇ। ੨੬ਧਰਤੀ। ੨੭ਡੇਰਾ।

*ਇਸ ਤੋਂ ਖ਼ਾਲਬਨ ਮੁਰਾਦ ਆਤਸ਼ਕ ਦੇ ਰੋਗ ਦੀ ਹੈ ਜਿਸ ਨਾਲ ਸਰੀਰ ਤੇ ਫੋੜੇ ਚਟਾਕ ਪੈ ਜਾਂਦੇ ਹਨ। ਦੁਰਾਚਾਰੀਆਂ ਨੂੰ ਅਕਸਰ ਇਹ ਰੋਗ ਹੋ ਜਾਇਆ ਕਰਦਾ ਹੈ।

†ਪਾਠ–ਗਮਨ।

Sri Satguru Jagjit Singh Ji eLibrary NamdhariElibrary@gmail.com

੫੩ ॥ ਰਿਖਿ ਕੀਨੀ ਨ੍ਰਿਪ ਕੀ ਪਹੁਨਾਈ[1]।ਕਾਮਧੇਨੁ ਤਬ ਲੀਨਿ ਮੰਗਾਈ॥ ਜੋ ਕਛੁ ਚਹਾ ਸੁ ਤਿਹਤੇ ਪਾਵਾ। ਰੁਚਿ ਅਨੁਸਾਰ ਅਸਨ ਸਭਿ ਖਾਵਾ ॥ ੫੪ ॥ ਧੇਨੁ ਪ੍ਰਭਾਵ ਦੇਖਿ ਤਿਹ ਕਾਲਾ। ਲੈਨਿ ਕਾਮਨਾ ਕੀਨਿ ਭੁਵਾਲਾ। ਲਖਿ ਕੁਦ੍ਰਿਸ਼ਟਿ[2] ਤਿਹ ਛਿਨ ਮੁਨਿਰਾਈ। ਪਠਨੋ[3] ਸੁਰਗ ਕੌ ਧੇਨੁ ਉਡਾਈ ॥ ੫੫ ॥ ਨ੍ਰਿਪਤਿ ਕੁਮਤਿ ਮਨ ਮੈਂ ਇਉਂ ਠਾਨਾ। ਮੁਨਿਵਰ ਕੇ ਕੀਨੇ ਹਤਿ ਪ੍ਰਾਨਾ[4]। ਪਤਿ ਕੋ ਦੇਖਿ ਰੇਣੁਕਾ[5] ਨਾਰੀ। ਬਹੁਤ ਬਿਲਾਪਤਿ ਊਚ ਪੁਕਾਰੀ ॥ ੫੬ ॥ ਸਪਤ ਤ੍ਰਿਹੱਥੜ ਹਨਿ ਕਰਿ ਦੇਹੀ । ਸੁਤ ਕੋ ਸਿਮਰਿ[6] ਬੁਲਾਯੋ ਤੇਹੀ। ਤਪ ਹਿਤ ਅਪਰ ਜੁ ਥਾਨ ਸਿਧਾਵਾ। ਤਤਛਿਨ ਮਾਤ ਨਿਕਟਿ ਚਲਿ ਆਵਾ॥੫੭॥ਪਿਤ ਕੋ ਮਰਨ ਦੇਖਿ ਅਕੁਲਾਯੋ। ਹੋਇ ਕ੍ਰੋਧ ਮੈਂ ਬਚਨ ਅਲਾਯੋ।– ਸੁਨਹੁ ਮਾਤ ਤੈਂ ਇਕੀਸ ਵਾਰੇ। ਪੀੜਾ ਦੀ ਤਨ ਹਾਥ ਪ੍ਰਹਾਰੇ[7] ॥੫੮॥ ਸੱਤਿ ਪਛਾਨ ਅਬਹਿ ਪ੍ਰਨ ਮੋਰਾ। ਛੱਤ੍ਰੀ ਛੋਡੋਂ ਨਹਿ ਕਿਤ ਠੌਰਾ। ਇਕੀਸ ਬਾਰ ਨਿਛੱਤ੍ਰੀ[8] ਧਰਨੀ[9]। ਅਤਿ ਸੰਗ੍ਰਾਮ[10] ਕਰੌਂ ਬਲ ਕਰਨੀ–॥੫੯॥ ਅਸ ਕਹਿ ਕਰਿ ਸੰਭਾਰਿ ਕੁਠਾਰਾ[11]। ਮਨਹੁ ਬੀਰ ਰਸ ਤਨਕੋ ਧਾਰਾ। ਸ਼ਸਤ੍ਰ ਅਸਤ੍ਰ ਸਭਿਹੀ ਕਰ ਲੈਕੇ। ਅਰਜਨ[12] ਕੇ ਤਬ ਸਨਮੁਖ ਹ੍ਵੈ ਕੈ॥੬੦॥ਦਾਰੁਨ[13] ਬਹੁ ਸੰਗ੍ਰਾਮ ਮਚਾਵਾ। ਮਹਾਂ ਸਾਰ ਸੈਂ ਸਾਰ[14] ਬਜਾਵਾ । ਹਾਥ ਕੁਠਾਰ ਸੰਭਾਰਿ ਸ ਜੋਰਾ । ਕ੍ਰੋਧ ਜੁੱਧ[15] ਅਵਿਰੁੱਧਤਿ[16] ਘੋਰਾ[17] ॥੬੧॥ ਭੁਜ ਹਜ਼ਾਰ ਤਿਹ ਕਾਟਿ ਉਤਾਰੀ। ਗਿਰਯੋ ਮ੍ਰਿਤਕ ਹ੍ਵੈ ਭੂਮ ਮਝਾਰੀ। ਸਰਬ ਧਰਾ ਮਹਿ ਤਿਹਛਿਨ ਰਾਮੁ[18]। ਛੱਤ੍ਰੀ ਕੋ ਨਹਿ ਛੋਡਯੋ ਨਾਮੁ ॥੬੨॥ ਬੀਨ ਬੀਨ ਤਿਨ ਕੁਲ ਕਰਿ ਹਰਨੀ[19]। ਦਈ ਦ੍ਵਿਜਨ ਕੋ ਸਗਰੀ ਧਰਨੀ। ਗਮਨਯੋ ਆਪ ਬਿਪਨ[20] ਤਪ ਕਾਰਨ । ਰਹਯੋ ਬੈਠਿ ਕਰਿ ਦੁਸ਼ਟ ਬਿਦਾਰਨ[21] ॥ ੬੩ ॥ ਛੱਤ੍ਰੀ ਬਧੇ ਬਹੁਤ ਜਬ ਕੋਟੀ। ਧਰਾ ਦ੍ਵਿਜਨ ਤੇ ਲੀਨਿ ਖਸੋਟੀ। ਅਨੁ ਬਿਪਨ ਤੇ[22] ਜੁੱਧ ਮਚਾਵਾ। ਛੱਤ੍ਰੀ ਏਕ ਰਹਿਨ ਨਹਿ ਪਾਵਾ ॥ ੬੪ ॥ ਜੀਤ ਧਰਾ ਬਿੱਪ੍ਰਨ ਕੋ ਦੀਨੀ।

---

[1]ਪ੍ਰਾਹੁਣਚਾਰੀ। [2]ਖੋਟੀ ਨਿਗਾਹ ਜਾਣਕੇ। [3]ਭੇਜਣ (ਲਈ ਗਊ)। [4]ਜਾਨ ਮਾਰ ਦਿੱਤਾ। [5]ਰਿਖੀ ਦੀ ਇਸਤ੍ਰੀ ਦਾ ਨਾਮ ਹੈ। [6]ਯਾਦ ਕਰਕੇ। [7]ਮਾਰਕੇ। [8]ਛਤ੍ਰੀ ਰਹਤ। [9]ਧਰਤੀ। [10]ਜੰਗ। [11]ਕੁਹਾੜਾ। [12]ਸਹੰਸਰ ਬਾਹੂ ਰਾਜੇ ਦਾ ਉਪਨਾਮ। [13]ਭਿਆਨਕ। [14]ਲੋਹੇ ਨਾਲ ਲੋਹਾ। [15,16,17]ਕ੍ਰੋਧ ਕਰਕੇ ਭਿਆਨਕ ਜੁੱਧ ਵਿਚ ਜੁੱਟ ਪਿਆ। [18]ਪਰਸਰਾਮ ਨੇ। [19]ਨਾਸ। [20]ਬਨ ਵਿਚ। [21]ਨਾਸ਼ ਕਰਕੇ। [22]ਬਨ ਤੋਂ।

Sri Satguru Jagjit Singh Ji eLibrary NamdhariElibrary@gmail.com

ਛੱਤ੍ਰੀ ਬਧੇ ਛੀਨ ਪੁਨ ਲੀਨੀ। ਪਰਸਰਾਮ ਮਾਰੇ ਤਬ ਆਈ। ਧਰਨੀ ਸਕਲ ਦਿਜਨ ਪੁਨ ਪਾਈ ॥੬੫॥ ਇਸ ਬਿਧਿ ਇੱਕਿਸ ਬਾਰ ਸੰਘਾਰੇ[1]। ਦਈ ਦਿਜਨ ਕੋ ਬਾਰਬਾਰੇ। ਰਘੁਪਤਿ[2] ਸੰਗ ਭਿੜਯੋ ਇਕਿ ਕਾਲਾ। ਹਰਯੋ ਗਯੋ ਤਿਹ ਓਜ[3] ਬਿਸਾਲਾ ॥੬੬॥ ਲੱਜਿਤ ਹੋਇ ਸਦਨ ਮਹਿ ਆਯੋ। ਸੋ ਰੋਵਤਿ ਬਲ ਸਕਲ ਹਰਾਯੋ। ਜਾਚਤਿ[4] ਦਿਜ ਦੇਖਤਿ ਜਗਮਾਂਹੀ। ਰੋਇ ਬਿਸੂਰਤਿ[5] ਸੁਖ ਤਿਹ ਨਾਂਹੀ ॥੬੭॥ ਅਜ ਨ੍ਰਿਪ ਇੰਦਮਤੀ[6] ਬ੍ਰਿਹੁ ਭਾਰੀ[7] ਰੋਵਤਿ ਭਿੱਖਨਾ ਖਾਇ ਅਹਾਰੀ। ਜਗ ਮਹਿ ਗਯਾਨ ਦ੍ਰਿਸ਼ਟਿ ਸੁਖੁ ਹੋਈ। ਨਾਤੁਰ ਦੁਖੀ ਰਹਿਤ ਸਭਿ ਕੋਈ ॥੬੮॥ ਦੋਹਰਾ॥ ਸੀਤਾ ਲਛਮਨ ਬਿਛੁਰਨੇ ਰੋਏ ਤਬ ਸ੍ਰੀ ਰਾਮ। ਬਿਸ਼ਨੁ ਆਨਿ ਅਵਤਾਰ ਭਾ ਜਪਤ* ਜਗਤ ਜਿਹ ਨਾਮ ॥੬੯॥ ਚੌਪਈ॥ ਦਹਿਸਿਰ[8] ਤੀਨ ਲੋਕ ਬਸ ਜਾਂਕੇ। ਬੰਦ ਸਾਲ ਮਹਿ ਕਾਲ ਸੁ ਤਾਂਕੇ[9]। ਕੰਚਨ[10] ਦੇਸ਼, ਬਹੁਤ ਗ੍ਰਿਹ ਨਾਰੀ। ਤਿਨ ਚੁਰਾਇ ਲਿਯ ਜਨਕ ਕੁਮਾਰੀ[11] ॥੭੦॥ ਰਾਮਚੰਦ ਤਬ ਤਿਹ ਕੋ ਮਾਰਾ। ਗਿਰਯੋ ਰੋਇ ਕੈ ਜੁੱਧ ਮਝਾਰਾ। ਕੰਚਨਪੁਰਿ ਕੋ ਪਤਿ ਅਸ ਰਾਵਨ। ਰੰਚਕ ਮਿਲਯੋ ਨ ਸੁਖ ਹਿਤ ਪਾਵਨ ॥੭੧॥ ਬਲੀ ਸਮਰਥ ਸਕਲ ਪਰਕਾਰਾ। ਉਪਜੇ ਇਸ ਜਗ ਬੀਚ ਅਪਾਰਾ। ਬਿਨਾ ਗਯਾਨ ਦੁਖ ਪਾਇ ਘਨੇਰਾ। ਕਰਿਗੇ ਕੂਚ ਨ ਲਾਗੀ ਦੇਰਾ ॥੭੨॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸ਼ਾਹ ਪ੍ਰਸੰਗ' ਬਰਨਨੰ ਨਾਮ ਤੇਈਸਮੋ ਅਧਯਾਯ ॥ ੨੩ ॥

੨੪. [ਸ਼ਾਰਦਾ ਮੰਗਲ। ਪੰਡਤਾਂ ਦਾ ਪ੍ਰਸੰਗ]

ਦੋਹਰਾ॥ ਮਹਿਖਾਸੁਰ ਮਦ ਮਰਦਨੀ ਮਹਾਂ ਮੋਦ ਦਾ ਸ਼ੱਕ੍ਰ।
ਜਗਦੰਬਾ ਜੈ ਜੈ ਕਰੀ ਬੱਕ੍ਰ ਧਰੇ ਕਰ ਚੱਕ੍ਰ ॥੧॥

ਮੋਦ—ਖੁਸ਼ੀ ਦੇਣ ਵਾਲੀ। ਸ਼ੱਕ੍ਰ—ਇੰਦ੍ਰ [ਸੰਸ:, ਸ਼ਕ੍ਰ:]
ਜਗਦੰਬਾ—ਜਗਤ ਦੀ ਮਾਂ। [ਸੰਸ:, ਜਗਤ+ਅੰਬਾ] ਦੇਸ ਦੇ ਸ਼ੱਤ੍ਰੂਆਂ ਨੂੰ ਨਾਸ਼ ਕਰਨ ਕਰਕੇ ਜਿਸ ਬਲਵਤੀ ਨੂੰ ਦੇਵੀ ਕਿਹਾ, ਉਸ ਨੂੰ ਜਗਦੰਬਾ ਬੀ ਆਖਿਆ।
ਬੱਕ੍ਰ—ਟੇਢਾ, ਜਿਵੇਂ ਚਲਾਉਣ ਵੇਲੇ ਚੱਕ੍ਰ ਫੜੀਦਾ ਹੈ।

ਅਰਥ—ਮਹਿਖਾਸੁਰ (ਨਾਮੇ ਦੈਂਤ) ਦਾ ਅਹੰਕਾਰ ਮਲ ਸਿੱਟਣ ਵਾਲੀ (ਤੇ ਔਉਂ)

[1]ਮਾਰੇ। [2]ਰਾਮਚੰਦ੍ਰ। [3]ਬਲ। [4]ਮੰਗਦੇ। [5]ਝੁਰਦੇ ਹਨ। [6]ਅਜ ਰਾਜੇ ਦੀ ਇਸਤ੍ਰੀ ਜੋ ਵਿਦਰਭ ਦੇ ਰਾਜਾ ਦੀ ਭੈਣ ਸੀ। [7]ਭਾਰੀ ਵਿਛੋੜੇ ਤੋਂ (ਦੁਖੀ ਹੋਕੇ)। [8]ਰਾਵਣ। [9]ਕੈਦ ਖਾਨੇ ਵਿਚ ਉਸ ਦੇ ਸੀ ਕਾਲ। [10]ਸੋਨੇ ਦਾ। [11]ਸੀਤਾ। *ਪਾ:—ਭਜੇ।

Sri Satguru Jagjit Singh Ji eLibrary NamdhariElibrary@gmail.com

ਇੰਦ੍ਰ ਨੂੰ ਬਹੁਤ ਖੁਸ਼ੀ ਦੇਣ ਵਾਲੀ ਜਗਦੰਬਾ ਹੱਥ ਵਿਚ ਟੇਢਾ ਚੱਕ੍ਰ ਧਾਰਨ ਕਰਕੇ (ਵੈਰੀਆਂ ਤੇ) ਫਤਹ ਪਾਉਣ ਵਾਲੀ (ਤੇਰੀ) ਜੈ ਹੈ।

ਭਾਵ—ਮੇਰੇ ਵਿਘਨਾਂ ਦਾ ਭੀ ਨਾਸ਼ ਕਰੋ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ 'ਅਬ ਸੁਨ ਪਾਂਡਵ ਕੇਰ ਕਹਾਨੀ। ਜਿਨ ਢਿਗ ਰਹਤਿ ਕ੍ਰਿਸ਼ਨ ਗੁਨਖਾਨੀ। ਸਰਬ ਦਿਸ਼ਾ ਜੀਤੀ ਇਕ ਬਾਰੀ। ਰਾਜਸੂਅ ਮਖ[1] ਕੀਨੋ ਭਾਰੀ ॥ ੨॥ ਅਮਿਤ ਪਦਾਰਥ ਘਰ ਮਹਿ ਆਏ। ਸਭਿ ਦਿਸ਼ਕੇ ਨ੍ਰਿਪ ਪਾਇਂ[2] ਲਗਾਏ। ਦੁਰਯੋਧਨ ਕੇ ਢਿਗ ਇਕ ਕਾਲਾ। ਗਏ ਤਹਾਂ ਜਹਿਂ ਸਭਾ ਬਿਸਾਲਾ ॥੩॥ ਬੈਠਿ ਜੂਪ[3] ਤਿਨ ਸੰਗਿ ਮਚਾਵਾ[4]। ਪ੍ਰਿਥਮ ਗਲਾਹ[5] ਦਰਬ ਕੋ ਲਾਵਾ। ਬਹੁਰ ਮਤੰਗ, ਤੁਰੰਗ ਹਰਾਏ[6]। ਸਨੈ-ਦਨ[7] ਭੂਖਨ, ਗ੍ਰਾਮ ਲਗਾਏ[8] ॥ ੪ ॥ ਨਗਰ ਦੇਸ਼ ਸਗਰੋ ਜਿਤਵਾਵਾ[9]। ਬਿਪਨ ਜਾਵਨੋ[10] ਪੁਨ ਠਹਿਰਾਵਾ। ਦ੍ਰੁਪਦਸੁਤਾ[11] ਜਬਹੀ ਦਿਯ ਹਾਰੀ[12]। ਮੰਦਮਤੀ[13] ਹਰਖੇ ਉਰਭਾਰੀ ॥ ੫ ॥ ਰਿਤੁ ਯੁਤ ਹੁਤੀ ਕੇਸ ਗਹਿ ਆਨੀ[14]। ਕਿਨਹੁ ਛੁਰਾਵਨ ਕੀ ਨ ਬਖਾਨੀ[15]। ਠਾਂਢੀ ਕਰਿਕੈ ਸਭਾ ਮਝਾਰੀ। ਕਹਿਨ ਲਗੇ—ਦਿਹੁ ਚੀਰ ਉਤਾਰੀ—॥੬॥ ਲਗੇ ਉਤਾਰਨ ਰਹਿਗੇ ਹਾਰੀ। ਲਖਹਿ ਨ ਸਾਰੀ[16] ਕੀ ਜਨੁ ਨਾਰੀ[17]। ਸਭਾ ਬਿਖੇ ਅੰਬਰ[18] ਅੰਬਾਰੂ[19]। ਲਗਯੋ ਮਹਾਂ ਨਹਿ ਪਾਯਤਿ ਪਾਰੂ ॥ ੭॥ ਦੁਤਿਯ ਦਿਸ਼ਾ ਕੋ ਨਰ ਨ ਦਿਸਾਈ[20]। ਅਸ ਰੱਖਨਾ ਕੀਨੀ ਜਗਸਾਈਂ। ਬਹੁਰੋ ਗਮਨੇ ਬਿਪਨ ਮਝਾਰਾ। ਰਹੇ ਤਹਾਂ ਸਹਿ ਕਸ਼ਟ ਅਪਾਰਾ॥੮॥ ਦ੍ਵਾਦਸ਼[21] ਸੰਮਤ[22] ਵਿਗਤਿ ਬਿਤਾਏ। ਤ੍ਰੌਦਸਵੇਂ ਦੁਰਨੋ[23] ਠਹਿਰਾਏ। ਹੁਤੋ ਬਰਾਠ* ਮੱਦ੍ਰ ਅਵਨੀਪਾ[24]। ਪਹੁੰਚੇ

---

[1]ਰਾਜਸੂ ਯੱਗ ਇਕ ਯੱਗ ਦਾ ਨਾਮ ਹੈ। [2]ਚਰਨੀਂ। [3]ਜੂਆ। [4]ਖੇਡਿਆ। [5]ਦਾਉ। [6]ਹਾਰੇ। [7]ਰਥ। [8]ਦਾਉ ਉਤੇ ਲਾਏ। [9]ਹਾਰਿਆ। [10]ਬਨ ਨੂੰ ਜਾਣਾ। [11]ਦ੍ਰੋਪਦੀ। [12]ਹਾਰ ਦਿੱਤੀ। [13]ਖੋਟੀ ਮਤ ਵਾਲਾ (ਦੁਰਯੋਧਨ)। [14]ਕੇਸਾਂ ਤੋਂ ਫੜਕੇ ਲਿਆਂਦੀ। [15]ਕਿਸੇ ਨੇ 'ਦ੍ਰੋਪਦੀ ਛੋਡ ਦਿਓ' ਦੀ ਗੱਲ ਨਾ ਆਖੀ। [16]ਧੋਤੀਆਂ ਦੀ। [17]ਮਾਨੋ ਇਹ ਧੋਤੀਆਂ ਦੀ ਬਣੀ ਹੋਈ ਤ੍ਰੀਮਤ ਹੈ। [18]ਬਸਤਰਾਂ ਦਾ। [19]ਢੇਰ। [20]ਨਹੀਂ ਦਿਸਦੇ ਸਨ (ਇਤਨਾ ਢੇਰ ਲੱਗ ਗਿਆ)। [21]ਬਾਰਾਂ। [22]ਸਾਲ। [23]ਛੁਪਣਾ। [24]ਮਦਰ ਦੇਸ਼ ਦਾ ਰਾਜਾ।

*ਵਿਰਾਟ ਨਾਮ ਰਾਜੇ ਦਾ ਹੈ, ਤੇ ਮੱਦਰ ਨਾਮ ਦੇਸ ਦਾ। ਮਦਰ ਨਾਮ ਪੰਜਾਬ ਦਾ ਹੈ ਯਾ ਪੰਜਾਬ ਦਾ ਬੀ ਵਿਚਲਾ ਹਿੱਸਾ ਜੇਹਲਮ ਰਾਵੀ ਵਿਚਕਾਰਲਾ। ਵਿਰਾਟ ਦੇਸ਼ ਕਈ ਵੇਰ ਬੇਰਾਰ ਸੂਬੇ ਦਾ ਨਾਮ ਬੀ ਦੱਸਦੇ ਹਨ। ਜੇ ਮਦ੍ਰ ਤੋਂ ਮੁਰਾਦ ਪੰਜਾਬ ਹੋਵੇ ਤੇ ਵਿਰਾਠ ਬੀ ਦੇਸ਼ ਦਾ ਨਾਮ ਹੋਵੇ ਤਾਂ ਹੋਤੀ ਮਰਦਾਨ ਦੇ ਪਾਸ ਤਖਤ ਬਾਹੀ ਦਾ ਇਲਾਕਾ ਵਿਰਾਠ ਹੋ ਸਕਦਾ ਹੈ।

Sri Satguru Jagjit Singh Ji eLibrary NamdhariElibrary@gmail.com

ਤਿਹ ਕੇ ਜਾਇ ਸਮੀਪਾ॥ ੯ ॥ਧਰਮਜ[੧] ਚੌਪਰ ਕੇਰ ਖਿਡਾਵਾ। ਕੰਕ ਨਾਮ ਅਪਨੋ ਧਰਿਵਾਵਾ। ਭੀਮ ਰਸੋਈਆ ਬੱਲਭ ਨਾਮੂ। ਭੋਜਨ ਕਰਨ ਕੀਨ ਸਭਿ ਕਾਮੂ॥੧੦॥ਸ਼ਸਤ੍ਰ ਅਸਤ੍ਰ ਧਰਿ ਬਾਹਰ ਸਭਿਹੀ। ਭਾ ਬਿਹੰਡਲ਼[੨] ਅਰਜਨ ਤਬਹੀ। ਉੱਤ੍ਰਾਂ ਹੁਤੀ ਬਰਾਟ ਕੁਮਾਰੀ। ਲਗਯੋ ਸਿਖਾਵਨ ਤਿਹ ਨ੍ਰਿਤਕਾਰੀ[੩] ॥ ੧੧ ॥ ਬਾਜਪਾਲ[੪] ਕੋ ਬੇਖ ਬਨਾਈ। ਰਹਯੋ ਨਕੁਲ ਨ੍ਰਿਪ ਕੇ ਢਿਗ ਜਾਈ। ਭਾ ਗੋਪਾਲ[੫] ਤਬਹਿ ਸਹਿਦੇਵਾ। ਦੁਰਿਕੈ ਰਹੇ ਨ ਕੌ[੬] ਲਖਿ ਭੇਵਾ ॥੧੨॥ ਦੋਹਰਾ ॥ ਦ੍ਰੁਪਦਸੁਤਾ[੭] ਹੁਇ ਸੈਰੰਦ੍ਰੀ[੮] ਨ੍ਰਿਪਤ ਨਾਰਿ ਢਿਗ ਜਾਇ। ਸੇਵ ਕਰਨ ਪਰ ਸੋ[੯] ਰਹੀ ਜਿਹ ਤਨ ਰੁਚਿਰ ਸੁਹਾਇ॥੧੩॥ ਚੌਪਈ॥ *ਨਾਗਨ ਸਮ ਲਟਕੀ ਲਟ[੧੦] ਜਾਂਕੀ। ਮਦਨ ਧਨੁਖ ਭ੍ਰਿਕੁਟੀ ਸੁਠ[੧੧] ਬਾਂਕੀ[੧੨]। ਕੁੰਦ ਰਦਨ[੧੩] ਬਦਨ ਸਸਿ ਰਾਂਕਾ[੧੪]। ਉਦਰ ਸਤ੍ਰਿ-

---

[੧]ਯੁਧਿਸ਼ਟਰ। [੨]ਅਰਜਨ ਦਾ ਉਸ ਸਮਯ ਦਾ ਨਾਮ ਜਿਸ ਸਮਯ ਇਸਤ੍ਰੀ ਵੇਸ ਵਿਚ ਰੂਪਕੇ ਵਿਰਾਟ ਪੁੱਤ੍ਰੀ ਨੂੰ ਨ੍ਰਿਤਕਾਰੀ ਸਿਖਾਉਂਦਾ ਸੀ। [ਸੰਸ: ਬ੍ਰਿਹੱਨਲਾ ਬ੍ਰਿਹਨ੍ਨਲਾ]। [੩]ਨਾਚ। [੪]ਘੋੜੇ ਪਾਲਣ ਵਾਲਾ। [੫]ਗਊਆਂ ਦੇ ਪਾਲਣ ਵਾਲਾ। [੬]ਕੋਈ। [੭]ਰਾਜਾ ਦਰੋਪਦ ਦੀ ਪੁੱਤ੍ਰੀ (ਦ੍ਰੋਪਤੀ)। [੮]ਦਾਸੀ। [੯]ਉਹ ਭਾਵ ਦ੍ਰੋਪਤੀ। [੧੦]ਕੇਸਾਂ ਦੀਆਂ ਲਟਾਂ। [੧੧]ਸੁਹਣੀਆਂ। [੧੨]ਟੇਢੀਆਂ। [੧੩]ਮਰਤਬਾਨ ਦੇ ਫੁਲ ਵਾਂਙੂ ਦੰਦ। [੧੪]ਮੁਖ ਪੂਰਨਮਾਸ਼ੀ ਦੇ ਚੰਦਰਮਾਂ ਵਰਗਾ।

*ਕਿਸੇ ਚੀਜ਼ ਬਾਬਤ ਵਰਣਨ ਕਰਨ ਲਗਿਆਂ ਉਹਦਾ ਹੂਬਹੂ ਚਿੱਤ੍ਰ ਅਖਰਾਂ ਵਿਚ ਖਿੱਚ ਕੇ ਰਖ ਦੇਣਾ ਉਹਨਾਂ ਗੁਣਾਂ ਵਿਚੋਂ ਹੈ ਜੋ ਉਚੇ ਕਵੀਆਂ ਵਿਚ ਹੀ ਹੁੰਦੇ ਹਨ। ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਇਸ ਗੁਣ ਦਾ ਕਿਤੇ ਕਿਤੇ ਕਮਾਲ ਦਰਸਾਇਆ ਹੈ ਤੇ ਕਿਸੇ ਚੀਜ਼ ਨੂੰ ਨਿਰੂਪਣ ਕਰਨ ਲੱਗਿਆਂ ਉਹਨੂੰ ਇਂਜ ਸਾਂਗੋਂ ਪਾਂਗ ਵਰਣਨ ਕੀਤਾ ਹੈ ਕਿ ਓਹਦੀ ਉਦਾਹਰਨ ਉੱਚ ਚੋਟੀ ਦੇ ਕਵੀਆਂ ਵਿਚ ਹੀ ਮਿਲ ਸਕਦੀ ਹੈ ਪਰੰਤੂ ਕਿਤੇ ਕਿਤੇ ਇਹ ਖੂਬੀ ਕੁਝ ਬੇਮੌਕਿਆ ਹੋ ਜਾਂਦੀ ਹੈ, ਜਿਵੇਂ ਵੇਖੋ, ਕਿ ਛੋਟਾ ਭਰਾ, ਪਿਤਾ ਪੁਤ੍ਰੀ ਸਤਿਗੁਰ ਦਾ ਇਤਿਹਾਸ ਪੜ੍ਹਦੇ ਸੁਣਦੇ ਐਸੇ ਥਾਵੀਂ ਆਕੇ ਕਿਸ ਤਰ੍ਹਾਂ ਇਕ ਦੂਜੇ ਨੂੰ ਸੁਣਾ ਸਕਣਗੇ। ੧੪, ੧੫, ੧੬, ੧੭, ਅੰਕ ਵਾਧੂ ਜੇਹੇ ਜਾਪਦੇ ਹਨ। ਕਵਿ ਜੀ ਦੀ ਸ਼ਿੰਗਾਰ ਰਸ ਦੀ ਸ਼ਾਰਦਾ ਏਥੇ ਆਪਣੇ ਰੌਂਗ ਵਿਚ ਆਈ ਹੈ ਤੇ ਏਹ ਬੀ ਚੇਤਾ ਭੁੱਲ ਗਿਆ ਹੈ ਕਿ ਕਥਾ ਮੈਂ ਕਹਿ ਰਿਹਾ ਹਾਂ ਕਿ ਗੁਰੂ ਜੀ ਤੋਂ ਕਹਿਵਾ ਰਿਹਾ ਹਾਂ। ਵੇਖੋ ਇਸੇ ਅਧ੍ਯਾਯ ਦਾ ਅੰਕ ੩੪ ਤੇ ਟੂਕ, ਅਤੇ ਅੰਕ ੨੨ ਤੇ ਟੂਕ ਜਿਨ੍ਹਾਂ ਤੋਂ ਸਾਫ ਪਤਾ ਲਗਦਾ ਹੈ ਕਿ ਕਵਿ ਜੀ ਇਹ ਗਲ ਭੁੱਲ ਗਏ ਹਨ, ਤੇ ਦ੍ਰੋਪਤੀ ਦੀ ਕਥਾ ਹੁਣ ਇਉਂ ਵਰਣਨ ਕਰ ਰਹੇ ਹਨ ਜਿਵੇਂ ਆਪ ਹੀ ਕਥਾ ਕਰ ਰਹੇ ਹਨ।

ਵਲਿ[1] ਮਨੋਹਰ ਜਾਂਕਾ ॥ ੧੪ ॥ ਰਤਿ[2] ਰਤੀਕ ਹੂੰ[3] ਜਿਹ ਦੁਤਿ ਦੇਖੀ[4] । ਤੀਛਨ ਬਾਨ ਕਟਾਛ ਬਿਸ਼ੇਖੀ[5] । ਕੁਚਾ[6] ਬਨੇ ਜੁਗ ਕਾਮ ਨਗਾਰੇ[7] । ਸਭਿ ਜਗਜੀਤ ਉਲਟਿ[8] ਜਨੁ ਡਾਰੇ ॥ ੧੫ ॥ ਦੀਪ ਸ਼ਿਖਾ ਸੀ[9] ਕੋਕਲ ਬੈਨੀ । ਗਜ ਗਾਮਨਿ[10] ਮ੍ਰਿਗ ਸ਼ਾਵਕ ਨੈਨੀ[11] । ਜਮਨ ਭ੍ਰਮਰੀ[12] ਨਾਭਿ ਗੰਭੀਰਾ । ਨਖਨ ਬਿਲੋਕਤਿ[13] ਲਾਜਤਿ[14] ਹੀਰਾ ॥ ੧੬॥ ਦੋਹਰਾ ॥ ਬਹੁਰ ਗ੍ਰੀਵਕੀ* ਰੁਚਿਰਤਾ ਮਨਹੁ ਉਤਾਈ ਭਾਇ[15] । ਚਿਬੁਕ ਸਆਮਤਾ[16]† ਰਾਹੁ ਜਨ ਦੁਰਨੋ ਸਸੀ ਮੈਂ ਆਇ[17] ॥੧੭॥ ਚੌਪਈ ॥ ਜਿਹ ਆਗੈ ਦਾਸੀ ਬਹੁ ਹੋਵਤਿ । ਸੇਵਹਿ ਕਰ[18] ਬੰਦੇ ਮੁਖ ਜੋਵਤਿ।ਸੋ ਬਿਰਾਠ ਨ੍ਰਿਪ ਕੀ ਰਜ

---

[1]ਪੇਟ ਤਿੰਨ ਵਲਾਂ ਦੇ ਸਹਤ । [2]ਕਾਮਦੇਵ ਦੀ ਇਸਤ੍ਰੀ । [3]ਤ੍ਰੱਠ ਹੋ ਜਾਂਦੀ ਹੈ । [4]ਜਿਸ ਦੀ ਸੁੰਦਰਤਾ ਦੇਖਕੇ । [5]ਅਤਿਸੈ ਕਰ ਨੇਤ੍ਰਾਂ ਦੀ ਤੱਕਣੀ ਮਾਨੋਂ ਬਾਣ ਹਨ ਤਿੱਖੇ । [6]ਅਸਥਨ । [7]ਦੋਵੇਂ ਕਾਮ ਦੇ ਧੌਂਸੇ । [8]ਮੂਧੇ ਕਰਕੇ। [9]ਦੀਵੇ ਦੀ ਲਾਟ ਵਰਗੀ । [10]ਹਾਥੀ ਦੀ ਚਾਲ ਵਾਲੀ । [11]ਮਿਰਗ ਦੇ ਬੱਚੇ ਦੇ ਨੇਤ੍ਰਾਂ ਵਾਲੀ । [12]ਜਮਨਾ ਦੀ ਘੁਮਣਘੇਰੀ ਵਾਂਗ । [13]ਨਹੂੰਆਂ ਨੂੰ ਦੇਖਕੇ । [14]ਸ਼ਰਮਿੰਦਾ ਹੋ ਜਾਂਦਾ ਹੈ । [15]ਮਾਨੋਂ ਉਤਾਰ ਲਈ ਹੈ ਸ਼ੋਭਾ, ਭਾਵ ਗਿੱਚੀ ਦੀ ਖੂਬਸੂਰਤੀ ਸ਼ੋਭਾ (ਹੀ) ਦੀ ਮਾਨੋਂ (ਤਸਵੀਰ) ਉਤਾਰ ਲਈ ਹੈ ।

(ਅ) ਮਨਹੁ=ਮਾਨੋ, ਉਤਾਈ=ਉੱਚੀ ਉਠ ਰਹੀ ਭਾਇ=(ਅੱਗ ਦੀ) ਲਾਟ (ਹੈ) ।

(ੲ) ਮਨਹੁ=ਅੱਗ ਦੀ । ਉਤਾਈ=ਉੱਚੀ ਉੱਠ ਰਹੀ। ਭਾਇ=ਲਾਟ ਹੈ, ਭਾਵ—ਗਿੱਚੀ ਦੀ ਸੁੰਦਰਤਾ ਐਸੀ ਹੈ ਜੈਸੀ ਉੱਚੀ ਉੱਠ ਰਹੀ ਅਗਨੀ ਦੀ ਲਾਟ ਦੀ ਹੁੰਦੀ ਹੈ । [ਸੰਸ:—ਮਨੁ=ਅੱਗ]।

(ਸ) ਉਤਾਈ=ਉਤਾਰਾ, ਤਸਵੀਰ । ਭਾਇ=ਵਰਗੀ । ਗਿੱਚੀ ਦੀ ਸੁੰਦਰਤਾ ਮਾਨੋ ਤਸਵੀਰ ਵਰਗੀ ਹੈ ।

(ਹ) ਉਤਾਈ=ਪਹਾੜ ਦੀ ਉਤਰਾਈ, ਭਾਵ ਜਿਵੇਂ ਉਤਰਾਈ ਦੀ ਸੁੰਦਰਤਾ ਹੁੰਦੀ ਹੈ ।

(ਕ) ਉਤਾਈ ਜੇ ਅਸਲ ਵਿਚ ਉਡਾਈ ਪਾਠ ਹੋਵੇ ਤਾਂ, ਉਡਾਈ=(ਉਡਣਾ) ਕੂੰਜ। ਭਾਵ—ਗਿੱਚੀ ਦੀ ਸੁੰਦਰਤਾ ਕੂੰਜ (ਦੀ ਗਿੱਚੀ ਦੀ ਸੁੰਦਰਤਾ) ਦੀ ਕਿਸਮ ਦੀ ਹੈ ।

(ਖ) ਕਈ ਸੱਜਣ ਸਾਨੂੰ ਦੇ ਕੰਨ੍ਹ ਦੀ ਉਚਾਈ ਦੀ ਅਰਥ ਲਾਉਣ ਦਾ ਯਤਨ ਕਰਦੇ ਹਨ । [16]ਠੋਡੀ ਵਿਚ ਕਾਲੀ ਬਿੰਦੀ । [17]ਮਾਨੋਂ ਰਾਹੂ ਛੁਪਿਆ ਹੈ ਚੰਦਰਮਾਂ ਵਿਚ ਆਕੇ । [18]ਹੱਥ ।

*ਪਾ:—ਬਾਹੁ ਗ੍ਰੀਵ ਕੀ।

†ਸਆਮਤਾ ਤੋਂ ਮੁਰਾਦ ਓਹ ਕਾਲੋਂ ਹੈ ਜੋ ਇਸਤ੍ਰੀਆਂ ਆਪਣੀ ਠੋਡੀ ਵਿਚ ਬਿੰਦੀਆਂ ਉਖਣਾਉਂਦੀਆਂ ਹਨ ।

Sri Satguru Jagjit Singh Ji eLibrary NamdhariElibrary@gmail.com

ਧਾਨੀ। ਬਨਿ ਸਧੈਂਦਰੀ[1] ਬੇਖ ਦੁਰਾਨੀ[2] ॥ ੧੮ ॥ ਰਹਤਿ ਦ੍ਰੋਪਤੀ ਬੈਨ
ਉਚਾਰ।–ਗੰਧ੍ਰਬ ਮੋਹਿ ਪੰਚ ਰਖਵਾਰੇ। ਕਾਮ ਦ੍ਰਿਸ਼ਟਿ ਮੋਕੋ ਜੋ ਦੇਖੇ।
ਮ੍ਰਿਤਕ ਕਰਤਿ[3] ਸੋ ਬਲੀ ਬਿਸ਼ੇਖੇ–॥ ੧੯ ॥ ਸਭਿਨਿ ਸੁਨਾਇ ਦੀਨਿ
ਅਸ ਬਾਨੀ। ਸੇਵ ਕਰਨ ਰਾਨੀ ਕੀ ਠਾਨੀ। ਕਿਤਿਕ ਦਿਵਸ ਜਬ ਰਹਿਤਿ
ਬਿਤਾਏ। ਛਪੇ ਰਹੇ ਕਿਨ ਜਾਨਿ ਨ ਪਾਏ॥ ੨੦ ॥ ਹੁਤੋ ਭ੍ਰਾਤ ਇਕ
ਰਾਨੀ ਕੇਰਾ। ਕੀਚਕ ਆਖ੍ਯ[4] ਬਲੀ ਬਡੇਰਾ। ਸਹਿਜ ਸੁਭਾਇ ਸੁਸਾ[5] ਢਿਗ
ਆਵਾ। ਦ੍ਰੁਪਦਸੁਤਾ ਕੋ ਪਿਖਿ ਬਿਰਮਾਵਾ[6] ॥੨੧॥ ਦਸ ਸਹੰਸ੍ਰ ਗਜ[7] ਬਲ
ਜਿਸ ਮਾਂਹੀ*। ਪ੍ਰਭੁਤਾ ਮਦ ਤੇ ਸੁਧ ਬੁਧਿ ਨਾਂਹੀ। ਲਖੇ ਬਿਲੋਚਨ ਜਬ
ਰਤਨਾਰੇ[8]। ਮਨਹੁ ਸੁਭਟ ਕਿਨ ਬਾਨ ਪ੍ਰਹਾਰੇ ॥ ੨੨॥ ਮਦਨ[9] ਉਦਧਿ[10]
ਹ੍ਵੈ ਮਗਨ[11]ਅਧੀਰੂ[12]। ਪਹੁੰਚੇ ਕਯੋਂ[13] ਬਿਬੇਕ ਜੋ ਤੀਰੂ[14]। ਘਾਇਲ ਜਨੋਂ
ਤਿਹ ਛਿਨ ਲਰਖਾਵਾ। ਕਾਮਾਤੁਰ ਹ੍ਵੈ ਬਚਨ ਅਲਾਵਾ॥੨੩॥–ਹੇ ਦਾਸੀ!
ਤੂੰ ਲਾਗਤਿ ਪਯਾਰੀ। ਮਿਲਹੁ ਆਨਿ ਮੁਰ ਅੰਗ ਸੰਗਾਰੀ[15]। ਬਦਨ ਬਿਲੋਕੇ
ਮਦਨ ਬਿਸਾਲਾ। ਜਾਗਯੋ ਰਿਦੇ, ਕੇਲ ਕਰਿ ਬਾਲਾ[16]!–॥ ੨੪ ॥ ਦੋਹਰਾ ॥
ਦ੍ਰੁਪਦਸੁਤਾ ਸੁਨਿ ਕਹਤਿ ਭੀ–ਗੰਧ੍ਰਬ ਮਮ ਰਖਵਾਰ। ਕਾਮ ਦ੍ਰਿਸ਼ਟਿ ਜੋ
ਦੇਖਿਹੀਂ ਕਰਹਿ ਸਿ ਤੋਰਿ[17] ਸੰਘਾਰ[18]– ॥ ੨੫ ॥ ਚੌਪਈ ॥ ਮਦਨੋਂਮਦ
ਹੁਇ[19]ਕਛੁ ਨ ਮਾਨਾ। ਦੌਰਯੋ ਗਹਿਨ ਪਾਨ ਮਹਿ ਪਾਨਾ[20]। ਕਰੇ ਤ੍ਰਾਸ[21]
ਧਾਈ ਸ਼ਸ਼ਿ ਜੈਸੇ[22]। ਰਾਹੁ[23] ਭੀਤ[24] ਬਾਸਵ[25] ਢਿਗ[26], ਤੈਸੇ॥ ੨੬ ॥
ਜਹਿ ਬਰਾਠ ਹੈ ਸਭਾ ਲਗਾਈ। ਉਚ ਪੁਕਾਰਤਿ ਦੌਰਤਿ ਆਈ। ਧਰਮਜ,
ਭੀਮ,ਨੁਕਲ, ਸਹਿਦੇਵਾ। ਬੈਠੇ ਕਰਹਿ ਨ੍ਰਿਪਤ ਕੀ ਸੇਵਾ ॥੨੭॥ ਦ੍ਰੁਪਦ-

---

[1]ਦਾਸੀ। [2]ਦੇ ਭੇਸ ਵਿਚ ਛੁਪ ਰਹੀ। [3]ਮੁਰਦਾ ਕਰ ਦਿੰਦੇ ਹਨ। [4]ਕੀਚਕ (ਉਸ ਦਾ) ਨਾਮ (ਸੀ)। [5]ਭੈਣ। [6]ਭਰਮ ਗਿਆ। [7]ਦਸ ਹਜ਼ਾਰ ਹਾਥੀਆਂ ਦਾ। [8]ਜਦ (ਦ੍ਰੋਪਤੀ ਦੇ) ਰਤਨਾਂ ਵਰਗੇ ਯਾ ਲਾਲ ਨੇਤ੍ਰ ਵੇਖੇ। [9]ਕਾਮ ਦੇ। [10]ਸਮੁੰਦਰ ਵਿਚ। [11] [12]ਡੁਬਾ ਧੀਰਜ ਰਹਤ ਹੋਕੇ। [13]ਕਿਵੇਂ। [14]ਗਯਾਨ (ਰੂਪੀ) ਕਿਨਾਰੇ। [15]ਮੇਰੇ ਅੰਗਾਂ ਨਾਲ। [16]ਹੇ ਇਸਤ੍ਰੀ! [17]ਤੇਰਾ। [18]ਨਾਸ਼। [19]ਮਦਨ+ਉਨਮੱਤ—ਕਾਮ ਵਿਚ ਮਸਤ। (ਅ) ਕਾਮ ਦੇ ਮਦ ਵਿਚ ਹੋਕੇ। [20]ਹੱਥ ਵਿਚ ਹੱਥ। [21]ਡਰ। [22]ਚੰਦ ਵਾਂਙੂ। [23]ਰਾਹੂ ਦੇ। [24]ਡਰ ਕਰਕੇ। [25]ਇੰਦ੍ਰ ਦੇ। [26]ਪਾਸ।

*ਇਹ ਬਲ ਉਸ ਦੇ ਸਰੀਰ ਦਾ ਅਤਯੋਕਤੀ ਵਿਚ ਵਰਣਨ ਹੈ, ਸਚਮੁਚ ਨਹੀਂ। ਯਾ ਇਹ ਹੋ ਸਕਦਾ ਕਿ ਹੈ ਉਸ ਦੀ ਹਾਥੀ ਜਿਨਾ ਜੋੜਨੀ ਹੋਵੇ।

Sri Satguru Jagjit Singh Ji eLibrary NamdhariElibrary@gmail.com

ਸੁਤਾ ਚਿਤ ਹੈ ਅਤਿ ਆਰਤ[1]। ਗਈ ਭੂਪ ਢਿਗ ਦੁਖਿਤ ਪੁਕਾਰਤਿ।ਸਰਬ ਲੋਕ ਅਵਲੋਕਤਿ ਲੋਚਨ। ਕਰ ਨ ਸਕਯੋ ਤਿਹਕੌ[2] ਕੋ[3] ਮੋਚਨ[4] ॥੨੮॥ ਦੋਹਰਾ॥ ਕੀਚਕ ਧਾਯੋ ਸੰਗ ਤਿਹ ਪਕਰੀ ਸਭਾ ਮਝਾਰ। ਮਹਾਂ ਬਲੀ ਤਿਹ ਜਾਨਿਕੈ ਨ੍ਰਿਪਤ ਨ ਕਿਯ ਹਟਕਾਰ॥ ੨੯॥ ਚੌਪਈ॥ ਕੁੰਜਰ[5] ਲਤਾ[6] ਕਰਖ[7] ਜਿਉਂ[8] ਲੀਨੀ। ਗਹਿ ਕੈ ਲਾਤ ਪ੍ਰਹਾਰਨ ਕੀਨੀ[9]। ਭੀਮ ਬਿਲੋਕਤਿ ਰਿਸ[10] ਉਰ ਭਰਾ। ਅਰੁਨ[11] ਬਿਲੋਚਨ ਆਨਨ[12] ਕਰਾ॥੩੦॥ਧਰਮਜ ਬਰਜਯੋ[13] ਨੈਨਨ ਸੈਨਾ[14]। ਪ੍ਰਗਟ ਹੋਨ ਡਰ ਬੋਲਿ[15] ਨ ਬੈਨਾ[16]।ਮਹਾਂ ਬਲੀ ਬੈਠੇ ਪਤਿ ਪਾਸੂ[17]।ਤਿਹਿ ਤੇ ਗਹਿਲੇ ਚਲਾ ਅਵਾਸੂ[18] ॥ ੩੧ ॥ ਰੋਏ ਪਾਂਡਵ ਮਿਲਿ ਤਿਹ ਥਾਈਂ। ਹੋਨਹਾਰ ਨਹਿ ਟਲੇ ਟਲਾਈ। ਅਧਿਕ ਦੁਖੀ ਹੋਏ ਮਨ ਮਾਂਹੀ। ਬਿਨਾ ਗਯਾਨ ਕਿਹ ਕਬਿ ਸੁਖ ਨਾਂਹੀ ॥ ੩੨ ॥ ਦੋਹਰਾ ॥ ਇਹ ਪ੍ਰਸੰਗ ਪੂਰਨ ਕਹੌਂ* ਸੁਨਹੁ ਸੰਤ ਇਤਿ-ਹਾਸ। ਦ੍ਰੁਪਦ ਸੁਤਾ ਦੁਖ ਆਤੁਰੀ[19] ਕਹਿਤਿ ਨ੍ਰਿਪਤਿ ਕੇ ਪਾਸ ॥ ੩੩ ॥ ਚੌਪਈ॥—ਧ੍ਰਿਗ ਭੂਪਤ! ਤੂੰ ਬਡੋ ਕੁਧਰਮੀ।ਲਖੀ ਸਭਾ ਸਭਿ ਤੋਰਿ ਕੁਕਰਮੀ। ਬਾਮੀ[20] ਅਘੀ[21] ਦੁਸ਼ਟ ਮਤਿ ਵਾਰੋ।ਧ੍ਰਿਗ ਤੁਮਹਿ ਨਹਿ ਕਰਤਿ ਨਿਵਾਰੋ[22] ॥ ੩੪ ॥ ਸਭਾ ਬਿਖੇ ਬੈਸੇ ਧ੍ਰਿਗ ਤਿਨਕੈ। ਦੇਖੇ ਛੀਨ[23] ਭਯੋ ਬਲ ਜਿਨ ਕੋ—। ਬਹੁ ਕੁਬੋਲ ਬੋਲਤਿ ਭੀ ਬਿਹਬਲ। ਚਲਯੋ ਐਂਚ ਲੇ[24] ਬਲ ਕਰਿ ਨਿਜ ਬਲ ॥੩੫॥ ਸਰਬ ਦਿਸ਼ਨਿ ਤੇ ਆਸ ਚੁਕਾਈ। ਛੁਟਨ ਹੇਤ ਨਿਜ ਕੀਨ ਉਪਾਈ। ਅਰਧ ਪੰਥ ਪਹੁੰਚੀ ਜਬ ਆਈ। ਕੀਚਕ ਸੋਂ ਤਬ ਗਿਰਾ ਅਲਾਈ॥ ੩੬ ॥ ਦੋਹਰਾ ॥—ਜਬ ਜਾਮਨਿ[25] ਹੋਵਹਿ ਤਿਮਰ[26] ਮਿਲਿਹੌਂ

[1]ਦੁਖੀ। [2]ਤਿਸਨੂੰ। [3]ਕੋਈ। [4]ਛੁਡਾਵਣਾ। [5]ਹਾਥੀ ਨੇ। [6]ਵੇਲ ਨੂੰ। [7]ਖਿੱਚ। [8]ਜਿਵੇਂ। [9]ਲੱਤ ਮਾਰੀ। [10]ਗੁੱਸਾ। [11]ਲਾਲ। [12]ਮੁਖ। [13]ਰੋਕਿਆ। [14]ਅੱਖ ਦੇ ਇਸ਼ਾਰੇ ਨਾਲ। [15]ਬੋਲਿਆ ਨਾਂ। [16]ਬਚਨ। [17]ਪਤੀ ਪਾਸ ਬੈਠੇ ਹਨ। [18]ਘਰ ਨੂੰ। [19]ਦੁਖ (ਕਰਕੇ) ਦੁਖੀ। [20]ਟੇਢਾ। [21]ਪਾਪੀ। [22]ਮਨ੍ਹਾ ਨਹੀਂ ਕਰਦਾ (ਕੀਚਕ ਨੂੰ)। [23]ਨਾਸ਼। [24]ਖਿੱਚ ਕੇ ਲੈ ਚਲਿਆ। [25]ਰਾਤ ਨੂੰ। [26]ਅਨ੍ਹੇਰਾ।

*'ਕਹੌਂ' ਪਦ ਸਾਫ ਦੱਸਦਾ ਹੈ ਕਿ ਕਵਿ ਜੀ ਭੁੱਲ ਚੁਕੇ ਹਨ ਕਿ ਓਹ ਇਹ ਕਥਾ ਗੁਰੂ ਜੀ ਤੋਂ ਕਹਿਵਾ ਰਹੇ ਹਨ, ਹੁਣ ਜਿਸ ਕਾਵਯ ਸੁੰਦਰਤਾ ਦੇ ਵੇਗ ਵਿਚ ਟੁਰ ਰਹੇ ਹਨ ਆਪੂੰ ਕਵਿ ਜੀ ਕਥਾ ਕਰ ਰਹੇ ਹਨ। ਕਵਿ ਜੀ ਇਹ ਬੀ ਭੁੱਲ ਚੁਕੇ ਹਨ ਕਿ ਬਾਲਾ ਸੰਧੂ ਬੀ ਦੂਸਰੇ ਥਾਂ ਕਥਾ ਕਰਣ ਵਾਲਾ ਸੀ। ਜੇ ਮਿਥ ਲਈਏ ਕਿ ਨਹੀਂ ਭੁੱਲ ਚੁਕੇ ਤਾਂ ਇਥੋਂ ਹੁਣ ਆਪ ਕਥਾ ਕਹਿਣ ਲੱਗੇ ਹਨ, ਇਹ ਗਲ ਵਿਚ ਬੀ ਸਪਸ਼ਟ ਹੈ।

ਤੁਬ ਤੁਮ ਆਇ। ਤਜੀਏ ਅਬ ਮੋਕੋ ਦਿਵਸ ਨਿਜ ਸੰਕੇਤ[1] ਬਤਾਇ-॥ ੩੭ ॥ ਚੌਪਈ॥ ਇਸ ਬਿਧਿ ਸੁਨਿ ਕ੍ਰੀਚਕ ਹਰਖਾਨਾ। ਬਿਗਸਿ ਬਦਨ ਤੇ ਬਚਨ ਬਖਾਨਾ।-ਨਿਸਾ ਹੋਤਿ ਸੂਨੀ ਚਟਸਾਰੂ[2]।ਤਹਾਂ ਆਇ ਮਿਲਿ ਮੋਹਿ ਸੰਗਾਰੂ[3] ॥੩੮॥ ਜੇ ਜਾਮਨਿ ਕੋ ਨਹਿਂ ਤੁਮ ਆਈ। ਭੋਰ[4] ਭਈ ਤੇ ਲੇਉਂ ਗਹਾਈ-। ਛੁਟੀ ਸਿੰਘ[5] ਤੇ ਮਿਰਗੀ[6] ਜੈਸੇ। ਗਮਨਯੋ ਸਦਨ ਬਿਖੈ ਤਜਿ ਤੈਸੇ ॥ ੩੯ ॥ ਬਿਥਰੇ[7] ਬਾਰ[8] ਬਦਨ ਕੁਮਲਾਨੋ। ਘਿਰਯੋ ਤਮੀਪਤਿ ਤਮ ਨੈ ਮਾਨੋ[9]। ਸੂਕੇ ਅਧਰ[10] ਸਿਥਲ[11] ਸਭਿ ਅੰਗਾ। ਲਪਟਿ ਧੂਲ ਤਨ ਭਯੋ ਕੁਰੰਗਾ[12]*॥੪੦॥ਦੋਹਰਾ॥ ਭੂਪ ਉਠਾ ਸਭਿ ਸਭਾ ਸੋਂ ਹੋਤਿ ਭਈ ਜਬ ਰੈਨ। ਉਰ ਬਿਸੂਰਿ[13] ਪਾਂਡਵ ਗਏ ਜਹਿਂ ਜਹਿਂ ਤਿਨ ਕੇ ਐਨ ॥ ੪੧ ॥ ਚੌਪਈ ॥ ਭੋਜਨ ਕਰਨ ਹੁਤੀ ਜਿਹ ਥਾਈਂ। ਬੈਠਯੋ ਭੀਮ ਤਹਾਂ† ਪਹੁ-ਚਾਈ। ਹੋਏ ਤਿਮਰ ਦ੍ਰੋਪਤੀ ਆਈ। ਰੋਇ ਭੀਮ ਕੇ ਗਰ ਲਪਟਾਈ ॥੪੨॥ ਤਾਰ ਬ੍ਰਿੱਖ[14] ਜਿਉਂ ਲਤਾ[15] ਸੁ ਲਾਗੀ।ਰੋਵਤਿ ਜਨੁ ਧੋਵਤਿ ਦੁਖ ਦਾਗੀ[16]। ਮੁਖ ਤੇ ਵਾਕ ਨ ਜਾਇ ਬਖਾਨਾ। ਗਦਗਦ ਗਿਰਾ[17] ਪਰਮ ਦੁਰ ਮਾਨਾ ॥੪੩॥ ਧਰਿ ਧੀਰਜ ਪੁਨ ਬੈਨ ਉਚਾਰੇ।-ਪਾਂਚੋ ਪਤਿ ਤੁਮ ਮੋ ਰਖਵਾਰੇ।ਮਹਾਂ ਸੂਰ ਅਤਿ ਬਲੀ ਧਨੁਰਧਰ[18]।ਤੁਮ ਹੋਵਤਿ ਸਤ ਟਾਰਤਿ[19] ਬਲ ਕਰਿ ॥੪੪ ॥ ਦੋਹਰਾ ॥ ਕਹਾ ਮਿਲਨ ਸੰਕੇਤ ਕੋ, ਜੌ ਨ ਜਾਉਂ ਤਿਹ ਪਾਸ। ਭੋਰ ਭਈ ਲੇ ਜਾਵਈ ਗਹਿ ਕਰਿ ਅਪਨ ਅਵਾਸ-॥੪੫॥ ਸੈਯਾ॥ ਸੀਤਲ ਸ੍ਵਾਸ ਭਰੇ ਕਹਿ ਬੈਨ, ਬਿਲੋਚਨ ਤੇ ਜਲ ਨਾ ਠਹਿਰਾਈ। ਚਿੰਤ ਬਡੀ ਸਰਿਤਾ ਮਹਿਂ ਬੂਡਿ[20], ਉਪਾਵ ਕਰਾਰ[21] ਕੋਊ ਨਹਿ ਪਾਈ। ਭੀਮ ਕਹਯੋ-ਤਹਿਂ ਜਾਵਹੁ ਮੈਂ-ਉਰ ਧੀਰ ਦਈ ਸਭਿ ਪੀਰ ਮਿਟਾਈ। -ਜਾਂਹਿ ਸੰਕੇਤ[22] ਕਰਾ ਤਿਸਨੈ, ਸਭਿ ਰੀਤਿ ਸੋਂ ਮੋਹਿ ਕੋ ਦੇਹੁ ਬਤਾਈ -॥ ੪੬ ॥ ਦ੍ਰੋਪਦੀ ਬੈਨ ਭਨੇ ਪਤਿ ਸੋਂ-ਚਟਸਾਰ ਬਿਖੈ ਮੁਹਿ ਤਾਂਹਿ

---

[1]ਥਾਂ, ਮਿਲਣ ਦਾ ਟਿਕਾਣਾ। [2]ਸੱਖਣੀ ਚਟਸਾਲਾ। [3]ਮੇਰੇ ਨਾਲ। [4]ਸਵੇਰ। [5]ਸ਼ੇਰ। [6]ਹਰਨੀ। [7]ਖਿਲਰੇ। [8]ਵਾਲ। [9]ਮਾਨੋਂ ਚੰਦ੍ਰਮਾ ਨੂੰ ਅੰਧੇਰੇ ਨੇ (ਭਾਵ ਚਿਹਰੇ ਨੂੰ ਵਾਲਾਂ ਨੇ) ਘੇਰਿਆ ਹੈ। [10]ਬੁਲ੍ਹ। [11]ਢਿੱਲੇ। [12]ਖੋਟੇ ਰੰਗ ਦਾ, ਬੇਰੰਗ। [13]ਝੁਰਕੇ। [14]ਤਾੜ ਦੇ ਬ੍ਰਿਛ ਨੂੰ। [15]ਵੇਲ। [16]ਦੁਖਾਂ(ਦੇ)ਦਾਗ਼। [17]ਗਲਾ ਭਰ ਆਉਣ ਨਾਲ ਬਾਣੀ ਰੁਕਦੀ ਹੈ। [18]ਧਨੁਖਧਾਰੀ। [19]ਸਤ ਟਾਲਦਾ ਹੈ (ਕ੍ਰੀਚਕ)। [20]ਬਡ਼ੀ ਚਿੰਤਾ ਨਦੀ ਵਿਚ ਡੁਬ ਰਹੀ। [21]ਯਤਨ ਰੂਪੀ ਕਿਨਾਰਾ। [22]ਮਿਲਣ ਦੇ ਇਕਰਾਰ ਦਾ ਟਿਕਾਣਾ। *ਆਤੁਰ ਦਸ਼ਾ ਦੀ ਕੈਸੀ ਤਸਵੀਰ ਹੈ। †ਪਾ:-ਰਹਯੋ।

Sri Satguru Jagjit Singh Ji eLibrary NamdhariElibrary@gmail.com

ਬੁਲਾਈ–।ਤਾਂ[੧] ਸਮਝਾਇ ਭਲੀ ਬਿਧਿ ਸੋਂ ਨਿਜ ਥਾਨ ਬਿਖੈ ਚਲਿਕੈ ਪੁਨ ਆਈ। ਭੋਜਨ ਖਾਇ ਅਘਾਇ ਕੈ ਭੀਮ ਚਲਾ ਹਿਤ ਮਾਰਨ ਕੇ ਤਿਹ ਥਾਈਂ। ਕੀਚਕ ਕੀ ਬਿਰਥਾ ਸੁਨੀਏ: ਦਿਨ ਬੀਤਤ ਨਾਂਹਿ, ਰਹਯੋ ਅਕੁਲਾਈ[੨] ॥ ੪੭ ॥ ਕਬਿੱਤ ॥ ਚਿਤ ਬਿਖੈ ਚਿਤਵਤਿ[੩]--ਮਿਲੈ ਕਬ ਅੰਗ ਸੰਗ ਕਰੌਂ ਮਨ ਭਾਯੋ,ਕਬ ਦਿਵਸ ਬਿਹਾਇ ਹੈ[੪]। ਮੀਨ[੫] ਸਮ ਤਰਫਤਿ,ਕਾਮ ਸੋਂ ਪੀੜਤਿ[੬] ਅਤਿ, ਮੋ ਕੋ ਸੁਖਦੈਨੀ–ਕਬ ਦਰਸ ਦਿਖਾਇ ਹੈ–। ਚੈਨ ਨ ਪਰਤਿ, ਇਤ, ਉਤ ਹੂੰ ਕੋ ਬਿਚਰਤਿ, ਬਜੋਗ[੭] ਤੇ ਤਪਤ ਮਾਨੋ ਅਬ ਜਰ[੮] ਜਾਇ ਹੈ। ਐਸੀ ਗਤਿ ਭਈ ਮਤਿ[੯], ਚਿਤ ਤੇ ਬਿਸਰ ਗਈ,ਹੋਵਤਿ ਪ੍ਰਦੋਖ[੧੦] ਕੇ ਸੁ ਉਠਯੋ ਹਰਖਾਇ ਹੈ ॥ ੪੮ ॥ ਪਾਂਧੇ ਸੰਗ ਚਟੀਆ ਲੇ ਗਏ ਨਿਜ ਧਾਮ ਜਬ ਆਨਿਕੈ ਪ੍ਰਯੰਕ[੧੧] ਸੇਤ ਸੇਜ[੧੨] ਕੋ ਡਸਾਯੋ ਹੈ। ਅਤਰ ਸੁਗੰਧਿ ਅੰਗ ਅੰਗ ਮੈਂ ਲਗਾਇ ਕਰਿ ਬੈਠਯੋ ਤਬ ਆਇ ਧਯਾਨ ਤਾਂਹਿ ਦਿਸ਼ਿ ਲਾਯੋ ਹੈ। ਫੂਲ ਮਾਲ ਗਲੇ ਡਾਰਿ,ਰਾਖੇ ਹੈਂ ਸਵਾਰਿ ਔਰ, ਸੁੰਦਰ ਸਮਾਜ ਕਰਿ ਦੇਹ ਲਿਸ਼ਕਾਯੋ[੧੩] ਹੈ।ਲਾਈ ਬਹੁ ਦੇਰਿ ਕੈਧੋਂ ਮਤਿ ਗਈ ਫੇਰ ਬੈਠੋ ਝੁਕਿ ਝੁਕਿ ਹੇਰਿ[੧੪], ਥਲ ਜਹਾਂ ਤਮ[੧੫] ਛਾਯੋ ਹੈ ॥ ੪੯ ॥ ਭੀਮ ਜਬ ਗਯੋ ਪਗ ਖਰਕਾ ਸੁਨੈਤਿ ਭਯੋ,ਜਾਨੀ–ਸੁਖਦੈਨੀ[੧੬] ਅਬ ਮੇਰੇ ਢਿਗ ਆਈ ਹੈ–। ਰਿਦੈ ਹਰਖਾਇ ਨਿਜ ਅੰਗ ਮੈਂ ਨ ਮਾਇ[੧੭]--ਅਬ ਕਰੌਂ ਕਾਮ ਕੇਲ ਮਿਲਿ ਭਈ ਮਨ ਭਾਈ ਹੈ–। ਗਏ ਤੇ ਸਮੀਪ ਹਾਥ ਗਹਿਨ[੧੮] ਚਲਾਯੋ ਹਾਥ, ਤਾਂਕੋ ਗਹਿ ਲੀਨੋ, ਖੈਂਚ ਰਹਯੋ ਨ ਛੁਰਾਈ ਹੈ। ਉਠਯੋ ਤਬ ਠਾਂਢਾ ਭਯੋ, ਕੌਰੀ[੧੯] ਬੀਚ ਗਹਯੋ ਲਯੋ,ਸੂਰ ਪਹਿਚਾਨਯੋ, ਲਗੇ ਕਰਨ ਲਰਾਈ ਹੈਂ॥੫੦॥ਮੁਸ਼ਟਿ[੨੦] ਪ੍ਰਹਾਰ ਕਰੈਂ,ਲਗੈ ਘਰੀਆਰ ਮਾਨੋ ਘੜਤ ਲੁਹਾਰ[੨੧], ਜਾਮੈਂ ਬਲ ਹੈ ਸਮਾਨ ਕੋ। ਕੈਧੋਂ ਗਜ ਦੋਊ, ਸਿੰਘ ਸ਼ਾਰਦੂਲ[੨੨] ਸੋਊ, ਰਿਦੈ ਕ੍ਰੋਧ ਬਹੁ ਹੋਊ, ਨਹਿੰ ਪਾਇ ਕੋਊ ਹਾਨਕੋ। ਲਾਗਤਿ ਚਪੇਟ[੨੩] ਭਈ ਭਿੜਨੇ ਕੀ ਭੇਟ, ਲਖਿ ਸੁਭਟ[੨੪] ਸਹੇਟ[੨੫] ਮਨ ਕਰੈਂ ਅਭਿਮਾਨ ਕੋ।

---

[੧]ਭਾਵ ਭੀਮ ਨੂੰ। [੨]ਵਿਆਕੁਲ ਹੋ ਰਿਹਾ ਹੈ। [੩]ਸੋਚਦਾ ਹੈ। [੪]ਬੀਤੇਗਾ। [੫]ਮੱਛੀ। [੬]ਦੁਖੀ। [੭]ਵਿਛੋੜੇ। [੮]ਸੜ। [੯]ਐਉਂ ਮਤ ਮਾਰੀ ਗਈ। [੧੦]ਸੰਝਾਂ ਵੇਲੇ। [੧੧]ਪਲੰਘ ਤੇ। [੧੨]ਚਿੱਟੀ ਸੇਜ। [੧੩]ਚਮਕਾਈ। [੧੪]ਵੇਖਦਾ ਹੈ। [੧੫]ਅੰਧੇਰਾ। [੧੬]ਭਾਵ ਦ੍ਰੋਪਤੀ। [੧੭]ਨਹੀਂ ਮੇਂਵਦਾ। [੧੮]ਫੜਨ ਲਈ। [੧੯]ਜੱਫੀ। [੨੦]ਮੁੱਕੇ। [੨੧]ਘੜਨੇ ਵਾਲਾ ਲੁਹਾਰ ਮਾਨੋਂ (ਲੋਹਾ) ਘੜਨ ਲੱਗਾ ਹੈ, (ਅ) ਲਗਦੇ ਹਨ ਹਥੌੜੇ ਮਾਨੋਂ। [੨੨]ਸ਼ੇਰ। [੨੩]ਚਪੇੜ। [੨੪]ਸੂਰਮੇ। [੨੫]ਕੱਠੇ ਹੋਕੇ।

Sri Satguru Jagjit Singh Ji eLibrary NamdhariElibrary@gmail.com

ਲਾਤਨ ਕੋ ਮਾਰੈਂ ਮੁਖ ਬਚਨ ਉਚਾਰੈ ਨਹਿ, ਦੁਰੇਈ[1] ਲਰਤਿ ਹੈਂ, ਮਰੋ-ਰਤ ਹੈਂ ਪਾਨ ਕੌ॥੫੧॥ਸ੍ਵੈਯਾ॥ਜਾਮ[3] ਸੰਗ੍ਰਾਮ ਭਯੋ ਜ[illegible] [4] ਅਟ-ਕਾਇਕੈ ਭੀਮ ਗਿਰਾਯੋ। ਕੀਚਕ ਊਪਰ ਤਾਂ ਚਢਿ[illegible] ਗੋਡਨ ਮਾਰ ਕੈ ਭੂਮ[6] ਗਿਰਾਯੋ। ਦਾਉ ਬਚਾਇ ਉਠੈ ਪਗ ਭੀਮ ਨ ਤਾ ਛਤੀਆਂ ਪ੍ਰਹਾਰ[7] ਲਗਾਯੋ।ਚੋਟ ਲਗੇ ਨ ਸੰਭਾਰ[8] ਰਹੀ,ਗਿਰਗਾ[9] ਜਨੁ[10] ਪੌਨ ਨੇ ਰੂਖ ਗਿਰਾਯੋ ॥੫੨॥ ਭੀਮ ਚਢਾ ਤਿਹ ਊਪਰ ਕ੍ਰੋਧ ਕੈ ਹਾਥ ਗਹ੍ਯੋ ਸੁ ਮਰੋਰਿ-ਕੈ ਡਾਰਾ। ਹੀਨ ਭਯੋ ਬਲ,ਦੇਖਤਿ ਹੈ ਭੁਜ ਦੂਸਰ ਜੋ ਉਰ ਤੇ[11] ਸੁ ਉਖਾਰਾ[12]।ਮੂੰਡ ਮਰੋਰ ਲਯੋ ਪੁਨ ਤਾਂਹਿ ਕੋ ਦੀਨ ਟਿਕਾਇ ਸੁ ਛਾਤੀ ਮਝਾਰ। ਹਾਥ ਦੋਊ ਪਗ ਤੋਰ ਭਲੀ ਬਿੰਧਿ ਪੇਟ ਮੈਂ ਪਾਇਕੈ ਨੀਕੇ ਸਵਾਰ॥੫੩॥ ਦੋਹਰਾ ॥ ਕਰਿ ਕੁਲਾਲ[13] ਕੇ ਚਾਕ[14] ਸਮ ਜੋ ਸ਼ਰੀਰ ਚਟਸਾਰ। ਤਿਹ ਕੋ ਸਿਰੋ ਉਠਾਇਕੈ ਦੀਨ ਧਸਾਇ ਮਝਾਰ ॥ ੫੪ ॥ ਸ੍ਵੈਯਾ ॥ ਚਾਰ ਘਰੀ ਜਬ ਰੈਨ ਰਹੀ ਤਬ ਭੀਮ ਗਯੋ ਅਪਨੈ ਘਰ ਮਾਂਹੀ। ਦੇਹਿ ਭਯੋ ਸ਼੍ਰਮ[15] ਸੋਇ ਰਹ੍ਯੋ,ਪੁਰਿ ਬੀਚ ਲਖੀ ਕਿਨਹੂੰ ਸੁਧ ਨਾਂਹੀ। ਭੋਰ ਭਈ ਸਭਿ ਲੋਕ ਉਠੇ ਪਿਖਿ ਕੀਚਕ ਪਾਇ ਨ ਧਾਮ ਜਹਾਂਹੀ। ਹੋਇ ਰਿਦੈ ਬਿਸਮੈਂ ਸਭਿਹੀ ਤਬ ਖੋਜਨ ਕੀਨ ਭਲੀ ਬਿਧਿ ਤਾਂਹੀ ॥੫੫॥ ਰੌਰ ਪਰਾ ਸਗਰੇ ਪੁਰਿ ਮੈਂ-ਨਹਿ ਕੀਚਕ ਪਾਵਤਿ ਹੈਂ ਕਿਹ ਥਾਈਂ-। ਦੇਖ੍ਯੋ ਤਬੈ ਚਟਸਾਰ[16] ਮਝਾਰਕੁਲਾਲ ਕੇ ਚਾਕ ਸਮਾਨ ਬਨਾਈ[17]। ਆਨਨ ਦੇਖਿ ਪਛਾਨਤਿ ਭੇ ਸਿਰ ਤੋਰ ਜੁ ਪੇਟ ਕੇ ਮਾਂਹਿ ਟਿਕਾਈ। ਹਾਥ ਨ ਪਾਂਵ ਨ ਪਾਵਤਿ ਹੈਂ ਬਿਸਮਾਦ[18] ਭਏ ਸਭਿ ਜਾਨ੍ਯੋ ਨ ਜਾਈ॥੫੬॥-ਕੌਨੇ ਹਤ੍ਯੋ ਯਹਿ,ਹੋਤੋ ਬਲੀ ਅਤਿ, ਆਯੁਧ ਕੋ ਛਤ[19] ਲਾਗ੍ਯੋ ਨ ਕੋਊ-। ਫੇਰ ਬਿਚਾਰਿ ਕਿਯੋ ਸਭਿਨੈ-ਕਹੀ ਸੈਰੰਧ੍ਰੀ ਬਾਨੀ[20] ਭਈ ਸਚ ਸੋਊ।ਗੰਧ੍ਰਬ ਤਾਂਕੇ ਹੁਤੇ ਰਖਵਾਰਿ ਅਵੱਗਯਾ ਬਿਲੋਕਿ ਕੈ ਮਾਰਿ ਦਯੋਊ । ਜੋਧ ਲਰੈ ਤ ਲਗੈ ਅੰਗ ਆਯੁਧ-ਐਸੇ ਬਨਾਇ ਕਹੈਂ ਮਿਲਿ ਸੋਊ ॥ ੫੭ ॥ ਦੋਹਰਾ ॥ ਭ੍ਰਾਤ ਹੁਤੇ ਸਤ[21] ਤਾਂਹਿ ਕੇ

[1]ਛੁਪ ਕੇ ਹੀ। [2]ਹੱਥਾਂ ਨੂੰ ਮਰੋੜਦੇ ਹਨ। [3]ਪਹਿਰ ਭਰ । [4]ਪੈਰ ਨਾਲ । [5]ਫਾਵ ਭੀਮ ਨੇ। [6]ਧਰਤੀ ਤੇ। [7]ਪ੍ਰਹਾਰ=ਸੱਟ ਮਾਰੀ। [8]ਹੋਸ਼। [9]ਡਿਗ ਪਿਆ। [10]ਮਾਨੋਂ। [11]ਛਾਤੀ ਤੋਂ। [12]ਉਖੇੜ ਦਿਤੀ। [13]ਘੁਮਿਆਰ ਦੇ। [14]ਚੱਕ ਵਾਂਙ (ਗੋਲਾਕਾਰ)। [15]ਥਕਾਨ। [16]ਪਾਠਸ਼ਾਲਾ। [17]ਬਣਿਆਂ ਪਿਆ। [18]ਹੈਰਾਨ। [19]ਸ਼ਸਤ੍ਰ ਦਾ ਜ਼ਖਮ। [20]ਦਾਸੀ ਦੀ ਆਖੀ ਹੋਈ ਗੱਲ। [21]ਸੌ।

Sri Satguru Jagjit Singh Ji eLibrary NamdhariElibrary@gmail.com

ਕਰਹਿਂ ਬਿਲਾਪ ਪੁਕਾਰ। ਭੂਖਨ ਧੁਤ ਸਿੰਗਾਰ ਖੈ ਪੀਟਤਿ ਕਰ ਮੁਖ ਨਾਰ[1] ॥ ੫੮ ॥ ਚੌਪਈ॥ ਸ਼ੋਰ ਪਰਾ ਸਗਰੇ ਪੁਰਿ ਬੀਚੂ[2]। ਸੁਨਿਸੁਨਿ ਆਇ ਊਚ ਅਰ ਨੀਚੂ।ਸੁਸਾ ਬਿਲੋਕਤਿ ਚੌਂਕ੍ਰਿਤਹੋਈ। ਗੁਨਗਨ ਬਰਨਨ ਕਰਿ ਕੈ ਰੋਈ ॥ ੫੯ ॥ ਨ੍ਰਿਪ ਰੋਯੋ ਜਬ ਮਿਰਤਕ ਦੇਖਾ। ਭਯੋ ਨਾਰਿ ਕੋ ਬ੍ਰਿੰਦ ਬਿਸ਼ੇਖਾ[2]।ਭ੍ਰਾਤ ਦੁਸ਼ਟ ਕੇ[3] ਕੁਮਤਿ[4] ਬਿਚਾਰੀ।—ਕਾਰਨ ਮਰਨ ਸੁੰਦਰੀ ਨਾਰੀ ॥ ੬੦ ॥ ਤਿਹ ਕੋ ਜਾਰਹਿਂਗੇ[5] ਇਸ ਸਾਥਾ—। ਕਹਿ ਅਸ ਗਹਯੋ ਦ੍ਰੋਪਦੀ ਹਾਥਾ। ਵਹਿਰ ਨਗਰ ਤੇ ਚਿਖਾ ਬਨਾਈ। ਬਹੁ ਨਰ ਤਿਹ ਕੋ ਲੀਨ ਉਚਾਈ ॥੬੧॥ ਖਿਨ ਰੱਖਯਕ ਗਹਿ ਕਰਿ ਤਿਹ ਹਾਥਾ। ਗਮਨੇ ਲੋਕ ਲਿਯੇ ਤਿਹ ਸਾਥਾ। ਝੀਨਚੀਰ[6] ਮੈਂ ਝਲਕੈ[7] ਦੇਹੀ। ਦੀਪਸ਼ਿਖਾ[8] ਮਧ ਦਰਪਨ ਜੇਹੀ[9] ॥੬੨॥ ਨਾਭਿ ਰੁਮਾਵਲਿ[10] ਉਪਮਾ ਭਾਰੀ। ਮਨਹੁ ਮੇਰੁ[11] ਪਰ ਜਮਨਾ ਵਾਰੀ[12]। ਲੋਕ ਬਿਲੋਕਹਿਂ ਗਿਰਾ ਅਲਾਈ।—ਬਿਨ ਅਪਰਾਧ ਦੇਹੁ ਛੁਰਿਵਾਈ—॥ ੬੩ ॥ ਕੋਇ ਨ ਮਾਨਹਿ ਕਿਸਕੋ ਕਹਿਨੋ। ਕ੍ਰੀਚਕ ਮਰਨ ਸ਼ੋਕ ਕਿਯ ਦਹਿਨੋ[13]। ਬਿਲਪਹਿ ਬਹੁਤ ਮਿਲੇ ਨਰ ਨਾਰੀ। ਭਯੋ ਦ੍ਰੋਪਦੀ ਕੋ ਦੁਖ ਭਾਰੀ ॥ ੬੪ ॥ ਗਹੇ ਹਾਥ ਤੇ ਬਯਾਕੁਲ ਹੋਈ। ਰੱਖਯਕ ਦੇਖਯੋ ਨਿਕਟਿ ਨ ਕੋਈ। ਰੋਦਨ ਕਰਤਿ ਨੈਨ ਝਲਕਾਹੀ[14]। ਮਨਹੁ ਮੀਨ ਦੋ ਜਲ ਕੇ ਮਾਂਹੀ॥੬੫॥ਸੂਕੇ ਅਧਰ[15] ਬੋਲ ਨਹਿਂ ਆਵਤਿ।ਬਿਥਰੇ ਕੇਸਤ੍ਰਾਸ ਬਹੁ ਪਾਵਤਿ। ਸੁਧ ਨ ਸੰਭਾਰਨ ਸੀਸ ਪਿਛੋਰੀ[16]। ਗਮਨੇ ਸਰਬ ਭੀਮ ਗ੍ਰਿਹ ਓਰੀ[17] ॥ ੬੬ ॥ ਸੁਨਯੋ ਜੂਨ ਮਹਿ ਸ਼ੋਰ ਬਿਸਾਲਾ। ਉਠਯੋ ਨੀਂਦ ਤਜਿ ਕਰਿ ਤਿਹ ਕਾਲਾ। ਦੇਖ ਪੰਚਾਲੀ[18] ਕੋ ਅਕੁਲਾਵਾ।ਜਿਹਕੋ ਬਦਨ ਕਮਲ ਕੁਮਲਾਵਾ॥੬੭॥ ਨੈਨ ਸੈਨ[19] ਦੀਨੀ ਸਮੁਝਾਈ।—ਮੈਂ ਆਵੋਂ ਤਵ ਕਰੋਂ ਸਹਾਈ—। ਕੁਛਕ ਦ੍ਰੋਪਤੀ ਧੀਰਜ ਧਰਿਯੋ। ਬਹਤਿ ਨਦੀ ਜਨੁ ਹਾਥ ਪਕਰਿਯੋ ॥੬੮॥ ਚਿਤਾ[20] ਹੁਤੀ ਜਹਿ ਗਮਨੇ ਸਭਿਹੀ। ਬਡੋ ਬ੍ਰਿੰਦ[21] ਭਾ

[1]ਇਸਤ੍ਰੀਆਂ ਪਿੱਟਦੀਆਂ ਹਨ ਹੱਥ ਮੂੰਹ ਤੇ (ਮਾਰਕੇ)। [2]ਬਹੁਤਾ ਇਕੱਠ। [3]ਕ੍ਰੀਚਕ ਦੇ ਭਿਰਾ ਨੇ। [4]ਖੋਟੀ ਮਤੀ। [5]ਸਾੜਾਂਗੇ। [6]ਬਾਰੀਕ ਬਸਤ੍ਰਾਂ। [7]ਚਮਕਦੀ ਹੈ। [8]ਦੀਵੇ ਦੀ ਲਾਟ। [9]ਸ਼ੀਸ਼ੇ ਵਿਚ ਜਿਵੇਂ। [10]ਵਾਲਾਂ ਦੀ ਪੰਗਤੀ ਦੀ। [11]ਸੁਮੇਰ। [12]ਦਾ ਜਲ (ਅ) ਵਾਰੀ ਜਾ ਰਹੀ ਹੈ। [13]ਸਾੜਨਾ। [14]ਨੈਣਾਂ (ਵਿਚ) ਝਲਕਦਾ ਹੈ (ਪਾਣੀ)। [15]ਬੁੱਲ੍ਹ। [16]ਗੁਤ ਦੀ। [17]ਭੀਮ ਦੇ ਘਰ ਦੀ ਤਰਫ। [18]ਦ੍ਰੋਪਤੀ ਨੂੰ। [19]ਇਸ਼ਾਰੇ ਦੇ ਨਾਲ। [20]ਚਿਖਾ,ਮਸਾਣ। [21]ਇਕੱਠ।

Sri Satguru Jagjit Singh Ji eLibrary NamdhariElibrary@gmail.com

ਲੋਕਨ ਤਬਹੀ। ਭੀਮਸੈਨ ਕਰਿ ਬੇਖ ਕੁਢਾਲੀ। ਢਾਂਧਸੋ[1] ਕੋਟ[2] ਮਾਰਿਕਰਿ ਛਾਲੀ ॥ ੬੯ ॥ ਗਯੋ ਬਿਸਾਲ ਉਜਾਰ ਮਝਾਰਾ। ਸ਼ੁਸ਼ਕ[3] ਬਿਰਖ ਇਕ ਹਾਥ ਉਖਾਰਾ। ਕ੍ਰੋਧ ਧਾਰਿ ਕਰਿ ਮੁਰਯੋ ਬਹੋਰੀ। ਆਯੋ ਤੁਰਤ ਹੁਤੇ ਜਿਹ ਠੌਰੀ ॥੭੦॥ ਦਾਰੁਨ ਬੇਖ ਅਰਿਨ ਕੋ[4] ਮਾਰਨ। ਪੰਚਾਲੀ ਕੇ ਪ੍ਰਾਨ ਉਬਾਰਨ। ਜਾਇ ਸਮੀਪੰ ਦੀਨਿ ਦਿਖਾਈ। ਦ੍ਰੁਪਦੀ ਊਚੀ ਗਿਰਾ ਅਲਾਈ ॥ ੭੧॥–ਗੰਧ੍ਰਬ ਜੋ ਮੇਰੋ ਰਖਵਾਰੀ। ਸੋ ਆਯੋ ਤੁਮ ਲੇਹੁ ਨਿਹਾਰੀ। ਭਾਜਿ ਜਾਹੁ ਮੁਝਕੋ ਦਿਹੁ ਛੋਰੀ। ਨਾਤੁਰ ਹਨੈ ਸਭਿਨਿ ਇਹ ਠੌਰੀ–॥੭੨॥ ਸੁਨਿ ਬਾਨੀ ਕੋ ਦੇਖਨਿ ਲਾਗੇ। ਦਾਰੁਨ ਬੇਖ ਲਖਯੋ ਸਭਿ ਭਾਗੇ। ਕੋ ਨਹਿ ਕਾਹੂੰ ਸੰਗ ਬੁਲਾਏ। ਚਾਹਤਿ ਅਪਨੇ ਪ੍ਰਾਨ ਬਚਾਏ ॥ ੭੩ ॥ ਧਾਯੋ ਭੀਮਸੈਨ ਰਿਸ ਭਾਰੀ। ਘੇਰੇ ਸਭਿਹੀ ਜਾਇ ਅਗਾਰੀ। ਸਹਸ[5] ਭ੍ਰਾਤ ਕੁਛ ਭਟਨ ਸਮੇਤਾ। ਤਬ ਸਨਮੁਖ ਆਏ ਰਣ ਹੇਤਾ[6] ॥੭੪॥ ਹੱਥਨਾਰਨ ਕੇ ਕਰਹਿ ਪ੍ਰਹਾਰਾ।–ਮਾਰਹੁ ਮਾਰਹੁ–ਸਭਿਨਿ ਪੁਕਾਰਾ। ਰਿਸਯੋ ਬਿਸ਼ਾਲ ਲਾਲਕਰਿ ਨੈਨਾ। ਮਾਰਿ ਬਿਰਖੰ ਪਠਏ[7] ਜਮ ਐਨਾ[8] ॥ ੭੫ ॥ ਕੀਚਕ ਭ੍ਰਾਤ ਸਰਬ ਤਹਿੰ ਮਾਰੇ। ਕੁਛਕ ਸੁਭਟ ਕੋ ਦੀਨ ਸੰਘਾਰੇ। ਬਹੁਰੋ ਗਯੋ ਉਜਾਰ ਮਝਾਰਾ। ਅਪਨੋ ਬੇਖ ਸਰਬ ਤਨ ਧਾਰਾ ॥੭੬॥ ਦਹਿਨ ਗਏ ਇਕ ਕੀਚਕ ਹੇਤਾ[9]। ਜਰਯੋ ਤਹਾਂ ਸਤ ਭ੍ਰਾਤ ਸਮੇਤਾ। ਇਸ ਪ੍ਰਕਾਰ ਇਹ ਹੁਤੋ ਪ੍ਰਸੰਗਾ। ਸ੍ਰੋਤਾ* ਸੁਨਹੁ ਰਿਦੈ ਸ ਉਮੰਗਾ ॥ ੭੭ ॥ ਹੁਤੇ ਸਮਰਥ ਸਰਬ ਬਿਧਿ ਸੋਈ। ਗਏ ਕੂਚ ਕਰਿ ਰਹਯੋ ਨ ਕੋਈ। ਜਿਨ ਕੋ ਗਯਾਨ ਭਯੋ ਉਰ ਮਾਂਹੀ। ਸਦਾ ਸੁਖੀ ਤਿਨਕੋ ਦੁਖ ਨਾਂਹੀ ॥ ੭੮ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਪਾਂਡਵਨ ਪ੍ਰਸੰਗ' ਬਰਨਨੰ ਨਾਮ ਚੌਬੀਸਮੋਂ ਅਧ੍ਯਾਯ ॥ ੨੪ ॥

੨੫. [ਗਯਾਨੀ ਮੰਗਲ। ਦੁਖੀ ਸ਼ਾਹ। ਕੋਹੜੀ ਫਕੀਰ ਨਿਸਤਾਰਨ]

ਦੋਹਰਾ ॥ ਬ੍ਰਹਮ ਗਯਾਨ ਜਿਨਕੇ ਰਿਦੈ, ਜਾਨਯੋ ਸਹਿਜ ਸਰੂਪ।
ਤਿਨਕੇ ਪਦ ਪਰ ਬੰਦਨਾ ਉਚਰੋਂ ਕਥਾ ਅਨੂਪ ॥ ੧ ॥

[1] ਟੱਪਿਆ। [2] ਕਿਲ੍ਹਾ। [3] ਸੁੱਕਾ। [4] ਵੈਰੀਆਂ ਨੂੰ। [5] ਸੌ। [6] ਲੜਨ ਵਾਸਤੇ। [7] ਭੇਜੇ। [8] ਜਮ ਦੇ ਘਰ ਭਾਵ ਮਾਰ ਦਿੱਤੇ। [9] ਸਾੜਨ ਲਈ ਗਏ ਸਨ ਇਕ ਕੀਚਕ ਨੂੰ।

*ਏਥੇ ਫੇਰ ਨਿਰਸੰਸੇ ਸਪਸ਼ਟ ਹੋ ਗਿਆ ਹੈ ਕਿ ਕਵਿ ਜੀ ਆਪ ਕਥਾ ਸ੍ਰੋਤਿਆਂ ਨੂੰ ਸੁਣਾ ਰਹੇ ਹਨ, ਕਿਉਂਕਿ ਗੁਰੂ ਸਾਹਿਬ ਤਾਂ ਕੇਵਲ ਮਰਦਾਨੇ ਨੂੰ ਸ਼ਬਦ ਦਾ ਅਰਥ ਸੁਣਾ ਰਹੇ ਸੇ, ਕਿਸੇ ਸਭਾ ਵਿਚ ਸ੍ਰੋਤਿਆਂ ਨੂੰ ਕਥਾ ਨਹੀਂ ਸਨ ਸੁਣਾ ਰਹੇ, ਜਿਵੇਂ ਅਧ੍ਯਾਯ ੨੩, ਅੰਕ ੩੮ ਤੇ ੪੦ ਵਿਚ ਕਿਹਾ ਸਾਨੇ।

Sri Satguru Jagjit Singh Ji eLibrary NamdhariElibrary@gmail.com

ਸਹਿਜ=ਅਸਲੀ ਹਾਲਤ। ਓਹ ਦਸ਼ਾ ਜੋ ਕੁਦਰਤਨ ਸੀ, ਜਿਸ ਵਿਚ ਹੋਰ ਕੁਛ ਨਹੀਂ ਰਲਿਆ, ਯਾ ਕੋਈ ਬਦਲੀ ਨਹੀਂ ਹੋਈ। ਸਹਿਜ ਸਰੂਪ=ਅਸਲੀ ਹਾਲਤ ਸਰੂਪ ਦੀ। ਸਰੂਪ ਦੀ ਓਹ ਹਾਲਤ ਜੋ ਮੂਲ ਤੋਂ ਉਸ ਦੀ ਹੈ। ਸਹਿਜ ਸਰੂਪ ਦਾ ਜਾਣਨਾ=ਆਪੇ ਦੀ ਲੱਖਤਾ।

ਅਰਥ—(ਜਿਨ੍ਹਾਂ ਨੇ ਆਪਣੇ) ਸਹਿਜ ਸਰੂਪ ਨੂੰ ਜਾਣ ਲਿਆ ਹੈ (ਤੇ) ਬ੍ਰਹਮ ਦਾ ਗਿਆਨ ਜਿਨ੍ਹਾਂ ਦੇ ਹਿਰਦੇ (ਵਿਚ ਪ੍ਰਕਾਸ਼ਿਆ ਹੈ) ਉਨ੍ਹਾਂ ਦੇ ਚਰਣਾਂ ਤੇ ਮੱਥਾ ਟੇਕ ਕੇ ਅਨੂਪਮ ਕਥਾ (ਅੱਗੋਂ ਦੀ) ਉਚਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ! ਸੁਨਿ ਅਗਲ ਪ੍ਰਸੰਗਾ। ਗੁਰੁ ਕਹਿਨ ਲਗਿ[1] ਪੁਨ ਤਿਹ ਸੰਗਾ*। 'ਜਨਮੇਜੇ ਕੀ ਸੁਨਹੁ ਕਹਾਨੀ। ਜਿਉਂ ਦੁਖ ਪਾਯੋ ਤਿਹ ਸਭਿ ਜਾਨੀ[2] ॥ ੨ ॥ ਬੇਦ ਬਯਾਸ ਇਕ ਬਾਸੁਰ ਮਾਂਹੀ। ਬੈਠਯੋ ਹੁਤੋ ਨ੍ਰਿਪਤਿ ਕੇ ਪਾਹੀ। ਅਪਨੇ ਪਿਤਰਨ ਕੀ ਦੁਖ ਗਾਥਾ। ਬੂਝਨ ਲਗਾ ਤਾਹਿ ਕੇ ਸਾਥਾ ॥੩॥—ਧਰਮਜ[3] ਜਬਹਿ ਜੂਪ[4] ਕੋ ਖੇਲਾ। ਜਿਹਤੇ ਬੀਤਯੋ ਕਾਲ ਦੁਹੇਲਾ[5]। ਕਿਨਹੂੰ ਬਰਜ[6] ਨ ਤਿਹ ਕੋ ਕੀਨੋ। ਗਹਯੋ ਕੁਕਰਮ ਜੁ ਧਰਮ ਪ੍ਰਬੀਨੋ ॥ ੪॥ ਸ਼ੁਭ ਸੁਭਾਇ ਸਤਿਬਾਦੀ ਸੋਈ। ਐਸੀ ਬੁੱਧਿ ਕਾਸਤੇਂ[7] ਹੋਈ?—ਭਨੈ ਬਯਾਸ—ਜਨਮੇਜਾ! ਸੁਨੀਏ। ਈਸ਼ੁਰ ਨੇਤ ਅਵੱਸ਼ਨ ਹ੍ਵੈ ਗੁਨੀਏ[8] ॥ ੫ ॥ ਦੋਹਰਾ ॥ ਕੋਟ ਉਪਾਵਨ[9] ਕੋ ਕਰੈ, ਕੈਸ਼ੋ ਸਯਾਨਾ ਹੋਇ। ਟਾਰੀ ਟਰਤਿ ਨ ਕਿਸੂ ਤੇ ਹੋਨਹਾਰ ਸੋ ਹੋਇ—॥੬॥ ਚੌਪਈ ॥ ਕਹਿ ਜਨਮੇਜਾ—ਸੁਨਿ ਮੁਨਿ ਰਾਈ!। ਆਗੇ ਸੁਧਿ ਕੋ ਦੇਹਿ ਬਤਾਈ[10]। ਹੋਨਹਾਰ ਹੋਵਹਿ ਤਬ ਕੈਸੇ। ਅਨਜਾਨਤ ਹ੍ਵੈ ਜੈਸੇ ਤੈਸੇ—॥੭॥ ਬਯਾਸ ਕਹੈ —ਤੁਮਰੀ ਸੁਧਿ ਜੋਊ। ਪੂਰਬ ਕਹੌਂ ਲੇਹੁ ਸੁਨਿ ਸੋਊ। ਏਕ ਤੁਰੰਗਨਿ[11] ਤੁਮ ਢਿਗ ਆਵੈ[12]। ਲੇਹੁ ਮੋਲਿ ਨਿਜ ਧਾਮ ਰਖਾਵੈਂ ॥ ੮ ॥ ਹ੍ਵੈ ਅਰੂਢ ਬਨ ਜਾਹਿੰ ਅਖੇਰਾ[13]। ਦੱਖਨ ਦਿਸ਼ਾ ਕਰੈਂ ਨਿਜ ਫੇਰਾ। ਅਧਿਕ ਸ੍ਰਮ[14] ਪਾਵਹਿੰ ਤਿਸ ਬੇਰਾ। ਤਟਿ ਸਰਵਰ ਕੇ ਕਰਿਹੈਂ ਡੇਰਾ ॥੯॥ ਦੋਹਰਾ॥ ਇਕਲੋ ਬਨ ਮਹਿ ਸੋਵਈ, ਸਰਵਰ ਨਿਕਸਿ[15] ਤੁਰੰਗ। ਤੁਮ ਢਿਗ ਜੋ ਹ੍ਵੈ

[1]ਕਹਿਣ ਲਗੇ। [2]ਸਭ ਕੁਛ ਜਾਣਦਿਆਂ ਹੋਇਆਂ। (ਅ) ਤਿਸਨੂੰ ਸਾਰੇ ਜਾਣਦੇ ਹਨ। (ੲ) ਉਹ ਸਾਰੀ ਤੂੰ ਜਾਣ ਲੈ। [3]ਯੁਧਿਸ਼ਟਰ ਨੇ। [4]ਜੂਏ। [5]ਦੁਖ ਵਾਲਾ। [6]ਰੋਕਣਾ। [7]ਕਿਸਤਰ੍ਹਾਂ। [8]ਜ਼ਰੂਰ ਹੋਕੇ ਰਹਿੰਦੀ ਹੈ (ਇਹ ਤੂੰ) ਵਿਚਾਰ ਲੈ। [9]ਯਤਨਾਂ। [10]ਅਗੋ ਦੀ ਖਬਰ (ਜੋ) ਕੋਈ ਦੱਸ ਦੇਵੇ। [11]ਘੋੜੀ। [12]ਆਵੇਗੀ। [13]ਜਾਵੇਂਗਾ (ਤੂੰ) ਸ਼ਿਕਾਰ। [14]ਥਕਾਨ। [15]ਸਰੋਵਰ ਤੋਂ ਨਿਕਲਕੇ।

*ਹੁਣ ਫਿਰ ਜੀ ਫੇਰ ਕਥਾ ਨੂੰ ਗੁਰੂ ਜੀ ਤੋਂ ਕਹਾਵਣ ਲਗੇ ਹਨ।

Sri Satguru Jagjit Singh Ji eLibrary NamdhariElibrary@gmail.com

ਬਾਜਨੀ[1] ਕੇਲ ਕਰੈ ਤਿਹ ਸੰਗਿ॥੧੦॥ਚੌਪਈ ॥ ਗਰਭ ਰਹੈ[2] ਤਿਹ, ਦੇਇ ਬਛੇਰਾ। ਸ਼ਯਾਮ ਕਰਨ ਚੰਦਰ ਦੁਤਿ ਹੇਰਾ[3]। ਤਿਹ ਸੋਂ ਤਬਹੀ ਜੱਗ ਰਚਾਵਹਿਂ। ਬਹੁਤ ਬਿੱਪ੍ਰ ਤੁਮਰੇ ਢਿਗ ਆਵਹਿਂ ॥ ੧੧ ॥ ਤਹਾਂ ਬਿਘਨ ਕੋ ਹੋਵਹਿ ਐਸਾ। ਮਹਾਂ ਪਾਪ ਲਾਗਹਿ ਤੁਝ ਜੈਸਾ। ਹੋਇ ਬਡੋ ਦੁਖ ਭਾਰਥ ਸੁਨਈ[4]। ਕਿਸੂ ਬਾਵ[5] ਤੂੰ ਬਚਨ ਨ ਮਨਈ[6] ॥ ੧੨ ॥ ਦੁਖ ਕੁਛ ਰਹੈ ਪ੍ਰਾਨ ਹਤਿ ਹੋਈ[7]। ਅਬ ਮੈਂ ਪ੍ਰਗਟ ਕਹੀ ਸਭਿ ਸੋਈ। ਪੂਰਬ ਸੁਧ ਤੁਝ ਦੀਨ ਜਨਾਈ। ਨਹਿ ਕਰਿਧੋ ਰਾਖਹੁ ਚੁਕਸਾਈ[8]–॥ ੧੩ ॥ ਦੋਹਰਾ ॥ ਸੁਨਿ ਨਰੇਸ਼ ਬਿਸਮੈ ਭਯੋ ਬਨਜ ਤਜਾਗ ਦਿਯ ਬਾਜ[9] ।–ਕਾਰਨ ਕੇ ਨਿਰਮੂਲ ਤੇ[10] ਕੈਸੇ ਹੋਵਹਿ ਕਾਜ ॥ ੧੪ ॥ ਚੌਪਈ ॥ ਜੇ ਨਹਿ ਬੋਵਹਿ ਬੀਜ ਅਗਾਰੀ। ਕਿਉ ਕੰਟਨ[11] ਦੁਖ ਦੇਇ ਕੰਟਾਰੀ[12]–। ਅਸ ਹਠ ਕਰਿ ਦ੍ਰਿੜ ਕੇਤਿਕ ਕਾਲਾ।ਕਰਨੋ ਬਿਤੀਤ ਮਹਿਤ[13] ਭੂਪਾਲਾ ॥੧੫॥ ਸੈਨਾ ਬੀਚ ਬਾਜ ਬਿਨਸਾਵਹਿ[14]। ਪੁਨ ਖਰੀਦ ਨਹਿ ਸੰਗ ਰਲਾਵਹਿ । ਭਈ ਅਲਪਤਾ[15]ਜਬਹਿ ਤੁਰੰਗਾ।ਸਚਿਵ[16] ਬੰਦਿ ਕਰ[17]ਕਹਿ ਨ੍ਰਿਪ ਸੰਗਾ॥੧੬॥ –ਇਉਂ ਭੂਪਨ ਕੋ ਸਰੈ ਨ ਕਾਜਾ। ਜਸ ਪੁਨ ਧਰਨੋ ਆਪ ਮਹਾਰਾਜਾ !। ਬਿਨ ਤੁਰੰਗ ਤੇ ਸੈਨਾਂ ਕੈਸੀ। ਪਗ ਬਿਹੀਨ ਸਿੰਘਨਿ[18] ਹੈ ਜੈਸੀ ॥ ੧੭ ॥ ਐਸ੍ਰ ਖਰੀਦਹੁ ਸੈਨਾ ਹੇਤੂ। ਆਪ ਨ ਚਢਹੁ ਬਿਨੀਤ ਨਿਕੇਤੂ[19]!। ਦੇਸ਼ਨ ਦੇਸ਼ ਸੁਦਾਗਰ ਆਵਹਿ। ਨਾਮ ਸੁਜਸ ਸੁਨਿ ਤੁਮ ਢਿਗ ਲਯਾਵਹਿਂ ॥ ੧੮॥ ਸੋ ਸਭਿਹੀ ਚਲਿ ਜਾਹਿ ਨਿਰਾਸੇ। ਨਿੰਦਹਿ ਮੁਖ ਤੇ ਹੀਨ ਹੁਲਾਸੇ–। ਸੁਨਿ ਮੰਤ੍ਰੀ ਕੇ ਬਚ ਰਾਜਾਨਾ। ਰਿਦੇ ਗੁਨੀ–ਇਨ ਸਾਚ ਬਖਾਨਾ ॥੧੯ ॥ ਹਮ ਸੋਂ[20] ਭੂਪ ਨ ਲੇਹਿ ਤੁਰੰਗਾ।ਤੌ ਇਹ ਬਨਜ ਕਰਹਿ ਕਿਸ ਸੰਗਾ।ਕਹਨੋ ਬਨਾਸ ਨਹਿ ਬੜਵਾ[21] ਲੀਜੈ। ਤਿਹ ਪਰ ਚਢਿ ਕਿਤ ਗਵਨ ਨ ਕੀਜੈ ॥ ੨੦॥ ਸੋ ਨਹਿ ਲੇਉਂ–ਐਸ ਉਰ ਧਾਰੀ। ਅਸ੍ਰ ਖਰੀਦਨ ਬੁੱਧਿ ਬਿਚਾਰੀ। ਬਹੁਰੋ ਲੇਵਨ ਲਗਨੋ ਤੁਰੰਗਾ। ਧਨ ਦੇਵਹਿ ਲੇ ਸਰਸ ਕੁਰੰਗਾ[22] ॥੨੧॥

[1]ਘੋੜੀ। [2]ਗਰਭ ਹੋ ਜਾਏਗਾ। [3]ਕਾਲੇ ਕੰਨ ਚੰਦ ਵਰਗੀ ਸੁੰਦਰਤਾ (ਤੂੰ) ਦੇਖੇਂਗਾ। [4]ਸਾਰਾ ਭਾਰਥ ਸੁਣੇਂਗਾ। [5]ਬਾ ਦਾ। [6]ਨਹੀਂ ਮੰਨੇਂਗਾ। [7]ਨਾਸ਼ ਹੋਣਗੇ ਪ੍ਰਾਣ (ਤੇਰੇ)। [8]ਖਬਰਦਾਰੀ। [9]ਘੋੜਿਆਂ ਦਾ ਖਰੀਦਣਾ ਛੱਡ ਦਿੱਤਾ। [10]ਕਾਰਨ ਦੇ ਮੂੰਢੋਂ ਨਾ ਹੋਣ ਤੇ। [11]ਕੰਡਿਆਂ ਨਾਲ। [12]ਕੰਡਿਆਲੀ। [13]ਬਹੁਤ (ਸਮਾਂ)। [14]ਜੇ ਕੋਈ ਘੋੜਾ ਮਰ ਜਾਵੇ। [15]ਥੁੜ। [16]ਮੰਤ੍ਰੀ। [17]ਜੋੜਕੇ ਹੱਥ। [18]ਸ਼ੇਰਨੀ। [19]ਹੇ ਵਿਸ਼ੇਸ਼ ਕਰ ਨੀਤੀ ਦੇ ਘਰ। [20]ਸਾਡੇ ਵਰਗੇ। [21]ਘੋੜੀ। [22]ਹਰਨਾਂ ਵਰਗੇ (ਘੋੜੇ)।

Sri Satguru Jagjit Singh Ji eLibrary NamdhariElibrary@gmail.com

ਏਕ ਸਮੈਂ ਇਕ ਆਇ ਸੁਦਾਗਰੁ। ਸੰਗਿ[1] ਤੁਰੰਗਨਿ[2] ਚਪਲ[3] ਉਜਾ- ਗਰ। ਜਬ ਭੂਪਤਿ ਕੋ ਆਨਿ ਦਿਖਾਰੀ।ਰਹੇ ਰੀਝ ਨਰ ਲਖਿ ਗੁਨਵਾਰੀ॥ ੨੨ ॥ ਨ੍ਰਿਪਤਿ ਸਮੀਪ ਕਹਿਤਿ ਅਸ ਬੈਨਾ।–ਬਾਜਨਿ[3] ਏਹ ਉਚਿਤ ਤੁਮ ਐਨਾ[4]।ਲੇ ਢਿਗ ਰਾਖਹੁ ਜਨਹਿ[5] ਬਛੇਰੇ। ਅਤਿ ਸੁੰਦਰ ਗੁਨ ਜਾਸੁ[6] ਘਨੇਰੇ ॥ ੨੩ ॥ ਚਢਨ ਉਚਿਤ ਸੋ ਹੋਹਿੰ ਤੁਮਾਰੇ। ਬਡ਼ਵਾ[2] ਪੈ ਨ ਚਢਹੁ, ਮਨ ਧਾਰੇਂ[7]–।ਇਸ ਪ੍ਰਕਾਰ ਸੁਨਿ ਤਿਸ ਕੀ ਬਾਨੀ।–ਲੇਉਂ ਤੁਰੰਗਨਿ–ਮਨਿ ਠਹਿਰਾਨੀ* ॥ ੨੪ ॥ ਸੁੰਦਰ ਦੇਖਿ ਰਿਦਾ ਲੋਭਾਯਾ। ਦਰਬ ਸੁਦਾਗਰ ਕੋ ਦੇਵਾਯਾ। ਲੇ ਘਰ ਰਾਖੀ ਹੇਤੁ ਬਧਾਵਨ[8]। ਗੁਨਮੰਦਰ ਸੌਂਦਰਜ[9] ਸੁਹਾ- ਵਨ॥੨੫॥ਅੱਸੂਪਾਲ ਜੋ ਸੇਵਕ ਆਹੀ। ਚਢਿ ਕਰਿ ਫੇਰਹਿ ਅਤਿ ਜਵਿ[10] ਜਾਹੀ। ਕਹਹਿ ਆਨ[11] ਸੋ ਭੂਪਤਿ ਪਾਸੂ।–ਪੂਰਾ[12] ਨ ਪਿਖ੍ਯੋ ਬੇਗ ਅਸ ਜਾਸੂ[13] ॥੨੬॥ ਚਢਿਨਿ ਉਚਿਤ ਸੋ ਰਾਵਰ ਕੇਰੀ। ਚੰਚਲਤਾ ਜਿਸ ਬੀਚ ਬਡੇਰੀ–।ਸੁਨਿ ਗੁਨ ਭੂਪ ਚਢ੍ਯੋ ਇਕ ਬੇਰਾ।ਦੱਖਨ ਦਿਸ਼ ਕੋ ਗਯੋ ਅਖੇਰਾ[14] ॥ ੨੭ ॥ ਨਿਕਸਿ ਚਲ੍ਯੋ ਇਕ ਮਿਰਗ ਅਗਾਰੀ। ਦੇਖਿ ਤੁਰੰਗਨਿ ਪੀਛੈ ਡਾਰੀ। ਭਟ ਇਕ ਸੰਗ ਪਹੂੰਚ੍ਯੋ ਨਾਂਹੀ। ਗਮਨ੍ਯੋ ਬਿਪਨ ਗਹਨ[15] ਕੇ ਮਾਂਹੀ ॥੨੮॥ ਮਾਰਿ ਮਿਰਗ ਕੋ ਸ੍ਰਮ[16] ਭਾ ਭਾਰੀ। ਬਨਾਸ ਬਖਾਨੀ ਦੀਨ ਬਿਸਾਰੀ।ਸਰ ਤਟ ਸੋਯੋ ਪੀ ਕਰਿ ਪਾਨੀ।ਨਿਕਟਿ ਤੁਰੰਗਨਿ ਬ੍ਰਿੱਖ ਬੰਧਾਨੀ[17] ॥੨੯॥ ਸਰਵਰ ਤੇ ਤਬ ਨਿਕਸਿ ਤੁਰੰਗਾ। ਮੈਥੁਨ ਕੀਨ ਬਾਜਨੀ ਸੰਗਾ। ਬਹੁਰ ਪ੍ਰਵੇਸ਼੍ਯੋ ਜਲ ਕੇ ਮਾਂਹੀ। ਭੂਪਤਿ ਸੁਧ ਪਾਈ ਕੋ ਨਾਂਹੀ ॥ ੩੦ ॥ ਛੁਟੀ ਨੀਂਦ ਹ੍ਵੈ ਕਰਿ ਅਸਵਾਰਾ।ਆਨਿ ਪਹੁੰਚ੍ਯੋ ਅਪਨ ਅਗਾਰਾ[18]। ਧਾਰਿ ਗਰਭ ਤਿਨ ਦੀਨ ਬਛੇਰਾ। ਸ਼ਯਾਮ ਕਰਨ[19] ਤਨ ਰੁਚਿਰ ਘਨੇਰਾ॥੩੧॥ ਜੱਗਜ ਉਚਿਤ ਅਸ ਮੂਰਤ ਕੀਨੀ। ਸਭਿ ਮਿਲਿ ਨ੍ਰਿਪ ਕੋ ਮਸਲਤ ਦੀਨੀ।–ਮਖ[20] ਕੀਜੈ ਹ੍ਵੈ ਸੁਜਸ ਬਡੇਰੋ।ਜਾਂਹਿ ਪੁੰਨ ਫਲ ਹੋਤਿ ਘਨੇਰੋ–॥੩੨॥ ਕਹੇ ਸਭਿਨਿ ਕੇ ਨ੍ਰਿਪ ਬਿਰਮਾਯਾ। ਬਨਾਸ ਬ੍ਰਿਤੰਤ ਰਿਦੇ ਬਿਸਰਾਯਾ।

---

[1]ਨਾਲ। [2]ਘੋੜੀ। [3]ਚੰਚਲ। [4]ਲਾਇਕ ਹੈ ਆਪਦੇ ਘਰ ਦੇ। [5]ਜਣੇਗੀ। [6]ਜਿਨ੍ਹਾਂ (ਵਛੇਰਿਆਂ) ਦੇ ਗੁਣ। [7]ਇਹ ਮਨ ਵਿਚ ਧਾਰ ਲਓ। [8]ਵਾਧਾ ਕਰਨ ਲਈ। [9]ਸੁੰਦਰਤਾ। [10]ਤੇਖੀ ਚਾਲ। [11]ਆਕੇ। [12]ਪਹਿਲੇ। [13]ਐਸੀ ਜਿਵੇਂ (ਇਸ ਦੀ ਹੈ) ਚਾਲ। [14]ਸ਼ਿਕਾਰ। [15]ਗਾੜ੍ਹੇ। [16]ਥਕੇਵਾਂ। [17]ਨੇੜੇ ਬ੍ਰਿਛ ਨਾਲ ਬੰਨ੍ਹੀ। [18]ਘਰ। [19]ਕਾਲੇ ਕੰਨ। [20]ਯੱਗ।

*ਪਾ:–ਲਈ ਤੁਰੰਗਨਿ ਮਨਿ ਮਹਿ ਠਾਨੀ।

Sri Satguru Jagjit Singh Ji eLibrary NamdhariElibrary@gmail.com

ਮਖ ਅਰੰਭ ਕੀਨੋਂ ਤਿਹ ਕਾਲਾ। ਚਢਿਕੈ ਜੀਤੇ ਨ੍ਰਿਪਤਿ ਬਿਸਾਲਾ ॥੩੩॥ ਅਨਿਕ ਪ੍ਰਕਾਰ ਸਵਾਰ[1] ਅਹਾਰਾ[2]। ਬਿੱਪ੍ਰ ਬੁਲਾਏ ਬਹੁਤ ਅਗਾਰਾ[3]। ਭਾਮਨਸੋ ਦਾਨ ਦੇਨਿ ਕੇ ਹੇਤਾ॥ਇਕ ਪਟ ਮਹਿ[4] ਪਟਰਾਨਿ[5] ਸਮੇਤਾ[6]॥੩੪॥ ਬਿੱਪ੍ਰ ਬ੍ਰਿੰਦ ਕੇ ਬੀਚ ਪਹੂਚਾ। ਭਯੋ ਪੌਨ ਤੇ ਤਿਯ ਪਟ[7] ਊਚਾ। ਤਿਹ ਛਿਨ ਬਿਖੇ ਬਿਲੋਕੇ ਅੰਗਾ। ਸਰਬ ਦਿਜਨ ਕਿਯ ਹਾਸ ਉਤੰਗਾ[8] ॥੩੫॥ ਦੇਖਿ ਭੂਪ ਕ੍ਰੋਧਯੋ ਉਰ ਭਾਰਾ। ਉਚਿਤ ਅਨੁਚਿਤ[9] ਕਛੁ ਨ ਬਿਚਾਰਾ। ਪਕਰੇ ਨ੍ਰਿਪਤ ਬਹੁਤ ਬਿਪ ਜਾਰੇ[10]। ਇਕ ਛਿਨ ਬਿਖੈ ਸਰਬ ਹਨਿ ਡਾਰੇ[11]*॥੩੬॥ਮਹਾਂ ਪਾਪ ਤੇ ਭਾ ਦੁਖ ਭਾਰੀ॥ਬਢਯੋ ਕੁਸ਼ਟ[12] ਤਿਹ ਦੇਹਿ ਮਝਾਰੀ॥ਆਨ ਬਜਾਸ ਬਹੁਰੋ ਸਮਝਾਯੋ। ਭਾਰਥ ਕੋ[13] ਇਤਿਹਾਸ ਸੁਨਾਯੋ ॥੩੭॥ਕਹਯੋ ਭੀਮ ਕੇ ਜਬ ਇਤਿਹਾਸਾ।-ਕਰੀ[14] ਬਗਾਏ[15] ਬੀਚ ਅਕਾਸ਼ਾ। ਸੋ ਅਬ ਲੌ ਊਪਰ ਭਰਮਾਈ[16]। ਬਹੁਰ ਨ ਪਰੇ ਧਰਾ ਪਰ ਆਈ-॥੩੮॥ ਸੁਨਿਕੈ ਭੂਪ ਨ ਮਾਨੀ ਬਾਨੀ[17]। ਨਾਕ ਐਂਠਿ ਬੈਠਯੋ ਬਿਨ ਜਾਨੀ। ਮੰਤ੍ਰ ਸ਼ਕਤਿ ਤੇ ਬਜਾਸ ਉਤਾਰੇ।ਸਭਾ ਮਝਾਰੀ ਸਭਿਨਿ ਦਿਖਾਰੇ ॥੩੯॥ ਕੁਸ਼ਟ ਨਾਕ ਮਹਿ ਰਹਯੋ ਤਦਾਈ। ਰੋਯੋ ਜਨਮੇਜਾ ਦੁਖੁ ਪਾਈ॥ਤਿਸਤੇ ਛੂਟਿ ਗਏ ਤਨ ਪ੍ਰਾਨਾ।ਕੀਨੋ ਤਬੈ ਪ੍ਰਲੋਕ ਪਯਾਨਾ॥੪੦॥ਇਸ ਜਗ ਮਹਿ ਆਨੰਦਤਿ ਗਜਾਨੀ। ਅਪਰ ਸ੍ਰਿਸ਼ਟਿ ਸਭਿ ਦੁਖੀ ਮਹਾਨੀ। ਪੀਰ ਜਿ ਸ਼ੇਖ ਮਸ਼ਾਇਕ ਜੇਤੇ। ਡਰਤਿ ਕਾਲ ਤੇ ਰੋਵਹਿ ਤੇਤੇ ॥ ੪੧ ॥ ਦੋਹਰਾ ॥ ਗੋਪੀਚੰਦ ਨ੍ਰਿਪ ਭਰਥਰੀ ਰੋਵਹਿ ਕੰਨ ਪੜਾਇ। ਘਰਿ ਤਜਿ ਬਾਹਰਿ ਨਿਕਸਿ ਕੈ ਪੁਨ ਘਰ ਮੰਗਨ ਜਾਇੰ ॥੪੨॥ ਚੌਪਈ ॥ ਬਹੁਤ ਜਤਨ ਕਰਿ ਦਰਬ ਕਮਾਯੋ। ਰੋਵਹਿ ਕਿਰਪਨਿ[18] ਜਾਇ ਗੁਵਾਯੋ[19]।ਪੰਡਿਤ ਉਚਰਹਿ ਮੁਖ ਤੇ ਗਜਾਨਾ। ਨਹੀਂ ਕਮਾਵਹਿ ਜਿਉਂ ਅਗਜਾਨਾ ॥ ੪੩ ॥ ਅੰਤ ਕਾਲ ਜਮ ਕੇ ਬਸ ਹੋਇ। ਦੁਖ ਪਾਵਹਿੰ ਰੋਵਹਿ ਤਬ ਸੋਇ। ਭਰਤਾ ਮਿਰਤੁ ਭਏ ਤੇ ਨਾਰੀ।

---

[1]ਬਣਾਕੇ। [2]ਭੋਜਨ। [3]ਘਰ ਵਿਚ। [4]ਇਕੋ ਕਪੜੇ ਵਿਚ। [5]ਪਟਰਾਣੀ। [6]ਸਣੇ। [7]ਇਸਤਰੀ ਦਾ ਬਸਤ੍ਰ। [8]ਉੱਚਾ। [9]ਜੋਗ ਅਜੋਗ। [10]ਬ੍ਰਾਹਮਨ ਸਾੜੇ। [11]ਮਾਰ ਦਿੱਤੇ। [12]ਕੋਹੜ। [13]ਮਹਾਂ ਭਾਰਥ ਦਾ। [14]ਹਾਥੀ। [15]ਚਲਾਏ [16]ਫਿਰ ਰਹੇ ਹਨ ਉਪਰ [17]ਇਹ ਗਲ ਕਿ—ਹਾਥੀ ਅਕਾਸ਼ ਵਿਚ ਸੁੱਟੇ ਅਜੇ ਫਿਰ ਰਹੇ ਹਨ—ਰਾਜੇ ਨੇ ਨਾ ਮੰਨੀ। [18]ਕੰਜੂਸ। [19]ਜੋ ਗੁਆਚ ਜਾਵੇ।

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਦ੍ਰਿਸ਼ਟਾਂਤ ਮਾਤ੍ਰ ਹੋਰਥੇ ਬੀ ਵਰਤਿਆ ਹੈ:—
ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥ ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥ ੪ ॥ [ਪ੍ਰਭਾਤੀ ਮ: ੩

Sri Satguru Jagjit Singh Ji eLibrary NamdhariElibrary@gmail.com

ਰੋਵਹਿ ਸੋ,ਗੁਨ ਕਰਤਿ ਉਚਾਰੀ'॥੪੪॥ਸ੍ਰੀ ਗੁਰ ਕਹਿ'ਮਰਦਾਨਾ! ਸੁਨੀਏ । ਸਭਿ ਸੰਸਾਰ ਦੁਖੀ ਹੀ ਗੁਨੀਏ।ਫਸੇ ਮੋਹ ਮਹਿ ਰਹਿਤਿ ਦੁਖਾਰੇ। ਜਗਤ ਉਦਧਿ[1] ਕੋ ਪਾਇ ਨ ਪਾਰੇ ॥ ੪੫ ॥ ਦੋਹਰਾ ॥ ਵਾਹਿਗੁਰੂ ਸਤਿਨਾਮ ਜੋ ਮੰਨੈ ਸੋ ਜਿਤਿ[2] ਜਾਇ। ਔਰ ਕਰਮ ਲੇਖੇ ਬਿਖੈ ਨਹਿ ਕੋ ਛੁਟਨ ਉਪਾਇ ॥ ੪੬ ॥ ਚੌਪਈ ॥ ਰਿਦੇ ਸੁੱਧਿ ਸੇਵਹਿ ਸ੍ਰੀ ਨਾਮੂ । ਨਹਿ ਤਿਨਕੋ ਲੇਖੇ ਸੋਂ ਕਾਮੂ। ਧਰਮਰਾਇ ਕੋ ਕਾਗਦ ਫਾਰੈਂ । ਜਾਵਤਿ ਪੰਥ[3] ਨ ਕੋ ਅਟਕਾਰੈ' ॥ ੪੭॥ ਇਸੀ ਪ੍ਰਕਾਰ ਸਾਰ[4] ਸੁਨਿ ਕਰਿਕੈ । ਰਹਯੋ ਸ਼ਾਹੁ ਪਗ ਪਰ ਸਿਰ ਧਰਿਕੈ। 'ਤੁਮਰੇ ਬਚ ਸਾਬੁਨ ਸਮਸਰਹੀ[5]* । ਮਨ ਮਲੀਨ ਪਟ ਉੱਜਲ ਕਰਿਹੀਂ[6]॥੪੮॥ ਚਲਹੁ ਅਬੈ ਮਮ ਸਦਨ ਬਚਿੱਤ੍ਰ।ਪਾਇਂ ਪਾਇਕੈ ਕਰਹੁ ਪਵਿੱਤ੍ਰ†। ਬਡੇ ਭਾਗ ਜਾਗੇ ਤੁਮ ਆਏ। ਸਰਬ ਸਾਰ ਕੇ ਬਚਨ ਸੁਨਾਏ' ॥੪੯॥ਸੁਨਿ ਕਰਿ ਬਿਨੈ ਪ੍ਰਭੁ ਸੁਖ ਕਾਰੀ। ਗਮਨੇ ਤਾਂਕੇ ਸਦਨ ਮਝਾਰੀ । ਜਹਾਂ ਸਬਲ ਥੋ‡ ਅਧਿਕ ਸੁਹਾਵਨ। ਤਹਿ ਇਕ ਕੀਨ ਪ੍ਰਯੰਕ[7] ਡਸਾਵਨ ॥੫੦॥ ਬੈਠਾਰੇ ਕਰਿ ਭਾਉ ਬਿਸਾਲਾ । ਬਹੁਰ ਪਾਇ[8] ਪਾਈ ਨਿਜ ਬਾਲਾ[9]। ਤਿਹ ਕੋ ਸ਼ਾਂਤਿ ਦੀਨਿ ਧੇ ਹੇਤ।ਬੋਲੇ ਸ੍ਰੀ ਬੇਦੀ ਕੁਲਕੇਤ॥੫੧॥'ਅਬਲ[10] ਪਿੰਗ[11] ਕੋਰੀ[12]§ ਪਤਿ ਹੋਈ[13]। ਪ੍ਰਭੁ ਸਮਾਨ ਲਖੈ ਤਿਧ ਜੋਈ । ਸਰਬ ਭਾਂਤਿ ਕੀ ਸੇਵਾ ਕਰਿਹੀ[14] । ਪਰ ਪੁਰਖਨਿ ਰਤਿ[15] ਉਰ ਨਹਿ ਧਰਿਹੀ[16]॥ ੫੨॥ ਪਤਿ ਕੇ ਹਤਿਹੂੰ ਤਜਾਰੈ ਪ੍ਰਾਨਾ¶। ਰੰਚ ਸਮਾਨ ਨ ਤਨ ਪਹਿਚਾਨਾ।

[1]ਸਮੁੰਦਰ। [2]ਜਿੱਤ। [3]ਪਰਲੋਕ ਦੇ ਰਾਹ ਜਾਂਦਿਆਂ । [4]ਸਿੱਧਾਂਤ। [5]ਵਰਗੇ ਹਨ । [6]ਕਰਦੇ ਹਨ । [7]ਪਲੰਘ। [8]ਚਰਨੀਂ। [9]ਅਪਨੀ ਇਸਤ੍ਰੀ। [10]ਦੁਬਲਾ। [11]ਪਿੰਗਲਾ। [12]ਕੋੜ੍ਹੀ ਬੀ। [13](ਭਾਵੇਂ) ਪਤੀ ਹੋਵੇ। [14]ਕਰੇ। [15]ਪਰਾਏ ਪੁਰਖ ਨਾਲ ਪਜਾਰ। [16]ਨਾ ਧਰੇ।

*ਪਾ:-ਸਮ ਧਰਹੀਂ। †ਚਲਹੁ ਅਬੈ...... ਤੋਂ......ਪਵਿੱਤ੍ਰ-ਤਕ ਦੀ ਥਾਂ ਪਾਠਾਂਤ੍ਰ ਇਹ ਹੈ:-ਅਹੋ ਪ੍ਰਭੂ ਤੁਮ ਦੀਨ ਦਯਾਲਾ। ਨਾਮ ਦਾਨ ਦੇ ਕਰਹੁ ਨਿਹਾਲਾ।

‡ਪਾ:-ਮਹਿਲ ਥੋ। §ਪਾ:-ਰੋਗੀ।

¶ਇਹੋ ਖ਼ਯਾਲ ਹੈ ਜੋ ਤੀਸਰੀ ਪਾਤਸ਼ਾਹੀ ਜੀ ਨੇ ਬੀ ਉਚਾਰਿਆ ਹੈ:-ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ' ॥ ਜਿਸ ਦੇ ਪਤੀ ਦੇ ਮੋਇਆਂ ਆਪੇ ਹੀ ਪ੍ਰਾਣ ਤਿਆਗ ਹੋ ਜਾਣ, ਪਰੰਤੂ ਇਤਨਾ ਪਿਆਰ ਵਿਰਲਾ ਹੁੰਦਾ ਹੈ, ਇਸ ਪਿਆਰ ਦੀ ਅਧਿਕਤਾ ਨਾ ਸਮਝਕੇ ਮਤੇ ਕੋਈ ਆਤਮਘਾਤ ਕਰੇ। ਇਸ ਗਲੋਂ ਰੋਕਣ ਲਈ ਸਤੀ ਦੀ ਰਸਮ ਬੰਦ ਕੀਤੀ। ਯਥਾ-' 'ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ' ॥ ਤੇ ਇਹ ਗਲ ਬੀ ਖੋਲ੍ਹ ਦਿਤੀ- 'ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ॥'

[1]ਵਾਰ ਸੂਹੀ ਮ: ੩

Sri Satguru Jagjit Singh Ji eLibrary NamdhariElibrary@gmail.com

ਜਾਹਿ ਸੁਰਗ ਸੁਖ ਪਾਹਿ ਬਡੇਰੇ*।ਦੰਪਤਿ ਬਿਲਸਹਿ ਬਰਖ ਘਨੇਰੇ॥੫੩॥ ਅਰ ਨਾਰੀ ਜੋ ਨਿਜ ਪਤਿ ਤ੍ਯਾਗੀ। ਪਰ ਪੁਰਖਨ ਪਿਖਿ ਕੈ ਅਨੁਰਾਗੀ[1]। ਹ੍ਵੈ ਕੈ ਨਿਡਰ ਤਜੀ ਜਗ ਬ੍ਰੀੜਾ[2]। ਸਾਦ ਹੇਤ ਕਰਿਹੀ ਮਿਲਿ ਕ੍ਰੀੜਾ॥੫੪॥ ਤਿਹ ਜਮਦੂਤ ਗਹੈਂ ਜਬ ਆਈ। ਜਾਹਿੰ ਘਸੀਟਤਿ ਦੇਹਿ ਸਜ਼ਾਈ। ਲੋਹ ਥੰਭ ਕੋ ਲਾਲ ਤਪਾਈ। ਖੈਂਚ ਤਾਂਹਿ ਕੇ ਸੰਗ ਲਗਾਈ† ॥੫੫॥ ਇੱਤਯਾ-ਦਿਕ ਦੁਖ ਦੇਹਿ ਘਨੇਰਾ। ਕੌਨ ਪੁਕਾਰ ਸੁਨਹਿੰ ਤਿਸ ਬੇਰਾ। ਜਗ ਮਹਿੰ ਨਿੰਦਾ,ਕਸ਼ਟ ਅਗਾਰੀ। ਅਸ ਗਤਿ ਹ੍ਵੈ ਬਿਭਚਾਰਨ ਨਾਰੀ ॥ ੫੬॥ ਪਤੀ-ਬ੍ਰਤਾ ਕੋ ਜਸੁ ਜਗ ਮਾਂਹੀ। ਆਗੈ ਅਨਿਕ ਬਿਧਿਨਿ ਸੁਖ ਪਾਹੀ[3]। ਦੀਰਘ ਦ੍ਰਿਸ਼ਟਿ[4] ਦੇਖਿ ਕਰਿ ਐਸੇ। ਨਹਿੰ ਬਿਭਚਾਰ[5] ਕਰਹੁ ਪੁਨ ਤੈਸੇ' ॥ ੫੭ ॥ ਸ਼ਾਹੁ ਤ੍ਰਿਯਾ ਸੁਨਿ ਕਰਿ ਬਚ ਗੁਰਕੇ। ਪਰੀ ਪਾਇੰ ਪਰ ਜਮ ਡਰ ਕਰਿਕੈ। 'ਹੇ ਸੰਤਹੁ ! ਮੈਂ ਅਘ ਕਿਯ ਭਾਰੀ। ਬਖਸ਼ਹੁ ਆਈ ਸ਼ਰਨਿ ਤੁਮਾਰੀ'॥੫੮॥ ਗੁਰ ਕਹਿੰ 'ਪਾਛਲ ਬਖਸ਼ੇ‡ ਸੋਊ। ਬਹੁਰ ਅਗਾਰੀ ਕਰਹੁ ਨ ਕੋਊ। ਪਤਿ ਆਇਸੁ ਕੇ ਰਹੁ ਅਨੁਸਾਰੀ। ਸਿਮਰਹੁ ਸੱਤਿਨਾਮ ਸੁਖ-ਕਾਰੀ' ॥ ੫੯ ॥ ਅਸ ਉਪਦੇਸ਼ ਦੀਨ ਤਿਨ ਤਾਈਂ। ਕਰੀ ਬਿਤੀਤ ਰੈਨ ਜਗ ਸਾਈ। ਦੰਪਤਿ ਕੇ ਉਰ ਦੇ ਕਰਿ ਸ਼ਾਂਤਾ।ਗਮਨ ਕੀਨਿ ਮਾਰਗ ਸੁਖ-ਦਾਤਾ ॥ ੬੦ ॥ ਇਕ ਪੁਰਿ ਆਵਾ ਬਹੁਰ ਅਗਾਰੀ। ਜਾਇ ਪਹੂੰਚੇ ਤਾਂਹਿ ਮਝਾਰੀ।ਰੈਨ ਰਹਿਨ ਹਿਤ ਖੋਜਤਿ[6] ਥਾਇ। ਜਿਨ ਕੀਨੇ ਬ੍ਰਹਮੰਡ ਬਨਾਇ ॥੬੧॥ ਤਹਾਂ ਬਸੇਰਾ ਦੇਤਿ ਨ ਕੋਊ। ਬੈਠੇਂ ਜਹਾਂ, ਉਠਾਵਹਿ ਸੋਊ। ਮੰਦ-

[1]ਪ੍ਰੇਮ ਕਰੇਗੀ। [2]ਜਗਤ ਲਾਜ। [3]ਪਾਏਗੀ। [4]ਲੰਬੀ ਨਜ਼ਰ ਭਾਵ ਦੂਰ ਦੀ ਸੋਚ ਕੇ। [5]ਮਾੜਾ ਕੰਮ। [6]ਭਾਲਣ ਲਗੇ।

*ਇਸ ਦਾ ਫਲ ਸੁਰਗ ਤੇ ਸੁਖ ਦੱਸਿਆ ਹੈ ਪਰ ਜੋ ਇਸਤ੍ਰੀ ਪਤਿਬ੍ਰਤਾ ਧਰਮ ਧਾਰਨ ਕਰਦੀ ਹੋਈ, ਜੀਉਂਦੇ ਕਿ ਮੋਏ, ਰਾਜ਼ੀ ਕਿ ਰੋਗੀ ਪਤੀ ਦੇ ਪਿਆਰ ਤੇ ਸੇਵਾ ਵਿਚ ਰਹਿੰਦੀ ਹੋਈ, ਸੀਲ ਸੰਤੋਖ ਰਖਦੀ ਹੋਈ ਨਾਮ ਵਿਚ ਖਚਿਤ ਰਹਿੰਦੀ ਹੈ ਓਹ ਸਦਗਤੀ ਨੂੰ ਪ੍ਰਾਪਤ ਹੁੰਦੀ ਹੈ, ਮੁਕਤੀ ਦਾ ਫਲ ਪਾਉਂਦੀ ਹੈ।

†ਦੁਖ ਜੋ ਰੂਹ ਨੂੰ ਮੰਦਿਆਂ ਰਹਿਣ ਕਰਕੇ ਹੁੰਦੇ ਹਨ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਹੈ ਸਾਡੀ ਬੋਲੀ ਤੇ ਸਮਝ ਅਨੁਸਾਰ।

‡ਪਿੱਛੇ ਬੀ ਕਈ ਵਾਰ ਆਯਾ ਹੈ। ਸਤਿਗੁਰ ਦਾ ਇਹ ਕਹਿਣਾ ਕਿ 'ਅਸਾਂ ਤੇਰੇ ਪਾਪ ਬਖਸ਼ੇ' ਉਨ੍ਹਾਂ ਦੇ ਰੱਬੀਅਤ ਵਾਲੇ ਓਜ 'ਗੁਰ ਨਾਨਕ ਦੇਵ ਗੋਵਿੰਦ ਰੂਪ' ਹੋਣ ਦਾ ਲਖਾਯਕ!

Sri Satguru Jagjit Singh Ji eLibrary NamdhariElibrary@gmail.com

ਮਤੀ ਪਿਖਿ ਨਰ ਤਿਹੰ ਥਾਇ। ਪੁਰਿ ਤੇ ਵਹਿਰ ਪ੍ਰਭੁ ਪੁਨ ਆਇ॥੬੨॥ਹੁਤੋ ਕੁਸ਼ਟ ਯੁਤ[1] ਏਕ ਫਕੀਰਾ*।ਨਿਸ ਬਾਸੁਰ ਬਹੁ ਪਾਵਤਿ ਪੀਰਾ।ਦੇਖਿ ਦਯਾ-ਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜਗਸਾਈਂ ॥੬੩॥ ਕਹੈ ਫਕੀਰ ਬੰਦਿ ਕਰ ਦੋਊ। 'ਮੋਰ ਸਮੀਪ ਨ ਆਵਤਿ ਕੋਊ। ਖਗ[2] ਭਾਗੈਂ ਪਿਖਿ[3], ਗਿਨਤੀ ਕਹਾ ਨਰ।ਤੁਮ ਆਏ ਮੋ ਪਰ ਕਰੁਣਾ ਕਰਿ[4]'॥੬੪॥ਰੈਨ ਬਸੇਰਾ ਕਰਿ ਤਿਹ ਥਾਨਾ।ਨਹਿੰ ਪੌਢੇ ਬੈਠੇ ਗਤਿਦਾਨਾ।ਸਭਿ ਨਿਸਿ ਕੁਸ਼ਟੀ ਸੰਕਟ ਪਾਵੈ।ਹਾਇ ਹਾਇ ਕਹਿਕੈ ਬਿਲਲਾਵੈ ॥੬੫॥ ਦੋਹਰਾ॥ ਅਰਧ ਨਿਸਾ ਬੀਤੀ ਜਬਹਿ ਸ੍ਰੀ ਬੇਦੀ ਕੁਲਕੇਤ। ਸ਼ਬਦ ਉਚਾਰਨ ਕੀਨ ਤਬ ਸੰਕਟ ਕਟਨੇ ਹੇਤੁ ॥ ੬੬ ॥

ਧਨਾਸਰੀ ਮਹਲਾ ੧ ॥

ਜੀਉ ਤਪਤੁ ਹੈ ਬਾਰੋਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥ ਬਹੁਤਾ ਬੋਲਣੁ ਝਖਣੁ ਹੋਇ॥ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ॥੨॥ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ ॥ ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥ ੩ ॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥

ਚੌਪਈ॥ਸ੍ਰੀ ਗੁਰ ਸਰਬ ਸ਼ਬਦ ਮੁਖ ਭਨਾ[5]।ਤੂਸ਼ਨਿ ਕਰਿ ਕੁਸ਼ਟੀ ਨੈ ਸੁਨਾ। ਭਈ ਦੇਹਿ ਤਤਕਾਲ ਅਰੋਗੀ। ਬਿਨਸਿ ਗਏ ਮਨ ਕੇ ਸਭਿ ਸੋਗੀ ॥੬੭॥ ਨਿਰਮਲ ਭਈ ਮਨੀਖਾ[6] ਤਬਹੀ। ਮਨ ਮਲੀਨਤਾ ਨਾਸੀ ਸਭਿਹੀ। ਭਈ ਭੋਰ ਪਾਹੁਲ ਪਗ[7] ਲੀਨੀ। ਹਿਰਦੈ ਜਾਗੀ ਭਗਤਿ ਨਵੀਨੀ ॥ ੬੮ ॥ ਪ੍ਰਗਟੀ ਨਗਰ ਬਿਖੈ ਸੁਧ ਸੋਊ। ਪਿਖਨ[8] ਦਰਸ ਆਏ ਸਭਿ ਕੋਊ। ਆਨਿ ਉਪਾਇਨ ਧਰੈਂ ਅਗਾਰੀ। 'ਸੰਤਹੁ! ਬਖਸ਼ਹੁ ਭੂਲ ਹਮਾਰੀ ॥੬੯॥ ਸੇਵਕ ਕਰੀਏ,ਸ਼ਰਨ ਤੁਮਾਰੀ। ਦਰਸ ਅਮੋਘ ਪਰਉਪਕਾਰੀ'। ਸੁਨਿ ਕਰਿ ਤਿਨ

[1]ਕੋੜ੍ਹ ਸਹਿਤ। [2]ਪੰਛੀ। [3]ਦੇਖਕੇ। [4]ਕ੍ਰਿਪਾ ਕਰਕੇ। (ਅ) ਹੇ ਕ੍ਰਿਪਾ ਦੀ ਖਾਣ! [5]ਕਹਿਆ। [6]ਬੁੱਧੀ। [7]ਚਰਨ ਪਾਹੁਲ। [8]ਦੇਖਣ।

*ਪੁਰਾਤਨ ਜਨਮ ਸਾਖੀ ਵਿਚ ਇਸ ਕੋਹੜੀ ਦੇ ਟਿਕਾਣੇ ਦਾ ਪਤਾ ਐਉਂ ਦਿੱਤਾ ਹੈ, 'ਦਿਪਾਲਪੁਰ ਪਾਸਦੇਂ, ਕੰਗਣਪੁਰ ਵਿਚਦੇਂ, ਕਸੂਰ ਵਿਚਦੇਂ, ਪਟੀ ਵਿਚਦੋਂ ਗੋਇੰਦਵਾਲਿ ਆਇ ਰਹਿਣ ਲਾਗਾ, ਤਾਂ ਕੋਈ ਰਹਿਣ ਦੇਵੈ ਨਾਹੀਂ' ਅਗੇ ਫੇਰ ਸਾਖੀ ਹੈ। ਪ੍ਰੰਤੂ ਕੋਹੜੀ ਨਿਸਤਾਰਣ ਦਾ ਟਿਕਾਣਾ ਦੱਸੀਦਾ ਹੈ ਕਿ ਦਿਪਾਲ ਪੁਰ ਲਾਗੇ ਅਜੇ ਹੈ।

Sri Satguru Jagjit Singh Ji eLibrary NamdhariElibrary@gmail.com

ਕੀ ਬਿਨੈ ਬਿਸਾਲਾ। ਸਭਿ ਕੋ ਪਾਹੁਲ ਦੇ ਤਤਕਾਲਾ ॥੭੦॥ ਸੱਤਿਨਾਮ ਕੋ ਜਾਪ ਸੁਨਾਯੋ। ਕਰਨੇ ਨਿਤ ਸਤਿਸੰਗ ਬਤਾਯੋ। ਬਹੁਰੋ ਕੀਨੋ ਗਮਨ ਅਗਾਰੀ। ਤਿਨ ਚਰਨਨ ਪਰ ਕਵਿ ਬਲਿਹਾਰੀ ॥ ੭੧ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ਼ਾਹੁ ਕੋ ਅਰੁ ਕੋੜ੍ਹੀ ਫਕੀਰ ਕੋ ਪ੍ਰਸੰਗ' ਬਰਨਨੰ ਨਾਮ ਪੱਚੀਸਮੋਂ ਅਧ੍ਯਾਯ ॥ ੨੫ ॥

੨੬. [ਮੰਤ ਮੰਗਲ। ਸੰਤਾਂ ਦਾ ਉਧਾਰ। ਏਮਨਾਬਾਦ ਆਗਮਨ]।

ਦੋਹਰਾ ॥ ਨਾਮ ਬਿਖੈ ਜਿਨਿ ਲਿਵ ਲਗੀ ਹਉਂਮੈ ਸਰਬ ਨਸਾਇ।
ਤਿਨ ਸੰਤਨ ਬੰਦੋਂ ਚਰਨ ਉਚਰੋਂ ਕਥਾ ਬਨਾਇ ॥ ੧ ॥

{ ਬਨਾਇ=ਬਨਾਕੇ, ਸੰਵਾਰ ਕੇ; ਸੁਹਣੀ ਤਰ੍ਹਾਂ ਨਾਲ। }

ਅਰਥ—ਜਿਨ੍ਹਾਂ ਸੰਤਾਂ ਦੀ ਸਾਰੀ ਹਉਮੈ ਦੂਰ ਹੋਈ ਹੈ (ਅਤੇ) ਨਾਮ ਵਿਚ ਲਿਵ ਲੱਗੀ ਹੈ ਉਨ੍ਹਾਂ ਦੇ ਚਰਨਾਂ ਉਤੇ ਮੱਥਾ ਟੇਕ ਕੇ (ਅਗੋਂ) ਕਥਾ ਸੁਹਣੀ ਤਰ੍ਹਾਂ ਉਚਾਰਦਾ ਹਾਂ।

ਸ੍ਰੀ ਬਾਲਾ ਸੰਧੁਰੁ ਬਾਚ ॥ ਚੌਪਈ ॥ ਕਹਿ ਬਾਲਾ ਸ੍ਰੀ ਅੰਗਦ ! ਸੁਨੀਏ। ਰੁਚਿਰ ਕਥਾ ਗੁਨ ਗਨ ਯੁਤ[1] ਗੁਨੀਏ। ਮਾਰਗ ਚਲੇ ਜਾਹਿ ਗਤਿਦਾਈ। ਗੋਬਿੰਦ ਲੋਕ[2] ਮਿਲੇ ਕਛੁ ਆਈ॥੨॥ਸਭਿਨਿ ਪਦਨ ਪਰ ਬੰਦਨ ਠਾਨੀ। ਬੈਠਿ ਗਏ ਉਚਰੀ ਮੁਖ ਬਾਨੀ। 'ਰਾਵਰਿ ਸੁਜਸੁ ਸੁਨਾ ਸਭਿ ਥਾਈਂ। ਕੀਰਤਿ ਪਸਰ ਰਹੀ ਅਧਿਕਾਈ॥੩॥ਚਹਿਤ ਮਿਲਾਪ ਬਿਤਨੋ ਕਿਤਕਾਲਾ। ਅਕਸਮਾਤ੍ਰ ਅਬ ਮਿਲੇ ਕ੍ਰਿਪਾਲਾ। ਕਰਨ ਸੰਭਾਖਣ[3] ਰਾਵਰ ਸਾਥਾ।ਬੂਝਨ ਚਹੈਂ ਪ੍ਰਭੁ ਕੀ ਗਾਥਾ॥੪॥ਜੇ ਆਇਸੁ ਤੁਮ ਦੇਹੁ ਗੁਸਾਈਂ!।ਕਰਹਿ ਅਪਨੋ ਪ੍ਰਸ਼ਨ ਬਨਾਈ'। ਸੁਨਿ ਕਰਿ ਸ੍ਰੀ ਗੁਰ ਗਿਰਾ ਉਚਾਰੀ। 'ਤੁਮ ਬੂਝਨ ਪਰ ਹਉਂ ਬਲਿਹਾਰੀ॥੫॥ ਜਾਂਤੇ ਭਯੋ ਪ੍ਰੇਮ ਅਭਿਰਾਮੂ। ਹਰਿ ਚਰਚਾ ਭਗਤਨ ਕੋ ਕਾਮੂ। ਇਸ ਬਿਧਿ ਸਫਲੀ ਘਰੀ ਬਿਹਾਵਹਿ[4]। ਗਯਾਨ ਕਥਾ ਕੋ ਸੁਨਹਿਂ ਸੁਨਾਵਹਿਂ' ॥ ੬ ॥ ਦੋਹਰਾ ॥ ਸੰਤ ਕਹੈ 'ਕਰਤਾਰ ਜੋ ਕੈਸੇ ਤਾਂਹਿ ਬਨਾਇ[5]। ਰੂਪ ਰੰਗ ਜਸ ਚਿਹਨ ਹੈ ਸੋ ਤੁਮ ਦੇਹੁ ਸੁਨਾਇ ॥ ੭ ॥ ਚੌਪਈ ॥ ਸਭਿ ਪਰਮਾਨ ਬਤਾਵਹੁ ਤਿਹ ਕੋ। ਸੁਰ ਨਰ ਖੋਜਤਿ ਫਿਰਿਹੀ ਜਿਹਕੋ। ਕਿਸ ਪ੍ਰਕਾਰ ਸੋ ਉਤਪਤ ਭਯੋ?।ਕਿਧੌਂ ਆਪ ਹੀ ਤੇ ਬਨਿ ਗਯੋ ॥ ੮ ॥ ਤੁਮਹੋ ਮਿਲੇ,ਭੇਵ ਸਭਿ ਜਾਨਹੁ।ਪਰਾ ਉਰਾ ਲਖਿ ਲਿਯਤਿ[6],ਪਛਾ-

[1]ਸਹਿਤ। [2]ਸੰਤ ਲੋਕ। [3]ਪ੍ਰਸ਼ਨ ਉੱਤਰ। [4]ਬੀਤੇਗੀ। [5]ਤਿਸਦੀ ਬਨਾਵਟ। [6]ਪਾਰ ਉਰਾਰ (ਆਦਿ ਅੰਤ ਆਪ ਨੇ ਉਸ ਦਾ) ਲਖ ਲਿਆ ਹੈ (ਇਹ ਅਸੀਂ) ਪਛਾਣਦੇ ਹਾਂ।

Sri Satguru Jagjit Singh Ji eLibrary NamdhariElibrary@gmail.com

ਨਹੁ'। ਸੁਨਿ ਗੁਨ ਖਾਨੀ ਉਚਰੀ ਬਾਂਨੀ। 'ਅਹੋ ਸੰਤ! ਤਿਹ ਅੰਤ ਨ ਜਾਨੀ ॥੯॥ ਕਹਿਨ ਬਿਅੰਤ,ਅੰਤ ਇਹ ਆਹੀ। ਔਰ ਨ ਤਿਹਕੋ ਜਾਨਨੋ ਜਾਹੀ। ਦ੍ਵਾਦਸ਼ ਮਾਸ ਬਰਖ ਹੈ ਜੋਈ। ਨਿਸਦਿਨ ਏਕ ਸੁਰਨ ਕੋ ਸੋਈ ॥ ੧੦ ॥ ਦ੍ਵੈ ਸਹੰਸ੍ਰ[1] ਜੁਗ ਸੁਰ ਕੋ ਹੋਇ। ਬ੍ਰਹਮੇ ਕੋ ਨਿਸ ਦਿਨਾ[2] ਹੈ ਸੋਇ। ਅਸ ਨਿਸਦਿਨ ਕੇ ਸੰਮਤ[3] ਸ਼ਤ[4]ਹੈਂ।ਸੋ ਬ੍ਰਹਮੇ ਕੀ ਬੈਸ[5]ਗਿਨਤਿ ਹੈਂ॥੧੧॥ਅਹੋ ਬਿਸ਼ਨੁ ਕੋ ਨਿਸਦਿਨ ਸੋਈ। ਬਰਖ ਸਹਸ ਅਸ ਜਬ ਤਿਸ ਹੋਈ। ਤਬ ਤਨ ਤਜਨਹੁ ਬਿਸ਼ਨੁ* ਪ੍ਰਮਾਨਹੁ[6]। ਏਕ ਦਿਵਸ ਸ਼ਿਵ ਕੋ ਸੁ ਪਛਾਨਹੁ ॥ ੧੨ ॥ ਐਸੇ ਹੋਇੰ ਬਰਖ ਸ਼ਤ[7] ਜਬ ਹੀ। ਤਨ ਕੋ ਛੋਰਿ ਦੇਹਿ ਸ਼ਿਵ ਤਬ ਹੀ। ਇਤਨੋ ਕਾਲ ਬੀਤਿਓ ਜੋਈ। ਏਕ ਨਿਮਖ ਮਾਯਾ ਕੀ ਸੋਈ† ॥੧੩॥ਤਿਸ ਮਾਯਾ ਕੋ ਨਾਂਹੀ ਅੰਤਾ। ਤਿਹ ਪਤਿ ਕੋ ਕੋ[8]ਕਹਿ ਬਿਰਤੰਤਾ'। ਅਸ ਕਹਿ ਸ੍ਰੀ ਗੁਰ ਪਰਮ ਉਦਾਰਾ। ਸ਼ਬਦ ਗੂਜਰੀ ਬਿਖੈ ਉਚਾਰਾ॥੧੪॥

ਗੂਜਰੀ ਮਹਲਾ ੧ ॥

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥ ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥ ੧ ॥ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥ ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥ ੧ ॥ ਰਹਾਉ ॥

ਦੋਹਰਾ ॥ 'ਸ੍ਰੀ ਨਾਰਾਇਨ ਨਾਭਿ ਤੇ ਉਪਜਯੋ ਕਮਲ ਅਨੂਪ। ਤਿਸ ਮਾਂਹੀ ਬ੍ਰਹਮਾ ਭਯੋ ਚਤੁਰ[9] ਬਦਨ[10] ਜਿਸ ਰੂਪ ॥ ੧੫ ॥ ਚੌਪਈ ॥ ਸੋ ਖੋਜਨ ਲਾਗਯੋ ਕਰਤਾਰਾ। ਨਹਿੰ ਜਾਨਯੋ ਤਿਹ ਪਾਰਾਵਾਰਾ। ਖੋਜਤਿ ਖੋਜਤਿ ਰਹਿ ਗਯੋ ਹਾਰੂ[11]। ਨਰ ਬਪੁਰੇ ਕੀ ਕੌਨ ਬਿਚਾਰੂ'॥੧੬॥ ਕਹੈਂ ਸੰਤ'ਸਭਿ ਹਮਹਿ ਸੁਨਾਵਹੁ। ਜਿਉਂ ਖੋਜੀ ਹੈ ਆਦਿ ਬਤਾਵਹੁ। ਕੋਇ ਨ ਤੁਮ ਤੇ ਦੁਰਯੋ[12]ਬ੍ਰਿਤਾਂਤਾ। ਕਰ ਪਰ ਬੱਦ੍ਰ ਹ੍ਰਿਦੇ ਅਸ ਗ੍ਯਾਤਾ[13]'॥੧੭॥ ਸ੍ਰੀ ਗੁਰ ਭਨੈਂ'ਸੁਨਹੁ ਹਿਤ ਸੰਗਾ। ਸ੍ਰਿਸ਼ਟਿ ਸ੍ਰਿਜਨ ਤੇ ਪ੍ਰਿਥਮ[14] ਪ੍ਰਸੰਗਾ। ਬ੍ਰਹਮਾ

[1]ਦੋ ਹਜ਼ਾਰ। [2](ਇਕ) ਰਾਤ ਦਿਨ। [3]ਵਰਖ। [4]ਸੌ। [5]ਆਯੂ। [6]ਸਮਝੋ। [7]ਸੌ। [8]ਕੌਣ। [9]ਚਾਰ। [10]ਮੂੰਹ ਵਾਲਾ। [11]ਹਾਰਕੇ ਰਹਿ ਗਿਆ। [12]ਛੁਪਿਆ। [13]ਹੱਥ ਉੱਪਰ ਬੇਰ ਹੁੰਦਾ ਹੈ ਜਿਵੇਂ ਤਿਵੇਂ ਤੁਹਾਡੇ ਰਿਦੇ ਵਿਚ ਗਿਆਨ ਹੈ। [14]ਪਹਿਲਾ।

*ਇਥੋਂ ਸਪਸ਼ਟ ਹੋ ਗਿਆ ਕਿ ਵਿਸ਼ਨੂੰ ਬੀ ਮ੍ਰਿਤੂ ਨੂੰ ਪ੍ਰਾਪਤ ਹੁੰਦਾ ਹੈ।

†ਇੱਬਜ ਬਰਖ ਆਦਿ ਦਾ ਹਿਸਾਬ ਅਸੀਂ ਪਿੱਛੇ ਪੂਰਬਾਰਧ ਅਧ੍ਯਾਯ ੬੬ ਅੰਕ ੪੭ ਦੀ ਤੁਕ ਵਿਚ ਦੇ ਆਏ ਹਾਂ।

Sri Satguru Jagjit Singh Ji eLibrary NamdhariElibrary@gmail.com

ਭਯੋ ਕਮਲ ਤੇ ਜਬਹੀ । ਉਸਤਤਿ ਠਾਨੀ[1] ਪ੍ਰਭੁ ਕੀ ਤਬਹੀ ॥ ੧੮ ॥ ਦੋਹਰਾ ॥ ਤੱਤ੍ਰਗਯਾਨ ਕੇ ਜਾਨਿਬੇ ਜਗੀ ਪ੍ਰੀਤਿ ਮਨ ਮਾਂਹਿ।–ਕੈਸੋ ਕਰਤਾ ਪੁਰਖੁ ਹੈ–ਦੇਖਿਨਿ ਉਮਗੀ ਚਾਹਿ ॥ ੧੯ ॥ ਚੌਪਈ ॥ ਰਿਚਾ ਪ੍ਰਸ਼ੰਸਾ ਕੀ ਬਹੁ[2] ਕਰਿਹੀ । ਲਾਇ ਪ੍ਰੀਤਿ ਮੁਖ ਬਚਨ ਉਚਰਿਹੀ । ਮਧੁਰ ਮਧੁਰ ਸੁਰ ਸਿਉਂ ਤਬ ਗਾਵਹਿ । ਅਧਿਕ ਰੀਝ ਕੈ ਹਰਖ ਬਢਾਵਹਿ॥੨੦॥ਬਧੈ ਪ੍ਰੀਤਿ ਪੁਨ ਅਵਰ ਕਰੇਈ। ਅਰਥ ਬਿਚਾਰ ਬਡੋ ਸੁਖ ਲੇਈ। ਪ੍ਰੇਮ ਮਗਨ ਮੁਖ ਗਦਗਦ[3] ਬਾਨੀ। ਗਾਵਹਿ ਰੀਝਹਿ ਆਨੰਦ ਮਾਨੀ ॥ ੨੧॥ ਚਤੁਰ ਬੇਦ[4] ਤਬ ਕਰੇ ਬਿਧਾਤਾ[5] । ਜੋ ਜਗ ਬਿਖੈ ਅਹੈਂ ਬੱਖਯਾਤਾ। ਤਿਨਹਿ ਬਿਲੋਕਤਿ ਰਿਖੀ ਪ੍ਰਬੀਨੇ[6] । ਸਿੰਮ੍ਰਿਤਿ ਸ਼ਾਸਤ੍ਰ ਬਹੁ ਰਚਿ ਦੀਨੇ ॥੨੨॥ ਦੋਹਰਾ॥ ਚਤੁਰ ਬੇਦ ਅਸ ਕਰਿ ਬਹੁਰ ਉਰ ਮਹਿੰ ਕੀਨ ਬਿਚਾਰ।–ਕਿਸ ਤੇ ਮੈਂ ਉਤਪਤਿ ਭਯੋ ਕੋ ਉਪਜਾਵਨ ਹਾਰ॥੨੩॥ਚੌਪਈ॥ਕਰੀ ਦ੍ਰਿਸ਼ਟਿ ਦੇਖੀ ਦਿਸ਼ ਚਾਰ। ਜਹਿੰ ਤਹਿੰ ਜਲ ਹੈ ਅਪਰ ਅਪਾਰਾ[7]।–ਕੈ ਮੈਹੌਂ ਕੈ ਜਲ ਹੈ ਦੂਜੋ। ਔਰ ਨ ਕਿਹੰ ਥਲ ਦੀਸਤਿ ਤੀਜੋ–॥੨੪॥ਉਪਜਯੋ ਗਰਬ[8]–ਨ ਮੋ ਬਿਨੁ ਆਨਾ[9]। ਮੈਂ ਕਿਹੰ[10] ਉਸਤਤਿ ਕਰਉਂ ਬਖਾਨਾ। ਕਰਨ ਕਰਾਵਨ ਮੈਂ ਕਰਤਾਰਾ। ਅਪਰ ਨ ਹੈ ਕੋ ਸਿਰਜਨਹਾਰਾ[11] ॥ ੨੫ ॥ ਜੇ ਹੋਵਤਿ ਤੋ ਦੀਸਤਿ ਮੋਹੀ। ਲਖਯੋ ਨ ਕੋ ਯਾਂਤੇ ਨਹਿ ਹੋਹੀ[12]–। ਇਸ ਬਿਧਿ ਰਿਦੈ ਗਰਬ ਜਬ ਭਯੋ। –ਮੈਂ ਹੌਂ ਅਪਰ ਨ ਕਰਤਾ ਬਿਯੋ[13]–॥੨੬॥ਦੋਹਰਾ॥ਤਬ ਗੰਭੀਰ ਧੁਨਿ ਸੋਂ ਮਧੁਰ ਬਾਨੀ ਭਈ ਅਕਾਸ਼।–ਕਿਉਂ ਗਰਬਤ ਬ੍ਰਹਮਾ ਰਿਦੈ ? ਮੈਂ ਹੋਂ ਕਰਤਿ[14] ਪ੍ਰਕਾਸ਼॥੨੭॥ਚੌਪਈ॥ਜਿਸ ਤੇ ਹੋਯੋ ਜਨਮ ਤੁਮਾਰਾ। ਤਿਹ ਕੋ ਖੋਜਹੁ ਆਇ ਬਿਚਾਰਾ–। ਸੁਨਿ ਕਰਿ ਬ੍ਰਹਮੇ ਬਚਨ ਉਚਾਰਾ।–ਭਲੀ ਭਾਂਤਿ ਸਭਿ ਸਥਲ ਨਿਹਾਰਾ ॥੨੮॥ ਕੈ ਮੈਂ ਹੌਂ, ਕੇ ਜਲ ਹੈ ਇਹਾਂ।ਅਪਰ ਨ ਪਿਖਯੋ,ਪੇਖਿ ਬਹੁ ਰਹਾ। ਜੇ ਕਰਿ ਤੀਜੋ ਹੈ ਕਿਹ ਥਾਈਂ। ਸੋ ਮੋਕੋ ਅਬ ਦੇਹੁ ਬਤਾਈ–॥੨੯॥ ਤਬ ਅਕਾਸ਼ ਬਾਨੀ ਨੈ ਕਹਾ।–ਜਿਸ ਪਰ ਬੈਠਿ ਪਰਮ ਸੁਖ ਲਹਾ। ਸੋ ਅਪਨੀ ਤੂੰ ਆਦਿ[15] ਪਛਾਨ।ਇਸ ਕੋ ਖੋਜ ਗਰਬ ਪੁਨ ਠਾਨਿ–॥੩੦॥ਦੇਖਿ ਕਮਲ ਬਿਧਿ[16] ਗਿਰਾ ਉਚਾਰੀ।–ਇਹ ਤੋ ਛੋਟੋ ਮੋਹਿ ਅਗਾਰੀ। ਪਿਖੋਂ

[1]ਕੀਤੀ। [2]ਉਸਤਤ ਦੀਆਂ ਰਿਚਾਂ। [3]ਪ੍ਰਸੰਨ। [4]ਚਾਰ ਵੇਦ। [5]ਬ੍ਰਹਮਾ ਨੇ। [6]ਚਤੁਰ ਰਿਸ਼ੀਆਂ ਨੇ। [7]ਬਿਅੰਤ। [8]ਹੰਕਾਰ। [9]ਮੇਰੇ ਬਿਨਾ ਹੋਰ ਦੂਸਰਾ (ਕੋਈ) ਨਹੀਂ। [10]ਕਿਸਦੀ। [11]ਬਨਾਵਣ ਵਾਲਾ। [12]ਹੋਣਾ ਹੀ ਨਹੀਂ। [13]ਦੂਸਰਾ। [14]ਕਰਨ ਵਾਲਾ। [15]ਉਤਪਤੀ ਦਾ ਕਾਰਨ। [16]ਬ੍ਰਹਮਾ ਨੇ।

Sri Satguru Jagjit Singh Ji eLibrary NamdhariElibrary@gmail.com

ਬਿਸ਼ਾਲ ਆਪਨੀ ਦੇਹੀ । ਅਸਮੰਜਸ[੧] ਪੁਨ ਆਇ ਨ ਕੇਹੀ[੨] ॥ ੩੧ ॥ ਅਲਪ[੩] ਵਸਤੁ ਕਸ[੪] ਜਨਹਿ ਬਿਸਾਲਾ[੫]–। ਨਭ[੬] ਮਹਿ ਬੋਲੇ ਬਹੁਰ ਅਕਾਲਾ ।–ਜਬ ਭਲਿਭਾਂਤਿ ਖੋਜਨਾ ਠਾਨਹੁ । ਅਲਪ[੭] ਬਿਸਾਲ[੮] ਤਬਹਿ ਪਹਿਚਾਨਹੁ–॥੩੨॥ ਸੁਨਿਕੈ ਬ੍ਰਹਮਾ ਚੱਕ੍ਰਿਤ[੯] ਹੋਵਾ। ਚਿੰਤਾ ਕਰਤਿ ਕਮਲ ਦਿਸ਼ਿ ਜੋਵਾ[੧੦]।–ਮੈਂ ਬਿਸ਼ਾਲ ਇਹੁ ਅਲਪ ਦਿਸਾਈ। ਉਤਪਤਿ ਮਮ ਕਿਸ ਬਿਧਿ ਬਨਿਆਈ !–॥੩੩॥ ਬਹੁ ਚਿਤਵਤਿ ਅਸ ਰਿਦੈ ਬਿਚਾਰੀ ।–ਹਨੋਂ ਲਾਤ, ਜੇ ਲੇਯ ਸਹਾਰੀ[੧੧]। ਤੌ ਜਾਨਹੁੰਗੋ ਇਹ ਮਮ ਆਦਿ। ਟੂਟ ਗਯੋ ਜਬ, ਸਮਝੌਂ ਬਾਦ[੧੨]–॥ ੩੪ ॥ ਕਰਿ ਬਿਚਾਰ ਤਬ ਲਾਤ ਪ੍ਰਹਾਰੀ[੧੩] । ਚਲ੍ਯੋ ਨ ਕਮਲ ਦੁਤਿਯ ਤਬ ਮਾਰੀ । ਹਨਤਿ ਪਰ੍ਯੋ ਤਿਹਕੇ ਮਧ ਜਾਈ । ਗਯੋ ਨਾਲ ਮਹਿਂ ਠੌਰ ਨ ਪਾਈ ॥ ੩੫ ॥ ਦੋਹਰਾ ॥ ਜਿਉਂ ਬਿਸ਼ਾਲ ਗੰਭੀਰ-ਮਹਿ-ਕੂਪ ਚੌਰ ਪਰ ਜਾਇ[੧੪] । ਤਿਉਂ ਤਿਸ ਮੈਂ ਗਿਰ ਕੈ ਗਯੋ ਥਾਹਿ ਨ ਕਿਤਹੂੰ ਪਾਇ॥੩੬॥ ਚੌਪਈ॥ ਚਲ੍ਯੋ ਜਾਤ ਚਿਰਕਾਲ ਬਿਤਾਵਾ । ਠਹਿਰਨ ਥਾਨ ਕਹੂੰ ਨਹਿਂ ਪਾਵਾ । ਕਬ ਸਿਰ ਉਪਰ ਕਬ ਹੀ ਨੀਚੇ । ਚਲ੍ਯੋ ਜਾਤਿ ਤਿਸ ਨਾਲੀ ਬੀਚੇ ॥ ੩੭ ॥ ਬਿਹਬਲ ਹ੍ਵੈ ਅਤਿਹੀ ਦੁਖ ਪਾਵਾ । ਉਬਰਨ ਕੋ ਨਹਿ ਪਾਇ ਉਪਾਵਾ ।–ਆਦਿ ਮੱਧਿ ਅੰਤ ਹੌਂ ਸਾਰੇ[੧੫]–। ਪ੍ਰਿਥਮ ਗਰਬ ਤੇ ਬਚਨ ਉਚਾਰੇ[੧੬]॥੩੮॥ ਸੋ ਸਭਿ ਗਰਬ ਗਯੋ ਤਿਹ ਉਰ ਤੇ। ਪਾਇ ਸ਼ਰਮ[੧੭] ਜਬ ਗਿਰਗਾ ਧੁਰ ਤੇ। ਭਯੋ ਦੁਖਾਤੁਰ[੧੮] ਰੋਦਨ ਕਰਿਹੀ। ਉਸਤਤਿ ਪ੍ਰਭੁ ਕੀ ਬਹੁਰ ਉਚਰਿਹੀ ॥ ੩੯ ॥–ਨਮੋ ਨਮੋ ਅਬਿਨਾਸ਼ੀ ਸ੍ਵਾਮੀ ! । ਰੂਪ ਨ ਰੇਖ ਨ ਅੰਤਰਜਾਮੀ । ਪਾਰਬ੍ਰਹਮ ਪਰਮੇਸ਼ੁਰ ਕਰਤਾ ! । ਗੰਜਨ[੧੯] ਗਰਬ ਸਕਲ ਦੁਖ ਹਰਤਾ !–॥੪੦ ॥ ਸ੍ਰੀ ਅਕਾਲ ਪਿਖਿ ਦੀਨਦਯਾਲਾ । ਕਾਢਿ ਨਾਲਿ ਤੇ ਲਿਯ ਤਤਕਾਲਾ । ਤਮ ਗੁਬਾਰ ਤੇ ਬਾਹਰ ਆਇਓ । ਬੈਠਿ ਕਮਲ ਪਰ ਬਹੁ ਸੁਖੁ ਪਾਯੋ॥੪੧॥ ਕਰਨ ਪ੍ਰਸ਼ੰਸ਼ਾ ਲਗ੍ਯੋ ਬਹੋਰੀ । ਬੰਦਹਿ

---

[੧] [੨] ਸੰਦੇਹ ਵਾਲੀ ਗਲ ਹੈ, (ਚਿੱਤ ਵਿਚ) ਨਹੀਂ ਆਂਵਦੀ ਕਿਸੇ ਤਰ੍ਹਾਂ (ਬੀ) । [੩] ਛੋਟੀ । [੪] ਚੀਜ਼ ਕਿਸ ਤਰ੍ਹਾਂ । [੫] ਪੈਦਾ ਕਰ ਸਕਦੀ ਹੈ ਵਡੀ ਨੂੰ । [੬] ਅਕਾਸ਼ । [੭] ਛੋਟਾ । [੮] ਵੱਡਾ । [੯] ਹੈਰਾਨ । [੧੦] ਵੱਲ ਤੱਕਿਆ । [੧੧] ਜੇ ਸਹਾਰ ਲਏਗੀ (ਕਮਲਦੀ ਨਾਲ) [੧੨] ਵਿਅਰਥ ਬਾਤ ਸਮਝਾਂਗਾ । [੧੩] ਲੱਤ ਮਾਰੀ । [੧੪] ਜਿਵੇਂ ਬੜੇ ਡੂੰਘੇ ਖੂਹ ਵਿਚ ਚੋਰ ਜਾ ਡਿੱਗੇ । [੧੫] ਆਦਿ, ਮੱਧ, ਅੰਤ ਸਾਰੇ ਮੈਂ ਹੀ ਹਾਂ । [੧੬] (ਇਹ) ਉਚਾਰੇ ਸੀ ਪਹਿਲੇ ਹੰਕਾਰ ਨਾਲ । [੧੭] ਥਕੇਵਾਂ । [੧੮] ਦੁਖ (ਕਰਕੇ) ਦੁਖੀ । [੧੯] ਨਾਸ਼ ਕਰਤਾ ।

Sri Satguru Jagjit Singh Ji eLibrary NamdhariElibrary@gmail.com

ਬਾਰ ਬਾਰ ਕਰ ਜੋਰੀ ।–ਅਗਮ, ਅਗੋਚਰ, ਅਲਖ, ਅਨੰਤਾ । ਅੱਚੁਤ[1], ਅਬਧ[2] ਸ੍ਰੀ ਭਗਵੰਤਾ॥੪੨॥ਸੱਤਿ, ਅਰੂਪ, ਅਨੂਪ, ਅਲੇਖਾ॥ਨਿੱਤਨ, ਅਭੁਤ[3] ਅਛੂਤ[4] ਅਭੇਖਾ[5]।ਅਕਰਮ[6], ਅਭਰਮ[7], ਅਦ੍ਵੈਤ*, ਅਨਾਸ਼[8]।ਅਭੈ ਅਨਾਦੀ[9] ਸੁਤੇ ਪ੍ਰਕਾਸ਼॥੪੩॥ਰੇਖ ਨ, ਰੰਗ ਨ, ਮੋਹ ਨ ਮਾਯਾ। ਅਜੈ[10] ਅਜਨਮਾ[11] ਅਜਰ[12] ਅਜਾਯਾ[13]।ਸਭਿ ਤੈ ਦੂਰ ਸਭਿਨਿਅਤਿਪਾਸ॥ਸਦਾ ਅਲੇਪ ਸਰਬ ਮਹਿ ਬਾਸਾ[14]।੪੪।ਨੇਤਿ, ਨੇਤਿ, ਨਿਤ ਅਪਰ ਅਪਾਰਾ–। ਸਹਸ੍ਰਨਾਮ ਅਸ ਬਦਨ ਉਚਾਰਾ। ਤਿਹ ਛਿਨ ਨਭ ਬਾਨੀ ਪੁਨ ਹੋਈ।ਮੇਘ[15] ਗਰਜ ਮਧੁਰੀ ਜਿਉਂ ਸੋਈ॥੪੫॥ਦੋਹਰਾ ।–ਤਪ ਕਰਿ, ਤਪਕਰਿ; ਤਪ ਕਰਹੁ–ਕਹਨੋ ਬਾਰ ਇਉਂ ਤੀਨ।–ਜਗ ਰਚਨੇ ਕੀ ਸ਼ਕਤਿ ਹ੍ਵੈ ਰਚਹੁ ਬਹੋਰ, ਪ੍ਰਬੀਨ !–॥੪੬॥ ਚੌਪਈ॥ਬੈਠਿ ਕਿਯੋ ਤਪ ਤਬ ਚਿਰਕਾਲ॥ ਪਾਇ ਸ਼ਕਤਿ ਜਗ ਰਚਨੋ ਬਿ-ਸ਼ਾਲਾ'।ਸ੍ਰੀਗੁਰ ਕਹੈਂ 'ਸੁਨਹੁ ਹਰਿਸੰਤ !। ਇਸਬਿਧਿ ਕੋ ਸ੍ਰੀ ਕਮਲਾ ਕੰਤ[16] ।੪੭।ਦੋਹਰਾ॥ਜਿਹਕੋ ਅੰਤ ਨ ਜਾਨਿਓ ਰਹਯੋ ਬਿਧਾਤਾ ਦੇਖਿ।ਹਮ ਕਲਜੁਗ ਕੇ ਮਨੁਜ ਕਯਾ ਲਖਿ ਸਕਈ ਜੁ ਅਲੇਖ[17]†।੪੮।ਚੌਪਈ॥ ਤਿਹਕੇ[18] ਸੰਗ ਲਗੀ ਮਮ ਪ੍ਰੀਤੀ। ਉਰ ਮਹਿ ਬਸਯੋ ਨਿਰੰਤਰ ਨੀਤੀ। ਕਰਹਿ ਸੇਵ ਜਿਹ ਸ਼ਿਵ ਸਨਕਾਦਿਕ।–ਨੇਤਿ ਨੇਤਿ–ਨਿਤ ਕਹਿ ਬ੍ਰਹਮਾਦਿਕ ॥ ੪੯ ॥ ਪ੍ਰਾਨ ਅਧਾਰ ਸੁ ਕਿਯ ਮਨ ਮਾਂਹੀ। ਅਸ਼ਟ ਪਹਿਰ ਮੈਂ ਬਿਸਰਤਿ ਨਾਂਹੀ'। ਸੁਨਤਿ ਸੰਤ ਚਿਤ ਬਹੁ ਹਰਖਾਨੇ । 'ਧੰਨ ਧੰਨ' ਪੁਨ 'ਧੰਨ' ਬਖਾਨੇ ।੫੦। 'ਮੁਕਤਿ ਦਾਨ ਦਾਬਰਨ ਤੁਮਾਰੇ।ਇਕਸੰਸੈ ਉਰ ਔਰ ਹਮਾਰੇ। ਕੌਨ ਵਸਤੁ

[1]ਅਟਲ। [2]ਅਬਿਨਾਸ਼ੀ, ਅਬਦਲ। [3]ਅਨੋਖਾ। [4]ਪਵਿੱਤ੍ਰ। [5]ਭੇਖ ਰਹਤ। [6]ਕਰਮ ਰਹਤ। [7]ਭਰਮ ਰਹਤ। [8]ਅਬਿਨਾਸ਼ੀ । [9]ਭੈ ਰਹਤ ਤੇ ਜਿਸ ਦਾ ਆਦਿ ਨ ਹੋਵੇ। [10]ਜੋ ਜਿੱਤਿਆ ਨਾ ਜਾਏ। [11]ਜਨਮ ਰਹਤ। [12]ਜੋ ਬੁੱਢਾ ਨਾ ਹੋਵੇ। [13]ਇਸਤ੍ਰੀ ਰਹਤ। [14]ਵਾਸ (ਹੈ ਜਿਸ ਦਾ)। [15]ਬੱਦਲ ਦੀ। [16]ਪਰਮੇਸ਼੍ਵਰ। [17]ਜੋ ਲਖਯਾ ਨਾ ਜਾਏ। [18]ਉਸ (ਪਰਮੇਸ਼ਰ) ਦੇ।

*ਪਾ:–ਅਪਾਰ।

†ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੫੨ ਅੰਕ ੩੫ ਵਿਚ ਕਵਿ ਜੀ ਕਹਿ ਆਏ ਹਨ ਨਾਰਦ ਦੀ ਜ਼ਬਾਨੀ ਕਿ ਹੇ ਗੁਰੂ ਨਾਨਕ ਜੀ ਤੁਸਾਂ ਬ੍ਰਹਮਾ ਨੂੰ ਆਦਿ ਵਿਚ ਦ੍ਵਾਦਸ਼ ਮਹਾਂ ਵਾਕ ਸੁਣਾ ਕੇ ਅਪਣਾ ਸਰੂਪ ਪਛਾਣਨ ਦੇ ਲਾਇਕ ਕੀਤਾ ਸੀ, ਤਾਂ ਓਹ ਵੇਦ ਰਚਨ ਦੇ ਸਮਰਥ ਹੋਇਆ ਸੀ। ਇਸੇ ਅਧਯਾਯ ਦੇ ਅੰਕ ੬੭ ਵਿਚ ਗੁਰੂ ਜੀ ਨੂੰ ਵਾਹਿਗੁਰੂ ਰੂਪ ਤਸਲੀਮ ਕਰਦੇ ਹਨ; ਸੋ ਗੁਰੂ ਜੀ ਦੇ ਐਸੇ ਵਾਕ 'ਅਸੀਂ ਕਲਜੁਗ ਦੇ ਜੀਵ ਹਾਂ' ਉਨ੍ਹਾਂ ਦੀ ਸੁਭਾਵਕ ਨਿੰਮ੍ਰਤਾ ਹੈ, ਜਿਵੇਂ ਓਹ ਸਦਾ ਆਪ ਨੂੰ ਨੀਵਾਂ ਹੀ ਕਹਿਕੇ ਖੁਸ਼ ਹੁੰਦੇ ਸਨ। ਅਸਲ ਵਿਚ ਆਪ ਗੁਰ ਅਵਤਾਰ ਤੇ ਜੋਤਿ ਸਰੂਪ ਸਨ।

Sri Satguru Jagjit Singh Ji eLibrary NamdhariElibrary@gmail.com

ਇਹ ਲੋਚਨ ਆਹੀਂ[1]। ਦੇਖੈ ਕੌਨ ਰਹਿਤਿ ਇਨ ਮਾਂਹੀ[2] ॥ ੫੧ ॥ ਕਿਸ ਪ੍ਰਕਾਰ ਜੋ ਸਰਬ ਪਸਾਰਾ। ਦੇਖਿ ਲੇਹਿ ਜੋ, ਕਹਹੁ ਬਿਚਾਰਾ। ਤੁਮ ਸਮ ਗਯਾਤਾ ਮਿਲਹਿ ਨ ਆਨੀ'। ਸੁਨਿ ਪਦ ਦੁਤਿਯ ਕਹਨੋ ਗੁਨਖਾਨੀ॥੫੨॥

'ਰਵਿਸਸਿ ਦੀਪਕ ਜਾਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥ ੨ ॥

ਚੌਪਈ॥'ਸੁਨਹੁ ਸੰਤ!' ਸ੍ਰੀ ਨਾਨਕ ਕਹਿਹੀਂ। 'ਚੰਦ ਸੂਰਜ ਮਹਿ ਜੋਤ[3] ਜੁ ਅਹਿਹੀ॥ਜਿਹਤੇ ਜਗ ਮਹਿਂ ਹੋਤਿ ਉਜਾਲਾ॥ ਸੋ ਈਸ਼ੁਰ ਕੀ ਲਖਹੁ ਬਿਸਾਲਾ ॥ ੫੩ ॥ ਦਈ ਜੋਤਿ ਦੀਪਕ ਜਗ ਕੀਨੇ। ਤਿਹ ਬਿਧਿ ਜੋਤਿ ਸਰਬ ਘਟ ਚੀਨੇ॥ਤਿਸਤੇ ਨੈਨਨ ਨਦਰੀਆਵੈ॥ਸਭਿ ਘਟਿ ਪ੍ਰਭੁਕੀ ਜੋਤਿ ਰਹਾਵੈ॥੫੪॥ ਹੋਇ ਜਿ ਗੁਰਮੁਖਿ ਜਾਨਹਿ ਤਬਹੀ॥ਰਮ ਕਰਿ ਰਹਨੋ ਰਾਮ ਘਟ ਸਭਿ ਹੀ। ਕਬਹਿ ਨ ਮਨਮੁਖ ਮੁਗਧ ਪਛਾਨਹਿ। ਸੱਤਿਨਾਮ ਜੋ ਨਹੀਂ ਬਖਾਨਹਿ ॥੫੫॥ ਮੋਹ ਤਿਮਰ ਮਹਿ ਅੰਧੇ ਸੋਈ। ਪ੍ਰਭੁ ਮਾਰਗ ਨਹਿ ਜਾਨਹਿ ਓਈ'। ਸੁਨਿ ਕਰਿ ਸੰਤ ਗਿਰਾ ਪੁਨ ਪ੍ਰਾਹੀ। 'ਅੰਧੇ ਭਏ ਨੈਨ ਜਿਨ ਨਾਂਹੀ ॥੫੬॥ ਚੰਦ ਸੂਰਜ ਨਹਿ ਦੇਖਹਿ ਸੋਈ। ਚਖ ਹ੍ਵੈ ਪਿਖਹਿਂ ਭਲੇ ਸਭਿ ਕੋਈ[4]। ਤਿਨ ਲੋਚਨ ਕੀ[5] ਜੋਤਿ ਜਿ ਆਹੀ। ਸੋ ਕਹੀਏ'ਸੁਨਿ ਕਰਿ ਗੁਰਪ੍ਰਾਹੀ॥੫੭॥

ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥ ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥ ੩ ॥

ਚੌਪਈ॥'ਆਗੈ ਸਦਾ ਝਗਰ ਇਹੁ ਭਯੋ। ਸਿੱਧ ਸਾਧ ਸਭਿਹਿਨਿ ਨੈ ਕਿਯੋ॥ ਨੇਤ੍ਰਨ ਬਿਖੈ ਚਾਮ[6] ਕੈ[7] ਪਾਨੀ॥ ਸਭਿ ਜਾਨਤਿ ਇਹੁ ਬਾਤ ਨ ਛਾਨੀ[8]।੫੮॥ ਇਨ ਮਹਿ ਦੇਖਤਿ ਵਸਤੁ ਸੁ ਕਸਾ ਹੈ। ਆਗੈ ਇਉਂ ਹੀ ਝਗਰ ਕਿਯਾ ਹੈ। ਨਹਿ ਜਾਨਯੋ ਇਹ ਰਿਖਿਨਿ ਮੁਨੀਸ਼ੁਰ। ਸਿੱਧ ਸਾਧ ਜੋ ਬਹੁਤ ਤਪੀਸ਼ੁਰ ॥ ੫੯॥ਸਤਿਗੁਰ ਬਿਨਾ ਨ ਜਾਨਤਿ ਕੋਈ। ਅੰਤਰ ਵਸਤਿ ਪਿਖਤਿ ਹੈ ਜੋਈ। ਅੰਤਰ ਉਰ ਕੇ ਜਾਗਤਿ ਜੋਤੀ॥ਤਬਿ ਅੰਤਰਿ ਦਿਸਕੇ ਸੁਧਹੋਤੀ॥੬੦॥ ਸਤਿ-ਗੁਰ ਸ਼ਬਦ ਕਮਾਵਨ[9] ਕਰਿਹੀ। ਪੁਨ ਧੁਨਿ ਸੁਨਹਿ ਦਸਵ ਜੋ ਦਰ ਹੀ[10]। ਸ੍ਰੀ ਸਤਿਗੁਰ ਇਹ ਝਗਰ ਨਿਬੇਰੈ[11]। ਔਰ ਨ ਜਾਨਹਿ ਕੋਊ ਨ ਹੇਰੈ[12]

[1]ਅੱਖਾਂ ਹੈਨ। [2]ਇਨ੍ਹਾਂ ਵਿਚੋਂ ਕੌਣ ਦੇਖਦਾ ਰਹਿੰਦਾ ਹੈ। [3]ਪ੍ਰਕਾਸ਼। [4]ਅੱਖਾਂ ਹੋਣ ਤੇ ਦੇਖਦਾ ਹੈ ਸਭ ਕੋਈ ਭਲੀ ਪ੍ਰਕਾਰ। [5]ਤਿਨ੍ਹਾਂ ਦੀਆਂ ਅੱਖਾਂ ਦੀ। [6]ਮਾਸ। [7]ਜਾਂ। [8]ਛੁਪੀ ਹੋਈ ਨਹੀਂ। [9]ਸਿਮਰਨ। [10]ਦਸਵੇਂ ਦੁਆਰ ਦੀ। [11]ਨਿਬੇੜਦੇ ਹਨ। [12]ਨਹੀਂ ਦੇਖਦਾ।

॥੬੧॥ਸਭਿ ਇੰਦ੍ਰੀਆਂ ਕ੍ਰਿਆ ਜੁ ਕਰਿਹੀਂ। ਪਰਮ ਜੋਤਿ ਕੇ ਹੈਂ ਅਨੁਸਰਹੀ*। ਸੋ ਤੁਮ ਖੋਜਹੁ ਅੰਤਰ ਦੇਹੀ। ਪਾਇ ਲੇਹੁਗੇ ਸੁਧ ਹੈ ਜੇਹੀ[1]"॥੬੨॥ ਸੁਨਿਕੈ ਸੰਤ ਹਰਖ ਉਰ ਧਰਿਕੈ। ਪੁਨ ਬੂਝਨ ਕਿਯ ਬਚਨ ਉਚਰਿਕੈ। 'ਏਕੰਕਾਰ ਪ੍ਰਭੁ ਕਰਤਾਰਾ। ਕਿਹ ਬਿਧਿ ਮਿਲਹਿ? ਜਿ ਹੈ ਨਿਸਤਾਰਾ?॥੬੩॥ ਕਉਨ ਜਤਨ ਸੋਂ ਪਾਇਆ ਜਾਈ। ਸੋ ਸੁਧ ਦਿਹੁ ਹਮਕੋ ਸਮਝਾਈ' ਸ੍ਰੀ ਨਾਨਕ ਪੁਨ ਕੀਨ ਅਲਾਵਨ[2]। ਪੂਰਨ ਕੀਨੋ ਸ਼ਬਦ ਸੁਹਾਵਨ ॥੬੪॥

ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥ ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥ ੪ ॥ ੨ ॥

ਦੋਹਰਾ ॥ 'ਬੇਸ਼ੁਮਾਰ ਸੁਰ ਨਰਨਪਤਿ[3], ਮੰਦਰ ਜਾਂਹਿ ਅਪਾਰ। ਸਹਿਜ ਭਾਇ ਸੋ ਮਿਲਤਿ ਹੈ, ਤਿਹ ਨਦਰੀ[4] ਨਿਸਤਾਰ[5]"॥੬੫॥ ਚੌਪਈ ॥ ਸੰਤਨ ਸੁਨਿ ਕਰਿ ਬਚ ਇਸ ਭਾਂਤੀ। ਨਸਜੋ ਭਰਮ ਉਪਜੀ ਮਨ ਸ਼ਾਂਤੀ। ਹਾਥ ਜੋਰਿ ਪਦ ਬੰਦਨ ਕਰਿਹੀਂ। ਬਾਰ ਬਾਰ ਬਹੁ ਬਿਨੈ ਉਚਰਿਹੀਂ॥੬੬॥ "ਤੁਮ ਪਰਮੇਸ਼ੁਰ ਕੋ ਅਵਤਾਰਾ। ਨਰਨ ਉਧਾਰਨ ਕੋ ਤਨ ਧਾਰਾ। ਹਮ ਕੋ ਦੂਸਰ ਨਾਂਹੀ ਥਾਉਂ। ਕਰਹੁ ਮੁਕਤਿ ਦੇ ਅਪੁਨਾ ਨਾਉਂ ॥੬੭॥ ਬਹੁ ਦਿਨ ਹਮ ਭਰਮਤਿ ਜਗ ਫ਼ਿਰੇ। ਅਬ ਨਿਸ਼ਚੇ ਕਰਿ ਤੁਮ ਗੁਰ ਕਰੇ। ਸ਼ਰਨ ਪਰੇ ਕੀ ਰਾਖਹੁ ਸ੍ਵਾਮੀ! ਹਮ ਸਦੀਵ ਤੁਮਰੇ ਅਨੁਗਾਮੀ[6]" ॥ ੬੮ ॥ ਦੋਹਰਾ ॥ ਸ੍ਰੀ ਨਾਨਕ ਤਿਨ ਪ੍ਰਤਿ ਕਹਯੋ 'ਧਰਿ ਸ਼ਰਧਾ ਦਿਨ ਰੈਨ। ਵਾਹਿਗੁਰੂ ਸਿਮਰਨ ਕਰਹੁ ਹੋਵਹੁ ਮੋਖ ਸੁਖੈਨ'॥੬੯॥ਚੌਪਈ॥ਇਸ ਪ੍ਰਕਾਰ ਤਿਨ ਦੇ ਉਪਦੇਸ਼ਾ। ਕੀਨ ਗਮਨ ਆਗੇ ਜਗਤੇਸ਼ਾ। ਤਿਨ ਸੰਤਨ ਕਰਿ ਰਿਦੇ ਉਮੰਗਾ। ਸ੍ਰੀ ਸਤਿਗੁਰ ਕੇ ਗਮਨੇ ਸੰਗਾ॥੭੦॥ਮਾਰਗ ਬਿਖੈ ਜਾਤਿ ਗੁਨਖਾਨੀ। ਕਹਿਨ ਲਗੇ ਮੁਝ ਸੋਂ ਅਸ ਬਾਨੀ। 'ਲਾਲੋ ਹੈ ਬਹੁ ਮੀਤ ਹਮਾਰਾ। ਚਲਹੁ ਮਿਲੈਂ ਅਬ ਤਾਂਹਿ ਸੰਗਾਰਾ॥੭੧॥ਬਹੁਤ ਦਿਵਸ ਬੀਤੇ ਤਿਹ ਦੇਖੇ। ਨਗਰ ਏਮਨਾਬਾਦ ਬਿਸ਼ੇਖੇ'। ਕਹਿ ਬਚ ਗਮਨਤਿ ਗੁਰੂ ਅਗਾਰੀ। ਹਮ ਫਕੀਰ ਸਭਿ ਚਲਹਿਂ ਪਿਛਾਰੀ[7]॥੭੨॥ਮੰਦ ਮੰਦ ਗਤਿ ਸੁੰਦਰ ਭਾਰੀ। ਬਿਗਸਤਿ ਬੋਲਤਿ

---

[1]ਪਾ ਲਵੋਗੇ ਸੁਧ ਜਿਹੋ ਜੇਹੀ (ਉਹ) ਹੈ। [2]ਕਹਿਣਾ ਕੀਤਾ। [3]ਦੇਵਤੇ ਤੇ ਨਰਾਂ ਦਾ ਰਾਜਾ (ਪਰਮੇਸ਼ੁਰ) ਹੈ ਬੇਸ਼ੁਮਾਰ। [4]ਉਸ ਦੀ ਕਿਰਪਾ ਨਾਲ। [5]ਮੁਕਤੀ ਹੁੰਦੀ ਹੈ। [6]ਅਨੁਸਾਰੀ ਹਾਂ। [7]ਬਾਲਾ ਕਹਿੰਦਾ ਹੈ ਅਸੀਂ ਤੇ ਸਾਰੇ ਫਕੀਰ ਪਿੱਛੇ ਚਲੇ। *ਪਾ:—ਆਸਰ ਹੀ।

Sri Satguru Jagjit Singh Ji eLibrary NamdhariElibrary@gmail.com

ਕਰਤਿ ਬਿਚਾਰੀ । ਬਿਨ ਸ਼੍ਰਮ[1] ਸਰਬ ਪੰਥ ਕੋ ਛੋਰੀ । ਦੀਨਾਨਾਥ ਗਏ ਤਿਹ ਠੌਰੀ ॥੭੩॥ ਨਗਰ ਏਮਨਾਬਾਦ ਪਹੁੰਚੇ।ਬੈਠੇ ਵਹਿਰ ਸਬਲ ਪਿਖਿ ਊਚੇ।ਚਹੁੰ ਦਿਸ਼ ਸੋਹਿਤਿ ਭਏ ਫਕੀਰਾ। ਬੀਚ ਬਿਰਾਜਹਿੰ ਗੁਨੀ ਗਹੀਰਾ॥ ੭੪॥ ਰੋੜਨ ਕੋ ਚੌਤਰਾ ਬਨਾਯੋ। ਊਪਰ ਬੈਠਿ ਗਯੋ ਸੁਖਦਾਯੋ। ਅਬ ਲੌ ਰੋੜੀ ਨਾਮ ਕਹਾਵਹਿ। ਮਨ ਬਾਂਛਤਿ ਦਰਸ਼ਨ ਫਲ[2] ਪਾਵਹਿਂ ॥ ੭੫ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸੰਤਨ ਚਰਚਾ, ਏਮਨਾਬਾਦ ਪਹੁੰਚਨ' ਪ੍ਰਸੰਗ ਬਰਨਨੰ ਨਾਮ ਛੱਬੀਸਮੋ ਅਧਜਾਯ ॥ ੨੬ ॥

੨੭. [ਨਿੰਮ੍ਰਤਾ ਨਿਵਾਸ । ਏਮਨਾਬਾਦ । ਬਾਬਰ ਦਾ ਹੱਲਾ]

ਦੋਹਰਾ ॥ ਗਿਰ ਹੰਕਾਰ ਤੇ ਤਰ ਉਤਰਿ ਸਰਬ ਰੇਨ ਘਰ ਛਾਇ।
ਉਸ਼ਨ ਸੀਤਾਦਿ ਬਿਕਾਰ ਜੋ, ਹੇ ਮਨ ਤਬ ਸੁਖ ਪਾਇ ॥ ੧ ॥

[ਤਰ=ਤਕੇ, ਤਲੇ, ਹੇਠ । ਸਰਬ ਰੇਨ=ਸਾਰਿਆਂ ਦੀ ਰੇਣ ਹੋ ਜਾਣਾ, ਨਿੰਮ੍ਰਤਾ । ਘਰ ਛਾਇ=ਘਰ ਪਾ ਲਵੇਂ । ਉਸ਼ਨ ਸੀਤਾਦਿ=ਗਰਮੀ ਸਰਦੀ ਆਦਿਕ, ਮੁਰਾਦ ਹੈ ਦ੍ਵੰਦਾਂ ਤੋਂ ।]

ਅਰਥ—ਹੇ ਮਨ ! ਹੰਕਾਰ (ਰੂਪੀ) ਪਹਾੜ ਤੋਂ ਹੇਠਾਂ ਉਤਰ ਕੇ ਜੇ (ਤੂੰ) ਸਾਰਿਆਂ (ਦੇ ਚਰਨਾਂ ਦੀ) ਰੇਣ (ਹੋ ਜਾਣ ਰੂਪੀ) ਘਰ ਛਾ ਲਵੇਂ, ਤਦ ਗਰਮੀ ਸਰਦੀ (ਰਜ, ਤਮ) ਆਦਿ (ਰੂਪੀ) ਵਿਕਾਰਾਂ ਦੇ ਛੁਟ ਜਾਣ (ਨਾਲ ਤੂੰ) ਸੁਖ ਪਾ ਲਵੇਂ ।

ਸ੍ਰੀ ਬਾਲਾ ਸੰਧੁਰ ਵਾਚ ॥ ਚੌਪਈ ॥ ਸ੍ਰੀ ਅੰਗਦ ! ਸੁਨੀਏ ਇਤਿਹਾਸਾ। ਵਹਿਰ ਨਗਰ ਬੈਠੇ ਸੁਖਰਾਸਾ। ਹੁਤੋ ਪਠਾਨ ਤਹਾਂ ਕੋ ਰਾਜਾ। ਘਰ ਘਰ ਬਹੁਰ ਬਜਾਵਹਿ ਬਾਜਾ ॥ ੨ ॥ ਅਧਿਕ ਬਜਾਹ੍ਹ ਤਿਸ ਦਿਨ ਪੁਰਿ ਮਾਂਹੀ। ਕਰਤਿ ਕੁਲਾਹਲ[3] ਉਰ ਹਰਖਾਹੀਂ। ਗਾਵਹਿਂ ਨਾਚਹਿਂ ਮਾਚਹਿਂ ਰੰਗਾ। ਅਤਿ ਉਤਸਵ ਮਹਿਂ ਰਹੇ ਉਮੰਗਾ ॥੩॥ ਭੂਖਨ ਬਸਤ੍ਰ ਨਵੀਨ ਪਹਿਰਿਕੈ। ਬਨੇ ਛੈਲ ਬਹੁ ਗਰਬ ਗਹਿਰ[4] ਕੈ। ਅਵਲੋਕਤਿ ਹੈਂ ਰੰਗ ਤਮਾਸ਼ੇ। ਅਨਿਕ ਪ੍ਰਕਾਰਨ ਠਾਨਹਿਂ ਹਾਸੇ ॥ ੪ ॥ ਗਰੀਅਨ[5] ਬਿਖੇ ਕੁਦਾਇ ਤੁਰੰਗਾ। ਬੈਠੇ ਮੂਛ ਬਾਮ[6] ਸਰਬੰਗਾ। ਸ੍ਰੀ ਕਰਤਾਰ ਦਿਸ਼ਾ ਤੇ ਭੂਲੇ। ਬਿਸ਼ੈ ਬਿਕਾਰਨ ਮਹਿ ਅਨਕੂਲੇ* ॥੫॥ ਸੰਤ ਅਤਿਥਿ ਕੀ ਸੇਵ ਨ ਜਾਨਹਿ। ਦੇਖਿ ਫਕੀ-

[1]ਥਕਾਨ ਤੋਂ ਬਿਨਾ ਹੀ। [2]ਦਰਸ਼ਨ ਕਰਨ ਨਾਲ ਮਨ ਚਾਹਿਆ ਫਲ। [3]ਖੁਸ਼ੀਆਂ। [4]ਡੂੰਘੇ ਹੰਕਾਰ ਕਰਕੇ। [5]ਗਲੀਆਂ। [6]ਮੁੱਛਾਂ ਵੱਟੀਆਂ ਕਰਕੇ।
*ਪਾ:ਹਿੰ—ਰ ਭੂਲ=ਪ੍ਰਸੰਨ ਰਹਿੰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਰਨ ਹਾਸੀ ਠਾਨਹਿ। ਪ੍ਰਭੁਤਾ ਮਦ[1] ਤੇ ਭਏ ਸਿ ਅੰਧੇ।ਪਰੇ ਗਰ੍ਤ[2] ਜਗ-ਬੰਧਨ ਬੰਧੇ॥੬॥ਦੇਖਹਿਂ ਦੁਖੀ ਦਯਾ ਨਹਿਂ ਕਰਿਹੀਂ। ਮਹਾਂ ਮੰਦਮਤਿ ਪਰ ਤਿਯ ਹਰਿਹੀਂ।ਪਿਯਤਿ ਸ਼ਰਾਬ ਘੂਮਤੇ ਫਿਰਿਹੀਂ।ਸ਼ਾਸਨ[3]ਦੇਹਿਂ ਗਰੀਬਨ ਧਰਿਹੀਂ[4] ॥ ੭ ॥ ਜਹਾਂ ਅੰਗਨਾ ਸੁੰਦਰ ਹੇਰਹਿਂ। ਬਾਰ ਬਾਰ ਬਾਜੀ ਬਰ[5] ਫੇਰਹਿਂ। ਬੈਠੇ ਰਹੇ ਵਹਿਰ ਜਗ ਸਾਈਂ। ਸੇਵਾ ਕਰੀ ਨ ਕਿਨਹੂੰ ਆਈ ॥ ੮ ॥ ਹੁਤੇ ਫ਼ਕੀਰ ਸੰਗ ਤਿਹ ਥਾਏਂ। ਭਏ ਛੁਧਾਤੁਰ[6] ਮੁਖ ਕੁਮਲਾਏ। ਸਗਰੋ ਦਿਵਸ ਬਿਤੀਤਾ ਜਬ ਹੀ। ਭਈ ਨਿਸਾ ਬੋਲੇ ਪ੍ਰਭੁ ਤਬ ਹੀ ॥੯॥ 'ਹੇ ਸੰਤਹੁ! ਦ੍ਵੈ ਉਠਿ ਕਰਿ ਜਾਵਹੁ। ਪੁਰਿ ਤੇ ਜਾਚ ਅਸਨ ਕੋ ਖਾਵਹੁ। ਜੇ ਬੈਠਯੋ ਦੇਵੈ ਕੋ ਨਾਂਹੀ। ਘਰ ਮਹਿਂ ਜਾਇ ਜਾਚ ਕਿਨ ਖਾਹੀ ॥ ੧੦॥ ਮਰ-ਦਾਨੇ! ਤੂੰ ਜਾਹਿ ਸੰਗਾਰੇ। ਆਵਤਿ[7] ਲਾਲੋ ਲੇਹੁ ਹਕਾਰੇ'। ਸ੍ਰੀ ਗੁਰ ਕੀ ਸੁਨਿਕੈ ਅਸ ਆਇਸੁ।ਮਰਦਾਨਾ ਦ੍ਵੈ ਸੰਤ ਸਿਧਾਇਸ ॥੧੧॥ ਜਹਾਂ ਪਠਾਨ ਮਹਾਨ ਨਿਕੇਤਾ[8]।ਗਏ ਤਹਾਂ ਅੰਨ ਲੇਨੇ ਹੇਤਾ। ਜਾਚਨ ਕਰੈਂ ਜਾਇ ਜਿਸ ਪਾਹੀਂ। ਸੁਨਹਿ, ਬਹੁਰ ਉੱਤਰ ਦੇ ਨਾਂਹੀ ॥੧੨॥ ਮਦ ਪਾਨੀ[9] ਬੋਲੈਂ ਦੁਰ ਬੈਨਾ। ਜਾਚੰਤਿ ਫਿਰੇ ਤਹਾਂ ਬਹੁ ਐਨਾ। ਪ੍ਰਵਿਸ਼ੇ ਇਕ ਨਿਕੇਤ ਕੇ ਮਾਂਹੀ। ਜਾਚਯੋ ਅੰਨ ਜਾਇ ਤਿਹ ਪਾਹੀ ॥ ੧੩ ॥ ਦਯੋ ਨ ਕਛੁ ਨਹਿ ਬੋਲਹਿ ਬਾਨੀ। ਤਿਹ ਛਿਨ ਆਵਾ ਇਕ ਮਦ ਪਾਨੀ। ਮਰਦਾਨੇ ਕੋ ਦੀਨ ਧਕੇਲਾ। ਬਹੁ ਬਲ ਸੋਂ ਧਰਨੀ ਪੁਰ ਮੇਲਾ[10] ॥ ੧੪॥ ਚੋਟ ਲਗੀ ਪਾਈ ਤਨ ਪੀਰਾ। ਪੁਰਿ ਤਜਿ ਚਲੇ ਤੁਰਤ ਪ੍ਰਭੁ ਤੀਰਾ।ਲਾਲੋ ਕੋ ਬੁਲਾਇ ਨਿਜ ਸਾਥਾ।ਆਏ ਜਹਿਂ ਬੈਠੇ ਜਗ ਨਾਥਾ ॥ ੧੫ ॥ ਭੁਰਜੇ ਦਾਨੇ[11] ਕਛੁਕ ਤਿਆਰੀ। ਲੇ ਸੋ ਲਾਲੋ ਧਰੇ ਅਗਾਰੀ। ਪਾਇਨ ਪਾਸ ਉਪਾਇਨ ਕਰਿਕੈ। ਕਹਯੋ ਜੋਰਿ ਕਰ ਸਿਰ ਧਰ ਧਰਿ ਕੈ[12] ॥੧੬॥ ਕਹਿਨ ਲਗਾ 'ਬੀਤਯੋ ਚਿਰ ਕਾਲਾ। ਰਾਵਰ ਦਰਸ਼ਨ ਦੀਨ ਦਯਾਲਾ'। ਕੁਸ਼ਲ ਪ੍ਰਸ਼ਨ ਕਰਿ ਕੈ ਸੰਗ ਤਾਂਹੀ। ਬੈਠਾ-ਰਯੋ ਪ੍ਰਭੁ ਆਪਨ ਪਾਹੀ॥੧੭॥ਬਹੁਰੋ ਦੋਊ ਸੰਤ ਸੁ ਪੂਛੋ।'ਕਿਸ ਬਿਧਿ ਹਟਿ ਆਏ ਤੁਮ ਛੂਛੇ?' ।ਸੁਨਤਿ ਫਕੀਰਨ ਸਰਬ ਬਤਾਈ। ਮਰਦਾਨੇ ਕੀ ਚੋਟ ਦਿਖਾਈ ॥ ੧੮ ॥ ਪਾਮਰ[13] ਪੁਰਖ ਰਹੈਂ ਪੁਰਿ ਮਾਂਹੀ। ਹਰਿ ਸੰਤਨ ਜਹਿਂ

[1]ਹੰਕਾਰ। [2]ਟੋਏ (ਵਿਚ)। [3]ਦੰਡ। [4]ਗ਼ਰੀਬਾਂ ਨੂੰ ਫੜਕੇ। [5]ਸ੍ਰੇਸ਼ਟ ਘੋੜਾ। [6]ਭੁੱਖੇ। [7]ਆਂਵਦੇ ਹੋਇਆਂ। [8]ਬਹੁਤੇ ਪਠਾਣਾਂ ਦੇ ਘਰ। [9]ਸ਼ਰਾਬੀ। [10]ਗਿਰਾ ਦਿੱਤਾ। [11]ਭੁੱਜੇ ਹੋਏ। [12]ਧਰਤੀ ਤੇ ਧਰਕੇ। [13]ਨੀਚ।

Sri Satguru Jagjit Singh Ji eLibrary NamdhariElibrary@gmail.com

ਆਦਰ ਨਾਂਹੀ।ਸੇਵਾ ਕਰਨੀਰਹੀ ਸੁ ਰੀਤੀ।ਬੇਮੁਖ ਦਿਯ ਦੁਖ ਕਿਯ ਬਿਪਰੀਤੀ' ॥੧੯॥ ਸੁਨਤਿ ਅਵੱਗਯਾ ਸੰਤਨ ਕੇਰੀ। ਰਿਸ ਉਪਜੀ ਮਨ ਮਾਂਹਿ ਘਨੇਰੀ*।ਤਿਹ ਛਿਨ ਲਾਲੋ ਸਨਮੁਖ ਬੈਸਾ। ਤਿਹ ਸੋਂ ਕਹਯੋ ਸ਼ਬਦ ਮੁਖ ਐਸਾ॥੨੦॥ਜਿਹਤੇ ਦੁਸ਼ਟ ਪਠਾਨ ਕੁਚਾਲੇ।ਮਰੈਂ ਪਾਇਕੈ ਕਸ਼ਟਬਿਸਾਲੇ। ਤਿਨ ਕੀ ਸਵਾ ਉਠਾਵਨ ਹੇਤੁ**। ਬੋਲੇ ਬਚ ਬੇਦੀ ਕੁਲਕੇਤੁ ॥ ੨੧ ॥

ਤਿਲੰਗ ਮਹਲਾ ੧ ॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ ੧ ॥†

ਚੌਪਈ॥ ਇਸਕੋ ਕਰਿਹੌਂ ਅਰਥ ਬਖਾਨ। ਸੁਨੀਏ ਸ਼੍ਰੋਤਾ ਦੇਕਰਿ ਕਾਨ। ਲਾਲੋ ਸੋਂ ਗੁਰ ਗਿਰਾ ਅਲਾਇਏ। 'ਐਸੇ ਨਹਿ ਮਨ ਮਹਿਂ ਤੂੰ ਲਯਾਇ ॥ ੨੨॥ ਸ੍ਰਾਪ ਦੇਤਿ ਰੋਸ ਮਨ ਕੀਨੋ। ਸਾਹਿਬ ਕੀ ਆਇਸੁ ਹੀ ਚੀਨੋ। ਜਯੋਂ ਵਾਹਿਗੁਰੁ ਕਰਤਿ ਰਜਾਈ। ਤੈਸੇ ਹੀ ਮੈਂ ਕਹਤਿ ਬਨਾਈ ॥ ੨੩॥

¹ਅੰਤ ਕਰਨ ਵਾਸਤੇ। ²ਕ੍ਰੋਧ।

*ਗੁੱਸਾ ਚੜ੍ਹਨਾ ਤੇ ਸਵਾ ਉਠਾਉਣ ਵਾਸਤੇ ਸ੍ਰਾਪ ਦੇਣਾ ਗੁਰ ਨਾਨਕ ਦੇਵ ਜੀ ਦੇ ਸੁਭਾਵ ਦੇ ਵਿਰੁੱਧ ਹੈ, ਤੇ ਅਗਲਾ ਸਬਦ ਜੋ ਉਸ ਵੇਲੇ ਉਚਾਰਿਆ ਹੈ ਸਾਫ ਦੱਸ ਰਿਹਾ ਹੈ ਕਿ ਗੁਰੂ ਜੀ ਸ੍ਰਾਪ ਨਹੀਂ ਦੇ ਰਹੇ, ਪਰ ਹੋਣਹਾਰ ਜੋ ਧੁਰੋਂ ਹੁਕਮ ਵਿਚ ਹੋਣੀ ਕਰਾਰ ਪਾਈ ਹੈ ਉਸ ਦਾ ਗਿਆਨ ਪ੍ਰਭੂ ਤੋਂ ਪਾਕੇ ਸਤਿਗੁਰ ਜੀ ਨੇ ਪੇਸ਼ੀਨਗੋਈ ਕੀਤੀ (ਭਵਿਖਤ ਵਾਕ ਕਿਹਾ) ਹੈ। ਜੈਸੀ ਬਾਣੀ ਖਸਮ ਦੀ ਆਈ ਹੈ ਵੈਸਾ ਕਹਿ ਰਹੇ ਹਨ । ਕਵਿ ਜੀ ਆਪ ਬੀ ਅਗੇ ਚਲਕੇ ਅੰਕ ੨੩ ਵਿਚ ਕਹਿੰਦੇ ਹਨ, 'ਹੇ ਲਾਲੋ ਮੈਂ ਗੁਸੇ ਵਿਚ ਆਕੇ ਸ੍ਰਾਪ ਨਹੀਂ ਦੇ ਰਿਹਾ'। ਸਦੀਆਂ ਦੇ ਸ੍ਰਾਪ ਤਾਂ ਸਤਿਗੁਰ ਜੀ ਨੇ ਆਕੇ ਬਖਸ਼ੇ ਤੇ ਸ੍ਰਾਪੇ ਹੋਏ ਤਾਰੇ, ਉਨ੍ਹਾਂ ਦਾ ਬਿਰਦ ਤਾਰਨਹਾਰ ਸੀ।

†ਸ੍ਰੀ ਗੁਰੂ ਜੀ ਦੇ ਦਿੱਬ ਨੈਣਾਂ ਦੇ ਅੱਗੇ ਭਵਿਖਤ ਵਿਚ ਹੋਣਹਾਰ ਦਾ ਨਕਸ਼ਾ ਆਇਆ ਹੈ, ਜੋ ਉਨ੍ਹਾਂ ਦੇ ਸਾਹਮਣੇ ਐਉਂ ਖੁਲਿਆ ਹੈ ਜਿਵੇਂ ਵਰਤ ਰਿਹਾ ਮਾਜਰਾ ਅੱਖਾਂ ਅੱਗੇ ਹੋ ਜਾਂਦਾ ਹੈ, ਤੇ ਓਹ ਓਸ ਨੂੰ ਵਰਣਨ ਕਰ ਰਹੇ ਹਨ ਜਿਵੇਂ ਕਿ ਹੁਣ ਹੁੰਦਾ ਦੇਖ ਰਹੇ ਹਨ। ਸੋ ਭਵਿੱਖਤ ਨੂੰ ਵਰਤਮਾਨ ਵਾਚਕ ਜਿਵੇਂ ਤੱਕ ਰਹੇ ਹਨ ਤਿਵੇਂ ਕਹਿ ਰਹੇ ਹਨ । ਕਹਿ ਪਰ ਪਹਿਲੋਂ ਰਹੇ ਹਨ, ਜੈਸਾ ਕਿ ਕਿਹਾ ਨੇ:-'ਜੈਸਾ ਹੁਕਮ ਸਾਈਂ ਵਲੋਂ ਆਇਆ ਹੈ ਉਸ ਦਾ ਗਿਆਨ ਮੈਂ ਹੇ ਲਾਲੋ ਤੇਰੇ ਨਾਲ ਕਰਨ ਲੱਗਾ ਹਾਂ।'

ਲੋਕਨ ਇਹਾਂ ਪਾਪ ਜੋ ਕੀਨੇ। ਸੋ ਕਾਬਲ ਮਹਿ ਤਨ ਧਰਿ ਲੀਨੇ। ਅਘ ਕੋ ਫਲ ਦੁਖ ਦੇਹਿ ਘਨੇਰਾ। ਬਿਨ ਦੀਨੇ ਨਹਿਂ ਹੋਇ ਨਿਬੇਰਾ ॥ ੨੪ ॥ ਦੋਹਰਾ ॥ ਮੁਗ਼ਲ ਰੂਪ ਧਰਿ ਆਵਈ ਮਾਂਗਹਿ ਬਲ ਸੋਂ ਦਾਨ[੧]। ਸਰਮ ਧਰਮ ਕਲਿ ਕਾਲ ਮਹਿਂ ਭਈ ਸਰਬ ਕੀ ਹਾਨ ॥ ੨੫ ॥ ਚੌਪਈ ॥ ਮੰਤ੍ਰੀ ਫਿਰਹਿਂ ਕੂਰ ਅਬ ਹੋਈ। ਪੁਨ ਕਾਜ਼ੀ ਦਿਜਬਰ[੨] ਹੈਂ ਜੋਈ। ਤਿਨ ਕੋ ਕਹਯੋ ਨ ਮਾਨੈ ਕੋਈ। ਕਰਹਿਂ ਨਿਕਾਹ ਸ਼ਤਾਨੀ ਸੋਈ ॥ ੨੬ ॥ ਅੰਗਨਾ ਸੁੰਦਰ ਦੇਖਿ ਲੁਭਾਈਂ। ਬਲ ਸੋਂ ਭੋਗਹਿ ਲੇਹਿ ਮੰਗਾਈ। ਪਢੈ ਕਤੇਬਾਂ ਮੁੱਸਲਮਾਨੀ। ਕਹੈਂ ਖ਼ੁਦਾਇ ਸਰਬ ਮਹਿ ਜਾਨੀ ॥ ੨੭ ॥ ਦੇਤਿ ਗ਼ਰੀਬਨ ਕੌ ਦੁਖ ਭਾਰੀ। ਤਿਹ ਕੋ ਫਲ ਹੁਇ ਕਸ਼ਟ ਅਪਾਰੀ। ਜਬਹਿ ਮਾਰ ਪਰਿਹੈ ਤਿਨ ਤਾਈਂ।—ਹੇ ਖ਼ੁਦਾਇ ਕਜ਼ਾ ਕਰਹਿਂ—ਅਲਾਈ[੩] ॥ ੨੮ ॥ ਦੋਹਰਾ ॥ ਨੀਚ ਜਾਤਿ ਪੁਨ ਹਿੰਦੁਨੀ ਗਹਿ ਮੰਗਵਾਵਹਿਂ ਸੋਇ। ਗਾਇੰ ਖ਼ੂਨ ਕੇ ਸੋਹਿਲੇ ਰਤ ਕਾ ਕੁੰਗੂ ਹੋਇ' ॥੨੯॥ ਚੌਪਈ॥ ਲਾਲੋ ਬੈਠੋ ਹੁਤੋ ਅਗਾਰੀ। ਸੁਨਿ ਬੂਝਨ ਹਿਤ ਗਿਰਾ ਉਚਾਰੀ। 'ਮੁਗ਼ਲੋ ਆਵਹਿ ਕਰਹਿ ਲਰਾਈ। ਧਾਂ ਕੀ ਬ੍ਰਿਥਾ ਕਹੋ ਜਗਰਾਈ!* ॥੩੦॥ ਕਬ ਲੌ ਰਾਜ ਕਰੈਂ ਜਗਮਾਹੀ। ਪੁਨ ਧਰਨੀਤੇ ਸੋ ਕਬ ਜਾਹੀਂ। ਖਾਨ[੪] ਮਹਾਂ ਮਦਅੰਧ ਰਹਾਵਹਿਂ[੫]। ਕਰੀ ਅਵੱਗਯਾ ਤ ਸਫਲ ਪਾਵਹਿਂ' ॥੩੧॥ ਦੋਹਰਾ॥ ਲਾਲੋ ਤੇ ਸੁਨਿ ਸ੍ਰੋਨ ਮਹਿ ਪੁਨ ਭਾਖੇ ਬਚ ਰੂਰ। ਕਹਿਤਯੋ ਜਿਨ ਕੇ ਖ਼ਾਨਕੀ ਦਈ ਸਦਾ ਕਰਿ ਦੂਰ ॥੩੨॥ ਸ੍ਰੀਮੁਖਵਾਕ॥

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇ ਗੁਮਸੋਲਾ ॥ ਕਾਇਆ ਕਪੜੁ ਟੁਕ ਟੁਕ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥ ੨ ॥ ੩ ॥ ੫ ॥

ਦੋਹਰਾ॥ ਸ੍ਰੀ ਨਾਨਕ ਪੂਰਨ ਪੁਰਖ ਸਾਹਿਬ ਕੇ ਗੁਨ ਗਾਇ। ਦੇਹਿ ਇਨ੍ਹਾਂ ਕੀ ਜੀਅ ਜੋ ਭਿੰਨ ਭਿੰਨ ਹ੍ਵੈ ਜਾਇ[੬]† ॥ ੩੩ ॥ ਚੌਪਈ ॥ ਮਾਸ ਪੁਰੀ[੭] ਇਹ

---

[੧]ਭਾਵ ਲੁਟੇਗਾ। [੨]ਕਾਜ਼ੀ (ਤੇ) ਬ੍ਰਾਹਮਣ। [੩](ਐਉਂ) ਕਹਿਣਗੇ। [੪]ਪਠਾਣ। [੫]ਰਹਿੰਦੇ ਹਨ। [੬]ਭਾਵ ਮਰ ਜਾਣਗੇ। [੭]ਇਸ ਪੁਰੀ ਵਿਚ ਮਾਸ ਹੀ ਮਾਸ ਹੋਵੇਗਾ। *ਪਾਠਾਂਤ੍ਰ:—ਖਾਨਨ ਜੀਤਹਿਂ ਫੇਰ ਦੁਹਾਈ। †ਪਾਠਾਂਤ੍ਰ ਐਉਂ ਬੀ ਹਨ—'ਦੇਹਿਂ ਸਜਾਇ ਇਨ ਕਾਜੀਆਂ ਜੋ ਛਿਨ ਛਿਨ ਹੁਇ ਜਾਇ' ਵਾ 'ਦੇਹਿਂ ਇਨਾਯਤਿ ਕਾਜੀਆਂ ਜੋ ਛਿਨ ਛਿਨ ਹੁਇ ਜਾਇ'।

Sri Satguru Jagjit Singh Ji eLibrary NamdhariElibrary@gmail.com

ਬਲ*ਹੁਇ ਜਾਵਹਿ। ਇਸ ਬਿਧਿ ਮਸਲਾ[੧] ਕਰ ਦਿਖਰਾਵਹਿ[੨]। ਜਿਸਨੈ ਸਰਬ ਜਗਤ ਉਪਜਾਯੋ। ਅਨਿਕ ਪ੍ਰਕਾਸ਼ ਰੰਗ ਦਿਖਰਾਯੋ ॥੩੪॥ ਤਿਸ ਸਾਹਿਬ ਤੇ ਹੁਇ ਪ੍ਰਤਿਕੂਲੋ। ਬਿਸ਼ਿਯਨ ਮਹਿ ਫਸਿ ਸਭਿ ਸੁਧ ਭੂਲੋ। ਪਿਖਹਿ ਸੁ ਨਯਾਰੋ ਹੋਇ[੩] ਤਮਾਸ਼ੋ। ਸੱਚਾ ਸਾਹਿਬ ਨਯਾਉਂ ਸਚਾ ਸੋ ॥ ੩੫॥ ਮਸਲੇ ਮੂਜਬ ਕਰਿਹੈ ਸੋਈ। ਕਾਇਆਂ ਕੱਪੜ ਟੂਕ ਟੂਕ ਹੋਈ। ਜਸ ਅਧ੍ਯ ਕਿਯ ਤਸ ਹ੍ਵੈ ਦੁਖ ਭਾਰੀ। ਸ਼੍ਰੋਨਿਤ[੪] ਪਸਰਹਿ ਧਰਨਿ ਮਝਾਰੀ ॥ ੩੬॥ ਦੋਹਰਾ ॥ ਹਿੰਦੁਸਤਾਨ ਕੋ ਬੋਲ[੫] ਜੋ ਆਨ ਸਮਾਲਹਿ ਸੋਇ। ਪੰਦਰਹਿ ਸੈ ਪੁਨ ਅਠਤਰੇ ਆਵਨ ਤਿਨ ਕੋ ਹੋਇ॥੩੭॥ ਚੌਪਈ॥ ਸੱਤ੍ਰਾਂ ਸੈ ਸਤਾਨਵੇ ਮਾਂਹੀ। ਸਭ ਦੂਰ ਤਿਨ ਕੀ ਹ੍ਵੈ ਜਾਹੀ। ਦੋਸੈ ਬਹੁਰੋ ਬਰਖ ਉਨੀਸੈ। ਕਰਹਿਂ ਰਾਜ ਹੋਵਹਿ ਅਵਨੀਸ਼[੬] ॥ ੩੮ ॥ ਨਰ ਅਵਤਾਰ ਹਮਾਰਾ ਹੋਇ। ਚੇਲਾ ਤਾਂਹਿ ਖਾਲਸਾ ਜੋਇ। ਦਸ ਪਤਿਸ਼ਾਹੀ ਕਰਿਹੈਂ ਜਬਹੀ। ਪੀਛੇ ਹੋਇ ਖਾਲਸਾ ਤਬਹੀ ॥ ੩੯ ॥ ਸਨੈ ਸਨੈ ਸੋ ਲੇਵਹਿ ਛੀਨੈ। ਤਬ ਤੁਰਕਨ ਹੋਵਹਿ ਬਲ ਹੀਨੈ। ਕਰਹਿ ਪਰਸਪਰ[੭] ਮੇਲ ਜਿ ਸੋਊ। ਬਧੈ ਰਾਜ ਦੁਸ਼ਟਨ ਘਰ ਖੋਊ[੮] ॥੪੦॥ ਆਪਸ ਮਹਿਂ ਜੋ ਕਰਹਿਂ ਲਰਾਈ। ਰਿਸ ਬਸਿ ਹੁਇ ਕੈ, ਸੋ ਦੁਖ ਪਾਈਂ। ਨਾਨਕ ਬਾਨੀ ਸੱਚ ਵਖਾਨਹਿ। ਪਰਗਟ ਹ੍ਵੈ ਨਰ ਤਬਹੀ ਜਾਨਹਿ ॥ ੪੧ ॥ ਸਰਬ ਖਾਨ[੯] ਅਬ ਹੋਇ ਨਿਦਾਨਾ[੧੦]। ਚਲਹਿ ਤੁਫੰਗ ਕਟਾਰ ਕ੍ਰਿਪਾਨਾ। ਪੁਰਿ[੧੧] ਲੁਟਿ ਜਾਇ ਤ੍ਰਾਸ ਬਹੁ ਹੋਈ। ਨਹੀਂ ਸਬੂਤ ਬਚੈ ਅਬ ਕੋਈ[੧੨]॥੪੨॥ ਇਹ ਪ੍ਰਸੰਗ ਸਭਿ ਗੁਰੂ ਬਖਾਨਾ। ਸੁਨਤਿ ਹੁਤੋ ਇਕ ਦਿਜ ਮਤਿਵਾਨਾ। ਲਖਯੋ ਕਿ ਸੰਤ ਸੰਪੂਰਨ ਕੋਈ। ਉਚਰਯੋ ਸ਼ਬਦ ਗਜ਼ਬ ਕਾ ਜੋਈ ॥੪੩ ॥ ਉਰ ਡਰ ਧਰਿਕੈ ਸਦਨ ਸਿਧਾਰਾ। ਆਨਯੋ ਬਹੁ ਪਕਵਾਨ ਅਹਾਰਾ। ਹੋਇ ਦੀਨ ਧਰਿ ਦੀਨ ਅਗਾਰੀ। ਹਾਥਿ ਜੋਰਿ ਕੈ ਗਿਰਾ ਉਚਾਰੀ ॥ ੪੪ ॥ 'ਇਹੁ ਅਹਾਰੁ ਦਿਹੁ ਸੰਤਨ ਖ੍ਵਾਈ। ਤ੍ਰਿਪਤੈਂ ਸਰਬ ਛੁਧਾ ਮਿਟਿ ਜਾਈ। ਗਾਵਰ ਸਬਦੁ ਜੁ ਭਾਖਯੋ ਕ੍ਰੂਰਾ[੧੩]। ਲੂਟਨ ਨਗਰ ਖ਼ਾਨਨ ਹਿਤ ਦੂਰਾ[੧੪]॥੪੫॥ ਸੋ ਨਿਜ ਬਚਨ ਫੇਰਿ ਕਰਿ ਦੀਜੈ[੧੫]। ਮਹਾਂਪੁਰਖ ਤੁਮ ਕਰੁਨਾ

[੧]ਵਾਕ [ਅ:, ਮਸਅਲਾ=ਪ੍ਰੱਛ, ਗਲ, ਵਾਕ, ਧਰਮ ਦੀ ਗਲ]। [੨](ਪੂਰਾ) ਦਿਖਾਵੇਗਾ। [੩](ਪ੍ਰਭੂ) ਨਿਆਰਾ ਹੋਕੇ ਦੇਖਦਾ ਹੈ। [੪]ਲਹੂ। [੫]ਬੋਲੀ (ਅ) ਰਾਜ। [੬]ਹੋਣਗੇ ਰਾਜੇ (ਮੁਗ਼ਲ)। [੭](ਸਿਖ) ਆਪਸ ਵਿਚ। [੮]ਦੁਸ਼ਟਾਂ ਦੇ ਘਰ ਨੂੰ ਖੋਹਕੇ। [੯]ਸਾਰੇ ਖਾਨਾਂ ਦਾ। [੧੦]ਅੰਤ। [੧੧]ਸ਼ਹਿਰ ਏਮਨਾਬਾਦ। [੧੨]ਕਰੜਾ। [੧੩]ਖਾਨਾਂ ਦੇ ਦੂਰ ਹੋਣ ਦਾ। [੧੪]ਮੋੜ ਦਿਓ। *ਪਾ:—ਕਾਬਲ।

Sri Satguru Jagjit Singh Ji eLibrary　　NamdhariElibrary@gmail.com

ਕੀਜੈ। ਚਲਿ ਆਯੋ ਮੈਂ ਸ਼ਰਨਿ ਤੁਮਾਰੀ। ਅਬ ਹਮਰੀ ਕੀਜੈ ਰਖਵਾਰੀ’ ॥੪੬॥ ਸ੍ਰੀ ਗੁਰ ਕਹੈਂ “ਸੁਨਹੁ ਦਿਜ* ਐਸੇ। ਸੋਤ ਬਚਨ ਹੈਂ ਗਜ ਰਦ[1] ਜੈਸੇ। ਏਕ ਬਾਰ ਜੋ ਵਹਿਰ ਨਿਕਾਸੇ। ਪੁਨ ਪ੍ਰਵਿਸ਼ੈਂ ਨਹਿ ਕਰੇ ਪ੍ਰਯਾਸੈਂ[2] ॥੪੭॥ ਦੋਹਰਾ॥ ਖਾਨਨ ਸਭਿ ਕੋ ਅੰਤ ਹ੍ਵੈ ਬਚੈ ਨ ਇਹ ਬਲ ਕੋਇ।ਬਖਸ਼ੋ ਤੂੰ ਅਬ ਜਾਵਈ ਮਿਲਸੋ ਦੀਨ ਮਨ ਹੋਇ ॥੪੮॥ ਚੌਪਈ॥ ਹੇ ਦਿਜ! ਲਾਲੋ[3] ਮਿਲਿਕੈ,ਦੋਊ। ਕਹੈਂ[4] ਜਿ ਬਚਨ ਕਰਹੁ ਅਬ ਸੋਊ। ਨਿਜ ਪਰਵਾਰ ਲੇਹੁ ਸੰਗਾਰੇ। ਅਪਨੀ ਸਭਿਹੀ ਵਸਤੁ ਸੰਭਾਰੇ ॥ ੪੯ ॥ ਦਤਰ ਕੋਸ ਪਰ ਅਬ ਤੁਮ ਜਾਈ। ਸੁਸ਼ਕ ਤੜਾਗ[5] ਪਿਖਹੁ ਤਿਹ ਥਾਈਂ।ਬੈਠੇ ਰਹਿਯੋ ਸਹਿਤ ਕੁਟੰਬਾ। ਪੁਰਿ ਕੋ ਛੋਰਹੁ ਬਿਨਾ ਬਿਲੰਬਾ[6] ॥ ੫੦ ॥† ਭੋਰ ਹੋਤਿ ਮੁਗ਼ਲਨ ਕੀ ਸੈਨਾ। ਆਇ ਇਹਾਂ ਲੂਟਹਿ ਸਭਿ ਐਨਾ। ਸਭਿ ਪਠਾਨ ਕੋ ਪਠਿ ਜਮ ਦ੍ਵਾਰੇ। ਤ੍ਰਿਯਨ ਬਾਂਧ ਕਰਿ ਲੇਹਿ ਸੰਗਾਰੇ’ ॥੫੧॥ ਦੋਹਰਾ॥ ਸੁਨਿ ਕਰਿ ਲਾਲੋ ਦਿਜ ਦੂਊ ਸੱਤਨ ਲਖੇ ਸਭਿ ਬੈਨ।ਦ੍ਰਿੜ ਪ੍ਰਤੀਤ ਹਿਰਦੇ ਕਰੀ ਗਏ ਤੁਰਤ ਨਿਜ ਐਨ।੫੨।ਚੌਪਈ।ਅਪਨੀ ਸਭਿ ਸੰਭਾਰ[7] ਸੰਭਾਰੀ। ਲੀਨ ਸੰਗ ਭ੍ਰਾਤਾ ਸੁਤ ਨਾਰੀ। ਵਹਿਰ ਨਗਰ ਤੇ ਨਿਕਸਿ ਬਹੋਰੀ। ਪਹੁੰਚੇ ਤਿਸੀ ਠੌਰ ਕੋ ਟੋਰੀ[8] ॥੫੩॥ ਸ੍ਰੀ ਅੰਗਦ ਜੀ! ਸੁਨਹੁ ਅਗਾਰੀ। ਜਸ ਬੀਤੀ ਤਸ ਕਰੌਂ ਉਚਾਰੀ। ਹੁਤੋ ਪਚਾਸ ਕੋਸ ਪਰ ਡੇਰਾ।ਦਲ ਬਾਬਰ ਕੇ ਸੰਗ ਘਨੇਰਾ ॥੫੪॥ ਤੁਰਕੀ ਬਲੀ ਤੁਰੰਗ ਬਿਸਾਲਾ। ਬਹੁਤ ਦੂਰ ਗਮਨੈ ਤਤਕਾਲਾ। ਤਿਹ ਛਿਨ ਬਾਬਰ ਕੋ ਮਨ ਫੇਰਾ—ਏਮਨਾਬਾਦ ਨਗਰ ਲਿਉਂ ਘੇਰਾ॥੫੫॥

---

[1]ਹਾਥੀ ਦੇ ਦੰਦ। [2]ਜਤਨ ਕੀਤਿਆਂ। [3]ਲਾਲੋ (ਤੇ ਤੂੰ)। [4]ਕਹਿੰਦੇ ਹਾਂ। [5]ਸੁੱਕਾ ਤਾਲਾਬ। [6]ਬਿਨਾ ਦੇਰੀ ਦੇ। [7]ਸਮੱਗ੍ਰੀ। [8]ਬਾਲਕੇ। *ਪਾঃ—ਬਚ।

†ਜਦ ਗੁਰੂ ਜੀ ਦਾ ਸਬਦ ਪੜ੍ਹੋ ਤਾਂ ਉਸ ਤੋਂ ਸਮਝ ਸਾਫ ਪੈਂਦੀ ਹੈ ਕਿ ਇਹ ਪੇਸ਼ੀਨ ਗੋਈ (ਭਵਿਖਤ ਵਾਕ) ਹੈ, ਤੇ ‘ਟੁਕ ਟੁਕ ਹੋਸੀ’ ‘ਸਿਭਾਲਸੀ’ ‘ਉਠਸੀ’ ਸਭ ਕ੍ਰਿਯਾ ਭਵਿੱਖਤ ਦੀ ਹੋਣੀ ਦੱਸ ਰਹੀਆਂ ਹਨ, ਫੇਰ ਕਾਬਲੋਂ ਟੁਰੇਗਾ, ਇਹ ਪਤਾ ਪਹਿਲੋਂ ਦੇਂਦੇ ਹਨ। ਸੋ ਇਹ ਸ਼ਬਦ ਦੱਸਦਾ ਹੈ ਕਿ ਬਾਬਰ ਦੇ ਕਾਬਲੋਂ ਟੁਰਨ ਤੋਂ ਪਹਿਲੇ ਦੇ ਏਹ ਵਾਕ ਹਨ। ਤੇ ਕਾਬਲੋਂ ਟੁਰਕੇ ਕੋਈ ਇਕ ਦਿਨ ਵਿਚ ਨਹੀਂ ਅੱਪੜ ਸਕਦਾ। ਤਾਂਤੇ ਏਹ ਵਾਕ ਪਹਿਲੋਂ ਦੇ ਹਨ ਤੇ ਬਾਬਰ ਢੁਏ ਇਕ ਨਹੀਂ, ਪਰ ਕੁਛ ਚਿਰ ਮਗਰੋਂ ਏਮਨਾਬਾਦ ਪਹੁੰਚਾ ਹੈ, ਏਮਨਾਬਾਦ ਦਾ ਤਦੋਂ ਨਾਉਂ ਸੈਦਪੁਰ ਸੈਂਤਸਾਲੀ ਜਾ ਸਰਜਾਲੀ ਸੀ। ਤਵਾਰੀਖ ਖਾঃ ਵਿਚ ਲਿਖਿਆ ਹੈ ਕਿ ਭਵਿੱਖਤ ਵਾਕ ਸਤਿਗੁਰੂ ਜੀ ਨੇ ੧੫੬੯ ਸੰঃ ਬਿঃ ਨੂੰ ਉਚਾਰਿਆ ਸੀ ਤੇ ਏਮਨਾਬਾਦ ਦੀ ਕਤਲਾਮ ੧੫੭੮ ਸੰঃ ਬਿঃ ਵਿਚ ਹੋਈ ਹੈ। ਖੋਜ ਦੀ ਲੋੜ ਹੈ।

Sri Satguru Jagjit Singh Ji eLibrary NamdhariElibrary@gmail.com

ਅਕਸਮਾਤ੍ਰ[1] ਅਬ ਪਰਿਹੋਂ ਜਾਈ। ਤੂਰਨ ਤਿਨ ਕੋ ਦਿਉਂ ਬਿਚਲਾਈ[2]।
ਮਾਨੀ ਆਨ ਨ ਮਾਨਹਿਂ ਮੋਰੀ[3]।ਅਸ ਪਠਾਨਹਨਿਹੋਂਕਰਿ ਜੋਰੀ*—॥੫੬॥
ਸਰਬ ਸੈਨ ਕੋ ਆਇਸੁ ਦੀਨੀ। ਅਸੁ ਪਰ ਪਾਇ ਪਾਖਰੈਂ[4] ਲੀਨੀ। ਜੋਧਾ
ਸਨਧਬੱਧ ਹ੍ਵੈ ਸਭਿਹੀ। ਲੀਨਿ ਤੁਫੰਗੈਂ ਕਸਿ ਕਰਿ ਤਬਹੀ ॥੫੭॥ ਘੋਰਨ
ਪਰ ਹ੍ਵੈ ਕੈ ਅਸਵਾਰਾ। ਕਰੀ ਦੌਰ ਨਹਿਂ ਲਗੀ ਅਵਾਰਾ। ਮਾਰਗ ਬਿਖੈ
ਆਪਗਾ[5] ਜੇਤੀ। ਪ੍ਰਭੁ ਰੁਖ ਪਿਖੇ ਸੁਸ਼ਕ ਗਈ ਕੇਤੀ ॥ ੫੮ ॥ ਬਡੇ
ਬੇਗ ਸੋਂ ਤੁਰੰਗ ਚਲਾਏ। ਤੂਰਨ ਪਹੁੰਚਿ ਸਰਬ ਬਿਸਮਾਏ। ਜੋ ਮਾਰਗ
ਥੋ ਦੂਰ ਘਨੇਰੀ। ਕਰਯੋ ਸਮੀਪ ਪ੍ਰਭੁ ਤਿਸ ਬੇਰੀ ॥ ੫੯ ॥ ਸਵਾ ਪਹਿਰ
ਮਹਿ ਪਹੁੰਚੇ ਆਈ। ਸਰਬ ਨਗਰ ਕੋ ਭੌਰੀ ਪਾਈ[6]। ਦਿਵਸ ਚੜ੍ਹੇ ਮੰਡ੍ਯੋ
ਰਣ ਭਾਰੀ। ਛੁਟਤਿ ਤੁਫੰਗ[7] ਮਨਹੁ ਪਿਚਕਾਰੀ ॥ ੬੦ ॥ ਸਾਂਗ ਪ੍ਰਹਾ-
ਰਹਿ ਮੂਠ ਗੁਲਾਲਾ[8]। ਢਾਲੈਂ ਬਨੀ ਮਨਹੁ ਡਫ[9] ਮਾਲਾ[10]। ਭੁਕਭੁਕ
ਘਾਉ[11] ਸ਼ਬਦ ਤਿਨ ਕੇਰਾ। ਨਿਕਸੀ ਮੀਝ ਅੰਬੀਰ ਗੇਰਾ[12] ॥ ੬੧ ॥
ਸ਼੍ਰੋਣਤ ਬਸਤ੍ਰ ਰੰਗ ਭਏ ਲਾਲਾ। ਮਾਨਹੁ ਰੰਗ ਪਤੰਗੀ[13] ਡਾਲਾ। ਕਰ
ਮਹਿ ਚਮਕ ਰਹੀ ਕਰਵਾਰੈਂ[14]। ਛਟੀ ਮਨਹੁ ਫੁਲਨ[15] ਕੀ ਧਾਰੈਂ ॥
੬੨॥'ਮਾਰਿ ਮਾਰਿ', ਮੁਖ ਗਾਵਹਿਂ ਗੀਤਾ। ਖੇਲਤਿ ਫਾਗ[16] ਮਨਹੁ ਕਰਿ
ਪ੍ਰੀਤਾ। ਭਏ ਨਿਸੰਗ ਬੀਰ ਇਕ ਬੇਰਾ। ਬਜਯੋ ਸਾਰ ਸੋਂ ਸਾਰ[17] ਘਨੇਰਾ।
੬੩॥ਵਹਿਰ ਦੁਰਗ ਤੇ ਨਿਕਸਿ ਪਠਾਨਾ।ਕੂਦ ਕੁਲਾਂਚਨ[18]† ਹਨਹਿਂ ਕ੍ਰਿ-
ਪਾਨਾ। ਏਕਹਿ ਬਾਰ ਪਰੇ ਅਰਰਾਈ[19]। ਤੀਰ ਤੁਫੰਗੈਂ ਬਹੁਤ ਚਲਾਈ ॥

[1]ਅਚਾਨਕ। [2]ਚਲ ਬਿਚਲ। [3]ਹੰਕਾਰੀ ਮੇਰੀ ਈਨ ਨਹੀਂ ਮੰਨਦੇ। [4]ਕਾਠੀਆਂ। [5]ਨਦੀਆਂ।
[6]ਘੇਰਾ ਪਾਇਆ। [7]ਬੰਦੂਕਾਂ। [8]ਬਰਛੀਆਂ ਮਾਰਦੇ ਹਨ (ਮਾਨੋਂ) ਗੁਲਾਲ ਦੀ ਮੁੱਠ ਸੁੱਟਦੇ
ਹਨ। [9]ਕੁਨਾਲੀ ਵਾਂਙੂ ਮੜ੍ਹਿਆ ਹੋਇਆ ਸਾਜ ਜੋ ਪੇਟ ਤੇ ਰੱਖਕੇ ਦੋ ਪਤਲੀਆਂ ਸੋਟੀਆਂ ਨਾਲ
ਵਜਾਉਂਦੇ ਹਨ। [10]ਪੰਗਤੀ। [11]ਜ਼ਖਮਾਂ ਦੇ ਫਟਣ ਤੇ ਲਹੂ ਜ਼ੋਰ ਨਾਲ ਚਲਣ ਨਾਲ ਭੁਕ ਭੁਕ
ਆਵਾਜ਼ ਆਉਂਦੀ ਹੈ। [12](ਮਾਨੋਂ)ਅੰਬੀਰ ਸੁਟਿਆ ਹੈ। [13]ਸਵੇਰ ਦੇ ਸੂਰਜ ਦਾ ਲਾਲ ਰੰਗ (ਅ)
ਲਾਲ ਚੰਦਨ [ਸੰਸ:, ਪਤ੍ਰੰਗ—ਲਾਲ ਚੰਦਨ]। [14]ਤਲਵਾਰਾਂ। [15]ਫੁਲ ਛਟੀ। [16]ਹੋਲੀ।
[17]ਲੋਹੇ ਨਾਲ ਲੋਹਾ। [18]ਛਾਲਾਂ ਮਾਰਦੇ ਕੁਦ ਕੁਦ ਕੇ। [19]ਲਲਕਾਰ ਕੇ।

*ਬਾਬਰ ਨੂੰ ਸੈਦ ਪੁਰ ਦੇ ਖਾਨ ਨੇ ਰਸਤ ਪਾਣੀ ਦੇਣੋਂ ਨਾਂਹ ਕੀਤੀ ਸੀ। ਖਾਨ ਨੂੰ
ਮੁਲਾਣਿਆਂ ਕਿਹਾ ਸੀ ਕਿ ਅਸੀਂ ਬਾਬਰ ਦੀਆਂ ਤੋਪਾਂ ਤੁਪਕਾਂ ਦੇ ਮੂੰਹ ਮੰਤ੍ਰਾਂ ਜੰਤਰਾਂ ਨਾਲ
ਬੰਨ੍ਹ ਦਿਆਂਗੇ, ਮੁਗਲ ਅੰਨ੍ਹੇ ਕਰ ਦਿਆਂਗੇ। ਇਸੇ ਕਰਕੇ ਸਤਿਗੁਰ ਜੀ ਨੇ ਕਿਹਾ ਹੈ:—

ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥

†ਪਾ:—ਕੁਚਾਲਨ—ਖੋਟੇ ਤ੍ਰੀਕੇ ਨਾਲ ਯਾ ਖੋਟਿਆਂ ਨੇ।

Sri Satguru Jagjit Singh Ji eLibrary NamdhariElibrary@gmail.com

੬੪॥ਸ੍ਰੀ ਪ੍ਰਭੁ ਬਚ ਤੇ ਫੇਟੀ ਪਰਿਹੀ[੧]।ਕੋਇ ਨ ਸ਼ਸਤ੍ਰ ਕਾਜ ਕਛੁ ਕਰਿਹੀ॥ ਰਹੇ ਬਹੁਤ ਚਿਰ ਅਟਕ ਅਗਾਰੀ । ਰਿਸ ਕਰਿ ਬਾਬਰ ਗਿਰਾ ਉਚਾਰੀ ॥ ੬੫ ॥ 'ਅਹੋ ਮੁਗਲ ! ਲੇ ਧਨ ਮਮ ਪਾਸੂ । ਨਿਤਪ੍ਰਤਿ ਬਿਲਸਤਿ ਬਹੁਰ ਬਿਲਾਸੂ। ਜਬਹਿ ਆਵਨੋ ਕਾਜ ਹਮਾਰੇ[੨]। ਕਰਿ ਰਾਖੇ ਅਬ ਪ੍ਰਾਨ ਪਿਆਰੇ ! ॥੬੬॥ ਕਬ ਕੇ ਅਟਕੇ ਖਾਨ ਅਗਾਰੀ।ਕਰੋ ਫਤੇ ਕਨੋਂ ਨ ਇਨ ਕੋ ਮਾਰੀ' ।ਅਸ ਕਹਿ ਭੈਰੋਂ[੩]* ਢੋਲ ਬਜਾਏ। ਬਹੁਤ ਦਮਾਮੇ[੪] ਡੰਕ ਲਗਾਏ ॥ ੬੭ ॥ ਹੋਲਾ ਕਰਨੋ ਪਰੇ ਇਕ ਬੇਰਾ। ਮਚਨੋ ਤਬੈ ਘਮਸਾਨ ਘਨੇਰਾ। ਠਹਾਠਹੀ ਚਲਿ ਰਹੀ ਤੁਫੰਗਾਂ। ਕਿਤਿਕ ਪ੍ਰੋਏ ਬਰਛਨ ਸੰਗਾ ॥੬੮॥ ਖਚਾ ਖਚੀ ਕੀਨੀ ਤਲਵਾਰਨ। ਧੜ ਤੇ ਸਿਰ ਕਿਧ ਜੁਦੇ ਉਤਾਰਨ। ਮੋਢਨ ਤੇ ਬਾਹੇਂ ਕਟਿ ਡਾਰੀ। ਲੋਥੈਂ ਬਿਥਰੀ ਧਰਾ ਮਝਾਰੀ ॥੬੯॥ ਮੁਗ਼ਲ ਗਏ ਕੈਸੇ ਇਕ ਬੇਰਾ। ਜਾਇ ਬਾਜ ਜਸ ਦੇਖਿ ਬਟੇਰਾ। ਠਾਂਢੇ ਕਟੇ ਥਾਉਂ ਨਹਿ ਛੋਰੀ[੫] । ਕਾਇਰ ਭਗੇ ਲਾਜ ਕੁਲ ਤੋਰੀ ॥ ੭੦ ॥ ਮੁਗ਼ਲਨ ਦਲ ਜਨੁ ਘਟਾ ਘਮੰਡੀ[੬]। ਤਰਵਾਰੇਂ ਸਮ ਬਿੱਜੁ ਪ੍ਰਚੰਡੀ[੭] । ਬਜਹਿ ਦਮਾਮੇ ਜਸ ਘਨਘੋਰੀ।ਗੁਲਕਾਂ ਬਰਖ ਰਹੀ ਬਹੁ ਓਰੀ[੮]॥੭੧॥ਕ੍ਰਿਖਿ ਪਾਕ ਸਮ[੯] ਖਾਨ ਅਗਾਰੀ। ਨਾਸ਼ ਕੀਨਿ ਸਗਰੀ ਇਕ ਬਾਰੀ। ਤਛਾ ਮੁਛ[੧੦] ਤਰਵਾਰਨ ਕਰਿਕੈ। ਲੂਟਨ ਲਗੇ ਨਗਰ ਮਹਿਂ ਬਰਿਕੈ ॥ ੭੨ ॥ ਦਰਬ, ਤੁਰੰਗ ਲਿਯੋ ਸਭਿ ਜਾਈ। ਖਾਨਨ ਸਦਨ ਬਰੇ ਪੁਨ ਧਾਈ।ਸੁੰਦਰ ਅੰਗਨਾ ਤਬ ਗਹਿ ਲੀਨੀ। ਭੂਖਨ ਪਟ ਧੁਤ ਬੈਸ ਨਵੀਨੀ॥੭੩॥ ਦੋਹਰਾ॥ ਸਰਬ ਪਠਾਨਨ ਮਾਰਿਕੈ ਲੂਟਨੋ ਨਗਰ ਬਨਾਇ। ਬਹੁਤ ਕੈਦ ਮਹਿ ਕਰਿ ਲਿਯੇ 'ਹਾਇ ਹਾਇ' ਬਿਲਲਾਇ॥੭੪॥ ਚੌਪਈ॥ਸ੍ਰੀ ਗੁਰ ਨੇ ਜੋ ਸਬਦ ਉਚਾਰਾ। ਬਹੁ ਖਾਨਨ ਪਰ ਕੀਨੀ ਮਾਰਾ। ਤਿਨ ਕੇ ਪੀਰ ਫਕੀਰ ਜਿ ਸਭਿਹੀ। ਗਏ ਦਬਕ ਨਹਿ ਉਕਸੇ ਤਬਹੀ ॥੭੫ ॥ ਐਸੋ ਕੌਨ ਸ਼ਕਤਿ ਧਰਿ ਭਾਰੀ। ਜੋ ਗੁਰ ਬਚ ਕੇ ਟਿਕਹਿ ਅਗਾਰੀ। ਜੋ ਮਿਲਿ ਕੋਟਿਕ ਹੋਹਿਂ ਟਿਨਾਨੋ। ਕਿਉਂ ਸੂਰਜ ਕੀ ਪਾਇਂ ਸਮਾਨੇ[੧੧]॥੭੬॥ ਫਤੇ ਪਾਇ ਪੁਰਿ ਲੂਟਿ ਘਨੇਰਾ। ਜਾਇ

[੧]ਫਿੱਕੀ ਪੈ ਗਈ (ਭਾਵ ਕੁਛ ਮਾਰ ਨ ਕੀਤੀ), (ਅ) ਫੇਟੀ ਪੈਣੀ=ਕੰਮ ਵਿਗੜਨਾ। ਮਾਰ ਵਗ ਗਈ। [੨]ਜਦ ਮੇਰੇ ਕੰਮ ਆਉਣ ਦਾ ਵੇਲਾ ਹੈ। [੩]ਭਿਆਨਕ। [੪]ਧੌਂਸਿਆਂ ਤੇ। [੫]ਖੜੇ ਹੋਏ (ਸੂਰਮੇ) ਕੱਟੇ ਗਏ ਪਰ ਥਾਂ ਨਹੀਂ ਛੱਡੀ। [੬]ਘਟਾ ਉਮਡਕੇ ਆਈ ਹੈ। [੭]ਬਿਜਲੀ ਵਤ ਪ੍ਰਕਾਸ਼ਮਾਨ। [੮]ਸਾਰੀ ਪਾਸੀਂ। [੯]ਪੱਕੀ ਖੇਤੀ ਵਤ। [੧੦]ਕਟਾ ਵਢ। [੧੧]ਬਰਾਬਰੀ। *ਪਾ:-ਭੈਰੇ।

Sri Satguru Jagjit Singh Ji eLibrary NamdhariElibrary@gmail.com

ਕੋਸ ਦ੍ਵੈ ਕੀਨੋ ਡੇਰ। ਹਰਖਨੋ ਬਾਬਰ ਜੀਤ ਲਰਾਈ। ਪੁਨ ਫੇਰੀ ਸਭਿ ਥਾਨ ਦੁਹਾਈ ॥੭੭॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਾਬਰ ਕੋ ਜੁਧ ਪ੍ਰਸੰਗ' ਬਰਨਨੰ ਨਾਮ ਸਤਾਈਸਮੋ ਅਧਯਾਯ ॥ ੨੭ ॥

੨੮, [ਸਤਿਗੁਰ ਮੰਗਲ। ਗੁਰੂ ਜੀ ਨੇ ਕੈਦੀ ਛੁਡਾਏ ਬਾਬਰ ਤੋਂ]

ਦੋਹਰਾ ॥ ਦ੍ਰਿੜ ਹਿਰਦੇ ਅੱਗਯਾਨ ਜੋ ਬਹੁ ਬਿਧਿ ਜਗਤ ਬਨਾਉ।
ਗ੍ਯਾਨ ਭਏ ਤੇ ਨਸ਼ਟ ਹ੍ਵੈ ਚਹਿਤਿ ਜਿ ਸਤਿਗੁਰ ਧ੍ਯਾਉ ॥ ੧ ॥

ਅਰਥ—ਹਿਰਦੇ ਵਿੱਚ ਦ੍ਰਿੜ੍ਹ ਅੱਗਯਾਨ (ਦੇ ਕਾਰਨ) ਜੋ ਜਗਤ ਦੀ ਬਹੁਤ ਪ੍ਰਕਾਰ ਦੀ ਬਨਾਵਟ (ਬਣੀ ਦਿਸ ਰਹੀ ਹੈ ਉਹ) ਗ੍ਯਾਨ ਹੋਣ ਤੇ ਨਾਸ਼ ਹੁੰਦੀ ਹੈ, (ਹੇ ਮਨ) ਜੇ (ਤੂੰ ਇਸ ਗ੍ਯਾਨ ਦੀ ਪ੍ਰਾਪਤੀ) ਚਾਹੁੰਦਾ ਹੈਂ ਤਾਂ ਸਤਿਗੁਰੂ ਜੀ ਦੀ ਆਰਾਧਨਾ ਕਰ।

ਭਾਵ—ਸਤਿਗੁਰੂ ਜੀ ਧਿਆਉਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ! ਸੁਨਿ ਕਥਾ ਅਗਾਰੇ। ਸੈਨ ਦੇਖਿ ਸੋ ਸੰਤ ਸਿਧਾਰੇ[1]। ਸ੍ਰੀ ਗੁਰ ਬੈਸਿ ਰਹੇ ਤਿਹ ਥਾਨਾ। ਇਕ ਮੈਂ ਸੰਗ ਦੁਤਿਯ ਮਰਦਾਨਾ ॥੨॥ ਤਿਹ ਛਿਨ ਏਕ ਮੁਗ਼ਲ ਚਲਿ ਆਯੋ। ਹਮਹਿ ਦੇਖਿ ਨਿਜ ਦਾਸ ਬੁਲਾਯੋ। ਤਿਹ ਸੋਂ ਕਹਿਨ ਲਗਯੋ ਬਚ ਐਸੇ। 'ਇਹ ਮਾਨਵ ਤੀਨੋਂ ਜੋ ਬੈਸੇ ॥੩ ॥ ਸਿਰ ਬੋਝੇ ਧਰਿ[2] ਕਰਹੁ ਨ ਦੇਰੇ। ਗਹਿ ਲੇ ਚਲਿਯੋ ਇਨ ਕੋ ਡੇਰੇ'। ਤਿਨ ਉਠਾਇ[3] ਕਰਿ ਲੀਨ ਅਗਾਰੀ।ਧਰੇ ਸੀਸ ਪਰ ਭਾਰ ਜਿ ਭਾਰੀ ॥੪॥ ਮਰਦਾਨੇ ਕੋ ਅਸੁ[4] ਪਕਰਾਵਾ। ਮੈਂ ਇਕ ਬੋਝਾ ਸੀਸ ਉਠਾਵਾ। ਸ੍ਰੀ ਪ੍ਰਭੁ ਕੇ ਸਿਰ ਧਰਨੇ ਲਾਗੇ। ਮਹਿਮਾ ਲਖਹਿ ਨ ਮੂੜ੍ਹ ਕੁਭਾਗੇ ॥ ੫ ॥ ਦੋਹਰਾ ॥ ਏਕ ਹਾਥ ਉਚੀ ਰਹੀ ਊਪਰ ਸੀਸ ਟਿਕੀ ਨ। ਚਲੇ ਸੰਗ ਸਹਿਜੇ ਪ੍ਰਭੂ ਜਹਿ ਡੇਰਾ ਤਿਹ ਕੀਨ ॥ ੬ ॥ ਚੌਪਈ ॥ ਜਬ ਹੀ ਥਾਮਨੇ ਪੰਥ ਮਝਾਰੀ।ਹਮ ਦੋਨੋਂ ਚਲਿ ਜਾਹਿਂ ਪਿਛਾਰੀ। ਬੋਲੇ ਬਚਨ 'ਸੁਨਹੁ ਮਰਦਾਨਾ ! ਅਬਹਿ ਰਬਾਬ ਬਜਾਉ ਸੁਹਾਨਾ[5]"॥੭॥[6]"ਪ੍ਰਭੁ ਜੀ ਕਿਸ ਬਿਧਿ ਤਾਰ ਬਜਾਵਉਂ।ਹਾਥ ਬਿਖੇ ਪਕਰੇ ਅਸੁ ਲ੍ਯਾਵਉਂ। ਅਤਿ ਚੰਚਲ ਕੂਦਤਿ ਸੋ ਆਵਤਿ। ਮਹਾਂਬਲੀ ਕਰਿ ਜੋਰ ਥਮ੍ਹਾਵਤਿ[7] ॥੮॥ ਜੇ ਛੁਟਿ ਜਾਇ ਧਾਇ ਕਿਤ ਜਾਈ[8]। ਮੁਗ਼ਲ ਮਾਰਿ ਹੈ ਮੇਰੇ ਤਾਈਂ'। [9]"ਵਾਹਿਗੁਰੂ ਮੁਖਿ ਨਾਮ ਉਚਾਰੀ।ਛੋਡਹੁ ਬਾਜ[4] ਸੁ ਆਇ ਪਿਛਾਰੀ' ॥੯॥ ਸੁਨਿ ਰਜਾਇ ਕੋ ਛੋਰਨੋ

[1]ਓਹ ਸੰਤ (ਤਾਂ) ਚਲੇ ਗਏ। [2]ਰਖੋ। [3]ਉਠਾਕੇ (ਸਾਨੂੰ)। [4]ਘੋੜਾ। [5]ਸੁਹਣਾਂ। [6]ਮਰਦਾਨਾ ਬੋਲਿਆ। [7]ਸੰਭਾਲਿਆ ਹੋਯਾ ਹੈ। [8]ਕਿਤੇ ਦੌੜ ਜਾਵੇਗਾ। [9]ਗੁਰੂ ਜੀ ਬੋਲੇ।

Sri Satguru Jagjit Singh Ji eLibrary NamdhariElibrary@gmail.com

ਬਾਜਾ[1]। ਲਗਯੋ ਬਜਾਵਨ ਆਨੋ ਬਾਜਾ[2]। ਤਿਂਹ ਛਿਨ ਸ਼੍ਰੀਪ੍ਰਭੁ ਊਚਉਚਾਰੀ। ਕੀਨੋ ਸ਼ਬਦ ਸੁ ਰਾਗ ਮਝਾਰੀ ॥ ੧੦ ॥

ਆਸਾ ਮਹਲਾ ੧ ॥

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥ ੨ ॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੈ ॥ ੩ ॥ ੫ ॥ ੩੯ ॥*

ਚੌਪਈ ॥ ਇਸ ਬਿਧਿ ਗਾਵਤਿ ਮਾਰਗ ਜਾਹੀਂ । ਸਦਾ ਏਕਰਸ ਆਨੰਦ ਮਾਂਹੀ। ਲੋਕ ਬਿਲੋਕਤਿ ਬਹੁ ਬਿਸਮਾਏ। 'ਇਹੁ ਅਚਰਜ ਕਛੁ ਲਖਯੋ ਨ ਜਾਏ ॥ ੧੧ ॥ ਸਿਰ ਤੇ ਕਰ[3] ਊਚੋ ਹੈ ਭਾਰਾ[4] । ਬਹੁਰੋ ਚਲਿਓ ਜਾਹਿ ਸੰਗਾਰਾ। ਦੂਸਰ ਕੇ ਹੈ ਤੁਰੰਗ ਪਿਛਾਰੀ। ਚਲਯੋ ਜਾਤ ਬਿਨ ਗਹੇ ਮੁਹਾਰੀ[5]" ॥ ੧੨ ॥ ਕੇਤਿਕ ਕਹੈਂ 'ਸੰਤ ਇਹੁ ਕੋਈ। ਕਿਧੋਂ ਖੁਦਾਇ ਆਪ ਹੀ ਹੋਈ। ਅਤਿ ਸਮਰਥ ਅਜ਼ਮਤ ਮਹਿ ਭਾਰੀ। ਐਸੋ ਕਬ ਨਹਿ ਪਿਖਾ ਅਗ੍ਾਰੀ' ॥ ੧੩ ॥ ਹਾਥ ਬੰਦਿਕੈ ਬੰਦਨ ਕਰਿਹੀ। ਚਰਨ ਕਮਲ ਮਹਿ ਸ਼ਰਧਾ ਧਰਿਹੀ। ਇਸ ਪ੍ਰਕਾਰ ਪਹੁੰਚਯੋ ਜਬ ਡੇਰੇ। ਆਵਤਿ ਮੁਗ਼ਲ ਤਿਸੀਂ[6] ਨੈ ਹੇਰੇ ॥ ੧੪ ॥ ਇਸ ਬਿਧਿ ਅਚਰਜ ਲਖਯੋ ਤਮਾਸ਼ਾ । ਗਯੋ ਦੌਰਿ ਬਾਬਰ ਕੇ ਪਾਸਾ। ਨਿਕਟਿ ਬੈਠਿਕੈ ਗਿਰਾ ਉਚਾਰੀ। 'ਇਕ ਦ੍ਰਵੇਸ਼ ਹੈ ਬੰਦ ਮਝਾਰੀ ॥ ੧੫ ॥ ਦੋਹਰਾ ॥ ਅਚਰਜ ਸਭਿ ਅਵਲੋਕਿਓ ਅਤਿ ਅਜ਼-ਮਤਿ ਮਹਿ ਪੂਰ। ਬੋਝ ਦਿਧੋ ਸਿਰ ਤਾਂਹਿ ਕੇ ਰਹਯੋ ਏਕ ਕਰ ਦੂਰ[7]' ॥ ੧੬ ॥ ਚੌਪਈ ॥ ਏਕ ਡੂਮ ਹੈ ਜਾਂਕੇ ਸੰਗਾ। ਤਿਹ ਪੀਛੇ ਚਲਿ ਜਾਹਿ ਤੁਰੰਗਾ। ਕਰਤਿ

---

[1]ਘੋੜਾ। [2]ਰਬਾਬ। [3]ਹੱਥ (ਭਰ)। [4]ਬੋਝਾ। [5]ਵਾਗ। [6]ਆਂਵਦਿਆਂ, ਤਿਸ ਮੁਗ਼ਲ ਨੇ (ਜਿਸ ਨੇ ਸਾਂਡੇ ਪਕੜਨ ਦਾ ਹੁਕਮ ਦਿੱਤਾ ਸੀ)। [7]ਇਕ ਹਥ ਦੂਰ ਭਾਵ ਉੱਚਾ।

*ਇਸ ਸ਼ਬਦ ਵਿਚ ਸਤਿਗੁਰ ਜੀ ਦਾ ਬਾਬਰ ਪ੍ਰਤੀ ਇਹ ਉਲਾਂਭਾ ਹੈ ਕਿ ਫੌਜ ਫੌਜ ਨਾਲ ਲੜੇ, ਫੌਜ ਬੇਹਥਿਆਰ ਸ਼ਹਿਰ ਵਾਸੀਆਂ ਤੇ ਹਮਲਾ ਕਿਉਂ ਕਰੇ। ਅੱਜ ਕੱਲ ਕੋਮਾਂਤ੍ਰੀ ਕਾਨੂੰਨ ਬੀ ਇਸੇ ਪ੍ਰਕਾਰ ਦੇ ਹਨ ਕਿ ਬੇਹਥਿਆਰ ਸ਼ਹਿਰੀ ਵਸੋਂ ਦੀ ਕਤਲਾਮ ਫੌਜੀਆਂ ਹਥੋਂ ਵਿਹਤ ਨਹੀਂ ।

ਬੰਦਗੀ ਤਹਾਂ ਖ਼ੁਦਾਇ । ਆਪ ਬਿਲੋਕਹੁ ਚਲਿ ਤਹਿ ਥਾਇੰ' ॥੧੭॥ ਇਹੁ ਸੁਨਿ ਬਾਬਰ ਬਚਨ ਬਖਾਨਤਿ।'ਪੂਰਬ ਜੇ ਮੈਂ ਇਸ ਬਿਧਿ ਜਾਨਤਿ। ਇਸ ਪੁਰਿ ਕੋ ਨਹਿ ਮਾਰਤਿ ਧਾਈ। ਜਿਸ ਮਹਿ ਅਸ ਦਰਵੇਸ਼ ਰਹਾਈ'॥੧੮॥ ਆਵਨ ਕੋ ਤਯਾਰ ਭਾ ਸੋਈ। ਗੁਰੂ ਕਥਾ ਸੁਨੀਏ ਜਨੌਂ ਹੋਈ। ਦਲ ਮਹਿ ਬਹੁਤ ਬੰਦ ਨਰ ਨਾਰੀ। ਬਿਰਲਾਪਤਿ ਪ੍ਰਾਪਤਿ ਦੁਖ ਭਾਰੀ ॥੧੯॥ ਸਰਬ ਜਾਤਿ[1] ਇਜਨੀ ਹਿੰਦੁਵਾਨੀ। ਅਹੈਂ ਤੁਰਕਨੀ ਆਦਿ ਪਠਾਨੀ। ਸਭਿ ਕੇ ਚਾਕੀ[2] ਧਰੀ ਅਗਾਰੀ। 'ਦਾਨਾ ਦਰਿਯੋ[3] ਬਿਨਾ ਅਵਾਰੀ'॥੨੦॥ਸ੍ਰੀ ਨਾਨਕ ਜਬ ਡੇਰੇ ਆਏ।ਸਿਰ ਪੁਰ ਤੇ ਬੋਝੇ ਉਤਰਾਏ।ਬੈਠਾਰੇ ਨਿਜ ਬੰਦ ਮਝਾਰੀ। ਦ੍ਵੈ ਚਾਕੀ ਤਬ ਆਨੀ ਭਾਰੀ ॥੨੧॥ਆਗੇ ਮੇਰੇ ਅਰ ਮਰਦਾਨੇ। ਧਰੀ ਏਕ ਦੀਨੇ ਬਹੁ ਦਾਨੇ। ਇਕ ਸ੍ਰੀ ਗੁਰੂ ਅਗਾਰੀ ਧਰਿਕੈ। ਕਹਨੈ'ਦਰਹੁ ਦਾਨਾ ਦ੍ਰੁਤ ਕਰਿਕੈ'॥ ੨੨॥ ਹਮ ਮਿਲਿ ਦਰਨ ਲਗੇ ਦ੍ਰੁਤ ਦਾਨਾ। ਜਿਉਂ ਨਰ ਨੌਰਿ ਕਰਤਿ ਤਿਹ ਥਾਨਾ।ਸ੍ਰੀਗੁਰ ਚਾਕੀ ਹਾਥ ਨੇ ਲਾਵਹਿ। ਨਿਜ ਕਰ ਸੈਂ ਦਾਨਾ ਮਧ ਪਾਵਹਿ ॥ ੨੩ ॥ ਸ਼ੀਘ੍ਰ ਫਿਰੈ ਆਪ ਹੀ ਸੋਈ । ਬਿਸਮ ਬਿਲੋਕਹਿ ਤਹਿਂ ਸਭਿ ਕੋਈ । ਇਤਨੇ ਮਹਿਂ ਬਾਬਰ ਚਲਿ ਆਯੋ । ਚਰਨ ਕਮਲ ਪਰ ਸੀਸ ਨਿਵਾਯੋ ॥੨੪॥ ਦੋਹਰਾ॥ ਸ੍ਰੀ ਨਾਨਕ ਅਵਲੋਕਿਕੈ ਬੋਲੇ ਸ਼ਬਦ ਉਠਾਇ।ਸਭਿ ਲੋਕਨਕੀ ਜਸ ਦਸ਼ਾ ਤਸ ਤਬਿਦੀਨਿਸੁਨਾਇ।੨੫।

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ॥

ੴ ਸਤਿਗੁਰਪ੍ਰਸਾਦਿ ॥

ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ ੧ ॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥ ੨ ॥ ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ੍ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ ॥ ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥ ੩ ॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ

[1]ਸਾਰੀਆਂ ਜਾਤੀਆਂ ਦੀਆਂ। [2]ਚੱਕੀ। [3]ਦਾਨਾ ਦਲੋ।

Sri Satguru Jagjit Singh Ji eLibrary NamdhariElibrary@gmail.com

ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ੫ ॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ੬ ॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥ ੭ ॥ ੧੧ ॥

ਚੌਪਈ ॥ ਸੁਨਿਕਰਿ ਬਾਬਰ ਖਰਾ ਅਗਾਰੀ।ਹਾਥ ਬੰਦਿਕੈ ਗਿਰਾ ਉਚਾਰੀ। 'ਅਰਥ ਸਮੇਤ ਸੁਨਾਵਹੁ ਮੋਹੀ। ਗਾਵਰ ਕਹਿਨ ਕਾਹਿ ਪਰ ਹੋਹੀ' ॥੨੬॥ [1]"ਸੁਨਿ ਬਾਬਰ! ਇਹੁ ਹਤੇ[2] ਪਠਾਨਾ।ਲੂਟਨੋ ਸਗਰੋ ਨਗਰ ਮਹਾਨਾ। ਸਭਿਹਿਨਿ ਕੀ ਨਾਰੀ ਗਹਿ ਲੀਨੀ।ਦਲ ਮਹਿ ਆਨਿ ਕੈਦ ਕਰਿ ਦੀਨੀ॥੨੭॥ ਕਸ਼ਟ ਸਮਾਂ ਅਬ ਤਿਨ ਪਰ ਆਯੋ। ਦੇਖਿ ਦਸ਼ਾ ਅਸ ਸ਼ਬਦ ਅਲਾਯੋ। ਜਿਨ ਕੈ ਸਿਰ ਪਰ ਪਾਟੀ ਸੋਹੈਂ[3]। ਮਾਂਗ[4] ਸੰਧੂਰ ਪਾਇ ਮਨ ਮੋਹੈਂ ॥੨੮॥ ਸੋਹਤਿ ਸਿਰ ਹਿਤ ਭੂਖਨਰੂਰਨ[5]।ਸੰਗਕਤਰਨੀ ਕਤਰਹਿੰ[6] ਜੂਰਨ। ਪਾਇ ਬਦਨ ਮਹਿ ਭਸਮ ਬਹੋਰੀਂ। ਕਹੈਂ-ਬਤਾਵਹੁ ਮਾਯਾ ਔਰੀ-॥੨੯॥ ਜਿਹ ਮੁਖ ਨਾਨਾ ਬਿੰਜਨ[7] ਖਾਯੋ। ਸ੍ਰੀ ਕਰਤਾਰ ਨ ਨਾਮ ਅਲਾਯੋ। ਤਿਹ ਮੁਖ ਵਿਸ਼ਟਾ ਬਾਂਧਹਿ ਸੋਊ[8]।ਕਹੈਂ-ਦੇਹੁਧਨ ਗਾਡਯੋਜੋਊ-॥੩੦॥ਮੰਦਿਰਸੁੰਦਰ ਮਹਿਂ ਦਿਨ ਰੈਨਾ। ਰਹਿਤਿ ਸਦਾ ਸੰਤ ਪਿਖਹਿਂ ਨ ਨੈਨਾ। ਬੈਸਨ ਮਿਲੈ ਨ ਸੋ ਅਬ ਪਾਸੀ[9]।ਐਸੋ ਪ੍ਰਾਪਤਿ ਭਾ ਦੁਖ ਰਾਸੀ ॥੩੧॥ ਵਾਹਿਗੁਰੂ ਜੋ ਕਰਨੇਹਾਰਾ। ਤਿਸਕੋ ਬੰਦਨ ਬਾਰੰਬਾਰਾ। ਸਭਿ ਕੀ ਆਦਿ ਪੁਰਖੁ ਅਬਿਨਾਸ਼ੀ। ਕਿਸਬਿਧਿ ਅੰਤ ਨ ਪਾਇਆ ਜਾਸੀ॥੩੨॥ਕਰਿ ਕਰਿ ਵੇਖਹਿ ਚੋਜਘਨੇਰੇ। ਜਿਉਂ ਚਾਹਤਿ ਤਿਉਂ ਕਰਿ[10] ਬਿਨ ਦੇਰੇ।ਜਬ ਇਨ ਅੰਗਨਾਭਏ ਬਿਆਹ। ਸੋਹਿਤਿ ਭਰਤਾ ਬੈਠੇ ਪਾਹ ॥੩੩॥ ਹਿੰਡੋਲਨ[11] ਪਰ ਚੜ੍ਹਿ ਕਰਿ ਆਈ। ਪ੍ਰਿਥਮ ਬਦਨ ਮਹਿ ਪਾਇ ਮਿਠਾਈ। ਵਾਰੈ ਵਾਰ ਵਾਰਿ[12] ਵਰ ਵਾਰੀ[13]। ਪੀਵਹਿਂ,ਹੋਤਿ ਹਰਖ ਉਰ ਭਾਰੀ ॥੩੪॥ ਦਾਸੀ ਬਿਜਨਾ[14] ਫੇਰਹਿਂ ਤਾਂਹੀ।

ਗੁਰੂ ਜੀ ਬੋਲੇ। [2]ਮਾਰੇ ਹਨ (ਤੈਨੇ)। [3]ਪੱਟੀਆਂ ਸੋਭਦੀਆਂ ਸਨ। [4]ਚੀਰਨੀ। [5]ਸੁੰਦਰ ਗਹਣਿਆਂ ਦੇ ਕਾਰਨ। [6]ਕੈਂਚੀ ਨਾਲ ਕਤਰਦੇ ਹਨ (ਮੇਢੀਆਂ)। [7]ਭੋਜਨ। [8]ਸੋ (ਮੁਗਲ)। [9]ਤਿਨ੍ਹਾਂ (ਇਸਤ੍ਰੀਆਂ ਨੂੰ) ਹੁਣ (ਮੰਦਰਾਂ ਦੇ) ਨੇੜੇ ਭੀ ਬੈਠਣਾ ਨਹੀਂ ਮਿਲਦਾ। [10]ਕਰਦਾ ਹੈ (ਪ੍ਰਭੂ)। [11]ਡੋਲੀਆਂ। [12]ਬਾਰ ਬਾਰ ਵਾਰਕੇ। [13]ਸ੍ਰੇਸ਼ਟ ਜਲ। [14]ਪੱਖਾ।

Sri Satguru Jagjit Singh Ji eLibrary NamdhariElibrary@gmail.com

ਦਰਪਨ[1] ਬੀਚ ਲਗੇ ਹੈਂ ਜਾਂਹੀ[2]। ਛਮਕਤਿ ਤੇ ਦੁਤਿ ਹੋਤਿ ਬਿਸ਼ਾਲਾ। ਬਹੁਤ ਬਿਲੋਕਹਿਂ ਮਿਲਿ ਤਿਹਂ ਕਾਲਾ ॥੩੫॥ ਦੋਹਰਾ ॥ ਖਾਵਤਿ ਖਾਰਕ[3] ਗਰੀ ਪੁਨ ਲੇਕਰਿ ਭਰਤੇ ਪਾਸਿ। ਸੇਜਾ ਮਾਣਹਿ ਭਾਵਤੀ ਬਿਲਸਤਿ[4] ਬਹੁਤ ਬਿਲਾਸ ॥੩੬॥ ਚੌਪਈ ॥ ਅਬ ਪਾਬਰ ਤਿਨਕੇਂ ਗਰ[5] ਪਾਵਹਿਂ। ਮੋਤਿਨਿ ਮਾਲ ਟੂਟਿ ਕਰਿ ਜਾਵਹਿਂ।ਜੋਬਨ ਦਰਬ ਦੁਊ ਸੁਖਦਾਈ। ਤਿਨ ਤੇ ਅਬ ਬਹੁਤੇ ਦੁਖ ਪਾਈ ॥੩੭॥ ਤਰੁਨ ਬੈਸ[6] ਪੁਨ ਜੇ ਧਨਵਾਨਾ। ਤਿਨ ਗਹਿ ਦਯੋ ਸਾਸਨਾ ਦਾਨਾ[7]। ਕਹੈਂ—ਔਰ ਦੇਵਹੁ ਸਭਿ ਮਾਯਾ—। ਦੁਤਿਨ[8] ਬਾਂਧੀ[9] ਪਤਿ[10] ਗਵਾਯਾ[11] ॥੩੮॥ ਜੋ ਬਿਧਿ ਵਾਹਿਗੁਰੂ ਕੋ ਭਾਈ। ਦੇਇ ਸਜ਼ਾਇ ਕਿਧੌਂ ਵਡਿਆਈ। ਤੋਰਿ ਪਟੰਬਰ[12] ਸਿਰ ਜ਼ਰਤਾਰੀ[13]। ਸੂਛਮ ਉਦਰ ਪਾਨ ਅਨੁਹਾਰੀ[14] ॥੩੯॥ ਮਾਨਵ ਕੀ ਕੋ ਗਿਨਤੀ ਕਰਈ। ਸੂਰਜ ਚੰਦ੍ਰ ਦ੍ਰਿਸ਼ਟਿ ਨਹਿ ਪਰਈ।ਪਗ ਸੌਂ ਮਾਰਗ ਚਲਤਿ ਨ ਜੋਊ।ਬਾਂਧਿਲਈ ਮੁਗ਼ਲਨ ਅਬ ਸੋਊ॥੪੦॥ਭਰਤੇ ਮਾਰੇ ਬੀਚ ਲਰਾਈ।ਸਾਸਨ ਦੇਕੇ ਬਾਂਧਿ ਚਲਾਈ। ਲੋਚਨ ਬਹੁਤ ਬਿਮੋਚਤਿ ਬਾਰੀ[15]। ਅੱਸ੍ਰੂ[16] ਗਿਰੈਂ ਯੁਤ ਕੱਜਲ ਕਾਰੀ[17] ॥੪੧॥ ਕੂਕਤਿ ਹੈਂ ਰੋਵਤਿ ਦੁਖ ਪਾਈ। ਨਹਿ ਕੋ ਸ਼ਕਤਿ, ਨ ਤਿਨਹਿ ਛੁਡਾਈ[18]। ਆਗੇ ਜੋ ਚੇਤਯੋ ਨਹਿ ਨਾਮੂ। ਤੋ ਅਬ ਸਮਾਂ ਭਯੋ ਦੁਖਧਾਮੂ[19] ॥੪੨॥ ਜੋ ਸਿਮਰਹਿ ਅੱਗ੍ਰਜ ਕਰਤਾਰਾ। ਕਿਉਂ ਹੋਵਹਿ ਇਸ ਬਿਧਿ ਦੁਖ ਭਾਰਾ।ਹ੍ਵੈ ਅਮੀਰ ਉਮਰੇ ਜਿ ਵਜ਼ੀਰੈ।ਬਿਸਰਿ ਗਏ ਪ੍ਰਭੁ ਗੁਨੀ-ਗਹੀਰੈ ॥੪੩॥ ਚਿਤ ਮਹਿ ਚਾਹਤਿ ਰੰਗ ਤਮਾਸ਼ੇ। ਬਿਬਿਧਿ ਬਿਧਿਨਿ ਕੇ ਬਿਲਸ ਬਿਲਾਸੇ[20]। ਅਬਿ ਤਿਨਕੀ ਗਤਿ ਹੋਈ ਐਸੀ। ਜਾਇ ਬਿਲੋਕੀ ਨਾਂਹਿ ਨ ਜੈਸੀ ॥੪੪॥ ਬਾਬਰ ਤੇਰੀ ਫਿਰੀ ਦੁਹਾਈ। ਤੂਰਨ ਪੂਰਬ ਸਭਾ ਉਠਾਈ। ਤਿਨ ਕੇ[21] ਬਡੇ ਮੁਸਾਹਿਬ ਜੋਇ। ਨਹਿ ਭੋਜਨ ਅਬ ਪ੍ਰਾਪਤਿ ਹੋਇ॥੪੫॥ ਪੂਜਾ ਕਰਨ ਨਿਵਾਜ ਸੁ ਜਿਨ ਕੀ। ਜਾਤ ਸਮਾ ਟਰਿ[22] ਹੋਤਿ

[1]ਸ਼ੀਸ਼ੇ। [2]ਜਿਸ ਪੱਖੇ ਦੇ। [3]ਛੁਹਾਰੇ [ਸੰਸ:=ਕਸ਼ਾਰਕ]। [4]ਭੋਗਦੀਆਂ ਸਨ। [5]ਗਲ ਵਿਚ। [6]ਜਵਾਨ ਆਯੂ। [7]ਦੰਡ ਰੂਪੀ ਦਾਨ (ਅ) ਦਾਣੇ (ਦਲਣ) ਦੀ ਸਜ਼ਾ। [8]ਸਿਪਾਹੀਆਂ ਨੇ। [9]ਬੰਨ੍ਹੀਆਂ ਤੇ। [10]ਇੱਜ਼ਤ। [11]ਖਰਾਬ ਕੀਤੀ (ਇਸਤ੍ਰੀਆਂ ਦੀ)। [12]ਰੇਸ਼ਮ ਦੇ ਬਸਤ੍ਰ। [13]ਜ਼ਰੀਦਾਰ। [14]ਪਾਨ ਦੇ (ਪੱਤੇ) ਸਮਾਨ (ਕੋਮਲ)। [15]ਕੇਰਦੀਆਂ ਹਨ ਹੰਝੂ। [16]ਹੰਝੂ। [17]ਕਾਲੇ ਕੱਜਲ ਸਮੇਤ। [18]ਨਾਂ ਹੀ ਕਿਸੇ ਦੀ ਤਾਕਤ (ਪੈਂਦੀ ਹੈ ਤੇ) ਨਾਂ ਹੀ ਕੋਈ ਉਹਨਾਂ ਨੂੰ ਛੁਡਾਉਂਦਾ ਹੈ। (ਅ) ਨਾ ਕੋਈ ਸ਼ਕਤੀਵਾਨ ਹੈ, ਤੇ ਨਾਂ ਹੀ (ਜੇ ਕੋਈ ਹੈ ਬੀ ਤਾਂ) ਉਹਨਾਂ ਨੂੰ ਛੁਡਾਉਂਦਾ ਹੈ। [19]ਦੁਖਾਂ ਦਾ ਘਰ। [20]ਭੋਗਦੇ ਹਨ ਅਨੰਦ, ਭੋਗ। [21]ਤਿਨ੍ਹਾਂ (ਖਾਨਾਂ) ਦੇ। [22]ਸਮਾਂ ਲੰਘ ਜਾਂਦਾ (ਹੈ ਪਰ) ਉਹਨਾਂ ਦੀ (ਪੂਜਾ ਤੇ ਨਿਮਾਜ਼) ਨਹੀਂ ਹੋ ਸਕਦੀ।

Sri Satguru Jagjit Singh Ji eLibrary NamdhariElibrary@gmail.com

ਨ ਤਿਨਕੀ । ਹਿੰਦਨੀ ਅੰਗਨਾ ਪਕਰੀ ਸੋਈ । ਮੱਜਤਿ[1] ਤਿਲਕ ਲਗਾ-ਵਤਿ ਜੋਈ ॥੪੬॥ ਚੌਂਕੇ ਮਹਿਂ ਭੋਜਨ ਕੋ ਖਾਤੀ । ਕਰੀ ਕੈਦ ਬੈਸੀ ਇਸ ਭਾਂਤੀ॥ਹਾਥ ਨ ਆਵਤਿ ਅਬਹਿ ਅਹਾਰਾ॥ਰੋਵਤਿ ਊਚੇ ਕਰਹਿਂ ਪੁਕਾਰਾ॥ ੪੭॥ ਰਾਮ ਨ ਸਿਮਰਨੋ ਕਬ ਮਨ ਮਾਂਹੀ । ਕਹਿਨ ਖੁਦਾਇ ਮਿਲਹਿ ਅਬ ਨਾਹੀਂ । ਆਵਹਿ ਦੁਖ ਸੁਖ ਬੂਝਤਿ ਕੋਈ[2] । ਕੇਤਿਕ ਮ੍ਰਿਤੁ ਭਏ ਤਿਨ ਰੋਈ[3]॥੪੮॥ ਜੋ ਬਿਧਿ ਵਾਹਿਗੁਰੂ ਕੋ ਭਾਵਹਿ।ਸੋ ਤਤਛਿਨ ਕਰਤਾਰ ਬਨਾ-ਵਹਿ । ਨਹਿਂ ਮਾਨੁਖ ਕੇ ਕਛੁ ਕਰ ਮਾਂਹੀ॥ਜਿਵੈਂ ਚਲਾਵੈ ਤਿਵੈਂ ਚਲਾਹੀ[4]" ।੪੯। ਸੁਨਿ ਬਾਬਰ ਸ੍ਰੀ ਮੁਖ ਤੇ ਬਾਨੀ । ਸ਼ਰਧਾ ਅਧਿਕ ਰਿਦੈ ਮਹਿਂਠਾਨੀ। ਕਲਾਵਾਨ ਮਨ ਲਖੇ ਬਿਸਾਲਾ । ਬੰਦਨ ਕਰਿ ਬੋਲਨੋ ਤਿਹ ਕਾਲਾ ।੫੦। 'ਕਰਾਮਾਤ ਮੁਝ ਕੋ ਦਿਖਲਾਵਉ। ਕਿਤਿਕ ਸ਼ਕਤਿ ਹੈ ਸਰਬ ਬਤਾਵਉ । ਤੁਮ ਖ਼ੁਦਾਇ ਕੇ ਅਧਿਕ ਪਿਆਰੇ।ਕਿਧੌਂ ਖ਼ੁਦਾਇ ਆਪ ਤਨ ਧਾਰੇ'॥੫੧। ਸੁਨਿਕਰਿ ਬੋਲੇ ਕ੍ਰਿਪਾਸਹਿਤ ਹੈਂ'ਕਰਾਮਾਤ ਕੋ ਕਹਿਰ ਕਹਿਤਿ ਹੈਂ। ਜਾਚਿ ਲੇਹੁ ਜੋ ਹੈ ਚਿਤ ਚਾਹੀ।ਇਸਥਿਰ ਕਰ ਮਨ ਡੋਲਹੁ ਨਾਂਹੀ'॥੫੨॥ ਬਾਬਰ ਕੇਰ ਹੁਤੇ ਬਡਭਾਗਾ । ਸੁਨਿਕੈ ਬਚਨੁ ਚਰਨੁ ਅਨੁਰਾਗਾ । ਪ੍ਰੇਮ ਖੁਦਾਇ ਮਗਨ ਮਨ ਜਾਂਨੀ[5] । ਧਾਂਤੇ ਭੇਟ ਭਾਂਗ[6] ਕੀ ਆਨੀ ॥ ੫੩ ॥ ਬੇਪਰਵਾਹੁ ਲਖੇ ਦਰਵੇਸ਼ਾ । ਦਰਬ ਲੋਭ ਜਿਨਕੇ ਨਹਿ ਲੇਸ਼ਾ । ਧਰੀ ਗੁਰੂ ਕੇ ਜਬਹਿ ਅਗਾਰੀ । ਤਿਹ ਬਿਲੋਕਿ ਕੈ ਗਿਰਾ ਉਚਾਰੀ ॥ ੫੪ ॥

ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰਪ੍ਰਸਾਦਿ ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ॥੧॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ਰਹਾਉ॥ ਕੇਸਰਿ ਕੁਸਮ ਮਿਰਗ ਮੈ ਰਹਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੈ ਰਹੇ ਲਿਵਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ ੨ ॥

ਦੋਹਰਾ ॥ ਇਸਬਿਧਿ ਸੁਨਿ ਬਾਬਰ ਤਬੈ ਬੰਦਨ ਕਿਯ ਕਰ ਬੰਦਿ । ਬੋਲਨੋ

[1]ਇਸ਼ਨਾਨ ਕਰਕੇ । [2]ਕੋਈ ਦੁਖ ਸੁਖ ਆਕੇ ਪੁੱਛਦਾ ਹੈ । [3]ਤਿਨ੍ਹਾਂ ਨੂੰ ਰੋਂਦੀਆਂ ਹਨ । [4]ਚਲਦੇ ਹਨ । [5]ਮਨ ਵਿਚ ਜਾਣੀ (ਬਾਬਰ) ਨੇ । [6]ਭੰਗ, ਸੁੱਖਾ ।

Sri Satguru Jagjit Singh Ji eLibrary NamdhariElibrary@gmail.com

ਦੀਨ ਬਿਸਾਲ ਹੈਂ ਅਵਲੋਕਤਿ ਸੁਖਕੰਦ[1] ॥ ੫੫ ॥ ਚੌਪਈ ॥ 'ਮੈ ਜਾਨੇ ਅਬ ਨਿਸ਼ਚੈ ਕਰਿਕੈ। ਤੁਮ ਖ਼ੁਦਾਇ ਬਿਚਰਤਿ ਤਨ ਧਰਿਕੈ। ਦੀਜੈ ਬਰ ਮੋਕੋ ਅਬ ਐਸੇ। ਜਗ ਪਤਿਸ਼ਾਹੁ ਹੁਵੈਂ ਮੈਂ ਜੈਸੇ ॥ ੫੬ ॥ ਕੁਰਸੀ ਅਪਰ ਬਕੁਰਸੀ[2] ਤਾਈਂ। ਭੋਗਹਿਂ[3] ਪਤਿਸ਼ਾਹੀ ਸੁਖ ਪਾਈ। ਚਾਰ ਪਦਾਰਥ ਤੁਮ ਕਰ ਮਾਂਹੀ। ਦੇਵਹੁ ਆਪ ਦੇਰਿ ਕੁਛ ਨਾਂਹੀ ॥ ੫੭ ॥ ਮਹਾਂਪੁਰਖ ਹੁਇ ਅਧਿਕ ਉਦਾਰਾ। ਕਰਹਿ ਰੰਕ ਤੇ ਅਤਿ ਸਿਰਦਾਰਾ। ਨ੍ਰਿਪ ਤੇ ਰੰਕ ਬਨਾਵਹਿ ਤੂਰਨ। ਇਸ ਪ੍ਰਕਾਰ ਕੇ ਤੁਮ ਪ੍ਰਭੁ ਪੂਰਨ ॥ ੫੮ ॥ ਜੇ ਪ੍ਰਸੰਨਤਾ ਰਾਵਰ ਕੇਰੀ। ਪੂਰਨ ਚਹੋਂ[4] ਕਾਮਨਾ ਮੇਰੀ। ਜੋ ਜਾਚਨੋ ਸੋਈ ਅਬਿ ਦੀਜੈ। ਮਹਾਂਪੁਰਖ ਜੀ! ਕਰੁਨਾ ਕੀਜੈ' ॥ ੫੯ ॥ ਦੋਹਰਾ ॥ ਕ੍ਰਿਪਾਦ੍ਰਿਸ਼ਟਿ ਅਵਲੋਕਿ ਕੈ ਬੋਲਤਿ ਭੇ ਸਤਿਭਾਇ। 'ਜਗ ਪਤਿਸ਼ਾਹੀ ਭੋਗਹੋ ਜਬ ਲਗ ਕਰੋ ਨਿਆਇ ॥੬੦॥ ਚੌਪਈ ॥ ਜਬ ਤੁਮਰੀ ਕੁਲ ਨਨਾਇ ਨ ਹੋਵਹਿ। ਪਤਿਸ਼ਾਹਿਤ ਸਗਰੀ ਸੋ ਖੋਵਹਿ। ਦੇਸ਼ ਬਿਦੇਸ਼ ਜੀਤਿ ਬਹੁ ਧਰਨੀ। ਭੁੰਚਹੁ[5] ਰਾਜ ਕਰਹੁ ਬਲ ਕਰਨੀ' ॥੬੧॥ ਸੁਨਿ ਬਾਬਰ ਕਰਿ ਹਰਖ ਅਪਾਰਾ। ਪਦਪੰਕਜ ਬੰਦਹਿ ਬਹੁ ਬਾਰਾ। ਨਿੰਮ੍ਰਿ ਹੋਇਕੈ ਬਿਨੈ ਬਖਾਨੀ। 'ਧੰਨ ਧੰਨ ਪ੍ਰਭੁ! ਸਦ ਗੁਨ ਖਾਨੀ!' ॥੬੨॥ ਤਬ ਸੈਨਾ ਕੇ ਨਰ ਸਭਿ ਆਏ। ਦਰਸ ਕਰਹਿ ਚਰਨਨ ਲਪਟਾਏ। ਚਹੁੰਦਿਸ਼ਿ ਭੀਰ ਭੂਰ ਤਬ ਹੋਈ। ਧਾਇ ਧਾਇ ਆਵਹਿ ਸਭਿ ਕੋਈ ॥੬੩॥ ਦੋਹਰਾ ॥ ਸ੍ਰੀ ਨਾਨਕ ਕੇ ਬਰ ਦਏ[6] ਬਾਬਰ ਭਾ ਪਤਿਸ਼ਾਹੁ। ਦਿੱਲੀ ਆਦਿਕ ਦੇਸ਼ ਲੇ ਬਿਲਸੈ[7] ਸੁਖ ਜਗ ਮਾਂਹਿ ॥੬੪॥ ਕਰੁਨਾਨਿਧਿ[8] ਦੇਖੇ ਬਹੁਰ ਕੈਦ ਬਿਖੈ ਨਰਨਾਰਿ। ਦੁਖ ਪਾਵਤਿ ਕੁਰਲਾਤਿ ਹੈਂ ਜਿਉਂ ਬਨ ਕਮਲ[9] ਤੁਖਾਰ[10] ॥ ੬੫ ॥ ਚੌਪਈ ॥ ਬਾਬਰ ਸੋਂ ਬੋਲੇ ਤਿਹ ਕਾਲਾ। 'ਛੋਡਹੁ ਕੈਦ ਜੁ ਗਹੀ ਬਿਸਾਲਾ। ਸੌਜ ਖਸੋਟੀ[11] ਜੋ ਇਨ ਕੇਰੀ। ਮਾਨਹੁ ਬਚ ਹਮਾਰ, ਦਿਹੁ ਫੇਰੀ' ॥੬੬॥ ਕਮਲ ਬਦਨ ਕੀ ਗਿਰਾ ਸੁਨੀ ਜਬਿ। ਸਪਦ[12] ਛੁਡਾਏ ਨਰ ਨਾਰੀ ਸਭਿ। ਅਪਨੀ ਸੌਜ[13] ਪਛਾਨੀ ਜਾਂਹੀ[14]। ਦਈ ਦਿਵਾਇ ਦੇਰਿ ਕਿਧ ਨਾਂਹੀ ॥ ੬੭ ॥ ਆਪੋ ਅਪਨੀ ਸੌਜ ਸੰਭਾਰੀ। ਨਿਜ ਨਿਕੇਤ ਗਮਨੇ ਨਰ ਨਾਰੀ। ਸਭਿਹਿਨਿ ਕੋ ਲੇ ਅਪਨੇ ਸਾਥਾ। ਗਏ

[1]ਸੁਖਾਂ ਦੇ ਬੱਦਲ (ਗੁਰੂ ਜੀ) ਨੂੰ ਦੇਖਕੇ। [2]ਪੁਸ਼ਤ ਦਰ ਪੁਸ਼ਤ। [3](ਅਸੀਂ) ਭੋਗੀਏ। [4]ਕਰਨੀ ਚਾਹੁੰਦੇ ਹੋ। [5]ਭੋਗੋਗੇ। [6]ਦਿਤਿਆਂ। [7]ਭੋਗੇ। [8]ਕ੍ਰਿਪਾ ਦੇ ਖਜ਼ਾਨੇ ਨੇ। [9]ਮਾਨੋਂ ਕਮਲਾਂ ਦੇ ਬਨ ਪਰ। [10]ਬਰਫ (ਆ ਪਈ) ਹੈ। [11]ਖੋਹੀ ਹੈ। [12]ਉਸੇ ਵੇਲੇ, ਤੜਫਟ। [13]ਸਾਮੱਗ੍ਰੀ। [14]ਜਿਸਨੇ।

Sri Satguru Jagjit Singh Ji eLibrary NamdhariElibrary@gmail.com

ਨਗਰ ਮਹਿ ਪੁਨ ਜਗਨਾਥਾ ॥ ੬੮ ॥ ਸੋਰਠਾ ॥ ਦੇਖਯੋ ਨਗਰ ਉਜਾਰ ਨਰ ਨਾਰੀ ਜਹਿ ਕੋ ਨਹੀਂ। ਆਸਾ ਰਾਗ ਮਝਾਰ ਸ਼ਬਦ ਉਚਾਰਯੋ ਸ੍ਰੀ ਗੁਰੂ ॥ ੬੯ ॥

ਆਸਾ ਮਹਲਾ ੧ ॥

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗ ਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥ ੧ ॥ ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥ ੧ ॥ ਰਹਾਉ ॥ ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥ ੨ ॥ ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ੩ ॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ[1] ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ[2] ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ਹੀ ਤੁਪਕ[3] ਤਾਣਿ ਚਲਾਈ ਓਨ੍ਹੀ ਹਸਤਿ[4] ਚਿੜਾਈ ॥ ਜਿਨਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ ॥ ੫ ॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ ॥ ਜਿਨ੍ਹ ਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ ॥ ੬ ॥ ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਬਿਗਸੈ ਨਾਨਕ ਲਿਖਿਆ ਪਾਈਐ ॥ ੭ ॥ ੧੨ ॥

ਚੌਪਈ ॥ ਇਸ ਬਿਧਿ ਕਹਿ ਕਰਿ ਕਰੁਨਾ ਸਦਨੇ। ਬੈਠੇ ਨਿਕਟਿ ਨਗਰ ਦੁਖਕਦਨੇ। ਆਵਨ ਲਗੇ ਨਗਰ ਨਰ ਨਾਰੀ। ਕਸ਼ਟ ਸਮਾਂ ਜਿਨ ਪਰ ਭਾ ਭਾਰੀ ॥ ੭੦ ॥ ਕਟੇ ਖਾਨ ਜਹਿ ਮਿਰਤਕ ਪਰੇ। ਅਰੁਨ ਧਰਨਿ ਸ਼੍ਰੋਣਤ ਬਹੁ ਵਰੇ[5]। ਆਨਨ ਧੂਰ ਭਰੇ ਜਿਨ ਕੇਰੇ। ਆਮਿਖ[6] ਖਾਤਿ ਗੀਧ ਰਵ ਟੇਰੇ[7] ॥ ੭੧ ॥ ਦੋਹਰਾ ॥ ਦਾਰੁਨ ਰੂਪ ਬਿਰੂਪ ਭਾ ਦੇਖਤਿ ਹੈਂ ਨਰ ਨਾਰਿ। ਕਰਤਿ ਚਿਨਾਰੀ ਅਪਨ ਕੀ ਦਫਨੈਂ ਧਰਨਿ ਮਝਾਰ ॥ ੭੨ ॥ ਚੌਪਈ ॥ ਤੁਰਕ ਹੁਤੇ

[1]ਜਦੋਂ ਬਾਬਰ ਆਯਾ ਸੁਣਿਆ ਤਾਂ ਪੀਰਾਂ ਨੇ ਪਠਾਣ ਕਿਲਿਆਂ ਵਿਚ ਵਰਜ ਬਹਾਏ ਸਨ ਕਿ ਸਾਡੀ ਦੁਆ ਨਾਲ ਮੁਗਲ ਅੰਨ੍ਹੇ ਹੋ ਜਾਣਗੇ। [2]ਸ਼ਹਜ਼ਾਦੇ। [3]ਬੰਦੂਕ (ਮੁਗਲਾਂ ਨੇ) ਚਲਾਈ। [4]ਹਾਥੀ ਫੌਜ। [5]ਲਹੂ ਡੁਲ੍ਹ ਰਿਹਾ ਹੈ। [6]ਮਾਸ। [7]ਗਿੱਧਾਂ ਚੀਕਦੀਆਂ ਹਨ।

ਸੋ ਸਭਿ ਦਵਨਾਏ। ਹਿੰਦੂ ਮਰੇ ਜਿ ਦਾਹੁ ਕਰਾਏ। ਰੋਵਹਿਂ ਬਹੁਰ ਪਰਨੈ ਬਡ ਰੌਰਾ। ਪੀਟਤਿ ਨਾਰਿ ਮਿਲੀ ਤਿਹ ਠੌਰਾ ॥ ੭੩ ॥ ਹਾਇ ਹਾਇ ਓਹੁ ਓਹੁ ਕਰਿਈ। ਮ੍ਰਿਤੁ ਭਏ ਗੁਨ ਤਿਨਹਿਂ ਉਚਰਿਈ। ਮਿਲਿ ਇਕ ਥਲ ਬਹੁ ਰੋਵਹਿ ਨਾਰੀ। ਬਾਰੈ ਉਖਾਰਿ ਦੇਹਿ ਧਰ ਡਾਰੀਂ ॥ ੭੪ ॥ ਤਨ ਕੌ ਕਰਹਿਂ ਤਾੜਨਾ ਭਾਰੀ। ਊਰੀ ਬਾਹੈਂ ਕਰਹਿ ਪੁਕਾਰੀ। ਬਡ ਰੌਰਾ ਸੁਨਿ ਕੈ ਤਿਹ ਥਾਨਾ। ਬਹੁਰੋ ਸ੍ਰੀ ਪ੍ਰਭੁ ਸ਼ਬਦ ਬਖਾਨਾ ॥ ੭੫ ॥

ੴ ਸਤਿਗੁਰਪ੍ਰਸਾਦਿ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥ ੧ ॥ ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥ ੧ ॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥ ੨ ॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸਨੋ ਤੁਮ ਕਉ ਕਉਣੁ ਰੋਈ ॥ ੩ ॥ ਧੰਧਾ ਪਿਟਿਹੁ ਭਾਈ ਹੋ ਤੁਮ੍ਹ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤਹੀ ਤੁਮ ਲੋਕ ਸੁਣਾਵਹੁ ॥ ੪ ॥ ਜਿਸਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥ ੫ ॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿਕੈ ਬੂਝਹੁ ਬੀਚਾਰੇ ॥ ੬ ॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥ ੭ ॥ ਧਰਮੁ ਭੂਮਿ ਸਤੁਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮ ਨਾਮੇ ਬਿਉਹਾਰਾ ॥ ੯ ॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥ ੧੦ ॥ ੧੩ ॥

ਦੋਹਰਾ ॥ ਇਸ ਬਿਧਿ ਸ਼ਬਦਿ ਉਚਾਰਕੈ ਬੈਠਿ ਰਹੇ ਗਤਿਦੈਨ[1]। ਜਿਸਕੀ ਕਰੁਨਾ ਪਾਇਕੈ ਮਨ ਪਾਵਨ ਤੇ ਚੈਨ[2] ॥੭੬॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਬਾਬਰ ਕੋ ਪ੍ਰਸੰਗ' ਬਰਨਨੰ ਨਾਮ ਅਠਾਈਸਮੋ ਅਧਯਾਯ ॥ ੨੮ ॥

੨੯. [ਚਰਨ ਕਮਲ ਮੰਗਲ, ਸਾਹੁਰੇ ਨੱਗਰ ਡੇਰਾ, ਅਜਿੱਤਾ ਉਧਾਰ]

ਦੋਹਰਾ ॥ ਸਰਬ ਬਿਖੈ ਸਿੰਮਲ ਬ੍ਰਿੱਖ* ਸ਼ੁਕ ਮਨ ਤਜਿ ਅੱਗਯਾਨ ॥
ਸਤਿਗੁਰ ਚਰਨ ਰਸਾਲ ਕੋ ਸੇਵਿ ਸਦਾ ਸੁਖ ਮਾਨਿ ॥ ੧ ॥

[1](ਜੇਹੜੇ) ਮਰ ਗਏ। [2]ਬਾਲ। [3]ਧਰਤੀ ਤੇ ਸੁੱਟ ਦੇਂਦੀਆਂ ਹਨ। [4]ਮੁਕਤੀ ਦੇਣ ਵਾਲੇ। [5]ਮਨ ਨੱਠਣ ਤੋਂ ਹਟਕੇ ਟਿਕ ਜਾਂਦਾ ਹੈ। *ਪਾ:—ਬਿਰਖ।

Sri Satguru Jagjit Singh Ji eLibrary NamdhariElibrary@gmail.com

ਬਿਖੈ=ਵਿਸ਼ੇ, ਸਰੀਰਕ ਭੋਗ [ਸੰਸ:, ਵਿਖ਼ਯ]। ਸੁਕ=ਤੋਤਾ।
ਅੱਗਯਾਨ=ਭੁਲੇਵਾ। ਅਗਯਾਨ ਸੁਕ=ਭੁੱਲੇ ਹੋਏ ਤੋਤੇ।
ਸੂਚਨਾ—ਤੋਤੇ ਦੇ ਭੁਲੇਵੇ ਪਰ ਗੁਰਵਾਕ ਹੈ:—ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ। [ਸੂਹੀ ਮ: ੧] ਰਸਾਲ=ਅੰਬ।
(ਅ) ਰਸਾਂ ਦਾ ਘਰ। (ੲ) ਕੱਟਹਲ। (ਸ) ਅੰਗੂਰ। (ਹ) ਗੰਨਾਂ।

ਅਰਥ—ਸਾਰੇ ਵਿਸ਼ੇ ਸਿੰਮਲ ਦੇ ਬ੍ਰਿੱਛ (ਵਾਂਙੂ ਨਿਕੰਮੇ) ਹਨ, ਹੇ ਤੋਤੇ ਰੂਪੀ ਭੁੱਲੇ ਹੋਏ ਮਨ (ਇਨ੍ਹਾਂ ਨੂੰ) ਤਿਆਗ* ਤੇ ਸਤਿਗੁਰ ਜੀ ਦੇ ਚਰਨਾਂ ਨੂੰ ਜੋ ਅੰਬ (ਬ੍ਰਿੱਛ ਤੁਲ ਹਨ) ਸੇਵ (ਤੇ ਐਉਂ) ਸਦੈਵੀ ਸੁਖ ਮਾਣ।

ਭਾਵ—ਸਿੰਮਲ ਬਾਬਤ ਗੁਰਵਾਕ ਹੈ:—

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥

ਜਿਸ ਵਿਚ ਉਸ ਦੇ ਫਲ ਫਿੱਕੇ ਫੁਲ ਬਕਬਕੇ ਦੱਸੇ ਹਨ ਤੇ ਤੋਤਿਆਂ ਦੀ ਭੁੱਲ ਤੇ ਚੱਖਣ ਤੇ ਨਿਰਾਸਤਾ ਪੱਲੇ ਪੈਣੀ ਦੱਸੀ ਹੈ ਜੋ ਫੁਲ ਟੁਕ ਟੁਕ ਸੱਟੀ ਜਾਂਦਾ ਹੈ, ਓਹੋ ਦ੍ਰਿਸ਼ਟਾਂਤ ਲੈਕੇ ਮਨ ਨੂੰ ਕਹਿੰਦੇ ਹਨ ਕਿ ਸਤਿਗੁਰਾਂ ਦੇ ਚਰਨਾਂ ਨੂੰ ਸੇਵ ਜੋ ਰਸਾਂ ਦਾ ਘਰ ਹਨ, ਅਥਵਾ ਜੋ ਅੰਬ ਯਾ ਗੰਨੇ ਸਰੀਖੇ ਮਿੱਠੇ ਹਨ ਤੇ ਵਿਸ਼ੇ ਰਸ ਤਯਾਗ ਜੋ ਸਿੰਮਲ ਹਨ।

ਸ੍ਰੀ ਬਾਲਾ ਸੰਧੁਰੁ ਬਾਚ ॥ ਚੌਪਈ ॥ ਬੈਠੇ ਹੁਤੇ ਪ੍ਰਭੁ ਗੁਨ ਖਾਨੀ। ਮਰਦਾਨਾ ਤਬ ਬੋਲਯੋ ਬਾਨੀ। 'ਆਪ ਪੁਰਾ ਪੁਰਿ¹ ਮਹਿਂ ਜਬ ਆਏ। ਮੈਂ ਤ ਸੰਗ ਬੈਠੇ ਇਹ ਥਾਏਂ ॥ ੨ ॥ ਹਿਤ ਅਹਾਰ ਕੇ ਜਾਚਨ ਗਵਨੇ। ਫਿਰੇ ਪਠਾਨਨ ਕੇ ਤਬ ਭੁਵਨੇ। ਦੇਖਿ ਛੁਧਾਤੁਰ ਕਿਨਹੁਂ ਨ ਦੀਨੋ। ਬਹੁਰੋ ਮਿਲਯੋ ਦੁਖਦ ਮਤਿ ਹੀਨੋ² ॥ ੩ ॥ ਭਈ ਅਵੱਗਯਾ ਬੋਰਨ ਪਾਸੂ³। ਮਿਲਯੋ ਸਰਬ ਪੁਰਿ ਕੋ ਦੁਖ ਰਾਸੂ। ਅਸਮੰਜਸ ਮੈਂ ਲਖਿ ਮਨ ਮਾਂਹੀ। ਬੂਝਨ ਕੀਨ ਆਪਕੇ ਪਾਹੀ'॥੪॥ ਦੋਹਰਾ॥ ⁴"ਸੁਨਿ ਮਰਦਾਨੇ! ਨਗਰ ਜਿਸ ਸੰਤ ਅਤਿਥਿ ਚਲਿ ਜਾਹਿ। ਸੇਵਾ ਹੋਇ ਨ ਤਾਹਿ ਕੀ ਸਭਿਹਿਨ ਪਾਪ ਲਗਾਹਿ ॥੫॥ ਚੌਪਈ॥ ਜਾਨਹੁ ਗ੍ਰਿਹਸਤ ਧਰਮ ਸੁਭ ਏਹੂ।ਆਇ ਅਤਿਥਿ ਕੀ ਸੇਵ ਕਰੇਹੂ⁵।ਜਥਾ-ਸ਼ਕਤਿ ਤਿਹ ਆਦਰ ਕਰਿਹੀ।ਦੇ ਅਹਾਰ ਮ੍ਰਿਦੁ ਬਚਨ ਉਚਰਿਹੀ॥੬॥ਧਰਮ ਹੀਨ ਇਹ ਖ਼ਾਨ ਦੁਸ਼ਟਮਤਿ।ਪ੍ਰਭੁਤਾ ਮਦ ਮਹਿਂ ਭਏ ਅੰਧਅਤਿ। ਕਹਿਰ ਉਚਿਤ ਬੇ ਕਹਿਰ ਪਰਯੋ ਸਿਰ। ਸਦਾ ਖ਼ੁਦਾਇ ਬਿਸਾਰਿ ਰਹੇ ਉਰ' ॥ ੭॥

¹ਪਹਿਲੇ ਸ਼ਹਿਰ (ਏਮਨਾਬਾਦ) ਵਿਚ। ²ਫਿਰ (ਹੁਣ) ਮਿਲਿਆ ਹੈ ਦੁਖ ਮਤ ਹੀਣਾਂ ਨੂੰ। (ਅ) ਸਗੋਂ ਮਿਲਿਆ ਇਕ ਦੁਖ ਦਾਤਾ ਮਤਿਹੀਨ (ਸਾਨੂੰ)। ³ਅਵੱਗਯਾ ਤਾਂ ਹੋਈ ਸੀ ਥੋੜ੍ਹਿਆਂ ਪਾਸੋਂ। ⁴ਗੁਰੂ ਜੀ ਬੋਲੇ। ⁵ਕਰੇ।

*ਤੁਕ ਦਾ ਦੂਜਾ ਅਰਥ—ਹੇ ਤੋਤੇ ਮਨ ਸਿੰਮਲ (ਨੂੰ ਰਸਾਲ ਸਮਝਣ ਦਾ) ਅਗਯਾਨ ਦੂਰ ਕਰ।

Sri Satguru Jagjit Singh Ji eLibrary NamdhariElibrary@gmail.com

ਮਰਦਾਨੇ ਕੇ ਮਨ ਸੰਦੇਹੂ। ਕੁਛਕ ਰਹਯੋ ਪਰ ਬੋਲ ਨ ਕੇਹੂ[1]। ਸ੍ਰੀ ਨਾਨਕ ਤਿਹ ਉਰ ਕੀ ਜਾਨੀ। ਬਿਨ ਸੰਸੈ ਕਰਿਬੇ ਬਿਧਿ ਠਾਨੀ॥੮॥ ਕਿਤਿਕ ਸਮਾਂ ਜਬ ਬੈਠਿ ਬਿਤਾਵਾ। ਮਰਦਾਨੇ ਤਬ ਆਲਸ ਆਵਾ। ਸੋਇ ਰਹਯੋ ਤਬ ਪਿਖਿ ਜਗ-ਸਾਈਂ। ਮਧੁਰ[2] ਬੂੰਦ ਇਕ ਉਦਰ[3] ਪਵਾਈ॥੯॥ ਤਿਹ ਸੁਗੰਧਿ[4] ਕਰਿ ਕੀਟੀ ਆਈ। ਭਈ ਬਹੁਤ ਇਕਠੀ ਤਿਹ ਠਾਈਂ। ਇਕ ਪਪੀਲਕਾ ਕਾਟਯੋ ਜਬ ਹੀ। ਜਾਗ ਮਲੀ[5] ਮਰਦਾਨੇ ਸਭਿਹੀ ॥ ੧੦ ॥ ਮਰੀ ਸਰਬ ਪੁਨ ਲਗਯੋ ਨਿਹਾਰਨ। ਤਬ ਸ੍ਰੀ ਗੁਰ ਕਿਯ ਬਚਨ ਉਚਾਰਨ। 'ਕਾਟਯੋ ਏਕ ਬਹੁਤ ਤੈਂ ਮਾਰੀ। ਮਰਦਾਨੇ ਉਰ ਲੇਹੁ ਬਿਚਾਰੀ*'॥ ੧੧ ॥ ਦੋਹਰਾ ॥ ਸਮਝਯੋ ਤਬ ਹਿਰਦੇ ਬਿਖੈ ਜੋਰਿ ਹਾਥ ਹ੍ਵੈ ਦੀਨ। 'ਮਨ ਕੀ ਬੂਝਹੁ ਸਰਬ ਗਤਿ ਕ੍ਰਿਪਾ-ਨਿਧਾਨ ਪ੍ਰਬੀਨ!'॥੧੨॥ ਚੌਪਈ॥ ਇਸ ਬਿਧਿ ਬੈਸੈ ਕਰਤਿ ਬਿਲਾਸੂ। ਸੱਤਿ-ਸੰਧ ਜਗ ਭਗਤਿ ਪ੍ਰਕਾਸ਼ੂ[6]। ਲਾਲੋ ਦ੍ਵਿਜ ਪੁਰਿ ਮਹਿਂ ਤਬ ਆਏ। ਨਿਜ ਪਰਵਾਰ ਨਿਕੇਤ ਬਸਾਏ ॥੧੩॥ ਸਰਬ ਬ੍ਰਿਤਾਂਤ ਦੇਖਿ ਪੁਰਿ ਕੇਰਾ। ਮਹਾਂ ਭਿਆਨ ਲਗਹਿ ਚਹੁੰ ਫੇਰਾ। ਪੁਨ ਦੋਨੋ ਪ੍ਰਭੁ ਢਿਗ ਚਲਿ ਆਏ। ਪਦ ਪੰਕਜ ਪਰ[7] ਪਰਿ[8] ਲਪਟਾਏ ॥ ੧੪ ॥ ਭਾਨੁ[9] ਸਮਾਨ ਸਰੂਪ ਨਿਹਾਰਾ। ਅੰਬਕ ਅੰਬੁਜ ਬਿਕਸੇ ਚਾਰਾ[10]। ਅਨਿਕ ਭਾਂਤਿ ਕੀ ਉਸਤਤਿ ਠਾਨੀ। ਪਰਮ ਪ੍ਰਸੀ-ਦਤਿ ਭੇ[11] ਗੁਨਖਾਨੀ ॥ ੧੫ ॥ ਦੋਨੋਂ ਨਗਰ ਬਿਖੈ ਪੁਨ ਜਾਈ। ਅਨਿਕ ਪ੍ਰਕਾਰਨ ਮਹਿਮਾ ਗਾਈ। ਹਿੰਦੂ ਤੁਰਕ ਹੁਤੇ ਸਭਿ ਜੋਈ। ਆਨਿ ਚਰਨ ਲਪਟਾਨੇ ਤੇਈ ॥ ੧੬ ॥ ਭੀਰ ਭਈ ਚਹੁੰ ਦਿਸ਼ਿ ਜਗਤੇਸ਼ਾ। ਸੱਤਿਨਾਮ ਦੀਨੋ ਉਪਦੇਸ਼ਾ। ਸੰਤ ਅਤਿਥਿ ਕੀ ਸੇਵਾ ਕਰਨੀ। ਤਿਹ ਕੀ ਮਹਿਮਾ

[1]ਪਰ ਬੋਲਿਆ ਕੁਝ ਨਾਂ। [2]ਮਿੱਠੇ ਦੀ। [3]ਪੇਟ ਤੇ। [4]ਖੁਸ਼ਬੂ। [5]ਜਾਗਕੇ ਮਲ ਸੁੱਟੀਆਂ। [6]ਸਤ ਦੇ ਮੇਲ ਵਾਲੇ ਤੇ (ਕੌਲ ਦੇ ਪੂਰੇ) ਜਗਤ ਵਿਚ ਭਗਤੀ ਦਾ ਪ੍ਰਕਾਸ਼ ਕਰਨ ਵਾਲੇ (ਗੁਰੂ ਜੀ)। [7]ਤੇ। [8]ਪੈਕੇ। [9]ਸੂਰਜ। [10]ਨੇਤ੍ਰ ਕਵਲ ਖਿੜੇ ਸੁੰਦਰ। [11]ਪ੍ਰਸੰਨ ਹੋਏ।

*ਗੁਰੂ ਜੀ ਨੇ ਮਰਦਾਨੇ ਨੂੰ ਬਿਲਾਸ ਨਾਲ ਮਨੁੱਖ ਦੀ ਇਕ ਭੁੱਲ ਦੱਸੀ ਹੈ ਜੋ (ਬੇਖਿਆਲੀ) ਵਿਚ ਸਭ ਕੋਈ ਕਰਦਾ ਹੈ, ਕਿ ਆਪਣੇ ਮਨ ਨੂੰ ਨਿਆਉਂ ਬ੍ਰਿਤੀ ਵਿਚ ਹਰ ਕੋਈ ਸਦਾ ਨਹੀਂ ਰਖਦਾ, ਸਭ ਵਿਚ ਪਸ਼ੂ ਬ੍ਰਿਤੀ ਪ੍ਰਧਾਨ ਹੈ। ਇਹ ਨਹੀਂ ਗੁਰੂ ਜੀ ਦਾ ਭਾਵ ਕਿ ਬਾਬਰ ਦਾ ਸੈਦ ਪੁਰ ਦੀ ਕਤਲਾਮ ਜਾ ਤੇਰਾ ਬਹੁਤੀਆਂ ਕੀੜੀਆਂ ਨੂੰ ਮਾਰ ਦੇਣਾ ਵਿਹਤ ਕਰਮ ਹਨ। ਬਾਬਰ ਨੂੰ ਰੰਜ ਤਾਂ ਹਾਕਮ ਨਾਲ ਸੀ ਪਰ ਕਸ਼ਟ ਦਿੱਤਾ ਸਾਰੇ ਨਗਰ ਨੂੰ। ਨਾ ਇਹ ਭਾਵ ਹੈ ਕਿ ਇਕ ਦੇ ਰੋਟੀ ਨਾ ਦੇਣ ਨਾਲ ਸਾਰੀ ਨਗਰੀ ਦੰਡ ਯੋਗ ਸੀ, ਪਰ ਸਾਰੀ ਨਗਰੀ ਆਪਣੇ ਅਨੇਕ ਕਰਮਾਂ ਕਰਕੇ ਦੁਖ ਵਿਚ ਆਈ। ਇਹ ਗਲ ਗੁਰੂ ਜੀ ਪਿਛੇ ਦੱਸ ਆਏ ਹਨ ਕਿ ਪਾਪਾਂ ਕਰਕੇ, ਕੁਕਰਮਾਂ ਕਰਕੇ ਨਗਰੀ ਦੰਡ ਯੋਗ ਹੋ ਰਹੀ ਸੀ।

Sri Satguru Jagjit Singh Ji eLibrary NamdhariElibrary@gmail.com

ਬਹੁ ਬਿਧਿ ਬਰਨੀ[1] ॥੧੭॥ ਦ੍ਵੈ ਦਿਨ ਪੁਨ ਪ੍ਰਭੁ ਤਹਾਂ ਬਿਤਾਏ। ਗਮਨੇ ਅਪਰ ਥਾਨ ਮਨ ਭਾਏ। ਸਿਤਨ* ਚੀਰ ਸਰੀਰਹਿ ਸਾਜਹਿਂ। ਸੁਭਗ[2] ਸਿਤਾਸਿਤ ਸ਼ਮਸ਼ੁ[3] ਬਿਰਾਜਹਿ ॥੧੮॥ ਤੀਨ ਲੋਕ ਕੋ ਕਰਤਾ ਜੋਊ। ਬੇਖ ਫਕੀਰੀ ਬਿਚਰਤਿ ਸੋਊ। ਮੰਦ ਮੰਦ ਮਗ ਬਿਖੈ ਸੁਹਾਏ। ਸਸੁਰੇ ਨਗਰ ਨਿਕਟਿ ਚਲਿ ਆਏ ॥੧੯॥ ਵਹਿਰ ਅਜਿੱਤੇ ਕੂਪ[4] ਸੁਹਾਯਾ। ਹੁਤੀ ਸਘਨ ਸੁੰਦਰ ਤਿਹ ਛਾਯਾ। ਦੇਖਿ ਥਾਨਿ ਰਮਣੀਕ ਗੁਸਾਈਂ। ਬੈਠਿ ਗਏ ਹਰਖ ਸੋਂ ਬਿਗਸਾਈ ॥੨੦॥ 'ਸੈਲ ਬਿਸਾਲ ਕੀਨ ਸਭਿ ਦੇਸ਼ਾ। ਹੁਤੀ ਨਿਦੇਸ਼[5] ਐਸ ਜਗਤੇਸ਼ਾ। ਕਿਤਿਕ ਕਾਲ ਅਬ ਬੈਸ ਬਿਤਾਵਉਂ। ਮਗਨ ਅਨੰਦ ਪ੍ਰਭੁ ਗੁਨ ਗਾਵਉਂ' ॥੨੧॥ ਮਾਨੁਖ ਏਕ ਬਿਲੋਕਤਿ ਦੌਰਾ। ਸੁਧ ਕੀਨੀ ਮੂਲਾ ਜਿਸ ਠੌਰਾ। 'ਵਹਿਰ ਜਮਾਤਾ ਆਯੋ ਤੇਰੋ। ਨਿਕਸੇ ਜਿਹ ਭਾ ਕਾਲ ਘਨੇਰੋ' ॥੨੨॥ ਸੁਧਿ ਸੁਨਿ ਕੈ ਤੂਰਨ ਉਠਿ ਧਾਯੋ। ਸੰਗ ਅਜਿੱਤੇ ਕੋ ਲੇ ਆਯੋ। ਕਬਿ ਕੋ ਰਹਯੋ ਕ੍ਰੋਧ ਉਰ ਪੂਰੀ। ਬੇਖ ਫਕੀਰੀ ਦੇਖ੍ਯੋ ਰੂਰੀ ॥੨੩॥ ਅਧਿਕ ਕ੍ਰੋਧ ਹਿਰਦੇ ਮਹਿਂ ਹੋਵਾ। ਗਯੋ ਸਮੀਪ ਠਾਂਢਿ ਹ੍ਵੈ ਜੋਵਾ। ਬਹੁ ਕਠੋਰ ਮੁਖ ਬਚਨ ਅਲਾਵਾ[6]। 'ਛਾਤੀ ਦਾਹ ਕਰਨ ਤੁਮ ਆਵਾ ॥੨੪॥ ਪਿਖਹਿਂ ਸਹੋਦਰ[7] ਜਬ ਇਸ ਚਾਲਾ। ਪੀੜਾ ਬਯਾਪਹਿ ਮੁਝਹਿ ਬਿਸਾਲਾ। ਨਿਜ ਇਸਤ੍ਰੀ ਤਜਿ ਕਰਿ ਸੁਤ ਦੋਊ। ਨਹੀਂ ਆਇ ਸੁਧ ਲੀਨੀ ਕੋਊ ॥੨੫॥ ਦੋਹਰਾ ॥ ਸਿਰੀ ਚੰਦ ਜੈਰਾਮ ਘਰ ਕੀਨੇ ਅਨਦ ਬਿਲਾਸ। ਜਬ ਕੋ ਤਿਨ[8] ਪਰਲੋਕ ਭਾ ਆਯੋ ਮੋਰ ਅਵਾਸ[9] ॥੨੬॥ ਚੌਪਈ ॥ ਸਭਿ ਕੀ ਮੈਂ ਪ੍ਰਿਤਪਾਰਨ ਕੀਨੀ। ਨਹੀਂ ਆਇ ਇਨ ਕਬਿ ਸੁਧ ਲੀਨੀ। ਹੋਨੋ ਹੁਤੋ ਫਕੀਰ ਜਿ ਐਸੇ। ਨਿਜ ਪਰਵਾਰ ਸਹੇਰਯੋ ਕੈਸੇ' ॥੨੭॥ ਸ੍ਰੀ ਨਾਨਕ ਸੁਨਤੇ ਸਭਿ ਰਹੇ। ਕੋਊ ਵਾਕ ਨ ਮੁਖ ਤੇ ਕਹੇ। ਤਬਹਿ ਅਜਿੱਤੇ ਨੇ ਸਮਝਾਯੋ। 'ਕਹਿਨਿ ਕਠੋਰ ਨ ਤੁਮ ਬਨਿ ਆਯੋ' ॥੨੮॥ ਇਸ ਬਿਧਿ ਕਹਿ ਨਿਜ ਸਦਨ ਸਿਧਾਯੋ। ਬਹੁ ਉੱਤਮ ਭੋਜਨ ਬਨਿਵਾਯੋ। ਚਾਰੁ ਚੀਰ ਲੇ-ਕਰਿ ਨਿਜ ਹਾਥਾ। ਗਮਨ੍ਯੋ ਬਹੁਰ ਨਿਕਟਿ ਜਗਨਾਥਾ[10] ॥੨੯॥ ਰਿਸ ਸੋਂ ਜਰਤਿ ਜਾਸ ਕੀ ਛਾਤੀ। ਬ੍ਰਿਕਤਿ[11] ਰੀਤਿ ਹਿਰਦੇ ਨ ਸੁਹਾਤੀ। ਭੋਜਨ

[1] ਕਹੀ। [2] ਸ੍ਰੇਸ਼ਟ। [3] ਚਿੱਟਾ ਤੇ ਕਾਲਾ ਦਾਹੜਾ। [4] ਅਜਿੱਤੇ ਦਾ ਖੂਹ। [5] ਆਗਿਆ, ਹੁਕਮ। [6] (ਮੂਲੇ ਨੇ) ਕਿਹਾ। [7] ਦੇਖਦੇ ਹਨ (ਮੇਰੇ) ਭਰਾ। [8] ਭਾਈ ਜੈਰਾਮ ਜੀ ਤੇ ਬੀਬੀ ਨਾਨਕੀ ਜੀ ਦਾ। [9] ਘਰ। [10] ਗੁਰੂ ਜੀ ਦੇ ਪਾਸ। [11] ਤਿਆਗੀ ਦੀ। *ਪਾ:—ਭਗਵੇ।

Sri Satguru Jagjit Singh Ji eLibrary NamdhariElibrary@gmail.com

ਧਰਿ ਕੈ ਗਿਰਾ ਅਲਾਈ । 'ਖਾਵਹੁ ਤੂੰ ਨਿਤ ਕੋ ਦੁਖਦਾਈ ॥ ੩੦ ॥
ਦੋਹਰਾ ॥ ਬੇਖ ਫਕੀਰੀ ਤਜਹੁ ਅਬ ਪਹਿਰਹੁ ਬਸਨ ਜਿ ਚਾਰੁ । ਹਮਰੇ
ਸੋਦਰ[1] ਬੰਧੁ ਜੋ ਤਿਨ ਮਹਿ ਨਹਿਂ ਕਰਿ ਖ੍ਵਾਰ' ॥੩੧॥ ਚੌਪਈ ॥ ਪਹਿਰਹਿ
ਚੀਰ ਨ ਭੋਜਨ ਖਾਂਹੀ। ਸ੍ਰੀ ਪ੍ਰਭੁ ਮੁਖ ਤੇ ਬੋਲਤਿ ਨਾਂਹੀ। ਸਿਰੀ ਚੰਦ ਤਬ
ਲਖਮੀਦਾਸਾ । ਬੰਦਨ ਕੀਨਿ ਆਨਿ ਪਿਤ ਪਾਸਾ ॥ ੩੨ ॥ ਬੈਠਨੋ ਪਹਿਰ
ਬਿਤੀਤਯੋ ਜਬਹੀ।ਪਹਿਰਯੋ ਖਾਯੋ ਨਹਿ ਕਿਛੁ ਤਬਹੀ। ਬਸ ਨ ਬਸਾਵਹਿ
ਰਿਸਯੋ ਬਿਸਾਲਾ[2] । ਉਠਿ ਆਯੋ ਮੂਲਾ ਤਿਹ ਕਾਲਾ ॥ ੩੩॥ ਸ੍ਰੀ ਪ੍ਰਭੁ ਰਹੇ
ਬਿਰਾਜਤਿ ਤਾਂਹੀ । ਜਿਨ ਕੇ ਦੇਖਤਿ ਦੋਖ ਨਸਾਹੀਂ। ਜੋ ਮਹਿਮਾ ਜਾਨਹਿਂ
ਗੁਰ ਕੇਰੀ । ਸੇ ਆਵਹਿਂ ਤਹਿਂ ਦਰਸ਼ਨ ਹੇਰੀ ॥ ੩੪ ॥ ਬੰਦਨ ਕਰਹਿ
ਜਨਮ ਫਲ ਪਾਵਹਿਂ । ਰਹਹਿਂ ਨਿਕਟ ਪੁਨ ਸਦਨ ਸਿਧਾਵਹਿਂ। ਕੋ ਆਵੈ
ਕੋ ਕਰਹਿ ਪਿਆਨਾ। ਭੀਰ ਭੂਰ ਹੋਇ ਤਿਹ ਥਾਨਾ ॥ ੩੫ ॥ ਲੇ ਉਪਦੇਸ਼
ਸਿੱਖ ਕੋ ਹੋਵਹਿ । ਸਿਮਰਹਿ ਨਾਮ ਸਕਲ ਅਘ ਖੋਵਹਿ। ਇਕ ਤੇ ਦੂਸਰ
ਮਹਿਮਾ ਸੁਨਿਕੈ । ਆਇ ਪਰਹਿ ਚਰਨਨ ਗੁਰ ਗੁਨਿਕੈ ॥੩੬॥ ਕਿਤਿਕ
ਕਾਮਨਾ ਧਰਿ ਕਰਿ ਸੇਵਹਿ। ਜੋ ਇੱਛੈਂ ਬਿਨ ਸੰਸੈ ਲੇਵਹਿਂ।ਨਿਰਮਲ ਮਨ
ਕਰਨੇ ਕੇ ਹੇਤਾ। ਰਹਹਿਂ ਕਿਤਿਕ ਢਿਗ ਪ੍ਰੀਤ ਸਮੇਤਾ ॥੩੭॥ ਸਤਿਸੰਗਤ
ਹੋਵਨ ਬਹੁ ਲਾਗੀ । ਕਰਹਿਂ ਕੀਰਤਨ ਸ਼ਰਧਾ ਜਾਗੀ । ਦਰਸ਼ਨ ਕੇਰ
ਪ੍ਰਤਾਪ ਬਿਸ਼ਾਲਾ। ਕਿਉਂ ਨ ਚਲਹਿ ਨੀਕੀ ਨਰ ਚਾਲਾ॥ ੩੮ ॥ ਦੋਹਰਾ ॥
ਹੁਤੋ ਨਗਰ ਕੋ ਚੌਧਰੀ ਨਾਮ ਅਜਿੱਤਾ ਜਾਂਹਿ । ਮਹਿਮਾ ਪ੍ਰਭੁ ਅਵਲੋਕਿ
ਕੈ ਸਮਝ੍ਯੋ ਨਿਜ ਮਨ ਮਾਂਹਿ ॥੩੯॥ ਚੌਪਈ ॥ਜਹਿਂ ਸੋਹਿਤਿ ਬੇਦੀ ਕੁਲ-
ਦੀਪਾ । ਗਮਨਯੋ ਤਿਨ ਕੇ ਤਬਹਿ ਸਮੀਪਾ।ਹ੍ਵੈ ਕਰਿ ਦੀਨ ਪ੍ਰੇਮ ਉਰਭਰਿ
ਕੈ । ਰਹਯੋ ਚਰਨ ਕਵਲਨ ਸਿਰ ਧਰਿਕੈ ॥੪੦॥ ਬਹੁਰ ਨ ਉਪਰ ਸੀਸ
ਉਠਾਵਾ। ਸ੍ਰੀ ਨਾਨਕ ਜੀ ਕਛੁ ਨ ਅਲਾਵਾ। ਬੈਠਿ ਰਹੇ ਤੂਸ਼ਨਿ ਕੋ ਧਾਰੀ।
ਜੋ ਨਿਜ ਸੇਵਕ ਮੋਖ ਉਦਾਰੀ ॥ ੪੧ ॥ ਨਹੀਂ ਅਜਿੱਤੇ ਸੀਸ ਉਚਾਯੋ ।
ਇਸ ਪ੍ਰਕਾਰ ਇਕ[3] ਜਾਮ ਬਿਤਾਯੋ । ਕ੍ਰਿਪਾ ਦ੍ਰਿਸ਼ਟਿ ਕੇ ਦੇਖਿ ਗੁਸਾਈਂ[4] ।
ਮ੍ਰਿਦੁਲ ਮਧੁਰ[5] ਮੁਖ ਗਿਰਾ ਅਲਾਈ ॥ ੪੨ ॥ 'ਅਬ ਉਠਿਯੇ ਕਰਤਾਰ
ਪਿਆਰੇ । ਅਪਨ ਮਨੋਰਥ ਕਰਹੁ ਉਚਾਰੇ'। ਨਿਜ ਹਾਥਨ ਸੋਂ ਤਬ ਜੋਗ-

[1]ਭਰਾ। [2]ਵੱਸ ਨਹੀਂ ਚਲਦਾ ਬੜਾ ਕ੍ਰੋਧਵਾਨ ਹੋਯਾ । [3]ਇਕ ਪਹਿਰ। [4]ਮੇਹਰ ਦੀ ਨਿਗਾਹ
ਨਾਲ ਦੇਖਕੇ ਗੁਰੂ ਜੀ ਨੇ। [5]ਮਿਠੀ ਤੇ ਪਿਆਰੀ।

Sri Satguru Jagjit Singh Ji eLibrary NamdhariElibrary@gmail.com

ਨਾਥ॥ਬੈਠਾਰਯੋ ਉਠਾਇ ਤਿਹ ਮਾਥਾ ॥੪੩॥ ਹਾਥ ਜੋਰਿਕੈ ਬਿਨਤੀ ਭਾਖੀ॥ 'ਜਾਨਤ ਹੋ ਸਭਿ ਘਟ ਕੇ ਸਾਖੀ[1]। ਤੁਮ ਸਭਿ ਜਾਨਹੁ ਅੰਤਰਜਾਮੀ!। ਕਯੋਂ ਬਨਿਹੈ ਮਮ ਕਹਿਨੋਂ ਸ੍ਵਾਮੀ॥੪੪॥ਜੋ ਨਹਿਂ ਜਾਨਹਿ ਤਾਂਹਿ ਅਗਾਰੀ। ਕਰੈ ਆਪਨੀ ਬ੍ਰਿਥਾ[2] ਉਚਾਰੀ। ਸਰਬੱਗਯ ਢਿਗ ਤੂਸ਼ਨਿ ਨੀਕੀ। ਕਰਹਿਂ ਭਲੇਰੀ ਭਾਵਤਿ ਜੀ ਕੀ[3]" ॥੪੫॥ ਸੁਨਤਿ ਪ੍ਰਸੀਦੇ ਰਿਦੇ ਗੁਸਾਈਂ। ਕਰਨ ਕ੍ਰਿਤਾਰਥ ਗਿਰਾ ਅਲਾਈ। 'ਬੰਦਨ ਕਰਿ ਕਰਤਾਰ ਅਗਾਰੀ। ਪੂਜਹਿ ਮਨਕਾਮਨਾ ਤੁਮਾਰੀ' ॥੪੬॥ ਸੁਨਿਕੈ ਬਹੁਰ ਚਰਨ ਲਪਟਾਯੋ। ਤਤਛਿਨ ਗਯਾਨ ਰਿਦੈ ਹੁਇ ਆਯੋ। ਸ਼ਕਤਿ ਬਿਸ਼ਾਲ ਭਈ ਸਭਿ ਭਾਂਤੀ। ਪਾਈ ਏਕ ਬਾਰ ਜਨੁ ਬਾਤੀ[4] ॥ ੪੭ ॥ ਸੇਵਾ ਕਰਨ ਲਗਯੋ ਧਰਿ ਪ੍ਰੀਤੀ। ਬੇਮੁਖਤਾ ਸਗਰੀ ਉਰ ਬੀਤੀ। ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਸਿੱਖੀ ਮਗ ਮਹਿਂ ਬਹੁ ਨਰ ਪਾਏ ॥੪੮॥ ਇਕ ਦਿਨ ਸਾਸੁ ਸਸੁਰ ਗੁਰ ਕੇਰੇ।ਆਏ ਨਿਕਟਿ ਕ੍ਰੋਧ ਕੇ ਪ੍ਰੇਰੇ। ਸੰਗ ਸੁਲਖਨੀ ਚਲਿ ਕਰਿ ਆਈ। ਪਾਸ ਬੈਠਿ ਕਰਿ ਸਾਸੁ ਅਲਾਈ ॥੪੯॥'ਸੁਨਤੋ ਵੇ ਤੂੰ ਰਹਯੋ ਕੁਰਾਹੀ। ਸਦਾ ਹਮਾਰੀ ਛਾਤੀ ਦਾਹੀ। ਪੁੱਤ੍ਰਨਿ, ਬਨਿਤਾ[5], ਤਜਿ ਪਰਵਾਰਾ। ਫਿਰਯੋ ਪ੍ਰਦੇਸ਼ਨ ਦ੍ਵਾਰਨ ਦ੍ਵਾਰਾ[6] ॥੫੦॥ ਕੋ ਕਾਰਜ ਤੈਂ ਹਾਸਲ ਕੀਨਾ? ਅਪਨੋ ਦਰਬ ਲੁਟਾਇ ਸੁ ਦੀਨਾ। ਜਗ ਕੀ ਲਾਜ ਤਜੀ ਇਕ ਬਾਰੀ। ਹਮਕੋ ਸਭਿ ਮਹਿਂ ਕੀਨ ਖੁਆਰੀ ॥੫੧॥ ਨਰ ਕਹਿਂ–ਅਮੁਕੇ ਕੋ ਜੁ ਜਮਾਤਾ। ਭਯੋ ਫਕੀਰ ਤਜੇ ਤਿਯ ਤਾਤਾ[7]–'ਸ਼੍ਰੀ ਨਾਨਕ ਤੂਸ਼ਨਿ ਹ੍ਵੈ ਬੈਸੇ। ਸਨਮੁਖ ਬਚਨ ਭਨਯੋ ਨਹਿਂ ਕੈਸੇ ॥੫੨॥ ਸੁਨੀ ਅਜਿੱਤੇ ਜਬ ਅਸ ਗਾਥਾ।–ਮੂਲਾ ਲਰਤਿ ਗੁਰੂ ਕੇ ਸਾਥਾ–। ਦੌਰਯੋ ਘਰ ਤੇ ਤੁਰਨ ਆਵਾ। ਤਿਨ ਸੋਂ ਅਸ ਬਿਧਿ ਬਚਨ ਅਲਾਵਾ ॥ ੫੩ ॥ 'ਊਚੇ ਕਹਿ ਕਿਉਂ ਸੀਸ ਖਪਾਵਤਿ। ਕਿਉਂ ਤੁਮ ਦੁਖੀ ਹੋਇ ਪਛੁਤਾਵਤਿ। ਮਹਾਂ ਪੁਰਖ ਉਰ ਮਤੋ ਉਚੇਰਾ। ਭੇਦ ਨ ਜਾਨਿ ਸਕਹੁ ਇਨ ਕੇਰਾ ॥੫੪ ॥ ਬਿਨਾ ਹੇਤੁ[8] ਤੇ ਆਨ ਅਕਾਵਤਿ। ਇਹ ਨਹਿ ਤੁਮਕੋ ਕਛੂ ਦੁਖਾਵਤਿ। ਨਹੀਂ ਬਿਗਾਰਤਿ ਕਾਰਜ ਰਾਈ। ਕਛੂ ਨ ਜਾਚਤਿ ਤੁਮ ਢਿਗ ਜਾਈ॥੫੫॥ ਕਹਹੁ ਕਠੋਰ ਗਿਰਾ ਦੁਖ ਦਾਈ। ਨਾਹਕ[9] ਰੋਸੁ ਕਰਹੁ

[1]ਸਭ ਹਿਰਦਿਆਂ ਦੇ ਜਾਣਨੇ ਵਾਲੇ ਹੋ ਆਪ। [2]ਹਾਲਤ, ਪੀੜਾ। [3](ਸਰਬੱਗਜ) ਚੰਗੀ ਤੇ ਮਨ ਭਾਂਵਦੀ ਹੀ (ਗਲ) ਕਰਦੇ ਹਨ। [4]ਛੇਤੀ। [5]ਇਸਤ੍ਰੀ। [6]ਦਰਬਦਰ। [7]ਇਸਤ੍ਰੀ ਪੁੱਤ੍ਰ। [8]ਬਿਨਾਂ ਕਾਰਨ। [9]ਐਵੇਂ।

Sri Satguru Jagjit Singh Ji eLibrary NamdhariElibrary@gmail.com

ਅਕੁਲਾਈ[1] । ਭਯੋ ਫਕੀਰ ਬ੍ਰਿਕਤਿ[2] ਮਨ ਮਾਂਹੀ । ਅਬ ਤੁਮ ਕਾਜ ਰਹਯੋ ਕੋ ਨਾਂਹੀ॥੫੬॥ ਕਰਿ ਸੰਤੋਖ ਸਦਨ ਨਿਜ ਬੈਸਹੁ।ਮੁਖ ਤੇ ਬਚਨ ਕਹੋ ਨਹਿੰ ਕੈਸਹੁ'। ਬੋਲਯੋ ਮੂਲਾ'ਤੁਮ ਹੋ ਸਜਾਨੇ । ਸੁਨਹੁ ਚੌਧਰੀ ! ਸਭਿ ਬਿਧਿ ਜਾਨੇ[3] ॥੫੭॥ ਪ੍ਰਿਥਮੈ ਇਸ ਢਿਗ ਦਰਬ ਘਨੇਰਾ । ਦਯੋ ਲੁਟਾਇ ਸਰਬ ਬਿਨ ਦੇਰਾ । ਇਤਨੀ ਗੁਨੀ ਨ[4] ਨਿਜ ਮਨ ਮਾਂਹੀ ।-ਸੁਤ ਬਨਿਤਾ ਕਿਹ ਬਲ ਤੇ ਖਾਹੀਂ-॥੫੮॥ ਸਭਿ ਬਿਵਹਾਰ ਦਰਬ ਤੇ ਹੋਈ । ਸੋ ਇਨ ਦੀਨ ਅਕਾਰਥ ਖੋਈ । ਬਹੁਰੋ ਤਜੀ ਜਗਤ ਕੀ ਲਾਜਾ । ਬੇਖ ਫਕੀਰੀ ਤਨ ਮੈਂ ਸਾਜਾ ॥ ੫੯ ॥ ਪਰਦੇਸ਼ਨਿ ਗਮਨਯੋ ਬਹੁ ਕਾਲਾ । ਅਬਿ ਆਯੋ ਨਿਜ ਤਜਤਿ ਨ[5] ਚਾਲਾ । ਬੈਠਿ ਸਮੀਪ ਦਹਤਿ ਨਿਤ ਛਾਤੀ । ਇਸ ਕੀ ਚਿੰਤ ਹਮਹਿ ਦਿਨ ਰਾਤੀ ॥ ੬੦ ॥ ਜੇ ਸ਼ਰੀਕ ਸਭਿ ਹੰਸੀ ਉਚਾਰੈਂ। ਇਹ ਨਹਿੰ ਕਿਹ ਕੀ ਸ਼ੰਕ ਬਿਚਾਰੈ' । ਬਹੁਰ ਅਜਿੱਤਾ ਬੋਲਯੋ ਬਾਨੀ । 'ਸੁਨੋ ਚਚਾ ਤੁਮ ਕਹਤਿ ਸਿਆਨੀ[6]॥੬੧॥ ਜੋ ਪਰੰਤੁ[7] ਹੋਵੈ ਸੰਸਾਰੀ । ਤਿਸਕੋ ਚਹਤਿ ਸੁ ਅਸ ਬਿਵਹਾਰੀ । ਇਨ ਕੋ ਸੁਪਨੇ ਮੋਹ ਨ ਆਵੈ । ਰਹਿਤਿ ਆਪ ਤਸ ਜਸ[8] ਮਨ ਭਾਵੈ ॥ ੬੨ ॥ ਇਨ ਕੇ ਆਗੈ ਤੂਸ਼ਨ ਠਾਨਹੁ । ਇਸ ਬਿਧਿ ਅਪਨਾ ਭਲਾ ਪਛਾਨਹੁ' । ਮੂਲਾ ਕਹੈ 'ਨ ਹੈਂ ਅਬ ਕਹੌਂ ।-ਨਿਜ ਪਰਵਾਰ ਸਮ੍ਹਾਰੇ-ਚਹੌਂ ॥੬੩॥ ਸਭਿ ਕੋ ਖਰਚ ਪਰਯੋ ਗਰ ਮੇਰੇ।ਇਨ ਸੁਧ ਲਈ ਨ ਕਬ ਮੁਰਿ ਹੇਰੇ[9] । ਸੂਧਾ ਹੋਇ ਨ ਇਹ ਮਮ ਭਾਖੇ[10] । ਨਿਤ ਟੇਢੇ ਮਾਰਗ ਪਗ ਰਾਖੇ'॥੬੪॥ਦੋਹਰਾ॥ [11]"ਸੁਨਿ ਮਹਿਤਾ[12] ! ਸ੍ਰੀ ਚੰਦ ਪੁਨ ਦੂਜੋ ਲਖਮੀ ਦਾਸ।ਤਰੁਨ ਬੈਸ ਤਿਨ ਕੀ ਭਈ ਖਾਟਹਿ ਅਬ ਧਨ ਰਾਸ ॥੬੫॥ਚੌਪਈ॥ ਤਿਨ ਕੀ ਮਾਤ ਸੁਸਾ[13]ਸਮ ਹੇਰੀ । ਹੌਂ ਕਰਿਹੌਂ ਤਿਹ ਸੇਵ ਘਨੇਰੀ। ਪਠਹੁ ਸਦਨ ਮਮ ਬਿਲਮ ਨ ਲਾਵਹੁ।ਕਛੁ ਨਹਿ ਰਿਦੇ ਸੰਦੇਹ ਉਠਾਵਹੁ'॥੬੬॥ ਮੂਲਾ ਕਹੈ'ਨ ਇਉਂ ਬਨਿ ਆਵੈ।ਹਮਰੀ ਨਿੰਦਾ ਜਗਤ ਅਲਾਵੈ ।-ਅਪਨੀ ਤਨੁਜਾ ਹੇਤੁ ਅਹਾਰਾ[14] । ਪਰ ਘਰ ਪਠੀ-ਕਹੈ ਸੰਸਾਰਾ' ॥ ੬੭ ॥ ਕਹੈ ਅਜਿੱਤਾ 'ਜੋ ਅਸ ਜਾਨਹੁ । ਨਿਜ ਮੁਖ ਤੇ ਤੂਸ਼ਨਿ ਇਮ ਠਾਨਹੁ । ਕਨਾ

---

[1]ਵ੍ਯਾਕੁਲ ਹੋਕੇ । [2]ਤਿਆਗੀ । [3]ਜਾਣਦੇ ਹੋ । [4]ਇੰਨੀ ਨਾਂ ਸੋਚੀ । [5]ਛਡਦਾ ਨਹੀਂ । [6]ਤੁਸੀਂ ਸਿਆਣੀ ਗੱਲ ਆਖਦੇ ਹੋ । [7]ਪਰ ਜੇੜ੍ਹਾ ਤਾਂ । [8]ਜਿਵੇਂ । [9]ਮੇਰੇ ਵੇਖਦਿਆਂ । (ਅ) ਮੁੜਕੇ (ਨਾ ਆ ਕੇ) ਡਿੱਠਾ । [10]ਮੇਰੇ ਆਖੇ ਸਿੱਧਾ ਨਹੀਂ ਹੁੰਦਾ । [11]ਅਜਿੱਤਾ ਚੌਧਰੀ ਬੋਲਿਆ । [12]ਹੇ ਮਹਿਤਾ (ਮੂਲ ਚੰਦ ਜੀ)। [13](ਆਪਣੀ) ਭੈਣ । [14]ਰੋਟੀ ਵਾਸਤੇ ।

Sri Satguru Jagjit Singh Ji eLibrary NamdhariElibrary@gmail.com

ਇਨ[1] ਆਗੈ ਜਾਇ ਬਖਾਨੋ। ਜਿਨ ਕੋ ਭੇਦ ਸੁ ਜਾਇ ਨ ਜਾਨੋ ॥੬੮॥ ਦੁਖ ਸੁਖ ਮਹਿਂ ਸਮਤਾ ਇਨ ਕੇਰੀ। ਸਾਧੂ ਰੂਪ ਹੈ ਬ੍ਰਿਕਤਿ ਘਨੇਰੀ'। ਮੂਲਾ ਭਨਤਿ 'ਕਹੈਂ ਜਿਹ ਸਾਧੂ[2]। ਇਹ ਸਮ ਕੋ ਨ ਕਰੈ ਅਪਰਾਧੂ ॥੬੯॥ ਦੋਹਰਾ ॥ਇਸ ਜੈਸਾ ਖੋਟਾ ਨ ਕੋ ਨਿਤ ਛਾਤੀ ਕਿਯ ਦਾਹ। ਕੌਨ ਸੁ ਲੱਛਨ ਸਾਧ ਕੋ ਨਾਮ ਪਰਯੋ ਜਗ ਮਾਂਹਿ'॥੭੦॥ ਚੌਪਈ॥ਰੋਦੋਰਾਨੀ ਕਰਕੀ[3] ਫੇਰ। 'ਤਪਾ ਰਖਾਯੋ ਆਖਯ ਟੇਰਿ[4]। ਕੀਨੋ ਵਹਿਰ ਫਕੀਰੀ ਬੇਸਾ। ਤਿਯ ਸੁਤਿ ਤਜਿ ਕੈ ਫਿਰਯੋ ਬਿਦੇਸ਼ਾ ॥ ੭੧ ॥ ਕਰਿ ਅਨਾਥ ਤਿਨ ਗਯੋ ਪਲਾਈ। ਤਨਕ ਨ ਮਨ ਮਹਿਂ ਕਰੁਨਾ ਆਈ। ਹੌਂ ਪਰਮੇਸ਼ੁਰ ਕੋ ਭੈ ਕਰਿਕੈ। ਇਸ ਕੋ ਕਹਿਤਿ ਨ ਕਛੁ ਬਿਚਰਿ ਕੈ ॥੭੨॥ ਨਾਤੁਰ ਮੈਂ ਅਬ ਕਰੌਂ ਖੁਆਰੂ[5]। ਪ੍ਰਗਟਾਵੌਂ ਇਹ ਸ੍ਵਾਂਗ ਕੁਚਾਰੂ[6*]'।ਸੁਨਿ ਸ੍ਰੀ ਗੁਰ ਤੂਸ਼ਨਿ ਹ੍ਵੈ ਰਹੇ। ਤਨਕ[7] ਬਦਨ ਤੇ ਬਚਨ ਨ ਕਹੇ ॥ ੭੩॥ ਦੋਹਰਾ ॥ ਬੋਲੀ ਬਹੁਰ ਸੁਲੱਖਨੀ 'ਤੁਮ ਸੰਗ ਬੋਲਨਿ ਕਾਜ[8]। ਏਕ ਬਾਰ ਜਗ ਲਾਜ ਤਜਿ ਕਿਉਂ ਕਰਿ ਭਯੋ ਨਿਲਾਜ†॥੭੪॥ ਚੌਪਈ॥ ਕਿਉਂ ਤੁਮ ਫਿਰੇ ਮੋਹਿ ਸੰਗ ਲਾਵਨ[9]। ਜੇ ਤਨ ਭਗਵੇ ਭੇਖ‡ ਬਨਾਵਨ। ਮੁਝ ਕੋ ਕਰਿ ਅਨਾਥ ਇਕ ਬਾਰੀ। ਆਇ ਨ ਕਬਹੂ ਸੁਰਤਿ ਸੰਭਾਰੀ' ॥ ੭੫ ॥ ਕਹਿਤ ਅਜਿੱਤਾ 'ਭਗਨੀ! ਸੁਨੀਏ। ਭਲਾ ਆਪਨਾ ਤੂਸ਼ਨਿ ਗੁਨੀਏ[10]। ਅਸਨ ਬਸਨ ਕੀ ਜੇ ਹ੍ਵੈ ਚਾਹੀ। ਸੇਵਾ ਕਰੌਂ, ਕਹੋ ਮੁਝ ਪਾਹੀ ॥ ੭੬ ॥ ਦੋਹਰਾ ॥ ਮਾਤ ਪਿਤਾ ਤੇਰੇ ਕਹੈਂ ਕਹਿਨ ਉਚਿਤ ਤੁਝ ਨਾਂਹਿ।ਮੁਖ ਤੇ ਭਨਤਿ ਕੁਬੋਲ ਕੋ ਹ੍ਵੈ ਬਿਰੋਧ ਤੁਮ ਮਾਂਹਿ।੭੭। ਚੌਪਈ॥ਹੈ ਇਨ ਕੇ ਸੰਗ ਤੁਮਰੋ ਕਾਜਾ।ਇਨਹੀ ਸੋਂ ਸਭਿ ਬਿਧਿ ਸੁਖ ਸਾਜਾ'।

---

[1]ਗੁਰੂ ਜੀ ਦੇ। [2]ਜਿਸ ਨੂੰ (ਤੂੰ) ਸਾਧੂ ਕਹਿੰਦਾ ਹੈਂ। [3]ਕੜਕ ਕੇ ਬੋਲੀ। [4]ਆਪਣਾ ਤਾਂ ਨਾਮ ਤਪਾ ਰਖਾਲਿਆ ਹੈ (ਲੋਕਾਂ ਨੂੰ) ਕਹਿਕੇ। [5]ਖੁਆਰ ਕਰ ਦਿੰਦੀ। (ਅ) ਕਰਾਂਗੀ। [6]ਇਸ ਦਾ ਸ੍ਵਾਂਗ ਖੋਟੀ ਚਾਲ ਵਾਲਾ। [7]ਥੋੜਾ ਬੀ। [8](ਮੇਰਾ) ਕੰਮ ਹੈ। [9]ਲਾਵਾਂ। [10]ਚੁਪ ਵਿਚ ਜਾਣੋ। *ਪਾ:-ਸਾਗਰ ਚਾਰੂ।

†ਐਸੇ ਵਾਕ ਜਗਤ ਰੀਤਿ ਦੇ ਜਗਤ ਦੇ ਮੋਹ ਮਾਇਆ ਵਿਚ ਕਹੇ ਗਏ ਹਨ, ਕਾਰਣ, ਗੁਰੂ ਜੀ ਦੀ ਆਤਮਕ ਉੱਚਤਾ, ਪਰਉਪਕਾਰ, ਤਯਾਗ, ਵੈਰਾਗ,ਅਬਚਲੀ ਜੋਤ ਹੋਣ ਤੋਂ ਅਜੇ ਨੈਣ ਮੁੰਦੇ ਹਨ। ਦੂਸਰੇ ਪੇਕੇ ਘਰ ਦਾ ਅਪਮਾਨ ਤੇ ਦੁਖ (ਦੇਖੋ ਅੰਕ ੭੯) ਬੇਬਸ ਕਰ ਰਿਹਾ ਹੈ ਤੇ ਬੇਅਦਬੀ ਦੇ ਵਾਕ ਉਸ ਉੱਖੜੀ ਚਿਤ ਬ੍ਰਿਤੀ ਤੋਂ ਬੇਤੋਲੇ ਨਿਕਲਦੇ ਹਨ। ਇਨ੍ਹਾਂ ਸਾਰੇ ਵਾਕਾਂ ਦੇ ਸਹਾਰਨ ਤੋਂ ਗੁਰੂ ਜੀ ਦੀ ਸਹਿਨਸ਼ੀਲਤਾ ਦਾ ਕਮਾਲ ਸਫੁਟ ਹੁੰਦਾ ਹੈ।

‡ਪਾ:-ਭੇਖ ਫਕੀਰ।

Sri Satguru Jagjit Singh Ji eLibrary NamdhariElibrary@gmail.com

ਕਹੈ ਸੁਲਖਨੀ 'ਸੁਨਿ ਮਮ ਭਾਈ! ਹੌਂ ਕਿਹ ਕੇ ਅਵਲੰਬ ਰਹਾਈਂ॥੭੮॥
ਮਾਤ ਪਿਤਾ ਦੇਵਤਿ ਹੈਂ ਗਾਰੀ[1]। ਅਪਨ ਗਰੇ ਤੇ ਚਹਿਤ ਉਤਾਰੀ।
ਬੋਲ ਕੁਬੋਲ ਦੇਤਿ ਹੈਂ ਤਾਨੋ[2]-ਤੂੰ ਭੀ ਕਰਹੁ ਫਕੀਰੀ ਬਾਨੋ॥੭੯॥ ਜਾਇ
ਬੈਠਿ ਨਿਜ ਪਤਿ ਕੇ ਪਾਸੂ। ਸਾਧੂ* ਭੇਖ ਕਰਹੁ ਜਸ ਤਾਸੂ[3]। ਪਰੀ ਗਰੇ
ਤੂੰ ਸਦਾ ਹਮਾਰੇ-।ਸੋ ਸਭਿ ਸਾਰੀ ਕਰਤਿ ਉਚਾਰੇ ॥੮੦॥ ਦੋਹਰਾ ॥ ਮੂਰ[4]
ਨਿਦਾਨ ਜੋ ਨਾਨਕੀ ਜਬ ਜੀਵਤਿ ਸੁਖਦਾਇ। ਸਿਰੀ ਚੰਦ ਤਿਹ ਸਦਨ
ਮਹਿਂ ਸਭਿ ਕੁਛ ਪਹਿਰਤਿ ਖਾਇ॥੮੧॥ ਚੌਪਈ॥ਮਨ ਭਾਵਤਿ ਜੋ ਕਰਤਿ
ਬਿਲਾਸੂ। ਨਹਿਂ ਚਿੰਤਾ ਕਾਹੂ ਕੀ ਤਾਸੂ। ਜਬ ਕਾ ਭਾ ਤਿਨ ਕੋ ਪਰਲੋਕੂ
ਹਮ ਕੋ ਭਯੋ ਸਭੈ ਬਿਧਿ ਸ਼ੋਕੂ ॥੮੨॥ਦਸ ਦਿਸ਼ਿ ਤੇ ਮੁਝ ਬਨਯੋ ਕੁਫੇਰਾ[5]।
ਕਿਸ ਪ੍ਰਕਾਰ ਹੈ ਜੀਵਨ ਮੇਰਾ?'। ਅਸ ਕਹਿ ਆਂਖਨ ਆਂਸੂ ਗੇਰਤਿ।ਊਚ
ਸ੍ਵਾਸ ਲੈ ਧਰਨੀ ਹੇਰਤਿ ॥੮੩॥ ਸ਼੍ਰੀ ਨਾਨਕ ਪਿਖਿ ਸੁਨਿ ਕੈ ਬਾਨੀ। ਰਿਦੈ
ਬਿਖੈ ਕਰੁਨਾ ਬਹੁ ਠਾਨੀ। ਕਹਿਤਿ ਭਏ 'ਸੁਨ ਚੋਣੀ[6]!ਕਾਨਾ। ਦੁਖ ਪੁਨ
ਭੂਖ ਜਿ ਕਰਹੁ ਪ੍ਰਵਾਨਾ ॥ ੮੪ ॥ ਰਹਹੁ ਨਿਕਟਿ ਹਠ ਕਰਹੁ ਘਨੇਰਾ।
ਜੋ ਹਮ ਹਾਲ ਸੁ ਹੋਵਹਿ ਤੇਰਾ'। ਭਨੈਂ ਸੁਲਖਨੀ 'ਸੁਨਿ ਬਚ ਮੋਰੇ। ਨਹਿ
ਭੂਖਨ ਜਾਚੋਂ ਢਿਗ ਤੋਰੇ ॥ ੮੫ ॥ ਰਿਦੈ ਬਿਖੈ ਚਾਹੌਂ ਨਿਤ ਐਸੇ। ਤੁਮ
ਜਿਉਂ ਹਾਲ ਹੋਇ ਮਮ ਤੈਸੇ। ਦੁਖ ਭੁਖ ਸਹਿ ਕੈ ਅਪਨ ਸਰੀਰਾ। ਰਹੌਂ
ਸਦੀਵ ਤੁਮਾਰੇ ਤੀਰਾ' ॥ ੮੬ ॥ ਪ੍ਰਭੁ ਬੋਲੇ 'ਜੇ ਅਸ ਮਨ ਤੋਰੇ। ਆਨਹੁ
ਸੁਤ ਅਬ ਕਰਹੁ ਨ ਦੇਰੇ। ਸਭਿ ਕਰਤਾਰ ਕਰਹਿਗੋ ਨੀਕੀ। ਜੋ ਸ਼ਰਧਾ
ਐਸੀ ਦਿਢ ਜੀ ਕੀ' ॥ ੮੭॥ ਸੁਨੇ ਸੁਲਖਨੀ ਅਸ ਬਚ ਜਬ ਹੀ। ਤੂਰਨ
ਗਈ ਸਦਨ ਕੋ ਤਬਹੀ। ਦੋਨੋ ਸੁਤ ਲੇਕਰਿ ਨਿਜ ਸੰਗਾ।ਹਰਖਤਿ ਆਈ
ਕਰਤਿ ਉਮੰਗਾ ॥ ੮੮ ॥ ਮੂਲ ਚੰਦ ਪੁਨ ਚੰਦੋਰਾਨੀ। ਘਰ ਗਮਨੀ ਮਨ
ਬਹੁ ਮੁਰਝਾਨੀ। ਬਹੁਰੋ ਬੋਲ ਨ ਕੋਊ ਆਵਤਿ। ਹ੍ਵੈ ਤੂਸ਼ਨਿ ਹਿਰਦੇ ਪਛੁ-
ਤਾਵਤਿ ॥ ੮੯ ॥ ਦੋਹਰਾ ॥ ਸਿਰੀਚੰਦ ਕੋ ਸੰਗ ਲੇ ਦੂਸਰ ਲਖਮੀ ਦਾਸ।
ਆਦਿ ਸੁਲਖਨੀ ਬੈਠਿਗੀ ਪਾਇ ਹਰਖ ਸੁਖਰਾਸ ॥ ੯੦ ॥ ਚੌਪਈ ॥ ਜਹਿਂ
ਬੈਠੇ ਅਘ ਓਘ ਨਿਕੰਦਨ[7]। ਦ੍ਵੈ ਸੁਤ ਕੀਨ ਚਰਨ ਪਰ ਬੰਦਨ। ਰਹਿਨ

---

[1]ਗਾਲੀਆਂ। [2]ਮੇਹਣੇ। [3]ਜੈਸਾ ਤਿਸ (ਪਤੀ) ਦਾ ਹੈ (ਅ) ਤੇਸਾ ਕਰ। [4]ਮੇਰੀ। [5]ਖੋਟਾ ਫੇਰ, ਘਾਟਾ। [6]ਬੇਦੇ ਸੁਲੱਖਣੀ ਜੀ ਦੀ ਪੇਕੀ ਜਾਤ ਚੋਣੀ ਸੀ। [7]ਸਾਰੇ ਪਾਪਾਂ ਦੇ ਕੱਟਣ ਵਾਲੇ।

*ਪਾ:-ਭਗਵਾ।

Sri Satguru Jagjit Singh Ji eLibrary NamdhariElibrary@gmail.com

ਲਗੋ ਨਿਜ ਪਿਤ ਕੇ ਪਾਸੁ। ਚਿੰਤਾ ਸਗਰੀ ਕੀਨ ਬਿਨਾਸੁ॥ ੯੧॥ ਸਰਬ ਪ੍ਰਕਾਰਨ ਸੇਵਾ ਜੋਊ। ਕਰਹਿ ਅਜਿੱਤਾ ਹਿਤੰ[1] ਧਰਿ ਸੋਊ। ਅਤਿ ਅਜ਼ਮਤ ਮਹਿਂ ਪੂਰਨ ਹੋਯੋ[2]। ਜਨਮ ਮਰਨ ਕੋ ਸੰਸਾ ਖੋਯੋ॥੯੨॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਉਨੱਤੀਸਮੋ ਅਧਯਾਯ ॥ ੨੯ ॥

੩੦. [ਚਰਨ ਮੰਗਲ। ਕਰਤਾਰ ਪੁਰ ਬਸਨਾ, ਬ੍ਰਹਮਣ ਦੀ ਰਸੋਈ ਦੀ ਸੁਚ]

ਦੋਹਰਾ॥ ਬਿਸ਼ਿਯਨ ਤੇ ਬੈਰਾਗਿ ਹ੍ਵੈ ਕਰਿ ਗੁਰ ਪਗ ਅਨੁਰਾਗ।
ਲਿਵ ਲਗਾਇ ਜਾਗਤਿ ਰਹਹੁ ਸਿਮਰ ਨਾਮ ਵਡਭਾਗ ॥ ੧ ॥

ਅਰਥ–(ਹੇ ਮਨ !) ਵਿਸ਼ਿਆਂ ਤੋਂ ਵੈਰਾਗੀ ਹੋਕੇ ਗੁਰੂ ਜੀ ਦੇ ਚਰਣਾਂ (ਨਾਲ) ਪ੍ਰੇਮ ਕਰ, (ਤੇ ਵਾਹਿਗੁਰੂ ਜੀ ਦਾ) ਨਾਮ ਸਿਮਰ, (ਸਿਮਰਣ ਵਿਚ) ਲਿਵ ਲਾਈ ਰੱਖਕੇ (ਅੰਤਰ ਮੁਖ) ਜਾਗਦਾ ਰਹੁ (ਤਾਂ ਤੂੰਹੇਂ) ਵਡਭਾਗੀ ਹੈਂ।

ਭਾਵ–ਪਿੱਛੇ ਅਭਾਗੀ ਮਨ ਦਾ ਲੱਛਣ ਕਿਹਾ ਸਾਨੇ ਜੋ ਤੋਤੇ ਵਾਂਙੂ ਭੁਲੇਵੇ ਵਿਚ ਆਕੇ ਵਿਸ਼ਿਆਂ ਦੇ ਭੈੜੇ ਨਤੀਜੇ ਪਾਕੇ ਨਿਸ਼ਫਲਤਾ ਨੂੰ ਪ੍ਰਾਪਤ ਹੁੰਦਾ ਹੈ, ਇਥੇ ਉਸੇ ਮਨ ਨੂੰ ਵਡਭਾਗੀ ਹੋਣ ਦੀ ਜੁਗਤਿ ਦੱਸਦੇ ਹਨ ਤੇ ਰਸਾਲ ਬ੍ਰਿਛ ਦਾ ਪਤਾ ਦੇਂਦੇ ਹਨ ਜੋ ਐਉਂ ਹੈ:–ਵਿਸ਼ਿਆਂ ਤੋਂ ਵੈਰਾਗ, ਗੁਰ ਚਰਨਾਂ ਦਾ ਪ੍ਰੇਮ, ਨਾਮ ਦਾ ਸਿਮਰਣ, ਲਿਵ ਤੇ ਆਤਮ-ਜਾਗ੍ਰਤ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਕਿਤਿਕ ਦਿਵਸ ਜਬ ਰਹਤਿ ਬਿਤਾਏ। ਦਿਨ ਪ੍ਰਤਿ ਮਹਿਮਾ ਹੁਇ ਅਧਿਕਾਏ। ਅਵਲੋਕਤਿ ਸਮਝ੍ਯੋ ਤਬ ਮੂਲਾ। –ਭਾ ਸ੍ਰੀ ਨਾਨਕ ਜਸ ਅਨਕੂਲਾ–॥੨॥ਆਯੋ ਅਪਰ ਤਜੀ ਸਭਿ ਗਿਨਤੀ। ਹਾਥ ਜੋਰਿ ਕੈ ਕੀਨੀ ਬਿਨਤੀ। 'ਤੁਮ ਤੋ ਮਹਾਂ ਪੁਰਖ ਹੋ ਪੂਰੇ। ਹਮ ਨਹਿਂ ਚਲਿਤ[3] ਲਖੇ ਜੋ ਰੂਰੇ ॥੩॥ ਨਿਸ ਦਿਨ ਨਿੰਦਤਿ ਰਹੇ ਬਿਸਾਲਾ। ਪਚੀ ਭਏ[4] ਨਿਤ ਜਗਤ ਜੰਜਾਲਾ। ਅਵਗੁਨ ਕਰੇ ਬਖ਼ਸ਼ੀਏ ਮੋਹੀ। ਅਹੈ ਹਮਾਰੀ ਲੱਜਜਾ ਤੋਹੀ' ॥੪॥ ਦੀਨ ਭਏ ਕੋ ਦੇਖਿ ਦਯਾਲਾ। ਕਹੇ ਬਚਨ ਕਰਿ ਕ੍ਰਿਪਾ ਬਿਸਾਲਾ। 'ਸਿਮਰਹੁ ਸੱਤਿਨਾਮ ਗਤਿਦਾਈ। ਸਤਿਸੰਗਤ ਮਹਿਂ ਮਿਲਿ ਸੁਖ ਪਾਈ ॥੫॥ ਕਰਿ ਬੰਦਨ ਕਰਤਾਰ ਅਗਾਰੀ। ਪਾਵਹੁ ਗੇ ਅਪਵਰਗ[5] ਸੁਖਾਰੀ'। ਇਸ ਬਿਧਿ ਸੁਨਿਕੇ ਸੀਸ ਨਿਵਾਯੋ। ਮੋਹ ਪਟਲ[6] ਤਤਛਿਨ ਬਿਲਗਾਯੋ[7] ॥੬॥ ਸਿਮਰਨ ਮਹਿਂ ਲਿਵ ਲਗੀ ਸੁਹੇਲੀ। ਤਜੀ

---

[1]ਪ੍ਰੇਮ। [2]ਭਾਵ ਅਜਿੱਤਾ। [3]ਚਰਿੱਤ੍ਰ। [4]ਖਚਤ ਹੋਏ ਹੋਏ ਰਹੇ। [5]ਮੁਕਤੀ। [6]ਮੋਹ ਦਾ ਪੜਦਾ। [7]ਦੂਰ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਪਹਿਲ ਕੀ ਦ੍ਵੈਤ ਦੁਹੇਲੀ[1]।ਆਨਿ ਸਦਨ ਨਿਜ ਤ੍ਰਿਯ ਸਮਝਾਈ। ਪਾਛਲ ਬਾਤਨ ਤੇ ਪਛੁਤਾਈ॥੭॥ਕਿਤਿਕ ਕਾਲ ਕੀਨੋ ਸਤਿਸੰਗਾ। ਹਰਿ ਚਰਨਨ ਮਹਿ ਪ੍ਰੇਮ ਉਮੰਗਾ*।ਭਏ ਬਿਬੇਕੀ ਥੋਰਨ ਦਿਨ ਮੈਂ।ਸੱਤਿ ਅਸੱਤਿ ਲਖਨੋ ਸਭਿ ਮਨ ਮੈਂ ॥੮॥ ਆਰਬਲਾ ਪੂਰਨ ਪੁਨ ਹੋਈ। ਸੁਖ ਸੋਂ ਤਨ ਤਜਿਗੇ ਤਬ ਦੋਈ। ਗਵਨੇ ਪ੍ਰਭੁ ਕੇ ਭਵਨ[2] ਸੁਹਾਵਨ। ਪਹੁੰਚੇ ਜਹਾਂ ਭਗਤ ਮਨ ਪਾਵਨ[3]॥੯॥ ਸ਼੍ਰੀ ਨਾਨਕ ਤਿਨ ਕੀ ਗਤਿ ਕਰਿਕੈ। ਰਹੇ ਤਹਾਂ ਸਿਖ ਪ੍ਰੇਮ ਬਿਚਰਿਕੈ। ਕਿਤਿਕ ਦਿਨਨ ਪੁਨ ਕੀਨ ਤਿਆਰੀ। ਸਭਿ ਕੋ ਦਈ ਧੀਰ ਕਹਿ ਭਾਰੀ† ॥੧੦॥ ਰਾਵੀ ਤਟ ਪਰ ਕੀਨ ਪਯਾਨਾ[4]। ਪਾਛੇ ਗਮਨਤਿ ਮੈਂ ਮਰਦਾਨਾ। ਸੁੰਦਰ ਤੀਰ ਦੇਖਿ ਇਕ ਥਾਈਂ। ਬੈਠਿ ਗਏ ਤਹਿ ਸ਼੍ਰੀ ਜਗਸਾਈਂ ॥ ੧੧ ॥ ਹੋਇ ਰਹੇ ਤਬ ਪੌਨ ਅਹਾਰੀ। ਜਿਉਂ ਤਪੀਸ਼ ਤਪ ਤਾਪਹਿ ਭਾਰੀ।ਸੁਨਿ ਸੁਨਿ ਲੋਕ ਤਹਾਂ ਚਲਿ ਆਏ।ਹਿਤ ਕਰਿ ਪਦ ਪੰਕਜ ਲਪਟਾਏ ॥੧੨॥ ਲੇ ਉਪਦੇਸ਼ ਸਿੱਖ ਬਹੁ ਹੋਵਹਿ। ਸੇਵਹਿ ਸਗਰੇ ਦੋਖਨ ਖੋਵਹਿ। ਇਕ ਤੇ ਜਸ ਦੂਸਰ ਸੁਨਿ ਕਾਨਾਂ। ਆਵਹਿ ਦਰਸ਼ਨ ਹਿਤ ਤਿਹ ਥਾਨਾ ॥੧੩॥ਗ੍ਰਾਮ ਨਗਰ ਤਹਿ ਨਿਕਟਿ ਜੁ ਅਹਿਹੀਂ । ਮਿਲਹਿਂ ਪਰਸ-ਪਰ ਉਸਤਤਿ ਕਹਿਹੀਂ। 'ਪੂਰਨ ਪੁਰਖ ਬਡਾ ਇਹ ਸਾਧੂ। ਜਿਸ ਦਰਸ਼ਨ ਨਾਸਹਿ ਅਪਰਾਧੂ ॥੧੪ ॥ ਕਲਾਵਾਨ ਗੁਨਵਾਨ ਮਹਾਨਾ। ਹੋਵਤਿ ਸਾਚ ਜੁ ਕਰਹਿ ਬਖਾਨਾ। ਨਿਤ ਸਾਹਿਬ[5] ਮੈਂ ਜਿਸਕੀ ਪ੍ਰੀਤਾ। ਸ਼ਾਂਤਿ ਰੂਪ ਨਹਿ ਡੋਲੈ ਚੀਤਾ॥੧੫॥ ਇਹ ਦਰਵੇਸ਼ ਖ਼ੁਦਾਇ ਪਿਆਰਾ।ਕਿਧੌਂ ਖ਼ੁਦਾਇ ਆਪ ਤਨ ਧਾਰਾ'।ਬਹੁਨਰ ਆਨਿ ਬੂਝਨਾ ਕਰਿਹੀਂ।ਤੂਰਨ ਸਭਿ ਕੋ ਪ੍ਰਸ਼ਨ ਉਚਰਿਹੀਂ[6] ॥ ੧੬ ॥ ਸੰਨਯਾਸੀ, ਬ੍ਰਹਮਚਾਰੀ,ਗ੍ਰਿਹਸਤੀ। ਤਪੀ, ਬੈਰਾਗੀ, ਬਾਨ ਜਿ ਪ੍ਰਸਤੀ[7]। ਜੋਗੀ, ਬਹੁਰ ਬੈਸ਼ਨੋ ਜੋਊ। ਹਿੰਦੂ, ਮੁਸਲਮਾਨ ਸਭਿ ਕੋਊ ॥ ੧੭ ॥ ਆਇ ਜਿ ਸੰਸੇ ਕੋਊ ਕਰਿਹੀ। ਤਤਛਿਨ ਉੱਤਰ ਪ੍ਰਭੁ ਉਚਰਿਹੀਂ। ਸੁਨਿ ਸੁਨਿ,ਸ਼ਰਧਾ ਉਰ ਮਹਿ ਧਰਿਹੀਂ। ਸ਼ਬਦ ਲਿਖਹਿ ਪੁਨ

---

[1]ਦੁਖਦਾਈ। [2]ਵੈਕੁੰਠ। [3]ਪਵਿੱਤ੍ਰ ਮਨ ਵਾਲੇ। [4]ਚੱਲਣਾ ਕੀਤਾ (ਗੁਰੂ ਜੀ ਨੇ)। [5]ਪ੍ਰਮਾਤਮਾ। [6]ਪ੍ਰਸ਼ਨਾਂ (ਦਾ ਉੱਤਰ) ਉਚਰਦੇ ਹਨ। [7]ਬਾਨ ਪ੍ਰਸਤੀ।

*ਪਾਠਾਂਤ੍ਰ:—ਹਰ ਕੇ ਚਰਨ ਪ੍ਰੇਮ ਉਰ ਮੰਗਾ। ਵਾ—ਹਰ ਕੇ ਚਰਨਨ ਪ੍ਰੇਮ ਉਮੰਗਾ।

†ਇਹ ਟਿਕਾਣਾ ਉਹ ਸੀ ਜਿੱਥੇ ਹੁਣ ਗੁਰਦੁਆਰਾ ਹੈ, ਵਟਾਲੇ ਨਗਰ।

Sri Satguru Jagjit Singh Ji eLibrary NamdhariElibrary@gmail.com

ਬਹੁਰ ਬਿਚਰਿਹੀਂ[1] ॥ ੧੮ ॥ ਦੋਹਰਾ ॥ ਪੁਰਿ ਲਹੌਰ ਕੇ ਮਨੁਜ ਬਹੁ ਹੋਏ ਸੇਵਕ ਆਇ। ਨਾਮ ਦਾਨ ਇਸ਼ਨਾਨ ਦਿਢ ਸਿਖਹਿਂ[2] ਕੀਰਤਨ ਗਾਇ ॥ ੧੯ ॥ ਚੌਪਈ ॥ ਇਕ ਕਰੋੜੀਆ ਖੱਤ੍ਰੀ ਪੁਰਿ ਮੈਂ। ਉਸਤਤਿ ਸੁਨਤਿ ਰਿਸਤ[3] ਅਤਿ ਉਰ ਮੈਂ। ਕਰਿਕੈ ਡਰ ਕੋ[4] ਤਾਂਹਿ ਅਗਾਰੀ। ਗੁਰ ਕੋ ਸੁਜਸੁ ਨ ਕਰਤਿ ਉਚਾਰੀ ॥੨੦॥ ਰਘੁਬਰਸੁਤਪੁਰਿ[5] ਕੀ ਰਜਧਾਨੀ। ਬਹੁ ਲੋਕਨ ਮੇਂ ਥਾ ਪਰਧਾਨੀ*। ਕਰਤਿ ਹਕੂਮਤ ਸਠ ਤਿਨ ਬੀਚੂ[6]। ਜਗ-ਤੇਸ਼ੁਰ ਉਪ ਉਰ ਨ ਸਹੀਚੂ[7]†॥੨੧॥ਇਕ ਦਿਨ ਜੋਗੀ ਜਾਚਤਿ ਫਿਰਤੇ। ਗੁਰੂ ਸ਼ਬਦ ਕੋ ਗਾਵਨ ਕਰਿਤੇ। ਹਾਥ ਬਿਖੈ ਕਿੰਗੁਰੀ[8] ਕੋ ਲੀਨੇ। ਰੀਝ ਬਜਾਵਹਿ ਪ੍ਰੇਮਹਿ ਭੀਨੇ ॥ ੨੨ ॥ ਫਿਰਤਿ ਫਿਰਤਿ ਪਹੁੰਚੇ ਤਿਹ ਥਾਨੀ। ਬੈਠਯੋ ਜਹਾਂ ਮੰਦਮਤਿ ਮਾਨੀ[9]।ਸ਼ਬਦ ਸੁਨਤ ਮਤਸਰ[10] ਬਹੁ ਧਾਰੀ।ਜਨੁ ਬਿਖੁ ਦੇਤਿ[11] ਹੋਤਿ ਦੁਖ ਭਾਰੀ ॥੨੩॥ ਪ੍ਰਭੁਤਾ ਮਦ[12] ਅੰਧਾ ਅੱਗਯਾਨੀ। ਸੰਤਨ ਤੇ ਬੇਮੁਖ ਸੁਖ ਹਾਨੀ।ਛਾਤੀ ਜਰਤਿ ਮਹਾਂ ਦੁਖ ਪਾਵਤਿ।ਤਬ ਜੋਗੀ ਇਹ ਤੁਕ ਥੇ ਗਾਵਤਿ ॥ ੨੪॥ ਸ੍ਰੀ ਮੁਖਵਾਕ

ਮ: ੧ ॥

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥

ਦੋਹਰਾ ॥ ਸੁਨਿਕੈ ਰਿਸ ਭਰਿ ਕਹਿਤ ਭਾ'ਹਿੰਦੂ ਕਿਏ ਖੁਆਰ।ਤੁਰਕਨ ਕੇਰ ਈਮਾਨ ਗਾ, ਉਸਤਤਿ ਕਰਤਿ ਉਚਾਰ[13]!॥੨੫॥ਚੌਪਈ॥ ਕੋ ਨਾਨਕ? ਮੈਂ ਪਿਖਯੋ ਨ ਜਾਨਾ। ਜਿਸ ਜਸ ਕਹਿ ਹਿੰਦੂ ਤੁਰਕਾਨਾ। ਜਹਿਂ ਤਹਿਂ ਕੀਰਤਿ ਹੋਤਿ ਘਨੇਰੀ। ਸਮਝ ਬਿਖੈ ਕੁਛ ਆਇ ਨ ਮੇਰੀ ॥੨੬॥ ਕੋ ਐਸਾ ਕਲਿ

[1]ਵਿਚਾਰਦੇ ਹਨ। [2]ਸਿੱਖਦੇ ਹਨ। [3]ਕ੍ਰੋਧ ਕਰਦਾ ਹੈ। [4]ਕੋਈ (ਬੀ) [5]ਰਾਮਚੰਦ੍ਰ ਦੇ (ਪਹਿਲੇ) ਪੁਤ੍ਰ (ਲਊ) ਦੀ ਰਾਜਧਾਨੀ (ਭਾਵ ਲਾਹੌਰ)। [6]ਮੂਰਖ (ਕਰੋੜੀਆ) ਉਹਨਾਂ ਵਿਚ। [7](ਜਗਤ ਈਸ਼ਵਰ ਭਾਵ) ਗੁਰੂ ਜੀ ਦੀ ਉਪਮਾ ਰਿਦੇ ਸਹਾਰਦਾ ਨਹੀਂ ਸੀ। [8]ਕਿੰਗ। [9]ਹੰਕਾਰੀ। [10]ਈਰਖਾ। [11]ਵਿਹੁ ਦਿੱਤਿਆਂ। [12]ਵਡਿਆਈ ਦੇ ਹੰਕਾਰ ਵਿਚ। [13]ਤੁਰਕਾਂ ਦਾ ਭੀ ਈਮਾਨ ਗਿਆ, (ਇਹ ਦੇਖੋ ਅਚਰਜ) ਕਿ ਉਸਤਤਿ ਉਚਾਰਨ ਕਰਦੇ ਹਨ (ਉਸ ਦੀ)।

*ਪਾ:—ਬਹੁ ਤਲਕਨ ਬਾਲ ਪਟਰਾਨੀ, ਜੋ ਜਾਪਦਾ ਹੈ ਕਿ 'ਬਹੁ ਤਲਕਨ ਕੋ ਥਾ ਪਰਧਾਨੀ' ਹੋਣਾ ਹੈ। ਤਲਕਨ=ਤਾਅੱਲਕਿਆਂ ਦਾ ਵੱਡੇ ਇਲਾਕਿਆਂ ਦਾ। 'ਲੋਕ' ਦਾ ਅਰਥ ਪਿੰਡ ਬੀ ਹੈ।

†ਇਕੀਹਵੀਂ ਚੌਪਈ ਦੋ ਲਿਖਤੀ ਨੁਸਖਿਆਂ ਵਿਚ ਹੈ ਨਹੀਂ ਸੀ।

ਕਾਲ ਮਝਾਰੀ। ਸਰਬ ਭਏ ਜਿਨ ਕੇ ਅਨੁਸਾਰੀ। ਮੈਂ ਕੀਨੀ ਇਹ ਰੀਤਿ ਪਰੇਖੀ[1]। ਭੇ ਸੇਵਕ ਸਭਿ ਦੇਖਾ ਦੇਖੀ ॥੨੭॥ ਚਲੇ ਕੁਚਾਲ ਚਾਲ ਨਿਜ ਤ੍ਯਾਗੀ। ਇਹ ਬਿਧਿ ਮੋਹਿ ਭਲੀ ਨਹਿਂ ਲਾਗੀ। ਔਰਨ ਕੋ ਕ੍ਯਾ ਦੋਸ਼ ਅਲਾਵੋਂ। ਜਿਨਹਿ ਚਲਾਏ ਤਿਨ ਗਹਿ ਲ੍ਯਾਵੋਂ ॥ ੨੮ ॥ ਕਰਿਕੈ ਕੈਦ ਸੀਖ ਸ਼ੁਭ ਦੇਊਂ। ਤਿਹ ਮਨ ਮਤੋ ਸਰਬ ਬਰਜੇਊਂ[2]।ਅਸ ਕਹਿ ਅਪਨੀ ਸਭਾ ਮਝਾਰੀ। ਨਿਜ ਸੇਵਕ ਤਬ ਲੀਨ ਹਕਾਰੀ॥੨੯॥ਕਹ੍ਯੋ 'ਤੁਰੰਗਨ ਪਰ, ਅਬ ਜਾਈ। ਪਾਇ ਜ਼ੀਨ[3], ਆਨਹੁ ਇਹ ਥਾਈਂ'। ਸੁਨਤਿ ਦਾਸ ਲ੍ਯਾਯੋ ਤਤਕਾਲਾ। ਲਗ੍ਯੋ ਚੜ੍ਹਨ ਜਿਸ ਦਰਪ[4] ਬਿਸਾਲਾ ॥੩੦॥ ਦਿਯੋ ਰਕਾਬ ਬਿਖੈ ਪਗ ਜਬਹੀ। ਸਬਲ[5] ਤੁਰੰਗਨਿ ਫਰਕੀ ਤਬਹੀ। ਨਹੀਂ ਸਮ੍ਹਾਰ੍ਯੋ ਤਿਹ ਛਿਨ ਖੱਤਰੀ। ਗਿਰ੍ਯੋ ਧਰਨਿ ਪਰ ਪਗਿਧਾ ਉਤਰੀ[6]॥੩੧॥ ਲਖ੍ਯੋ ਕੁਸੌਂਨ[7] ਰਿਦੇ ਮਹਿਂ ਤਾਹੂ। ਬਹੁਰ ਨ ਚਢ੍ਯੋ ਰਹ੍ਯੋ ਘਰ ਮਾਂਹੂ। ਨਿਕਟਿ ਜਿ ਨਰ ਸਮਝਾਵਨ ਕੀਨੋ। 'ਮਹਾਂ ਪੁਰਖੁ ਸ੍ਰੀ ਨਾਨਕ ਚੀਨੋ ॥ ੩੨॥ਕਰ੍ਯੋ ਨਿਰਾਦਰ' ਸੁਨਤਿ ਨ ਕਾਈ[8]।ਕਹੈ 'ਕਿ ਗਹੋਂ ਭੋਰ ਕੋ ਜਾਈ'। ਰਜਨੀ ਕਰਿ ਬਿਤੀਤ ਸੋ ਮੂਢਾ। ਅਗਲੇ ਦਿਨ ਮਹਿ ਭਯੋ ਅਰੂਢਾ ॥੩੩ ॥ ਗਮਨੇ ਬ੍ਰਿੰਦ ਸੰਗਿ ਨਰ ਤਾਹੀ। ਆਵਤਿ ਭਏ ਸਰਬ ਮਗ ਮਾਂਹੀ। ਸ੍ਰੀ ਪ੍ਰਭੁ ਰਹੇ ਕਿਤਿਕ ਜਬ ਦੂਰੀ। ਭਯੋ ਅੰਧ ਨਹਿ ਪਿਖਤਿ ਹਦੂਰੀ ॥੩੪॥ ਗਰਬ ਹਾਨਿ ਭਾ, ਪੀੜਾ ਬ੍ਯਾਪੀ।ਬੋਲਿ ਨ ਸਕਹਿ ਨਿੰਦ ਕਰਿ ਪਾਪੀ।ਤਬ ਸਮਝ੍ਯੋ ਮਨ ਮੂਰਖ ਮਾਨੀ[9]।—ਦੀਰਘ ਕਲਾਵਾਨ ਗੁਨਖਾਨੀ ॥ ੩੫ ॥ ਲੋਕ ਬਹੋਰਿ[10] ਰਹੇ ਮੁਝ ਤਾਈਂ। ਮਾਨੀ ਮੈਂ ਨ ਕਰੀ ਦੁਸ਼ਟਾਈ। ਬਹੁ ਨਰ ਕੋ ਜਿਹ[11] ਕਹ੍ਯੋ ਨ ਭਾਵਤਿ[12]।ਮਮ ਸਮਾਨ ਦੁਖਿਹ੍ਵੈ[13] ਪਛੁਤਾਵਤਿ—।੩੬। ਗੁਨਤਿ ਬਿਸੂਰਤਿ[14] ਗਮਨਤਿ ਜਬਹੀ।ਨਿਰਖੀ[15] ਨਰਨ ਨੈਨ ਗਤਿ ਤਬ ਹੀ।ਭਯੋ ਦੀਨ ਬੋਲ੍ਯੋ ਪਛੁਤਾਈ। 'ਅਬ ਤਿਨਕੀ ਮੈਂ ਮਹਿਮਾ ਪਾਈ॥੩੭॥ ਜਸ ਤੁਮ ਕਹਤਿ ਹੁਤੇ ਤਸ ਦੇਖਾ। ਭਯੋ ਅੰਧ ਮੈਂ ਕੀਨ ਪਰੇਖਾ[16]। ਮਹਾਂ ਪੁਰਖ ਸੋਂ ਮਤਸਰ ਧਾਰੀ। ਤਿਹ ਕੋ ਫਲ ਪ੍ਰਾਪਤਿ ਦੁਖ ਭਾਰੀ ॥੩੮ ॥ ਚਲਿ ਸਮੀਪ ਅਬ ਮੁਝ ਬਖ਼ਸ਼ਾਵਹੁ। ਕਹੇ ਕੁਬੋਲ ਸੁ ਛਿਮਾ ਕਰਾਵਹੁ।

[1]ਪਰਖਣਾ। [2]ਰੋਕੂੰ। [3]ਕਾਠੀ। [4]ਹੰਕਾਰ [ਸੰਸ:, ਦਰ੍ਪ]। [5]ਤਕੜੀ। [6]ਪੱਗ ਢੇ ਪਈ। [7]ਕੁਸ਼ਗਨ। [8](ਪਰ) ਕੋਈ ਗਲ (ਕਰੋੜੀਆ) ਨਹੀਂ ਸੁਣਦਾ। [9]ਹੰਕਾਰੀ। [10]ਮੋੜ ਰਹੇ ਸਨ। [11]ਜਿਸ ਨੂੰ। [12]ਚੰਗਾ ਨਹੀਂ ਲਗਦਾ। [13]ਦੁਖੀ ਹੋਕੇ। [14]ਸੋਚਦਾ ਤੇ ਝੂਰਦਾ। [15]ਦੇਖੀ। [16]ਪਰਖਣਾ ਕੀਤਾ ਹੈ।

Sri Satguru Jagjit Singh Ji eLibrary NamdhariElibrary@gmail.com

ਮੈਂ ਅਬ ਦਾਸ, ਪਰੋਂ ਤਿਨ ਪਾਈ। ਹੋਵੋਂ ਸਿੱਖ, ਰਖੈਂ ਸ਼ਰਣਾਈ' ॥੩੯॥ ਸੁਨਿਕੈ ਨਰਨ ਸਰਬ ਸਮਝਾਯੋ'ਅਬ ਤੌ ਪਤਾ[1] ਆਪ ਨੈ ਪਾਯੋ। ਉਤਰਿ ਤੁਰੰਗਨ ਤੇ ਇਹ ਥਾਈਂ। ਬੰਦਨ ਕਰਹੁ ਧਰਨਿ ਸਿਰ ਲਾਈ॥੪੦॥ਧਰਿ ਸ਼ਰਧਾ ਤੁਮ ਚਲਹੁ ਅਗਾਰੀ। ਪਰਹੁ ਜਾਇਕੈ ਚਰਨ ਮਝਾਰੀ। ਬਖਸ਼-ਹਿੰਗੇ ਤੁਝ ਦੀਨ ਦਯਾਲਾ। ਭਗਤਿ ਵਛਲ ਜਿਨਿ ਬਿਰਦ ਬਿਸਾਲਾ' ॥੪੧॥ ਤਿਨ ਕੀ ਭਨੀ ਮਾਨਿ ਹਰਿ ਮਾਨਾ[2]। ਉਤਰਯੋ, ਮਾਰਗ ਚਰਨ ਚਲਾਨਾ[3]।ਨਮੋ ਕਰਹਿ ਪਗ ਪਗ,ਹ੍ਵੈ ਦੀਨਾ[4]।ਅਨਿਕ ਭਾਂਤਿ ਜਸੁ ਬਰਨਨ ਕੀਨਾ॥੪੨॥ ਕਿਤਿਕ ਦੂਰ ਤੇ ਉਚ ਪੁਕਾਰਾ। 'ਛਿਮਹੁ ਛਿਮਹੁ ਮੈਂ ਦਾਸ ਤੁਮਾਰਾ। ਮਸ਼ਕ[5] ਗਰਬ ਖਗਪਤਿ[6] ਸੋਂ ਧਰਿਈ। ਰੰਚ ਮੇਰੁ ਕੀ ਸਮਤਾ[7] ਕਰਿਈ॥੪੩॥ ਅਪਨੋ ਤੇਜ ਦਿਖਾਇ ਟਨਾਨੋ[8]। ਰਵਿ[9] ਕੀ ਪ੍ਰਭੁਤਾ[10] ਕਰਹਿ ਪਛਾਨੋ। ਤਿਉਂ ਮਤਿਮੰਦ ਲਾਲਸਾ ਮੇਰੀ। ਮੁਖ ਤੇ ਨਿੰਦਾ ਕੀਨਿ ਘਨੇਰੀ॥੪੪॥ ਅਪਰਾਧੀ ਮੈਂ ਪ੍ਰਭੁ! ਤੁਮਾਰਾ। ਬਖਸ਼ ਲੇਹੁ ਅਬ ਦੀਨ ਦਯਾਰਾ!'। ਰਿਦੇ ਬਿਸੂਰਤਿ ਅਸ ਮੁਖ ਬੋਲਹਿ। ਡਗਮਗ[11] ਪਗ ਮਗ ਚਲਤਯੋ ਡੋਲਹਿ॥ ੪੫ ॥ ਇਕ ਨਰ ਗਹਿ ਕਰਿ ਤਿਹ ਕੋ ਹਾਥਾ। ਲੇ ਡਾਰਯੋ ਪਗ ਪਰ ਜਗਨਾਥਾ। 'ਸ਼ਰਨ ਸ਼ਰਨ ਮੈਂ' ਗਿਰਾ ਉਚਾਰੀ। ਪਰਯੋ ਰਹਯੋ ਸਮ ਦੰਡ[12]ਅਗਾਰੀ॥੪੬॥ ਕਰਿ ਬਿਨਤੀ ਬਹੁਤੋ ਘਿਘਿਆਯੋ[13]। ਬਹੁਰ ਨ ਊਪਰ ਸੀਸ ਉਠਾਯੋ। ਕ੍ਰਿਪਾਨਿਧਾਨ ਤਾਸ ਗਤਿ[14]ਦੇਖੀ।ਕਰੁਨਾ ਉਪਜੀ ਰਿਦੇ ਬਿਸ਼ੇਖੀ॥ ੪੭॥ ਕਹਯੋ'ਉਠਹੁ ਖੋਲਹੁ ਨਿਜ ਲੋਚਨ। ਮਨ ਸੋਚਨ ਸਭਿ ਕਰਹੁ ਬਿਮੋਚਨ[15]'।ਕ੍ਰਿਪਾ ਯੁਕਤਿ ਬਾਨੀ ਕੋ ਸੁਨਿਕੈ। ਉਠਿ ਬੈਠਯੋ ਬਖ਼ਸ਼ਯੋ ਨਿਜ ਗੁਨਿ ਕੈ॥ ੪੮॥ ਨੀਕੇ ਲਗਯੋ ਬਿਲੋਕਨ ਤੈਸੇ। ਹੁਤੀ ਅਗਾਰੀ ਦ੍ਰਿਸ਼ਟਿ ਸੁ ਜੈਸੇ[16]। ਹਾਥ ਬੰਦਿ ਦ੍ਵੈ ਹ੍ਵੈ ਕਰਿ ਠਾਂਢੋ। ਬੋਲਯੋ ਰਿਦੇ ਪ੍ਰੇਮ ਬਹੁ ਬਾਢੋ॥ ੪੯॥ 'ਕ੍ਰਿਪਾ ਧਾਰਿ ਫਿਰ ਅਪਨੇ ਪਾਇਨ। ਪ੍ਰਭੁ ਜੀ ਲੀਜੈ ਮੋਰ ਉਪਾਇਨ। ਜਹਿੰ ਬੈਠੇ ਇਹੁ ਸੁੰਦਰ ਅਵਨੀ।ਲੇ ਧ੍ਰਮਸਾਲਾ

---

[1]ਪਤੀਆ, ਤਸੱਲੀ ਕਰ ਦੇਣ ਵਾਲਾ ਪਰਤਾਵਾ। [2]ਉਹਨਾਂ ਦੀ ਕਹੀ ਮੰਨਕੇ ਤੇ ਨਾਸ਼ ਕਰਕੇ ਹੰਕਾਰ ਨੂੰ। [3]ਪੈਦਲ ਟੁਰਿਆ। [4]ਪੈਰ ਪੈਰ ਤੇ ਦੀਨ ਹੋਕੇ। [5]ਮੱਛਰ। [6]ਗਰੁੜ। [7]ਕਿਣਕਾ ਜਿਵੇਂ ਸੁਮੇਰੁ ਦੀ ਬਰਾਬਰੀ ਕਰੇ। [8]ਟਟੈਣਾ। [9]ਸੂਰਜ। [10]ਵਡਿਆਈ। [11]ਲੜਖੜਾਂਦਾ। [12]ਡੰਡੇਵਤ ਭਾਵ ਦੁਵਾਲ। [13]ਤਰਲੇ ਕੱਢੇ। [14]ਤਿਸਦੀ ਹਾਲਤ। [15]ਦੂਰ ਕਰੋ। [16]ਜੇਹੀ ਨਜ਼ਰ ਪਹਿਲਾਂ ਸੀ।

Sri Satguru Jagjit Singh Ji eLibrary NamdhariElibrary@gmail.com

ਕੀਜੈ ਰਵਨੀ ॥ ੫੦ ॥ ਅਪਨੋ ਗ੍ਰਾਮ ਬਸਾਇ ਨਿਰਾਰਾ । ਸਿਖ ਸੰਤਨ ਕੋ
ਦੇਹੁ ਅਹਾਰਾ । ਅਪਨ ਨਾਮ ਪਰ ਨਾਮ ਧਰੀਜੈ । ਭੇਟ ਲੇਹੁ ਕਿਰਤਾਰਥ
ਕੀਜੈ ॥੫੧॥ ਗੁਰ ਕਹਿ 'ਜੇ ਤਵ ਅਸ ਮਨ ਮਾਂਹੀ। ਕਰਹੁ ਸੇਵ ਬਰਜਤਿ ਕੋ
ਨਾਹੀ। ਸਤਿਸੰਗਤਿ ਕੋ ਹ੍ਵੈ ਬਿਸਰਾਮਾ। ਮਿਲਿ ਕਰਿ ਸਿਮਰਹਿਂਗੇ ਹਰਿਨਾਮਾ'
॥੫੨॥ ਤਬ ਖੱਤ੍ਰੀ ਨਿਜ ਮਨੁਜ ਪਠਾਏ । ਘਰ ਕੇ ਕਰਨਹਾਰ[1] ਬੁਲਵਾਏ।
ਤਿਹ ਠਾਂ ਤੂਰਨ ਕੀਨਿ ਤਯਾਰੀ । ਆਨਿ ਬਸਾਏ ਬਹੁ ਨਰ ਨਾਰੀ ॥੫੩॥
ਸ੍ਰੀ 'ਕਰਤਾਰਪੁਰ' ਧਰਿ ਨਾਮੂ । ਧਰਮਸਾਲ ਇਕਿ ਰਚਿ ਅਭਿਰਾਮੂ। ਕਰਿ
ਬਿਨਤੀ ਸਤਿਗੁਰੂ ਅਗਾਰੀ । ਲੇਕਰਿ ਗਮਨਯੋ ਤਾਂਹਿ ਮਝਾਰੀ॥੫੪॥ ਬਹੁ
ਸੁੰਦਰ ਪਰਯੰਕ ਡਸਾਯੋ । ਊਪਰ ਰੁਚਿਰ ਬਿਛੌਨਾ ਛਾਯੋ । ਤਹਾਂ ਬਿਠਾਇ
ਭਾਉ ਕਰਿ ਭਾਰੀ। ਦੀਪ ਜਗਾਇ ਆਰਤੀ ਉਤਾਰੀ ॥੫੫॥ 'ਜੈ ਜੈ ਗੁਰ !
ਭਗਤਨ ਸੁਖਕਾਰੀ। ਅਸੁਰ ਸੰਘਾਰਨ, ਬੇਦ ਉਬਾਰੀ[2] । ਰਾਵਨ ਮਰਦਨ[3]
ਕੰਸ ਕੁ ਛੇਦਨ[4] । ਤੂੰ ਨਰਸਿੰਘ, ਬਾਲੀ ਉਰ ਭੇਦਨ[5]* ॥੫੬॥ ਮੈਂ ਖਲ[6]
ਬਹੁਤ ਖਤਾ ਤੁਮ ਕੀਨੀ । ਤ੍ਰਾਹਿ ਤ੍ਰਾਹਿ[7] ਬਖਸ਼ਹੁ ਵਰ ਦੀਨੀ[8] । ਅਘ
ਤਮ ਹਰਨ ਭਾਨੁ[9], ਗੁਰ! ਜਨ ਲਖਿ[10] । ਨਾਮ ਸਲਲ ਤਿਨ ਕਹਿ ਕਰਿ ਮਨ
ਝਖ[11] ॥੫੭॥ ਜਗ ਗੁਰ ਬਚਨ ਸੁਨੇ ਜਬ ਐਸੇ । ਗਏ ਕਪਾਟ ਖੁਲ ਦਰ
ਜੈਸੇ[12] । ਭਗਤਿ ਦਾਨ ਕਹਿ ਦੇ ਗੁਰ ਦੀਨੀ[13] । ਲੈ ਵਰ ਉਮਗਿ[14] ਸੇਵ ਬਹੁ
ਕੀਨੀ॥੫੮॥ ਇਸ ਪ੍ਰਕਾਰ ਕੀ ਸੇਵਾ ਕਰਿਕੈ। ਰਹਯੋ ਕਿਤਿਕ ਦਿਨ ਪ੍ਰੇਮ ਸੁ
ਧਰਿਕੈ। ਲੈ ਰਜਾਇ ਪੁਨ ਗਯੋ ਲਹੌਰ। ਪਸਰਯੋ ਜਸੁ ਬਿਸਾਲ ਚਹੁ ਓਰ
॥੫੯॥ ਜਹਿ ਜਹਿ ਸੁਨਹਿ ਸਿੱਖ ਸਭਿ ਆਵਹਿ । ਰਹਹਿ ਨਿਕਟ ਸੇਵਹਿ

[1]ਘਰ ਬਣਾਉਣ ਵਾਲੇ (ਰਾਜ, ਮਿਸਤਰੀ ਆਦਿ)। [2]ਦੈਂਤ ਨਾਸ਼ਕ ਤੇ ਬੇਦਾਂ ਦੇ ਬਚਾਵਣਹਾਰ। [3]ਭਾਵ ਰਾਮ। [4]ਭਾਵ ਕ੍ਰਿਸ਼ਨ। [5]ਬਾਲੀ ਦੀ ਛਾਤੀ ਵਿੰਨ੍ਹਣ ਵਾਲੇ ਭਾਵ, ਰਾਮ। [6]ਮੂਰਖ। [7]ਰੱਖਿਆ ਕਰੋ। [8]ਦੇਕੇ ਵਰ। [9]ਪਾਪਾਂ ਰੂਪੀ ਅੰਧੇਰਾ ਦੂਰ ਕਰਨ ਵਾਲਾ ਸੂਰਜ। [10]ਗੁਰੂ ਜੀ ਨੂੰ ਭਗਤਾਂ ਨੇ ਜਾਣਿਆ ਹੈ। [11]ਤਿਨਕਹਿ—ਉਨ੍ਹਾਂ ਨੇ। ਉਨ੍ਹਾਂ ਨੇ ਨਾਮ ਰੂਪ ਜਲ ਵਿਚ ਮਨ ਨੂੰ ਮੱਛ ਬਣਾਇਆ ਹੈ। (ਅ) ਤਿਨ ਕਹਿ—ਉਨ੍ਹਾਂ ਨੇ ਆਖਕੇ। [12]ਜਿਵੇਂ ਦਰਵੱਜਾ (ਖੁਲ੍ਹਦਾ ਹੈ)। [13]ਭਗਤੀ ਦਾਨ ਦਾ (ਵਰ) ਆਖਕੇ ਗੁਰੂ ਜੀ ਨੇ ਦੇ ਦਿੱਤਾ। [14]ਖੁਸ਼ ਹੋਕੇ।

*ਕਰੋੜੀਆ ਗੁਰੂ ਜੀ ਨੂੰ ਸਾਰੇ ਜੁਗਾਂ ਵਿਚ ਅਵਤਾਰ ਧਾਰਨ ਵਾਲਾ ਮਹਾਂ ਜੋਤੀ ਕਹਿ ਰਿਹਾ ਹੈ, ਜਿਸ ਤੋਂ ਮੁਰਾਦ ਇਹ ਹੈ ਕਿ ਓਹ ਉਹਨਾਂ ਨੂੰ ਗੋਵਿੰਦ ਦਾ ਰੂਪ ਤੱਕ ਰਿਹਾ ਹੈ। ਹਿੰਦੂ ਮਤ ਵਿਚ ਸਭ ਤੋਂ ਸ੍ਰੇਸ਼ਟ ਦਰਜਾ ਅਵਤਾਰ ਦਾ ਹੈ, ਸੋ ਓਹ ਸਭ ਅਵਤਾਰਾਂ ਤੋਂ ਵੱਡੇ ਆਪ ਜੀ ਨੂੰ ਕਹਿ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਸੁਖ ਪਾਵਹਿ। ਬਹੁਰ ਸੁਲਖਣੀ ਸਭਿ ਸੁਖ ਸਾਨੀ[1]। ਆਇਸੁ ਪਤਿ ਕੀ ਪਾਇ ਸਯਾਨੀ॥੬੦॥ਦੋਨੋ ਸੁਤ ਲੇਕਰਿ ਨਿਜ ਸਾਥਾ॥ਆਈ ਚਲਿ ਸਮੀਪ ਜਗਨਾਥਾ। ਸੁੰਦਰ ਸਦਨ ਤਹਾਂ ਬਨਿਵਾਏ। ਰਹਿਨ ਲਗੇ ਸੁਖ ਭੇ ਮਨ ਭਾਏ॥੬੧॥ਬਨੀ ਬਹੁਤ ਨੀਕੀ ਧ੍ਰਮਸਾਲਾ॥ਬੈਠਹਿਂ ਤਿਹ ਕੇ ਬੀਚ ਕ੍ਰਿਪਾਲਾ॥ ਨਿਸ ਬਾਸੁਰ ਹ੍ਵੈ ਕਿਰਤਨ ਭਾਰੀ। ਪਢਹਿਂ ਸ਼ਬਦ ਪੁਨ ਕਰਹਿਂ ਬਿਚਾਰੀ॥ ੬੨॥ ਬੋਵਹਿ ਬਹੁਤ ਅੰਨ ਕ੍ਰਿਸ਼ਿ ਕਾਰੀ[2]। ਪਾਕੇ ਤੇ ਜਬ ਹੋਇ ਤਯਾਰੀ। ਆਨਹਿ ਸਤਿਗੁਰ ਕੇਰ ਅਗਾਰੀ॥ ਦੇਗ ਚਲਾਵਹਿਂ ਤਿਹਠਾਂ ਭਾਰੀ ॥੬੩॥ ਭੂਖਾ ਰਹਿਨ ਨ ਪਾਵੈ ਕੋਈ। ਸਰਬ ਕਾਲ ਮਹਿਂ ਭੋਜਨ ਹੋਈ। ਇਕਠੇ ਭਏ ਲੋਗ ਬਹੁ ਆਈ। ਦਰਸ਼ਨ ਕਰਹਿਂ ਜਨਮ ਫਲ ਪਾਈ ॥੬੪॥ ਹੁਤੋ ਕਰਮ ਕਾਂਡੀ ਇਕ ਦਿਜਬਰ। ਸਤਿਗੁਰ ਢਿਗ ਆਯੋ ਤਬ ਚਲਿ ਕਰਿ। ਆਨਿ ਅਸ਼ੀਰਬਾਦ ਕੋ ਕੀਨੋ॥ਭੂਖ ਬਿਖੈ ਸੋ ਹੁਤੋ ਅਧੀਨੋ॥੬੫॥ਤਿਹ ਛਿਨ ਦੇਖਿ ਰਸੋਈ ਤਯਾਰੀ। ਦਿਜ ਸੋਂ ਸ੍ਰੀ ਗੁਰ ਗਿਰਾ ਉਚਾਰੀ। 'ਛੁਧਾ ਅਹੈ ਜੋ ਉਦਰ ਮਝਾਰਾ। ਅਚੋ[3] ਅਹਾਰ ਬਨਯੋ ਅਬ ਤਯਾਰਾ' ॥੬੬॥ ਦਿਜ ਬੋਲਯੋ 'ਹੌਂ[4] ਖਾਤ ਨ ਐਸੇ। ਬਿਨ ਸੰਜਮ[5] ਭਾ ਭੋਜਨ ਜੈਸੇ। ਕਰਮ ਕਾਂਡ ਕੇ ਮੈਂ ਅਨੁਸਾਰਾ[6]। ਅਤਿ ਸੁਚ ਸੋਂ ਨਿਤ ਕਰੋਂ ਅਹਾਰਾ ॥੬੭॥ ਧਰਨੀ ਕਉ ਖੁਨਿ ਕੈ ਇਕ ਹਾਥਾ॥ ਚੌਂਕਾ ਦੇਵਊਂ ਗੋਬਰ ਸਾਥਾ॥ਆਨੌਂ ਅਪਨੇ ਕਰ ਸੋਂ ਬਾਰੀ[7]। ਸਭਿ ਸਮਧਾ[8] ਸੋ ਲੇਉਂ ਪਖਾਰੀ[9]॥੬੮॥ ਸਰਬ ਅੰਨ ਚੁਨਿ ਕਰੋਂ ਸਵਾਰੀ[10]।ਨਿਜ ਕਰ ਸੰਗਿ ਅਹਾਰ ਤਯਾਰੀ[11]।ਉਚਿਤ ਅਦਨ ਕੇ ਹੋਵਹਿ ਤਬਹੀ। ਕਰੀ ਜਿ ਬਿਧਿ ਬਨ ਆਵਹਿ ਸਭਿਹੀ ॥ ੬੯ ॥ ਭ੍ਰਮਗੀ ਕਰੀ ਨ ਹਮਰੇ ਕਾਜੂ'। ਸੁਨਿ ਕਰਿ ਭਨਯੋ ਗਰੀਬ ਨਿਵਾਜੂ। 'ਸ਼ੁਸ਼ਕ[12] ਅੰਨ ਅਬ ਹੇ ਦਿਜ! ਲੀਜੈ॥ ਨਿਜ ਕਰ ਸੋਂ ਕਰਿ ਅਚਵਨ ਕੀਜੈ'॥੭੦॥ਲੀਨੋ ਸੀਧਾ ਤਬ ਦਿਜਬਰ ਸੋ[13]। ਖੋਦਨ ਲਗਾ ਧਰਨਿ ਨਿਜ ਕਰ ਸੋਂ। ਨਿਕਸੇ ਅਸਤਿ[14] ਛੋਰਿ ਤਿਸ ਥਾਏਂ[15]।ਖੋਦਨ ਲਗਯੋ ਅਪਰ ਥਲ ਜਾਈ ॥੭੧॥ ਨਿਕਸੇ ਅਸਤਿ,ਸੁ ਜਾਨ ਅਪਾਵਨ[16]।ਤਿਹ ਤਜਿ ਗਯੋ ਔਰ ਹੀ ਥਾਵਨ[17]।

---

[1]ਸੁੱਖਾਂ ਨਾਲ ਮਿਲੀ। [2]ਖੇਤੀ ਕਰਨ ਵਾਲੇ, ਜ਼ਿਮੀਦਾਰ। [3]ਖਾਵੋ। [4]ਮੈਂ। [5]ਬੇਮ੍ਰਿਯਾਦਾ। [6]ਅਧੀਨ। [7]ਜਲ। [8]ਬਾਲਣ। [9]ਧੋਇ। [10]ਸੁਆਰ ਕੇ, ਸਫਾ ਕਰਕੇ। [11]ਤਿਆਰ (ਕਰਦਾ ਹਾਂ)। [12]ਸੁੱਕਾ। [13]ਉਸ ਬ੍ਰਹਮਣ ਨੇ ਰਸਦ ਲੀਤੀ। [14]ਹੱਡੀਆਂ। [15]ਤਿਸ ਥਾਂ ਨੂੰ ਛੱਡਕੇ। [16]ਉਹ (ਥਾਂ ਭੀ) ਜਾਣਕੇ ਅਪਵਿੱਤ੍ਰ। [17]ਹੋਰ ਹੀ ਥਾਂ ਤੇ।

Sri Satguru Jagjit Singh Ji eLibrary NamdhariElibrary@gmail.com

ਜਹਾਂ ਖੁਨਹਿ ਤਹਿਂ ਅਸਤੀ ਨਿਕਸੈਂ। ਹੇਰਿ ਹੇਰਿ ਨਰ ਤਿਹ ਕੋ ਬਿਕਸੈਂ॥ ੭੨॥ ਸਰਬ ਦਿਵਸ ਸੋ ਖੋਦਤਿ ਰਹਯੋ। ਏਕ ਛੁਧਾ ਦੂਜੇ ਸ੍ਰਮ ਲਹਯੋ॥ਭਯੋ ਬਿਕੁਲ ਆਯੋ ਪ੍ਰਭੁ ਪਾਸਾ। ਬੰਦਿ ਹਾਥ ਕੀਨੀ ਅਰਦਾਸਾ॥੭੩॥ 'ਜਹਾਂ ਅਹਾਰ ਤੁਮਾਰੋ ਹੋਇ। ਦੀਜੈ ਮੋਹਿ ਖਾਇ ਹੌਂ ਸੋਇ। ਰਾਵਰ ਮਹਾਂ ਪੁਰਖ ਗੁਨਖਾਨੀ। ਮੈਂ ਤੁਮਰੀ ਆਇਸੁ ਨਹਿ ਮਾਨੀ॥ ੭੪ ॥ ਯਾਂ ਤੇ ਖੇਦ ਭਯੋ ਤਨ ਭਾਰੀ। ਅਬ ਮੈਂ ਹੌਂ ਤੁਮਰੇ ਅਨੁਸਾਰੀ'। ਸੁਨਿਕੈ ਬੋਲੇ ਬਚਨ ਕ੍ਰਿਪਾਲਾ। 'ਦਿਜ ਜੂ! ਬੀਤ ਗਯੋ ਸੋ ਕਾਲਾ॥੭੫॥ ਅਬ ਮੁਖ ਵਾਹਿਗੁਰੂ ਕਹਿ ਲੀਜੈ। ਅਵਨੀ ਕੋ ਪਾਵਨ ਇਉਂ ਕੀਜੈ। ਸਾਜਿ ਰਸੋਈ ਭੋਜਨ ਕਰੀਏ। ਸਭਿਹੀ ਰਿਦੇ ਭਰਮ ਪਰਹਰੀਏ'॥ ੭੬ ॥ ਤਬਹੀ ਦਿਜ ਨੈ ਆਇਸੁ ਮਾਨੀ। ਕੀਨ ਰਸੋਈ ਭੂਮ ਕਰਿ ਹਾਨੀ। ਕਰਿ ਭੋਜਨ ਕੋ ਜਬ ਢਿਗ ਆਯੋ। ਸ੍ਰੀ ਗੁਰ ਤਬ ਇਕ ਸ਼ਬਦ ਅਲਾਯੋ॥੭੭॥

ਬਸੰਤ ਮਹਲਾ ੧ ॥

ਸੁਇਨੇ ਕਾ ਚਉਕਾ ਕੰਚਨ ਕੁਆਰ[1] ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕ[2] ਕਰੰਤੇ ਕੀ ਆਗਿ[3] ॥ ਗਰੁੜਾ[4] ਖਾਣਾ ਦੁਧ ਸਿਉ ਗਾਡਿ ॥ ੧ ॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ ੧ ॥ ਰਹਾਉ ॥ ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥ ੩ ॥ ਜੇਤੇ ਜੀਅ ਲਿਖੀ ਸਿਰਿਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥ ੪ ॥ ੩ ॥

ਦੋਹਰਾ ॥ ਸੁਨਿ ਕਰਿ ਦਿਜਬਰ ਬੰਦਿ ਕਰ ਧਰਯੋ ਚਰਨ ਪੁਰ ਸੀਸ। ਭਯੋ ਸਿੱਖ ਸਤਿਗੁਰੂ ਕੋ ਨਾਮ ਜਪਤਿ ਜਗਦੀਸ਼॥੭੮॥ ਚੌਪਈ॥ ਭਾਉ ਭਗਤਿ ਕੀ ਉਰ ਲਿਵ ਲਾਗੀ। ਸੱਤਿਨਾਮ ਸਿਮਰਨ ਰਤਿ[5] ਜਾਗੀ। ਗੁਰ ਕਰੁਨਾ ਕੋ ਪਾਇ ਬਿਸਾਲਾ। ਭਰਮ ਸਰਬ ਨਾਸ਼ਯੋ ਤਤਕਾਲਾ॥ ੭੯ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਕਰਤਾਰ ਪੁਰ ਬਸਾਵਨ, ਦਿਜ ਪ੍ਰਸੰਗ' ਬਰਨਨੰ ਨਾਮ ਤੀਸਮੋ ਅਧ੍ਯਾਯ ॥ ੩੦ ॥

---

[1]ਭਾਂਡਾ, ਗਾਗਰ। [2]ਪਾਣੀ। [3]ਸੂਰਜ ਦੀ ਅੱਗ, (ਅ) ਪਥਰ ਤੋਂ ਆਪ ਕਢੀ ਅੱਗ। [4]ਚਾਵਲ। [5]ਪ੍ਰੀਤੀ।

Sri Satguru Jagjit Singh Ji eLibrary NamdhariElibrary@gmail.com

੩੧. [ਬੇਨਤੀ, ਸਿੱਖੀ ਰਹੁਰੀਤ ਦਾ ਅਰੰਭ । ਸ਼ਹੁ ਸੁਹਾਗਨ, ਮੂਲਾ, ਉੱਚ ਦਾ ਪੀਰ]

ਦੋਹਰਾ ॥ ਕਰਮਹੀਣ ਕੁੜਿਆਰ ਮੈਂ ਲੋਭੀ, ਕਾਮੀ, ਬਾਮ ।
ਲਾਜ ਰਖਹੁ ਨਿਜ ਬਿਰਦ ਕੀ ਜਗਤ ਕਹੈ 'ਸਿਖ' ਨਾਮ ॥ ੧ ॥

{ ਕਰਮਹੀਣ=ਪਿਛਲੇ ਯਾ ਹੁਣ ਦੇ ਕਰਮ ਮੇਰੇ ਸ਼ੁਭ ਨਹੀਂ, ਮੇਰੇ ਪਾਸ ਸ਼ੁਭ ਕਰਮਾਂ ਦੀ ਰਾਸ ਨਹੀਂ । ਕੁੜਿਆਰ=ਝੂਠਾ, ਪਰ ਇਸ ਦੀ ਮੁਰਾਦ ਨਿਰੇ-ਝੂਠ ਬੋਲਣ ਵਾਲੇ-ਦੀ ਨਹੀਂ; ਪਰ ਓਹ ਕਿ ਜੋ ਮਨ ਬਚ ਕਰਮ ਤੋਂ ਝੂਠ ਵਿਚ ਪ੍ਰਵਿਰਤ ਹੋਵੇ । }

ਅਰਥ—ਮੈਂ ਕਰਮਾਂ ਦਾ ਹੀਣਾ ਤੇ ਕੁੜਿਆਰ ਹਾਂ, ਲੋਭੀ ਕਾਮੀ (ਤੇ ਹਰ ਤਰ੍ਹਾਂ) ਮੰਦਾ ਹਾਂ, (ਹੇ ਗੁਰੋ !) ਆਪਣੇ ਬਿਰਦ ਦੀ ਲੱਜਾ ਰੱਖੋ (ਕਿਉਂਕਿ) ਜਗਤ ਮੇਰਾ ਨਾਮ 'ਸਿਖ' ਕਰਕੇ ਲੈਂਦਾ ਹੈ।

ਭਾਵ—ਮੁਰਾਦ ਹੈ ਇਹ ਕਿ ਮੇਰੇ ਪਾਸ ਗੁਣਾਂ ਦੀ ਤੇ ਸ਼ੁਭ ਕਰਮਾਂ ਦੀ ਰਾਸ ਨਹੀਂ, ਵਰਤਾਉ ਤੇ ਜੀਵਨ ਝੂਠ ਦਾ ਹੈ, ਲੋਭ ਕਾਮ ਤੇ ਮੰਦਿਆਈ ਦਾ ਸੁਭਾਵ ਹੈ, ਮੇਰੀ ਕੱਲਯਾਨ ਮੇਰੇ ਕਰਮਾਂ ਕਰਕੇ ਤੇ ਗੁਣਾਂ ਕਰਕੇ ਨਹੀਂ ਹੋ ਸਕਦੀ, ਮੈਨੂੰ ਲੋਕੀਂ ਸਿੱਖ ਆਖਦੇ ਹਨ ਗੁਰੂ ਦਾ, ਇਸ ਗਲ ਦੀ ਲੱਜਾ ਗੁਰੂ ਪਾਲੇ ਤਾਂ ਮੇਰੀ ਕੱਲਯਾਨ ਹੈ।

ਸ੍ਰੀ ਬਾਲਾ ਸੰਧੁਰੁਵਾਚ ॥ਚੌਪਈ॥ ਸੁਨਿ ਸ੍ਰੀ ਅੰਗਦ! ਸੁਜਸ ਸੁਹਾਵਨ । ਆਗੈ ਕਥਾ ਭਈ ਜਿਮ ਪਾਵਨ । ਕਰੀ ਕੀਰਤਨ ਕੀ ਸ਼ੁਭ ਰੀਤਾ । ਸਵਾ ਜਾਮ ਨਿਸ ਤੇ ਹੈ ਨੀਤਾ[1] ॥੨॥ ਸੇਵਕ ਸਿੱਖ ਅਨਿਕ ਚਲਿ ਆਵਹਿ। ਦਰਸ਼ਨ ਕਰਿ ਅਭਿ-ਮਤ ਫਲ[2] ਪਾਵਹਿ। ਕਿਤਿਕ ਰਹਹਿੰ ਸੇਵਾ ਉਰ ਧਾਰਹਿ। ਕਿਤਿਕ ਬਚਨ ਸੁਨਿ ਸਦਨ ਸਿਧਾਰਹਿ ॥ ੩ ॥ ਦੇਗ ਚਲਹਿ ਸਭਿ ਕਾਲ ਬਿਸ਼ਾਲਾ। ਐਸੀ ਬਾਂਧੀ ਰੀਤਿ ਕ੍ਰਿਪਾਲਾ। ਪੁਨ ਪਸ਼ਚਮ ਦਿਸ਼ ਜਾਵਨ ਹੇਤੂ। ਭੇ ਤਿਆਰ ਬੇਦੀ-ਕੁਲਕੇਤੂ ॥ ੪ ॥ ਧਰਮਸਾਲ ਜੋ ਅਧਿਕ ਸੁਹਾਵਨ । ਤਿਸ ਮਹਿ ਕਿਯ ਸਤਿਸੰਗ ਟਿਕਾਵਨ । ਇਕ ਮੋਕੋ ਦੂਸਰ ਮਰਦਾਨਾ । ਸੰਗ ਲਏ ਕੀਨੋ ਪ੍ਰਸਥਾਨਾ ॥੫॥ ਪ੍ਰੇਮ ਕਿਧੋ ਮਿਲਿ ਸੰਗਤਿ ਸਭਿ ਹੀ। ਸਤਿਗੁਰ ਦਈ ਧੀਰ ਕਹਿ ਤਬਿਹੀ। 'ਕਿਤਿਕ ਦਿਵਸ ਮਹਿ ਮਿਲਹਿ ਬਹੋਰੀ । ਕਰਹੁ ਕੀਰਤਨ ਸਭਿ ਇਸ ਠੌਰੀ' ॥੬॥ ਮੰਦ ਮੰਦ ਗਮਨੇ ਜਗਸਾਈਂ । ਮੈਂ ਮਰਦਾਨਾ ਪਾਛੇ ਜਾਈਂ । ਪੁਰਿ ਸਲਕੋਟ* ਨਾਮ ਜਿਸ ਕੇਰਾ । ਜਾਇ ਵਹਿਰ ਤਹਿੰ ਕੀਨੋ

---

[1]ਸਵਾ ਪਹਿਰ ਰਾਤ ਰਹਿੰਦੀ ਤੇ ਹਮੇਸ਼ । [2]ਵਾਂਛਤ ਫਲ ।

*ਕਰਤਾਰ ਪੁਰ ਤੋਂ ਸਿਆਲਕੋਟ ਨੇੜੇ ਹੀ ਹੈ, ਮੂਲੇ ਦਾ ਪ੍ਰਸੰਗ ਹੋਰਨਾਂ ਲੇਖਕਾਂ ਨੇ ਸਿਆਲਕੋਟ ਹੋਇਆ ਹੀ ਲਿਖਿਆ ਹੈ, ਸੋ ਸਲਕੋਟ ਤੋਂ ਮੁਰਾਦ ਸਿਆਲਕੋਟ ਦੀ ਹੀ ਹੈ।

Sri Satguru Jagjit Singh Ji eLibrary NamdhariElibrary@gmail.com

ਡੇਰਾ॥੭॥ਕਿਤਿਕ ਕਾਲ ਜਬ ਬੈਸਿ ਬਿਤਾਯੋ। ਮਰਦਾਨੇ ਸੋਂ ਬਚਨ ਅਲਾਯੋ।
'ਹੇਮ ਟਕਾ[1] ਪੁਰਿ ਮਹਿਂ ਲੈ ਜਾਵਹੁ। ਸਾਚ ਝੂਠ ਮੁਲ ਤਹਿ ਤੇ ਲ੍ਯਾਵਹੁ'
॥੮॥ ਆਇਸੁ ਮਾਨਿ ਲੀਨਿ ਮਰਦਾਨੇ। ਗਮਨਯੋ ਪੁਰਿ ਬਜਾਰ ਜਿਹ ਥਾਨੇ।
ਬੂਝਨ ਲਗਾ ਹਾਟ ਪਰ ਸੋਈ। 'ਤੁਮ ਢਿਗ ਸਾਚ ਝੂਠ ਜੋ ਹੋਈ॥ ੯ ॥ ਏਕ
ਟਕਾ ਕੰਚਨ ਕੋ ਲੀਜੈ। ਤਿਸ ਕੋ ਸਾਚ ਝੂਠ ਮੁਝ ਦੀਜੈ'। ਸਭਿ ਬਜਾਰ
ਬੂਝਯੋ ਫਿਰਿ ਸੋਊ। ਸੁਨਿ ਬਿਸਮਹਿਂ[2] ਨਹਿ ਮਾਨਹਿ ਕੋਊ ॥ ੧੦ ॥ ਇਕ
ਬਨੀਯਾ ਪੁਨ ਬੂਝਯੋ ਜਬ ਹੀ। ਤਿਸਨੇ ਟਕਾ ਲੀਨ ਕਰ ਤਬ ਹੀ।
ਕਾਗਦ ਪਰ ਲਿਖਿ ਦੀਨੋ ਤਾਂਹੀ। 'ਜੀਵਨ ਝੂਠ, ਮਰਨ ਸਚੁ ਆਹੀ' ॥
੧੧॥ ਲੇ ਮਰਦਾਨਾ ਮੁਰਯੋ ਬਹੋਰੀ। ਆਯੋ ਹੁਤੇ ਪ੍ਰਭੁ ਜਿਹ ਠੌਰੀ। ਕਹਿਨ
ਲਗਯੋ'ਮੈਂ ਫਿਰਯੋ ਘਨੇਰਾ।ਕਿਸ ਕੇ ਪਾਸ ਨ ਸੌਦਾ ਹੇਰਾ॥੧੨॥ ਸੁਨਿ ਇਕ
ਬਨੀਏ ਮੁਝ ਕੋ ਦੀਨੋ। ਇਹ ਕਾਗਜ਼ ਪਢਿ ਕੈ ਲਿਹੁ ਚੀਨੋ'। ਪਿਖਿ ਬੋਲੇ
ਬੇਦੀ ਕੁਲ ਟੀਕਾ। 'ਨਿਸ਼ਚੈ ਆਨਯੋ ਸੌਦਾ ਨੀਕਾ[3] ॥ ੧੩ ॥ ਜੋ ਪਰੰਤੁ ਹੈ
ਬੇਚਨ ਹਾਰੋ। ਤਿਹ ਕੋ ਹਮਰੇ ਨਿਕਟਿ ਹਕਾਰੋ'। ਗਮਨਯੋ ਤਹਾਂ ਬਹੁਰ
ਮਰਦਾਨਾ।ਜਾਇ ਬਨਕ[4] ਸੋਂ ਬਚਨ ਬਖਾਨਾ ॥੧੪॥ 'ਸੌਦਾ ਤੁਮ ਨੇ ਦੀਨੋ
ਜਾਂਹੂ[5]। ਪਰਖਯੋ ਖਰਾ ਸਰਾਹਯੋ ਤਾਂਹੂ[6]। ਵਹਿਰ ਨਗਰ ਬੈਠਯੋ ਇਕ ਬਾਵਾ।
ਤੁਮਕੋ ਅਪਨੇ ਨਿਕਟਿ ਬੁਲਾਵਾ॥੧੫॥ ਏਕ ਬਾਰ ਚਲਿਕੇ ਮਿਲਿ ਲੀਜੈ।
ਪੁਨ ਨਿਜ ਹਾਟ ਆਵਨੋਂ ਕੀਜੈ'। ਸੁਨਿਕੈ ਸ੍ਰੇਨ ਚਲਯੋ ਤਿਹ ਥਾਈਂ।
ਜਹਾਂ ਬਿਰਾਜਹਿ ਸ੍ਰੀ ਜਗਸਾਈਂ ॥੧੬॥ ਦੇਖਿ ਫਕੀਰ ਬੇਖ ਦੁਖ ਕੰਦਨ[7]।
ਕਰੀ ਚਰਨ ਕਮਲਨ ਪਰ ਬੰਦਨ। ਭਾਉ ਧਰੇ ਗਾ ਬੈਠਿ[8] ਸਮੀਪਾ।ਪਿਖਿ
ਬੋਲੇ ਬੇਦੀ ਕੁਲਦੀਪਾ ॥੧੭॥ 'ਕਹਹੁ ਸ਼ਾਹੁ ! ਕੋ ਨਾਮ ਤੁਮਾਰਾ ?। ਕਿਹ
ਉਪਦੇਸ਼ ਰਿਦੇ ਮਹਿਂ ਧਾਰਾ ?। ਜੀਵਨ ਝੂਠ ਮਰਣ ਸਚੁ ਜਾਤਾ। ਕਿਧੌਂ
ਬਨਾਇ[9] ਲਿਖੀ ਇਹ ਬਾਤਾ' ॥ ੧੮ ॥ ਬੋਲਯੋ ਬਨੀਯੋ[10] ਦ੍ਵੈ ਕਰ ਬੰਦੇ।
'ਕਹੋਂ ਸਾਚ ਸੁਨਿ ਸੰਤ ਮੁਕੰਦੇ !। ਮੇਰੋ ਨਾਮ ਭਨੈ ਜਗ ਮੂਲਾ। ਗਯਾਨ
ਜੁ ਅਸ ਰਾਵਰਿ ਅਨਕੂਲਾ[11] ॥੧੯॥ ਜਿਸ ਕੋ ਚਾਹਹੁ ਤਿਸੈ ਜਨਾਵਹੁ।
ਸਾਚ ਝੂਠ ਸਭਿ ਰਿਦੈ ਦ੍ਰਿੜ੍ਹਾਵਹੁ। ਦਰਬ ਲੋਭ ਹਿਰਦੇ ਮਝ ਭਾਰੀ।ਕਾਗਦ
ਪੁਰ ਲਿਖ ਦੀਨ ਸਵਾਰੀ॥੨੦॥ਰਿਦੇ ਸਦਾ ਚਾਹਤਿ ਹੌਂ ਐਸੋ।ਕਾਗਦ ਪਰ

---

[1]ਸੋਨੇ ਦਾ ਟਕਾ। [2]ਅਚਰਜ ਹੋਣ। [3]ਚੰਗਾ।[4]ਬਾਣੀਏਂ। [5]ਜਿਸਨੂੰ।[6]ਤਿਸਨੇ। [7]ਭਾਵ ਗੁਰੂ ਜੀ ਦਾ ਦਰਸ਼ਨ ਕਰਕੇ। [8]ਬੈਠ ਗਿਆ। [9](ਕਿਵੇਂ)ਬਣਾਕੇ। [10]ਬਣੀਆਂ। [11]ਆਪ ਦੇ ਅਨੁਸਾਰ ਹੈ।

Sri Satguru Jagjit Singh Ji eLibrary NamdhariElibrary@gmail.com

ਲਿਖਿ ਭੇਜੀ ਜੈਸੇ। ਦਿਰ ਅੱਭਿਲਾਸ ਨ ਮਨ ਮੈਂ ਹੋਊ। ਜਬ ਲੌ ਮਿਲੇ ਸੰਤ ਨਹਿ ਕੋਊ'॥੨੧॥ ਸੁਨਿਕੈ ਸ੍ਰੀ ਗੁਰ ਤਿਹ ਸੌਂ ਭਾਖਾ। 'ਉਰ ਮਹਿ ਲਖਹੁ ਜਿ ਅਸ ਅਭਿਲਾਖਾ। ਤੌ ਤੁਮ ਰਹਹੁ ਹਮਾਰੇ ਸਾਥਾ। ਇੱਛਾ ਪੂਰਹਿ ਸ੍ਰੀ ਜਗਨਾਥਾ[1]' ॥੨੨॥ ਬਚਨ ਮਾਨਿਕੈ ਤਬਹੀ ਮੂਲਾ। ਚਲ੍ਯੋ ਸੰਗਿ ਲਖਿ ਗੁਰ ਅਨਕੂਲਾ। ਗਮਨੇ ਆਨ ਥਾਨ ਜਗ ਸਾਈਂ। ਸਿੱਛ੍ਯਾ ਦੇਨਿ[2] ਜਿ ਨਰ ਦੁਖ ਪਾਈ[3]॥੨੩॥ ਇਕ ਨਗਰ* ਮਹਿ ਬੈਸੇ ਸਾਈਂ। ਜਹਾਂ ਘਨੇਰੇ ਤੁਰਕ ਰਹਾਈਂ। ਈਦਰਾਤ ਥੀ ਤਿਸ ਦਿਨ ਮਾਂਹੀ। ਬਹੁ ਨਰ ਕੋ ਭਾ ਮੇਲ ਤਹਾਂ ਹੀ॥੨੪॥ ਭੀਰ ਬਿਸ਼ਾਲ ਭਈ ਇਕ ਥਾਈਂ। ਲੇਯ ਸ਼ੀਰਨੀ[4] ਮਨੁਜ ਚਢਾਈ। ਇਕ ਫਕੀਰ ਦੰਭੀ ਤਹਿ ਰਹਿਹੀ। ਸਭਿ ਲੋਕਨ ਸੋਂ ਇਸ ਬਿਧਿ ਕਹਿਹੀ ॥੨੫॥ ਦੋਹਰਾ ॥ 'ਦੂਜ ਚਾਂਦ ਕੀ ਰਾਤਿ ਕੋ ਸ਼ਹੁ[5] ਆਵੈ ਮੁਝ ਪਾਸ'। ਤਿਹ ਦਰ ਦੁੰਦਭਿ ਨੌਬਤਾਂ ਬਾਜਤਿ ਹੋਤਿ ਹੁਲਾਸ[6]॥੨੬॥ ਚੌਪਈ॥ ਰੁਚਿਰ ਪੁਸ਼ਪ ਕੀ ਸੇਜ ਬਿਛਾਵੈ। ਨਿਸ ਅਵਾਸ ਬਹੁ ਦੀਪ ਜਗਾਵੈ। ਸ਼ਹੁ ਸੋਹਾਗਨਿ ਨਾਮ ਧਰਾਯੋ। ਸਭਿ ਲੋਕਨ ਮਹਿ ਮਾਨ[7] ਬਧਾਯੋ ॥੨੭॥ ਮਨੁਜ ਸ਼ੀਰਨੀ ਤਿਸ ਦਿਨ ਲ੍ਯਾਵੈਂ। ਹੋਇ ਦੀਨ ਮਨ ਸੀਸ ਨਿਵਾਵੈਂ। ਅੰਤਰ ਜਾਨਿ ਦੋਯ ਨਹਿ ਕਿਸ ਕੋ। ਦਰ ਪਰ ਬੰਦਨ ਕਰਿਹੀਂ ਤਿਸਕੋ ॥੨੮॥ ਬਡੇ ਨਿਸ਼ਾਨ ਗਡੇ ਦਰ ਨੇਰੇ[8]। ਜਹਿ ਕਹਿ ਹੋਤਿ ਉਛਾਹ[9] ਬਧੇਰੇ। ਅੰਗਨਾ ਕੇ ਸ਼ਿੰਗਾਰ ਕਰਿ ਸਾਰੇ। ਬੈਠਹਿ ਦੁਰਿਕੈ[10] ਭੂਸ਼ਨਿ ਧਾਰੇ॥੨੯॥ ਦੋਹਰਾ ॥ ਪੁੰਜ[11] ਮਨੁਜ ਹੋਇ ਤਹਾਂ, ਬਾਜੇ ਬਜਹਿ ਅਪਾਰ। ਡੇਰਾ ਕੀਨਾ ਪ੍ਰਭੂ ਤਬ ਇਕ ਤ੍ਰਿਯ ਬ੍ਰਿੱਧ ਅਗਾਰ[12]॥ ੩੦ ॥ ਚੌਪਈ ॥ ਅੰਤਰਜਾਮੀ ਸਭਿ ਬਿਧਿ ਜਾਨੀ। ਤਿਹ ਤ੍ਰਿਯ ਸੋਂ ਬੋਲੇ ਅਸ ਬਾਨੀ। 'ਪੁਰਿਕੇ ਬਿਖੈ ਹੋਤਿ ਕਸ ਸ਼ੋਰਾ? ਬ੍ਰਿੰਦ ਮਨੁਜ ਹੋਏ ਇਕ ਠੌਰਾ' ॥ ੩੧ ॥ ਕਹੈ ਤ੍ਰੀਯ 'ਇਕ ਰਹੈ ਫਕੀਰ। ਤਿਹ ਦਰ

[1]ਸ੍ਰੀ ਪਰਮੇਸ਼ੁਰ। [2]ਦੇਣ ਲਈ। [3]ਜੋ ਨਰ ਦੁਖ ਪਾ ਰਹੇ ਸਨ। [4]ਮਿਠਾਈ। [5]ਪ੍ਰਭੂ। [6]ਅਨੰਦ। [7]ਪ੍ਰਤਿਸ਼ਠਾ। [8]ਦਰਵੱਜੇ ਪਾਸ। [9]ਉਤਸਾਹ। [10]ਲੁਕਕੇ। [11]ਬਹੁਤੇ। [12]ਇਕ ਬ੍ਰਿੱਧ ਇਸਤ੍ਰੀ ਦੇ ਘਰ।

*ਐਉਂ ਜਾਪਦਾ ਹੈ ਕਿ ਸਿਆਲਕੋਟ ਤੋਂ ਹੇਠ ਨੂੰ ਵਿਚਰਦੇ ਲਾਹੌਰ ਲਾਗਦੀ ਦੱਖਣੀ ਪੰਜਾਬ ਨੂੰ ਤੁਰੇ ਹੈਨ। ਤਵਾ: ਖਾ: ਵਿਚ ਲਿਖਿਆ ਹੈ ਕਿ ਗੁਰੂ ਜੀ ਕਰਤਾਰਪੁਰੋਂ ਨੁਸ਼ਹਿਰੇ, ਨੁਸ਼ਹਿਰੇ ਤੋਂ ਜਾਜਣ, ਏਥੋਂ ਹੁਜਰਾ ਸ਼ਾਹ ਮੁਕੀਮ, ਪਾਕਪਟਣ, ਮੁਲਤਾਨ ਤੇ ਏਥੋਂ ਉੱਚ ਅੱਪੜੇ, ਸੋ ਸ਼ਹੁ ਸੁਹਾਗਣ ਦਾ ਥਾਂ ਇਹਨਾਂ ਟਿਕਾਣਿਆਂ ਵਿਚੋਂ ਕਿਤੇ ਸੀ, ਸ਼ਹੁ ਸੁਹਾਗਣ ਦਾ ਪ੍ਰਸੰਗ ਤਵਾਰੀਖ ਖਾਲਸਾ ਨੇ ਨਹੀਂ ਦਿੱਤਾ।

Sri Satguru Jagjit Singh Ji eLibrary NamdhariElibrary@gmail.com

ਮਾਨਵ ਕੀ ਬਹੁ ਭੀਰ।ਆਜ ਅਨੰਦ ਅਧਿਕ ਤਿਹ ਧਾਮੂ। ਸ਼ਹੁ ਸੋਹਾਗਨਿ ਜਿਸਕੋ ਨਾਮੂ'॥੩੨॥ਸ਼੍ਰੀ ਨਾਨਕ ਸੁਨਿਕੈ ਮੁਸ਼ਕਾਨੇ। ਕਹੈਂ 'ਚਲਹੁ ਦੇਖਹਿਂ ਮਰਦਾਨੇ'। ਹਮ ਕੋ ਸੰਗਿ ਲੀਨ ਜਗਸਾਈਂ। ਪਹੁੰਚਤਿ ਭਏ ਜਾਇ ਤਿਹਂ ਥਾਈਂ॥੩੩॥ਦੋਹਰਾ॥ਦਰ ਆਗੈ ਹ੍ਵੈ ਠਾਂਢਿ ਤਬ ਦੇਖੀ ਭੀਰ ਅਪਾਰ। ਅੰਤਰ ਪ੍ਰਵਿਸ਼ੈ ਕੋ ਨਹੀਂ, ਕਰੈਂ ਤਹਾਂ ਨਮਸਕਾਰ ॥ ੩੪ ॥ ਚੌਪਈ ॥ ਅੰਤਰ ਜਾਨਿ ਲਗੇ ਸ੍ਰੀ ਪ੍ਰਭੁ ਜਬਿ। ਜੋ ਦਰਵਾਨ ਕਹੇ ਬਚ ਤਿਨ ਤਬਿ। 'ਅੰਤਰ ਹੁਕਮ ਜਾਨਿ ਕੋ ਨਾਂਹੀ। ਦਰ ਪੁਰ[1] ਜ਼ਾਰਤ[2] ਕਰਿ ਮੁਰਿ ਜਾਹੀਂ[3]' ॥ ੩੫ ॥ ਗੁਰੂ ਕਹੈਂ 'ਤਿਹ ਕੋ ਸੁਧਿ ਦੀਜੈ।ਦਰ ਠਾਂਢੇ ਦਰਵੇਸ਼ ਲਖੀਜੈ।ਤੁਮ ਦਰਸ਼ਨ ਕੀ ਹੈ ਚਿਤ ਚਾਹੀ।ਆਇਸੁ ਹੋਇ ਤ ਆਵਹਿਂ ਪਾਹੀ'॥੩੬॥ ਠਾਂਢੇ ਹੋਇ ਦੂਰ ਦਰਵਾਨਾ।ਜਾਇ ਤਾਂਹਿ ਸੋਂ ਬਚਨ ਬਖਾਨਾ।'ਦਰ ਦਰਵੇਸ਼ ਤੁਮਾਰੇ ਆਏ। ਮਿਲਨ ਚਾਹਿ ਰਾਵਰਿ ਅਧਿਕਾਏ॥੩੭॥ ਜੌ ਅਬ ਆਇਸੁ ਹੋਇ ਤੁਮਾਰੀ। ਕਰਿ ਹੈਂ ਜ਼ਾਰਤ ਆਇ ਅਗਾਰੀ'।ਉੱਤਰ ਦੀਨ ਪਖੰਡੀ ਗਾਢੇ[4]।'ਬਰਜਹੁ ਦਰ ਪਰ ਰਾਖਹੁ ਠਾਂਢੇ ॥੩੮॥ ਆਜ ਹੋਤਿ ਮੁਝ ਸ਼ਹੁ ਕੋ ਦਰਸ਼ਨ। ਨਹਿਂ ਅਵਲੋਕੌਂ ਕਿਸ[5], ਇਕ ਤਿਸ ਬਿਨ[6]'।ਸੁਨਿ ਦਰਵਾਨ ਸੁ ਆਇ ਬਖਾਨੀ। ਬਿਗਸੇ ਪ੍ਰਭੁ ਤਬ ਦੰਭਨ ਹਾਨੀ॥੩੯॥ 'ਕਛੂ ਨ ਇਹਾਂ, ਚਲਹੁ ਮਰਦਾਨਾ! ਕੂਰ ਅਡੰਬਰ[7] ਸਭਿ ਪਹਿਚਾਨਾ। ਹੋਇ ਨਸ਼ਟ ਇਨ ਕਪਟ ਜੁ ਕੀਨੋ'। ਕਹਿ ਇਉਂ ਗਮਨੇ ਪਾਛਾ ਦੀਨੋ ॥੪੦॥ ਤਿਹ ਛਿਨ ਮੇਲੇ ਬੀਚ ਬਿਸਾਲਾ। ਪਰੀ ਲਰਾਈ ਮਹਾਂ ਕਰਾਲਾ। ਚਹੁਂਦਿਸ਼ਿ ਮਹਿਂ ਚਮਕਹਿਂ ਸ਼ਮਸ਼ੇਰਾ। ਧਰ ਪਰ ਸ਼੍ਰੋਣਤ ਗਿਰੇ ਘਨੇਰਾ॥੪੧॥ਕੇਤਿਕ ਹ੍ਵੈ ਮਿਰਤਕ ਪਰਿਹੀਂ।ਕੇਤਿਕ ਘਾਇਲ ਘੂਮਤ ਫਿਰਿਹੀਂ। ਬਹੁਰੋ ਲੂਟਿ ਪਰੀ ਤਿਹ ਥਾਈਂ। ਬਲੀ ਖਸੋਟਹਿਂ ਵਸਤੁ ਪਰਾਈ॥੪੨॥ਜਹਿਂ ਦੰਭੀ ਕੋ ਸਦਨ ਸੁਹਾਵਨ[8]। ਨਰ ਪਹੁੰਚੇ ਤਹਿ ਵਸਤੁ ਲਿਆਵਨ। ਸਰਬ ਸਮਾਜ ਹੁਤੋ ਤਿਸ ਕੇਰਾ। ਲੂਟਿ ਲੀਨ ਤਬਹੀ ਬਿਨ ਦੇਰਾ ॥ ੪੩ ॥ ਧਕਤਿ ਧਸੇ ਨਰ ਪੌਰ ਅੰਦਾਰੀ[9]। ਮੰਚ ਪਰ ਥਾਲਾ ਏਕ ਸੁੰਦਾਰੀ[10]।ਸਠ ਤਿਹ ਸਾਥ ਕੇਲ ਕਰਿ ਐਸੇ। ਬਹੁ ਕਾਮੀ ਨਰ ਕਰਤਿ ਸੁ ਜੈਸੇ॥੪੪॥ਨਰ ਦੇਖਤਿ ਤਹਿਂ ਕੁਪਿਤ[11] ਬਿਸ਼ੇਖਾ। 'ਮਾਰੋ ਮਾਰ

---

[1]ਦਰਵੱਜੇ ਤੇ ਹੀ। [2]ਜਾਤ੍ਰਾ ਕਰਕੇ। [3]ਮੁੜ ਜਾਂਦੇ ਹਨ (ਲੋਕ)। [4]ਤਕੜੇ ਦੰਭੀ ਨੇ। [5]ਕਿਸੇਨੂੰ। [6]ਇਕ ਤਿਸ (ਸ਼ਹੁ) ਤੋਂ ਬਿਨਾ। [7]ਬਣਾਉ। [8]ਸੁਹਣਾ ਘਰ ਸੀ। [9]ਧੱਕੇ ਮਾਰਕੇ ਦਰਵੱਜੇ ਤੋਂ ਆਦਮੀ ਅੰਦਰ ਜਾ ਧਸੇ। [10]ਇਕ ਸੁੰਦਰ ਵਿਸਤ੍ਰੀ। [11]ਕ੍ਰੋਧਵਾਨ ਹੋਏ।

Sri Satguru Jagjit Singh Ji eLibrary NamdhariElibrary@gmail.com

ਪਾਜ ਇਸ ਭੇਖਾ[1]।ਲਸ਼ਟਕ ਮਾਰ ਗਲੈਥ[2] ਨਿਕਾਰਾ।'ਲੂਟ ਲੇਹੁ' ਕਹਿ
'ਜਿਤਿਕ ਪਸਾਰਾ'॥੪੫॥ ਦੋਹਰਾ॥ਜੜ੍ਹ ਚੇਤਨ ਜਗ ਈਸ਼ ਕੋ[3] ਕਰੀ ਅਵੱ-
ਗਜਾ ਜਾਂਹਿ। ਹਾਲ ਬੁਰਾ ਤਿਹਂ ਹੋਤਿ ਭਾ ਅਚਰਜ ਮਾਨੋ ਨਾਂਹਿ* ॥੪੬॥
ਚੌਪਈ॥ ਝੰਡੇ ਕੇ ਨਿਸ਼ਾਨ ਲੈ ਗਯੋ। ਕੋਊ ਚੜ੍ਹਾਵਾ[4] ਲੂਟਤਿ ਭਯੋ।
ਤਿਹਕੋ ਕਿਨਹੂੰ ਲੀਨ ਪ੍ਰਯੰਕਾ। ਨਰ[5] ਭਾਜੇ ਮਨ ਮਾਨਿ ਅਤੰਕਾ[6] ॥੪੭॥
ਭੂਖਨ ਬਸਤ੍ਰਾਦਿਕ ਥੇ ਜੋਊ। ਤਿਹ ਛਿਨ ਸਰਬ ਖਸੋਟੇ ਸੋਊ। ਕਹਿਨ
ਲਗੇ 'ਇਹੁ ਹੁਤੋ ਪਖੰਡੀ। ਨਾਉਂ ਸੁਹਾਗਣ ਹੈ ਇਹੁ ਰੰਡੀ॥ ੪੮॥ ਕਰਨੋ
ਕੂਰ ਕੋ ਸਰਬ ਸਮਾਜਾ। ਉਧਰ ਗਯੋ ਅਬ ਜਾਂਕੋ ਪਾਜਾ[7]। ਕਰਹਿਂ ਨਿਰਾ-
ਦਰਸਭਿਨਰਤਿਹਂ ਕੋ।ਬੰਦਨ ਕਰਤਿ ਪ੍ਰੀਤਿ ਕਰਿ ਜਿਹਕੋ॥੪੯॥ਮੰਦਮਤੀ
ਤਬ ਮਨ ਮਹਿਂ ਜਾਨੇ।—ਵਹਿਰ ਹੁਤੇ ਕੈ ਸੰਤ ਮਹਾਨੇ। ਕੀਨ ਨਿਰਾਦਰ
ਮੈਂ ਤਿਨਕੇਰਾ।ਆਦਰਸਰਬਗਯੋਤਬ ਮੇਰਾ—॥੫੦॥ਲੱਜਿਤ ਹੋਯੋ ਵਿਰਤਿ
ਨਗਰ ਮੈਂ। ਕੋ ਨਹਿਂ ਜਾਵਨ ਦੇ ਨਿਜ ਘਰ ਮੈਂ। ਏਕ ਨਿਸਾ ਬਸਿ ਕਰਿ
ਤਿਹਂ ਥਾਈਂ। ਅੱਗ੍ਰਜ ਕੀਨੋ ਗਮਨ ਗੁਸਾਈਂ ॥੫੧॥ ਮੂਲਾ ਮਰਦਾਨਾ ਮੈਂ
ਸੰਗਾ। ਪੀਛੇ ਪ੍ਰਸਥਾਨੇ ਸ ਉਮੰਗਾ॥ਉੱਚ ਜਹਾਂ†ਸੱਯਦ ਬਹੁ ਬਾਸੀ[8]। ਤਹਿਂ
ਪਹੁੰਚੇ ਸਤਿਗੁਰ ਅਬਿਨਾਸ਼ੀ ॥ ੫੨॥ ਵਹਿਰ ਨਗਰ ਤੇ ਆਸ੍ਰਮ[9] ਲਾਈ।
ਬੈਠਿ ਗਏ ਪੁਨ ਨਿਸ ਹ੍ਵੈ ਆਈ। ਬਡੀ ਭੋਰ ਤੇ ਕਰਿ ਇਸ਼ਨਾਨਾ। ਭਨੈਂ
ਗਿਰਾ ਉਚੀ ਧੁਨਿ ਕਾਨਾ॥ ੫੩ ॥ ਤਬ ਇਕ ਸਿੰਧੀ ਤਿਹ ਥਲ ਆਯੋ।
ਸੁਨਿਨਿ ਹੇਤੁ ਠਹਿਰਨੋ ਹਿਤ ਲਾਯੋ।ਬਚਨ ਸੁਨਤਿ ਸਮਝਤਿ ਭਲਿਰੀਤੀ।
ਰਹਯੋ ਠਾਂਢਿ ਹ੍ਵੈ ਉਰ ਧਰਿ ਪ੍ਰੀਤੀ॥੫੪॥ 'ਗੁਰਮੁਖਿ ਨਾਦੰ ਗੁਰਮੁਖਿ ਵੇਦੰ'।
ਜਬ ਇਹੁ ਉਚਰਯੋ ਪ੍ਰਭੁ ਅਭੇਦੰ[10]। ਅਰਥ ਨ ਸਮਝ ਸਕਯੋ ਕਛੁ ਤਾਂਹੀ।
ਰਹਯੋ ਬਿਚਾਰਿ ਬਹੁਤ ਮਨ ਮਾਂਹੀ॥੫੫॥ ਸੁਨਿ ਸਭਿ ਬਾਨੀ ਗਯੋ ਬਹੋਰੀ।
ਤਾਂਕੋ ਪੀਰ ਹੁਤੋ ਜਿਸ ਠੌਰੀ। ਤਿਸ ਪਦ ਕੋ ਕਰਿ ਕੰਠ ਬਿਚਾਰਤਿ। ਸੈਸੈ

[1]ਝੂਠਾ ਇਸ ਦਾ ਭੇਖ ਹੈ। [2]ਗਲੇ ਤੋਂ (ਫੜ ਕੇ)। [3]ਜੜ੍ਹ ਚੇਤਨ ਰੂਪ ਜਗਤ ਦੇ ਮਾਲਕ (ਗੁਰੂ ਜੀ ਦੀ)। [4]ਪੂਜਾ। [5](ਫਕੀਰ ਦੇ ਅਪਣੇ) ਆਦਮੀ। [6]ਡਰ। [7]ਖੋਟ। [8]ਉੱਚ (ਜਾਤ) ਦੇ ਸੱਯਦ ਵਸਦੇ ਸੀ। [9]ਡੇਰਾ। [10]ਭੇਦ ਤੋਂ ਰਹਿਤ ਗੁਰੂ ਜੀ ਨੇ।

*ਛੰਦ ੪੪, ੪੫ ਤੇ ੪੬ ਦਾ ਪਾਠ ਕਿਸੇ ਕਿਸੇ ਲਿਖਤੀ ਨੁਸਖੇ ਵਿਚ ਨਹੀਂ ਹੈ।

†ਇਹ ਟਿਕਾਣਾ ਬਹਾਵਲ ਪੁਰ ਦੀ ਰਿਆਸਤ ਵਿਚ ਹੈ, ਫਕੀਰਾਂ ਦੀ ਗੱਦੀ ਹੈ। ਹੁਣ ਤਕ ਗੁਰੂ ਘਰ ਦਾ ਸਤਿਕਾਰ ਕਰਦੇ ਹਨ। ਵਿਸ਼ੇਸ਼ ਹਾਲ ਲਈ ਦੇਖੋ ਸ੍ਰੀ ਗੁ: ਨਾ: ਪ੍ਰ: ਪੂਰਬਾਰਧ ਅਧਯਾਯ ੫੯ ਅੰਕ ੩੬ ਵਿਚ 'ਕੌਸ' ਦੀ ਟੂਕ।

ਬਿਖੈ ਹੋਤਿ ਅਤਿ ਆਰਤ॥੫੬॥ ਬੂਝਤਿ ਪੀਰ[1] 'ਬਿਲਮ ਕਿਉਂ ਲਾਈ ?।
ਕੌਨ ਮਿਲ੍ਯੋ ਕਹਿ ਬੈਸਾ ਜਾਈ[2]'। ਸਿੰਧੀ ਭਾਖੈ ਤਿਹਕੇ ਤੀਰ। 'ਦੇਖ੍ਯੋ
ਹਿੰਦੂ ਏਕ ਫਕੀਰ॥੫੭॥ਤਿਹ ਕੀ ਸੁਨਤਿ ਰਹ੍ਯੋਂ ਮੈਂ ਬਾਨੀ।ਮੁਕਤਿਦੇਨ-
ਹਾਰੀ ਗੁਨ ਖਾਨੀ। ਇਕ ਪਦ ਕੋ ਨ ਮਾਇਨਾ[3] ਆਯੋ। ਭਲੇ ਬਿਚਾਰ੍ਯੋ
ਭੇਦ ਨ ਪਾਯੋ'॥੫੮॥ਅਸ ਕਹਿ ਪੁਨ ਤੁਕ ਦੀਨਿ ਬਤਾਈ। ਸੁਨਤਿ ਪੀਰ
ਨੈ ਗਿਰਾ ਅਲਾਈ। 'ਬਿਨਯ ਕਰਹੁ ਇਕ ਬਾਰ ਲਿਆਵਹੁ। ਤਿਹ ਕੋ
ਦਰਸ਼ਨ ਮੋਹਿ ਕਰਾਵਹੁ'॥੫੯॥ ਸੁਨਿਕੈ ਸਿੰਧੀ ਗਯੋ ਬਹੋਰੀ। ਨਮੋ ਕਰੀ
ਪ੍ਰਭੁ ਕੋ ਕਰ ਜੋਰੀ। ਠਾਂਢੋ ਭਯੋ ਦੀਨ ਮਨ ਹੋਯੋ। ਇਸ ਪ੍ਰਕਾਰ ਕੋ ਬਚਨ
ਬੁਗੋਯੋ[4] ॥੬੦॥ 'ਮੈਂਡਾ ਪੀਰ ਸਦੇਂਦਾ ਤੋਕੋ। ਬਾਤ ਬੁਛੇਂਦਾ[5] ਭੇਜਾ ਮੋਕੋ।
ਵਤ ਘਿੰਨਣ ਮੈਂ ਆਯੋ ਧਾਈ[6]।ਜੁਲ[7] ਦਰਵੇਸ਼! ਪੀਰ ਜਿਹਂ ਥਾਈਂ'॥੬੧॥
ਸੁਨਿਕੈ ਗਮਨ ਕੀਨ ਤਿਨ ਸਾਥਾ। ਪਹੁੰਚੇ ਤਹਾਂ ਜਾਇ ਜਗਨਾਥਾ।
ਲਈ ਦਸਤਬੋਸੀ[8] ਉਠਿ ਪੀਰ। 'ਲੇਹੁ ਸਲਾਮਾਲੇਕ ਫਕੀਰ !'॥੬੨॥
ਸਾਦਰ ਸੌ ਮਿਲਿਕੈ ਦਿਸ ਦੁਹੂੰ[9]।ਬੈਠੇ ਬਹੁਰ ਰਿਦੈ ਹਿਤ ਹੁਏ[10]।ਨਿਜਸੰਸਾ
ਖੋਵਨ ਕੇ ਕਾਰਨ। ਕਰੇ ਪੀਰ ਨੇ ਬਚਨ ਉਚਾਰਨ ॥੬੩॥ ਸਾਚ ਚਵੋ[11]
ਤੁਮ ਬਰਾਖੁਦਾਈ[12]।ਦਰਗਹਿ[13] ਮਹਿ ਕਸ[14] ਹਾਲ ਬਿਹਾਈ[15]। ਜਗਤ
ਪ੍ਰਵਾਹਿ ਜਹਾਂ ਸਭਿ ਜਾਵਹਿ। ਨਹੀ ਸਥਿਰ ਕੋ ਹੋਵਨ ਪਾਵਹਿ'॥੬੪॥
ਸਤਿਗੁਰ ਭਨ੍ਯੋ 'ਪੀਰ ਸੁਨਿ ਲੀਜੈ। ਨਿਸ਼ਚੈ ਯਹੀ ਰਿਦੈ ਦ੍ਰਿੜ ਕੀਜੈ।
ਤਨ ਮਨ ਸੰਗ ਰਹਤਿ ਜੋ ਸਾਚੇ[16]। ਜਗਤ ਗਰਤ[17] ਤੇ ਸੋਊ ਬਾਚੇ॥੬੫॥
ਸਾਚੇ ਸੰਗਿ ਰਤੇ ਚਿਤ ਜਾਂਹੀ। ਬਿਸ਼ਿਯਨ ਬਿਖੈ ਲਿਪਾਇ ਜਿ ਨਾਂਹੀ।
ਸ਼ੋਭਾ ਕੇ ਸਮੇਤ ਸੋ ਜਾਈਂ। ਦਰਗਹਿ ਮਹਿ ਬਹੁ ਆਦਰ ਪਾਈਂ ॥੬੬॥
ਤਨ ਮਹਿ ਪਹਿਰ ਬੇਖ ਧਰਿ ਕੂੜੇ। ਮਨ ਕੇ ਮੂੜ ਮੰਦ ਮਤਿ ਮੂੜੇ। ਕਾਮ,
ਕ੍ਰੋਧ, ਲਬ੍ਹ, ਮੋਹੁ, ਹੰਕਾਰਾ। ਪੰਚ ਦੁਸ਼ਟ ਕੇ ਨਿਤ ਅਨੁਸਾਰਾ ॥੬੭॥ਤਿਨ
ਕੋ ਦਰਗਹਿ ਥਾਉਂ ਨ ਕਾਈ। ਆਵਾਗੌਨ ਬਿਖੈ ਭਰਮਾਈਂ। ਲਖਿ ਚਉ-
ਰਾਸੀਹ ਜੋਨਿ ਮਝਾਰੀ। ਆਇ ਜਾਇ ਦੁਖ ਪਾਵਹਿਂ ਭਾਰੀ' ॥ ੬੮॥ ਤਬ

---

[1]ਪੁੱਛਿਆ ਪੀਰ ਨੇ। [2]ਕਿੱਥੇ (ਤੂੰ) ਜਾਕੇ ਬੈਠਾ ਰਿਹਾ। [3]ਅਰਥ। [4]ਕਹਿਆ। [5]ਪੁੱਛਦਾ। [6]ਮੁੜ ਲੈ ਜਾਣ ਲਈ (ਆਪ ਨੂੰ) ਦੌੜਕੇ ਮੈਂ ਆਇਆ ਹਾਂ। [7]ਚਲੋ। [8]ਹੱਥ ਚੁੰਮਣਾ। [9]ਦੋਹੀਂ ਤਰਫੀਂ। [10]ਹੋਇਆ। [11]ਸੱਚ ਉਚਾਰੋ। [12]ਖੁਦਾ ਦੇ ਵਾਸਤੇ। [13]ਪਰਲੋਕ। [14]ਕੈਸੇ। [15]ਬੀਤਦਾ ਹੈ। [16]ਤਨੋਂ ਮਨੋਂ ਜੋ ਸੱਚੇ (ਵਾਹਿਗੁਰੂ ਦੇ) ਨਾਲ ਰਹਿੰਦੇ ਹਨ। [17]ਟੋਏ।

Sri Satguru Jagjit Singh Ji eLibrary NamdhariElibrary@gmail.com

ਸਿੰਧੀ ਬੋਲਯੋ ਧ੍ਰਤ ਪ੍ਰੀਤੀ। 'ਤੁਮ ਪਰਚੇ ਮਿਲਿਕੈ ਭਲਿ ਰੀਤੀ। ਮਖਸਦ ਮੋਰ[1] ਨ ਹਾਸਲ ਹੋਯ। ਆਇ ਪ੍ਰਿਥਮ ਜੋ ਬਚਨ ਬੁਗੋਯਾ[2]॥੬੯॥ਸੁਨਤਿ ਪੀਰ ਨੈ ਗਿਰਾ ਬਖਾਨੀ। 'ਤੁਮ ਜਾਨੈ[3] ਮੈਂ ਸਭਿ ਗੁਨ ਖਾਨੀ। ਸਿੰਧੀ ਏਕ ਮਾਇਨੈ[4] ਹੇਤੂ। ਬਾਰ ਬਾਰ ਪੂਛਿ ਪ੍ਰੀਤਿ ਸਮੇਤੂ ॥੭੦॥ ਸੋ ਬਤਾਇ ਇਸ ਨਾਸਹੁ ਸੰਸਾ।ਰਾਵਰ ਕੀ ਇਨਕੀਨ ਪ੍ਰਸ਼ੰਸਾ।ਜਾਂਤੇ ਦਰਸ਼ਨ ਭਯੋ ਤੁਮਾਰਾ। ਸਫਲ ਜਨਮ ਹੋਯੋ ਸੁਖ ਭਾਰਾ'॥੭੧॥ਮ੍ਰਿਦੁਲ ਮਧੁਰ ਮੁਖ ਗਿਰਾਉਚਾਰੀ। 'ਸੁਨਿ ਜਲਾਲ! ਇਕ ਰੀਤਿ ਸੁਖਾਰੀ। ਜਾਂਹਿ ਕੁਲਫ ਕੀ ਜੋ ਹੈ ਕੂੰਜੀ[5]। ਤਿਸ ਬਿਨੁ ਖੋਲ ਸਕਹਿ ਨਹਿ ਦੂਜੀ[6] ॥ ੭੨ ॥ ਤੁਮ ਤੇ ਸੁਨਹਿ ਮਾਇਨਾ ਜਬਹੀ। ਖਾਤਰਜਮਾ[7] ਹੋਇ ਉਰ ਤਬਹੀ। ਜੇ ਤੁਮ ਕਹਉ ਨ ਹਮ ਤੇ ਆਵਹਿ।ਕਰਹੁ ਰੀਤਿ ਅਸ ਜੈਸਬਤਾਵਹਿ[8]:-॥੭੩॥ਚਲਿਕੈਮੱਕੇਪਹੁੰਚਹੁ ਜਬਿਹੀ।ਤੁਮਰੀ ਨਿਸ਼ਾ ਹੋਇ ਹੈ ਤਬਿਹੀ।ਲਖਨ ਮਾਇਨੈਂ[9] ਜੋ ਚਿਤ ਚਾਹੀ। ਗਮਨਹੁ ਅਬ ਬਿਲੰਬ ਕਰਿ ਨਾਂਹੀ' ॥ ੭੪ ॥ ਸੁਨਿ ਜਲਾਲ ਬੋਲਯੋ ਧਰਿ ਭਾਉ। 'ਆਪ ਰਹੋ ਤਬ ਲੌ ਇਸ ਥਾਉਂ। ਤਬ ਮੈਂ ਜਾਇ ਮਾਯਨਾ ਪੂਰਨ। ਸੁਨਿਕਰਿ ਬਹੁਰਆਇ ਹੌਂ ਤੂਰਨ'॥੭੫॥ਗੁਰੂ ਕਹੈਂ"ਹਮ ਇਹ ਥਲ ਬੈਸੇ। ਆਵਹੁ ਬੂਝ,ਨ ਬਿਲਮਹੁ[10] ਕੈਸੇ'।ਤਬ ਜਲਾਲ ਨੈ ਆਇਸੁ ਮਾਨੀ। ਨਿਜ ਮੁਰੀਦ ਬੁਲਵਾਇ ਬਖਾਨੀ॥੭੬॥ 'ਇਨ ਦਰਵੇਸ਼ਨ ਸੋਂ ਧਰਿ ਭਾਉ।ਸੇਵ ਕਰੋ ਜਬ ਲੌ ਨਹਿ ਆਉਂ"। ਚਰਨਬੰਦਿ ਕੈ ਗਯੋ ਬਹੋਰੀ। ਪ੍ਰਭੁ ਜੀ ਰਹੇ ਆਪੁ ਤਿਸੁ ਠੌਰੀ ॥ ੭੭ ॥ ਕਿਤਿਕ ਦਿਵਸ ਜਬ ਰਹਤਿ ਬਿਤਾਏ। ਮੂਲੇ ਸੋਂ ਗੁਰ ਬਚਨ ਅਲਾਏ। 'ਕਰੈ[11] ਬਿਰੋਧ ਜੁ ਤਵ ਸੰਗ ਇਕ ਨਰ।ਆਜ ਗਯੋ ਸੋ ਚਲਿ ਤੁਮਰੇ ਘਰ ॥੭੮॥ ਕਰਤਿ ਈਰਖਾ ਕੂਰ ਬਖਾਨਾ।–ਇਕ ਨਰ ਤੇ ਮੈਂ ਸੁਨਈ ਕਾਨਾ। ਮੂਲਾ ਗਯੋ ਜੁ ਸੰਗ ਫਕੀਰੈ। ਜਾਤਿ ਅਚਾਨਕ ਤਜਯੋ ਸਰੀਰੈ–॥ ੭੯ ॥ ਇਵ ਸੁਨਿਕੈ ਤਵ ਤ੍ਰਿਯ ਤਿਹ ਠੌਰਾ। ਜਰਨ ਹੇਤੁ ਕਰ ਲੀਨ ਸਿਧਉਰਾ[12]। ਸਭਿ ਸਮਾਜ ਕੋ ਕੀਨਿ ਤਯਾਰੀ। ਸਤੀ

---

[1]ਮੇਰਾ ਮਤਲਬ। [2]ਜੋ ਕਹਿਆ ਸੀ। [3](ਹੇ ਗੁਰੋ) ਆਪਨੂੰ ਮੈਂ ਜਾਣਿਆ ਹੈ। [4]ਅਰਥ। [5]ਜਿਸ ਜੰਦਰੇ ਦੀ ਜੋ ਕੁੰਜੀ ਹੈ। [6]ਦੂਜੀ ਕੁੰਜੀ ਉਸ ਨੂੰ ਨਹੀਂ ਖੋਲ੍ਹ ਸਕਦੀ। [7]ਤਸੱਲੀ। [8]ਜਿਸ ਤਰ੍ਹਾਂ ਅਸੀਂ ਦੱਸੀਏ ਉਸ ਤਰ੍ਹਾਂ ਕਰੋ (ਫਿਰ)। [9]ਅਰਥ ਜਾਨਣ ਦੀ। [10]ਡੇਰ ਨ ਲਾਓ। [11]ਕਰਦਾ ਸੀ। [12]ਸੜਨ ਵਾਸਤੇ ਹੱਥ ਤੇ ਨਾਲੀਏਰ (ਜੋ ਸਤੀ ਹਥ ਵਿਚ ਲੈਕੇ ਸਤੀ ਹੁੰਦੀ ਹੈ) ਧਰ ਲਿਆ ਹੈ।

ਹੋਨ ਲਾਗੀ ਹਿਤਕਾਰੀ ॥੯੦॥ ਅਬ ਸਮੀਪ ਜੇ ਪਹੁੰਚਹਿ ਜਾਈ। ਬਚਹਿ ਤੀਯ, ਤਵ ਸਦਨ ਬਸਾਈ[1]। ਨਾਤੁਰ ਜੇ ਬਿਰਾਗ ਦ੍ਰਿਢ ਧਾਰਾ। ਤਜਹੁ ਮੋਹ ਕੋ ਕਰਹੁ ਸੰਗਾਰਾ[2]॥੯੧॥ਸੁਨਿ ਤਿਹ ਭਯੋ ਛੋਭ ਮਨ ਮਾਂਹੀ। ਬਹੁਤੇ ਮੋਹ ਮਹਿ ਧੀਰਜ ਨਾਂਹੀ। ਕਹਿਨ ਲਗਯੋ'ਮਮ ਦੂਰ ਅਵਾਸਾ। ਕਿਸਪ੍ਰਕਾਰ ਪਹੁੰਚੋਂ ਤਿਸ ਪਾਸਾ ॥੯੨॥ ਬਹੁਤ ਦਿਵਸ ਕੋ ਪੰਥ ਮਝਾਰਾ। ਸੋ ਜਾਮਿਕ ਮੈਂ ਜਰਿ ਹ੍ਵੈ ਛਾਰਾ[3]।ਕੈਸੇ ਉਬਰੈ ਅਬ ਮਮ ਨਾਰੀ।ਸ਼ਰਮ ਰਖਹੁ ਮੈਂ ਸ਼ਰਨਿ ਤੁਮਾਰੀ ॥ ੯੩ ॥ ਤੁਮ ਜੇ ਕਰਹੁ ਪੁਚਾਵਨ ਮੋਹੀ[4]। ਤ੍ਰਿਯ ਤਨ ਤਬਹਿ ਬਚਾਵਨ ਹੋਹੀ। ਆਪ ਸਮ੍ਰੱਥ ਸਰਬ ਪਰਕਾਰਾ।ਤੁਮ ਬਿਨ ਮੋਰ ਨ ਅਨਤ ਅਧਾਰਾ' ॥੯੪॥ ਮੁਸਕਾਨੇ ਸੁਨਿਕੈ ਗੁਨ ਖਾਨੀ। ਕਹਯੋ'ਕਿ ਜੇ ਤੈਂ ਅਸ ਮਨ ਮਾਨੀ। ਦੋਨਹੁ[5]–ਅਪੁਨੇ ਮੂੰਦਹੁ–ਲੋਚਨ। ਜਾਇ ਮਿਲਹੁ ਕਰਿ ਸੋਚ ਬਿਮੋਚਨ[6]' ॥੯੫॥ ਆਇਸੁ ਮਾਨਿ ਕੀਨ ਜਬ ਐਸੋ। ਖੋਲਿ ਬਿਲੋਕਯੋ ਨਿਜ ਘਰ ਬੈਸੋ। ਜਰਤਿ ਆਪਨੀ ਤੀਯ ਉਬਾਰੀ[7]। ਲਗਯੋ ਕਰਨ ਪੂਰਬ ਸਮ ਕਾਰੀ ॥੯੬॥ ਇਤਿ ਸ੍ਰੀ ਗੁਰੁ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮੂਲੇ ਕੋ, ਜਲਾਲ ਕੋ ਪ੍ਰਸੰਗ' ਬਰਨਨੰ ਨਾਮ ਇਕਤੀਸਮੋ ਅਧਯਾਯ ॥ ੩੧ ॥

੩੨. [ਗੁਰਸ਼ਰਨ ਮੰਗਲ, ਜਲਾਲ ਨੂੰ ਸੁਮੱਤਿ ਗੁਰਮੁਖ ਦੇ ਅਰਥ]

ਦੋਹਰਾ ॥ ਕੂਰ ਆਸਰੇ ਅਪਰ ਤਜਿ ਗਹੁ ਸਤਿਗੁਰ ਕੀ ਸ਼ਰਨ।
ਮਲ ਉਤਾਰਿ ਬਹੁ ਬਿਸ਼ਯ ਕੀ ਹਰਹੁ ਜਨਮ ਪੁਨ ਮਰਨ ॥ ੧ ॥

{ਅਪਰ=ਹੋਰ।}

ਅਰਥ—ਹੋਰ ਝੂਠੇ ਆਸਰੇ ਤਿਆਗ ਕੇ ਸਤਿਗੁਰ ਦੀ ਸ਼ਰਨ ਫੜ, ਵਿਸ਼ਿਆਂ ਦੀ ਬਹੁਤੀ ਮੈਲ (ਜੋ ਸਹੇੜ ਬੈਠਾ ਹੈਂ ਉਸ ਨੂੰ) ਉਤਾਰ, (ਐਉਂ ਆਪਣਾ) ਜਨਮ ਮਰਨ ਦੂਰ ਕਰ ਲੈ, (ਭਾਵ ਐਉਂ ਮੁਕਤੀ ਨੂੰ ਪ੍ਰਾਪਤ ਹੋ)।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਅਬ ਜਲਾਲ ਕੋ ਸੁਨਹੁ ਬ੍ਰਿਤੰਤੇ।ਸ੍ਰੀਅੰਗਦ ਜੀ ! ਗੁਨ ਗਨਵੰਤੇ। ਸ੍ਰੀ ਗੁਰ ਕੋ ਬਸਾਇ ਨਿਜ ਥਾਈਂ। ਤੂਰਨ ਮਾਰਗ ਆਯੋ ਧਾਈ ॥੨॥ ਦੋਹਰਾ ॥ ਗਯੋ ਤਹਾਂ ਬਿਨ ਬਿਲਮ ਤੇ ਜਹਿਂ ਸਾਗਰ ਕੋ ਤੀਰ।ਇਕ ਜਹਾਜ ਆਯੋ ਤਬਹਿ ਚਢਿ ਬੈਠਯੋ ਪਿਖਿ ਪੀਰ ॥੩॥ ਚੌਪਈ ॥ ਚਲਯੋ ਜਹਾਜ ਸੁ ਉਦਧਿ[8] ਮਝਾਰੇ। ਲਗਯੋ ਜਾਇ ਗਿਰ ਏਕ ਕਿਨਾਰੇ।

---

[1]ਤੇਰਾ ਘਰ ਵਸਦਾ ਰਹੇਗਾ। [2](ਸਾਡਾ) ਸਾਥ। [3]ਇਕ ਪਹਿਰ ਭਰ ਵਿਚ ਸੜਕੇ ਸਵਾਹ ਹੋ ਜਾਵੇਗੀ। [4]ਮੈਨੂੰ। [5]ਦੋਵੇਂ (ਅੱਖਾਂ)। [6]ਸੋਚਾਂ ਤਿਆਗ ਕੇ। [7]ਬਚਾਈ। [8]ਸਮੁੰਦਰ।

Sri Satguru Jagjit Singh Ji eLibrary NamdhariElibrary@gmail.com

ਉਤਰ੍ਯੋ ਤਬ ਜਹਾਜ ਤੇ ਗਯੋ। ਗਿਰ ਦੇਖਿਨ ਕੇ ਹਿਤ ਹੁਲਸਯੋ ॥ ੪॥ ਅਤਿ ਸੁੰਦਰਮੰਦਿਰ ਬਹੁ ਦੇਖੇ।ਜਿਨ ਮਹਿ ਸਿਹਜਾ ਰੁਚਿਰ ਬਿਸ਼ੇਖੇ।ਮਾਨਵ ਕੋ[1]ਨਹਿ ਦੇਖ੍ਯੋ ਤਹਿਂਵਾ। ਚਿਤ ਮਹਿਂ ਅਤਿ ਚੱਕ੍ਰਿਤ ਹ੍ਵੈ ਰਹਿਵਾ॥੫॥ਕਰੈ ਬਿਚਾਰ, ਪਿਖੌਂ ਪਰਦੋਖੁ[2] । ਨਿਸ ਰਹਿ ਅੰਨ ਉਦਰ ਨਿਜ ਪੋਖੂ[3] । ਸਿੰਧੁ ਕਿਨਾਰ ਆਇ ਸੋ ਬੈਸਾ। ਕੌਤਕ ਤਹਾਂ ਬਿਲੋਕ੍ਯੋ ਐਸਾ॥ ੬॥ ਦੋਹਰਾ ॥ ਇਕ ਜਹਾਜ ਬੂਡਨ ਲਗਾ ਰੌਰ ਪਰ੍ਯੋ ਤਿਸੁ ਮਾਂਹਿ। ਪੀਰ ਤੀਰ ਬੈਸ੍ਯੋ ਸੁਨ੍ਯੋ ਬਹੁਤ ਲੋਕ ਬਿਲਲਾਹਿਂ ॥ ੭॥ ਚੌਪਈ ॥ ਤਬਹਿ ਜਲਾਲ ਖ਼ੁਦਾਇ ਅਗਾਰੀ।ਹਾਥ ਬੰਦਿਕੈ ਬਿਨੈ ਉਚਾਰੀ। 'ਦੇਸ਼ ਬਿਦੇਸ਼ ਲੋਕ ਇਸ ਮਾਂਹੀ। ਸੁਤ ਬਨਿਤਾ ਤਜਿ ਬਨਜ ਕਰਾਹੀਂ ॥੮॥ ਯਾ ਖ਼ੁਦਾਇ ! ਕਿਉਂ ਇਨਹਿਂ ਡੁਬਾਵੈਂ।ਸਨਬੰਧੀ ਸੰਗਿ ਸਭਿ ਮਰਿ ਜਾਵੈਂ'।ਐਸੇਜਬੈ ਪੀਰਨੈ ਕਹ੍ਯੋ।ਡੂਬਨ ਤੇਜਹਾਜ ਬਚ ਰਹ੍ਯੋ॥੯॥ਦਿਵਸ ਬਿਤੀਤੇ ਪੀਰ ਬਿਚਾਰੀ।-ਚਲੌਂ ਅਬਹਿ ਜਹਿ ਸਿਹਜਾ ਚਾਰੀ[4] । ਸੋਵਨ ਹਾਰ ਸੁ ਕਿਤ ਤੇ ਆਵਹਿਂ। ਸ਼ੁਭ ਸਿਹਜਾ ਪਰ ਰੈਨ ਬਿਤਾਵਹਿਂ-॥ ੧੦ ॥ ਦੋਹਰਾ ॥ ਗਯੋ ਪੀਰ ਦੇਖੇ ਕਹਾਂ[5], ਅੱਗ੍ਰਜ ਬੈਠੇ ਸੋਇ[6] । ਏਕ ਸੰਤ ਕੇ ਨਿਕਟਿ ਤਬ ਬੈਠ੍ਯੋ ਦੀਨ ਸੁ ਹੋਇ ॥ ੧੧ ॥ ਚੌਪਈ ॥ ਕੁਦਰਤ ਕੋ ਅਹਾਰ*[7]ਤਿਨ ਆਯੋ। ਮਧੁਰ ਸਾਦੁ ਮਧੁ[8]ਸਮ ਮਨ ਭਾਯੋ। ਬਿਨ ਭੋਜਨ ਏਹ ਬੈਸੇ ਜਹਾਂ। ਤਹਿਂ ਜੁ ਸੰਤ ਤਿਹ ਐਸੇ ਕਹਾ ॥ ੧੨॥ 'ਤੁਮਕੋ ਭੋਜਨ ਕਿਉਂ ਨਹਿ ਆਯੋ?'। ਇਉਂ ਕਹਿ ਫਿਰਾ ਸੁ ਮਹੰਤ ਸਿਧਾਯੋ।ਕਹ੍ਯੋ ਜਾਇ ਤਿਨ 'ਹਮਰੇ ਤੀਰ। ਬੈਠ੍ਯੋ ਆਇ ਸੁ ਏਕ ਫਕੀਰ ॥ ੧੩ ॥ ਤ੍ਰਿਹ ਅਹਾਰ ਨਹਿ ਆਯੋ ਸ੍ਵਾਮੀ। ਤਿਸ ਬਿਨ ਹਮ ਕੋ ਖਾਵਨ ਖਾਮੀ[9] । ਨਿਜ ਅ- ਦਸੁ ਕੋ ਅਬ ਫੁਰਮਾਵਉ । ਖਾਨ ਹੇਤੁ ਤਿਂਹ ਅਸਨ ਪੁਚਾਵਉ' ॥ ੧੪ ॥ ਦੋਹਰਾ ॥ ਸੁਨਿ ਮਹੰਤ ਬੋਲ੍ਯੋ ਤਬੈ 'ਜੀਵ ਚਰਾਚਰ ਸ਼ਾਰ[10]।ਸਭਿ ਕੋ ਪਤਿ[11]ਕਰਤਾਰ ਹੈ ਦੇਤਿ ਸਗਲ ਆਹਾਰ॥੧੫॥ ਚੌਪਈ॥ ਸਦਾ ਅਭੁਲ ਜਾਨਿਯੇ ਸੋਊ। ਇਸਕੇ ਬਿਖੇ ਅਵੱਗਨਾ[12] ਕੋਊ । ਕਿਉਂ

[1]ਕੋਈ। [2]ਦੇਖਾਂਗਾ ਸ਼ਾਮ ਨੂੰ। [3]ਰਾਤ ਰਹਿਕੇ ਅੰਨ ਨਾਲ ਪੇਟ ਆਪਣਾ ਭਰਾਂਗਾ। [4]ਸੁੰਦਰ ਸਿਹਜਾ। [5]ਕੀ ਦੇਖੇ ਕਿ। [6]ਏਹ (ਸੰਤ)। [7]ਕੁਦਰਤਨਾਲ (ਪ੍ਰਾਪਤ ਹੋਗਿਆ) ਭੋਜਨ। [8]ਸ਼ਹਿਦ। [9]ਕੱਚਾ ਹੈ (ਭਾਵ ਚੰਗਾ ਨਹੀਂ)। [10]ਸਾਰੇ। [11]ਮਾਲਕ। [12]ਪਾਪ, ਭੁੱਲ। *ਉਹ ਭੋਜਨ ਜੋ ਉਨ੍ਹਾਂ ਨੂੰ ਨਿਰਇੱਛਤ ਨਿਰਯਤਨ ਕੁਦਰਤ ਵਲੋਂ ਆਉਂਦਾ ਸੀ, ਅੰਕ ੨੫ ਵਿਚ ਇਸੇ ਨੂੰ ਭੋਜਨ ਉਤਰਦਾ ਦੱਸਿਆ ਹੈ, ਪੁਰਾਤਨ ਜਨਮ ਸਾਖੀ ਵਿਚ ਇਹ ਭੋਜਨ ਅਰਸ਼ ਤੋਂ ਉੱਤਰਦਾ ਦੱਸਿਆ ਹੈ। ਬਾਲੇ ਵਾਲੀ ਜਨਮ ਸਾਖੀ ਵਿਚ ਬੀ ਭੋਜਨ ਉਤਰਿਆ ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

ਚਿੰਤਾ ਤੂੰ ਮਨ ਮਹਿ ਠਾਨੇ । ਦੇਨਹਾਰ ਤੇ ਨਹਿ ਅਨਜਾਨੇ ॥ ੧੬ ॥ ਤੁਮ ਢਿਗ ਆਯੋ, ਖੱਧੋ ਜਾਇ । ਤਿਹ ਪਹਿ ਆਵਹਿ ਅਸਨ ਸੁ ਖਾਇ' । ਸੁਨਿ ਮਹੰਤ ਤੇ ਚਲਿ ਪੁਨ ਆਯੋ । ਬੈਠਯੋ ਨਿਜ ਭੋਜਨ ਕੋ ਖਾਯੋ॥੧੭॥ ਦੋਹਰਾ॥ ਨਿਸ ਜਲਾਲ ਭੂਖਾ ਰਹਯੋ ਮਨ ਮਹਿ ਕਰਤਿ ਬਿਚਾਰ।-ਆਵਤਿ ਦੋ ਦੇਖੇ ਨਹੀਂ ਜਾਵਤਿ ਲੇਉਂ ਨਿਹਾਰ ॥ ੧੮ ॥ ਚੌਪਈ ॥ ਕਿਹ ਮਗ ਜਾਵਹਿਂ?- ਕਰਤਿ ਬਿਚਾਰੇ । ਜਾਗਯੋ ਜਾਮਨਿ ਨੈਨ ਪਸਾਰੇ[1] । ਹੋਵਨ ਲਗੀ ਜਬਹਿ ਪੁਨ ਭੋਰ । ਕੀਨੋ ਆਨ ਗੁੜਾਕਾ[2] ਜੋਰ ॥ ੧੯ ॥ ਗਏ ਸੰਤ ਸੁਧ ਭਈ ਨ ਕੋਊ । ਪਾਛੇ ਤੇ ਬਿਸਮਾਦਯੋ ਸੋਊ । ਦਿਵਸ ਚਢੇ ਸਾਗਰ ਕੇ ਤੀਰ । ਬੈਠਯੋ ਪਿਖੇ ਭਮਾਸ਼ੋ ਪੀਰ ॥ ੨੦॥ ਹੋਵਤਿ ਬਰਖਾ ਸਾਗਰ ਮਾਂਹੀ । ਅਨਤ ਥਾਨ ਦੇਖੇ ਤਬ ਨਾਂਹੀ । ਸੱਯਦ ਗੁਨਿਕੈ ਗਿਰਾ ਉਚਾਰੀ । 'ਜਹਾਂ ਨ ਰਹਿਯਤਿ ਬਰਖਤਿ ਬਾਰੀ[3] ॥ ੨੧ ॥ ਜਾਚਤਿ ਹੈਂ ਨਰ ਜਹਿ ਧੁਤ ਪ੍ਰੀਤੀ । ਤਹਾਂ ਨ ਬਰਖਤਿ, ਢਲਾ ਇਹ ਰੀਤੀ' । ਅਸ ਕਹਿਤਯੋ ਬਰਖਾ ਹਟਿ ਗਈ । ਮਨ ਮਹਿ ਗੁਨਹਿ-ਭਈ ਜਿਉਂ ਠਈ[4]-॥੨੨॥ਸੰਝ ਭਈ ਤਬ ਰਿਦੇ ਬਿਚਾਰਿ। -ਆਵਤਿ ਸੰਤਨ ਲਿਊਂ ਨਿਹਾਰ।ਜਾਤੇ ਤੋ ਦੇਖੇ ਨਹਿ ਭੋਰਾ[5]-।ਸਮੋਂ ਜਾਨਿ ਗਮਨਯੋ ਤਿਹ ਠੌਰਾ ॥ ੨੩ ॥ ਜਬਹਿ ਜਾਇਕੈ ਮੰਦਰ ਦੇਖੇ । ਆਗੇ ਆਏ ਸੰਤ ਬਿਸ਼ੇਖੇ । ਤੇਜ ਤਿਨਹਿੰ ਕੋ ਸਹਿ ਨ ਸਕਾਈ।ਬੈਠਿ ਗਯੋ ਪਿਖਿ ਪੂਰਬ ਥਾਈਂ ॥੨੪॥ ਤਿਨ ਕੌ ਉਤਰਯੋ ਤਬਹਿ ਅਹਾਰੇ।ਇਹ ਭੂਖੋ ਬਹੁ, ਬਦਨ ਨਿਹਾਰੇ । ਜਿਹ ਢਿਗ ਬੈਠਯੋ ਹੈ ਛੁਧਿਵੰਤਾ । ਤਿਸਕੋ ਪਿਖਿ ਬਯਾਪੀ ਤਿਹ ਚਿੰਤਾ ॥੨੫॥ 'ਅਹੋ ਕਾਲ ਕੋ[6] ਭੂਖਾ ਏਹੀ । ਅਸਨ ਨ ਆਯੋ, ਭੀ[7] ਗਤਿ ਕੇਹੀ'।ਨਿਜਮਹੰਤ ਢਿਗ ਚਲਿਕਰਿ ਗਯੋ।ਸਰਬ ਬ੍ਰਿਤਾਂਤ ਸੁਨਾਵਤਿ ਭਯੋ ॥੨੬॥ ਰਿਖੀਕੇਸ਼[8] ਤਬ ਬਚਨ ਉਚਾਰੇ।'ਮੋ ਢਿਗ ਤਾਂਕੋ ਆਨਿ ਹਕਾਰੇ[9]'। ਸੰਤ ਜਲਾਲ ਪਾਸ ਚਲਿ ਆਯੋ। ਨਿਜ ਮਹੰਤ ਆਗੇ ਪਹੁੰਚਾਯੋ ॥ ੨੭ ॥ ਢਿਗ ਬਿਠਾਇ ਕੈ ਗਿਰਾ ਅਲਾਈ । 'ਕਿਤ ਤੇ ਆਯੋ ਕਿਤ ਤੂੰ ਜਾਈ ?। ਕੋ ਅਪਰਾਧ ਕੀਨ ਤੈਂ ਭਾਰਾ ? । ਬੀਤੇ ਦ੍ਵੈ ਦਿਨ ਬਿਨਾ ਅਹਾਰਾ' ॥ ੨੮॥ ਦੋਹਰਾ ॥ ਸੁਨਿ ਜਲਾਲ ਬੋਲਯੋ ਤਬੈ 'ਦੂਰ ਦੇਸ਼ ਤੇ ਆਇ । ਕਛੂ ਖਤਾ ਨਹਿ ਮੈਂ ਕਰੀ,ਕਰਤਿ ਜਿ,ਦੇਤਿ ਬਤਾਇ' ॥੨੯॥ ਚੌਪਈ ॥ ਕਹਯੋ ਮਹੰਤ

[1]ਅੱਖਾਂ ਖੋਲ੍ਹਕੇ । [2]ਨੀਂਦ ਨੇ । [3]ਜਲ ਵੱਸਦਾ ਹੈ । [4]ਜਿਵੇਂ ਸੋਚੀ ਸੀ (ਤਿਵੇਂ) ਹੋਗਈ ਹੈ । [5]ਸਵੇਰੇ । [6]ਕੱਲ ਦਾ । [7]ਹੋਈ । [8]ਰਿਖੀਆਂ ਦੇ ਸੁਆਮੀ ਭਾਵ ਮਹੰਤ ਨੇ । [9]ਲਿਆਓ ਬੁਲਾਕੇ ।

Sri Satguru Jagjit Singh Ji eLibrary NamdhariElibrary@gmail.com

'ਸੁ ਬਡ ਕਰਤਾਰਾ। ਤਾਂਕੋ ਦੋਸ਼ ਨ ਬਨਹਿ ਉਚਾਰਾ। ਭਾ ਅਪਰਾਧ ਤੋਹਿ ਮੈਂ ਕੋਈ। ਭੋਜਨ ਬਿਨ ਬੀਤੇ ਦਿਨ ਦੋਈ ॥੩੦॥ ਆਗੇ ਭੂਖਾ ਰਹਯੋ ਕਿ ਨਾਂਹੀ? ਪਾਛਲ ਬਿਤੀ ਬੈਸ ਕੇ ਮਾਂਹੀ?' ਸੁਨਿ ਜਲਾਲ ਬੋਲਯੋ 'ਹੌਂ ਕੈਸੇ। ਭੂਖਾ ਰਹਯੋ ਨ ਮੈਂ ਕਬਿ ਐਸੇ ॥ ੩੧ ॥ ਕਾਲ ਤੀਰ ਸਾਗਰ ਕੇ ਬੈਸਾ। ਕੌਤਕ ਤਹਾਂ ਬਿਲੋਕਯੋ ਐਸਾ। ਇਕ ਜਹਾਜ ਬੂਡਨ ਲਗ ਭਾਰਾ। ਨਰਨ ਕਰੀ ਬਹੁ ਬੀਚ ਪੁਕਾਰਾ ॥ ੩੨ ॥ ਦੋਹਰਾ ॥ ਮੈਂ ਬਿਲੋਕਿ ਕੈ ਅਸ ਕਹੀ -ਕਨਾ ਤੁਮ ਕਰਤਿ ਖ਼ੁਦਾਇ!। ਸਨਬੰਧੀ ਪੁਤ ਸਭਿ ਮਰਹਿ ਲੇਵਹੁ ਇਨਹਿ ਬਚਾਇ-॥੩੩॥ ਚੌਪਈ ॥ ਤਬ ਨਹਿ ਬੂਡਯੋ ਕਲ ਅਸ ਭਈ। ਆਜ ਬਿਲੋਕੀ ਬਿਧਿ ਮੈਂ ਨਈ। ਸਿੰਧੁ ਬਿਖੈ ਬਰਖਾ ਬਹੁ ਹੋਈ। ਛਿਤ ਪਰ ਪਰੈ ਬਾਰਿ[1] ਨਹਿ ਕੋਈ॥੩੪॥ ਤਿਹ ਬਿਲੋਕਿ ਕੈ ਮੈਂ ਅਸ ਭਾਖਾ। -ਤਹਾਂ ਨ ਬਰਖੇ ਜਹਿ ਅਭਿਲਾਖਾ[2]। ਬਿਨਾ ਚਾਹਿ ਸਾਗਰ ਕੇ ਮਾਂਹੀ। ਬਰਖੇ ਬਾਦ ਚਾਹਿ[3] ਕਛੁ ਨਾਂਹੀ ॥੩੫॥ ਕਨਾ ਖ਼ੁਦਾਇ! ਇਹ ਰੀਤਿ ਸੁ ਕਈ-। ਅਸ ਕਹਿਤਯੋ ਬਰਖਾ ਹਟਿ ਗਈ। ਅਸਮੰਜਸ[4] ਮੈਂ ਦ੍ਵੈ ਬਿਧਿ[5] ਜਾਨੀ। ਸੋ ਨਿਰਵਾਰ ਦੀਨਿ[6] ਕਹਿ ਬਾਨੀ' ॥੩੬॥ ਸੁਨਿ ਮਹੰਤ ਬੋਲਯੋ ਤਿਹਕਾਲਾ। 'ਤੂੰ ਤੌ ਬੇਮੁਖ ਅਹੈਂ ਬਿਸਾਲਾ। ਇਹਾਂ ਨ ਥਾਨ ਰਹਿਨ ਕੋ ਤੇਰਾ। ਅਬ ਚਲਿ ਜਾਹੁ ਨਿਕਲ ਬਿਨ ਦੇਰਾ ॥ ੩੭ ॥ ਦੁਰਮਤਿ ਬਿਖੈ ਤੋਹਿ ਮਨ ਭੀਨਾ। ਅਪਨੋ ਜਨਮ ਅਕਾਰਥ ਕੀਨਾ'। ਕੰਪ ਉਠਯੋ ਸੁਨਿ ਤਬਹਿ ਜਲਾਲ। ਬੋਲਯੋ ਹਾਥ ਬੰਦਿ ਤਿਹ ਕਾਲ ॥ ੩੮ ॥ 'ਕੌਨ ਅਵੱਗਯਾ ਮੋ ਤੇ ਹੋਈ?। ਦੇਉ ਬਤਾਇ ਸੰਤ ਜੀ! ਸੋਈ'। ਤਬ ਮਹੰਤ ਅਸ ਵਾਕ ਉਚਰਿਈ। 'ਪਰਮੇਸ਼ੁਰ ਨਿਜ ਭਾਨਾ ਕਰਿਈ ॥ ੩੯ ॥ ਦੋਹਰਾ ॥ ਤੈਂ ਜੁ ਹਟਾਯੋ ਤਾਂਹਿ ਕੋ ਪੁਨ ਮਨ ਮਹਿ ਹਰਖਾਇ। -ਕਹਯੋ ਹਮਾਰੋ ਅਬ ਚਲੈ- ਰਿਦੈ ਰਹਯੋ ਗਰਬਾਇ ॥੪੦॥ ਚੌਪਈ ॥ ਤਿਹ ਕੋ ਕਰਯੋ[7] ਮਿਟਾਵਨ ਲਾਗਾ। ਭਾ ਸ਼ਰੀਕ ਤੂੰ ਤਾਂਹਿ[8] ਕੁਭਾਗਾ!। ਕੇਤਿਕ ਜੀਵਨ ਪਾਪ ਜਿ ਕੀਨੇ। ਤਿਨ ਕੋ ਦੁਖ ਤੈਂ ਦੇਨਿ ਨ ਦੀਨੇ ॥੪੧॥ ਕਿਤਿਕ ਸਿੰਧੁ ਮਹਿ ਜੀਵ ਜਿ ਜੀਵਤਿ। ਸੋ ਸਾਗਰ ਜਲ ਖਾਰ[9] ਨ ਪੀਵਤਿ। ਤਿਨਕੇ ਹੇਤੁ ਪਰਤਿ ਜੋ ਬਾਰਾ। ਸੋ ਕਹਿ ਤੈਂ ਦੀਨੋ ਨਿਰਵਾਰਾ[10] ॥ ੪੨ ॥ ਤਿਨ ਕੇ ਪਾਪਨ ਦੁਖ ਫਲ ਜੋਊ। ਪੁਨ ਜੋ

---

[1]ਮੀਂਹ। [2]ਜਿੱਥੇ ਲੋੜ ਹੈ। [3]ਲੋੜ। [4]ਅਯੋਗ। [5](ਜਹਾਜ ਦਾ ਡੁਬਣਾ ਤੇ ਬਰਖਾ ਦਾ ਸਮੁੰਦ੍ਰ ਵਿਚ ਹੋਣਾ) ਦੋਨੋਂ ਬਿਧੀਆਂ। [6]ਹਟਾ ਦਿੱਤੀਆਂ। [7](ਰੱਬ ਦਾ) ਕੀਤਾ। [8]ਤੁਸ(ਰੱਬ ਦਾ)। [9]ਖਾਰਾ ਜਲ। [10]ਹਟਾਇ।

Sri Satguru Jagjit Singh Ji eLibrary NamdhariElibrary@gmail.com

ਤਿਖਤ[1] ਜੀਵ ਹ੍ਵੈਂ ਸੋਊ। ਸਭਿ ਕੋ ਭਾਰ ਪਰਯੋ ਗਰ[2] ਤੇਰੋ।ਭੋਗਹੁ ਗੋ ਦੁਖ ਨਰਕ ਘਨੇਰੇ ॥ ੪੩ ॥ ਪਰਮੇਸ਼ੁਰ ਕੋ ਲਖਯੋ ਅਯਾਨਾ। ਆਪਨ[3] ਜਾਨਯੋ ਪਰਮ ਸਿਯਾਨਾਂ। ਬੇਮੁਖ! ਅਬ ਤੂਰਨ ਉਠ ਜੱਯੈ।ਇਹਾਂ ਰਹਿਨ ਤਵ ਬਾਨ ਨ ਹੱਯੈ'॥੪੪॥ ਸੁਨਯੋ ਜਲਾਲ ਸਮਝ ਤਬ ਆਈ। ਬੋਲਯੋ ਬਹੁਰ ਰਿਦੇ ਪਛੁਤਾਈ।'ਜੋ ਭਾਨਾ ਮਾਨਹਿੰ ਸੋ ਕੈਸੇ ?। ਉੱਤਰ ਮੋਹਿ ਬਤਾਵਹੁ ਐਸੇ' ॥ ੪੫ ॥ ਕਹੈ ਮਹੰਤ 'ਜਿ ਭਾਣਾ ਮਾਨੈਂ। ਸੋ ਗੁਰਮੁਖ ਹੈਂ ਮਨੁਜ ਸੁਜਾਨੈ। ਜੋ ਭਾਣਾ ਮੇਟਹਿ ਕਰਤਾਰਾ। ਸੋ ਬੇਮੁਖ ਦੁਖ ਪਾਵਹਿ ਭਾਰਾ' ॥੪੬॥ ਦੋਹਰਾ ॥ ਤਬ ਜਲਾਲ ਬੋਲਯੋ ਬਚਨ 'ਭਲੋ ਮਾਇਨਾ ਪਾਇ। ਮੱਕੇ ਜਾਵਨ ਤੇ ਬਚਯੋ ਨਿਸ਼ਾ[4] ਭਈ ਮਨ ਆਇ ॥੪੭॥ ਚੌਪਈ ॥ ਇਕ ਦਰਵੇਸ਼ ਮਿਲਯੋ ਮੁਝ ਆਈ। ਗੁਰਮੁਖ ਕੀ ਤਿਨ ਗਿਰਾ ਅਲਾਈ।ਲੇਨਿ ਮਾਯਨਾ ਮੈਂ ਚਲਿ ਆਯੋ। ਸੋ ਤੁਮ ਤੇ ਨੀਕੀ ਬਿਧਿ ਪਾਯੋ' ॥੪੮॥ ਕਹੈ ਮਹੰਤ 'ਸੋ ਜੁ ਦਰ-ਵੇਸ਼ਾ। ਪੂਰਨ ਪੁਰਖੁ ਲਖਹੁ ਜਗਤੇਸ਼ਾ। ਹੈ ਸਰਬੱਗ ਲਖਹੁ ਗੁਨਖਾਨੀ। ਜਾਇ ਸ਼ਰਨ ਗਹੀਏ ਮਨ ਬਾਨੀ' ॥ ੪੯ ॥ ਸੁਨਯੋ ਜਲਾਲ ਭੇਦ ਭਲ ਪਾਇ। ਸ਼੍ਰੀ ਨਾਨਕ ਕੋ ਲਖਯੋ ਖ਼ੁਦਾਇ। ਤਬ ਅਹਾਰ ਉਤਰਯੋ ਲਿਯ ਖਾਈ। ਸੁਖ ਸੋਂ ਸਗਰੀ ਰੈਨ ਬਿਤਾਈ ॥੫੦॥ ਦੋਹਰਾ ॥ ਭੋਰ ਭਈ ਇੱਛਾ ਕਰੀ–ਜਾਉਂ ਸਿੰਧੁ ਕੇ ਪਾਰ–। ਆਯੋ ਤਬਹਿ ਜਹਾਜ ਵਿਗ ਚਢਯੋ ਚਲਨ ਹਿਤ ਧਾਰਿ ॥੫੧॥ ਚੌਪਈ ॥ ਸਿੰਧੁ ਉਰਾਰ ਆਇ ਕਰਿ ਤੂਰਨ। ਪਹੁੰਚਯੋ ਜਹਿਂ ਸ਼੍ਰੀ ਨਾਨਕ ਪੂਰਨ। ਪਦ ਪੰਕਜ ਲਪਟਯੋ ਹ੍ਵੈ ਦੀਨਾ।'ਤੁਮ ਖ਼ੁਦਾਇ ਹੋ ਸਰਬ ਪ੍ਰਬੀਨਾ'॥੫੨॥ ਕਰਿ ਉਸਤਤਿ ਬਹੁ ਬੈਠਯੋ ਪਾਸੂ। ਬੋਲੇ ਬਚਨ ਸਕਲ ਸੁਖਰਾਸੂ। 'ਜੋ ਕਛੁ ਅਰਬ ਸੁਨਯੋ ਤੈਂ ਜਾਈ। ਸੋ ਜਲਾਲ ਤੁਮ ਦੇਹੁ ਬਤਾਈ' ॥੫੩॥ ਤਬ ਹੀ ਪੀਰ ਜੋਰਿ ਕਰ ਕਹਿਹੀ।'ਤੁਮ ਕਉ ਸਭਿ ਕਿਛੁ ਰੌਸ਼ਨ[5] ਅਹਿਹੀ। ਨਹਿਂ ਜਾਨਹੁ ਤੌ ਬੂਝਹੁ ਮੋਕੋ। ਸਭਿ ਘਟਿ ਘਟਿ ਕੀ ਸੁਧ ਹੈ ਤੋਕੋ'॥੫੪॥ਦੋਹਰਾ॥ ਸ਼੍ਰੀ ਗੁਰ ਉਚਰਯੋ 'ਕਹੋ ਅਬ ਜਿਸ ਬਿਧਿ ਭਯੋ ਬ੍ਰਿਤਾਂਤ'।ਤਬ ਜਲਾਲ ਬਚ ਮਾਨਿਕੈ ਭਨੀਸਰਬ ਨਿਜ ਬਾਤ॥੫੫॥ ਚੌਪਈ॥'ਭਾਣਾ ਮਾਨਹਿ ਗੁਰਮੁਖ ਸੋਈ। ਆਇਸੁ ਮੇਟਹਿ ਬੇਮੁਖ* ਹੋਈ। ਪ੍ਰਿਥਮੇ ਇਸ ਬਿਧਿ ਥੋ ਅੱਗਯਾਤਾ। ਤੁਮ ਮਿਲਨੇ ਤੇ ਭਾ ਸੱਗਯਾਤਾ[6]†'

[1]ਤ੍ਰਿਹਾਏ। [2]ਗਲ। [3]ਅਪਣੇ ਆਪਨੂੰ। [4]ਤਸੱਲੀ। [5]ਪ੍ਰਗਟ ਹੈ। [6]ਗਯਾਨ ਵਾਲਾ। *ਪਾ:–ਮਨਮੁਖ।

†ਮਖ਼ਦੂਮ ਰੁਕਨੁਲਦੀਨ ਅੱਬੁਲਫ਼ਤਹ ਸਯਦ ਜਲਾਲ ਸਾਨੀ ਉੱਚ ਦੇ ਪੀਰਾਂ ਵਿਚ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

॥੫੬॥ ਇਸ ਪ੍ਰਕਾਰ ਤਿਹ ਦੇ ਉਪਦੇਸ਼ਾ। ਚਲਨੇ ਤਯਾਰ ਭਏ ਜਗਤੇਸ਼॥ ਕਰਿਕੈ ਬੰਦਨ ਬਿਨੈ ਬਖਾਨੀ।'ਸੇਵਕ ਭਯੋ ਕਰਮ ਮਨ ਬਾਨੀ'[1]॥੫੭॥ਸ੍ਰੀ ਗੁਰ ਤਿਹ ਕੋ ਧੀਰਜ ਦੀਨਾ। ਬਹੁਰੋ ਆਪ ਪਯਾਨਾ ਕੀਨਾ। ਕੇਵਲ ਕਾਰਜ ਨਰਨ ਉਧਾਰਨ।ਭਗਤਿ,ਗਯਾਨ ਕੀ ਸੁਮਤਿ ਸਿਖਾਰਨ ॥੫੮॥ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਜਲਾਲ ਕੋ ਪ੍ਰਸੰਗ'ਬਰਨਨੰ ਨਾਮ ਬੱਤੀਸਮੋ ਅਧਯਾਯ ॥੩੨॥

---

[1]ਮਨ, ਬਾਣੀ, ਕਰਮ (ਭਾਵ ਸਰੀਰ) ਕਰਕੇ।

[ਪਿਛਲੇ ਅੰਕ ਦੀ ਬਾਕੀ ਟੂਕ]

ਹੋਏ ਹਨ। ਪਹਿਲੇ ਜਲਾਲ ੬੯੦ ਹਿ: ਵਿਚ ਹੋਏ ਸਨ। ਉਨ੍ਹਾਂ ਤੋਂ ਛੇਵੇਂ ਸਤਵੇਂ ਥਾਂ ਏਹ ਸਨ, ਜਿਨ੍ਹਾਂ ਦਾ ਸਮਾਂ ਗੁਰੂ ਜੀ ਦੇ ਵੇਲੇ ਆ ਢੁਕਦਾ ਹੈ।

ਪੁਰਾਤਨ ਜਨਮ ਸਾਖੀ ਵਿਚ ਇਹ ਸਾਖੀ ਮਖ਼ਦੂਮ ਬਹਾਵਦੀਨ ਕੁਰੇਸ਼ੀ ਨਾਲ ਹੋਈ ਦੱਸੀ ਹੈ। ਫਿਰ ਦੂਜੀ ਵੇਰੀ ਮਖ਼ਦੂਮ ਬਹਾਵਦੀਨ ਦਾ ਜ਼ਿਕਰ ਆਯਾ ਹੈ ਤਾਂ ਉਸ ਦੇ ਚਲਾਣੇ ਵੇਲੇ ਉਸ ਨੇ ਗੁਰੂ ਜੀ ਨੂੰ ਲਿਖਿਆ ਹੈ ਕਿ ਤੁਸੀਂ ਸੰਸਾਰ ਤੋਂ ਜਦੋਂ ਚਲੋ ਤਦੋਂ ਅਸੀਂ ਨਾਲ ਚਲੀਏ, ਇਕੱਠੇ ਰੱਬ ਦੀ ਦਰਗਾਹੇ ਚੱਲੀਏ,ਤੇ ਗੁਰੂ ਬਾਬੇ ਉੱਤਰ ਘੱਲਿਆ ਕਿ ਤੁਸੀਂ ਚੱਲੋ ਅਸੀਂ ਚਾਲੀ ਦਿਨ ਪਿੱਛੋਂ ਆਵਾਂਗੇ ਤਾਂ ਪੀਰ ਰੋਇਆ 'ਜੋ ਚਾਲੀਹ ਦਿਨ ਅਨੇਰੇ ਰਹਿਣਾ ਹੋਵੇਗਾ। ਏ ਯਾਰੋ! ਉਨ੍ਹਾਂ ਦਿਨਾਂ ਨੂੰ ਮੈਂ ਰੋਂਦਾ ਹਾਂ ਜੋ ਕਿਉਂਕਰਿ ਗੁਦਰਾਨ ਹੋਵਨਿਗੇ। ਜੋ ਓਹ ਚਲਦੇ, ਤਾਂ ਸੁਖਾਲੇ ਚਾਨਣੈ ਨਾਲਿ ਜਾਂਦੇ'। ਏਥੇ ਮਖ਼ਦੂਮ ਬਹਾਵਦੀਨ ਨੂੰ ਮੁਲਤਾਨ ਦਾ ਲਿਖਿਆ ਹੈ। ਜੇ ਕਦੀ ਪੁਰਾਤਨ ਜਨਮਸਾਖੀ ਵਾਲਾ ਮੁਲਤਾਨੀ ਮਖ਼ਦੂਮ ਸਤਿਗੁਰਾਂ ਨੂੰ ਮਿਲਿਆ ਹੈ ਤਾਂ ਗ਼ਾਲਬਨ ਉਹ ਬਹਾਉਦੀਨ ਦਾ ਗੱਦੀ ਨਸ਼ੀਨ ਪੀਰ ਸੀ। ਭਾਈ ਸੰਗਤ ਸਿੰਘ ਜੀ ਨੂੰ ਭਾਃ ਲਖਮੀ ਚੰਦ ਜੀ ਨੇ,ਜੋ ੫੦ ਸਾਲ ਉੱਚ ਦੇ ਪੀਰਾਂ ਪਾਸ ਰਹੇ ਹਨ ਤੇ ਉਨ੍ਹਾਂ ਦੇ ਇਤਿਹਾਸ ਦੇ ਪਾਠਕ ਹਨ,ਦੱਸਿਆ ਹੈ ਕਿ ਜਦ ਸ੍ਰੀਗੁਰੂ ਨਾਨਕਦੇਵ ਜੀ ਮੱਕੇ ਗਏ ਹਨ ਤਾਂ ਮਖ਼ਦੂਮ ਰੁਕਨ ਦੀਨ,ਬਹਾਵਲ ਹਕ ਦਾ ਬਾਲਕਾ ਬਹਾਉਦੀਨ, ਸ਼ਾਹਬਾਜ਼ ਦਾ ਬਾਲਕਾ ਜਤੀ ਲਾਲ ਤੇ ਸ਼ੇਖ ਬ੍ਰਾਹਮ ਏਹ ਚਾਰੇ ਫਕੀਰ ਬੀ ਓਥੇ ਸਨ ਤੇ ਗੁਰੂ ਜੀ ਨਾਲ ਓਥੇ ਦੀ ਗੋਸ਼ਟ ਹੋਈਸੀ।ਉੱਚ ਵਿਚ ਬੀ ਇਕ ਪੀਰ ਬਹਾਉਦੀਨ ਹਕਾਨੀ ਹੋਏ ਹਨ। ਸੋ ਇਹ ਗੱਲਾਂ ਹੋਰ ਖੋਜ ਦੀਆਂ ਮੁਥਾਜ ਹਨ।

ਗੁਰਮੁਖਾਂ ਵਾਲੀ ਸਾਖੀ ਸਮੁੰਦਰ ਦੇ ਕੰਢੇ ਤੇ ਸਮੁੰਦਰ ਵਿਚ ਲਿਖੀ ਹੈ। ਕਵਿ ਜੀ ਨੇ ਬੀ ਸਿੰਧ ਪਦ ਵਰਤਿਆ ਹੈ। ਜੇ ਕਦੇ ਮਖ਼ਦੂਮ ਜੀ ਕੋਈ ਉੱਚ ਵਾਲੇ ਪੀਰਾਂ ਵਿਚੋਂ ਸਨ, ਤਾਂ ਉੱਚ ਸ਼ਹਿਰ ਸਿੰਧ ਦਰਯਾ ਦੇ ਨੇੜੇ ਹੈ।ਅਰੋ ਉਹ ਮੁਸੱਲੇ ਤੇ ਚੜ੍ਹਕੇ ਸਿੰਧ ਵਿਚ ਜਾਂਦੇ ਹਨ ਜਿੱਥੇ ਗੁਰਮੁਖਾਂ ਦੇ ਦਰਸ਼ਨ ਹੁੰਦੇ ਹਨ। ਤਅੱਜਬ ਨਹੀਂ ਇਹ ਟਿਕਾਣਾ ਸੱਖਰ ਪਾਸ ਦਾ ਦਰਯਾ ਦੇ ਵਿਚਕਾਰ ਖਲਾ ਸਾਧ ਬੇਲੇ ਦਾ ਟਿਕਾਣਾ ਹੋਵੇ। ਪਰ ਆਮ ਸਿੰਧ ਤੋਂ ਮੁਰਾਦ ਸਮੁੰਦਰ ਦੀ ਹੈ ਜਿਸ ਵਿਚ ਜਹਾਜ਼ ਆਯਾ ਦੱਸਿਆ ਹੈ ਤਾਂ ਇਹ ਫਿਰ ਅਗੇਰੇ ਸਮੁੰਦਰ ਦੀ ਸਾਖੀ ਹੈ। ਪਰ ਉਥੇ ਜੋ ਗੁਰਮੁਖ ਸਨ ਓਹ ਸਿਖ ਸਨ ਗੁਰੂ ਕੇ ਕਿਉਂਕਿ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ ਕਿ ਜਦੋਂ ਮਖ਼ਦੂਮ ਗੁਰਮੁਖਾਂ ਤੋਂ ਵਾਪਸ ਮੁੜਿਆ ਹੈ ਤਾਂ ਓਹਦਾ ਮੁਸੱਲਾ ਸਮੁੰਦਰ ਉੱਤੇ ਤੁਰਦਾ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

Sri Satguru Jagjit Singh Ji eLibrary NamdhariElibrary@gmail.com

੩੩. [ਨਾਮ ਦੀ ਸ਼ਕਤਿ। ਸ਼ੇਖ਼ ਇਬ੍ਰਾਹੀਮ ਫਰੀਦ ਸਾਨੀ ਨਾਲ ਗੋਸ਼ਟ]

ਦੋਹਰਾ ॥ ਸਿਮਰਿ ਨਾਮ ਸਭਿ ਕਾਮ ਹ੍ਵੈਂ ਪੁਨ ਨ ਜਾਇੰ ਜਮ ਧਾਮ।
ਅਪਨ ਸਰੂਪ ਅਨੂਪ ਕੋ ਜਾਨ ਲੇਤਿ ਅਭਿਰਾਮ ॥ ੧ ॥

{ ਪੁਨ=ਫੇਰ, ਭਾਵ ਮਰਕੇ। ਧਾਮ=ਘਰ। ਅਨੂਪ=ਜਿਸ ਦੀ ਉਪਮਾਂ ਨਹੀਂ ਹੋ ਸਕਦੀ। ਅਭਿਰਾਮ=ਸੁੰਦਰ। }

ਅਰਥ—(ਵਾਹਿਗੁਰੂ ਦਾ) ਨਾਮ ਸਿਮਰ (ਜੋ ਤੇਰੇ) ਸਾਰੇ ਕੰਮ (ਪੂਰੇ) ਹੋ ਜਾਣ (ਤੇ) ਫਿਰ (ਤੂੰ) ਜਮ ਦੇ ਘਰ ਨੂੰ (ਭੀ) ਨਾ ਜਾਵੇਂ (ਅਤੇ) ਅਪਨੇ ਸੁੰਦਰ ਸਰੂਪ ਨੂੰ ਜਿਸ ਦੀ ਉਪਮਾਂ ਨਹੀਂ ਹੋ ਸਕਦੀ (ਬੀ) ਪਛਾਣ ਲਵੇਂ।

ਭਾਵ—ਕਾਮ ਹ੍ਵੈ—ਤੋਂ ਮੁਰਾਦ ਹੈ ਇਸ ਲੋਕ ਦੀਆਂ ਕਾਮਨਾ ਪੂਰਨ ਹੋਣ। ਜਮ ਧਾਮ ਨਾ ਜਾਣ ਤੋਂ ਮੁਰਾਦ ਹੈ ਕਿ ਨਰਕ ਨਾ ਜਾਵੇਂ, ਅਥਵਾ ਜਮ ਦੀ ਕਚਹਿਰੀ ਹੀ ਨਾ ਜਾਣਾ ਪਵੇ। ਮੁਰਾਦ ਹੈ ਪਾਰਲੌਕਿਕ ਦੁਖ ਕੋਈ ਨਾ ਹੋਵੇਗਾ ਤੇ ਤੀਸਰੀ ਗੱਲ ਹੈ ਕਿ ਗਿਆਨ ਹੋ ਜਾਏਗਾ, ਅਪਨੇ ਸਰੂਪ ਦੀ ਲਖਤਾ ਹੋ ਆਵੇਗੀ। ਭਾਵ ਨਾਮ ਨਾਲ, ਲੋਕ ਪ੍ਰਲੋਕ ਦੇ ਸੁਖ ਤੇ ਗਿਆਨ ਪ੍ਰਾਪਤ ਹੁੰਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ! ਸੁਨੀਏ ਇਤਿਹਾਸਾ। ਆਗੈ ਗਮਨ ਕੀਨ ਸੁਖਰਾਸਾ। ਸ਼ੇਖ ਫਰੀਦ ਪਟਣ* ਹੈ ਜਹਿਵਾ। ਸ਼ੇਖ ਬ੍ਰਹਮ

*ਇਹ ਇਕ ਬੜਾ ਪੁਰਾਤਨ ਹਿੰਦੂ ਰਾਜ ਸਮੇਂ ਦਾ ਨਗਰ ਹੈ, ਇਸ ਦਾ ਅਸਲੀ ਨਾਮ ਅਜੋਧਨ ਸੀ। 'ਪਟਨ' ਨਾਮ ਹੈ ਸ਼ਹਿਰ ਦਾ, ਤੇ ਪੱਤਣ ਦਾ। ਖਿਆਲ ਹੈ ਕਿ ਕਦੇ ਦਰਯਾ ਇਥੇ ਤੱਕ ਵਹਿੰਦਾ ਸੀ ਤੇ ਇਥੇ ਪੱਤਣ ਸੀ। ਪਾਕਪਟਨ ਨਾਮ ਮੁਸਲਮਾਨਾਂ ਧਰਿਆ ਹੈ, ਬਾਬੇ ਫਰੀਦ ਦੇ ਰਹਿਣ ਕਰਕੇ, ਪਾਕਪਟਣ ਅਰਥਾਤ ਪਵਿਤ੍ਰ ਸ਼ਹਿਰ। ਸ਼ੇਖ ਬ੍ਰਹਮ ਬਾਬੇ ਫਰੀਦ ਦਾ ਗੱਦੀ ਨਸ਼ੀਨ ਸੀ, ਇਸ ਨੂੰ ਫਰੀਦ ਸਾਨੀ ਬੀ ਕਹਿੰਦੇ ਹਨ। ਇਹ ਬੀ ਬੜਾ ਤਪੱਸ੍ਵੀ ਪੁਰਸ਼ ਹੋਇਆ ਹੈ, ਗੁਰੂ ਜੀ ਨੂੰ ਮਿਲਕੇ ਇਸ ਨੂੰ ਠੰਢ ਪਈ ਸੀ। ਫਰੀਦ ਦੀ ਬਾਣੀ ਫਰੀਦ ਸਾਨੀ ਅਰਥਾਤ ਸ਼ੇਖ ਬ੍ਰਹਮ ਦੀ ਰਚੀ ਹੋਈ ਸੰਭਾਵਿਤ ਹੁੰਦੀ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਨਹੀਂ ਸੀ, ਅਗੇ ਲਿਖਿਆ ਹੈ 'ਤਬ ਓਹਨਾਂ ਸਿੱਖਾਂ ਆਖਿਆ, ਸਤਿਗੁਰੂ ਨਾਨਕ ਨਾਉ ਲਿਖੁ ਜੋ ਤੇਰਾ ਮੁਸੱਲਾ ਚਾਲੇ। ਤਬ ਸਤਿਗੁਰੂ ਨਾਨਕੁ ਲਿਖਿਆ;ਤਬ ਮਖ਼ਦੂਮ ਬਹਾਵਦੀ ਕਾ ਮੁਸੱਲਾ ਚਲਿਆ। ਤਬ ਬਾਬੇ ਪਾਸਿ ਆਇਆ, ਸਲਾਮੁ ਕਰਿਕੈ ਬੈਠਿ ਗਿਆ। ਤਬ ਬਾਬੇ ਪੁਛਿਆ ਕਿਆ ਡਿਠੋ ਮਖ਼ਦੂਮ ਬਹਾਵਦੀ? ਤਬ ਮਖ਼ਦੂਮ ਬਹਾਵਦੀ ਆਖਿਆ ਜੀ ਤੂੰ ਸਭ ਕੁਛ ਜਾਣਦਾ ਹੈਂ, ਤੇਰਿਆਂ ਦਾਸਾਂ ਦਾ ਸਦਕਾ ਤਉ ਤਾਈਂ ਆਇ ਪਹੁੰਚਿਆਂ ਹਾਂ।' ਇਸ ਤੋਂ ਸਿੱਧ ਹੁੰਦਾ ਹੈ ਕਿ ਓਹ ਲੋਕ, ਜਿਨਾਂ ਪਾਸ ਫਕੀਰ ਗਿਆ ਸੀ,ਗੁਰੂ ਨਾਨਕ ਦੇਵ ਜੀ ਦੇ ਸਿੱਖ ਸਨ ਤੇ ਇਸ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਿਸ ਉੱਚੇ ਦਰਜੇ ਦੇ ਗੁਰਮੁਖ ਗੁਰੂ ਜੀ ਨੇ ਪੈਦਾ ਕਰ ਦਿੱਤੇ ਸੇ, ਜੋ ਕਰਾਮਾਤੀ ਫਕੀਰਾਂ ਨੂੰ ਬੀ ਸੁਮਤਿ ਦੇਂਦੇ ਸਨ।

Sri Satguru Jagjit Singh Ji eLibrary NamdhariElibrary@gmail.com

ਤਬਿ ਬਸਿਈ ਤਹਿੰਵਾ ॥੨॥ ਤਿਹ ਕੇ ਮਿਲਿਨਿ ਹੇਤਿ ਗਤਿਦਾਈ। ਦੋਇ ਕੋਸ ਪਰ ਬੈਠੇ ਜਾਈ। ਸ਼ੇਖਬ੍ਰਹਮ ਕਾ ਇਕ ਮੁਰੀਦ* ਤਹਿਂ। ਆਯੋ ਈਂਧਨ[1] ਚੁਨਿਨਿ, ਗੁਰੂ ਜਹਿਂ ॥ ੩ ॥ ਸੋ ਦਰਵੇਸ਼ ਖ਼ੁਦਾਇ ਪਿਆਰਾ। ਰਿਦੇ ਬੰਦਗੀ ਕੇਰ[2] ਅਧਾਰਾ। ਇਕ ਸ਼ਲੋਕ ਤਬ ਪ੍ਰਭੂ ਬਖਾਨਾ। ਊਚੀ ਧੁਨਿ ਸੋਂ ਕੀਨੋ ਗਾਨਾ ॥ ੪ ॥ ਮ: ੧ ॥

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨ ॥

ਚੌਪਈ ॥ ਸੁਨਤਿ ਮੁਰੀਦ ਗੁਰੂ ਢਿਗ ਆਯੋ। ਕਰਿ ਸਲਾਮ ਅਸ ਬਚਨ ਅਲਾਯੋ। 'ਏਹ ਬੈਤ ਫਤ[3] ਮੋਹਿ ਸੁਨਾਇ। ਤੁਮ ਦਰਵੇਸ਼ ਭਿ ਲਖਯੋ ਖ਼ੁਦਾਇ[4]' ॥੫॥ ਸ੍ਰੀ ਨਾਨਕ ਤਬ ਬੈਨ ਅਲਾਏ। ਤਿਹ ਸ਼ਲੋਕ ਕੇ ਅਰਥ ਸੁਨਾਏ।'ਆਪੇ ਪੱਟੀ ਕਲਮ ਸੁ ਆਪੇ। ਲਿਖਣਹਾਰ ਸੋ ਦੂਤੀ[5] ਨ ਜਾਪੇ ॥੬॥ ਸਭਿ ਮਹਿ ਰਵਿਓ ਏਕ ਖ਼ੁਦਾਇ। ਦੂਜੋ ਕਹੂੰ ਨ ਤਿਸ ਬਿਨ ਥਾਇ। ਦੂਜਾ ਦੇਖਨੇ ਸੁਨਨੇ ਨ ਕੋਈ। ਜਪਹਿ ਜਿ ਏਕ ਤਰਹਿ ਭਵ ਸੋਈ' ॥੭॥ ਦੋਹਰਾ ॥ ਸੁਨਤਿ ਸ਼ੇਖ[6] ਹਰਖਾਇ ਉਰ ਗਯੋ ਨਿਕਟਿ ਨਿਜ ਪੀਰ। ਕਹਯੋ ਜਾਇ ਮੈਂ ਦੇਖਿਓ ਆਜ ਖ਼ੁਦਾਇ ਸਰੀਰ ॥੮॥ ਚੌਪਈ ॥ ਹਿੰਦੂ ਜਨਮ ਸ੍ਰੀ ਨਾਨਕ ਵੇਦੀ।ਦੇਤਿ ਅਲਹ ਸੁਧ ਦ੍ਵੈਤਹਿ ਛੇਦੀ[7]'।ਸੁਨਤਿ ਪੀਰ ਨੈ ਬਚਨ ਉਚਾਰੇ। 'ਹਿੰਦੂ,ਬਹੁਰ ਖ਼ੁਦਾਇ ਕਿਆ ਰੇ!†'॥੯॥ ਫੇਰ ਮੁਰੀਦ ਜੋਰਿ ਕਰ ਕਹਿਈ।'ਸੋ ਖ਼ੁਦਾਇ ਕੀ ਸੂਰਤ ਅਹਿਈ। ਕਹੌਂ ਕੂਰ ਨਹਿਂ,ਸਾਚ ਪਛਾਨੋਂ। ਦੇਖਹੁਗੇ ਤੁਮ ਤਬਿ ਹੀ ਮਾਨੋਂ ॥੧੦॥ ਬਿਨ ਦੇਖੇ ਨਹਿਂ ਆਇ ਪ੍ਰਤੀਤੀ। ਮਿਲਿਨੇ ਤੇ ਬਿਸਾਲ ਹੈ ਪ੍ਰੀਤੀ'। ਸੁਨਿ ਪੁਨ ਬਾਨੀ ਪੀਰ ਅਲਾਈ। 'ਮੈਂਡਾ ਬੈਂਤ ਲਿਜਾਇ ਸੁਨਾਈ ॥ ੧੧ ॥ ਦੋਹਰਾ ॥ ਘਿੰਨਹੁ, ਵੱਤ ਗਲਾਈਏਂ ਜੋ ਮੈਂ ਤੋਕੋ ਬੰਦ[9]:- ਇਕ ਸਾਹਿਬ ਦੋ ਹੱਦ ਹੈਂ,ਕੋ ਸੇਵੀ[10] ਕੋ ਰੱਦ ?'॥੧੨॥ ਚੌਪਈ॥ਸੁਨਿ ਮੁਰੀਦ ਤਬ,ਸ੍ਰੀ ਗੁਰ ਪਾਸਾ।ਜੁਲ ਕਰਿ[11] ਆਇ ਕਰੀ ਅਰ-ਦਾਸਾ। 'ਜਬ ਹੀ ਪਢਨੇ ਬੈਂਤ ਮੈਂ ਤੈਂਡਾ। ਬੈਤ ਕਹਯੋ ਤਬ ਪੀਰ ਇਕ ਮੈਂਡਾ ॥ ੧੩ ॥ ਤਿਹ ਕੋ ਉੱਤਰ ਦੀਜਹੁ ਮੋਕੋ। ਸੁਨਹੁ,ਸੁਨਾਵਤਿ ਹੌਂ ਮੈਂ

[1]ਬਾਲਣ। [2]ਦਾ। [3]ਫਿਰ। [4]ਆਪ ਦਰਵੇਸ਼ ਹੋ ਪਤਾ ਜਾਣਿਆ ਹੈ ਖੁਦਾ (ਮੈਨੇ ਤੁਸਾਂ ਨੂੰ)। [5]ਦੂਜਾ। [6]ਭਾਵ ਮੁਰੀਦ ਤੋਂ ਹੈ। [7]ਅੱਲਾ ਦੀ ਖਬਰ ਦ੍ਵੈਤ ਨੂੰ ਨਾਸ਼ ਕਰਨੇ ਵਾਲੀ। [8]ਲੈ ਜਾ, (ਤੇ) ਮੁੜ ਸੁਣਾ ਉਸਨੂੰ। [9]ਜੋ ਮੈਂ ਤੈਨੂੰ ਕਹਿੰਦਾ ਹਾਂ। [10]ਕਿਹੜਾ ਮੰਨਣ ਯੋਗ ਹੈ। [11]ਪਹੁੰਚਕੇ।

*ਪ੍ਰ: ਜ: ਸਾਖੀ ਵਿਚ ਇਸਦਾ ਨਾਮ 'ਕਮਾਲ' ਦਿੱਤਾ ਹੈ। †ਪਾ:-ਪਿਆਰੇ।

Sri Satguru Jagjit Singh Ji eLibrary NamdhariElibrary@gmail.com

ਤੇ ਕੋ:-ਸਾਹਿਬ ਏਕੋ ਦੋ ਕਿਧ ਹੱਦਾ ਕਿਹ ਕੋ ਸੇਵੀ ਕਿਹ ਕੋ ਰੱਦ?-।੧੪। ਜੋ ਤੁਮਰੇ ਮਤ ਮਾਂਹੀ ਸਾਚੋ। ਕ੍ਰਿਪਾ ਧਾਰਿ ਮੁਝ ਸੰਗਿ ਉਬਾਚੋ" । ਇਸ ਪ੍ਰਕਾਰ ਕੇ ਸੁਨਿ ਕਹਿ ਬੈਨਾ। ਕਹਯੋ ਸ਼ਲੋਕ ਸਰਬ ਸੁਖਦੈਨਾ ॥ ੧੫ ॥

ਸਲੋਕੁ ॥ ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ ॥
ਏਕੋ ਸਿਮਰੋ ਨਾਨਕਾ ਜਲ ਥਲ ਰਹਿਆ ਸਮਾਇ ॥੨॥*

ਦੋਹਰਾ॥'ਸੁਨਹੁ! ਤੁਮਾਰੇ ਪੀਰ ਜੋ ਅਬ ਲਗ ਦੂਜੇ ਚੀਨ[੨]। ਨਹੀਂ ਖ਼ੁਦਾਇ ਪਛਾਨ ਤਿਹ ਮਾਰਗ ਮਿਲਿਨਿ ਨ ਲੀਨ[੩]।੧੬।ਚੌਪਈ।ਸੇਵਹੁ ਏਕ ਹਦ ਦ੍ਵੈ ਖੋਇ[੪]। ਸਭਿ ਕੋ ਕਰਨਹਾਰ ਹੈ ਜੋਇ। ਏਕ ਖ਼ੁਦਾਇ ਰਵਯੋ ਸਭਿ ਮਾਂਹੀ। ਇਉਂ ਜਾਨੇ ਬਿਨ ਮਿਲਨ ਦੁਰਾਹੀ[੫] ॥੧੭॥ ਮੁੱਸਲਮਾਨ ਨ ਹਿੰਦੂ ਕੋਊ। ਕਰਨਹਾਰ ਸਭਿ ਕੋ ਇਕ ਹੋਊ।ਪੱਖਪਾਤ ਮੈਂ ਉਰਝੇ ਜੋਈ।ਹੱਦਾਂ ਦੋਇ ਜਾਨਿ ਹੈਂ ਸੋਈ'।੧੮।ਐਸੇ ਬਚਨ ਸੁਨੇ ਗੁਰ ਤੀਰ[੬]।ਗਮਨਯੋ ਤਬ ਸਮੀਪ ਨਿਜ ਪੀਰ।ਸਰਬ ਜਵਾਬ ਸੁਨਾਯੋ ਜਬਹੀ।ਬੋਲਯੋ ਪੀਰ ਤਾਂਹਿ ਸੋਂ ਤਬ ਹੀ ॥੧੯॥ਦੋਹਰਾ॥'ਤਾਤ[੭]! ਬਾਤ ਕੋ ਮਰਮ ਜੋ ਤੈਂ ਜਾਨਯੋ ਕੈ ਨਾਂਹਿ। ਅਜ਼ਮਤ ਇਸ ਮਹਿਂ ਅਧਿਕ ਹੈ ਸੁਨਹੁ ਸਮਝ ਮਨਮਾਂਹਿ॥੨੦॥ਚੌਪਈ॥-ਦ੍ਵੈਤ ਖੋਇ ਜਿਨਿ ਏਕ ਪਛਾਨਾ।ਮਿਲਹਿ ਖ਼ੁਦਾਇ ਸਿ ਮਨੁਜ ਸੁਜਾਨਾ-।ਮੈਕੂੰ ਘਿੰਨਉ ਵੰਦ ਉਬਾਊ[੮]।ਤਿਹ ਦਿਦਾਰ ਕਰਿ ਉਰ ਸੁਖ ਪਾਉਂ'॥੨੧॥ ਕਰਿ ਮੁਰੀਦ ਆਗੇ ਤਿਹਕਾਲਾ।ਚਢਯੋ ਪੀਰ ਸਿਵਕਾ[੯] ਪਰ ਚਾਲਾ। ਸ੍ਰੀਗੁਰ ਨਦਰ ਪਰੇ ਤਿਹ ਜਬਹੀ।ਉਤਰ ਚਲਯੋ ਪੈਰਨ ਸੋਂ ਤਬਿਹੀ॥੨੨॥ ਆਇ 'ਸਲਾਮਾਲੇ-ਕਮ' ਕਰਿਕੇ। ਬੈਠਯੋ ਨਿਕਟਿ ਭਾਉ ਉਰ ਧਰਿਕੇ। ਬੂਝਨ ਲਾਗਯੋ 'ਦੇਹੁ ਬਤਾਈ।ਆਗੈ ਕੈਸੋ ਹਾਲ ਬਿਹਾਈ[੧੦]?'॥੨੩॥ ਦੋਹਰਾ ॥ ਗੁਰੂ ਭਨੈਂ 'ਦਰ-ਗਾਹ ਮਹਿਂ ਸਾਚੇ ਪਾਵਹਿਂ ਮਾਨ। ਕੂੜੀ ਕੂੜੇ ਭੇਖ ਕੀ ਤਿਨਕੋ ਤਹਿਨਹਿ ਥਾਨ॥੨੪॥ ਚੌਪਈ ॥ ਜਨਮਤਿ ਮਰਤਿ ਪਵਹਿਂ ਚਉਰਾਸੀ। ਸਦਾ ਰਹਤਿ ਤਿਨ ਗਰ[੧੧] ਜਮ ਫਾਸੀ'।ਸਨਮੁਖ ਬੈਠੇ ਸ੍ਰੀ ਗੁਲਖਾਨੀ। ਪੀਰ ਰਿਦੇ ਕੀ

[੧]ਕਹੇ। [੨]ਦੂਜਾ ਹੀ ਜਾਣਿਆਂ ਹੈ। [੩](ਪ੍ਰਭੂ) ਮਿਲਣ ਦਾ ਰਾਹ ਨਹੀਂ ਲੀਤਾ । [੪]ਦੂਜੀ ਹੱਦ ਨਾਸ਼ ਕਰਕੇ। [੫]ਕਠਨ ਹੈ। [੬]ਪਾਸੋਂ। [੭]ਪਿਆਰੇ ਪੁੱਤ੍ਰ। [੮]ਮੈਨੂੰ ਲੈਕੇ ਚੱਲ ਉਥੇ। [੯]ਪਾਲਕੀ। [੧੦]ਬੀਤਦਾ ਹੈ । [੧੧]ਉਨ੍ਹਾਂ ਦੇ ਗਲ।

*ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ । ਗੂਜਰੀ ਦੀ ਵਾਰ ਵਿਚ ਤੀਸਰੇ ਸਾਹਿਬਾਂ ਦਾ ਸਲੋਕ ਇਕ ਇਸ ਪ੍ਰਕਾਰ ਦਾ ਹੈ:-'ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ ॥'

ਸਭਿ ਬਿਧਿ ਜਾਨੀ ॥੨੫॥ ਕਾਬੇ ਦਿਸ਼ਾ ਹੁਤੋ ਤਿਹ ਬਦਨਾ। ਪ੍ਰਾਚੀ ਦਿਸ਼[1] ਮੁਖ ਸ਼੍ਰੀ ਸੁਖ ਸਦਨਾ। ਸ਼ੁਭ ਉਪਦੇਸ਼ ਦੈਨਿ ਤਿਹ ਤਾਈਂ। ਬਚਨ ਬਖਾਨੇ ਪੁਨ ਜਗ ਸਾਈਂ ॥੨੬॥ 'ਜਾਨਸੋ ਕਾਬੇ ਬੀਚ ਖੁਦਾਇ। ਤੁਮ ਜਾਨਤਿ ਹੋ ਔਰ ਨ ਜਾਇ[2]। ਇਸ ਪ੍ਰਕਾਰ ਤੁਮ ਖੋਜਤਿ ਤਾਂਹੀ। ਜਿਉਂ ਕੋ ਵਸਤੁ ਹੋਇ ਜਲ ਮਾਂਹੀ ॥ ੨੭ ॥ ਇਉਂ ਨਹਿਂ ਪਾਇ ਸਕਹੁ ਗੇ ਕਬਹੀ। ਕੋਟ ਜਨਮ ਧਰਿ ਖੋਜਹੁ ਜਬ ਹੀ'। ਪੀਰ ਕਹੈ: 'ਸੁਨਿ ਨਾਨਕ ਤਪਾ!। ਤੁਰਕ ਦੀਨ ਕੋ ਕਾਬਾ ਥਪਾ[3] ॥੨੮॥ ਤਾਂਹੀ ਮੈਂ ਸ਼ਰਧਾ ਧਰਿ ਭੂਰੀ। ਮੈਂ ਖੁਦਾਇ ਕੋ ਪਾਉਂ ਹਦੂਰੀ'। ਗੁਰੂ ਭਨੈਂ 'ਜੋ ਅਸ ਮਨ ਜਾਨੋ। ਸੋ ਖੁਦਾਇ ਤੇ ਭੁਲਵਨ ਮਾਨੋ॥ ੨੯॥ ਕਰ ਕੈ ਬੀਚ ਨ ਆਵਹਿ ਐਸੇ। ਹੋਇ ਬਿਅਰਥ, ਮਥਨ[4] ਜਲ ਜੈਸੇ'। ਕਹੈ ਪੀਰ 'ਸੁਨਿ ਨਾਨਕ, ਤੈਂਡਾ। ਬੈਤ ਸੁਨਨੇ, ਹਰਖਨੋ ਮਨ ਮੈਂਡਾ ॥੩੦॥ ਦੋਹਰਾ ॥ ਉਰ ਬਿਚਾਰਿ ਮੈਂ ਤਬ ਕਰਨੋ—ਜਿਨ ਅਸ ਬੈਤ ਬਨਾਇ। ਤਿਨ ਕੋ ਦਰਸ਼ਨ ਕੀਜਿਯੇ—ਆਯੋ ਤੁਰਤ ਇਥਾਇ ॥੩੧॥ ਚੌਪਈ ॥ ਦੋ ਹੱਦਨ ਮਹਿ ਏਕ ਬਤਾਯੋ। ਤਾਂਕੋ ਸੇਵਨ ਹੈ ਫੁਰਮਾਯੋ। ਤੁਮ ਤੇ ਨਿਸ਼ਾਂ[5], ਹਮਾਰੀ ਹੋਵਹਿ। ਸਭਿ ਸੰਦੇਹ ਰਿਦੇ ਤੇ ਖੋਵਹਿ ॥ ੩੨ ॥ ਜਿਉਂ ਜਿਉਂ ਬਚਨ ਸੁਨੌਂ ਨਿਜ ਕਾਨੇ। ਤਿਉਂ ਤਿਉਂ ਸ਼ਾਂਤਿ ਹੋਤਿ ਭ੍ਰਮ ਹਾਨੇ। ਸੇਤੁ ਉਦਧਿ ਭਵ ਬਚਨ ਤੁਮਾਰੇ[6]। ਜਿਸ ਤੇ ਦ੍ਵੈਤਹਿ[7] ਮਿਟਤਿ ਹਮਾਰੇ ॥੩੩॥ ਬਾਨ ਸਮਾਨ[8] ਅਗਯਾਨ ਨਿਸ਼ਾਨਾ[9]। ਨੀਕੇ ਹਨਹਿ[10] ਕਰਤਿ ਸਭਿ ਹਾਨਾ। ਬੂਝਹੁਂ ਇਕ ਸੁਆਲ ਸੋ ਕਹੀਏ। ਮੇਰੋ ਭਰਮ ਸਰਬ ਅਬ ਦਹੀਏ[11] ॥੩੪॥

ਸਲੋਕ ॥ ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ ੧੦੩ ॥

ਦੋਹਰਾ ॥ ਇਕ ਖੁਦਾਇ ਜੋ ਤੁਮ ਕਹਨੋ ਕੈਸੇ ਪਾਵਉਂ ਸੋਇ। ਪਟ ਉਤਾਰ ਬਨ[12] ਜਾਇ ਹੌਂ ਮੋਹ ਕੁਟੰਬ ਕੋ ਖੋਇ ॥ ੩੫ ॥ ਚੌਪਈ ॥ ਖਿੰਥਾ ਕਮਰੀ ਕੀ[13] ਗਰ ਪਾਵੌਂ। ਸੁਤ ਬਨਿਤਾ ਕੋ ਮੁਖ ਨ ਦਿਖਾਵੌਂ। ਜਿਸ ਬਿਧਿ ਪਯਾਰੇ ਕੋ ਹੁਇ ਮੇਲਾ। ਸੋਈ ਕਹਹੁ ਅਨਤ ਕਉ ਪੇਲਾ[14] ॥ ੩੬ ॥ ਕਿਸ ਬਿਧਿ

[1]ਪੂਰਬ ਦੀ ਤਰਫ। [2]ਹੋਰ ਜਗਾ ਨਹੀਂ। [3]ਤੁਰਕ ਮਜ਼ਹਬ ਦਾ ਕਾਬਾ ਥਾਪਿਆ ਹੋਇਆ ਹੈ। [4]ਰਿੜਕਣਾ। [5]ਤਸੱਲੀ [ਫਾ:—ਖ਼ਾਤਿਰ ਨਿਸ਼ਾਂ]। [6]ਸੰਸਾਰ (ਰੂਪੀ) ਸਮੁੰਦਰ ਤੇ (ਤਰਨ ਲਈ) ਪੁਲ ਵਤ ਆਪ ਜੀ ਦੇ ਬਚਨ ਹਨ। [7]ਦੂਈ (ਵਿਚ ਭਰੋਸਾ)। [8](ਆਪ ਦੇ ਬਚਨ) ਤੀਰ ਵਤ। [9]ਅੱਗਯਾਨ ਨਿਸ਼ਾਨਾ ਹੈ ਭਾਵ ਲੱਛ ਹੈ। [10]ਚੰਗੀ ਤਰ੍ਹਾਂ ਮਾਰਕੇ। [11]ਨਾਸ਼ ਕਰੀਏ। [12]ਜੰਗਲ ਵਿਖੇ। [13]ਕੰਬਲੀ ਦੀ ਗੋਦੜੀ। [14]ਹੋਰ (ਬਿਧੀ ਯਾ ਸਾਧਨ) ਛੱਡ ਕੇ।

Sri Satguru Jagjit Singh Ji eLibrary NamdhariElibrary@gmail.com

ਕਰੌਂ ਸੇਵ ਮੈਂ ਤਾਂਕੀ[1]। ਜਿਸਤੇ ਛੁਟਹਿ ਸਮਕੀ ਬਾਕੀ[2]। ਬਚਨ ਪੀਰ ਕੇ ਸੁਨਿ ਸੁਖ ਸਦਨੈਂ। ਕਹਨੋ ਸ਼ਲੋਕ ਆਪ ਸ੍ਰੀ ਬਦਨੈ ॥ ੩੭ ॥

ਸਲੋਕ ਮਃ ੧ ॥ ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮਾਲੇ ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ[3] ਕਰੇ ॥ ੧॥

ਦੋਹਰਾ ॥ 'ਕਿਹ ਕਾਰਨ ਪਟ ਛੋਡ ਹੀ ਕਾਹੇ ਤਜਹੁ ਅਵਾਸ। ਮਿਲਹਿ ਆਨਿ ਘਰ ਕੇ ਬਿਖੇ ਹੋਇ ਸਿਦਕ ਜੋ ਰਾਸ ॥੩੮॥ ਚੌਪਈ ॥ ਸੁਨਹੁ ਸ਼ੇਖ ਅਉਰਤ ਘਰ ਹੋਇ। ਗਯੋ ਬਿਦੇਸ਼ ਕੰਤ ਹੈ ਜੋਇ। ਤੇ ਨਿਤ ਕਰਤਿ ਕੰਤ ਚਿਤ ਚਾਹੀ। ਰਾਖਹਿ ਸਿਦਕ ਜਿ ਡੋਲਹਿ ਨਾਂਹੀ ॥੩੯॥ ਆਨਿ ਮਿਲਹਿ ਤਿਹ ਕੰਤ ਅਵਾਸਾ। ਪ੍ਰੀਤ ਕਰਤਿ ਨਿਤ ਰਹਿਹੈ ਪਾਸ। ਜੋ ਅਉਰਤ ਹੋਵੈ ਬਦਰਾਹ[3]। ਗ਼ਾਫਲ ਭਈ ਅਵਰ ਚਿਤ ਚਾਹਿ ॥ ੪੦ ॥ ਤਿਹ ਕੋ ਕੰਤ ਭੁਲਾਵਹਿ ਮਨ ਤੇ। ਦੁਖੀ ਦੁਹਾਗਣ ਫਿਰਹਿ ਜੁ ਅਨਤੇ[4]। ਸੁਨਿ ਅਸ ਬਚਨ ਸ਼ੇਖ ਸੁਖ ਪਾਇ। ਬੂਝੀ ਬਹੁਰੋ ਖ਼ਬਰ ਖ਼ੁਦਾਇ ॥ ੪੧ ॥

ਸਲੋਕ॥ ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
ਧਨ ਕੂਕੇਂਦੀ ਗੋਰ ਮੇ ਤੈ ਸਹ ਨਾ ਮਿਲੀਆਸੁ ॥ ੫੯ ॥

ਚੌਪਈ॥'ਤਰੁਨ ਬੈਸ[5] ਨਹਿੰ ਚੇਤਨ[6] ਕੀਨੋ। ਬ੍ਰਿੱਧ ਭਯੋ ਇੰਦ੍ਰੀ ਬਲ ਖੀਨੋ[7]। ਗੋਰ ਬਿਖੈ ਹੈ ਚਲਨ ਤਿਆਰੀ। ਅਬ ਸਾਹਿਬ ਸੋਂ ਮਿਲਨਾ ਭਾਰੀ[8] ॥੪੨॥ ਪੂਰਬ ਖਿਜਮਤਿ[9] ਕੰਤ ਨ ਹੋਈ। ਕਿਉਂ ਅਬ ਨਾਰਿ ਮਿਲੈ ਹੈ ਸੋਈ'। ਸ਼ੇਖ ਬਚਨ ਸੁਨਿ ਗਯਾਨ ਉਦਾਰਾ[10]। ਤਿਹ ਸੋਂ ਬਹੁਰ ਸ਼ਲੋਕ ਉਚਾਰਾ॥੪੩॥

ਸਲੋਕੁ ਮਃ ੧ ॥ ਮਹਲੁ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥

ਦੋਹਰਾ ॥ 'ਮਹਿਲ[11] ਕੁਚੱਜੀ,ਬਿਸ਼ੈ ਰਤਿ[12],ਕਾਲੀ, ਕਲਿਮਲ[13] ਸੰਗ। ਦ੍ਵੈਤ ਰਿਦੇ ਬਦਬੋਇ[14] ਅਤਿ ਕਿਉਂ ਮਾਣੈ ਪਿਰੁ ਰੰਗ ॥ ੪੪ ॥ ਚੌਪਈ ॥ ਕੰਤ[15] ਸੁਘੜ ਉਸ਼ਨਾਕ[16] 'ਮਨੋਗ[17]'। ਜਾਨਤਿ ਧਨ ਨਹਿ ਰਾਵਣ ਜੋਗ[18]। ਤਜਿ ਤਿਹ ਨਾਰ, ਸੁਚੱਜੀ ਜੋਊ। ਸਤਿ ਸ਼ਿੰਗਾਰ ਜਿਹ, ਰਵਿ ਹੈ ਸੋਊ[19] ॥੪੫॥

---

[1]ਪਿਆਰੇ ਦੀ। [2]ਸਿੱਧੀ (ਠੀਕ)। [3]ਮਾੜੇ ਰਸਤੇ ਟੁਰਨ ਵਾਲੀ। [4]ਹੋਰਨੀ ਥਾਂਈ। [5]ਜਵਾਨ ਆਯੂ ਵਿਚ। [6]ਯਾਦ। [7]ਨਾਸ਼ ਹੋ ਗਿਆ। [8]ਵਡਾ (ਔਖਾ) ਹੈ। [9]ਸੇਵਾ [ਫਾ: ਖ਼ਿਦਮਤ]। [10]ਭਾਵ ਗੁਰੂ ਜੀ ਨੇ। [11]ਇਸਤਰੀ। [12]ਵਿਸ਼ਿਆਂ ਵਿਚ ਪ੍ਰੀਤ ਵਾਲੀ। [13]ਪਾਪਾਂ। [14]ਮੰਦੀ ਵਾਸ਼ਨਾ। [15](ਪਰਮੇਸ਼ੁਰ) ਪਤੀ। [16]ਬਾਂਕਾ। [17]ਸੁੰਦਰ। [18](ਜਿਸ) ਇਸਤਰੀ ਨੂੰ ਰਾਵਣ ਯੋਗ ਨਹੀਂ ਜਾਣਦਾ। [19]ਸਤ (ਆਦਿ) ਜਿਸ ਦੇ ਸ਼ਿੰਗਾਰ ਹਨ ਉਸੇ ਨੂੰ ਰਾਂਵਦਾ ਹੈ।

Sri Satguru Jagjit Singh Ji eLibrary NamdhariElibrary@gmail.com

ਕਾਮ,ਕ੍ਰੋਧ,ਲੋਭ, ਅਹੰ,ਕੂਰ[1]। ਮਲ ਕੁਚਾਲ ਕੀ ਕੀਨਿ ਜਿ ਦੂਰ। ਤਿਹ ਸੋਂ ਰਾਵਹਿ ਕਰਿ ਹੀ ਪਯਾਰ॥ਬਿਨ ਸ਼ਿੰਗਾਰ ਧਨ[2] ਸਦਾ ਖੁਆਰ॥੪੬॥ਕੰਤ[3] ਬਿਖੈ ਲਖਿ ਦੋਸ਼ ਨ ਕੋਊ। ਕਰਤਿ ਅਵੱਗਯਾ ਧਨ ਹਿਤ ਖੋਊ[4]। ਤਿਹ ਕੋ ਤਯਾਗਿ ਬਿਖੈ ਸੰਗ ਰਾਚੀ[5]। ਸੁਨਤਿ ਸ਼ੇਖ ਪੁਨ ਗਿਰਾ ਉਬਾਚੀ ॥ ੪੭ ॥

ਸਲੋਕ॥ ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥ ੧੨੭ ॥

ਚੌਪਈ ॥ 'ਸੁਨਹੁ ਸ਼ੇਖ ਨਿਵਨਾ ਸਭਿ ਆਗੇ। ਅੱਖਰ ਇਹ, ਸ਼ੁਭ ਮਾਰਗ ਲਾਗੇ[6]। ਪਰਮੇਸ਼ੁਰ ਦੁਖ ਸੁਖ ਜੋ ਦੇਵੈ। ਇਹ ਗੁਨ ਲਖਹੁ ਦੁਊ ਸਮ ਖੇਵੈ[7] ॥ ੪੮ ॥ ਰਸਨਾ ਸਿਫਤ ਬਿਖੈ ਕਰਤਾਰਾ। ਮਣੀਆਂ ਮੰਤ[8] ਜਾਨੀਏ ਚਾਰਾ॥ ਇਸ ਬਿਧਿ ਕਰੈ,ਹੋਇ ਵਸਿ ਕੰਤਾ॥ ਬਹੁਰੋ ਨਦਰ ਧਰੈ ਭਗਵੰਤਾ'॥ ੪੯॥ਕਹੈ ਸ਼ੇਖ'ਕਰਿਕੈ ਸੁ ਨਿਬੇਰਾ॥ਬਹੁਰ ਰਲਾਯੋ ਸਗਰੋ ਝੇਰਾ[9]। ਸੇਵਾ ਤੇ ਹੈ ਨਦਰਿ ਅਭੇਵਾ[10]?॥ਕਿਧੌਂ ਨਦਰ ਤੇ ਹੋਵੈ ਸੇਵਾ[11]?॥੫੦॥ਇਹ ਨਿਰਨੈ ਕਰਿ ਮੋਹਿ ਬਤਾਵਹੁ। ਹਿਰਦੇ ਤੇ ਸਭਿ ਭਰਮ ਮਿਟਾਵਹੁ'।ਸ਼ੇਖ ਬਚਨ ਕੋ ਸੁਨਿ ਜਗਨਾਥਾ। ਕਹਯੋ ਸ਼ਲੋਕ ਬਹੁਰ ਤਿਨ ਸਾਥਾ ॥ ੫੧ ॥

ਸਲੋਕ॥ ਸੇਵਾ ਕਰੇ ਜੁ ਕੰਤ ਕੀ ਕੰਤ ਤਿਸੀ ਕਾ ਹੋਇ ॥
ਗਰਬੀ ਕੰਤ ਨ ਪਾਈਐ[12] ਭਾਵੈਂ ਖਰੀ ਸੁਆਲਿਉ[13] ਹੋਇ* ॥ ੯॥

ਚੌਪਈ ॥ 'ਸੁਨਹੁ ਸ਼ੇਖ ਨਿਸ਼ਚੈ ਮਨ ਜਾਨਹੁ। ਸੇਵਾ ਮੂਲ ਸਭਿਨਿ ਕੀ[14] ਮਾਨਹੁ। ਘਾਲਹਿ ਘਾਲ ਹਾਨਿ ਕਰਿ ਗਰਬਾ। ਤਨ ਮਨ ਕਰਹਿ ਨਿਵੇਦਨ[15] ਸਰਬ॥੫੨॥ਤਬਹੀ ਨਦਰਿ ਪ੍ਰਮੇਸ਼ੁਰ ਹੋਇ।ਮਹਿਲ ਹਦੂਰ ਬੁਲਾਈਐ ਸੋਇ। ਗਰਬ ਕਰਹਿ ਜੋ, ਸੇਵਹਿ ਨਾਹੀ। ਸੁੰਦਰ ਬਹੁ ਸਰੂਪ ਤਨ ਆਹੀ ॥੫੩॥ ਤਿਹ ਸਮੀਪ ਕੰਤ ਨਹੀਂ ਆਵਹਿ। ਗਰਬ ਯੁਕਤ[16] ਨਹਿ

[1]ਹੰਕਾਰ, ਝੂਠ। [2]ਇਸਤ੍ਰੀ। [3](ਪਰਮੇਸ਼ੁਰ) ਪਤੀ। [4] [5]ਤਿਸ (ਕੰਤ) ਨੂੰ ਛਡਕੇ ਵਿਸ਼ਿਆਂ ਨਾਲ (ਜੋ) ਰਚੀ ਹੈ ਸੋ ਇਸਤ੍ਰੀ ਪਿਆਰ ਨੂੰ ਗੁਆਕੇ ਅਵੱਗਯਾ ਕਰ ਰਹੀ ਹੈ। [6](ਜਿਨ੍ਹਾਂ ਕਰ) ਚੰਗੇ ਮਾਰਗ ਲਗਦਾ ਹੈ (ਜੀਵ)। [7]ਦੋਵੇਂ (ਦੁਖ ਤੇ ਸੁਖ) ਇਕੋ ਜੇਹੇ (ਜਾਣਕੇ) ਸਹਾਰੇ। [8]ਸ਼ਿਰੋਮਣ ਮੰਤਰ। [9]ਝੇਰਾ ਔਖੇ ਦੱਸਦਾ ਹੈ। [10]ਸੇਵਾ ਨਾਲ ਹੁੰਦੀ ਹੈ ਭੇਵ ਰਹਤ (ਪ੍ਰਭੂ ਦੀ) ਨਦਰ ? [11]ਜਾ ਕਿ ਨਦਰ ਨਾਲ ਸੇਵਾ ਹੁੰਦੀ ਹੈ। [12]ਪਾਂਵਦੀ। [13]ਸੁੰਦਰ। [14]ਸਾਰੇ (ਸਾਧਨਾਂ) ਦਾ ਮੁੱਢ। [15]ਸੌਂਪੇ। [16]ਹੰਕਾਰ ਵਾਲੀ।

*ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਹੀਂ ਹੈ।

Sri Satguru Jagjit Singh Ji eLibrary NamdhariElibrary@gmail.com

ਤਿਹ ਕੌ[1] ਭਾਵਹਿ।ਛੁੱਟੜਿ ਮਹਲਾ[2] ਹੈ ਸੁ ਦੁਹਾਗਨਿ। ਨਿਰਹੰਕਾਰ ਸਦੀਵ ਸੁਹਾਗਨਿ ॥ ੫੪ ॥ ਦੋਹਰਾ ॥ ਸੇਵਾ ਤੇ ਸਾਹਿਬ ਬਸੀ[3], ਦੇਖਹਿ ਕਰੁਨਾ ਡੀਠ[4]। ਸੁਖ ਸੁਹਾਗ[5] ਮਾਣਹਿ ਸਦਾ ਮਿਲਤਿ ਆਪਨੇ ਈਠ[6] ॥ ੫੫ ॥ ਚੌਪਈ॥ ਸੁਨੇ ਬਚਨ ਸ੍ਰੀ ਗੁਰ ਕੇ ਜਬਿਹੀ।ਕਰ ਦੈ ਪਦ ਪਰ ਲਾਏ ਤਬਹੀ। ਪੁਨ ਸਿਰ ਮਸਤਕ ਮੁਖ ਪਰ ਫੇਰੇ। ਧੰਨ ਭਾਗ ਅਪਨੇ ਬਡ ਹੇਰੇ ॥੫੬॥ ਮਿਲ੍ਯੋ ਖ਼ੁਦਾਇ ਨ ਸੰਸਾ ਕੋਈ। ਬੋਲ੍ਯੋ 'ਬਹੁਤ ਖ਼ਤਾ ਮੁਰ[7] ਹੋਈ। ਬਖ਼-ਸ਼ਹੁ ਅਬ ਕਰੁਨਾ ਕਰਿ ਸੋਊ।ਤੁਮ ਤੇ ਊਪਰ ਅਪਰ ਨ ਕੋਊ' ॥੫੭॥ ਸਨਮੁਖ ਉਚਰੇ ਬਚਨ ਘਨੇਰੇ। 'ਅਬ ਮੁਝ ਜਾਨਹੁ ਸਮ ਨਿਜ ਚੇਰੇ'। ਸ਼ੇਖ ਨਿਕਟਿ ਤੇ ਸੁਨਿ ਕਰਿ ਬਾਨੀ। ਇਕ ਸ਼ਲੋਕ ਉਚਰ੍ਯੋ ਗੁਨ ਖਾਨੀ ॥ ੫੮ ॥

ਸਲੋਕ ਮਃ ੧॥ ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ
ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥ ਭੰਉਕੈ ਕੋਪੁ ਖੁਆਰੁ ਹੋਇ
ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥

ਦੋਹਰਾ॥ 'ਰੂਪ ਕਾਮਿ,ਲਬਿ ਮਾਲ ਕੀ ਰਤਿ,ਜਿਉਂ ਨੀਂਦਿ ਪਲੰਘ[8]। ਤਿਉਂ ਭਗਤਨ ਕੀ ਹੈ ਸਦਾ ਹਰਿ ਚਰਚਾ ਕੇ ਸੰਗਿ॥੫੯॥ ਚੌਪਈ॥ਤੁਮਰੇ ਬਚਨ ਮੋਹਿ ਮਨ ਭਾਵਹਿਂ। ਚਾਹਿ ਸੁ ਬੂਝਹੁ ਬਹੁਰ ਬਤਾਵਹਿਂ' ਸੁਨਿ ਇਉਂ ਸ਼ੇਖ ਬਹੁਰ ਹਰਿ ਗਾਥਾ[9]। ਕਰਤਿ ਭਯੋ ਸ੍ਰੀ ਨਾਨਕ ਸਾਥਾ॥੬੦॥ਅਹੈਂ ਸ਼ਲੋਕੁ ਗ੍ਰੰਥ ਜੀ ਮਾਂਹੀ। ਕਥਾ ਬਧਨ ਤੇ ਬਰਨੇ ਨਾਂਹੀ। ਆਸਾ ਵਾਰੁ ਕਛੁਕ* ਤਹਿ ਕੀਨੀ।ਅਤਿ ਉੱਤਮ ਪਦਵੀ[10] ਤਿਹ ਦੀਨੀ॥੬੧॥ਭਯੋ ਮੁਰੀਦ ਸ਼ੇਖ ਤਬ ਗੁਰ ਕੋ।ਬੰਦੇ ਚਰਨ ਪ੍ਰੇਮ ਕਰਿ ਉਰ ਕੋ।ਕਿਤਿਕ ਦਿਵਸ ਤਿਨ ਰਾਖ੍ਯੋ ਡੇਰਾ। ਨਿਤ ਪ੍ਰਤਿ ਕਰਹੀ ਭਾਉ[11] ਘਨੇਰਾ॥੬੨॥ਬਹੁਰੋ ਬਿਦਾ ਹੋਇ ਬਰਿ-ਆਈ[12]। ਕੀਨ ਪਯਾਨ ਸ੍ਰੀ ਜਗ ਸਾਂਈਂ।ਅਬ ਜੋ ਹੋਵਹਿ ਕਥਾ ਅਗਾਰੀ। ਭਾਖੌਂ ਅਗਲੇ ਧਯਾਉ ਮਝਾਰੀ ॥ ੬੩ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ਼ੇਖ ਬ੍ਰਹਮ ਕੋ ਪ੍ਰਸੰਗ' ਬਰਨਨੰ ਨਾਮ ਤੇਤੀਸਮੋ ਅਧ੍ਯਾਯ ॥ ੩੩ ॥

---

[1]ਉਸ (ਰਬ) ਨੂੰ। [2]ਛੁੱਟੜ ਇਸਤ੍ਰੀ। [3]ਵਸ ਹੁੰਦਾ ਹੈ। [4]ਕ੍ਰਿਪਾ ਦੀ ਨਜ਼ਰ ਨਾਲ। [5]ਪਤੀ ਦੇ ਸੁਖ। [6]ਪਜ਼ਾਰੇ (ਪਤੀ) ਨੂੰ। [7]ਭੁੱਲ ਮੇਰੀ। [8]ਭਾਵ, ਕਾਮੀ ਦੀ ਰੂਪ ਨਾਲ, (ਭੁੱਖੇ ਦੀ ਸਵਾਦ ਨਾਲ) ਲਬੀ ਦੀ ਮਾਲ ਨਾਲ, ਨਿੰਦ੍ਰਾਵਲੇ ਦੀ ਪਲੰਘ ਨਾਲ ਜੀਕੂੰ ਲਗਨ ਹੈ। [9]ਪ੍ਰਭੂ ਦੀ ਕਥਾ। [10]ਮਰਤਬਾ। [11]ਪ੍ਰੇਮ। [12]ਜ਼ੋਰੋ ਜ਼ੋਰੀ।

*ਪੁ: ਜ: ਸਾਖੀ ਵਿਚ ਲਿਖਿਆ ਹੈ ਕਿ ਆਸਾ ਵਾਰ ਦੀਆਂ 'ਪਉੜੀਆਂ ਨਉ ਹੋਈਆਂ ਏਤੁ ਪਰਬਾਦਿ'।

੩੪. [ਗੁਰਮੁਖ ਤੋਂ ਸੁਣਕੇ ਨਾਮ ਜਪਣ ਦਾ ਫਲ। ਬਗ਼ਦਾਦ, ਦਸਤਗੀਰ ਪੀਰ-ਉਧਾਰ]

ਦੋਹਰਾ ॥ ਸਰਬ ਰਸਨ ਤੇ ਰਸ ਭਲਾ ਸਾਦ ਲੇਇ ਜੋ ਕੋਇ ॥
ਸ੍ਰੀ ਗੁਰਮੁਖ ਤੇ ਨਾਮ ਸੁਨਿ ਜਪਹਿ ਸਦਾ ਸੁਖ ਹੋਇ ॥ ੧ ॥

[ਰਸਨ ਤੇ=ਰਸਾਂ ਤੋਂ। ਸਾਦ=ਸੁਆਦ। ਗੁਰਮੁਖ=ਉਹ ਗੁਰ ਸਿੱਖ ਜੋ ਆਪ ਨਾਮ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ ਤੇ ਰਜ਼ਾ ਪੁਰ ਖੜੋ ਗਿਆ ਹੈ। ਓਹ ਸਤਿਕਾਰ ਯੋਗ ਗੁਰਮੁਖ ਹੈ। (ਅ) ਗੁਰੂ ਜੀ ਦੇ ਮੁਖ ਤੋਂ।]

ਅਰਥ—ਜੇ ਕਿਸੇ ਨੂੰ ਸੁਆਦ ਲੈਣ (ਦਾ ਚਸਕਾ ਹੋਵੇ ਤਾਂ) ਸਾਰਿਆਂ ਰਸਾਂ ਤੋਂ ਭਲਾ ਰਸ (ਇਹ ਹੈ:-ਕਿ) ਸ੍ਰੀ ਗੁਰ ਮੁਖ ਤੋਂ (ਵਾਹਿਗੁਰੂ ਜੀ ਦਾ) ਨਾਮ ਸੁਣਕੇ ਸਦਾ ਜਪੇ (ਤਾਂ ਸੁਆਦ ਦੇ ਨਾਲ) ਸੁਖ (ਬੀ) ਪ੍ਰਾਪਤ ਹੁੰਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ॥ਸ੍ਰੀ ਅੰਗਦ ਸੁਨਿ ਕਥਾ ਰਸਾਲਾ[1]।ਜਿਸ ਮਹਿ ਮਾਰਗ ਮੁਕਤਿ ਬਿਸਾਲਾ। ਦੀਨ ਬੰਧੁ ਕੀਨੋ ਪ੍ਰਸਥਾਨਾ। ਜਹਾਂ ਦੇਸ਼ ਬਗ਼-ਦਾਦ ਮਹਾਨਾ*॥੨॥ਦਸਤਗੀਰ ਤਹਿਂ ਪੀਰ ਰਹੇਹੀ। ਸਭਿ ਨਰ ਤਿਹ ਕੀ ਸੇਵ ਕਰੇਹੀਂ। ਆਇਸੁ ਬਿਖੇ ਰਹਿਤਿ ਦਿਨ ਰਾਤੀ। ਤਿਸ ਮਹਿਂ ਅਜ਼ਮਤ ਬਡ ਬੱਖਯਾਤੀ॥੩॥ ਜਸ ਉਪਦੇਸ਼ ਦੇਤਿ ਤਿਸ ਦੇਸ਼ਾ। ਤਸ ਕਰਿਹੀ ਸਭਿ ਸਹਿਤ ਨਰੇਸ਼ਾ। ਜਾਂਕੇ ਬਹੁਤ ਮੁਰੀਦ ਅਗਾਰੀ। ਸੇਵਹਿ ਸਦ ਆਇਸੁ ਅਨੁਸਾਰੀ ॥ ੪॥ ਤਿਹ ਕੋ ਮਾਨ ਹਰਨ[2] ਗੁਨ ਖਾਨੀ। ਪ੍ਰਾਪਤ ਭਏ ਜਹਾਂ ਰਜਧਾਨੀ। ਪੁਰਿ ਤੇ ਵਹਿਰ ਰੁਚਿਰ ਜਲ ਹੇਰਾ। ਬੈਠਿ ਗਏ ਤਹਿਂ ਕਰਿਕੈ ਡੇਰਾ ॥੫॥ਜਬ ਇਕ ਰਜਨੀ ਸਕਲ ਬਿਤਾਈ।ਜਾਗੇ ਪ੍ਰਭੁ ਭੋਰ ਹ੍ਵੈ ਆਈ। ਕਰਿ ਇਸ਼ਨਾਨ ਪਢੀ ਮੁਖ ਬਾਨੀ।ਸ੍ਰੀਕਰਤਾਰ ਸਿਫਤ ਮਹਿਂ ਸਾਨੀ[3]॥੬॥ 'ਲਖ ਪਾਤਾਲ ਲੱਖ ਆਕਾਸ਼'। ਇਹ ਜਬ ਸ਼ਬਦ ਪਢਯੋ ਸੁਖਰਾਸ। ਏਕ ਮੁਰੀਦ ਪੀਰ ਕੋ ਆਯੋ। ਹਿਤ ਮੱਜਨ ਕੇ ਜਲ ਜਿਹ ਥਾਯੋ ॥ ੭ ॥ ਸੁਨਯੋ ਸ਼੍ਰੋਨ ਮਹਿਂ ਇਹ ਪਦ ਤਾਂਹੀ। ਬਿਸਮ ਰਹਯੋ ਅਪਨੇ ਮਨ ਮਾਂਹੀ† ।-ਇਹੁ ਕਯਾ ਕੁਫਰ ਬਕੇਤਿ ਹੈ[4] ਕੋਈ। ਕਹਯੋ ਕੁਰਾਨ ਕਿਤਾਬ ਨ ਸੋਈ-॥ ੮ ॥

[1]ਸੁੰਦਰ, ਰਸੀਲੀ। [2]ਹੰਕਾਰ ਨਾਸ਼ ਕਰਨ ਲਈ। [3]ਮਿਲੀ ਹੋਈ। [4]ਕਹਿੰਦਾ ਹੈ।

*ਦੇਖੋ ਇਸੇ ਅਧਯਾਯ ਦੇ ਅੰਕ ੬੮ ਦੀ ਹੇਠਲੀ ਟੂਕ।

†ਇਸ ਗਲ ਤੇ ਅਸਚਰਜ ਕਰਨਾ ਨਹੀਂ ਚਾਹੀਦਾ ਕਿ ਪੰਜਾਬੀ ਦੀਆਂ ਇਹ ਤੁਕਾਂ ਬਗ਼ਦਾਦ ਦੇ ਆਦਮੀ ਨੇ ਕੀਕੂੰ ਸਮਝ ਲਈਆਂ। ਬਗ਼ਦਾਦੀ ਫਕੀਰਾਂ ਦੇ ਚੇਲੇ ਹਿੰਦ ਵਿਚ ਅਨੇਕਾਂ ਸਨ ਤੇ ਹਨ, ਤੇ ਓਹ ਜ਼ਯਾਰਤ ਨੂੰ ਜਾਂਦੇ ਸਨ,ਤਾਂਤੇ ਪੀਰ ਜੀ ਦਾ ਹਿੰਦੀ ਜਾਣਨਾ ਮੁਸ਼ਕਲ ਗਲ ਨਹੀਂ ਹੈ, ਤੇ ਯਾ ਕਿਸੇ ਹਿੰਦੀ ਮੁਰੀਦ ਨੇ ਸੁਣ ਸਮਝ ਕੇ ਪੀਰ ਨੂੰ ਜਾ ਦੱਸੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਤਰਕ ਕਰਤਿ ਅਸ ਗਯੋ ਸਮੀਪਾ। ਜਹਿੰ ਬੈਠੇ ਬੇਦੀ ਕੁਲਦੀਪਾ॥ ਤਿਹ
ਛਿਨ ਗਾਨ ਲਗ੍ਯੋ ਮਰਦਾਨਾ। ਵਾਇ[1] ਰਬਾਬ, ਸਿਫਤ ਭਗਵਾਨਾ ॥੯॥
ਖਰੋ ਹੋਇ ਸੁਨਿ ਕੈ ਚਿਰ ਤਾਈਂ।ਗਮਨ੍ਯੋ ਬਹੁਰ ਪੀਰ ਨਿਜਥਾਈਂ।ਅਵ-
ਸਰ ਪਾਇ ਸੁ ਬੂਝਨ ਕੀਨਾ॥'ਹਜ਼ਰਤ! ਸੁਨਹੁ ਕੁਫਰ ਇਕ ਪੀਨਾ[2]॥੧੦॥
ਹਿੰਦੂ ਫਕੀਰ ਵਹਿਰ ਹੈ ਬੈਸਾ। ਬਕ੍ਯੋ ਬਕਾਉ[3] ਕੁਫਰ ਤਿਨ ਐਸਾ॥ਚੌਦਾਂ
ਤਬਕ ਕੁਰਾਨ ਬਤਾਏ। ਏਤੇ ਹੀ ਤੁਮ ਆਪ ਸੁਨਾਏ॥੧੧॥ ਤਿਸਨੈ ਲੱਖ
ਅਕਾਸ਼ ਪਤਾਲੇ।ਬਹੁਰ[4] ਨ ਓਰਕ ਥਕ ਰਹਿ ਭਾਲੇ।ਸੁਨਿਕੈ ਅਚਰਜਮੁਝ
ਮਨ ਆਵਾ। ਸਹ੍ਯੋ ਨ ਜਾਇ ਜੁ ਤਾਂਹਿ ਸੁਨਾਵਾ ॥੧੨॥ ਲਿਖ੍ਯੋ ਖ਼ਿਲਾਫ਼[5]
ਕੁਰਾਨ ਦਰਮ੍ਯਾਨ[6]। ਕੂਰੋ ਕਿਧੋਂ ਫਕੀਰ ਅਜਾਨ। ਇਕ ਤੋ ਇਹ ਤਿਨ
ਕਹ੍ਯੋ ਅਚੰਭਾ। ਦੂਸਰ ਕੀਨ ਰਾਗ ਪ੍ਰਾਰੰਭਾ[7] ॥੧੩॥ ਤੁਮਨੇ ਸਗਰੇ ਦੇਸ਼
ਮਝਾਰੀ। ਕਰਨ ਸਰੋਦ ਕੀਨ ਹਟਕਾਰੀ।ਜੇ ਸਮੀਪ ਹੁਇ ਆਇਸੁ ਭੰਗ॥
ਅਹੈਂ ਦੂਰ ਸੋ ਕਰੈਂ ਨਿਸ਼ੰਗ॥੧੪॥ਦਿਨਪ੍ਰਤਿ ਤੇਜ ਹੋਇ ਲਘੁਜਾਈ।ਜੇ ਨ
ਤਿਦਾਰਕ[8] ਵਿਹੁ ਤਿਸਤਾਈਂ*।ਇਸ ਫਕੀਰ ਨੇਕੁਫਰ ਉਚਾਰਾ॥ਲਾਇਕ
ਹੈ ਸਜ਼ਾਇ ਇਹੁ ਭਾਰਾ॥੧੫॥ਜੋ ਇਸ ਕੋ ਬਰਜਹੁ[9] ਨਹਿ ਅਬਹੀ।ਮੁਸਲ-
ਮਾਨ ਕਾਫਰ ਹ੍ਵੈਂ ਸਭਿਹੀ'।ਦਸਤਗੀਰ ਸੁਨਿ ਕੈ ਅਸ ਝੇਰਾ। ਮਨ ਮੈਂਕੀਨੋ
ਕ੍ਰੋਧ ਘਨੇਰਾ॥੧੬॥ਆਇਸੁਸਗਰੇ ਨਗਰ ਪਠਾਈ।'ਸੰਗਸਾਰ[10]ਤਿਸਕਰੀਏ
ਜਾਈ।ਸਭਿ ਚਲਿ ਜਾਹੁ ਨ ਲਾਵਹੁ ਦੇਰਾ। ਹੁਕਮ ਭੰਗ ਕੀਨੋ ਤਿਨ ਮੇਰਾ
॥੧੭॥ਹ੍ਵੈ ਹਦੂਰ ਜਿਨਿ ਕੀਨ ਢਿਠਾਈ[11]। ਦੂਰ ਭਏ ਤੇ ਕਸ ਡਰਪਾਈ।
ਇਹ ਬਗ਼ਦਾਦ ਜੁ ਥਾਨ ਮਹਾਨ॥ਤੁਰਕਾਨੇਕੋ ਬਡੋ ਟਿਕਾਨਾ॥੧੮॥ਜੇਕਰਿ
ਇਹਾਂ ਅਵੱਗਯਾ ਹੋਈ। ਪੁਨ ਮਿਰਯਾਦ ਰਖੈ ਨਹਿੰ ਕੋਈ'। ਦਸਤਗੀਰ
ਕੀ ਆਇਸੁ ਪਾਏ। ਬਾਲਕ ਬੂਢੇ ਤਰੁਨੇ[12]ਧਾਏ॥੧੯॥ ਇਕ ਇਕ ਪਾਹਨ
ਸਭਿ ਕਰ ਲੀਨਾ। ਚਲਿਨ ਲਗੇ ਬਡ ਰੌਰਾ ਕੀਨਾ॥ਸ੍ਰੀਨਾਨਕਸੁਨਿਕੈਤਿਹ
ਕਾਲਾ। ਊਚੀ ਦੀਨੀ ਬਾਂਗ ਬਿਸਾਲਾ॥੨੦॥'ਨਿਰੰਕਾਰ ਸਤਿ ਸ੍ਰੀ ਅਕਾਲਾ॥

---

[1]ਵਜਾਇਕੇ। [2]ਭਾਰੀ। [3]ਕਹਿਆ ਹੈ ਬੋਲ। [4]ਫਿਰ। [5]ਉਲਟ। [6]ਕੁਰਾਨ ਦੇ ਵਿਚ। [7]ਅਰੰਭ ਕੀਤਾ ਹੈ। [8]ਪਰਬੰਧ, ਸਜ਼ਾ ਦੇਣੀ, ਰੋਕ ਕਰਨੀ। [9]ਰੋਕੋਗੇ। [10]ਵੱਟੇ ਮਾਰ ਮਾਰ ਕੇ ਜਾਨੋਂ ਮਾਰ ਦੇਣਾ, ਅਰਬੀ ਰੂਮੀ ਦੇਸ਼ਾਂ ਦੀ ਇਕ ਸਜ਼ਾ ਸੀ। [11]ਢੀਠਤਾ। [12]ਜੁਵਾਨ।

*—ਤੁਮਨੇ........ਤੋਂ........ਤਿਸ ਤਾਂਈ—ਤਕ ਦੀ ਥਾਂ ਕੇਵਲ ਦੋ ਤੁਕਾਂ ਵਿਚ ਪਾਠਾਂਤਰ ਇਉਂ ਹੈ:—ਤੁਮਨੇ ਸਭੀ ਤੌਰ ਸਮਝਾਈ, ਕਰਨ ਸਰੋਦ ਕੀਨ ਹਮ ਨਾਹੀਂ।

Sri Satguru Jagjit Singh Ji eLibrary NamdhariElibrary@gmail.com

ਗੁਰਬਰ ਏਕੰਕਾਰ ਕ੍ਰਿਪਾਲਾ[1]। ਸੁਨਿ ਕਰਿ ਬਾਂਗ ਸਰਬ ਨਰ ਨਾਰੀ। ਸੁਨ-ਮੁੰਨ[1]ਹੋਇ ਇਕ ਵਾਰੀ॥੨੧॥ ਜਬਹਿ ਬਿਲੋਕੀ ਅਜ਼ਮਤ ਪੀਨਾ[2] । ਆਪਹਿ ਪੀਰ ਪਧਾਨੋ ਕੀਨਾ। ਮਾਨਵ ਬ੍ਰਿੰਦ ਲਿਏ ਨਿਜ ਸੰਗਾ। ਜੀਤਨ ਆਧੋ ਰਿਦੈ ਉਮੰਗਾ ॥ ੨੨॥ ਨਿਜ ਅਜ਼ਮਤ ਜੜਤਾ ਸਭਿ ਕੇਰੀ[3] । ਦਸਤਗੀਰ ਹਰਿ ਦੀ[4] ਖਿਨ ਦੇਰੀ। ਗਰਬ ਚਲਾ ਜਹਿਂ ਸੁਮਤਿਨਿਕੇਤੂ[5] । ਭਾਨੁ ਤੇਜ ਹਰਿ ਚਹਿ ਖੱਦਯੋਤੂ[6] ॥ ੨੩ ॥ ਸਭਿ ਇਕਬਾਰ ਅਏ ਚਉਫੇਰੇ। ਹਿਤ ਮਾਰਨ ਕਿਧ ਭੁਜਾ ਉਚੇਰੇ। ਇਕ ਇਕ ਪਾਹਨ ਸਭਿ ਕਰ ਮਾਂਹੀ। ਅਨ ਗਨ ਮਾਨਵ ਗਿਨਤੀ ਨਾਂਹੀ ॥੨੪॥ ਜਬ ਮਨ ਬਿਖੈ ਚਹਿਤ ਸਭਿ ਮਾਰਾ। ਤਿਹ ਛਿਨ ਸ੍ਰੀ ਪ੍ਰਭੁ ਕੀਨ ਹੁੰਕਾਰਾ[7] । ਠਾਂਢੀ ਰਹੀ ਉਚੇਰੀ ਬਾਹੈਂ। ਉਤ-ਰਹਿਂ ਤਰ ਨ,ਉਤਾਰਨੋ ਚਾਹੈਂ[8] ॥ ੨੫ ॥ ਕਾਸ਼ਟ[9] ਕੇ ਸਮਾਨ ਸੋ ਗਾਢੀ[10]। ਬਿਸਮ ਰਹੇ ਸਭਿ, ਪੀਰਾ ਬਾਢੀ[11] । ਦਸਤਗੀਰ ਅਪਨੀ ਤਿਹ ਕਾਲਾ। ਕਰਾਮਾਤ ਕਰਿ ਰਹਯੋ ਬਿਸਾਲਾ ॥ ੨੬ ॥ ਕਛੁ ਨ ਲਗੀ ਰਹਯੋ ਪਚਿ-ਹਾਰੀ[12] । ਮਨ ਜਾਨੇ ਅਪਨੇ ਤੇ ਭਾਰੀ । ਜਿਉਂ ਉਡੁ[13] ਅਲਪ[14] ਸੁ ਕਰੈ ਮਜੇਜਾ[15] । ਸਵਿਤਾ[16] ਕੋ-ਦਬਾਇ ਦਿਉਂ-ਤੇਜਾ ॥ ੨੭ ॥ ਤਨਕ ਬਘੂਰਾ[17] ਉਰ ਗਰਬਾਯੋ। ਸਬਲ[18] ਅੰਧੇਰੀ ਸਨਮੁਖ ਜਾਯੋ। ਤਿਉਂ ਕਰਿ ਗੁਨਹਿ[19]-ਨ ਜੀਤਨੋ ਜਾਈ[20]। ਅਬ ਬੋਲਨ ਮਹਿਂ ਦੇਉਂ ਹਰਾਈ-॥੨੮॥ ਅਸ ਬਿਚਾਰਿ ਕੈ ਗਯੋ ਸਮੀਪਾ। ਬੈਠਯੋ ਜਹਿਂ ਬੇਦੀ ਕੁਲਦੀਪਾ। ਕਹਿਤਿ ਭਯੋ'ਤੂੰ ਕੁਵਰ ਅਲਾਵਾ।ਕੋ ਹੈਂ ਤੂੰ ਕਿਹ ਤੇ ਚਲਿ ਆਵਾ?॥੨੯॥ ਕਰਾਮਾਤ ਕਰਿ ਬਡੀ ਦਿਖਾਈ। ਲਖ ਪਤਾਲ ਨਭ[21]ਖ਼ਬਰ ਸੁਨਾਈ।ਪੁਨ ਸਰੋਦ[22] ਮਨ ਚੈਂਚਲ ਕਰਈ। ਸੋ ਗਾਵਨ ਕੇ ਕਿਉਂ ਅਨੁਸਰਈ?॥੩੦॥ ਬੇਮਿਰਜਾਦ ਦੁਊ ਤੈ ਕੀਨਾ। ਯਾਂਤੇ ਹਮ ਦਰਵੇਸ਼ ਨ ਚੀਨਾ। ਇਨ ਕੋ ਉੱਤਰ ਆਪ ਉਚਾਰਹੁ।ਨਤੁਰ[23]ਦੇਸ਼ ਤੇ ਵਹਿਰ ਸਿਧਾਰਹੁ'॥੩੧॥ ਗੰਜਨ

---

[1]ਮੂਰਛਿਤ। [2]ਤਕੜੀ। [3]ਆਪਣੀ ਕਰਾਮਾਤ ਨਾਲ ਮੂਰਛਾ ਸਾਰਿਆਂ ਦੀ। [4]ਦੂਰ ਕਰ ਦਿੱਤੀ। [5]ਭਾਵ ਗੁਰੂ ਜੀ। [6]ਦੂਰ ਕਰਨਾ ਚਾਹੇ ਟਟੈਣਾ। [7]ਹੁੰਕਾਰਾ ਮਾਰਿਆ। [8]ਹੇਠ ਨਹੀਂ ਉਤਰਦੀਆਂ, ਉਤਾਰੀਆਂ ਚਾਹੁੰਦੇ ਹਨ। [9]ਲਕੜੀ। [10]ਤਕੜੀ (ਅ) ਗਾਡੀ=ਗਡੀ ਗਈ। [11]ਪੀੜ ਵਧੀ। [12]ਥੱਕ ਕੇ ਹਾਰ ਗਿਆ। [13]ਤਾਰਾ। [14]ਤੁੱਛ। [15]ਅਹੰਕਾਰ [ਨਿਜ਼ਾਜ]। [16]ਸੂਰਜ ਦੇ ਤੇਜ ਨੂੰ। [17]ਛੋਟਾ ਜਿਹਾ ਵਾਵਰੋਲਾ। [18]ਬਲਵਾਨ। [19]ਸੋਂਹਦਾ ਹੈ। [20](ਗੁਰੂ) ਨਹੀਂ ਜਿਤਿਆ ਜਾਂਦਾ। [21](ਲੱਖ) ਅਕਾਸ਼। [22]ਰਾਗ [ਫ਼ਾ:, ਸਰੋਦ]। (ਅ) [ਸੰਸ:,ਸ੍ਵਰੋਦਯ= ਇਕ ਪ੍ਰਕਾਰ ਦਾ ਸਾਜ਼ ਜੋ ਸਤਾਰ ਵਾਂਙੂ ਟੁਨਕਾਰ ਦੇਕੇ ਵਜਦਾ ਹੈ]। [23]ਨਹੀਂ ਤਾਂ।

Sri Satguru Jagjit Singh Ji eLibrary NamdhariElibrary@gmail.com

ਗਰਬ[1] ਗੁਰੂ ਗੁਨਖਾਨੀ । ਦਸਤਗੀਰ ਸੰਗ ਭਾਖੀ ਬਾਨੀ । 'ਜਿਹ ਸਰੋਦ ਕੀ ਨਿੰਦ ਉਚਾਰੀ । ਤਿਹ ਕੀ ਰੀਤਿ ਸੁਨੋ ਸੁਖਕਾਰੀ ॥੩੨॥ ਸ੍ਰੀ ਕਰਤਾਰ ਸਿਫਤ ਮਹਿਂ ਗਾਵੈਂ । ਬਸ ਜੇਹੈ ਮਨ ਬਹੁਰ ਕਮਾਵੈਂ । ਸੁਨਹਿ ਰਾਗ ਰਸ ਲੇਵਨ ਕਾਰਨ । ਹੈ ਤਿਸ ਮਹਿ ਹਰਿ ਨਾਮ ਉਚਾਰਨ ॥ ੩੩ ॥ ਹਿਰਦੇ ਹੁਲਸਾਵਹਿਂ ਜੱਗਯਾਸੀ । ਰਚਹਿਂ ਸੰਗ ਸ੍ਰੀ ਪ੍ਰਭੁ ਅਬਿਨਾਸ਼ੀ । ਕਲਿ ਮਹਿਂ ਹੋਤਿ ਉਪਾਇ ਨ ਔਰੇ। ਕੀਰਤਿ[2] ਕਰਿ ਇਉਂ ਤਰਹਿ ਕਰੋਰੇ[3] ॥ ੩੪ ॥ ਯਾਂਤੇ ਰਾਗ ਰੀਤਿ ਹਮ ਕੀਨੀ । ਰਸ ਹਿਤ, ਸਿਫਤ ਜਾਇ ਮਤਿ ਭੀਨੀ[4] । ਕਹਯੋ ਜੁ ਭ੍ਰਮ-ਚੰਚਲ ਮਤਿ ਕਰਿਹੀ । ਬਿਸ਼ੈ ਬਿਖੇ ਮਨ ਕੋ ਸੰਚਰਿਹੀ[5]–॥੩੫॥ ਸੋ ਤੋ ਕਾਮਚੇਸ਼ਟਾ ਮਾਂਹੀ । ਕਰਹਿ ਸਰੋਦ[6] ਸਿ ਨਰਕ ਸਿਧਾਹੀਂ।ਅਬ ਦੂਸਰ ਉੱਤਰ ਸੁਨਿ ਕਾਨੋ।ਚੌਦਹਿ ਤਬਕ ਕੁਰਾਨ ਬਖਾਨੇ[7] ॥ ੩੬ ॥ ਤਿਸ ਕੋ ਕਰਨਹਾਰ ਹੈ ਜੋਊ[8] । ਤਾਂਕੋ ਚੌਦਹਿ ਕੀ ਸੁਧ ਹੋਊ । ਲਾਖਨ ਕੀ ਸੁਧ ਜਿਨ ਕਉ ਹੋਈ।ਤੇਤੀ ਭਨੈ*,ਨ ਝੂਠ ਬਗੋਈ[9] ॥੩੭॥ ਲਾਖਨ ਪਰੇ[10], ਨ ਓਰਕ[11] ਕੋਈ । ਬੇਸ਼ੁਮਾਰ ਸਾਹਿਬ ਹੈ ਸੋਈ' । ਦਸ-ਤ਼ਗੀਰ ਸੁਨਿ ਸਾਚ ਨ ਮਾਨੀ। ਹੇਤੁ ਬਿਲੋਕਨ ਬੋਲਯੋ ਬਾਨੀ॥੩੮॥ 'ਕਹੋ ਪ੍ਰਤੀਤ ਨ ਆਵਹਿ ਮੋਕਉ। ਦਿਹੁ ਦਿਖਾਇ ਜੋ ਹੈ ਸੁਧ ਤੋਕਉ। ਸੁਤ ਮੇਰੇ ਕੋ ਸੰਗ ਲਿਜਾਵਹੁ। ਜਿਤੀ ਪਹੁੰਚ ਹੈ ਤਿਤੇ ਦਿਖਾਵਹੁ' ॥ ੩੯ ॥ ਸੁਨਿਕੈ ਤਿਹ ਛਿਨ ਸ੍ਰੀ ਜਗਨਾਥਾ। ਤਿਹ ਕੋ ਗਹਯੋ ਹਾਥ ਮਹਿਂ ਹਾਥਾ। ਕਹਯੋ ਕਿ 'ਲੋਚਨ ਮੂੰਦਹੁ ਦੋਈ।ਚਹਉ ਜੁ ਦੇਖਿ ਲੇਉ ਅਬ ਸੋਈ'॥੪੦॥ਮੁੰਦ੍ਰਿਤ[12] ਨੈਨ ਕਿਯੇ ਤਿਨ ਜਬਹੀ । ਅਪਰ ਅਕਾਸ਼ ਦਿਖਾਯੋ ਤਬਹੀ । ਕਿਤਿਕ ਦਿਵਸ ਤਿਹ ਬੀਚ ਬਿਹਾਰੇ[13]।ਬਹੁਰ ਔਰ ਨਭ ਮਾਂਹਿ ਪਧਾਰੇ ॥੪੧॥ ਤਿਹ ਕੋ ਦੇਖਿ ਕਿਤਿਕ ਦਿਨ ਮਾਂਹੀ। ਆਨਿ ਅਕਾਸ਼ ਪਿਖਾ ਪੁਨ ਜਾਹੀ[14]। ਇਸ ਬਿਧਿ ਸੋਂ ਬਹੁ ਬਰਖ ਬਿਤਾਏ।ਲਾਖ ਅਕਾਸ਼ ਤਾਂਹਿ ਦਿਖਰਾਏ॥੪੨॥ਬਹੁਰੋ ਗਏ ਪਤਾਲਨ ਮਾਂਹੀ । ਪ੍ਰਿਥਮੇ ਏਕ ਦਿਖਾਵਾ ਤਾਂਹੀ । ਕਿਤਿਕ ਦਿਨਨ ਲੌ ਫਿਰ ਕਰਿ ਸਾਰੇ।ਬਹੁਰੋ ਦੁਤਿਯ ਪਤਾਲ ਪਧਾਰੇ॥੪੩॥ਸੋ ਨੀਕੀ ਬਿਧਿ

[1]ਨਾਸ਼ ਕਰਨ ਵਾਲੇ ਹੰਕਾਰ ਦੇ। [2]ਕੀਰਤਨ। [3]ਤਰਦੇ ਹਨ ਕਰੋੜਾਂ ਹੀ। [4]ਰਸ ਲਈ (ਪਰਮੇਸ਼ੁਰ ਦੀ) ਸਿਫਤ ਵਿਚ ਜਾਂਦੀ ਹੈ ਬੁੱਧੀ ਭਿੱਜੀ। [5]ਲਗਾਉਂਦਾ ਹੈ। [6]ਰਾਗ। [7]ਕੁਰਾਨ (ਨੇ) ਕਹੇ ਹਨ। [8]ਭਾਵ ਕੁਰਾਨ ਦਾ ਕਰਤਾ ਜੋ ਹੈ। [9]ਝੂਠ ਨਹੀਂ ਕਹਿੰਦੇ। [10]ਲੇਖਾਂ ਤੋਂ ਭੀ ਪਰੇ ਹੈ। [11]ਅੰਤ। [12]ਬੰਦ। [13]ਬਿਚਰੇ। [14]ਜਾਕੇ। *ਪਾ:–ਤੇਤੀ ਭਨੀ।

ਦੀਨ ਦਿਖਾਈ । ਪੁਨ ਤੀਜੇ ਮਹਿ ਗੇ ਜਗ ਸਾਈਂ।ਇਸ ਬਿਧਿ ਸੋਂ ਜੇ ਲਾਖ ਪਤਾਲਾ । ਸਰਬ ਦਿਖਾਏ ਤਾਂਹਿ ਕ੍ਰਿਪਾਲਾ॥੪੪॥ਬਹੁਤ ਬਰਖ ਲਗ ਕਾਲ ਬਿਤਾਯੋ। ਬਿਚਰਤਿ ਪੀਰ ਤਾਤ ਅਕੁਲਾਯੋ[1]। ਹਾਥ ਬੰਦਿਕੈ ਗੁਰੂ ਅਗਾਰੀ। ਹੁਇ ਅਧੀਨ ਬਹੁ ਬਿਨੈ ਉਚਾਰੀ॥੪੫॥'ਅੰਤ ਨ ਆਵਤਿ ਗੈਨ[2] ਪਤਾਲਾ । ਬਿਚਰਤਿ ਬੀਤ ਗਯੋ ਚਿਰਕਾਲਾ । ਚਲਹੁ ਆਪਨੇ ਅਬ ਅਸਥਾਨਾ । ਤੁਮ ਖੁਦਾਇ,ਹੌਂ ਲਖਹੁਂ ਨ ਆਨਾ'॥੪੬॥ਸੁਨਿਕੈ ਸ੍ਰੀ ਗੁਰ ਗਿਰਾ ਉਚਾਰੀ । 'ਜਿ ਕਿਛੁ ਚਾਹੁ ਹੈ ਰਿਦੈ ਮਝਾਰੀ । ਦੇਖਹੁ ਔਰ ਅਕਾਸ਼ ਪਤਾਲਾ । ਅੰਤ ਨਹੀ ਕਛੁ,ਰਹੇ ਬਿਸਾਲਾ ॥ ੪੭ ॥ ਜੇਕਰਿ ਅਕੁਲਾਵਾ ਚਿਤ ਤੋਰਾ । ਚਲਨੋ ਚਹਤਿ ਹੈਂ ਅਪਨੇ ਠੌਰਾ।ਤਵ ਪਿਤ ਨਿਸ਼ਚਾ ਆਵਹਿ ਜੈਸੇ। ਕਾਰਜ ਕਰਹੁ ਆਪ ਅਬ ਤੈਸੇ ॥੪੯ ॥ ਸੰਗਤ ਮਹਿ 'ਪੰਚਾਂਮ੍ਰਿਤ[3] ਹੋਈ । ਤਹਿਂ ਤੇ ਲੇਕਰਿ ਚਲੀਏ ਸੋਈ'।ਅਸ ਕਹਿ ਗਏ ਜਹਾਂ ਸਭਿ ਸੰਗਤਿ। ਬੈਠੀ ਸੰਤਨ ਕੀ ਸ਼ੁਭ ਪੰਗਤਿ ॥੪੯॥ ਸ੍ਰੀ ਗੁਰ ਕੋ ਅਵਲੋਕਾ ਜਬਿਹੀ।ਉਰ ਭਰਿ ਹਰਖ ਉਠੇ ਸਭਿ ਤਬਹੀ।ਪਦਪੰਕਜ ਪਰ ਬੰਦਨ ਧਾਰੀ।ਬੈਠਾਰੇ ਪੁਨ ਸਭਾ ਮਝਾਰੀ ॥੫੦ ॥ ਦੀਪ ਬਾਰਿ[4] ਆਰਤੀ ਉਤਾਰੀ । ਪੂਜਨ ਕੀਨ ਪ੍ਰਸ਼ੰਸ[5] ਉਚਾਰੀ । ਕਰਿ ਪੰਚਾਂਮ੍ਰਿਤ ਕੌ ਭਲਿ ਰੀਤੀ। ਕਿਯ ਅਰਦਾਸ ਖਰੇ ਧਰਿ ਪ੍ਰੀਤੀ॥੫੧॥ ਬਹੁਰੋ ਬਾਂਟਿ ਦੀਨ ਸਭਿ ਤਾਈਂ । ਲੀਨ ਪੀਰ ਸੁਤ ਹਰਖ ਬਢਾਈ।ਇਸ ਬਿਧਿ ਬਹੁ ਸੰਗਤਿ ਕੇ ਮਾਂਹੀ। ਫਿਰੇ ਪ੍ਰਭੂ ਦਿਖਰਾਈ ਤਾਂਹੀ ॥ ੫੨ ॥ ਜਬ ਕਚਕੋਲ[6] ਪੂਰ ਤਿਹ ਲੀਨਾ । ਸ੍ਰੀ ਗੁਰ ਬਹੁਰ ਪਯਾਨੋ ਕੀਨਾ । ਤਬ ਬਗ਼ਦਾਦ ਦੇਸ਼ ਮਹਿ ਆਏ। ਹੁਤੋ ਪੀਰ ਬੈਠਨੋ ਜਿਹ ਥਾਏਂ ॥੫੩॥ ਬੂਝਨ ਕੀਨ ਪੀਰ ਸੁਤ ਤਾਈਂ । 'ਲਖ ਪਤਾਲ ਨਭ ਦੇਖੇ ਜਾਈ?।ਕੈ ਫਕੀਰ ਨੈ ਝੂਠ ਅਲਾਏ।ਹਟਿ ਕੈ ਤੂਰਨ ਤੁਮ ਚਲਿ ਆਏ' ॥੫੪॥ ਬਿਸਮਨੋ ਦਸਤਗੀਰ ਸੁਤ ਸੁਨਿਕੈ । ਅਤਿਸੈ ਅਚਰਜ ਕੋ ਮਨ ਗੁਨਿਕੈ । ਕਹਿਨ ਲਗਨੋ 'ਹੇ ਪਿਤਾ! ਸੁਨੀਜੈ।ਇਹੁ ਦਰਵੇਸ਼ ਖ਼ੁਦਾਇ ਲਖੀਜੈ ॥੫੫॥ ਤੁਮ ਤੇ ਕਹਨੋ ਕਿ ਤੂਰਨ ਆਏ। ਕਿਤੇ ਸਹਸ[7] ਹਮ ਬਰਖ ਬਿਤਾਏ। ਲੱਖ ਪਤਾਲ ਅਕਾਸ਼ ਦਿਖਾਏ। ਬਹੁਰੋ ਓੜਕ ਹਾਥ ਨ ਆਏ ॥੫੬॥ ਗਯੋ ਹਾਰ ਅਵਲੋਕਨੋ ਜਬਹੀ[8]। ਕਹਿ ਕਰਿ ਮੈਂ ਹਟਿ ਆਵਾ ਤਬਹੀ। ਜਹਿਂ ਕਹਿਂ ਸੰਗਤਿ ਇਨਕੀ ਦੇਖੀ। ਪਦ ਪੂਜਹਿ ਕਰਿ ਪ੍ਰੀਤਿ ਵਿਸ਼ੇਖੀ'।॥੫੭॥ਦਸਤਗੀਰ ਸੁਨਿ

[1](ਪੀਰ ਦਾ ਪੁੱਤ੍ਰ) ਵਿਆਕੁਲ ਹੋ ਗਿਆ । [2]ਅਕਾਸ਼ਾਂ ਤੇ । [3]ਕੜਾਹ ਪ੍ਰਸ਼ਾਦਿ । [4]ਦੀਵੇ ਬਾਲਕੇ । [5]ਉਸਤਤਿ । [6]ਠੂਠਾ । [7]ਕਈ ਹਜ਼ਾਰ । (ਅ) ਕਈ ਸਦੀਆਂ । [8]ਜਦ ਦੇਖੇ ।

Sri Satguru Jagjit Singh Ji eLibrary NamdhariElibrary@gmail.com

ਅਦਭੁਤ ਬਾਨੀ॥ਬਿਸਮ ਰਹ੍ਯੋ—ਕਛੁ ਜਾਤਿ ਨ ਜਾਨੀ। ਇਹ ਠਾਂ ਘਟਿਕਾ[1] ਬੀਤੀ ਦੋਊ। ਬੈਠੇ ਰਹੇ ਉਠੇ ਨਹਿਂ ਕੋਊ ॥ ੫੮ ॥ ਬਰਖ ਅਗਨ[2]* ਇਹ ਕਹਿਤਿ ਬਿਤਾਏ। ਲਾਖ ਪਤਾਲ ਅਕਾਸ਼ ਦਿਖਾਏ—।ਸਭਿ ਬਿਧਿ ਲਖਿਕੈ ਬਾਤ ਅਸੰਭ[3]।ਮਾਨਿ ਰਹ੍ਯੋ ਮਨ ਪੀਰ ਅਚੰਭ॥੫੯॥ਰਿਦੈ ਬਿਚਾਰ ਕੀਨ ਚਿਰ ਤਾਈਂ।—ਸਭਿ ਪੀਰਨ ਮਹਿਂ ਮੋਰ ਬਡਾਈ। ਅਜ਼ਮਤ[4] ਮਾਂਹੀ ਮੋਹਿ ਸਮਾਨਾ॥ ਜਗਤ ਬਿਖੇ ਕੋ ਪਿਖੋਂ ਨ ਆਨਾ॥੬੦॥ਸਭਿ ਹੀ ਆਨ[5]ਮਾਨਿਹੈਂ ਮੋਰੀ। ਦੇਸ਼ ਨਿਵਾਏ ਪਗ ਕਰਿ ਜੋਰੀ। ਮਮ ਅਜ਼ਮਤ[4] ਲੇਸ਼[6] ਨ ਇਸ ਆਗੈ। ਮੇਰੁ[7] ਨਿਕਟਿ ਜਿਉਂ ਰੈਰਕ[8] ਲਾਗੈ ॥੬੧॥ ਇਹੁ ਤੌ ਮਾਨੁਖ ਤਨੁ ਨਹਿ ਹੋਈ। ਅਹੈ ਖ਼ੁਦਾਇ ਧਰ੍ਯੋ ਤਨ ਸੋਈ। ਇਸ ਕੀ ਸਰਬਰ ਹੋਇ ਨ ਕੋਊ। ਬੰਦਨ ਬਨੈ ਬੋਦਿ ਕਰ ਦੋਊ[9]—॥ ੬੨ ॥ ਅਸ ਬਿਚਾਰਿਕੈ ਪਾਇਨ ਪਰਿਓ।ਉਰਕੇ ਸਕਲ ਗਰਬਪਰਹਰਿਓ।ਸਭਿ ਮੁਰੀਦ ਕੋ ਗਿਰਾ ਅਲਾਈ। 'ਪਗ ਲਗ ਲੇਹੁ ਖ਼ਤਾ ਬਖ਼ਸ਼ਾਈ ॥ ੬੩ ॥ ਇਸ ਕੋ ਮਾਨੁਖ ਤਨ ਨਹਿਂ ਜਾਨੋ। ਅਲਹਿ ਖ਼ੁਦਾਇ ਸਰੂਪ ਪਛਾਨੋ'। ਲੋਗਨ ਸੁਨਿ ਨਿਯੋਗ[10] ਨਿਜ ਪੀਰ॥ਨਿਸ਼ਚੈ ਜਾਨ੍ਯੋ ਗੁਨੀ ਗਹੀਰ[11]॥੬੪॥ ਪਾਇਨ ਆਇ ਉਤਾਇਲ ਪਰੇ। ਨਾਨਾ ਬਿਧਿਨਿ ਉਪਾਇਨ[12] ਧਰੇ। ਉਤਰੀ ਅਧੋ[13] ਭੁਜਾ ਸਭਿ ਹੀ ਕੀ। ਭਈ ਅਗਾਰੀ ਬਿਧਿ ਜਿਉਂ ਨੀਕੀ ॥੬੫॥ ਤਿਹ ਛਿਨ ਸ਼ਰਧਾ ਬਧੀ ਮਹਾਨ॥ਪੂਜਨ ਲਗ੍ਯੋ ਸਰਬ ਤੁਰਕਾਨਾ। ਪ੍ਰਭੁ ਸਭਿ ਕੋ ਦੀਨੋ ਉਪਦੇਸ਼॥ 'ਸਤਿਨਾਮ ਸਿਮਰਹੁ ਜਗਤੇਸ਼ਾ ॥੬੬॥ ਪੱਖ ਬਾਦ ਕੋ ਭੂਲ ਨ ਕਰੀਏ।

---

[1]ਘੜੀਆਂ। [2]ਅਨਗਿਣਤ। [3]ਅਸੰਭਵ। [4]ਕਰਾਮਾਤ। [5]ਈਨ। [6]ਰਤੀ ਭੀ। [7]ਸੁਮੇਰੁ ਪਰਬਤ। [8]ਕਿਣਕਾ ਰੇਤ ਦਾ। [9]ਨਮਸਕਾਰ ਕਰਨੀ ਬਣਦੀ ਹੈ ਜੋੜਕੇ ਹਥ ਦੋਵੇਂ। [10]ਆਗਯਾ। [11]ਗੁਣਾਂ ਦਾ ਸਮੁੰਦਰ। [12]ਕਈ ਤਰ੍ਹਾਂ ਦੀ ਭੇਟਾ। [13]ਹੇਠ।

*ਇਹ ਕਿਨਾਯਾ ਦੱਸਦਾ ਹੈ ਕਿ ਕਵਿ ਜੀ ਕਾਲ ਨੂੰ ਸਦਾ, ਅਟੱਲ (Absolute) ਨਹੀਂ ਮੰਨ ਰਹੇ, ਜੋ ਕਿਸੇ ਹਾਲਤ ਕਿਸੇ ਦੇ ਅੰਤਹਕਰਣ ਨੂੰ ਬਰਸਾਂ ਜਾਪਦਾ ਹੈ ਸੋ ਕਿਸੇ ਨੂੰ ਕਿਸੇ ਹਾਲਤ ਘੜੀਆਂ ਜਾਪਦਾ ਹੈ। ਜਿੱਥੇ ਪੀਰ ਦਾ ਪੁੱਤ੍ਰ ਗਿਆ ਸੀ ਓਥੇ ਭੂਤ ਭਵਿੱਖਤ ਵਰਤਮਾਨ ਤ੍ਰੈ ਰੰਗਾਂ ਵਿਚ ਛਿੰਨ ਹੋਇਆ ਕਾਲ ਨਹੀਂ ਸੀ, ਪਰ ਚਿਤ ਬ੍ਰਿਤੀ ਪੀਰ ਪੁੱਤ੍ਰ ਦੀ ਅਪਣੇ ਏਥੋਂ ਦੇ ਤਜਰਬੇ ਮੂਜਬ ਓਥੇ ਬਰਸਾਂ ਬੀਤਦੇ ਗਿਣ ਰਹੀ ਸੀ। ਪਰ ਪੀਰ ਦੀ ਚਿੱਤ ਬ੍ਰਿਤੀ ਨੂੰ ਜੋ ਤ੍ਰੈਕਾਲ ਦੇ ਦੇਸ਼ ਬੈਠਾ ਸੀ ਦੋ ਘੜੀਆਂ ਜਾਪੀਆਂ। ਕਾਲ (ਐਬਸੋਲਯੂਟ) ਸਦਾ, ਅਟੱਲ ਨਹੀਂ ਹੈ। ਇਕ ਉੱਚਾਂ ਗਣਿਤ ਵਿੱਦਯਾ ਨਾਲ ਹੁਣ ਜਰਮਨ ਦੇ ਇਕ ਪੰਡਿਤ ਆਇਨਸਟੈਨ ਨੇ ਸਾਬਤ ਕਰ ਦਿੱਤਾ ਹੈ ਕਿ ਦੇਸ਼ (Space) ਦੀ ਚੌਥੀ ਲੰਬਾਈ ਹੀ ਆਪਣੇ ਆਪ ਨੂੰ ਏਥੇ 'ਕਾਲ' (Time) ਵਿਚ ਦਿਖਾ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

ਇਕ ਖ਼ੁਦਾਇ ਸਭਿ ਬਿਖੈ ਨਿਹਰੀਏ। ਕਰਹੁ ਜਿ ਦਿਢ ਅਸ ਬਿਧਿ ਅਭ੍ਯਾਸਾ। ਪ੍ਰਾਪਤਿ ਹੋਇ ਮੁਕਤਿ ਸੁਖ ਰਾਸਾ'॥੬੭॥ ਕਿਤਿਕ ਦਿਵਸ ਗੁਰ ਤਹਾਂ ਗੁਜ਼ਾਰੇ*। ਦੇ ਉਪਦੇਸ਼ ਅਧਿਕ ਨਰ ਤਾਰੇ। ਬਹੁਰ ਗਵਨ ਕੀ ਕੀਨੀ

*ਸਭ ਤੋਂ ਪੁਰਾਣਾ ਪਤਾ ਬਗ਼ਦਾਦ ਸਤਿਗੁਰੂ ਜੀ ਦੇ ਜਾਣ ਦਾ ਭਾਈ ਗੁਰਦਾਸ ਜੀ ਨੇ ਵਾਰ ੧ ਪੌੜੀ ੩੫, ੩੬ ਵਿਚ ਦੱਸਿਆ ਹੈ, ਸਤਿਗੁਰੂ ਜੀ ਨੇ ਬਾਂਗ ਦੇਕੇ ਸਾਰੀ ਨਗਰੀ ਨੂੰ ਸੁੰਨ ਕਰ ਦਿੱਤਾ, ਜਿਸ ਤੋਂ ਹੈਰਾਨਗੀ ਹੋਈ ਤੇ ਪੀਰਾਂ ਨੇ ਆ ਤਕਰਾਰ ਕੀਤੇ। ਹੈਰਾਨੀ ਤੇ ਤਕਰਾਰ ਦੱਸਦੇ ਹਨ ਕਿ ਬਾਂਗ ਸਤਿਗੁਰੂ ਜੀ ਨੇ ਮੁਸਲਮਾਨਾਂ ਵਾਲੀ ਨਹੀਂ ਪਰ ਆਪਣੀ ਦਿੱਤੀ, ਮੁਸਲਮਾਨੀ ਦੇ ਘਰ ਵਿਚ ਤੇ ਮੁਸਲਮਾਨੀ ਪੱਖ ਦੇ ਕੇਂਦਰ ਵਿਚ ਇਹ ਕੁਛ ਕਰਨਾ ਬੜਾ ਅਚਰਜ ਹੈ। ਫਿਰ ਪੀਰ ਨੇ ਆਕੇ ਬਹਿਸ ਕੀਤੀ, ਲੱਖਾਂ ਅਕਾਸ਼ ਪਤਾਲ ਦੇ ਵਿਸ਼ੇ ਉੱਤੇ ਬਹਿਸ ਹੋਕੇ ਪ੍ਰਤੱਖ ਨਜ਼ਾਰੇ ਦਿਖਾ ਕੇ ਬਾਬੇ ਨੇ ਫਤੇ ਪਾਈ। ਇਸੇ ਪੀਰ ਦਾ, ਜਿਸ ਨਾਲ ਬਹਿਸ ਹੋਈ, ਦਸਤਗੀਰ ਪਤਾ ਦਿੱਤਾ ਹੈ। ਦਸਤਗੀਰ ਖ਼ਿਤਾਬ ਸੀ ਅਬਦੁਲ ਕਾਦਰ ਜੀਲਾਨੀ ਦਾ। ਇਸ ਦੇ, ਕਹਿੰਦੇ ਹਨ, ਇਕ ਸੌ ਦੇ ਲਗ ਪਗ ਨਾਮ ਸਨ। ਭਾਈ ਗੁਰਦਾਸ ਜੀ ਦਸਤਗੀਰ ਕਹਿਕੇ ਉਸ ਗਦੀ ਦੇ ਤਿਸ ਵੇਲੇ ਦੇ ਪੀਰ ਵੱਲ ਇਸ਼ਾਰਾ ਕਰ ਰਹੇ ਹਨ। ਇਹ ਗੱਦੀ ਹੁਣ ਤਕ ਬਗ਼ਦਾਦ ਵਿਚ ਹੈ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਇਸ ਬਾਂਗ ਦੀ, ਜੋ ਗੁਰੂ ਬਾਬੇ ਨੇ ਦਿੱਤੀ ਸੀ, ਇਹ ਇਬਾਰਤ ਦੱਸੀ ਹੈ:–'ਗੁਰਬਰ ਅਕਾਲ, ਸਤਿ ਸ੍ਰੀ ਅਕਾਲ, ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ, ਪ੍ਰਭ ਕ੍ਰਿਪਾਲ ਜੋ ਸਰਬ ਜੀਵਾਲ ॥'

ਸ੍ਵੀਡਨ ਨਾਰਵੇ ਵਿਚ ਵੱਸਦੇ ਸੰਨਯਾਸੀ ਸ੍ਰੀ ਆਨੰਦਾ ਚਾਰਯਾ ਨੇ ਆਪਣੀ ਕਿਤਾਬ 'ਸਨੋ ਬਰਡਜ਼' (Snow Bird) ਵਿਚ ਇਕ ਕਵਿਤਾ ਲਿਖੀ ਹੈ, ਜੋ ਉਹ ਲਿਖਦੇ ਹਨ ਕਿ ਬਗ਼ਦਾਦ ਸ਼ਹਿਰ ਦੇ ਬਾਹਰ ਵਾਰ ਇਕ ਮੰਦਰ ਵਿਚ ੯੧੨ ਹਿਜਰੀ ਦੇ ਇਕ ਅਰਬੀ ਦੇ ਖ਼ੁਤਬੇ (Inscription) ਨੂੰ ਪੜ੍ਹਕੇ ਅਸਾਂ ਲਿਖੀ ਹੈ। ਉਸ ਖੁਤਬੇ ਦੀ ਇਬਾਰਤ ਆਪ ਨੇ ਐਉਂ ਦੱਸੀ ਹੈ:–

'ਏਥੇ ਬਚਨ ਕੀਤੇ ਹਿੰਦੂ ਫਕੀਰ ਗੁਰੂ ਨਾਨਕ ਨੇ ਫਕੀਰ ਬਹਿਲੋਲ ਨਾਲ, ਅਤੇ ਏਹ ਸੱਠ ਸਿਆਲੇ, ਜਦ ਤੋਂ ਕਿ ਗੁਰੂ ਜੀ ਈਰਾਨ(ਇਰਾਕ) ਤੋਂ ਵਾਪਸ ਚਲੇ ਗਏ, ਬਹਿਲੋਲ ਦੀ ਰੂਹ ਮਾਲਿਕ (ਭਾਵ ਗੁਰੂ ਨਾਨਕ) ਦੇ ਬਚਨਾਂ ਤੇ ਟਿਕੀ ਰਹੀ ਜਿਵੇਂ ਮਧੂ ਭਰੇ ਪਹੁ ਪ੍ਰਕਾਸ਼ ਨਾਲ ਚਮਕੇ ਗੁਲਾਬ ਉੱਤੇ ਸ਼ਹਿਦ ਦੀ ਮੱਖੀ ਟਿਕੀ ਹੁੰਦੀ ਹੈ।'

ਉਸ ਦੇ ਆਪਣੇ ਅੰਗ੍ਰੇਜ਼ੀ ਲਫਜ਼ ਐਉਂ ਹਨ:–

On reading an Arabic Inscription in a Shrine outside the town of Baghdad, dated 912 Hajira.

And ere he left this House of Ignorance he wrote these words upon the stone: "Here spake the Hindu Guru Nanak to Fakir Balol, and for these sixty winters, since the Guru left Iran, the soul of Balol, has rested on the Master's word like a bee poised on a dawn-lit honey-rose".

ਬਹਿਲੋਲ ਗ਼ਾਲਬਨ ਬਹਿਲੋਲ ਦਾਨਾ ਦੀ ਗੱਦੀ ਦਾ ਜਾਨਸ਼ੀਨ ਸੀ, ਪਰ ਇਹ ਕੋਈ ਹੋਰ ਬਹਿਲੋਲ ਹੋਣਾ ਵਧੇਰੇ ਅਗ਼ਲਬ ਹੈ। ਪਰ ਇਸ ਵਿਸ਼ੇ ਪਰ ਖੋਜ ਦੀ ਲੋੜ ਹੈ ਤੇ ਉਸ ਥਾਂ ਦੀ ਬੀ ਖੋਜ ਦੀ ਲੋੜ ਹੈ ਜਿੱਥੇ ਬੈਠਕੇ ਏਸ ਨਾਲ ਬਚਨ ਹੋਏ ਤੇ ਇਹ ਖ਼ੁਤਬਾ ਲਗਾ।

ਖਾਲਸਾ ਸਮਾਚਾਰ ੪ ਜੁਲਾਈ ੧੯੧੮ ਵਿਚ ਲਿਖਿਆ ਹੈ ਕਿ 'ਭਾਈ ਕਰਮ ਸਿੰਘ ਜੀ (ਹਿਸਟੋਰੀਅਨ) ਨੇ ਲੜਾਈ ਤੋਂ ਪਹਿਲਾਂ ਬਗ਼ਦਾਦ ਨੂੰ ਦੇਖਿਆ ਸੀ, ਉਨ੍ਹਾਂ ਨੇ ਅਬਦੁਲ ਕਾਦਰ ਜੀਲਾਨੀ

[ਬਾਕੀ ਨੂਟ ਦੇਖੋ ਅਗਲੇ ਪੰਨੇ ਦੇ ਹੇਠਾਂ]

Sri Satguru Jagjit Singh Ji eLibrary NamdhariElibrary@gmail.com

ਤ੍ਰਸਾਰੀ। ਨਮਸਕਾਰ ਤਿਹ ਚਰਨ ਹਮਾਰੀ ॥ ੬੮ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਬਗ਼ਦਾਦ ਕੇ ਪ੍ਰਸੰਗ' ਬਰਨਨੰ ਨਾਮ ਚੌਤੀਸਮੋ ਅਧਯਾਯ ॥ ੩੪ ॥

[ਪਿਛਲੇ ਪੰਨੇ ਦੀ ਬਾਕੀ ਟੂਕ]

ਦੇ ਦਰਵਾਜ਼ੇ ਤੋਂ ਬਾਹਰ, ਜੋ ਸ਼ਹਿਰ ਤੋਂ ਪੂਰਬੋਤਰ ਵੱਲ ਹੈ–ਇੱਥੇ ਗੁਰੂ ਨਾਨਕ ਸਾਹਿਬ ਜੀ ਨੇ ਰਿਹਾਇਸ਼ ਰੱਖੀ ਸੀ–ਦਾ ਪਤਾ ਦਿੱਤਾ ਸੀ।'

ਹੁਣ ਬਗ਼ਦਾਦ ਤੋਂ ਪਤਾ ਕਰਨ ਤੇ ਸਾਨੂੰ ਇਕ ਹੋਰ ਸੂੱਧ ਆਈ ਹੈ ਕਿ ਸ਼ਹਿਰੋਂ ਪੱਛੋਂ ਨੂੰ ਮੀਲ ਕੁ ਦੀ ਵਿੱਥ ਤੇ ਰੇਲਵੇ ਲਾਈਨ 'ਬਗ਼ਦਾਦ ਸਾਮੱਰਾ ਰੇਲਵੇ' ਦੇ ਲਾਗੇ ਇਕ ਨਿਸ਼ਾਨ ਅਜੇ ਤਕ ਕਾਇਮ ਹੈ, ਉਥੇ ਇਕ ਚਾਰ ਦੀਵਾਰੀ ਹੈ। ਜਿਸ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਥੜ੍ਹਾ ਹੈ। ਜਿਸ ਥੜ੍ਹੇ ਦੇ ਉਪਰ ਇਕ ਬਾਰੀ ਹੈ ਤੇ ਉਸ ਬਾਰੀ ਵਿਚ ਪੱਥਰ ਪਰ ਉਕਰਿਆ ਇਕ ਖ਼ੁਤਬਾ ਲਗਾ ਹੋਇਆ ਹੈ। ਉਸ ਚਾਰਦੀਵਾਰੀ ਦੀ ਸ਼ਕਲ ਇਸ ਤਰ੍ਹਾਂ ਦੀ ਹੈ

ਨਕਸ਼ਾ ਚਾਰ ਦੀਵਾਰੀ

ਸ੍ਰੀ ਗੁਰ ਨਾਨਕ ਅਸਥਾਨ ਬਗ਼ਦਾਦ



ਇਸ ਵਿਚ ਲਗੇ ਖ਼ੁਤਬੇ ਦੀਆਂ ਫੋਟੋ ਕਈ ਸੱਜਣ ਲਿਆਏ ਹਨ ਜੋ ਠੀਕ ਪੜ੍ਹੀਆਂ ਨਹੀਂ ਜਾਂਦੀਆਂ, ਅਸਾਂ ਨੇ ਇਸ ਦੀ ਤਾਜ਼ੀ ਫੋਟੋ ਤੇ ਨਕਲ ਬਗ਼ਦਾਦ ਤੋਂ ਮੰਗਾਈ ਹੈ। ਇਹ ਖ਼ੁਤਬਾ ਰਲੀ ਹੋਈ ਤੁਰਕੀ ਤੇ ਅਰਬੀ ਜ਼ਬਾਨ ਵਿਚ ਹੈ, ਇਸ ਖ਼ੁਤਬੇ ਦੀ ਇਬਾਰਤ ਦਾ ਉਰਦੂ ਤਰਜਮਾ ਇਹ ਹੈ:–

(ਜਬ) ਮੁਰਾਦ ਨੇ ਦੇਖੀ ਗਿਰੀ ਹੁਈ ਹਜ਼ਰਤ ਰੱਬਿ ਮਜੀਦ 'ਬਾਬਾ ਨਾਨਕ ਔਲੀਆ ਅੱਲਾ' ਕੀ ਇਮਾਰਤ ਤੋ ਨਈ ਅਪਨੇ ਹਾਥੋਂ ਕੀ ਮਦਦ ਸੇ ਬਨਾਈ ਤਾਕਿ ਤਾਰੀਖ ਕੇ ਤੌਰ ਪਰ ਪੁਸ਼ਤ ਦਰ ਪੁਸ਼ਤ ਕਾਇਮ ਰਹੇ ਔਰ ਉਸ ਕੇ ਨੇਕ ਬਖ਼ਤ ਮੁਰੀਦ ਕਾ ਸ੍ਵਾਬ ਜਾਰੀ ਰਹੇ। ਸੰਨ ੯੧੭ ਹਿ:।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

Sri Satguru Jagjit Singh Ji eLibrary NamdhariElibrary@gmail.com

੩੫. [ਗੁਰ ਜਸ ਪ੍ਰਤਾਪ । ਮਰਦਾਨੇ ਦਾ ਅੰਤ, ਅਚਲ ਵਟਾਲੇ, ਸੱਜਣ, ਸ਼ਹਜ਼ਾਦਾ]

ਦੋਹਰਾ ॥ ਸ੍ਰੀ ਗੁਰ ਜਸ ਕਮਲਨ ਬਨੀ ਮਨ ਕਰਿ ਭੌਰ ਲੁਭਾਇ।
ਨਿਸ ਦਿਨ ਬਿਚਰਹੁ ਤਾਸ ਮਹਿਂ ਗਤਿ ਸੁਗੰਧਿ ਸ਼ੁਭ ਪਾਇ ॥੧॥

{ਬਨੀ=ਬਨ ਵਰਗੀ, ਬਨ ਦਾ ਹਿੱਸਾ, ਬਾਗ਼, ਬਗ਼ੀਚੀ। ਗਤਿ=ਮੁਕਤੀ।}

[ਪਿਛਲ ਪੰਨੇ ਦੀ ਬਾਕੀ ਟੂਕ]

ਇਸ ਅਰਬੀ ਤੁਰਕੀ ਖ਼ੁਤਬੇ ਦੀ ਫੋਟੋ ਇਹ ਹੈ:-

ਇਸ ਦੇ ਉਪਰ ਦਿਤੇ ਤਰਜਮੇ ਪਰ ਵੀ ਕੁਛ ਰਾਇ ਦਾ ਫਰਕ ਹੈ* ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

*ਇਸ ਤੋਂ ਮਗਰੋਂ ਵਿਸ਼ੇਸ਼ ਧ੍ਯਾਨ ਕਰਨ ਤੇ ਪਤਾ ਲੱਗਾ ਹੈ ਕਿ ਇਕ ਤਰਜਮਾ ਹੋਰ ਇਸੇ ਖ਼ਤਬੇ ਦਾ ਐਉਂ ਹੈ:—
ਦੇਖੋ ਜਿਸ ਨੇ ਹਜ਼ਰਤ ਬਾਬਾ ਨਾਨਕ ਫਕੀਰ ਦੀ ਦਰਗਾਹ ਰੱਬ ਮਜੀਦ ਨੇ ਉਸ ਨੂੰ ਉਸ ਦੇ ਦਿਲ ਦੀ ਮੁਰਾਦ ਦਿੱਤੀ ਤੇ ਸੱਤਾਂ (ਅਸਮਾਨਾਂ ਦੇ ਫਰਿਸ਼ਤਿਆਂ ਨੇ ਉਸ ਦੀ) ਮਦਦ ਕੀਤੀ, ਤੇ ਇਹ ਉਸ (ਇਮਾਰਤ) ਦੀ ਤਾਰੀਖ਼ ਨਿਕਲੀ ਕਿ "ਫੇਰ ਦਾ ਚਸ਼ਮਾ (ਆਪਣੇ) ਨੇਕ ਬਖ਼ਤ ਮੁਰੀਦਾਂ ਲਈ ਜਾਰੀ ਕਰ ਦਿੱਤਾ।" ਤੇ ਇਕ ਹੋਰ ਤਰਜਮਾ ਐਉਂ ਹੈ: —
ਵੇਖੋ ਹਜ਼ਰਤ ਰੱਬ ਮਜੀਦ ਨੇ ਕਿਵੇਂ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਇਮਾਰਤ ਅੱਵਲਦੋਂਤ ਨਵੀਂ ਬਣ ਗਈ ਸੱਤਾਂ ਪੀਰਾਂ ਨੇ ਮਦਦ ਕੀਤੀ ਤੇ ਇਹ ਇਸ ਦੀ ਤਾਰੀਖ਼ ਨਿਕਲੀ ਕਿ (ਉਸ ਦੇ) "ਨੇਕ ਬਖ਼ਤ ਮੁਰੀਦ ਦੀ ਰਵਾਯਤ ਨਾਲ ਚਸ਼ਮੀ ਤੇ ਖ਼ੁਸ਼ਨੀਰ ਜਾਂ ਕਾਇਮ ਹੋ ਗਈ।"

ਇਸ ਖ਼ੁਤਬੇ ਦੀ ਇਬਾਰਤ ਅਰਬੀ ਫਾਰਸੀ ਤੇ ਤੁਰਕੀ ਮਿਲੀ ਹੋਈ ਹੋਣ ਕਰਕੇ ਅਰਥ ਕਰਨ ਵਿਚ ਘਣੀ ਔਕੜ ਪੇਸ਼ ਆਉਂਦੀ ਹੈ, ਇਸ ਦੀ ਤੀਜੀ ਸਤਰ ਦਾ ਪਾਠ ਹੈ: 'ਯਦੀ ਕਰ ਇਮਦਾਦ ਓਲਦੀ ਕਿਲਦੀ ਕਿ ਤਾਰੀਖ਼ਨਾ"। ਇਸ ਦੇ ਮੁੱਢਲਾ ਪਦ 'ਯਦੀ' ਤੁਰਕੀ ਹੈ ਤੇ ਅਰਥ ਇਸ ਦਾ ਸੱਤ' ਹੈ ਤੇ 'ਸੱਤਾਂ ਨੇ ਮਦਦ ਕੀਤੀ' ਦਾ ਸਾਫ ਅਰਥ ਕਈ ਲੈਂਦੇ ਹਨ ਕਿ 'ਸੱਤਾਂ ਪੀਰਾਂ ਨੇ ਮਦਦ ਕੀਤੀ', ਜਾਂ 'ਸੱਤਾਂ ਅਸਮਾਨਾਂ ਦੇ ਫਰਿਸ਼ਤਿਆਂ ਨੇ ਮਦਦ ਕੀਤੀ', ਯਾ 'ਸੱਤਾਂ ਜ਼ਿਮੀਆਂ ਤੇ ਸੱਤਾਂ ਅਸਮਾਨਾਂ ਨੇ ਮਦਦ ਕੀਤੀ'।

ਇਸੇ ਸਤਰ ਦੇ ਅੰਤਲੇ ਪਦ 'ਤਾਰੀਖ਼ਨਾ' ਤੋਂ ਪਤਾ ਲਗਦਾ ਹੈ ਕਿ ਅਗਲੀ ਸਤਰ ਵਿਚ ਤਾਰੀਖ਼ ਅਬਜਦ ਸੰਮਤ ਹੈ, ਅਗਲੀ ਚੌਥੀ ਸਤਰ ਦਾ ਪਾਠ ਹੈ— "ਯਾਪਦੀ ਨਵਾਬ ਅਸਤਾ ਯਕਹ ਆਬੀ ਮੁਰੀਦ ਸਈਦ।"

ਅਬਜਦ ਦੇ ਹਿਸਾਬ ਨਾਲ ਇਹਨਾਂ ਪਦਾਂ ਦੀ ਗਿਣਤੀ ਤਰਤੀਬ ਵਾਰ ੨੭+੫੯+੨੦੫+੨੧੫ ੧੪+੨੫੪+੧੪੦=੯੧੭ ਬਣਦੀ ਹੈ, ਜੋ ਖ਼ੁਤਬੇ ਦੇ ਹੇਠ ਲਿਖੇ ਸੰਮਤ ਨਾਲ ਮਿਲਦੀ ਹੈ।

Sri Satguru Jagjit Singh Ji eLibrary NamdhariElibrary@gmail.com

ਅਰਥ—ਸ੍ਰੀ ਗੁਰੂ ਜੀ ਦਾ ਜਸ ਕਮਲਾਂ ਦੀ ਵਾੜੀ ਹੈ (ਇਸ ਉੱਤੇ) ਮਨ ਨੂੰ ਭੌਰੇ ਵਾਂਙੂ ਲੁਭਾਇਮਾਨ ਕਰਕੇ ਦਿਨ ਰਾਤ ਉਸ (ਵਾੜੀ) ਵਿਚ ਵਿਚਰੇ, ਤਾਂ ਮੁਕਤੀ ਰੂਪੀ ਸੁਹਣੀ ਸੁਗੰਧੀ ਪ੍ਰਾਪਤ ਹੋ ਜਾਂਦੀ ਹੈ।

ਸ੍ਰੀ ਬਾਲਾ ਸੰਧੁਰ ਵਾਚ॥ ਚੌਪਈ॥ ਸ੍ਰੀ ਅੰਗਦ! ਸੁਨਿ ਕਥਾ ਮਹਾਨਾ। ਸ੍ਰੀ ਗੁਰ ਸੋਂ ਬੋਲਯੋ ਮਰਦਾਨਾ। 'ਅਬ ਤੌ ਕੀਨੀ ਸੈਲ ਘਨੇਰੀ। ਫਿਰੇ ਜਹਾਂ ਤਹਿਂ ਛਿਤ ਬਹੁ ਹੇਰੀ ॥੨॥ ਗਮਨ ਕਰਹੁ ਅਬਿ ਅਪਨਿ ਨਿਕੇਤਾ'। ਸੁਨਿ ਬੋਲੇ ਬੇਦੀ ਕੁਲਕੇਤਾ। 'ਮਰਦਾਨੇ! ਘਰ ਯਾਦ ਤੁਮਾਰੇ। ਰਹਿਤਿ ਸਦਾ, ਨਹਿਂ ਕਰਹੁ ਬਿਸਾਰੇ ॥ ੩ ॥ ਜਾਵਨ ਕੀ ਅਤਿ ਚਾਹਿ ਜਿ ਹੋਹੀ। ਦੇਹਿ ਪੁਚਾਇ ਬਿਲਮ ਬਿਨੁ ਤੋਹੀ। ਜਾਇ ਮਿਲਹੁ ਅਪਨੇ ਪਰਵਾਰਾ। ਬਨਿਤਾ ਸੁਤ ਸੋਂ

(ਪਿਛਲੇ ਪੰਨੇ ਦੀ ਬਾਕੀ ਟੂਕ)

ਸੰਨ ਜੋ ਖੁਤਬੇ ਵਿਚ ਹੈ, ਉਹ ੯੧੭ ਹਿ: ਪੜ੍ਹਿਆ ਜਾਂਦਾ ਹੈ, ਏਕੇ ਵਿਚ ਰਤਾ ਟੇਢ ਹੋਣ ਕਰਕੇ ਉਹ ੯੨੭ ਹਿ: ਬੀ ਖਿਆਲ ਪੈ ਜਾਂਦਾ ਹੈ। ਸ੍ਵਾਮੀ ਆਨੰਦਾ ਚਾਰਯਾ ਨੇ ਜੋ ਖੁਤਬਾ ਪੜ੍ਹਿਆ ਉਹ ਅਰਬੀ ਦਾ ਦੱਸਦੇ ਹਨ, ਤੇ ਉਸ ਵਿਚ ਉਹਨਾਂ ਸੰਨ ੯੧੨ ਹਿਜਰੀ ਪੜ੍ਹਿਆ ਹੈ। ਅਜੇ ਤਕ ਪਤਾ ਨਹੀਂ ਲੱਗਾ ਕਿ ਓਹ ਖੁਤਬਾ ਕਿੱਥੇ ਹੈ, ਹੈ ਯਾ ਕਿਤੇ ਢੇ ਗਿਆ ਪਿਆ ਹੈ। ਯਾ ਉਹਨਾਂ ਨੇ ਇਹੋ ਖੁਤਬਾ ਵੇਖਿਆ ਸੀ ਤੇ ਹਿਜਰੀ ਸੰਮਤ ੯੧੭ ਦਾ ੯੧੨ ਉਹਨਾਂ ਨੇ ਪੜ੍ਹ ਲਿਆ ਸੀ। ਹਰ ਹਾਲ ਗੁਰ ਨਾਨਕ ਦੇਵ ਜੀ ਦੀ ਉਮਰ ੯੧੨ ਹਿਜਰੀ ਵਿਚ ੩੬, ੯੧੭ ਹਿ: ਵਿਚ ੪੧, ੯੨੭ ਹਿ: ਵਿਚ ੫੧ ਸਾਲ ਦੀ ਸੀ। ਸੰਭਵ ਹੈ ਕਿ ਗੁਰੂ ਜੀ ੯੧੩ ਤੋਂ ੯੧੭ ਤਕ ਪੰਜ ਬਰਸ ਬਗ਼ਦਾਦ ਤੇ ਮੱਕੇ ਦੇ ਸਿਲੇ ਵਿਚ ਰਹੇ ਹੋਣ। ੯੧੨ ਵਿਚ ਬਹਿਲੋਲ ਨੂੰ ਤੇ ੯੧੭ ਵਿਚ ਦਸਤਗੀਰ ਨੂੰ ਕ੍ਰਿਤਾਰਥ ਕੀਤਾ ਹੋਵੇ। ਖੋਜ ਦੀ ਲੋੜ ਹੈ।

ਇਸ ਖੁਤਬੇ ਦਾ ਚਾਹੇ ਅਰਥ ਕੋਈ ਠੀਕ ਹੋਵੇ ਤੇ ਕਿਵੇਂ ਹੋਵੇ ਪਰ ਇਸ ਤੋਂ ਇਕ ਹੋਰ ਬਾਹਰਲੀ ਉਗਾਹੀ ਮਿਲ ਗਈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਓਥੇ ਜ਼ਰੂਰ ਗਏ ਹਨ ਅਰ ਓਥੇ ਮੁਸਲਮਾਨੀ ਕੇਂਦ੍ਰ ਵਿਚ ਜਿੱਥੇ ਹਿੰਦੂ ਦਾ ਨਾਮ ਲੈਣਾ ਗਰਦਨ ਜ਼ਦਨੀ ਹੁੰਦਾ ਸੀ, ਓਥੇ ਆਪ ਨੇ ਇਤਨੀ ਕਦਰ ਪਾਈ ਕਿ ਓਹਨਾਂ ਲਈ ਯਾਦਗਾਰ ਬਣਾਈ ਗਈ। ਫਿਰ ਓਥੇ ਓਹਨਾਂ ਦਾ ਸਤਿਕਾਰ ਐਤਨਾ ਸੀ ਕਿ ਉਸ ਇਮਾਰਤ ਦੇ ਕਿਸੇ ਕਾਰਣ ਮਿਸਮਾਰ ਹੋ ਜਾਣ ਤੇ ਮੁਰਾਦ (ਗ਼ਾਲਬਨ ਸੁਲਤਾਨ ਮੁਰਾਦ ੩) ਨੇ ਦੁਬਾਰਾ ਯਾਦਗਾਰ ਖੜੀ ਕੀਤੀ ਅਰ ਐਸਾ ਕਰਨ ਨੂੰ ਉਸ ਨੇ ਪੁੰਨ ਮੰਨਿਆਂ ਤੇ ਪੁਸ਼ਤ ਦਰ ਪੁਸ਼ਤ ਇਸ ਯਾਦਗਾਰ ਦੀ ਕਾਇਮੀ ਨੂੰ ਉਸ ਨੇ ਆਪਣੇ ਧੰਨ ਭਾਗ ਸਮਝੇ। ਮੁਸਲਮਾਨੀ ਦੀਨ ਦੇ ਮਰਕਿਜ਼ ਵਿਚ ਪੰਜ ਸਦੀਆਂ ਇਸ ਯਾਦਗਾਰ ਦਾ ਕਾਇਮ ਰਹਿਣਾ ਉਹ ਗਗਨੀ ਸਿਤਾਰਾ ਹੈ ਜੋ ਸਤਿਗੁਰ ਜੀ ਦੇ ਓਥੇ ਜਾਣ, ਦਿਗਵਿਜੈ ਕਰਨ, ਅਰ ਅਲੌਕਿਕ ਸਤਿਕਾਰ ਪ੍ਰਾਪਤ ਕਰਨ ਦੀ ਉਗਾਹੀ ਭਰ ਰਿਹਾ ਹੈ। ਸਾਡੇ ਲਈ ਤਾਂ ਭਾਈ ਗੁਰਦਾਸ ਜੀ ਦੀ ਉਗਾਹੀ ਹੀ ਕਾਫੀ ਹੈ, ਏਹ ਅਸਾਂ ਬਾਹਰਲੇ ਸਬੂਤ ਵਿਖਾਏ ਹਨ ਜੋ ਮਿਲੇ ਹਨ।

Sri Satguru Jagjit Singh Ji eLibrary NamdhariElibrary@gmail.com

ਕਰਹੁ ਪਯਾਰਾ' ॥ ੪ ॥ ਕਹਿ ਮਰਦਾਨਾ, 'ਸਹਿਜ ਸੁਭਾਇਕ । ਮੈਂ ਬੂਝੋ, ਸੁਨੀਏ ਸੁਖਦਾਇਕ ! ਪ੍ਰਥਮੇ ਜਾਉਂ ਨ ਸਦਨ ਮਝਾਰੇ । ਆਪ ਚਲਹੁ ਤੌ ਜਾਇੰ ਸੰਗਾਰੇ' ॥੫॥ ਸ੍ਰੀ ਗੁਰ ਬੋਲੇ ਸਹਿਜ ਸੁਭਾਇ । 'ਤੂੰ ਹਮ ਤੇ ਪਹਿਲੇ ਹੀ ਜਾਇੰ[1] । ਇਸਥਿਰ ਆਲਯ[2] ਲੇਹਿ ਸੰਭਾਰੁ । ਭਵ ਬੰਧਨ ਤੇ ਹ੍ਵੈ ਛੁਟਕਾਰੂ ॥੬॥ ਜਗ ਮਹਿ ਹੋਵਹਿ ਫੇਰ ਨ ਫੇਰਾ। ਜਨਮ ਮਰਨ ਦੁਖ ਮਿਟਿਗਾ ਤੇਰਾ'।ਜਾਨਤੋ–ਸਾਚ ਬਚਨ ਪ੍ਰਭੁ ਹੋਹੈ[3]–।ਬੋਲਤੋ ਮਰਦਾਨਾ ਹਨਿ ਮੋਹੈ[4] ॥੭॥ 'ਜਹਿ ਤਨ ਛੁਟੈ ਕੌਨ ਥਲ ਹੋਹੀ । ਰਹੀ ਆਰਬਲ ਕਿਤਨਿਕੁ ਮੋਹੀ ? ਰਾਵਰ ਕੇ ਹਿਰਦੇ ਸਭਿ ਗਯਾਤਾ।ਇਹੁ ਬਿਤਾਇ ਦੀਜੈ, ਸੁਖਦਾਤਾ !' ॥ ੮ ॥ 'ਭਲੋ ਸਥਲ ਜਾਨਹੁ, ਮਰਦਾਨਾ ! । ਜਹਾਂ ਹੋਇਗੋ ਤੋਰ ਚਲਾਨਾ । ਪੰਚ ਦਿਵਸ ਲੌ ਆਯੁਰ[5] ਤੇਰੀ । ਤੀਨ ਘਟੀ ਦਿਨ ਰਹਿ ਤਿਹ ਬੇਰੀ ॥ ੯ ॥ ਪੰਚ ਭੂਤਕ ਤਨ ਕੋ ਤਬ ਛੋਰਿ। ਪਹੁੰਚੋ ਜਾਇ ਅਚਲ ਜਹਿੰ ਠੌਰ'।ਬੂਝਨ ਲਗਾ ਬਹੁਰ ਮਰਦਾਨਾ । 'ਹੋਵਹਿ ਜਬ ਹੀ ਮੋਰ ਚਲਾਨਾ ॥ ੧੦ ॥ ਆਪ ਨਿਕਟ ਤੁਮ ਹੋਹੁ ਕਿ ਨਾਂਹੀ? ।ਇਹ ਜਾਨਨਿ ਕੀ ਮਮਚਿਤ ਚਾਹੀ !' ਸੁਨਿ ਬੋਲੇ ਬੇਦੀ ਕੁਲ ਦੀਪਾ । 'ਹਮ ਤਬ ਤੇਰੇ ਰਹੈਂ ਸਮੀਪਾ ॥ ੧੧ ॥ ਕਰਿ ਕੈ ਸਭਿ ਪ੍ਰਕਾਰ ਬਿਧਿ ਆਛੇ । ਅਪਰ ਥਾਨ ਗਮਨੈਂ ਤਬ ਪਾਛੇ'। ਸਭਿ ਬਿਧਿ ਸੋਂ ਕਹਿਕੈ ਜਗਸਾਈਂ। ਬਿਦਾ ਪੀਰ ਤੇ ਹ੍ਵੈ ਬਰਿਆਈ[6] ॥੧੨॥ ਮੰਦ ਮੰਦ ਮਗ ਮੈਂ ਪ੍ਰਸਥਾਨੇ। ਚਾਰ ਦਿਵਸ ਬੀਤੇ ਜਬ ਜਾਨੇ। ਸੁਪਨਾ ਇਕ ਬਿਲੋਕਿ ਮਰਦਾਨਾ । ਗਤਿਦਾਨੀ ਸੋਂ ਬਚਨ ਬਖਾਨਾ ॥ ੧੩ ॥ 'ਮੋਕਉ ਪ੍ਰਗਟ ਸੁਪਨ ਹੈ ਆਯੋ । ਜਾਰਹਿ ਪੁਨ ਜੋ ਧਰਨਿ ਦਬਾਯੋ[7]' । ਆਗੇ ਜਾਰਨ[8] ਤੇ ਇਹ ਥਾਈਂ । ਮੁਝ ਦਿਹੁ ਦਾਹੁ ਅਗਨਿ[9] ਜਗਸਾਈਂ ॥੧੪॥ ਧਰਨਿ ਬਿਖੈ ਦਫਨਾਵਹੁ ਨਾਂਹੀ । ਰਹਿਤਿ ਨਪਾਕ[10] ਲਖਯੋ ਮਨ ਮਾਂਹੀ' । ਗੁਰੂ ਭਨਯੋ 'ਹਮਰੇ ਸਿਰ ਭਾਰੇ[11]।ਨਹਿ ਦਫਨੈਂ ਦੇਵਹਿ ਤੁਹਿ ਜਾਰੇ ॥੧੫॥ ਤੋਰੋ ਕਹਯੋ ਕਰੈਂ ਬਿਧਿ ਨੀਕੀ।ਭਈ ਭਾਵਨੀ[12] ਜਿਉਂ ਤੁਝ ਜੀਕੀ। ਅਬ ਚਲਿ ਖੁਰਮੇ ਨਗਰ ਮਝਾਰਾ । ਤਹਿ ਤਵ ਖਾਨੋ ਰਹਯੋ ਅਹਾਰਾ ॥੧੬॥ ਤਜਹੁ ਸਰੀਰ ਜਹਾਂ ਮਰਦਾਨੇ । ਸੈਤਤਿ ਤੋਰ ਰਹੈ ਤਿਹ ਥਾਨੇ'। ਅਸ ਕਹਿ ਖੁਰਮੇ ਪੁਰਿ

---

[1]ਜਾਏਂਗਾ । [2]ਥਾਂਵ ਪਰਲੋਕ । [3]ਹੁੰਦਾ ਹੈ । [4]ਨਾਸ਼ ਕਰਕੇ ਮੋਹ ਨੂੰ । [5]ਉਮਰਾ । [6]ਮਲੋ ਮੱਲੀ । [7]ਸਾੜਦੇ ਹਨ ਮੁੜਕੇ ਉਨ੍ਹਾਂ ਨੂੰ ਜੋ ਦੱਬੇ ਜਾਂਦੇ ਹਨ ਧਰਤੀ ਵਿੱਚ । [8]ਸਾੜਨ ਤੋਂ । [9]ਅਗਨੀ ਦਾ ਦਾਹ । [10]ਅਪਵਿੱਤ੍ਰ । [11]ਭਾਵ, ਸਾਡਾ ਜ਼ਿੰਮਾ ਰਿਹਾ । [12]ਇੱਛਾ ।

Sri Satguru Jagjit Singh Ji eLlibrary NamdhariElibrary@gmail.com

ਮੈਂ ਗਏ। ਸੁੰਦਰ ਰਚਨਾ ਦੇਖਤਿ ਭਏ ॥ ੧੭ ॥ ਬੀਚ ਬਜਾਰ ਗਏ ਜਗ ਸਾਈਂ। ਮਰਦਾਨੇ ਸੋਂ ਗਿਰਾ ਅਲਾਈ। 'ਤੇਰੋ ਬਾਕੀ ਰਹ੍ਯੋ ਅਹਾਰਾ। ਖਾਵਨ ਕਰਹੁ ਅੰਤ ਕੀ ਬਾਰਾ'॥੧੮॥ਮਾਨਿ ਬਚਨ ਤਿਨ ਲੇ ਕਰਿ ਖਾਯੋ। ਤ੍ਰੈ ਘਟਿਕਾ ਦਿਨ ਸਮਾਂ ਸੁ ਆਯੋ।ਪੁਰਿ ਤੇ ਬਹਿਰ ਰੁਚਿਰ ਥਲ ਪਿਖਿਕੈ। ਬੈਠੇ ਜਾਇ ਤਹਾਂ ਜਨ ਲਖਿਕੈ[1] ॥ ੧੯ ॥ ਗੁਰ ਬੂਝ੍ਯੋ 'ਕਸ ਸੁਧ ਮਰਦਾਨਾ?'। 'ਭੀ ਤ੍ਯਾਰੀ' ਤਿਨ ਬਚਨ ਬਖਾਨਾ। [2]"ਕਛੁ ਨ ਬਿਲੰਬ ਰਹੀ ਅਬ ਮੋਰੀ"। ਅਸ ਕਹਿ ਪੁਨ ਦੋਊ ਕਰ ਜੋਰੀ ॥੨੦॥ ਗੁਰ ਕੇ ਪਦ ਪੰਕਜ ਸਿਰ ਧਰਿ ਕੈ। ਭਯੋ ਅਮੋਹ ਸਥਿਤ ਮਨ ਕਰਿਕੈ। ਬੂਝਨ ਲਗੇ"ਚਲਨ ਸੁਧ ਤੋਹੀ। ਕਿਸ ਪ੍ਰਕਾਰ ਹਿਰਦੇ ਮਹਿ ਹੋਹੀ?' ॥੨੧॥ ਦੋਹਰਾ॥[3]"ਸੁਧ ਮੋਕੋ ਤੁਮ ਸੰਗ ਤੇ ਪ੍ਰਾਪਤਿ ਸੁਨਹੁ ਕ੍ਰਿਪਾਲ!। ਨਾਭੀ ਮਹਿ ਜੋ ਪੌਨ ਕੀ ਗੰਠ ਖੁਲੀ ਇਹ ਕਾਲ॥੨੨॥ਚੌਪਈ॥ ਨੌ ਅਬ ਸ੍ਵਾਸ ਆਵਨੇ ਰਹੇ। ਗਿਨ ਦੇਖਹੁ ਮੈਂ ਕੂਰ ਨ ਕਹੇ'। ਸ੍ਰੀ ਅੰਗਦ ਸੁਨਿ! ਤਬਹਿ ਕ੍ਰਿਪਾਲਾ। ਮੁਝ ਸੋਂ ਕਹ੍ਯੋ ਕਿ 'ਗਿਨੀਏ ਬਾਲਾ!'॥੨੩॥ ਲਾਗ੍ਯੋ ਗਿਨਨੇ ਮੈਂ ਜਬ ਤਾਕੇ। ਨੌ ਸੁਆਸ ਆਏ ਤਬ ਜਾਕੇ। ਬਹੁਰੋ ਮੈਂ ਤਨ ਸੋਂ ਕਰ ਲਾਯੋ। ਤਿਹ ਕੇ ਪਾਛੇ ਸ੍ਵਾਸ ਨ ਆਯੋ ॥ ੨੪ ॥ 'ਭਾ ਪੂਰਾ' ਪ੍ਰਭੁ ਸੰਗ ਬਖਾਨਾ। 'ਰਾਵਰਿ ਬਿਖੈ ਲੀਨ ਮੈਂ ਜਾਨਾ।ਸੁਗਮ[4]ਮ੍ਰਿਤੁ ਉੱਤਮ ਗਤਿ ਪਾਈ। ਜਯੋਂ ਹੁਇ ਜੋਗੀ ਜੋਗ ਕਮਾਈ ॥੨੫॥ਹੋਇ ਆਪ ਕੀ ਕਰੁਨਾ ਜਾਂਹੀ। ਪ੍ਰਾਪਤਿ ਮ੍ਰਿਤੁ ਸੁ ਅਸ ਨਰ ਤਾਂਹੀ। ਜਿਉਂ ਗਜ ਫੂਲ ਮਾਲ ਕੋ ਡਾਰਹਿ। ਤਿਉਂ ਕਛੁ ਖੇਦ ਨ ਮਨ ਮਹਿ ਧਾਰਹਿ'॥੨੬॥ ਸ੍ਰੀ ਗੁਰ ਕਹ੍ਯੋ'ਸੁਨਹੁ ਅਬ ਬਾਲਾ!। ਇਹ ਕੋ ਜਾਰਿ ਦੇਹੁ ਤਤਕਾਲਾ'। ਨਿਜ ਪਰ ਤੇ ਪਟ[5] ਇਕ ਗੁਰ ਦੀਨੋ। ਤਬ ਮੈਂ ਏਕ ਆਪਨੋ ਲੀਨੋ ॥੨੭॥ਦੋਨੋ ਨੀਕੀ ਬਿਧਿ ਸੋਂ ਪਾਇ।ਬਹੁ ਕਾਸ਼ਟ ਕੀਨੋ ਇਕ ਥਾਇ। ਤਾਂ ਪਰ ਧਰਿ ਕੈ ਪਾਵਕ ਜਾਰੀ। ਤਤਛਿਨ ਦੇਹ ਭਸਮ ਕਰਿ ਡਾਰੀ॥੨੮॥

ਏਕ ਨਿਸਾ ਖ਼ੁਰਮੇ ਪੁਰਿ* ਮਾਂਹੀ। ਰਹੇ ਪ੍ਰਭੂ, ਜਿਹ ਪਿਖਿ ਦੁਖ

---

[1](ਮਰਦਾਨੇ ਨੂੰ ਆਪਣਾ) ਭਗਤ ਜਾਣਕੇ। [2]ਮਰਦਾਨਾ ਕਹਿੰਦਾ ਹੈ। [3]ਸੁਖੇਨ। [4]ਆਪਣੇ ਉਪਰੋਂ ਬਸਤ੍ਰ।

*ਭਾਈ ਮਨੀ ਸਿੰਘ ਜੀ ਮਰਦਾਨੇ ਦਾ ਚਲਾਣਾ ਰਾਵੀ ਕੰਢੇ ਕਰਤਾਰ ਪੁਰ ਵਿਚ ਹੋਇਆ ਲਿਖਦੇ ਹਨ, ਤਵਾਰੀਖ ਖਾਲਸਾ ਵਾਲੇ ਅਫਗਾਨਿਸਤਾਨ ਦੇ ਦਰੇ ਕੁਰਮ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

ਜਾਹੀਂ।ਭਏ ਤਯਾਰ ਚਲਿਨੇ ਕੋ ਜਬ ਹੀ।ਗੋਰਖ ਦਈ ਦਿਖਾਈ ਤਬ ਹੀ। ੨੯ ॥ ਦੋਹਰਾ ॥ ਕਛੁਕ ਸਿੱਧ ਜਿਹ ਸੰਗ ਹੈਂ ਕਹੀ 'ਅਦੇਸ਼ ਅਦੇਸ਼'।'ਏਕੰ-ਕਾਰ ਅਦੇਸ਼ ਹੈ' ਬੋਲੇ ਸ੍ਰੀ ਜਗਤੇਸ਼॥੩੦॥ਚੌਪਈ॥ਸਿਧ ਸਭਿ ਬੈਠੇ ਬਚਨ ਅਲਾਏ। 'ਕੈਸੇ ਦੁਰਮਤਿ ਤਯਾਗੀ ਜਾਏ ?। ਕਿਹ ਬਿਧਿ ਦੁਨੀਆਂ ਦੁੱਤਰ¹ ਤਰੈ ?। ਕਿਉਂ ਕਰਿ ਜੀਵਤਿ ਜਗ ਮਹਿ ਮਰੈ?॥੩੧॥ ਕੈਸੇ ਸਚ ਸੌਂ ਹੋਇ ਪਛਾਨੇ?।ਕਿਸ ਪ੍ਰਕਾਰ ਮਗ ਲੇਵਹਿ ਜਾਨੇ ?। ਹੋਤਿ ਰਿਖੀਕ² ਬਸੀ ਕਿਹ ਭਾਂਤੀ ?। ਕਿਹ ਤੇ ਮਨ ਮਾਨਹਿ ਹ੍ਵੈ ਸ਼ਾਂਤੀ ?॥ ੩੨ ॥ ਕੈਸੇ ਰੂਪ ਕਿਤੇ ਬਿਸਤਾਰੂ?।ਕਰਿਬੇ ਜੋਗ ਸੁ ਕੌਨ ਅਚਾਰੂ³।ਕਿਹ ਤੇ ਆਵਹਿ ਕਿਸ ਮਹਿ ਜਾਈ?।ਕਹਾਂ ਸਮਾਵਹਿ, ਦੇਹੁ ਬਤਾਈ?'॥੩੩॥ ਸੁਨਿ ਕਰਿ ਸਿੱਧਨ ਕੀ ਅਸ ਬਾਨੀ। ਉੱਤਰ ਕਹਯੋ ਤੁਰਤ ਗੁਨਖਾਨੀ। 'ਗੁਰਮਤਿ ਲੇ ਦੁਰਮਤਿ ਤਬ ਦੀਨੀ। ਦੁਸ਼ਤਰ¹ ਤਰੇ ਨਾਮ ਮਤਿ ਭੀਨੀ॥ ੩੪ ॥ ਗੁਰ ਕਾ ਸ਼ਬਦ ਰਿਦੇ ਮਹਿ ਧਰਿਆ।ਜੀਵਤ ਮ੍ਰਿਤਕ ਬਹੁਰ ਨ ਮਰਿਆ। ਗੁਰਮੁਖ ਲੇਵਹਿ ਸਾਚ ਪਛਾਨੇ।ਗੁਰਮੁਖ ਖੋਜਤਿ ਮਗ ਕੋ ਜਾਨੇ॥੩੫॥ਮਨ ਮਾਰੇ ਇੰਦ੍ਰੀ ਬਸਿ ਹੋਈ। ਮਨ ਤੇ ਮਨ ਮਾਨਤਿ ਹੈ ਸੋਈ। ਕਥਨੇ ਤੇ ਅਕੱਥ ਤਿਹ ਰੂਪਾ। ਨਿਰੰਕਾਰ।ਜਿਹ ਚਰਿਤ ਅਨੂਪਾ॥੩੬॥ਦੋਹਰਾ॥ਨਿਸਦਿਨ ਜਪ ਨਿਰੰਕਾਰ* ਕੋ ਇਸ ਤੇ ਪਰੇ ਨ ਕਾਰ। ਹੁਕਮੇ ਆਵਹਿ ਜਾਵਈ ਹੁਕਮ ਸਮਾਇ

¹ਕਠਨ ਹੈ ਜਿਸ ਦਾ ਤਰਨਾ। ²ਇੰਦ੍ਰੀਆਂ। ³ਕਰਤੱਵ੍ਯ। *ਪਾ:—ਸਤਿਨਾਮ।

[ਪਿਛਲੇ ਪੰਨੇ ਦੀ ਬਾਕੀ ਟੂਕ]

ਨਦੀ ਦੇ ਕਿਨਾਰੇ ਕੁਰਮ ਗਿਰਾਂ ਦਾ ਪਤਾ ਦਿੰਦੇ ਹਨ। ਕਵਿ ਜੀ ਖੁਰਮੇ ਨੂੰ ਅਚੱਲ ਵਟਾਲੇ ਤੋਂ ਛੇ ਸੈ ਮੀਲ ਤੇ ਕਠਨ ਪੈਂਡਾ ਦੱਸਦੇ ਹਨ (ਦੇਖੋ ਇਸੇ ਅਧਯਾਯ ਦਾ ਅੰਕ ੩੯) ਤੇ ਜਦ ਗੁਰੂ ਜੀ ਦੂਜੀ ਵੇਰ ਖੁਰਮੇਂ ਜਾਂਦੇ ਹਨ ਤਾਂ ਰਸਤੇ ਵਿਚ ਤਲੁੰਬਾ ਨਗਰ ਆਇਆ ਦਸਦੇ ਹਨ। (ਦੇਖੋ ਅੰਕ ੬੬) ਗੋਯਾ ਮੁਲਤਾਨ ਦੇ ਰਾਹ ਖੁਰਮੇ ਪੁੱਜੀ ਦਾ ਹੈ। ਜੇ ਕਵਿ ਜੀ ਦੀ ਮੁਰਾਦ ਕੁਰਮ ਤੋਂ ਹੁੰਦੀ ਤਾਂ ਰਸਤਾ ਮੁਲਤਾਨ ਵਲੋਂ ਬਹੁਤ ਹੀ ਦੂਰ ਹੈ, ਪਰ ਕਾਲਾ ਬਾਗ ਕੁਹਾਟ ਯਾ ਪਸ਼ੌਰ ਵਲੋਂ ਨੇੜੇ ਪੈਂਦਾ ਹੈ। ਜੇ ਕਰਤਾਰਪੁਰ ਤੋਂ ਮੁਲਤਾਨ ਤੇ ਇਸਤੋਂ ਅਗੇ ਕੋਈ ਥਾਂ ਲੱਭੀਏ ਤਾਂ ਬਿਲੋਚਸਤਾਨ ਵਿਚ ਖੁਰਮਾਗਈ ਜਗ੍ਹਾ ਹੈ, ਜੋ ਲਗ ਪਗ ੬੦੦ ਮੀਲ ਪੈਂਦੀ ਹੈ। ਬਾਲੇ ਵਾਲੀ ਜਨਮਸਾਖੀ ਵਿਚ ਖੁਰਮੇਂ ਦੇ ਕੋਲ ਦਰਬੇਲਾ ਲਿਖਿਆ ਹੈ ਤੇ ਖੁਰਮੇ ਤੋਂ ਮੁਲਤਾਨ ਆਏ ਹਨ। ਫੇਰ ਜਦ ਖੁਰਮੇਂ ਗਏ ਹਨ ਤਾਂ ਓਥੋਂ ਅਗੇ ਕੰਧਾਰ ਗਏ ਲਿਖਿਆ ਹੈ। ਇਹ ਟੋਹਾਂ ਬੀ ਕੁਰਮ ਯਾ ਖੁਰਮਾ ਗਈ ਦਾ ਪਤਾ ਦੇਂਦੀਆਂ ਹਨ। ਖੁਰਮਾ ਨਾਮ ਖਜੂਰ ਦਾ ਹੈ ਤੇ ਮਰਦਾਨੇ ਨੇ ਖੁਰਮੇ ਖਾਧੇ ਲਿਖਿਆ ਹੈ, ਇਹ ਟੋਹ ਬੀ ਖੁਰਮਾ ਗਈ ਵੱਲ ਲਿਜਾਂਦੀ ਹੈ। ਪਰ ਵਿਸ਼ੇਸ਼ ਖੋਜ ਦੀ ਲੋੜ ਹੈ।

Sri Satguru Jagjit Singh Ji eLibrary NamdhariElibrary@gmail.com

ਵਿਚਾਰ'।੩੭।ਚੌਪਈ।ਸੁਨਿ ਗੋਰਖ ਪੁਨ ਬਚਨ ਉਚਾਰੇ। 'ਮੇਲੋ* ਅੱਚਲ[1] ਚਲਹੁ ਸੰਗਾਰੇ'।ਬੂਝਨੋ ਗੁਰੁ 'ਕਿਤਿਕ ਸੋ ਦੂਰੀ। ਕਬਕੋ ਮੇਲਾ ਹੋਵਹਿ ਪੂਰੀ?' ॥੩੮॥ "ਖਸ਼ਟ ਸਹਸ[2] ਹੈ ਪੰਥ ਦੁਹੇਲਾ।ਕਲ ਕੋ ਮੇਲਾ ਹੋਇ ਸਕੇਲਾ[3]"। 'ਸੁਨਿ ਗੋਰਖ ਤੁਮ ਅਜ਼ਮਤਵਾਨਾ।ਉਛਿ ਕਰਿ ਜਾਹਿੰ ਬੇਗ ਤਹਿ ਥਾਨਾ॥੩੯॥ ਹਮ ਤੋ ਮੰਦ ਮੰਦ ਤਹਿ ਆਵੈਂ। ਜਾਇ ਕਾਲ[4] ਸੋ ਉਛਿਕੇ ਜਾਵੈ। ਹਮਰੋ ਤੁਮਰੋ ਸੰਗ ਨ ਹੋਈ।ਸ਼ਕਤਿ[5]'ਅਸ਼ਕਤਿ[6] ਮੇਲ ਨਹਿੰਕੋਈ' ॥੪੦॥ ਦੋਹਰਾ॥'ਤੁਮ ਜਬ ਗਏ ਸੁਮੇਰੁ ਪਰ ਕੌਂਸ ਉਛਾਈ ਜੋਰ।ਸ਼ਕਤਿ ਦਿਖਾਈ ਸਭਿਨਿ ਕੋ, ਕਹਾਂ ਗਯੋ ਬਲ ਤੋਰ ?॥੪੧॥ ਚੌਪਈ॥ ਹਰੀ ਗਈ ਕਿਉਂ ਸ਼ਕਤਿ ਤੁਮਾਰੀ ?। ਕਰਿਕੈ ਬਾਦ[7] ਕਾਹਿ ਛਿਗ ਹਾਰੀ?'।ਸ੍ਰੀ ਗੁਰ ਕਹੈਂ 'ਨ ਮੋਹਿ ਉਛਾਈ। ਸ੍ਰੀ ਪਰਮੇਸੁਰ ਤਬਹਿ ਚਲਾਈ॥ ੪੨ ॥ ਨਰ ਮਹਿ ਸ਼ਕਤਿ ਨ ਕੈਸੇ ਹੋਈ।ਏਕ ਨਿਰੰਜਨ ਸਭਿ ਕੋ ਸੋਈ[8]।ਸੋਈ ਹਮ ਕੋ ਜਬੈ ਉਛਾਵੈ। ਚਲੀਏ ਤੁਮ ਪੀਛੇ ਹਮ ਆਵੈਂ॥੪੩॥ਸੁਨਿ ਸਿੱਧਨ ਸਭਿ ਲੀਨਿ ਉਛਾਰੀ। ਗਮਨੇ ਤੁਰਨ ਇੱਛਾਚਾਰੀ। ਕਿਤਿਕ ਕਾਲ ਪੀਛੈ ਜਗਸਾਈਂ। ਪਹੁੰਚੇ ਪੁਰਾਂ[9] ਜਾਇ ਤਿਸ ਥਾਈਂ॥੪੪॥ ਉਰੇ ਥਲ ਇਕ ਅਚਲ ਮਝਾਰੀ। ਤਿਹਪਰ ਬੈਠਿ ਸੁਹਾਵਤਿ ਭਾਰੀ।ਪੀਛੈ ਸਿੱਧ ਤਹਾਂ ਸਭਿ ਆਏ। ਦੇਖਿ 'ਅਦੇਸ਼ ਅਦੇਸ਼' ਅਲਾਏ॥੪੫॥ਦੋਹਰਾ॥ ਕਹਨੋ ਕਿ 'ਇਸ਼ਟੀ'[10] ਤੂੰ ਬਡਾ ਟਾਮਨ[11]"

[1]ਗੋਰਖ ਬੋਲਿਆ। [2]ਛੇ ਸੌ। [3]ਇਕੱਠਾ। [4]ਜੋ ਕੱਲ ਜਾਣਾ ਚਾਹੇ। [5]ਸ਼ਕਤੀ ਵਾਲੇ ਨਾਲ। [6]ਨਾ ਸ਼ਕਤੀ ਵਾਲੇ ਦਾ। [7]ਚਰਚਾ। [8]ਜੋ ਹੈ। [9]ਪਹਿਲੋਂ। [10]ਵਜਾਕਰਣ ਵਿਚ ਸੂਤ੍ਰਕਾਰ ਜੋ ਗਲ ਨਾ ਖੋਲੇ ਤੇ ਟੀਕਾਕਾਰ ਉਹ ਨਿਯਮ ਦੱਸੇ। ਭਾਵ ਤੁਸੀਂ ਬੜੇ ਗੂੜ੍ਹੇ ਅਰਥਾਂ ਵਾਲੇ ਜੁਗਤੀਏ ਹੋ। (ਅ) ਚੇਟਕੀ ਜਿਸ ਨੂੰ 'ਈਸ਼ਿਤਾ' ਨਾਮੇ ਸਿੱਧੀ ਪ੍ਰਾਪਤ ਹੋਵੇ। ਚਰ ਅਚਰ ਪਰ ਹਕੂਮਤ ਦੀ ਪ੍ਰਾਪਤੀ ਹੈ 'ਈਸ਼ਿਤਾ'। ਭਾਵ ਹੈ ਚੇਟਕੀ। [11]ਟੂਣੇਂ। *ਪਾ:—ਮੇਰੋ।

†ਬਟਾਲਾ ਰੇਲ ਦੇ ਸਟੇਸ਼ਨ ਤੋਂ ਮਿਰਜ਼ੇ ਦੇ ਕੋਲ ਦੀ ਇਕ ਸੜਕ ਕਾਦੀਆਂ ਤੋਂ ਲੰਘਦੀ ਪੱਤਨ ਤੱਕ ਜਾਂਦੀ ਹੈ, ਇਹ ਸੜਕ ਸਟੇਸ਼ਨ ਤੋਂ ਦੋ ਕੁ ਮੀਲ ਤਕ ਪੱਕੀ ਹੈ ਤੇ ਪੱਕੀ ਮੁੱਕਣ ਤੋਂ ਸਵਾ ਕੁ ਮੀਲ ਜਾਕੇ ਖੱਬੇ ਹੱਥ ਪਹਿਆ ਹੈ, ਇਸ ਪਹੇ ਤੇ ਅੱਧ ਪੌਣ ਮੀਲ ਜਾਕੇ ਅਚਲ ਦਾ ਮੰਦਰ ਤੇ ਤਲਾ ਹੈ, ਕਿਨਾਰੇ ਤੇ ਪੁਰਾਣਾ ਟਿਕਾਣਾ ਹੈ, ਤਲਾ ਵਿਚ ਨਵਾਂ ਮੰਦਰ ਹੈ ਜੋ ਰਾਮ ਦਿਆਲ ਭੰਡਾਰੀ ਨੇ ੧੯੧੭ ਵਿਚ ਬਣਵਾਇਆ ਹੈ। ਤਲਾ ਤੋਂ ਥੋੜੀ ਹੀ ਵਿਥ ਤੇ ਗੁਰਦਵਾਰਾ ਹੈ, ਜਿਥੇ ਗੁਰ ਨਾਨਕ ਦੇਵ ਜੀ ਬੈਠੇ ਸਨ ਤੇ ਸਿੱਧਾਂ ਨੇ ਆਕੇ ਚਰਚਾ ਕੀਤੀ ਸੀ। ਗੁਰਦਵਾਰੇ ਦੇ ਅੰਦਰ ਗੁਰੂ ਜੀ ਦੇ ਬੈਠਣ ਦੀ ਥਾਵੇਂ ਥੜਾ ਯਾਦਗੀਰੀ ਅਜੇ ਤੱਕ ਹੈ, ਪ੍ਰਕਾਸ਼ ਹੁੰਦਾ ਹੈ। ਵਿਸ਼ੇਸ਼ ਹਾਲ ਲਈ ਦੇਖੋ ਸਿਧ ਗੋਸ਼ਟ ਸਟੀਕ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

ਕਰਤਿ ਬਨਾਇ। ਹੁਤੋ ਪਿਛੇਰੇ ਸਭਿਨਿ ਤੇ ਪੂਰਬ ਪਹੁੰਚੇ ਧਾਇ¹ ॥੪੬॥
ਚੌਪਈ॥ 'ਇਸ਼ਟ' ਹਮਾਰਾ ਏਕੰਕਾਰਾ। ਗੁਰ ਕੇ ਸ਼ਬਦ ਕਰਨੋ ਨਿਸਤਾਰਾ॥
ਸ਼ੰਭੁ ਨਾਥ ਹੈ ਦੁਰਮਤਿ ਭੀਨਾ। ਬਿਨ ਕਰਤਾਰ ਆਨ ਮਤਿ ਲੀਨਾ'।੪੭।
ਸਭਿ ਸਿੱਧਨ ਨਿਜ ਆਸਨ ਲਾਏ। ਲੋਕਨ ਤੇ ਬਹੁ ਪੂਜ ਕਰਾਏ। ਸ੍ਰੀ ਗੁਰ
ਕੀ ਮਨਤਾ ਬਹੁ ਹੋਈ। ਸਿੱਧ ਬਿਲੋਕਿ ਗਏ ਜਰਿ ਸੋਈ ॥੪੮॥ ਮੇਲਾ ਬਿਛੁਰਿ
ਗਯੋ² ਜਿਸ ਬੇਰੇ। ਸਿੱਧ ਗਏ ਸਭਿ ਅਪਨੇ ਡੇਰੇ*। ਮੁਖ ਬੂਝਨੇ ਗੁਰ ਚਲਿਣੇ

---

¹ਪਜਾਰਾ ਤੇ ਪੂਜਨ ਦੇਵ (ਗੁਰੂ ਜੀ ਸਿਧਾਂ ਦੇ ਪਦ ਇਸ਼ਟੀ ਪਰ ਹੀ ਕਟਾਖਯ ਕਰਦੇ ਹਨ, ਜਿਸਨੂੰ ਇਸ਼ਟ–ਇਸ਼੍ਟ–ਮੰਨਕੇ ਆਪ ਆਪਣਾ ਕਰਤਪਰਜ ਕਹਿੰਦੇ ਹਨ)। ²ਉੱਜੜ ਗਿਆ।

*ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਸੁਮੇਰ ਤੋਂ ਅਚੱਲ ਵਟਾਲੇ ਆਏ, ਭਾਈ ਗੁਰਦਾਸ ਜੀ ਜੋ ਸਭ ਤੋਂ ਪੁਰਾਣੇ ਸਿੱਖ ਲੇਖਕ ਹਨ, ਲਿਖਦੇ ਹਨ ਕਿ ਗੁਰੂ ਜੀ ਕਰਤਾਰ ਪੁਰੋਂ ਸ਼ਿਵਰਾਤ੍ਰੀ ਦਾ ਮੇਲਾ ਸੁਣਕੇ ਅਚਲ ਗਏ। ਇਸ ਬਾਬੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਅਚਲ ਦੀ ਸਾਖੀ ਬਹੁਤ ਨਿੱਕੀ ਹੈ, ਅੱਗੇ ਜਾਕੇ ਕਵੀ ਜੀ ਅਧ੍ਯਾਯ ੩੯ ਦੇ ਅੰਕ ੧੬ ਤੋਂ ਅਗੋਂ ਗੋਸ਼ਟ ਖੋਲ੍ਹਕੇ ਲਿਖਦੇ ਹਨ ਜੋ ਭਾਈ ਗੁਰਦਾਸ ਜੀ ਨੇ ਐਉਂ ਦਿੱਤੀ ਹੈ:—

ਬਾਬਾ ਆਯਾ ਕਰਤਾਰ ਪੁਰ ਭੇਖ ਉਦਾਸੀ ਸਗਲ ਉਤਾਰਾ ॥ ਪਹਿਰ ਸੰਸਾਰੀ ਕੱਪੜੇ ਮੰਜੀ ਬੈਠ ਕੀਆ ਅਵਤਾਰਾ ॥ ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉੱਪਰ ਧਾਰਾ ॥ ਪੁਤ੍ਰੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ ॥ ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ ॥ ਗਿਆਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ ॥ ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ ॥ ਗੁਰਮੁਖ ਭਾਰ ਅਥਰਬਣ ਤਾਰਾ ॥ ੩੮ ॥ ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ ॥ ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ ॥ ਲੱਗੀ ਬਰਸਨ ਲੱਛਮੀ ਰਿੱਧ ਸਿੱਧ ਨਉਨਿੱਧਿ ਸਵਾਈ॥ ਜੋਗੀ ਵੇਖ ਚਲਿੱਤ੍ਰ ਨੋਂ ਮਨ ਵਿਚ ਰਿਸਕ ਘਨੇਰੀ ਖਾਈ ॥ ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਿਆ ਛਪਾਈ ॥ ਭਗਤੀਆਂ ਗਈ ਭਗਤ ਭੁੱਲ ਲੋਟੇ ਅੰਦਰ ਸੁਰਤ ਭੁਲਾਈ ॥ ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ ॥ ਵੇਖ ਚਲਿੱਤ੍ਰ ਜੋਗੀ ਖੁਣਸਾਈ ॥੩੯॥ ਖਾਧੀ ਖੁਣਸ ਜੋਗੀਸ਼ਰਾਂ ਗੋਸ਼ਟ ਕਰਨ ਸੱਭੇ ਉਠ ਆਈ ॥ ਪੁੱਛੇ ਜੋਗੀ ਭੰਗਰਨਾਥ ਤੁਹਿ ਦੁੱਧ ਵਿਚ ਕਿਉਂ ਕਾਂਜੀ ਪਾਈ ॥ ਫਿੱਟਿਆ ਚਾਟਾ ਦੁੱਧ ਦਾ ਰਿੜਕਿਆਂ ਮੱਖਣ ਹੱਥ ਨ ਆਈ ॥ ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ ॥ ਨਾਨਕ ਆਖੇ ਭੰਗਰਨਾਥ ਤੇਰੀ ਮਾਉ ਕੁਚੱਜੀ ਆਈ ॥ ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁੱਲ ਸੜਾਈ ॥ ਹੋਇ ਅਤੀਤ ਗ੍ਰਿਹਸਤੁ ਤਜਿ ਫਿਰ

(ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

ਹਿਤ ਕੋ । ਲੇਨੋ ਸੰਗ ਮਰਦਾਨੇ ਸੁਤ ਕੋ ॥ ੪੯ ॥ 'ਚਲਹੁ ਅਬੈ ਤਲ-
ਵੰਡੀ ਮਾਂਹੀ । ਖੁਰਮੇ ਨਗਰ ਪੁਚਾਵਹਿ ਤਾਂਹੀ । ਦੈ ਸਿਰੁਪਾਉ ਬਿਠਾਇ
ਭਲੇਰੇ॥ਇਸ ਬਿਧਿ ਕਰਨ ਭਾਰ ਸਿਰ ਮੇਰੇ'॥੫੦॥ ਅਸ ਕਹਿ ਕੀਨ ਪਯਾਨੋ
ਤੂਰਨ । ਪਹੁੰਚੇ ਤਲਵੰਡੀ ਗੁਰ ਪੂਰਨ । ਏਕ ਕੂਪ ਊਪਰ ਤਹਿਂ ਜਾਈ ।

[ਪਿਛਲੇ ਸਫੇ ਦੀ ਬਾਕੀ ਟੂਕ]

ਉਨ੍ਹੂੰ ਕੇ ਘਰ ਮੰਗਨਿ ਜਾਈ ॥ ਬਿਨ ਦਿੱਤੇ ਕਿਛ ਹੱਥ ਨ ਆਈ ॥ ੪੦ ॥
ਏਹ ਸੁਣ ਬਚਨ ਜੁਗੀਸ਼ਰਾਂ ਮਾਰ ਕਿਲਕ ਬਹੁ ਰੂਅ ਉਠਾਈ ॥ ਖਟ ਦਰਸ਼ਨ
ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ ॥ ਸਿੱਧ ਬੋਲਣ ਸਭ ਅਉਖ-
ਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ ॥ ਰੂਪ ਵਟਾਯਾ ਜੋਗੀਆਂ ਸਿੰਘ ਬਾਘ
ਬਹੁ ਚਲਿਤ ਦਿਖਾਈ ॥ ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ
ਲੀਲਾਈ ॥ ਇਕ ਨਾਗ ਹੋਇ ਪਵਨ ਛੋੜ ਇਕਨਾਂ ਵਰਖਾ ਅਗਨਿ ਵਸਾਈ॥
ਤਾਰੇ ਤੋੜੇ ਭੰਗਰਨਾਥ ਇਕ ਉਡ ਮਿਰਗਾਨੀ ਜਲ ਤਰ ਜਾਈ ॥ ਸਿੱਧਾਂ ਅਗਨਿ
ਨ ਬੁਝੈ ਬੁਝਾਈ ॥੪੧॥ ਸਿਧ ਬੋਲੇ ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ
ਦਿਖਲਾਈ ॥ ਕੁਝ ਦਿਖਾਇ ਅਸਾਂ ਨੂੰ ਭੀ ਤੂੰ ਕਿਉਂ ਢਿੱਲ ਅਜੇਹੀ ਲਾਈ ॥
ਬਾਬਾ ਬੋਲੇ ਨਾਥ ਜੀ ਅਸਾਂ ਵੇਖਣੇ ਜੋਗੀ ਵਸਤੁ ਨ ਕਾਈ ॥ ਗੁਰ ਸੰਗਤ
ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥ ਸ਼ਿਵ ਰੂਪੀ ਕਰਤਾ ਪੁਰਖ ਚੱਲੇ
ਨਾਹੀਂ ਧਰਤ ਚਲਾਈ ॥ ਸਿੱਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੇ ਕਲਾ
ਛਪਾਈ ॥ ਦੱਦੇ ਦਾਤਾ ਗੁਰੂ ਹੈ ਕੱਕੇ ਕੀਮਤ ਕਿਨੈ ਨ ਪਾਈ ॥ ਸੋ ਦੀਨ
ਨਾਨਕ ਸਤਿਗੁਰ ਸਰਣਾਈ ॥ ੪੨ ॥ ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ
ਸਚ ਮੁਖਹੁ ਅਲਾਈ ॥ ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ ॥
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ ॥ ਬਸਤਰ ਪਹਿਰੋ
ਅਗਨਿ ਕੇ ਬਰਫ ਹਮਾਲੇ ਮੰਦਰ ਛਾਈ ॥ ਏਵਡ ਕਰੀ ਵਿਥਾਰ ਕਉ
ਸਗਲੀ ਧਰਤੀ ਹੱਕੀ ਜਾਈ ॥ ਤੋਲੀ ਧਰਤਿ ਅਕਾਸ਼ ਦੁਇ ਪਿੱਛੇ ਛਾਬੇ
ਟੰਕ ਚੜ੍ਹਾਈ॥ ਏਹ ਬਲ ਰੱਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ॥
ਸੱਤਿਨਾਮੁ ਬਿਨ ਬਾਦਰ ਛਾਈ ॥ ੪੩ ॥ ਬਾਬੇ ਕੀਤੀ ਸਿੱਧ ਗੋਸ਼ਟ ਸ਼ਬਦ
ਸ਼ਾਂਤਿ ਸਿੱਧਾਂ ਵਿਚ ਆਈ ॥ ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼
ਕਰਾਈ ॥ ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ॥
ਵੱਡਾ ਪੁਰਖ ਪ੍ਰਗੱਟਿਆ ਕਲਿਜੁਗ ਅੰਦਰ ਜੋਤ ਜਗਾਈ ॥ ਮੇਲਿਓਂ ਬਾਬਾ
ਉੱਠਿਆ ਮੁਲਤਾਨੇ ਦੀ ਜ਼ਿਆਰਤ ਜਾਈ ॥ ਅਗੋਂ ਪੀਰ ਮੁਲਤਾਨ ਦੇ ਦੁੱਧ
ਕਟੋਰਾ ਭਰ ਲੈ ਆਈ ॥ ਬਾਬੇ ਕਢਕਰਿ ਬਗਲ ਤੇ ਚੰਬੇਲੀ ਦੁਧ ਵਿਚ
ਮਿਲਾਈ ॥ ਜਿਉਂ ਸਾਗਰ ਵਿਚ ਗੰਗ ਸਮਾਈ ॥ ੪੪ ॥

Sri Satguru Jagjit Singh Ji eLibrary NamdhariElibrary@gmail.com

ਬੈਠਿ ਗਏ ਪੁਨ ਗਿਰਾ ਅਲਾਈ[1] ॥੫੧॥ 'ਹਿਤੂ ਮਾਤ ਪਿਤ ਰਾਇ ਪਛਾਨੋ। ਭਾ ਪਰਲੋਕ ਸਭਿਨਿ ਕੋ ਜਾਨੋ। ਚਾਚਾ ਲਾਲੂ ਜੀਵਤਿ ਅਬਹੀ।ਸੋ ਹਮ ਕੋ ਦੇਖਹਿਗੋ ਜਬਹੀ ॥੫੨॥ ਬਹੁ ਹਿਤ ਕਰੈ ਨ ਜਾਵਨ ਦੇਹੀ। ਗਰ ਲਗਾਇ ਕੈ ਰੁਦਨ ਕਰੇਹੀ।ਤਿਮਰਭਏ ਜਾਵਹੁ ਪੁਰਿ ਮਾਂਹੀ।ਤੂ ਸ਼ਨਿਧਾਰਿ ਆਨੀਏ ਤਾਂਹੀ ॥੫੩॥ ਹਮ ਨਹਿਂ ਨਗਰ ਮਝਾਰ ਪਧਾਰੈਂ। ਲੇਇ ਵਹਿਰ ਤੇ ਤਹਾਂ ਸਿਧਾਰੈਂ'। ਆਇਸੁ ਪਾਇ ਤਬਹਿ ਮੈਂ ਗਯੋ। ਕੋਇ ਨ ਪੁਰਿ ਮਹਿਂ ਜਾਨਤਿ ਭਯੋ॥੫੪॥ਦਰ ਠਾਂਢੇ ਹ੍ਵੈ ਸਹਿਜ ਬੁਲਾਯੋ।ਸੁਨਿ ਸ਼ਹਿਜ਼ਾਦਾ ਬਾਹਰ ਆਯੋ ਮੋਕੋ ਦੇਖਤਿ ਹਰਖਯੋ ਤਬਹੀ। ਲਖਯੋ ਕਿ-ਮਮ ਪਿਤ ਆਵਹਿ ਅਬਹੀ- ॥ ੫੫ ॥ ਹਿਤ ਕਰਿ ਉਰ ਮਹਿ ਪਗ ਲਪਟਾਵਾ। ਦੇ ਅਸੀਸ ਮੈਂ ਬਚਨ ਅਲਾਵਾ।'ਸ਼੍ਰੀ ਗੁਰ ਵਹਿਰ ਹਕਾਰਤਿ ਤੋਹੀ।ਲੈਨੇ ਹੇਤੁ ਪਠਾਯੋ ਮੋਹੀ'॥੫੬॥ ਦੋਹਰਾ॥ 'ਮਮ ਪਿਤ ਕੋ ਛੋਡਨੋ ਕਹਾਂ ਕਨੇਂ ਨਹਿਂ ਆਯੋ ਧਾਮ। ਪ੍ਰਭੁ ਕਿਉਂ ਬੈਠੇ ਵਹਿਰ ਤਹਿਂ ਤਜਿਤਲਵੰਡੀ ਗ੍ਰਾਮ?'॥੫੭॥ਚੌਪਈ॥'ਗੁਰਢਿਗਚਲਹੁ ਅਵਾਰ ਨ ਲਾਵਹੁ।ਸਭਿਹੀ ਉੱਤਰ ਤਿਨ ਤੇ ਪਾਵਹੁ'।ਸ਼ਹਿਜ਼ਾਦੇ ਕੇਭਾਗ ਬਡੇਰੇ। ਚਲਯੋ ਸੰਗ ਨਹਿਂ ਲਾਈ ਦੇਰੇ ॥ ੫੮ ॥ ਜਾਇ ਜਬਹਿ ਦਰਸ਼ਨ ਕੋ ਕੀਨੋ। ਚਰਨਾਂਬੁਜ[2] ਮਹਿਂ ਸਿਰ ਧਰਿ ਦੀਨੋ। ਸ਼੍ਰੀ ਗੁਰ ਤਿਹ ਸੋਂ ਗਿਰਾ ਅਲਾਈ। 'ਤੋਹਿ ਤਾਤ ਕੀ ਬੈਸ ਬਿਹਾਈ[3] ॥ ੫੯ ॥ ਭਯੋ ਕਾਲਬਸਿ[4] ਤਿਹਕੋ ਜਾਨਿ।ਜਹਿਂ ਖੁਰਮਾਪੁਰਿ ਅਹੈ ਮਹਾਨ।ਤਹਿਂ ਲੇ ਚਲਨੋ ਅਬਤੁਝ ਤਾਈਂ।ਸੰਗ ਲੇਨਿ ਕੋ ਲੀਨ ਬੁਲਾਈ ॥੬੦॥ ਦੋਹਰਾ॥ ਦੇਨੋ ਹਮਕੋ ਉਚਿਤ ਹੈ ਤੋਕੋ ਅਬ ਸਿਰੁਪਾਉ। ਲੇਨੋ ਤੈਂ ਕਿਸ ਰੀਤਿ ਕੋ ਤੈਸੇ ਬਚਨ ਬਤਾਉ'॥ ੬੧॥ ਚੌਪਈ ॥ ਸੁਨਿ ਸ਼ਹਿਜਾਦੇ ਰਿਦੇ ਬਿਚਾਰੀ। ਸ਼੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ।'ਪਿਤ ਮੇਰੇ ਕੋ ਦੀਨੋ ਜੈਸੇ। ਕ੍ਰਿਪਾ ਧਾਰਿ ਦੀਜੈ ਮੁਝ ਤੈਸੇ'॥੬੨॥ 'ਤੇਰੇ ਪਿਤਾ ਜਾਚਿਕੈ ਲੀਨੋ। ਅਗਨਿ ਦਾਹ ਤਿਹ ਕੋ ਹਮ ਦੀਨੋ। ਤੂੰ ਅਬ ਚਲਿ ਰਹਿਯੋ ਤਿਹ ਥਾਨਾਂ।ਮਰਦਾਨੇ ਕੇ ਹੋਇ ਸਮਾਨਾ॥੬੩॥ਹੋਵਹਿ ਤਹਾਂ ਮਹਾਨ ਪ੍ਰਕਾਸ਼ਾ। ਬਸਹੁ ਸਦਾ ਕਰਿ ਅਪਨ ਅਵਾਸਾ। ਪੁਨ ਜਨੋਂ ਮਨ ਹ੍ਵੈ ਕਰੀਅਹੁ ਤੈਸੇ। ਹਮਰੇ ਰਿਦੇ ਬਿਖੈ ਹੈ ਐਸੇ' ॥ ੬੪ ॥ ਹਾਥ ਜੋਰਿ ਤਿਨ

---

[1] ਚੁਪ ਕੀਤੇ। [2] ਚਰਨ ਕਵਲਾਂ। [3] ਆਯੂ ਬੀਤ ਗਈ। [4] ਕਾਲ ਵੱਸ ਹੋਣਾ ਤੋਂ ਭਾਵ ਹੈ ਸਰੀਰ ਤਿਆਗਣਾਂ। ਅੱਖਰੀ ਅਰਥ ਨਹੀਂ ਲੈਣੇ, ਮਰਦਾਨਾ ਤਾਂ ਕਾਲ ਤੇ ਫਤਹ ਪਾਕੇ ਗਿਆ ਹੈ, ਉਸ ਨੂੰ ਕਾਲ ਨੇ ਕੀਹ ਵੱਸ ਕਰਨਾ ਸੀ।

Sri Satguru Jagjit Singh Ji eLibrary NamdhariElibrary@gmail.com

ਬਿਨੈ ਉਚਾਰੀ। 'ਮੈਂ ਰਾਵਰ ਕੇ ਨਿਤ ਅਨੁਸਾਰੀ। ਜੈਸੇ ਪਿਤਾ ਤੁਮਾਰੋ ਦਾਸੂ।ਤੈਸੇ ਮੁਝ ਜਾਨਹੁ ਸੁਖਰਾਸੂ!'॥੬੫॥ ਤਬ ਪ੍ਰਭੁ ਚਲੇ ਸੰਗ ਲੇ ਤਾਂਹੀ। ਪਹੁੰਚੇ ਨਗਰ ਤੁਲੰਭੇ*.ਮਾਂਹੀ। ਰਹੈ ਤਹਾਂ ਇਕ ਸੱਜਨ ਬੰਚਕ[1]। ਬੇਖ ਬੈਸਨੋਂ ਦਯਾ ਨ ਰੰਚਕ॥੬੬॥ ਬਹੁ ਮੋਲੇ ਤਨੁ ਚੀਰ[2] ਹੰਢਾਈ।ਪੁਰਿ ਢਿਗ ਬੈਠਿ ਗਏ ਜਗ ਸਾਈਂ। ਸ਼ਹਿਜ਼ਾਦਾ ਲੇ ਆਇਸੁ ਪੁਰਿ ਮੈਂ।ਗਮਨਨੋ ਲਾਗੀ ਛੁਧਾ ਉਦਰ ਮੈਂ॥੬੭॥ ਜਾਇ ਤਹਾਂ ਧ੍ਰਮਸਾਲਾ† ਦੇਖੀ।ਸੱਜਨ ਜਿਸ ਮਹਿ ਅਘੀ[3] ਵਿਸ਼ੇਖੀ। ਨੀਕੀ ਬਿਧਿ ਸੋਂ ਕੀਨ ਦੁਆਇ। ਸ਼ਹਿਜ਼ਾਦਾ ਬੈਠਨੋ ਢਿਗ ਜਾਇ॥੬੮॥ ਸਾਦਰ ਸੋਂ ਸੱਜਣ ਬਚ ਕਹਿਈ।'ਆਵਹੁ ਭ੍ਰਾਈ! ਕਹਿਂ[4] ਤੈਂ ਰਹਿਈ?।ਕੋ ਹੈ ਤੇਰੋ ਬਰਨ[5] ਬਤਾਵਹੁ?।ਕਿਤ ਤੇ ਆਯੋ ਕਿਤ ਕੋ ਜਾਵਹੁ?' ॥੬੯॥'ਜਾਤਿ ਮਿਰਾਸੀ ਜਾਨਹੁ ਮੇਰੀ।ਸਦਨ ਹਮਾਰੇ ਦੂਰ ਘਨੇਰੀ। ਜਾਉਂ ਅਗਾਰੀ ਕਾਰਜ ਕੋਈ। ਤੁਮ ਢਿਗ ਆਯੋ ਛੁਧਾ ਜਿ ਹੋਈ' ॥੭੦॥ ਸੱਜਣ ਕਹੈ 'ਅਹਾਰ ਘਨੇਰਾ। ਕੋ ਜਜਮਾਨ ਵਡ਼ਾਹੁ ਤੇਰਾ। ਜਾਂਕੇ ਅਹੈਂ ਮਿਰਾਸੀ ਐਸੋ।ਮੁਝ ਤੇ ਵਡ਼ਾ ਕਿ ਲਘੁ? ਕਹੁ ਤੈਸੋ'॥੭੧॥ ਸ਼ਹਿਜ਼ਾਦੇ ਸੁਨਿ ਬਚਨ ਬਖਾਨਾ।'ਹਮ ਤੁਮ ਤੇ ਮਮ ਪ੍ਰਭੁ ਮਹਾਨਾ।ਜੋ ਜਾਚਹਿਂ ਪੂਰਹਿ ਤਿਹ ਕਾਮਾ। ਛੱਤ੍ਰੀ ਕੁਲ ਸ੍ਰੀ ਨਾਨਕ ਨਾਮਾ' ॥੭੨॥ ਸੱਜਣ ਅਪਨੇ ਨਰ ਸੋਂ ਕਹਿਹੀ। 'ਬਡ ਪ੍ਰਭੁ ਕੋ ਸੁ ਮਿਰਾਸੀ ਅਹਿਹੀ। ਸੇਵਾ ਕੀਜੈ ਅਧਿਕ ਬਨਾਈ। ਜਿਸ ਪ੍ਰਕਾਰ ਇਹ ਉਰ ਹਰਖਾਈ' ॥੭੩॥ ਤਿਹ ਛਿਨ ਇਕ ਨਰ ਅਯੋ ਬੁਲਾਵਨ।'ਚਲਹੁ ਮਿਰਾਸੀ ਭੋਜਨ ਖਾਵਨ'। ਅੰਤਰਿ ਸਦਨ ਤਾਂਹਿ ਲੇ ਗਏ। ਤ੍ਰੈ ਮਾਨਵ ਤਹਿਂ ਇਕਠਾਂ ਭਏ॥੭੪॥ ਦੋਹਰਾ॥ ਗਹਿ ਸ਼ਹਿਜ਼ਾਦੇ ਕੋ ਤਬੈ ਮੁਸ਼ਕੈਂ ਲਈ ਚਢਾਇ।ਬਹੁ ਮੋਲੇ ਤਨ ਚੀਰ ਜੇ ਸਭਿ ਖਸੋਟ[6] ਦੁਖਦਾਇ॥ ੭੫॥ਚੌਪਈ॥ਬਹੁਰੋ ਦੇਇ ਤ੍ਰਾਸਨਾ[7] ਕਹਿਹੀਂ।'ਤੁਮ ਢਿਗ ਔਰ ਵਸਤੁ ਜੋ ਅਹਿਹੀ।ਸੋ ਅਬਿ ਦੀਜੈ ਸਰਬ ਬਤਾਇ।ਨਾਤੁਰ ਤੁਝ ਮਾਰਹਿਂ ਇਹ ਥਾਇ' ॥੭੬॥ ਪੀੜ ਭਈ ਸ਼ਹਿਜ਼ਾਦੇ ਜਬਹੀ। ਸ੍ਰੀ ਨਾਨਕ ਚਿਤ ਕੀਨੇ ਤਬਹੀ। 'ਭਲੇ ਤਪਾ ਜੋ ਮੋਕਉ ਭੇਜਾ।ਹੋਤਿ ਬਡੋ ਦੁਖ ਫਟਤਿ ਕਰੇਜਾ॥੭੭॥ਭੂਲਨੋ ਰਿਦੇ ਬੈਸ਼ਨੋ ਦੇਖਾ।ਨਹਿ ਜਾਨਤਿ ਹੈ ਅਘੀ ਬਿਸ਼ੇਖਾ'।ਸ਼ਹਿਜ਼ਾਦੇ ਕੀ ਸਭਿ ਬਿਧਿ ਜਾਨੀ। ਤੂਰਨ ਗਮਨ ਕੀਨ ਗੁਨਖਾਨੀ॥੭੮॥ ਬੈਸਨੋ ਜਹਾਂ

[1]ਠੱਗ। [2]ਬਸਤ੍ਰ। [3]ਪਾਪੀ। [4]ਕਿੱਥੇ। [5]ਜ਼ਾਤ। [6]ਖੋਹ ਲਏ। [7]ਤਾੜਨਾ। *ਤੁਲੰਭਾ ਮੁਲਤਾਨ ਦੇ ਜ਼ਿਲੇ ਵਿਚ ਨੱਗਰ ਹੈ। †ਦੇਵੋ ਮਸੀਤ ਤੇ ਠਾਕਰ ਦੁਆਰਾ ਸੀ। ਧਰਮਸਾਲ ਗੁਰੂ ਜੀ ਨੇ ਬਣਵਾਈ ਸੀ ਜਦੋਂ ਸਜਣ ਸੁਧਰ ਗਿਆ ਸੀ। ਵੇਖੋ ਪਰਚਣ ਜਾ ਸਾਖੀ ਦੀ ਸਾਖੀ ੧੩।

Sri Satguru Jagjit Singh Ji eLibrary NamdhariElibrary@gmail.com

ਬੈਸ਼ਨੋ ਬਨਿ ਕੈ। ਦ੍ਵਾਦਸ਼ ਤਿਲਕ ਲਗਾਏ ਗਨਿ ਕੈ। ਜਾਇ ਨਿਕਟ ਬੇਦੀ ਕੁਲਰਾਈ। 'ਸ਼੍ਰੀ ਕਰਤਾਰ ਕਰਤਾਰ' ਅਲਾਈ ॥੮੯॥ 'ਸੱਜਣ! ਹਮਰੋ ਏਕ ਮਿਰਾਸੀ। ਸੋ ਚਲਿ ਆਯੋ ਤੁਮਰੇ ਪਾਸੀ। ਹਟਿ ਕੈ[1] ਪੁਨ ਹਮ ਪਾਸ ਨ ਗਯੋ। ਕੋ ਜਾਨੈ ਤਿਹ ਕੋ ਕਹਾ ਭਯੋ?' ॥੯੦॥ ਸੱਜਨ ਕਹੈ 'ਨ ਆਯੋ ਕੋਈ। ਜੇ ਆਵਤਿ ਹਮ ਢਿਗ ਹ੍ਵੈ ਸੋਈ'। ਸ਼੍ਰੀ ਗੁਰ ਕਹਿਂ 'ਘਰ ਆਯੋ ਤੋਹੀ[2]। ਕੂਰ ਨ ਕਹਹੁ ਇਹਾਂ ਸੋ ਹੋਹੀ' ॥੯੧॥ ਸੁਨਿ ਸੱਜਣ ਪੁਨ ਬਚਨ ਬਖਾਨਾ। 'ਤੁਮ ਪਿਖਿਯਤਿ ਹੋ ਸੰਤ ਮਹਾਨਾ। ਝੂਠ ਨ ਤੁਮ ਸੋਂ ਕਰੌਂ ਉਚਾਰੀ। ਨਹਿ ਪ੍ਰਤੀਤ ਤੌ ਲੇਹੁ ਨਿਹਾਰੀ' ॥੯੨॥ ਗੁਰ ਮੁਝ ਸੋ ਕਹਿਂ 'ਜਾਵਹੁ ਬਾਲਾ! ਕਰਹੁ ਬੈਸ਼ਨੋ ਕੋ ਮੁਖ ਕਾਲਾ। ਅੰਤਰ ਤੇ ਸ਼ਹਿਜ਼ਾਦਾ ਲ੍ਯਾਇ। ਕਾਲਖ ਪਾਂਕੇ ਬਦਨ ਲਗਾਇ' ॥੯੩॥ ਸੁਨਤਿ ਸ਼੍ਰੌਨ ਮਹਿ ਤੂਰਨ ਗਯੋ। ਬੈਧਨ ਪ੍ਰਕਤ ਬਿਲੋਕਤਿ ਭਯੋ। ਮੁਕਤਿ ਕਰਨੋ[3] ਸੋ ਲੀਨ ਉਠਾਈ। ਸ਼ਹਿਜਾਦੇ ਤਬ ਗਿਰਾ ਅਲਾਈ ॥੯੪॥ 'ਭਲੇ ਥਾਨ ਭੇਜਯੋ ਮੁਝ ਨਾਥਾ! ਚੀਰ ਉਤਾਰੇ ਬੰਧੇ ਹਾਥਾ। ਇਨ ਤੇ ਪਟ ਅਬ ਦੇਹੁ ਦਿਵਾਏ। ਬਡੇ ਦੁਸ਼ਟ ਪਾਪੀ ਦੁਖ-ਦਾਏ' ॥੯੫॥ ਮਨੁਜ ਕਹੈਂ 'ਇਹੁ ਐਸੇ ਆਯੋ। ਨਹਿਂ ਦੁਕੂਲ[4] ਕੋਊ ਪਟ ਲ੍ਯਾਯੋ'। ਤਬ ਮੈਂ ਨਗਨ ਲੀਨ ਨਿਜ ਸਾਥਾ। ਆਯੋ ਜਹਿ ਠਾਂਢੇ ਜਗ ਨਾਥਾ ॥੯੬॥ ਦੋਹਰਾ ॥ ਗੁਰ ਬੂਝਯੋ 'ਕਿਉਂ ਨਗਨ ਭਾ ਕਿਨਹਿ ਉਤਾਰੇ ਚੀਰ?'। ਸੁਨਿਕੈ ਸ਼ਹਿਜ਼ਾਦਾ ਕਹਿਤਿ 'ਸੁਨਹੁ ਹਰਨ ਪਰ ਪੀਰ[5]!' ॥੯੭॥ ਚੌਪਈ ॥ ਇਹਤੋ ਭਲੋ ਬੈਸ਼ਨੋ ਬੈਸਾ। ਬੰਚਕ[6] ਅਘੀ ਨ ਕੋ ਇਸ ਜੈਸਾ। ਮੋਕੋ ਅੰਤਰ ਲੇਕਰਿ ਧਾਮਾ[7]। ਮੁਸ਼ਕੈਂ ਬਾਂਧਿ ਲੀਨਿ ਸੰਗਿ ਦਾਮਾ[8] ॥੯੮॥ ਚੀਰ ਉਤਾਰਿ ਸ਼ਾਸਨਾ ਦੀਨੀ। ਐਸੋ ਤੀਬ੍ਰ* ਪਾਪਮਤਿ ਭੀਨੀ[9]'। ਜਿਉਂ ਜਿਉਂ ਕਹਿਤਿ ਬਚਨ ਢਿਗ ਸੋਇ। ਤਿਉਂ ਤਿਉਂ ਸੱਜਣ ਲੱਜਿਤ ਹੋਇ ॥੯੯॥ ਨੀਚ ਗ੍ਰੀਵ ਜਿਹ ਬੋਲ ਨ ਆਵੈ। ਕੈਸੋ ਦੁਰੈ[10] ਨ ਮਿਸ[11] ਕੋ ਪਾਵੈ। ਲੱਜਿਤ ਹੋਯੋ ਦੇਖਿ ਮਹਾਨਾ। ਤਿਹ ਛਿਨ ਸ਼੍ਰੀ ਗੁਰ ਸ਼ਬਦ ਬਖਾਨਾ ॥੧੦੦॥

ਸੂਹੀ ਮਹਲਾ ੧ ਘਰੁ ੬

ੴ ਸਤਿਗੁਰਪ੍ਰਸਾਦਿ ॥

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥

[1] ਮੁੜਕੇ। [2] ਤੇਰੇ ਹੀ। [3] ਕੂੜਾ ਲਿਆ। [4] ਦੁਪੱਟਾ। [5] ਪਰਾਈ ਪੀੜਾ ਹਰਨ ਵਾਲੇ। [6] ਠੱਗ। [7] ਘਰ ਦੇ। [8] ਰੱਸੀਆਂ ਨਾਲ। [9] ਪਾਪਾਂ ਵਿਚ ਮਤ ਅਤਿ ਭੈ ਕਰਕੇ ਭਿੱਜੀ ਹੋਈ ਸੂ। [10] ਛੁਪੇ। [11] ਬਹਾਨਾ। *ਪਾ:-ਤ੍ਰਬਾਤ।

Sri Satguru Jagjit Singh Ji eLibrary NamdhariElibrary@gmail.com

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍ ॥ ੧ ॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥ ੨ ॥ ਬਗਾਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍॥੩॥ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥ ੪ ॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥ ੫ ॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥ ੬ ॥ ੧ ॥ ੩ ॥

ਚੌਪਈ ॥ 'ਦੁਰਮਤਿ[1] ! ਤੂੰ ਕਲਿਮਲ[2] ਕੀ ਖਾਨਿ। ਬਨਯੋ ਬੈਸ਼ਨੋ ਬੇਖ ਮਹਾਨ। ਬਾਹਰ ਸੁਧਾ[3] ਬੀਚ ਬਿਖ ਪੂਰੀ। ਗਹਿ ਕੈ ਜਮ ਦੇਵਹਿਂ ਦੁਖ ਭੂਰੀ[4] ॥੬੧॥ ਜਬ ਜੰਜੀਰ ਤੋਹਿ ਗਰ ਪਾਵਹਿ।ਹੋਇ ਸ਼ਾਸਨਾ ਕੌਨ ਛੁਟਾਵਹਿ। ਦੁਸ਼ਟ ਕਰਤਿ ਧਨ ਜੋ ਇਕ ਥਾਇ।ਕਾਜ ਨ ਆਵਹਿ ਜਬ ਬਿਲਲਾਇ[5] ॥ ੬੨ ॥ ਸੁਤ ਬਨਿਤਾ[6] ਸਨਬੰਧੀ ਜੋਇ। ਕੋਇ ਨ ਤੋਹਿ ਸਹਾਈ ਹੋਇ।ਪਾਵਹਿ ਪੀਰ ਪਰਯੋ ਚਿਰ ਕਾਲਾ। ਫਲ ਪਾਪਨ ਕੋ ਹੋਇ ਬਿਸਾਲਾ'॥ ੬੩॥ ਦਰਸ਼ਨ ਕਰਿ ਸੁਨਿ ਬਚਨ ਭਯਾਨੇ।ਮਨ ਸੱਜਨ ਕੇ ਭਯੋ ਮਹਾਨੇ। ਹ੍ਵੈ ਅਧੀਨ ਪਾਇਨ[8] ਲਪਟਾਯੋ। ਹਾਥ ਜੋਰਿ ਕਰਿ ਬਚਨ ਅਲਾਯੋ ॥੬੪॥ 'ਕਲਿਮਲਿ ਕੀਨੇ ਮੈਂ ਅਤਿ ਭਾਰੀ। ਅਬ ਰਾਖਹੁ ਹੌਂ ਸ਼ਰਨ ਤੁਮਾਰੀ।ਸੰਤ ਬਿਰਦ ਸਦ ਹੀ ਉਪਕਾਰੀ। ਰਾਵਰਿ ਮਿਲਤਿ ਭਈ ਸੁਧ ਸਾਰੀ' ॥ ੬੫॥ ਗੁਰ ਕਹਿ'ਪਾਪ ਕਰਨ ਤਜਿ ਦੇਈ।ਤੋ ਕਰੁਨਾ[9] ਕਰਤਾਰ ਕਰੇਈ। ਸੱਤਿਨਾਮ ਸਿਮਰਹੁ ਲਿਵਲਾਈ। ਭਲੋ ਜੀਅ ਕੋ ਹੁਇ ਸੁਖ ਪਾਈ' ॥ ੬੬ ॥

ਦੋਹਰਾ ॥ 'ਕਬ ਨ ਅਗਾਰੀ ਹੌਂ ਕਰੌਂ ਪਿਛਲੇ ਬਖਸ਼ਹੁ ਪਾਪ। ਉਪਦੇਸ਼ਹੁ ਸਿਖ ਕੀਜੀਏ ਦੇਹੁ ਨਾਮ ਕੋ ਜਾਪ ॥੬੭॥

ਚੌਪਈ॥ਮੇਰ ਕਰਮ ਕਰਿ ਇਤ ਤੁਮ ਆਏ'। ਕਹਿ ਇਉਂ ਰਹਯੋ ਚਰਨ ਲਪਟਾਏ। ਕ੍ਰਿਪਾ ਧਾਰਿ ਗੁਰ ਬਚਨ ਉਚਾਰਾ। 'ਏਹੁ ਮਿਰਾਸੀ ਗੁਰੂ ਤੁਮਾਰਾ॥੬੮॥ਇਸਕੇ ਮਾਨੇ[10] ਭਲਾ ਜਨੀਜੈ। ਕਰਨੇ ਪਾਪ ਸਰਬ ਤਜਿ ਦੀਜੈ'। ਸ਼ਹਿਜ਼ਾਦੇ ਕੋ ਬੰਦਨ ਕਰੀ। ਸੱਜਨ ਭਾ ਨਿਹਾਲ ਤਿਹ ਘਰੀ॥੬੯॥ਗੁਰਕਹਿਂ'ਸਦਨ ਪਾਪ ਧਨ ਜੋਊ[11]।

---

[1]ਹੇ ਦੁਰਮਤੀਏ ! [2]ਪਾਪਾਂ। [3]ਅੰਮ੍ਰਿਤ। [4]ਬਹੁਤਾ। [5]ਵਿਰਲਾਪ ਕਰੇਂਗਾ ਤੂੰ। [6]ਇਸਤਰੀ। [7]ਤੇ ਵਾਲੇ। [8]ਚਰਨੀ। [9]ਮੇਹਰ। [10]ਮੰਨਿਆਂ, ਸਤਿਕਾਰ ਕੀਤਿਆਂ। [11]ਘਰ (ਵਿਚ) ਪਾਪ (ਨਾਲ ਕੱਠਾ ਕੀਤਾ) ਧਨ (ਹੈ) ਜੋਹੜਾ।

Sri Satguru Jagjit Singh Ji eLibrary NamdhariElibrary@gmail.com

ਅਬ ਲੁਟਾਇ ਦੀਜੈ ਸਭਿ ਸੋਊ'। ਮਾਨ੍ਯੋ ਬਚਨ, ਨਿਕਟਿ ਜੋ ਦਰਬਾ। ਰੰਕ[1] ਬੁਲਾਇ ਲੁਟਾਯੋ ਸਰਬਾ ॥ ੧੦੦ ॥ ਬਖਸ਼੍ਯੋ ਇਸ ਪ੍ਰਕਾਰ ਤਿਸ ਤਾਈਂ*। ਆਗੈ ਕੀਨੋ ਗਮਨ ਗੁਸਾਈਂ। ਖੁਰਮੇਪੁਰਿ† ਮਹਿ ਪਹੁੰਚੇ ਜਾਈ। ਸ਼ਹਿਜ਼ਾਦੇ ਸੋਂ ਗਿਰਾ ਅਲਾਈ ॥੧੦੧॥ 'ਨਗਰ ਮਹਾਨ ਰੁਚਿਰ ਇਸ ਥਾਨਾ। ਕੀਨੋ ਦਾਹੁ[2] ਇਹਾਂ ਮਰਦਾਨਾ'। ਸੁਨਿਕੈ ਸ਼੍ਰੋਨ ਦੇਖਿ ਬਲ ਤਾਈਂ। ਬੰਦਨ ਕੀਨੀ ਸੀਸ ਝੁਕਾਈ ॥ ੧੦੨ ॥ ਗੁਰ ਕਹਿੰ 'ਬਚਨ ਹਮਾਰਾ ਮਾਨਹੁ। ਇਹ ਥਲ ਰਹਹੁ ਕੁਟੰਬ ਨਿਜ ਆਨਹੁ। ਮਰਦਾਨੇ ਕੇ ਸਮ ਤੂ ਹੋਇ। ਪੂਜਹਿ ਪਗ ਸਗਰੋ ਪੁਰਿ[3] ਜੋਇ'॥੧੦੩॥ ਦੋਹਰਾ॥ ਸ਼ਹਿਜ਼ਾਦੇ ਕਰ ਬੰਦਿ ਕੈ ਪੁਨ ਬੂਝੇ ਜਗਤੇਸ਼। 'ਹਮਰਾ ਕੋ ਅਵਿਲੰਬ[4] ਹੈ ਤੁਮ ਗਵਨਹੁ ਪਰਦੇਸ਼' ॥ ੧੦੪ ॥ ਚੌਪਈ ॥ ਸ਼੍ਰੀ ਗੁਰ ਭਨ੍ਯੋ 'ਨਿਕੇਤ[5] ਤੁਮਾਰੇ। ਸਰਬ ਪਦਾਰਥ ਹੋਹਿ ਸੁਖਾਰੇ। ਬੰਸ ਬ੍ਰਿਧ ਹੋਵਹਿਗੋ ਤੁਮਰਾ। ਮਾਨਹੁ ਸਾਚ ਬਚਨ ਇਉਂ ਹਮਰਾ॥੧੦੫॥ ਚਿੰਤ[6] ਕਰਉ ਜਬ ਹੀ ਮਨ ਮਾਂਹੀ। ਆਵੈਂ ਨਿਕਟਿ ਦੇਰ ਕਛੁ ਨਾਂਹੀ। ਇਸ ਬਿਧਿ ਕਰਹੁ ਸੱਤਯ ਪਰਤੀਤਾ। ਡੋਲਹੁ ਨਹੀਂ ਰਾਖਿ ਥਿਰ ਚੀਤਾ' ॥੧੦੬॥ ਸ਼ਹਿਜ਼ਾਦੇ ਤਬ ਜੋਰੇ ਹਾਥਾ। ਕਹੈ 'ਪ੍ਰਤੀਤ ਮੁਝੈ ਪ੍ਰਭੁ ਨਾਥਾ!'। ਤਬ ਸ਼੍ਰੀ ਗੁਰ ਮੰਜੀ ਤਿਹ ਦੀਨੀ। ਆਪ ਚਲਿਨ ਕੀ ਮਨਸ਼ਾ ਕੀਨੀ ॥ ੧੦੭ ॥ ਸ਼ਹਿਜ਼ਾਦਾ ਨਿਜ ਸਦਨ ਸਿਧਾਰਾ। ਲੇਨੇ ਹੇਤੁ ਸਰਬ ਪਰਵਾਰਾ। ਤਬ ਕੋ ਬਸ੍ਯੋ ਜਾਇ ਤਿਹ ਥਾਨਾ। ਬਧੀ ਮੰਨਤਾ ਬੰਸ਼ ਮਹਾਨਾ ॥੧੦੮॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਮਰਦਾਨਾ ਮਰਨ, ਸ਼ਹਿਜ਼ਾਦੇ ਕੋ ਪ੍ਰਸੰਗ' ਬਰਨਨੰ ਨਾਮ ਪੈਂਤੀਸਮੋਂ ਅਧ੍ਯਾਯ ॥ ੩੫ ॥

੩੬. [ਗੁਰਪਗ ਸਿਮਰਨ, ਕੰਧਾਰ, ਯਾਰਵਲੀ, ਖੱਤ੍ਰੀ, ਸ਼ਾਹ ਸ਼ਰਫ, ਮਾਨਚੰਦ ਨਿਸਤਾਰਾ]

ਦੋਹਰਾ ॥ ਸ਼੍ਰੀ ਗੁਰ ਪਗ ਕੋ ਸਿਮਰ ਉਰ ਰੋਜ ਖੋਜਿ ਨਿਜ ਰੂਪ[1]

ਪਾਇ ਸਹਿਜ ਸੁਖ ਕੋ ਤਬੈ ਉਧਰ ਅੰਧੇਰੇ ਕੂਪ ॥ ੧ ॥

[ਰੋਜ=ਹਰ ਦਿਨ, ਸਦਾ। [ਫ਼ਾ:—ਰੋਜ਼]। ਸਹਿਜ ਸੁਖ=ਉਹ ਸੁਖ ਜੋ ਪੂਰਨ ਪਦ ਦੀ ਪ੍ਰਾਪਤੀ ਤੇ ਹੁੰਦਾ ਹੈ, ਪਰਮਾਤਮਾ ਦੇ ਨਿਰੰਤਰ]

[1]ਕੰਗਾਲਾਂ ਨੂੰ। [2]ਸਸਕਾਰ। [3]ਸਾਰਾ ਸ਼ਹਿਰ। [4]ਆਸਰਾ। [5]ਘਰ। [6]ਯਾਦ।

*ਸੱਜਣ ਦਾ ਪ੍ਰਸੰਗ ਪੁਰਾਤਨ ਜਨਮਸਾਖੀ ਵਿਚ ਹੈ, ਪਰ ਪਹਿਲੀ ਉਦਾਸੀ ਦਾ ਪਹਿਲਾ ਟਿਕਾਣਾ ਇਹ ਲਿਖਿਆ ਹੈ ਤਦੋਂ ਨਾਲ ਮਰਦਾਨਾ ਸੀ। ਸੱਜਣ ਦਾ ਠੱਗ ਗੜ੍ਹ ਢੁਹਾਕੇ ਗੁਰੂ ਜੀ ਨੇ ਧਰਮਸਾਲ ਬਣਵਾਈ ਜੋ ਪਹਿਲੀ ਧਰਮਸਾਲ ਹੋਈ। ਸਜਣ ਦੀ ਸਮਾਧ ਅਜੇ ਹੈ ਤੇ ਇਸ ਧਰਮਸਾਲ ਦੇ ਨੇੜੇ ਹੈ। †ਖੁਰਮੇ ਬਾਬਤ ਪਿੱਛੇ ਲਿਖ ਆਏ ਹਾਂ, ਵਿਸ਼ੇਸ਼ ਖੋਜ ਦੀ ਲੋੜ ਹੈ।

{ ਮੇਲ ਦਾ ਸੁਖ। ਉਧਰ=ਉੱਚੇ ਉੱਠਣਾ। ਕਿਸੇ ਨੀਵੇਂ ਥਾਓਂ ਯਾ ਦਸ਼ਾ ਤੋਂ ਉਪਰ ਆਉਣਾ। ਤਰ ਜਾਣਾ। [ਸੰਸ:, ਉਦ੍ਧਾਰਣੰ]। }

ਅਰਥ—ਸ੍ਰੀ ਗੁਰੂ ਜੀ ਦੇ ਚਰਨਾਂ ਨੂੰ ਰਿਦੇ (ਵਿਖੇ) ਸਦਾ ਸਿਮਰ (ਤੇ) ਨਿਜ ਸਰੂਪ ਦੀ ਖੋਜ ਕਰ ਤਦ (ਸੰਸਾਰ ਰੂਪੀ) ਅੰਨ੍ਹੇ ਖੂਹ ਤੋਂ ਉਧਾਰ (ਹੋਵੇ) ਤੇ ਸਹਿਜ ਸੁਖ ਪਾ ਲਵੇਂ।

ਸ੍ਰੀ ਬਾਲਾ ਸੰਧੁਰੁ ਬਾਚ॥ਚੌਪਈ॥ਸ੍ਰੀ ਅੰਗਦ ਸੁਨਿ ਕਥਾ ਰਸਾਲਾ। ਗਏ ਕੰਧਾਰ ਮਝਾਰ ਕ੍ਰਿਪਾਲਾ।ਯਾਰਵਲੀ ਇਕ ਮੁਗ਼ਲ ਰਹੰਤਾ। ਤਿਹ ਸੌਂ ਕੀਨ ਮਿਲਨ ਭਗਵੰਤਾ॥ ੨ ॥ ਬੂਝਨ ਹਿਤ ਤਿਹ ਬਚਨ ਉਚਾਰਾ । 'ਗੁਫਤੋ ਅਪਨੋ ਨਾਮ ਚਿ ਦਾਰਾ[1]?'[2]'ਮਾ[3]ਨਾਮ ਨਾਨਕ ਨਿਰੰਕਾਰੀ'।ਕਹੈ 'ਮਾਯਨਾ[4] ਕਰੋ ਉਚਾਰੀ'॥੩॥[2]'ਬੰਦਾ ਹਉਂ ਖੁਦਾਇ ਕਾ ਜਾਨਹੁ'।ਪੁਨ ਬੂਝਤਿ'ਨਿਜ ਪੀਰ ਬਖਾਨਹੁ'। "ਯਕ ਖੁਦਾਇ ਹੈ ਦਿਗਰ[5] ਨ ਕੋਈ। ਜਗਤ ਮੁਰੀਦ ਪੀਰ ਬਡ ਸੋਈ' ॥੪॥ ਬਚਨ ਸੁਨਤਿ ਭਾ ਦੇਖਿ ਨਿਹਾਲਾ। ਧਰਨੋ ਚਰਨ ਪੁਰ ਸਿਰ ਤਤਕਾਲਾ। 'ਤੁਮ ਖੁਦਾਇ ਹੋ ਧਰਯੋ ਸਰੀਰਾ। ਭੰਜਹੁ[6] ਜਨਮੁ ਮਰਨ ਕੀ ਪੀਰਾ[7]॥੫॥ ਮੈਂ ਜਾਨੋਂ ਨਿਜ ਪੀਰ ਬਿਸ਼ਾਲਾ। ਤੁਮਰੋ ਭਾ ਮੁਰੀਦ ਇਹ ਕਾਲਾ'। ਬੂਝਯੋ ਗੁਰੂ 'ਨਾਮ ਕੋ ਤੇਰਾ? । ਕਿਉਂ ਮੁਰੀਦ ਹੋਵਤਿ ਹੈਂ ਮੇਰਾ' ॥੬॥ 'ਯਾਰਵਲੀ ਜਾਨਹੁ ਮਮ ਨਾਮੂ। ਬਨਉਂ ਮੁਰੀਦ ਮੁਕਤਿ ਕੇ ਕਾਮੂ[8]'। ਤਿਹ ਕੀ ਸ਼ਰਧਾ ਦੇਖਿ ਬਿਸ਼ਾਲਾ।ਉਪਦੇਸ਼ਯੋ ਕਰਿਦੀਨ[9] ਨਿਹਾਲਾ ॥ ੭॥ ਏਕ ਨਿਸਾ ਬਸਿਕੈ ਤਿਹ ਸਦਨਾ। ਚਲਿਨ ਤਯਾਰ ਭे ਪੰਕਜ ਬਦਨਾ। ਯਾਰਵਲੀ ਬੰਦੈ ਸਿਰ ਨਯਾਇ। ਭਈ ਮਸਤ ਮਤ ਨਾਮ ਖੁਦਾਇ ॥ ੮ ॥ ਤਿਹ ਕੋ ਧੀਰਜ ਦੇ ਪੁਨ ਗਏ।ਇਕ ਖੱਤ੍ਰੀ ਕੋ ਦੇਖਤਿ ਭਏ। ਜਮੀ ਬਰਫ ਬਹੁ ਤਿਸ ਨੇ ਫੋਰੀ। ਲਾਗਯੋ ਮੱਜਨ ਕਰਨੇ ਤੋਰੀ ॥੯॥ ਕਰਨ ਕ੍ਰਿਤਾਰਥ ਤਾਂਹਿ ਸਮੀਪਾ।ਬੂਝਤਿ ਭੇ ਬੇਦੀਕੁਲਦੀਪਾ।'ਕੋ ਹੈ ਬਰਨ,ਨਾਮ ਕੋ ਤੋਰਾ?। ਨ੍ਹਾਨ ਚਹਤਿ ਹੈ ਸੀਤ ਘਨੇਰਾ'॥੧੦॥ ਕਰਿ ਸ਼ਨਾਨ ਜਬ ਬਾਹਰ ਆਵਾ। ਦਰਸ਼ਨ ਦੇਖਤਿ ਭਰਮ ਨਸਾਵਾ।ਬਿਮਲ[10] ਰਿਦਾ ਹ੍ਵੈ ਬੰਦਨ ਕੀਨੀ। ਸੰਤ ਰੂਪ ਲਖਿ ਮਹਿਮਾ ਚੀਨੀ॥੧੧॥ਹਾਥਬੰਦਿਕੈ ਬਿਨੈ ਬਖਾਨੀ।'ਸੰਤਮਿਲਨ ਮਮ ਚਾਹਿ ਮਹਾਨੀ। ਅਬ ਰਾਵਰ ਪਰ ਭਈ ਪ੍ਰਤੀਤੀ। ਦਰਸ ਦੇਖਿ ਭਾ ਮਨ ਧ੍ਰਤ ਪ੍ਰੀਤੀ[11]' ॥ ੧੨ ॥ ਪੂਰਬ ਕਰਮਨ ਕੇ ਫਲ ਪਾਏ। ਪੂਰਨ ਸੰਤ

---

[1]ਕਹੋ ਕੀ ਰੱਖਦੇ ਹੋ ਅਪਣਾ ਨਾਮ ? [2]ਗੁਰੂ ਜੀ ਬੋਲੇ। [3]ਸਾਡਾ। [4]ਅਰਥ। [5]ਦੂਸਰਾ। [6]ਭੰਨਦੇ ਹੋ। [7]ਪੀੜਾ। [8]ਮੁਕਤੀ ਵਾਸਤੇ। [9]ਕਰ ਦਿੱਤਾ। [10]ਉੱਜਲ। [11]ਪ੍ਰੀਤ ਵਾਲਾ ਹੋ ਗਿਆ ਹੈ ਮਨ।

Sri Satguru Jagjit Singh Ji eLibrary NamdhariElibrary@gmail.com

ਮਿਲੇ ਤੁਮ ਆਏ'। ਤਿਹ ਕੀ ਪ੍ਰੀਤਿ ਦੇਖਿ ਗੁਨਖਾਨੀ। ਉਪਦੇਸ਼ੀ ਉਰਭਗਤਿ ਮਹਾਨੀ ॥ ੧੩ ॥ ਸਗਰੀ ਘਾਲ ਸੰਪੂਰਨ ਕੀਨੀ। ਪ੍ਰਭੁ ਸਿਮਰਨ ਭੀ ਪ੍ਰੀਤ ਨਵੀਨੀ। ਕਰਿ ਬਿਨਤੀ ਲੇ ਸਦਨ ਸਿਧਾਰਾ। ਅਧਿਕ ਭਾਉ ਕਰਿ ਭੋਜਨ ਖੁਆਰਾ[1] ॥੧੪ ॥ ਤੀਨ ਦਿਵਸ ਰਾਖੇ ਹਿਤ ਸੰਗਾ। ਯਾਰਵਲੀ ਕੋ ਸੁਨਹੁ ਪ੍ਰਸੰਗਾ। ਸ਼ੇਖ ਸ਼ਰਫ ਇਕ ਤਿਹ ਕੋ ਮੀਤਾ। ਪਰਚਤਿ ਹੁਤੇ ਕਰਤਿ ਹਿਤ ਚੀਤਾ[2] ॥੧੫॥ ਦੋਹਰਾ॥ ਜਬ ਸ੍ਰੀ ਗੁਰ ਮਿਲਿ ਕੈ ਗਏ ਪੀਛੇ ਆਯੋ ਸੋਇ ॥ ਹੇਰਯੋ ਮਗਨ ਬਿਲੋਕਿ ਕੈ ਬੂਝਨੈ ਬਚਨ ਬੁਗੋਇ[3] ॥ ੧੬ ॥ ਚੌਪਈ ॥ 'ਕੌਨ ਹਾਲ ਤੁਮ ਭਏ ਦਿਵਾਨੇ?। ਜਗ ਬਿਵਹਾਰ ਸਰਬ ਬਿਸਰਾਨੇ। ਕਾਲ ਔਰ ਬਿਧਿ ਔਰੈ ਆਜਾ। ਕੋ ਤੁਹਿ ਮਿਲਯੋ? ਭਯੋ ਅਸ ਕਾਜਾ'॥੧੭॥ ਯਾਰਵਲੀ ਤਿਹ ਸੰਗ ਬੁਗੋਵਾ[4]। 'ਯਕ ਕੋ ਮੈਂ ਮੁਰੀਦ ਲਖਿ ਹੋਵਾ। ਅਹੈ ਫਕੀਰ ਪੀਰ ਜੋ ਮੇਰੋ। ਹਾਲ ਭਯੋ ਅਸ ਦਰਸ਼ਨ ਹੇਰੋ[5] ॥ ੧੮ ॥ ਕਰੁਨਾ ਦ੍ਰਿਸ਼ਟਿ[6] ਧਾਰਿ ਕੈ ਮੋ ਪਰ। ਦੀਨੋ ਗ੍ਯਾਨ ਮੋਹ ਮਨ ਕੋ ਹਰਿ[7]'। ਬੂਝੈ ਸ਼ੇਖ 'ਸੁ ਕੁਜਾ[8] ਸਿਧਾਯੋ। ਦਿਖਰਾਵਹੁ, ਅਸ ਜਾਂਹਿ ਬਨਾਯੋ'॥੧੯॥ ਯਾਰਵਲੀ ਕਹਿ 'ਭਾਉ[9] ਧਰੀਜੈ। ਮਿਲਹਿ ਆਇ ਸੋ ਆਪ, ਲਖੀਜੈ'। ਸੁਨਤਿ ਬਚੌਨ ਦੋ ਧਰਨਾ ਬੈਸਾ। ਕਹੈ 'ਉਠਹੁੰ ਪਿਖਿਕੈ ਉਹ ਕੈਸਾ' ॥੨੦॥ ਆਗੈ ਮਿਲਿਕੈ ਜਾਵਤਿ ਧਾਮੂ। ਬੈਠਿ ਰਹਯੋ ਤਹਿ ਦੇਖਨ ਕਾਮੂ। ਜਬ ਹੀ ਦਿਵਸ ਬਿਤੀਤੇ ਚਾਰ। ਆਏ ਸ੍ਰੀ ਗੁਰ ਕਰੁਨਾਧਾਰਿ ॥ ੨੧ ॥ ਦੇਖਯੋ ਯਾਰਵਲੀ ਤਬ ਗੁਰ ਕੋ। ਤੂਰਨ ਉਠਯੋ ਪ੍ਰੇਮ ਕਰਿ ਉਰ ਕੋ। ਕਿਯ ਬੰਦਨ ਜੁਗ ਪਦ ਅਰਬਿੰਦਾ। ਬੈਸਾਰੇ ਪੁਨ ਆਨੰਦਕੰਦਾ[10] ॥ ੨੨ ॥ ਸ਼ੇਖ ਸ਼ਰਫ ਪੁਨ ਬਾਨੀ ਭਾਖੀ। 'ਖਫਨੀ ਕਰਦ ਚਿਕਾਰ*ਜੁ ਰਾਖੀ[11]?'। ਗੁਰੂ ਮਾਯਨਾ ਤਾਂਹਿ ਬਤਾਇ[12]। 'ਖਫਨੀ ਹੁਇ ਗਰ[13] ਖਉਫ ਖ਼ੁਦਾਇ॥੨੩॥ ਜੀਵਤਿ ਮ੍ਰਿਤਕ[14] ਜਗਤ ਹ੍ਵੈ ਰਹੀਏ। ਹੱਕ[15] ਪਛਾਨਿ ਸਰਬ ਸੁਖ ਲਹੀਏ। ਜਲਕੇ ਬਿਖੈ ਡੂਬ ਜੋ ਤਰਿਹੀ[16]। ਬਹੁਰ ਨ ਡੂਬਨਕੋ ਡਰ ਕਰਿਹੀ[17] ॥੨੪॥ ਨਦੀ ਸਰਬ ਅਰ ਸਾਗਰ ਮਾਂਹੀ। ਤਰਤਿ ਸਤਬ ਪਰ ਕਬਿ ਨ ਡੁਬਾਹੀ। ਤੈਸੇ ਮ੍ਰਿਤਕ ਭਏ ਜੋ ਜੀਵਤਿ। ਪੁਨ ਤਿਨ

---

[1]ਖੁਆਲਿਆ। [2]ਦਿਲੀ ਪਿਆਰ ਨਾਲ। [3]ਕਹਿਕੇ। [4]ਕਿਹਾ। [5]ਡਿਠਿਆਂ। [6]ਮੇਹਰ ਦੀ ਨਜ਼ਰ। [7](ਮੇਰੇ) ਮਨ ਦਾ ਮੋਹ ਨਾਸ਼ ਕਰਕੇ। [8]ਕਿੱਥੇ ?। [9]ਪ੍ਰੇਮ। [10]ਅਨੰਦ ਦੇ ਮੂਲ। [11]ਜੋ ਕਰ ਰੱਖੀਹੈ ਖਫਨੀ ਇਹ ਕਿਸ ਲਈ ਹੈ ? [12]ਗੁਰੂ ਜੀ ਨੇ ਮਤਲਬ ਤਿਸਦਾ ਦੱਸਿਆ। [13]ਗਲ ਵਿਚ। [14]ਜੀਊਂਦਿਆਂ ਹੀ ਮੁਰਦਾ। [15]ਰੱਬਨੂੰ। [16]ਡੁੱਬਕੇ ਜੋ ਤਰਦਾ ਹੈ। [17]ਕਰਦਾ। *ਪਾ:—ਕਰ ਦਰਿਕਾਰ।

ਨਹਿੰ ਮ੍ਰਿਤਕੋ ਦੁਖ ਥੀਵਤਿ[1] ॥੨੫॥ ਆਪਾ[2] ਕਬਿ ਨ ਜਨਾਵਹੁ ਕਾਂ ਕੌਂ । ਹੋਇ ਰਹੋ ਸਭਿ ਕੀ ਪਗ ਖ਼ਾਕੋਂ[3]'।ਬੂਝੇ ਸ਼ਰਫ'ਗੋਦੜੀ ਕੌਨ?।ਕਹੋ ਕਰਮ ਬੈਰਾਗੀ ਜੌਨ?'॥੨੬॥ ਦੋਹਰਾ॥ ਗੁਰੂ ਭਨਤੇ 'ਅਸ ਗੋਦੜੀ, ਸੂਈ ਸਬੂਰੀ[4] ਤੇਹੁ। ਬੁਜ਼ਰਕ ਸੰਗਤਿ ਤੰਤ[5] ਲੇ ਸੀਵਨ ਮਨਨ[6] ਕਰੇਹੁ ॥੨੭॥ ਚੌਪਈ ॥ ਮਾਨ ਖੋਇ ਗਰ ਪਾਵਹੁ ਤਾਂਹੀ । ਜਮ ਸਰਦੀ[7] ਡਰ ਹੋਵਤਿ ਨਾਂਹੀ। ਹੋਇ ਬਿਐਬ ਬਿਰਾਗੀ ਸੋਇ।ਮਾਯਾ ਮੋਹ ਲਗੈ ਨਹਿੰ ਕੋਇ ॥੨੮॥ ਏਕ ਖ਼ੁਦਾਇ ਸਭਿਨਿ ਮਹਿ ਜਾਨਹਿ । ਰਿਦੈ ਬਿਕਾਰ ਨ ਕਬਹੂੰ ਆਨਹਿ। ਬੰਧਨ ਤਜਿ ਅਬੰਧ[8] ਜੋ ਰਹੈ । ਤਿਹ ਕੋ ਸੰਤ ਬਿਰਾਗੀ ਕਹੈਂ' ॥ ੨੯ ॥ ਸੁਨਿਕੈ ਸ਼ਰਫ ਭਯੋ ਮਨ ਦੀਨ । ਪਗ[9] ਸਿਰ ਧਰਿ ਨ ਉਠਾਵਨ ਕੀਨ । ਕਹੈ ਕਿ 'ਭਯੋ ਮੁਰੀਦ ਤੁਮਾਰਾ।ਹੁਇ ਪੀਰਨ ਸਿਰ ਪੀਰ ਉਦਾਰਾ॥੩੦॥ਤੁਮ ਸਮ ਸਾਹਿਬ ਔਰ ਨ ਪਾਵਹਿਂ । ਜਗਤ ਸਰਬ ਜੇ ਖੋਜਨ ਜਾਵਹਿਂ' । ਗੁਰ ਨਿਜ ਕਰ ਸੋਂ ਸੀਸ ਉਠਾਵਾ । ਕਹਤੇ 'ਰਿਦੇ ਤੇ ਤਜਿਯੇ ਦਾਵਾ ॥ ੩੧ ॥ ਸੱਤਿਨਾਮ ਸਿਮਰਹੁ ਲਿਵਲਾਇ। ਦੇਖਹਿ ਕਰੁਨਾ ਦ੍ਰਿਸ਼ਟਿ ਖ਼ੁਦਾਇ'।ਛੁਯੋ ਗੁਰੂ ਕਰ ਸੋਂ ਸਿਰ ਜਬਿਹੀ।ਜਗੀ ਨਾਮ ਲਿਵ ਮਨ ਮਹਿ ਤਬਿਹੀ ॥੩੨॥ ਗੁਰ ਕਹਿ 'ਤੁਮ ਅਬ ਸਦਨ ਸਿਧਾਰਹੁ।ਰਿਦੇ ਖ਼ੁਦਾਇ ਸਦੀਵ ਸਮਾਰਹੁ[10]'।ਸ਼ੇਖ ਜੋਰਿ ਕਰ ਬਚਨ ਉਚਾਰਾ । 'ਬਹੁਰ ਦੇਹੁਗੇ ਕਬਹਿ ਦਿਦਾਰਾ?'॥੩੩॥[11]'ਰਿਦੇ ਯਾਦ ਰਾਖਹੁ ਧ੍ਰੁਤ ਪ੍ਰੀਤੀ । ਅਬ ਦਿਦਾਰ ਸਮਝਹੁ ਇਸ ਰੀਤੀ । ਜੌ ਤੇਰੇ ਚਿਤ ਹ੍ਵੈ ਬਹੁ ਚਾਹੀ । ਸ਼ਹਿਜ਼ਾਦਾ ਹੈ ਖੁਰਮੇ ਮਾਂਹੀ ॥ ੩੪ ॥ ਮਰਦਾਨੇ ਕੋ ਸੁਤ ਧ੍ਰੁਤ ਗ੍ਯਾਨਾ।ਤਿਹ ਕੋ ਦਰਸਹੁ ਜਾਇ ਸੁਜਾਨਾ। ਜੈਸੇ ਦਰਸ ਹਮਾਰੋ ਕੀਨੋ । ਤੈਸੇ ਫਲ ਤਿਹ ਕੋ ਤੁਮ ਚੀਨੋ' ॥ ੩੫ ॥ ਸੁਨਿ ਆਇਸੁ ਗੁਰ ਕੀ ਸਿਰ ਧਰਿਕੈ । ਗਮਨਤੋ ਸਦਨ ਭਾਉ ਬਹੁ ਕਰਿਕੈ।ਚਲਨਿ ਤਯਾਰ ਆਪ ਭੇ ਜਬਹੀ । ਯਾਰਵਲੀ ਥੈਦੇ ਪਦ ਤਬਿਹੀ ॥੩੬॥ ਦੋਹਰਾ ॥ 'ਮੋਕੋ ਮਿਲਿਹੋ ਆਨਿ ਕਬ ਕਰੁਨਾਨਿਧਿ[12] ਸੁਖਦਾਇ ! ਕਿਧੋਂ ਚਲਹੁ ਲੇ ਸੰਗਿ ਨਿਜ ਬਿਰਹ[13] ਨ ਹ੍ਵੈ ਜਿਸੁਭਾਇ[14]'॥੩੭॥ਚੌਪਈ॥ਸ੍ਰੀਗੁਰ ਕਹਤੇ'ਮਿਲਿਨ ਇਹੁ ਜਾਨਾ।ਦਾਵੇ ਕੋ ਕਰਿ ਦੂਰ ਗੁਮਾਨਾ।ਰਹਿਨੋ ਇਹਾਂ ਆਪਨੇ ਜਾਨਹੁ । ਰਿਦੇ

---

[1]ਹੁੰਦਾ । [2]ਆਪਣਾ ਆਪ । [3]ਪੈਰਾਂ ਦੀ ਧੂੜੀ । [4]ਸੰਤੋਖ । [5]ਮਹਾਂ ਪੁਰਖਾਂ ਦੀ ਸੰਗਤ ਦਾ ਤਾਗਾ । [6]ਮੰਨਣ ਨੂੰ । [7]ਮੌਤ ਰੂਪੀ ਸਰਦੀ । [8]ਬੰਧਨ ਰਹਤ । [9]ਚਰਣਾਂ ਤੇ । [10]ਸਿਮਰੋ । [11]ਗੁਰੂ ਜੀ ਬੋਲੇ । [12]ਹੇ ਮੇਹਰ ਦੇ ਖਜ਼ਾਨੇ । [13]ਵਿਛੋੜਾ । [14]ਜਿਵੇਂ ਨਾਂ ਹੋਵੇ ।

Sri Satguru Jagjit Singh Ji eLibrary NamdhariElibrary@gmail.com

ਹਮਾਰੀ ਆਇਸੁ ਮਾਨਹੁ' ॥੩੯॥ ਅਸ ਕਹਿ ਗਮਨ ਕੀਨ ਤਿਹ ਕਾਲਾ। ਤਜਿ ਕੰਧਾਰ ਗੇ ਗ੍ਰਾਮ ਕ੍ਰਿਪਾਲਾ। ਏਕ ਪਠਾਨ ਮਿਲਯੋ ਤਹਿਂ ਆਈ। ਪ੍ਰਭੁ ਕੋ ਦੇਖਤਿ ਗਿਰਾ ਅਲਾਈ ॥੩੯॥ ਦੋਹਰਾ॥ 'ਕਿਹ ਤੇ ਆਏ, ਕੌਨ ਹੋ, ਕਿਉਂ ਬੈਸੇ ਇਸ ਥਾਨ?।ਕਿਸ ਸਿਉਂ ਤੁਮਰੋ ਕਾਮ ਹੈ?ਮੁਖ ਤੇ ਸਾਚ ਬਖਾਨ'।੪੦। ਚੌਪਈ॥ਤਿਹ ਸੋਂ ਬਚਨ ਕਹਯੋ ਸੁਖਦਾਇ।'ਹਮ ਹੈਂ ਬੰਦੇ ਲਖਹੁ ਖ਼ੁਦਾਇ। ਇਕ ਮਾਨਵ ਸੋਂ ਹਮਰੋ ਕਾਜਾ। ਮਿਲੈਂ ਤਾਂਹਿ ਸੋਂ, ਕਹੌਂ ਨ ਪਾਜਾ'॥੪੧॥ ਬੂਝੈ ਖਾਨ 'ਕੌਨ ਨਰ ਸੋਇ ?।ਜਿਹ ਸੋਂ ਮਿਲਨ ਤੁਮਾਰਾ ਹੋਇ'। ਗੁਰੂ ਭਨੈ 'ਖੱਤ੍ਰੀ ਤਿਹ ਜਾਤਿ।ਅਹੈ ਸੁ ਖਾਨਚੰਦ ਕੋ ਤਾਤ[੧]' ॥੪੨॥ ਮਾਨਚੰਦ ਹੈ ਜਾਂਕੋ ਨਾਮੁ।ਤਿਹ ਕੇ ਸੰਗ ਹਮਾਰੋ ਕਾਮੁ'। ਖਾਨ ਭਨੈ 'ਹੈ ਗ੍ਰਾਮ ਮਝਾਰਾ। ਮਿਲਹੁ ਜਾਇਕੈ ਤਾਂਹਿ ਅਗਾਰਾ[੨]' ॥ ੪੩ ॥ ਬੈਠੇ ਕਿਉਂ ਹੋ ਬੀਚ ਉਜਾਰਾ। ਸ਼ੁਭ ਸੁਭਾਇ ਮੈਂ ਲਖੌਂ ਤੁਮਾਰਾ'। ਸ੍ਰੀ ਗੁਰ ਕਹੈਂ 'ਨ ਹਮ ਤਹਿਂ ਜਾਇਂ। ਆਨਿ ਮਿਲੈਗਾ ਸੋ ਇਹ ਥਾਇਂ' ॥੪੪॥ ਸੁਨਿ ਕੈ ਖ਼ਾਨ ਗ੍ਰਾਮ ਮਹਿ ਗਯੋ। ਖੱਤ੍ਰੀ ਕੋ ਸੁਧ ਦੇਵਤਿ ਭਯੋ।'ਬਾਹਰ ਦ੍ਵੈ ਫ਼ਕੀਰ ਹੈਂ ਬੈਸੇ।ਮੈਂ ਬੂਝਯੋ ਸੋ ਭਾਖਤਿ ਐਸੇ ॥੪੫॥—ਮਨਚੰਦ ਖੱਤ੍ਰੀ ਜੋ ਰਹਿਈ। ਤਿਹ ਸੰਗ ਹਮਰੋ ਕਾਰਜ ਅਹਿਈ—। ਰਹਯੋ ਬੁਲਾਇ ਸੁ ਆਵਤਿ ਨਾਂਹੀ। ਤੁਮ ਦੇਖਹੁ ਤਿਨ ਕੋ ਤਹਿਂ ਜਾਹੀ'॥ ੪੬ ॥ ਦੋਹਰਾ ॥ ਮਾਨਚੰਦ ਬੋਲਯੋ ਬਹੁਰ 'ਮੇਰੀ ਨਹੀਂ ਪਛਾਨ। ਕੋ ਫ਼ਕੀਰ ਜਾਨੌਂ ਨਹੀਂ ਆਗੇ ਕਬਿ ਨ ਮਿਲਾਨ' ॥੪੭॥ ਚੌਪਈ ॥ ਕਹੈ ਖਾਨ 'ਦੇਖਹੁ ਤੁਮ ਜਾਈ।ਮਿਲੇ ਸਾਧ ਨਹਿ ਦੋਖ ਲਗਾਈ'। ਇਉਂ ਸੁਨਿਕੈ ਉਰ ਕੀਨ ਬਿਚਾਰਾ। ਉਭੈ ਸੇਰ ਮੇਵਾ ਕਰ ਧਾਰਾ[੩] ॥੪੮॥ ਸ੍ਰੀ ਗੁਨ ਖਾਨੀ ਬੈਠੇ ਜਹਿਂਵਾ।ਬਡਭਾਗੀ ਚਲਿ ਆਯੋ ਤਹਿਂਵਾ। ਦ੍ਵੈ ਕਰ ਜੋਰਿ ਬੰਦਨਾ ਕਰਿਕੈ। ਬੈਠਯੋ ਅੱਗ੍ਰਜ ਮੇਵਾ ਧਰਿਕੈ ॥੪੯॥ ਸ੍ਰੀ ਗੁਰ ਕੋਮਲ ਬਚਨ ਉਚਾਰੇ। 'ਮਾਨ ਚੰਦ! ਸਭਿ ਕੁਸ਼ਲ[੪] ਤੁਮਾਰੇ?'। ਬੂਝਨ ਲਗਯੋ ਸੁ 'ਕਬ ਕੇ ਜਾਨਹੁ?।ਆਗੇ ਮਿਲੇ ਨ, ਕਸ ਪਹਿਚਾਨਹੁ ? ॥੫੦॥ ਕੌਨ ਦੇਸ਼ ਕੋ ਬੇਸ ਤੁਮਾਰਾ ?। ਕੇ ਕਾਰਜ ਹੈ ? ਕਹੁ ਨਿਰਧਾਰਾ[੫]'। ਗੁਰੂ ਕਹੈਂ 'ਬੇਗਮ ਪੁਰ ਦੇਸ਼ਾ। ਏਕੰਕਾਰ ਰੂਪ ਤਨ ਬੇਸਾ ॥੫੧॥ ਨਾਨਕ ਨਿਰੰਕਾਰੀ ਮਮ ਨਾਇ। ਇਸ ਕੋ ਬਾਲਾ ਸਰਬ ਅਲਾਇ'।ਮਾਨਚੰਦ ਸੁਨਿ ਬਚਨ ਉਚਾਰੇ। 'ਐਸੀ ਬਾਤ ਨ ਬੀਚ ਸੰਸਾਰੇ ॥ ੫੨ ॥ ਦੋਹਰਾ ॥ ਔਰ ਔਰ ਬਾਤੈਂ ਕਰੋ ਜਾਨੀ ਜਾਇ ਨ ਜੋਇ।

---

[੧]ਪੁਤ੍ਰ। [੨]ਘਰ। [੩]ਦੋ ਸੇਰ ਮੇਵਾ ਹੱਥ ਵਿਚ ਲਿਆ। [੪]ਸੁੱਖ। [੫]ਨਿਰਨੇ ਕਰਕੇ, ਖੁਹਲ ਕੇ।

Sri Satguru Jagjit Singh Ji eLibrary NamdhariElibrary@gmail.com

ਕੌਨ ਭੇਖ, ਨਹਿਂ ਲਖਿ ਸਕੌਂ ਮੁਝ ਅਚਰਜ ਮਨ ਹੋਇ'॥ ੫੩ ॥ ਚੌਪਈ ॥
ਗੁਰ ਕਹਿਂ 'ਅਸ ਬਰ ਮਹਿਂ ਸੁਖ ਸਾਰਾ। ਭਲੀ ਬਾਤ ਨਹਿ ਲਖਹੁ ਸੰਸਾਰਾ।
ਮਿੱਥਨਾ ਸੌਂ[1], ਨਹਿਂ ਆਵਹਿ ਕਾਜਾ। ਨਰ ਲਪਟਾਇ ਰਹੇ ਸਭਿ ਪਾਜਾ ॥
੫੪॥ ਉੱਤਮ ਜਾਨਹੁ ਮਨ ਮਹਿਂ ਸੋਇ। ਜਿਨ ਕੇ ਲਖੇ ਸਰਬ ਸੁਖ ਹੋਇ।
ਸੁਨਤੈ ਮਾਯਾ ਮੋਹ ਨਸਾਇ। ਹੈ ਪ੍ਰਲੋਕ ਕੇ ਬਿਖੈ ਸਹਾਇ ॥ ੫੫ ॥ ਜੁਊ
ਕਮਾਵੈ ਸੋ ਹੈ ਸਜਾਨਾ'। ਅਸ ਕਹਿ ਸ੍ਰੀ ਗੁਰ ਸ਼ਬਦ ਬਖਾਨਾ। ਜਿਹ ਕੇ
ਸੁਨਤੈ ਤਿਹ ਸੁਧ ਆਈ। ਲੇ ਉਪਦੇਸ਼ ਪਰਮਗਤਿ[2] ਪਾਈ ॥ ੫੬ ॥

ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰਪ੍ਰਸਾਦਿ ॥

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥ ਆਪੇ ਜਾਣੈ ਕਰੇ ਆਪਿ
ਜਿਨਿ ਵਾੜੀ ਹੈ ਲਾਈ ॥ ੧ ॥ ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ
॥ ੧ ॥ ਰਹਾਉ ॥ ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥ ਹਾਥ ਪਛੋੜੈ
ਸਿਰੁ ਧੁਣੈ ਜਬ ਰੈਣਿ ਵਿਹਾਣੀ ॥ ੨ ॥ ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥ ੩ ॥ ਕੰਤੁ ਲੀਆ ਸੋਹਾਗਣੀ
ਮੈ ਤੇ ਵਧਵੀ ਏਹ ॥ ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥ ੪ ॥ ਜਿਨੀ ਸਖੀ
ਸਹੁ ਰਾਵਿਆ ਤਿਨ ਪੂਛਉਗੀ ਜਾਏ ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ
॥੫॥ ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ[3]
ਤਉ ਪਿਆਰੇ ਕਉ ਪਾਵੈ ॥ ੬ ॥ ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ
ਕਹੀਐ ਰੇ ਸੋਈ ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥ ੭ ॥ ਧਾਤੁ ਮਿਲੈ
ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥ ਗੁਰਪਰਸਾਦੀ ਜਾਣੀਐ ਤਉ ਅਨਭਉ
ਪਾਵੈ ॥ ੮ ॥ ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥ ਰਸੀਆ ਹੋਵੈ ਮੁਸਕ
ਕਾ ਤਬ ਫੂਲੁ ਪਛਾਣੈ ॥ ੯ ॥ ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥
ਸਹਜੇ ਸਹਜੇ ਮਿਲਿ ਰਹੈ ਅਮਰਾਪਦੁ ਪਾਵੈ ॥ ੧੦ ॥ ੧ ॥

ਦੋਹਰਾ ॥ ਮਾਨਚੰਦ ਸੁਨਿ ਸਬਦ ਕੋ ਬੋਲ੍ਯੋ ਕਛੁ ਸੁਖ ਪਾਇ। 'ਜਗਤ ਬਿਖੈ
ਇਹ ਜੀਵ ਕੋ ਭਲਾ ਹੋਤਿ ਕਿਹ ਭਾਇ?' ॥੫੭॥ ਚੌਪਈ ॥ ਤਿਹ ਛਿਨ ਸ੍ਰੀ
ਗੁਰ ਬੈਨ ਬਖਾਨੇ। 'ਇਸ ਬਿਧਿ ਭਲਾ ਜੀਵ ਨਿਜ ਜਾਨੋ। ਸ੍ਵਾਸ ਸ੍ਵਾਸ ਧ੍ਯਾਵੈ
ਕਰਤਾਰਾ। ਬਿਨਾ ਨਾਮ ਨਹਿ ਹੈ ਨਿਸਤਾਰਾ' ॥੫੮॥ ਬੂਝਤਿ ਮਾਨਚੰਦ
ਧੁਤ ਪ੍ਰੀਤੀ। 'ਪ੍ਰਭੁ! ਬਤਾਵਹੁ ਅਬ ਇਸ ਰੀਤੀ। ਜਾਂਤੇ ਸਿਮਰਹੁਂ ਨਾਮ
ਸਦਾਈ। ਰਿਦੇ ਨ ਬਿਸਰਹਿ ਪ੍ਰਭੂ ਕਦਾਈ ॥ ੫੯ ॥ ਦੋਹਰਾ ॥ ਗੁਰ ਕਹਿਂ

[1]ਝੂਠਾ ਹੈ ਉਹ (ਸੰਸਾਰ)। [2]ਉੱਚੀ ਦਸ਼ਾ, ਕੱਲ੍ਯਾਣ। [3]ਗੁਣ ਰੂਪੀ ਕਾਮਣ (ਜਾਦੂ) ਇਸਤ੍ਰੀ ਕਰੈ

Sri Satguru Jagjit Singh Ji eLibrary NamdhariElibrary@gmail.com

'ਸੰਸਾ ਨਹਿ ਕਰੋ ਛੁਧਾ ਨਗਨ ਕੋ ਕੋਇ'[1]। ਇਕ ਸੰਸਾ ਮਨਿ ਰਾਖੀਏ ਬਿਸਰੇ ਨਹਿ ਪ੍ਰਭੁ ਸੋਇ'॥੬੦॥ਚੌਪਈ॥ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ। ਪਰਯੋ ਚਰਨ ਪਰ ਬਿਨੈ ਬਖਾਨੀ। ਤਿਹ ਛਿਨ ਇਕ ਡੰਡਾ ਕਰ ਮਾਂਹੀ। ਬਖਸ਼ਯੋ ਜਾਨਿ ਦਾਸ ਗੁਰ ਤਾਂਹੀ[2] ॥੬੧॥ ਮਾਨਚੰਦ ਲੇ ਸਿਰ ਪਰ ਧਰਯੋ[3]। ਜਨਮ ਮਰਨ ਕੋ ਦੁਖ ਸੱਭਿ ਹਰਯੋ। ਪ੍ਰੇਮ ਬਿਸ਼ਾਲ ਬਨਯੋ ਮਸਤਾਨਾ। ਮਹਾਂ ਪੁਰਖ ਭਾ ਪੂਰਨ ਗਯਾਨਾ ॥ ੬੨ ॥ ਸੰਪੁਟ[4]-ਮਾਨਚੰਦ ਕਹਿ-ਪਾਨਾ[5]। 'ਜਗਤੇਸ਼ੁਰ ! ਯਹਿ ਦੰਡ ਮਹਾਨਾ[6]। ਸੰਮੁਖਿ[7] ਜਿਨ ਕਰਿਦੀ ਮਮ ਪੂਤਾ[8]। ਸੁਪਨ ਅਤੰਕਾ ਜਾਗਤਿ ਸੂਤਾ[9]'॥੬੩॥ਦੋਹਰਾ॥ 'ਜੌਨ ਕਸ਼ਟ[10]' ਗੁਰ ਕਹਿਤਿ 'ਜਹਿ[11]',ਮਾਨਚੰਦ ਸੁਨ ਮੀਤ !॥ਛੁਵਤ ਪਲਾਵਤਿ ਖਿਨਕ ਮਹਿ[12],ਮੁਕਤਿ ਰਾਮ ਕਰਿ ਚੀਤ[13]'॥੬੪॥ ਚੌਪਈ॥ ਜਨਮ ਮਰਨ ਕੇ ਸਾਧਨ ਜੋਊ। ਸਿੱਧ ਭਏ ਇਕ ਛਿਨ ਮਹਿ ਸੋਊ। ਇਸ ਪ੍ਰਕਾਰ ਤਿਹ ਕਰਯੋ ਨਿਹਾਲਾ। ਆਨ ਥਾਨ ਗਮਨੇ ਪੁਨ ਦਯਾਲਾ॥੬੫॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿਖਨ ਕੋ ਉਧਾਰ' ਪ੍ਰਸੰਗ ਬਰਨਨੰ ਨਾਮ ਛੱਤੀਸਮੋ ਅਧਯਾਯ ॥ ੩੬ ॥

੩੭. [ਸ਼ਰਨ ਸੁਖ। ਮੁਲਤਾਨ ਦੇ ਪੀਰਾਂ ਨਾਲ ਗੋਸ਼ਟ। ਸ਼ਮਸ ਤਬ੍ਰੇਜ਼ ਦੀ ਕਥਾ]

ਦੋਹਰਾ ॥ ਮਨ ਤਜਿ ਬਿਸ਼ਿਯਨ ਬਾਸ਼ਨਾ ਭ੍ਰਮਯੋਂ ਜਨਮ ਅਨੇਕ।
ਅਬਿ ਸਤਿਗੁਰ ਕੀ ਸ਼ਰਨ ਗਹੁ ਪਾਵਹਿ ਅਨਦ ਬਿਬੇਕ॥੧॥

{ ਭ੍ਰਮਯੋ—ਕਿਸੇ ਗੋਲ ਸ਼ੈ ਵਿਚ ਚੱਕ੍ਰ ਲੱਗਣੇ। ਆਵਾਰਾ ਫਿਰਨਾ, ਗੁਆਚ ਕੇ ਫਿਰਨਾ, ਭਟਕਣਾ। }

ਅਰਥ—ਹੇ ਮਨ ਵਿਸ਼ਯਾਂ ਦੀ ਵਾਸ਼ਨਾ ਛੱਡ (ਜਿਸ ਕਰਕੇ ਤੂੰ) ਅਨੇਕਾਂ ਜਨਮ ਭਟਕਦਾ ਫਿਰਿਆ ਹੈਂ ਹੁਣ ਸਤਿਗੁਰ ਦੀ ਸ਼ਰਣ ਫੜ ਜੋ ਗ੍ਯਾਨ ਦਾ ਆਨੰਦ ਪਾਵੇਂ।

ਭਾਵ—ਇਸ ਦੋਹੇ ਵਿਚ ਮਨ ਨੂੰ ਸਾਫ ਸੰਬੋਧਨ ਕਰਕੇ ਸਮੋਧ ਕੀਤਾ ਨੇ ਜਿਸ ਤੋਂ ਪਤਾ ਲਗਦਾ ਹੈ ਕਿ ਲਗ ਪਗ ਸਾਰਿਆਂ ਮੰਗਲਾਂ ਵਿਚ ਨਿਜ ਮਨ ਨੂੰ ਹੀ ਸਮੋਧ ਕਰ ਰਹੇ ਹਨ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ਸੁਨਿ ਪਰਮ ਪਵਿੱਤ੍ਰਾ ! । ਜਯੋਂ ਪੁਨ ਹੋਈ ਕਥਾ ਬਚਿੱਤ੍ਰਾ[14]।ਤਹਿੰ ਤੇ ਜਬ ਕੀਨੋ ਪ੍ਰਸਥਾਨਾ। ਪਹੁੰਚੇ ਨਗਰ

---

[1] ਭੁੱਖ ਨੰਗ ਦਾ ਕੋਈ ਸੰਸਾ ਨਾ ਕਰੋ। [2] ਉਸਨੂੰ ਦਾਸ ਜਾਣਕੇ ਗੁਰੂ ਜੀ ਨੇ। [3] ਉਹ ਡੰਡਾ। [4] [5] ਹਥ ਜੋੜਕੇ ਮਾਨਚੰਦ ਨੇ ਕਿਹਾ। [6] ਡੰਡਾ ਬੜਾ (ਸ੍ਰੇਸ਼ਟ) ਹੈ। [7] ਬੁੱਧੀ। [8] ਮੇਰੀ ਪਵਿੱਤ੍ਰ। [9] ਸੁਤੇ ਹੋਏ ਸੁਪਨੇ ਦਾ ਡਰ ਜਿਸ ਨੇ ਨਾਸ਼ ਕੀਤਾ ਹੈ (ਅ) ਸੁਪਨੇ ਦਾ ਡਰ (ਉਸ ਡੰਡੇ ਨੇ ਜਾਗਤ ਸੂਤਾ) ਜਾਗ ਖੁਹਲਕੇ ਸੂਤ ਦਿੱਤਾ ਹੈ (ਸੂਤ ਦੇਣਾ ਮੁਹਾਵਰਾ ਹੈ—ਠੀਕ ਕਰ ਦੇਣਾ। ਵਿੰਗੇ ਨੂੰ ਸਿੱਧਾ ਕਰ ਦੇਣਾ)। [10] ਜੇਹੜਾ ਕਸ਼ਟ। [11] ਜਿਸ ਨੂੰ। [12] ਇਸ ਡੰਡੇ ਦੇ ਛੁਹਿਆਂ ਦੂਰ ਹੋ ਜਾਏਗਾ ਥੋੜੇ ਚਿਰ ਵਿਚ। [13] ਰਾਮ ਚੇਤੇ ਕਰਾਕੇ ਮੁਕਤ ਕਰ ਦੇਵੇਗਾ ਹੈ। [14] ਮਨੋਹਰ।

Sri Satguru Jagjit Singh Ji eLibrary NamdhariElibrary@gmail.com

ਜਾਇ ਮੁਲਤਾਨਾ ॥ ੨ ॥ ਪੀਰ ਬ੍ਰਿੰਦ ਜਹਿਂ ਸ਼ਮਸ[1] ਸਮੇਤਾ । ਮਿਲਨਿ
ਚਹਨੋ ਬੇਦੀ ਕੁਲਕੇਤਾ । ਦੇਨਿ ਉਪਦੇਸ਼ ਆਪਨੋ ਨੀਕਾ । ਜਿਸ ਬਿਧਿ ਹ੍ਵੈ
ਉਧਾਰ ਇਸ ਜੀ ਕਾ ॥ ੩ ॥ ਸ਼ਮਸ ਤਬਰੇਜ਼* ਰਹਤਿ ਜਿਹ ਥਾਈਂ । ਤਹਾਂ
ਜਾਇ ਬੈਠੇ ਜਗ ਸਾਈਂ।ਸਭਿ ਪੀਰਨ ਕੋ ਸੁਧ ਜਬ ਹੋਈ । ਮਿਲਿ ਕੈ ਮਤੋ[2]
ਕਰਤਿ ਭੇ ਸੋਈ ॥੪॥ 'ਇਨ ਜੀਤੇ ਸਭਿ ਥਾਨ ਮਹਾਨਾ । ਕਾਬਾ ਚਰਨਨ
ਸੰਗਿ ਫਿਰਾਨਾ । ਚਰਚਾ ਅਜ਼ਮਤ ਮਹਿ ਇਹ ਭਾਰੀ । ਸਕਹੈ ਨ ਕੋਊ
ਅਟਕ[3] ਅਗਾਰੀ ॥ ੫ ॥ ਸਰਬਰ ਬਾਦ[4] ਨਹੀਂ ਬਨਿ ਆਈ । ਬਿਨਤੀ
ਕਰਿਕੈ ਕਰਹੁ ਬਿਦਾਈ[5]'। ਅਸ ਬਿਚਾਰ ਕਰਿ ਦੂਧ ਕਟੋਰਾ । ਭਰਿ ਕਰਿ
ਲੇ ਆਏ ਗੁਰ ਓਰਾ ॥ ੬ ॥ ਏਹੁ ਜਨਾਵਨ ਤਿਨ ਨੈ ਕੀਨੋ ।–ਪੀਰੀ ਪੂਰਿ
ਮੁਲਤਾਨ[6] ਸੁ ਚੀਨੋ । ਨਹੀਂ ਸਮਾਈ ਰਾਵਰ ਕੇਰੀ । ਗਮਨਹੁ ਅਪਰ ਥਾਨ
ਪੁਰਿ ਹੇਰੀ–॥ ੭ ॥ ਨਿਕਟਿ ਆਨਿ ਜਬ ਧਰਯੋ ਅਗਾਰੀ । ਸ੍ਰੀ ਨਾਨਕ ਜਾਨੀ
ਬਿਧਿ ਸਾਰੀ । ਫੂਲ ਚੰਬੇਲੀ ਕੋ ਇਕ ਲੀਨਾ । ਤਿਹ ਪਰ ਕਰ ਤੇ ਛੋਡਨ
ਕੀਨਾ ॥੮॥ ਤਰਯੋ ਦੂਧ ਪਰ ਭਲੇ ਸਮਾਯੋ।ਇਸ ਪ੍ਰਕਾਰ ਦ੍ਰਿਸ਼ਟਾਂਤਦਿਖਾਯੋ।
–ਫੂਲ ਸਮਾਯੋ ਭਰੇ ਕਟੋਰੇ । ਤਿਉਂ ਹਮ ਕੋ ਜਾਨਹੁ ਇਸ ਠੌਰੇ–
॥੯॥ ਇਹ ਸਭਿ ਰੀਤਿ ਲਖੀ ਜਬ ਪੀਰਾਂ। ਜਾਨਯੋ ਮਨ ਮੈਂ ਗੁਨੀ ਗਹੀਰਾ।
ਪ੍ਰਾਕ[7] ਸ਼ਮਸ ਨੈ ਗਿਰਾ ਉਚਾਰੀ । ਜੱਗ੍ਯਾਸੀ ਇੱਛਾ ਉਰ ਧਾਰੀ[8] ॥ ੧੦ ॥
ਦੋਹਰਾ॥'ਕਠਨ ਕੂਰ ਤਪ ਹੈਂ ਕਰਾ ਸ਼ੁਸ਼ਕ[9] ਸਰੀਰ ਬਿਸਾਲ। ਨਾਸ਼ਨ[10] ਮਨ
ਕੀ ਬਾਸ਼ਨਾ ਜਤਨ ਕੀਨ ਚਿਰ ਕਾਲ ॥ ੧੧ ॥ ਚੌਪਈ ॥ ਇਕ ਛਿਨ ਮਨ
ਨਹਿ ਹੋਵਤਿ ਇਸਥਿਰ।ਚੰਚਲ ਅਤਿ ਹੀ ਦੀਪ ਸਿਖਾ ਸਰ[11]। ਮਨ ਕੋ ਨਾਸ਼

---

[1]ਨਾਮ ਹੈ ਫਕੀਰ ਦਾ । [2]ਸਲਾਹ । [3]ਠਹਿਰ । [4]ਚਰਚਾ ਵਿਚ ਬਰਾਬਰੀ । [5]ਵਿਦਾ ਕਰੋ ।
[6]ਮੁਲਤਾਨ ਪੀਰਾਂ ਨਾਲ ਭਰਪੂਰ ਹੈ । [7]ਪਹਿਲੋਂ । [8]ਜੱਗ੍ਯਾਸੀ ਵਾਂਙ ਦਿਲ ਵਿੱਚ ਸ਼ਰਧਾ
ਧਾਰੀ । [9]ਸੁੱਕਿਆ । [10]ਨਾਸ਼ ਕਰਨ ਲਈ । [11]ਦੀਵੇ ਦੀ ਲਾਟ ਵਾਂਙੂ ।

*ਸ਼ਮਸਤਬ੍ਰੇਜ਼ ਦੀ ਖਾਨਕਾਹ ਮੁਲਤਾਨ ਵਿਚ ਹੈ ਜਿੱਥੇ ਸਤਿਗੁਰੂ ਜੀ ਜਾਕੇ ਇਸ
ਖਾਨਕਾਹ ਵਿਚ ਬੈਠੇ ਸਨ ਓਥੇ ਯਾਦਗੀਰੀ ਵਿਚ ਮੰਜੀ ਸਾਹਿਬ ਸੀ,ਸ੍ਰੀ ਮਾਨ ਸੰਤ ਬਸੰਤ ਸਿੰਘ
ਜੀ ਤੇ ਕਈ ਪ੍ਰੇਮੀਆਂ ਨੇ ਆਪ ਡਿੱਠੀ ਦੀ ਸਾਖ ਭਰੀ ਹੈ ਕਿ ਮੰਜੀ ਸਾਹਿਬ ਸੀ, ਇਕ ਕੂੰਈ
ਵੀ ਕਹਿੰਦਾ ਸੀ; ਪਰ ਉਸ ਦਾ ਗੁਜ਼ਾਰਾ ਨਾ ਹੋਣ ਕਰਕੇ ਉਹ ਟੁਰ ਗਿਆ। ਸਮਾਂ ਪਾਕੇ ਮੁਸਲ-
ਮਾਨਾਂ ਮੰਜੀ ਚਾ ਦਿੱਤੀ ਪਰ ਇਕ ਕੰਧ ਉੱਤੇ ਪੰਜੇ ਦਾ ਨਿਸ਼ਾਨ ਸਤਿਗੁਰ ਦਾ ਮੁਜਾਵਰ
ਦਿਖਲਾਯਾ ਕਰਦੇ ਸਨ । ਅਕਾਲੀ ਲਹਿਰ ਦੇ ਭੈ ਵਿਚ ਮੁਜਾਵਰਾਂ ਨੇ ਇਸ ਨੂੰ ਬੀ ਮੇਟ ਦਿੱਤਾ
ਹੈ । ਨਿਸ਼ਾਨ ਚਾਹੀਦਾ ਹੈ ਕਿ ਫਿਰ ਕਾਯਮ ਕੀਤਾ ਜਾਵੇ ਤੇ ਪਤਾ ਲਿਖ ਲਿਆ ਜਾਵੇ ।

Sri Satguru Jagjit Singh Ji eLibrary NamdhariElibrary@gmail.com

ਹੋਇ ਜਿਸ ਰੀਤੀ। ਸੋ ਉਪਦੇਸ਼ ਦੇਹੁ ਧ੍ਰਤ ਪ੍ਰੀਤੀ'॥੧੨॥ ਸੁਨਿ ਸ੍ਰੀ ਨਾਨਕ ਬਚਨ ਉਚਾਰੇ। 'ਮਰੈ ਨ ਅਹਿ[1] ਬਰਮੀ ਕੇ ਮਾਰੇ। ਮੰਤ੍ਰਨ ਸੋਂ ਬਸਿ ਹੋਵਤਿ ਸੋਊ। ਔਰ ਉਪਾਉ ਨ ਤਾਂਕੋ ਕੋਊ ॥ ੧੩ ॥ ਤਪ ਸਾਧੇ ਮਨ ਬਸਿ ਨਹਿਂ ਆਵਹਿ। ਮਨ ਚੰਚਲ ਦਸਹੂੰ ਦਿਸ਼ਿ ਧਾਵਹਿ। ਤਿਉਂ ਤਿਉਂ ਚਾਹਤਿ ਮਾਨ ਬਡਾਈ। ਜਿਉਂ ਜਿਉਂ ਤਪ ਕਰਿ ਹ੍ਵੈ ਹਿਤ ਲਾਈ ॥੧੪॥ ਦੋਹਰਾ ॥ ਸਤਿ-ਗੁਰ ਸ਼ਬਦ ਬਿਚਾਰਨੋ ਮੰਤ੍ਰ ਪਛਾਨਹੁ ਸੋਇ। ਤਿਹ ਸੋਂ ਇਹ ਬਸਿ ਹੋਤਿ ਹੈ ਔਰ ਉਪਾਵ ਨ ਕੋਇ' ॥੧੫॥ ਚੌਪਈ॥ ਬੂਝੇ ਸ਼ੱਮਸ 'ਸ਼ਬਦ ਕੁ ਕੌਨ ?'। ਸੁਨਿ ਬੋਲੇ ਗੁਰ ਕਰੁਨਾ ਭੌਨਾ। 'ਜਗ ਝੂਠੋ, ਐਸੋ ਦਿਢ ਜਾਨਾ। ਮ੍ਰਿਗ ਤ੍ਰਿਸ਼ਨਾ ਕੇ ਨੀਰ ਸਮਾਨਾ ॥੧੬॥ ਤਿਹ ਸੋਂ ਕਛੁ ਸੰਕਲਪ ਨ ਕਰੀਏ। ਝੂਠ ਜਾਨਿ ਮਨ ਤੇ ਪਰਹਰੀਏ। ਸਸੇ ਸੀਂਗ ਧਨੁ[2] ਲੇ ਕਰਿ ਮਾਂਹੀ*। ਰਿਪੁ ਜੀਤਨ ਇਛ ਕੋ ਨ ਕਰਾਹੀ ॥੧੭॥ ਹਰੀ ਲਤਾ[3] ਭੀ ਬੀਚ ਅਕਾਸ਼ਾ*। ਤਿਸ ਕੇ ਪੁਸ਼ਪ ਕੌਨ ਕਰਿ ਆਸ਼ਾ। ਹਰਿ ਚੰਦਉਰੀ ਕੇਰ ਬਜਾਰਾ*। ਫੁਰੇ ਨ ਕਿਹ ਕਰਨੋ ਬਿਵਹਾਰਾ ॥੧੮॥ ਤਿਉਂ ਅਸੱਤਿ ਲਖਿ ਜਗ ਪਰਪੰਚਾ। ਕਿਉਂ ਸੰਕਲਪ ਉਠਾਵਹਿ ਰੰਚਾ[4]"। ਸਤਿਗੁਰ ਬਚਨ ਰਿਦੇ ਦ੍ਰਿੜ੍ਹ ਧਾਰਾ। ਸ਼ੁਧ ਆਤਮੇ ਜਗਤ ਬਿਸਾਰਾ ॥੧੯॥ ਮਨ ਰਿਪੁ ਜੀਤਨ ਕੀ ਇਹ ਰੀਤਾ। ਪਾਵਹਿ ਸੁਖ ਜੁ ਕਰਹਿ ਧਰਿ ਚੀਤਾ। ਪੀਰ ਬਹਾਵਲਹੱਕ ਇਕ ਅਹਿ ਹੀ। ਸੁਨਿ ਕੈ ਬਚਨ ਬਹੁਰ ਸੋ ਕਹਿਹੀ॥੨੦॥ ਦੋਹਰਾ॥ 'ਸ੍ਰੀ ਨਾਨਕ! ਉਪਦੇਸ਼ ਮਹਿਂ ਮਾਯਾ ਕਹਹੁ ਜਿ ਕੂਰ। ਪੁਨ ਤਿਸ ਬਿਨ ਬਿਵਹਾਰ ਜੋ ਹੋਤਿ ਨਹੀਂ ਕੋ ਪੂਰ' ॥੨੧॥ ਚੌਪਈ॥ ਉੱਤਰ ਸ੍ਰੀ ਗੁਰ ਸੁਨਤਿ ਅਲਾਯਾ। 'ਨਿਸ਼ਚੈ ਜਾਨਹੁ ਝੂਠੀ ਮਾਯਾ। ਤੈਸੇ ਝੂਠੇ ਤਿਹ ਬਿਵਹਾਰਾ। ਲਖਉ ਸੱਤਿ ਜਿਉਂ ਦਾਮ ਬਿਹਾਰਾ[5] ॥੨੨॥ ਸੁਪਨ ਬਿਖੇ ਜਿਉਂ ਸਰਿਤਾ ਬਾਰਾ[6]। ਚਹਿਤਿ ਨਾਉ[7] ਚਢਿ ਉਤਰਯੋ ਪਾਰਾ। ਸੁਪਨ ਟਕਾ ਦੇ ਸੋ ਲੰਘ ਜਾਈ। ਇਸੀ ਰੀਤਿ ਤਿਹ ਲੇਉ ਲਖਾਈ†

---

[1]ਸਰਪ। [2]ਸਹੇ ਦੇ ਸਿੰਗਾਂ (ਰੂਪੀ) ਧਨੁਖ ਨੂੰ। [3]ਵੇਲ। [4]ਥੋੜਾ ਬੀ। [5]ਰੱਸੀ ਵਿੱਚ (ਸੱਪ ਦਾ) ਭਰਮ ਹੁੰਦਾ ਹੈ। [6]ਜਲ ਦੀ ਨਦੀ। [7]ਬੇੜੀ ਤੇ।

*ਸਹੇ ਦੇ ਸਿੰਗ, ਅਕਾਸ਼ ਵਿੱਚ ਉੱਗੀ ਵੇਲ, ਹਰ ਚੰਦਉਰੀ ਨਗਰੀ ਝੂਠੇ ਵਸਤਾਂ ਹੈਨ ਹੀ ਨਹੀਂ, ਇਸ ਤਰ੍ਹਾਂ ਜਗਤ ਦਾ ਪ੍ਰਪੰਚ ਅਸੱਤਿ ਹੈ।

†ਰੱਸੀ ਸੱਪ ਨਹੀਂ ਹੁੰਦੀ, ਪਰ ਭਰਮ ਨਾਲ ਸਰਪ ਭਾਸਦੀ ਹੈ ਤਿਵੇਂ ਸੁਪਨੇ ਦੀ ਨਦੀ ਤੋਂ ਸੁਪਨੇ ਦਾ ਟਕਾ ਦੇਕੇ ਪਾਰ ਹੋਣਾ। ਸੁਪਨੇ ਦੀ ਨਦੀ ਇਕ ਭਰਮ ਹੁੰਦਾ ਹੈ, ਟਕਾ ਬੀ ਭਰਮ ਦਾ ਹੀ ਬਣ ਜਾਂਦਾ ਹੈ। ਏਹ ਵੇਦਾਂਤ ਦੇ ਉਪਦੇਸ਼ ਕਵਿ ਜੀ ਦੱਸ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

॥ ੨੩ ॥ ਪਰਮੇਸ਼ੁਰ ਨਿਤ ਸੱਤਿ ਪਛਾਨਹੁ। ਤਾਂਕੋ ਨਾਮ ਸਤਿ ਮਨ ਮਾਨਹੁ'। ਰੁਕਨ ਦੀਨ ਪੁਨ ਬੈਨ ਅਲਾਇ। 'ਸੰਤ ਜੁ ਲੱਛਨ ਦੇਉ ਬਤਾਇ ॥ ੨੪ ॥ ਕੈਸੋ ਤਿਨ ਅਚਾਰ ਬਿਵਹਾਰਾ?। ਤਿਹ ਮਿਸ[੧] ਦੇ ਉਪਦੇਸ਼ ਸੁਖਾਰਾ'। ਸ਼੍ਰੀ ਗੁਰ ਭਨਯੋ 'ਸੁਨਹੁ ਦੇ ਕਾਨਾ। ਬੁਜਰਕ ਸੁਹਬਤ ਅੱਬਲ[੨] ਜਾਨਾ ॥ ੨੫ ॥ ਦੋਹਰਾ ॥ ਪਰਗੁਨ ਸੁਨਤਿ ਪ੍ਰਸੰਨ ਹ੍ਵੈ, ਪੁਨਿ ਸੇਵਹਿ ਗੁਨਵਾਨ। ਆਤਮ ਗਯਾਨ ਬਿਚਾਰਨਾ ਨਿਤ ਪ੍ਰਤਿ,ਸੋ ਬੁਧਿਵਾਨ ॥੨੬॥ ਚੌਪਈ ॥ ਮਨ ਦਿਆਲ ਨਿਤ ਸੁਮਤਿ[੩] ਬਿਚਾਰਹਿ। ਪਰ ਤ੍ਰਿਯ ਦੇਖਿਨਿ ਚਖ ਹਟਕਾਰਹਿ[੪]। ਨਰ ਕੁਕਰਮ[੫] ਭਵ ਮੈਂ ਜੋ ਰਚੇ। ਤਿਨ ਕੋ ਸੰਗ ਕਰਨ ਤੇ ਬਚੇ ॥ ੨੭ ॥ ਨਿਜ ਬਲ ਪਰ ਕੋ ਕਬਿ ਨ ਜਨਾਈ। ਸ਼ੱਤ੍ਰੁ ਮੀਤ ਬਿਖੈ ਸਮਤਾਈ[੬]। ਸ਼ੋਕ ਹਰਖ ਪੁਨ ਮਾਨ ਅਮਾਨੂ[੭]। ਦੁਖੰ ਸੁਖ ਇਨ ਮਹਿ ਰਹਿਤਿ ਸਮਾਨੂ[੮] ॥ ੨੮ ॥ ਸਿਫਤ ਪ੍ਰਮੇਸ਼ੁਰ ਨਿਸ ਦਿਨ ਗਾਵਹਿ। ਨਾਮ ਸੰਗਿ ਨਿਜ ਬੈਸ ਬਿਤਾਵਹਿ'। ਅਸ ਕਹਿ ਸ਼੍ਰੀ ਗੁਰ ਕ੍ਰਿਪਾ ਨਿਧਾਨਾ। ਹਾਜ਼ਰਨਾਮਾ ਕੀਨ ਬਖਾਨਾ ॥ ੨੯ ॥

ਤਿਲੰਗ ਮਹਲਾ ੧ ॥

ਹਾਜ਼ਰਾ ਕਉ ਮਿਹਰ ਹੈ ॥ ਬਿਹਾਜਰਾਂ ਕਉ ਬਿਮਿਹਰ ਹੈ ॥ ਈਮਾਨ ਦੋਸਤ ਹੈ ॥ ਬੇਈਮਾਨ ਕਾਫਰ ਹੈ ॥ ਤਕੱਬਰ[੯] ਕਹਰ ਹੈ ॥ ਗੁੱਸਾ ਹਰਾਮ ਹੈ ॥ ਨਫਸ ਸ਼ੈਤਾਨ ਹੈ ॥ ਗੁਮਾਨ ਲਾਨਤੀ ਹੈ ॥ ਪਸਗ਼ੀਬਤ[੧੦] ਕਾ ਮੂੰਹ ਕਾਲਾ ਹੈ ॥ ਦਿਆਨਤ ਦਾਰ ਸੁਰਖਰੋਇ ਹੈ ॥ ਬੇਦਿਆਨਤ ਸਿਆਹ ਰੋਇ ਹੈ ॥ ਅਕਿਰਤਘਨ ਜ਼ਰਦ-ਰੂਇ ਹੈ ॥ ਬਦਨੀਅਤ ਨਾਪਾਕ ਹੈ ॥ ਮੋਮ ਦਿਲ ਪਾਕ ਹੈ ॥ ਬੇਹਿਰਸ ਅਉਲੀਆ ਹੈ ॥ ਹਿਰਸਮੰਦ ਫਾਜਰਨ ਹੈ[੧੧] ॥ ਦਰੋਗ਼[੧੨] ਦੋਜ਼ਕ ਹੈ ॥ ਸੱਚੁ ਭਿਸਤੁ ਹੈ ॥ ਬਦ ਜ਼ੁਬਾਨ ਫਿੱਕਾ ਹੈ ॥ ਦਰਦਵੰਦ ਦਰਵੇਸ਼ ਹੈ ॥ ਬੇਦਰਦ ਕਸਾਈ ਹੈ ॥ ਰੋਜ਼ੀਬਖਸ ਰਹੀਮ ਹੈ ॥ ਇਲਮ ਹਲੀਮੀ ਹੈ ॥ ਤਵੱਜਾ ਬੁਲੰਦੀ ਹੈ ॥ ਖੈਰਵੰਦ ਸਤੀ ਹੈ ॥ ਬੇਖੈਰ ਬਖੀਲ ਹੈ ॥ ਜ਼ੋਰ ਜ਼ੁਲਮ ਹੈ ॥ ਬੇਜ਼ੋਰ ਪਾਕ ਹੈ ॥ ਮੁਸਾਫਾ ਸਿਫਤ ਹੈ ॥ ਹਿਕਮਤ ਕਤੇਬ ਹੈ ॥ ਦੁਆਇ ਦੌਲਤ ਹੈ ॥ ਬਦਦੁਆਇ ਕਹਿਰ ਹੈ ॥ ਇਨਸਾਫ ਸਾਫ ਹੈ ॥ ਚੋਰੀ ਲਾਲਚ ਹੈ ॥ ਯਾਰੀ ਪਲੀਤੀ ਹੈ ॥ ਸਿਫਤ ਉਜ਼ੂ ਹੈ ॥ ਬਾਂਗ ਬਲੋਲਿ[੧੩] ਹੈ ॥ ਕਰਾਮਾਤ ਕੁਦਰਤਿ ਹੈ। ਫਕੀਰੀ ਸਬੂਰੀ ਹੈ ॥ ਨਾਸਬੂਰੀ ਮਕਰ ਹੈ ॥ ਰਾਹੁ ਪੀਰਾਂ ਹੈ ॥

ਬਹਾਨੇ। [੨]ਸੰਤਾਂ ਦੀ ਸੰਗਤ ਪਹਿਲੀ (ਗੱਲ)। [੩]ਸ੍ਰੇਸ਼ਟ ਬੁੱਧਿ। [੪]ਪਰਾਈ ਇਸਤ੍ਰੀ ਦੇਖਕੇ ਨੇਤ੍ਰ ਰੋਕੇ, ਮੋੜੇ। [੫]ਖੋਟੇ ਕੰਮ। [੬]ਬਰਾਬਰੀ। [੭]ਆਦਰ ਨਿਰਾਦਰ। [੮]ਇਕੋ ਜਿਹਾ। [੯]ਹੰਕਾਰ। [੧੦]ਨਿੰਦਕਾਂ। [੧੧]ਲਾਲਚੀ ਪਾਪੀ ਹੈ। [੧੨]ਝੂਠ। [੧੩]ਬਾਂਗ (ਐਵੇਂ) ਅਵਾਜ਼ ਮਾਤ੍ਰ ਹੈ।

Sri Satguru Jagjit Singh Ji eLibrary NamdhariElibrary@gmail.com

ਬੇਰਾਹੁ ਬੇਪੀਰਾਂ ਹੈ ॥ ਤੇਗ ਮਰਦਾਂ ਹੈ ॥ ਦੇਗ ਖਰਾਇਤ ਹੈ ॥ ਅਦਲ ਬਾਦਸ਼ਾਹ ਹੈ ॥
ਏਤੇ ਟੋਲਿ ਜਿ ਜਾਣ ਜਣਾਵੈ ॥ ਤਉ ਨਾਨਕ ਦਾਨਸ਼ਵੰਦ ਕਹਾਵੈ* ॥ ੧ ॥

ਦੋਹਰਾ॥ਇਸ ਪ੍ਰਕਾਰ ਸੁਨਿ ਪੀਰ ਸਭਿ ਬੰਦੇ ਪਦ ਅਰਬਿੰਦ।ਕਰਤਿਪ੍ਰਸ਼ੰਸ਼ਾ ਅਧਿਕ ਮੁਖ ਭਰਿਕੈ ਰਿਦੈ ਅਨੰਦ ॥ ੩੦ ॥ ਸੋਰਠਾ ॥ ਸ੍ਰੀ ਗੁਰੁ ਗਿਰਾ ਅਲਾਇ 'ਸੁਣ ਹੋ ਪੀਰ ਬਹਾਵਲੀ ! ਲੋਭ ਰਿਦੈ ਭਹਿਕਾਇ[1]' ਰਾਹ ਚਲਾਏ ਜਗਤ ਬਹੁ' ॥੩੧॥ ਚੌਪਈ ॥ ਬੰਦਹਿ ਹਾਥ ਪੀਰ ਪੁਨ ਕਹਿਹੀ। 'ਧੰਨ ਧੰਨ ਸ੍ਰੀ ਨਾਨਕ ਅਹਿਹੀ।ਬੈਨ ਸੁਧਾ ਸਮ ਮ੍ਰਿਤੁ ਦੁਖ ਟਾਰੇ[2]।ਰਾਵਰ ਕੋ ਅਮੋਘ[3] ਦਰਸਾਰੇ[4] ॥ ੩੨ ॥ ਧੰਨ ਫਕੀਰੀ ਤੁਮ ਜੁ ਕਮਾਈ। ਹੈ ਜਿਸ ਕੀ ਏਵਡ ਵਡਿਆਈ। ਸਰਬ ਜਗਤ ਕੀ ਜੋ ਗੁਰਿਆਈ। ਸੋ ਤੁਮਰੀ ਲਾਇਕ ਬਨਿਆਈ॥੩੩॥ ਕਲੀਕਾਲ ਨਰ ਦੇ ਉਪਦੇਸ਼ਾ। ਕੋਟ[5] ਉਧਾਰੇ ਸ੍ਰੀ ਜਗਤੇਸ਼ਾ।ਅਹੈ-ਫਕੀਰੀ-ਯਾਂਕੋ ਨਾਮਾ।ਜੋ ਕੀਨੀ ਤੁਮ ਕਰੁਨਾਧਾਮਾ! ॥੩੪॥ ਦੋਹਰਾ ॥ ਕੀਨੋ ਸ਼ੇਖ ਫਰੀਦ ਜੋ-ਜ਼ੁਹਦ[6]-ਨਾਮ ਹੈ ਤਾਂਹਿ।-ਸਤਿ-ਸੋਈ ਸੀਤਾ ਕੀਓ,-ਜਤ-ਲਛਮਨ ਕੇ ਪ੍ਰਾਹਿ†[7]' ॥ ੩੫ ॥ ਚੌਪਈ ॥ ਹੈ ਸੋ-ਭਗਤਿ-ਜੁ ਕਰੀ ਕਬੀਰਾ।ਸੋ-ਹਠ-ਜੋ ਭਾ ਧ੍ਰੂਅਸਰੀਰਾ।ਸੋ-ਗ੍ਰਿਹਸਤ-ਜੋ ਆਦਮ‡ ਕੀਆ।-ਜੋਗ-ਸੋਈ ਜੋ ਗੋਰਖ ਲੀਆ ॥ ੩੬ ॥-ਤਜਾਗਨ-

---

[1]ਭਰਮਾਕੇ। [2]ਦੂਰ ਕਰਨ ਵਾਲੇ। [3]ਜੋ ਖਾਲੀ ਨਾ ਜਾਏ, ਸਫਲ। [4]ਦਰਸ਼ਨ। [5]ਕਰੋੜਾਂ ਹੀ। [6]ਤਪੱਸਯਾ [ਫ਼ਾ:-ਜ਼ੁਹਦ]। [7]ਕਹੀਦਾ ਹੈ।

*ਇਹ ਹਾਜ਼ਰਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ, ਇਸ ਵਾਸਤੇ ਸ੍ਰੀ ਮੁਖਵਾਕ ਨਹੀਂ। †ਪਾ:-ਪਾਹ=ਪਾਸ।

‡ਆਦਮ ਦਾ ਅਰਥ ਸ਼ਿਵਜੀ ਕਰ ਲੈਂਦੇ ਹਨ, ਜੇ ਆਦਮ ਤੋਂ ਮੁਰਾਦ ਤੌਰੇਤ ਵਾਲਾ ਆਦਮ ਹੈ ਤਾਂ ਫਬਦਾ ਨਹੀਂ, ਉਸ ਨੇ ਇਸਤ੍ਰੀ ਦੇ ਆਖੇ ਲਗਕੇ ਰੱਬ ਦੀ ਨਾਫੁਰਮਾਨੀ ਕੀਤੀ ਸੀ, ਇਹ ਗ੍ਰਿਹਸਤ ਸ਼ੋਭਾ ਯੋਗ ਨਹੀਂ, ਜੇ ਸ਼ਿਵ ਅਰਥ ਕਰੋ ਤਾਂ ਕਹਿਣ ਵਾਲਾ ਮੁਸਲਮਾਨ ਹੈ, ਇਸ ਲਈ ਜਾਪਦਾ ਹੈ ਕਿ ਆਦਮ ਤੋਂ ਮੁਰਾਦ ਅਦਹਮ ਦੀ ਹੈ।

ਇਬ੍ਰਾਹੀਮ ਅਦਹਮ ਮੁਸਲਮਾਨਾਂ ਵਿਚ ਇਕ ਖ਼ੁਦਾ ਨੂੰ ਪੁੱਜੇ ਹੋਏ ਵਲੀ ਮੰਨੇ ਗਏ ਹਨ, ਆਪ ਬਾਦਸ਼ਾਹ ਸਨ, ਖ਼ੁਦਾ ਦੀ ਭਾਲ ਵਿਚ ਫਕੀਰਾਂ ਦੀ ਸੰਗਤ ਵਿਚ ਆ ਮਿਲੇ, ਆਪਣੀ ਹਥੀਂ ਕਿਰਤ ਕਰਕੇ ਨਿਰਬਾਹ ਕਰਦੇ ਸਨ, ਜੰਗਲ ਵਿਚੋਂ ਲਕੜੀਆਂ ਲਿਆਕੇ ਵੇਚਦੇ ਤੇ ਆਪਣਾ ਨਿਰਬਾਹ ਕਰਦੇ ਸਨ, ਆਪ ਦਾ ਲੜਕਾ ਤੇ ਤੀਵੀਂ ਕਈ ਹਜ਼ਾਰ ਆਦਮੀਆਂ ਨੂੰ ਆਪਣੇ ਖਰਚ ਦੇ ਨਾਲ ਲੈਕੇ ਮਿਲਣ ਵਾਸਤੇ ਆਇਆ, ਜਦ ਆਪ ਦੇ ਦਰਸ਼ਨ ਕੀਤੇ ਤਦ ਇਬਰਾਹੀਮ ਅਦਹਮ ਨੇ ਆਪਣੇ ਲੜਕੇ ਨੂੰ ਗਲ ਨਾਲ ਲਾਕੇ

[ਬਾਕੀ ਟੂਕ ਵੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

ਸੌਇ ਜੁ ਭੁਰਬਰਿ ਕੀਨੋ।ਸੋ–ਤਪ–ਜਨਕ ਜਾਹਿ ਮਨ ਭੀਨੋ।ਹੈ–ਸੰਗ੍ਰਾਮ–
ਜੁ ਦਹਿਸਿਰ ਲਰਿਓ। ਸੋ–ਬਿਯੋਗ[1]–ਜੋ ਰਘੁਪਤਿ[2] ਕਰਿਓ ॥ ੩੭ ॥ ਸੋ
–ਸੈਨਤਾਸ–ਦੱਤ ਉਰ ਧਾਰਾ[7]। ਅਸ ਕਹਿ ਬੰਦਤਿ ਬਾਰੰਬਾਰਾ॥ਬਹੁ ਪ੍ਰਕਾਰ
ਕੀ ਉਸਤਤਿ ਕਰਿਕੈ। ਸੇਵਕ ਭਏ ਹਰਖ ਉਰ ਭਰਿਕੈ ॥ ੩੮ ॥ ਦੋਹਰਾ ॥
ਕਰੁਨਾਨਿਧ ਬੋਲੇ ਬਹੁਰ 'ਚੇਤਹੁ[3] ਨਾਮ ਖ਼ੁਦਾਇ। ਬੁਜਰਕ[4] ਕੀ ਸੰਗਤ
ਕਰਹੁ ਲਹਹੁ ਸਰਬ ਸੁਖ ਪਾਇ*॥੩੯॥ਚੌਪਈ॥ ਸਾਹਿਬ ਤ੍ਰੈ ਰਾਖਹੁ ਮਨ
ਮਾਂਹੀ॥ਬਿਸ਼ਯ ਬਾਸ਼ਨਾ ਮਨ ਹ੍ਵੈ ਨਾਂਹੀ॥ਸਤਿਸੰਗਤ ਨਰ ਕਰਿਹੈਂ ਜਬਿਹੀ।
ਗਤਿ ਸੁਖੈਨ ਹ੍ਵੈ ਪ੍ਰਾਪਤ ਤਬਿ ਹੀ' ॥੪੦॥ ਸੁਨਿਕੈ ਸਰਬ ਪੀਰ ਭੇ ਠਾਂਢੇ।
ਬੰਦਨ ਕਰਹਿਂ ਪ੍ਰੇਮ ਬਹੁ ਬਾਢੇ। ਮਿਲਿਕੈ ਭੇ ਅਧਿਕਾਇ ਪ੍ਰਸੰਨ। ਕਹੈਂ
'ਗੁਰੂ ਨਾਨਕ! ਤੁਮ ਧੰਨ'॥੪੧॥ਤਿਨ ਤੇ ਬਿਦਾ ਹੋਇ ਸੁਖਦਾਈ।ਗਮਨੇ
ਮੰਦ ਮੰਦ ਪਗ ਜਾਈਂ। ਸ੍ਰੀ ਅੰਗਦਿ ਸੁਨੀਏ ਤਿਹ ਕਾਲਾ। ਮੈਂ ਬੂਝੇ ਤਬ
ਦੀਨ ਦਯਾਲ॥੪੨॥'ਇਨਕੇ ਬਿਖੈ ਪੀਰ ਕੋ ਨੀਕਾ?'। ਸੁਨਿ ਬੋਲੇ ਬੇਦੀ
ਕੁਲਟੀਕਾ:–ਸ਼ਮਸਤਬ੍ਰੇਜ਼ ਨਾਮ ਹੈ ਜਿਹਕੋ।ਸਭਿ ਤੇ ਊਚੋ ਪਦਹੈ ਤਿਹਕੋ
॥੪੩॥ਇਸਕੋ ਸੁਨੋ ਸਰਬ ਪਰਸੰਗ॥ਜਿਸ ਪ੍ਰਕਾਰ ਭਾ ਮਤੋ ਉਤੰਗ[5]।ਰੂਮ
ਵਿਲਾਇਤ ਜਹਾਂ ਸੁ ਅਹਿਹੀ। ਪੰਜਾ ਤਹਿ ਮਨਸੂਰ ਸੁ ਰਹਿਹੀ ॥ ੪੪ ॥
ਮਿਲਨੋ ਸੰਤ ਕੋ ਤਾਂਹਿ ਮਹਾਨਾ। ਸਗਰੋ ਜੀਵ ਭਾਵ ਕਿਯ ਹਾਨਾ॥ਅਨਲ-
ਹਕ ਬੋਲਨੋ ਬੱਖਯਾਤਾ[6]। ਜਿਹ ਉਰ ਤੇ ਭੀ ਦ੍ਵੈਤ ਨਿਪਾਤਾ[7] ॥੪੫॥ ਤਿਹ
ਪੁਰਿਰਹਤਿ ਏਕ ਮਉਲਾਨਾ॥ਤੁਰਕ ਸ਼ਰਾ ਮਤ ਚਲਿਨ ਮਹਾਨਾ॥ਅਨਲ-
ਹੱਕ ਬੋਲਤਿ ਤਿਹ ਸੁਨਯੋ। ਰਹਯੋ ਹਟਾਇ ਅਧਿਕ ਡਰ ਭਨਯੋ ॥ ੪੬ ॥
ਜਾਂਕੋ ਵਿਹ ਵਥੁ ਪ੍ਰਾਪਤਿ ਹੋਈ।ਡਰ ਕਿਹ ਕੋ ਨਹਿ ਮਾਨਤਿ ਸੋਈ।ਕਰਨੋ

---

[1]ਵਿਛੋੜਾ। [2]ਰਾਮਚੰਦ੍ਰ। [3]ਸਿਮਰੋ। [4]ਸੰਤਾਂ। [5]ਉੱਚੀ ਮਤੀ ਵਾਲਾ। [6]ਪ੍ਰਗਟ ਹੀ ਬੋਲਿਆ–ਅਨਲਹੱਕ=ਭਾਵ ਲੈਂਦੇ ਹਨ–ਮੈਂ ਖ਼ੁਦਾ ਹਾਂ। [7]ਦੂਰ,ਨਾਸ਼। *ਪਾ:–ਲਖਹੁ ਸਰਬ ਸੁਖਦਾਇ।

[illegible]।ਪਿਛਲੇ ਪੰਨੇ ਦੀ ਬਾਕੀ ਟੂਕ]
ਗਲਵਕੜੀ ਪਾ ਲਈ, ਅਕਾਸ਼ ਬਾਣੀ ਹੋਈ ਕਿ 'ਹੇ ਅਦਹਮ! ਤੂੰ ਮੇਰੇ ਨਾਲ ਵੀ ਪਜਾਰ ਕਰਦਾ ਹੈਂ ਤੇ ਕਿਸੇ ਹੋਰ ਨਾਲ ਵੀ'। ਉੱਤਰ ਵਿਚ ਅਦਹਮ ਨੇ ਕਿਹਾ ਕਿ ਐ ਪ੍ਰਮਾਤਮਾਂ! ਜੇ ਮੇਰੇ ਲੜਕੇ ਦਾ ਪਜਾਰ ਮੈਨੂੰ ਤੈਥੋਂ ਵਿਛੋੜੇ ਤਦ ਉਹਦੀ ਜਾਨ ਲੈ ਲੈ। (ਦੇਖੋ ਤਜ਼ਕਰਾਤੁਲ ਔਲੀਆ ਸਫਾ ੯੨ ਤੋਂ ੯੪ ਤਕ) ਮਲੂਮ ਹੁੰਦਾ ਹੈ ਕਿ ਇਥੇ ਕਵੀ ਜੀ ਨੇ ਅਦਹਮ ਇਬਰਾਹੀਮ ਜੀ ਦੇ ਇਸ ਗ੍ਰਿਹਸਤ ਦਾ ਜ਼ਿਕਰ ਕੀਤਾ ਹੈ।

Sri Satguru Jagjit Singh Ji eLibrary NamdhariElibrary@gmail.com

ਮੁਲਾਨੇ ਬਾਦ ਘਨੇਰਾ। ਨਹਿਂ ਮਾਨਯੋ ਗਹਿ ਲਿਯ ਬਿਨ ਦੇਰਾ॥੪੭॥ਸੂਰੀ[੧] ਪਰ ਸੋ ਦੀਨ ਚਢਾਈ। ਅਨਲਹੱਕ ਬੋਲਯੋ ਤਿਹ ਥਾਈਂ। ਸਰਬ ਸਰੀਰ ਭੇਦਗੀ[੨] ਸੂਰੀ। ਤਦਪਿ[੩] ਨ ਭੂਲਯੋ ਟਿਕੀ ਬ੍ਰਿਤਿ ਰੂਰੀ ॥ ੪੮ ॥ ਸ਼੍ਰੋਣਤ[੪] ਕੀ ਬੂੰਦੈਂ ਧਰ[੫] ਪਰਈਂ।ਅਨਲਹੱਕ ਕੋ ਸ਼ਬਦ ਉਚਰਿਈਂ। ਦੇਖਿ ਮੁਲਾਨੇ ਮਾਨਿ ਅਚੰਭਾ। ਸੋ ਜਰਾਇ[੬] ਦੀ ਲਖੈ ਅਸੰਭਾ ॥ ੪੯ ॥ ਜਿਤੀ ਭੁਸਮ ਹੋਈ ਤਨ ਕੇਰੀ। ਅਨਲਹੱਕ ਪੁਨਿ ਪੁਨਿ ਸੋ ਟੇਰੀ[੭]। ਕਚ ਸ਼ੀਸ਼ੇ ਮਹਿ ਸੋ ਤਿਨ ਪਾਈ।ਕਰਿਕੈ ਖਾਮ[੮] ਧਰੇ ਘਰ ਜਾਈ ॥ ੫੦॥ ਕਰਯੋ ਕੈਦ ਐਸੇ ਮਨ ਜਾਨੀ।ਅਨਲਹੱਕ ਨਹਿਂ ਬੋਲਹਿ ਬਾਨੀ।ਕਿਤਿਕ ਕਾਲ ਜਬ ਬਿਤਯੋ ਮਝਾਰੀ। ਤਿਹਕੇ ਤਨੁਜਾ[੯] ਹੁਤੀ ਕੁਆਰੀ॥ ੫੧ ॥ ਲੇ ਸ਼ੀਸ਼ਾ[੧੦] ਮੁਖ ਖੋਲਨ ਕੀਨਾ। ਸੂੰਘਯੋ ਲਖਯੋ ਸੁਗੰਧਿ ਬਿਹੀਨਾ। ਕਾਢਿ ਬੀਚ ਤੇ ਮੁਖ ਮਹਿਂ ਪਾਈ। ਕਛੁ ਨ ਸਾਦ ਤਾਂਹਿ ਕੋ ਆਈ॥੫੨॥ਰਿਦੇ ਬਿਚਾਰਤਿ-ਇਹ ਕਯਾ ਹੋਈ ?। ਸਾਦ ਸੁਗੰਧਿ ਨ ਜਿਸ ਮਹਿਂ ਕੋਈ। ਪਿਤ ਨੈ ਆਨਿ[੧੧]ਧਰੀ ਘਰ ਮਾਂਹੀ। ਕਿਸੁ ਕਾਜ ਕੀ ਦੀਸਤਿ ਨਾਂਹੀ-॥ ੫੩ ॥ ਤਬ ਤੇ ਹਮਲ[੧੨] ਰਹਯੋ ਤਿਸ ਤਾਂਈਂ।ਕੇਤਿਕ ਦਿਨ ਭੇ ਚਿਹਨ ਲਖਾਈ। ਮਾਦਰ[੧੩]ਪਿਦਰ[੧੪] ਪਿਖਤਿ ਬਿਸਮਾਨੇ। ਦੁਖ਼ਤਰ[੧੫] ਕੋ ਕੁਕਰਮਿ[੧੬] ਪਹਿਚਾਨੇ ॥ ੫੪ ॥ ਚਿਤ ਮਹਿਂ ਚਿੰਤਾ ਬਧੀ ਬਿਸ਼ਾਲਾ॥ਇਉਂ ਬਿਚਾਰ ਕੀਨੋ ਤਿਹ ਕਾਲਾ।-ਇਸ ਕੋ ਮਾਰਨ ਹੈ ਸੁਭ ਕਾਜਾ॥ਸਭਿ ਜਗ ਮਹਿਂ ਰਹਿ ਆਵਤਿ ਲਾਜਾ[੧੭]-॥ ੫੫ ॥ ਨਿਸਾ ਬਿਖੈ ਜਬ ਪਰ ਕੈ ਸੋਯੋ। ਇਸ ਪ੍ਰਕਾਰ ਕੋ ਸੁਪਨੋ ਹੋਯੋ।-ਦੁਖ਼ਤਰ[੧੮] ਮਾਰਨ ਜੋ ਮਨ ਠਾਨੀ। ਇਹ ਬਿਧਿ ਤੋਹਿ ਹੋਹਿ ਦੁਖਦਾਨੀ ॥੫੬॥ ਨਾਸ਼ ਹੋਇਗੋ ਤੋਰ ਤਦਾਈਂ। ਨਾਂਹਿ ਤ ਤਜਿ ਦਿਹੁ ਇਸ ਮਤ ਤਾਈਂ-। ਰਿਦੇ ਮੁਲਾਨੇ ਭੈ ਤਬ ਖਾਈ। ਰਾਖੀ ਦੁਖ਼ਤਰ ਸਦਨ ਦੁਰਾਈ[੧੯]॥੫੭॥ਭਯੋਮਾਸ ਨੌ*ਜਨਮਯੋ ਬਾਲਕ। ਲਯੋ ਮੁਲਾਨੇ ਕਰ[੨੦] ਤਤਕਾਲਕ। ਇਕਮਟਕੇ ਕੇ ਭੀਤਰ ਡਾਰਾ॥ਮੂੰਦ ਬਹਾਯੋ[੨੧]ਨਦੀਮਝਾਰਾ॥੫੮॥ਗਾਜ਼ਰ[੨੨]ਹੁਤੋ ਤੀਰ[੨੩] ਪਰ ਬਾਰੀ[੨੪]। ਲਿਯ ਨਿਕਾਸ ਤਿਹ ਖੋਲਿ ਨਿਹਾਰੀ[੨੫]। ਜਬਹਿ ਬਿਲੋਕਯੋ

[੧]ਸੂਲੀ। [੨]ਵਿੰਨ੍ਹ ਗਈ। [੩]ਤਾਂ ਬੀ। [੪]ਲਹੂ। [੫]ਧਰਤੀ ਤੇ। [੬]ਸਾੜ। [੭]ਕਹਿੰਦੀ ਸੀ। [੮]ਬੰਦ ਕਰਕੇ। [੯]ਪੁੱਤ੍ਰੀ। [੧੦]ਸ਼ੀਸ਼ੀ। [੧੧]ਲਿਆਕੇ। [੧੨]ਗਰਭ। [੧੩]ਮਾਂ। [੧੪]ਬਾਪ। [੧੫]ਪੁਤ੍ਰੀ। [੧੬]ਕੁਕਰਮੀ, ਖੋਟਾ ਕੰਮ ਕਰਨ ਵਾਲੀ। [੧੭](ਤਦ) ਪਤ ਰਹਿ ਆਂਵਦੀ ਹੈ। [੧੮]ਧੀ। [੧੯]ਛੁਪਾਕੇ। [੨੦]ਹੱਥ ਵਿਚ। [੨੧]ਰੋੜ੍ਹ ਦਿੱਤਾ। [੨੨]ਧੋਬੀ। [੨੩]ਕੰਢੇ। [੨੪]ਜਲ ਦੇ। [੨੫]ਵੇਖੀ (ਮਟਕੀ) ਖੋਲ੍ਹਕੇ। *ਪਾ:-ਦਸ

Sri Satguru Jagjit Singh Ji eLibrary NamdhariElibrary@gmail.com

ਅੰਤਰ ਕੋਦਕ[1]। ਲੀਨ ਉਚਾਇ ਤਾਂਹਿ ਉਰ ਮੋਦਕ[2] ॥ ੫੯ ॥ ਖਾਨਹਿ ਆਨਿ ਪਾਰਨਾ ਕੀਨੋ[3]। ਸ਼ਮਸ ਤਬ੍ਰੇਜ਼ ਨਾਮ ਧਰਿ ਲੀਨੋ। ਕਿਤਿਕ ਬਰਖ ਮਹਿਂ ਭਯੋ ਬਡੇਰੋ। ਜਿਹ ਮਸਤਾਨੋ ਤੌਰ ਘਨੇਰੋ ॥ ੬੦ ॥ ਤਿਹ ਮੁੱਲਾਂ ਕੀ ਮਕਤਬ[4] ਜੋਈ। ਇਕ ਦਿਨ ਮਹਿਂ ਪਹੁੰਚਯੋ ਚਲਿ ਸੋਈ। ਬਾਲਕ ਮਿਲੇ ਬ੍ਰਿੰਦ ਤਿਹ ਥਾਨਾ। ਪਢਿ ਹੈਂ ਸਬਕ ਕਿਤਾਬ ਕੁਰਾਨਾ ॥੬੧॥ ਤਿਹਛਿਨ ਤਹਾਂ ਮੁਲਾਨਾ ਨਾਂਹੀ। ਗਯੋ ਹੁਤੋ ਅਪਨੇ ਘਰ ਮਾਂਹੀ।ਲੈ ਕਿਤਾਬ ਸਭਿਕੀ ਬਰਿਆਈ[5]। ਆਇ ਹੌਜ਼[6] ਮਹਿ ਦੀਨ ਬਗਾਈ[7] ॥ ੬੨ ॥ ਤਬ ਹੀ ਭਯੋ ਸ਼ਿਸ਼ਨ[8] ਮਹਿ ਰੌਰਾ। ਅਯੋ ਮੁਲਾਨਾ ਘਰ ਤੇ ਦੌਰਾ। ਗਹਿਨ ਹੇਤੁ ਪਾਛੇ ਤਿਹ ਧਾਈ[9]*। ਗਹਯੋ ਨ ਜਾਤ ਰਹੇ ਪਛੁਤਾਈ॥੬੩॥ ਹੌਜ਼ ਸਮੀਪ ਗਯੋ ਚਲਿ ਤਬਹੀ।ਲਈ ਨਿਕਾਸ ਕਿਤਾਬੈਂ ਸਭਿਹੀ। ਕਰ ਸੋਂ ਝਾਰਤਿਗਰਦ ਉਡਾਈ[10]। ਇਹ ਅਜ਼ਮਤ[11] ਤਿਹ ਦੀਨ ਦਿਖਾਈ॥੬੪॥ਇਉਂ ਬਿਲੋਕਿ ਮੁੱਲਾਂ ਬਿਸਮਾਨਾਂ। ਅਜ਼ਮਤਵਾਨ ਮਹਾਨ ਪਛਾਨਾ। ਆਬ[12] ਕਿਤਾਬੈਂ ਪਰਸਯੋ[13]ਨਾਂਹੀ।ਬਹੁਰ ਧੂਰ ਝਾਰਨ ਤਿਨ ਮਾਂਹੀ॥੬੫॥ਮੁਰਸ਼ਿਦ[14] ਜਾਨਿ ਪਰਯੋ ਤਬ ਪਾਈਂ। ਕਹਿ 'ਖੁਦਾਇ ਮਗ ਦਿਹੁ ਬਤਲਾਈ'। ਕਹਯੋ ਸ਼ਮਸ 'ਜੋ ਅਸ ਮਨ ਤ਼ੇਰੇ।ਆਇਸੁ ਮੁਰਿ ਮਾਨਹੁ ਬਿਨ ਦੇਰੇ॥੬੬॥ਆਨਿ ਸ਼ਰਾਬ ਪਯਾਉ ਮੁਝ ਤਾਈਂ।ਨਿਜ ਦੁਖ਼ਤਰ[15]ਦੇਵਹੁ ਸੰਗ ਪਾਈ'।ਸੁਨਤਿਮੁਲਾਨਾ ਡੋਲਯੋ ਨਾਂਹੀ। ਲੈ ਗਮਨਯੋ ਅਪਨੇ ਘਰ ਮਾਂਹੀ ॥ ੬੭ ॥ ਮੰਚ[16] ਡਸਾਇ ਬਿਠਾਇ ਸਪ੍ਰੀਤੀ। ਆਪਹਿ ਆਨ ਸੁਰਾ[17] ਤਬ ਦੀਤੀ। ਨਿਜ ਦੁਖ਼ਤਰ ਤਿਹ ਨਿਕਟ ਪਠਾਈ।ਘਰ ਕਪਾਟ[18]ਦੇ ਕੁਲਫ[19]ਲਗਾਈ॥੬੮॥ ਤਬਹਿ ਸ਼ਮਸ ਨਿਜ ਮਾਤ ਸੰਗਾਰੇ। ਆਪਨ ਸਰਬ ਪ੍ਰਸੰਗ ਉਚਾਰੇ। 'ਤੋਰ ਗਰਭ ਤੇ ਜਨਮ ਹਮਾਰਾ। ਅਸਥਨ ਮੈਂ ਨ ਪਿਯੋ ਤਿਸ ਬਾਰਾ[20] ॥੬੯॥ ਅਬ ਮੈਂ ਪਿਵੌਂ ਦੇਹੁ,ਹੇ ਮਾਤਾ!'ਜਾਨਿ ਗਈ ਸੋ ਸਗਰੀਬਾਤਾ।–ਲੈ ਜੁ ਗਯੋਬਾਲਕ ਪਿਤ ਮੋਰਾ।ਸਰਿਤਾ ਬਿਖੈ ਜਾਇ ਤਿਨ ਗੇਰਾ॥੭੦॥ਸੋ ਕਿਨ ਪਾਰਯੋ ਕੀਨ

[1]ਬੱਚਾ। [2]ਪ੍ਰਸੰਨ ਹੋਕੇ। [3]ਘਰ ਵਿਚ ਲਿਆਕੇ ਪਾਲਿਆ। [4]ਮਦਰੱਸਾ। [5]ਜ਼ੋਰੋ ਜ਼ੋਰੀ। [6]ਚੁਬੱਚਾ। [7]ਸੁੱਟੀਆਂ। [8]ਬਾਲਕਾਂ ਵਿਚ। [9]ਦੌੜਿਆ। [10]ਘੱਟਾ ਉਡਿਆ। [11]ਕਰਾਮਾਤ। [12]ਪਾਣੀ। [13]ਛੁਹਿਆ ਨਹੀਂ। [14]ਗੁਰਮੁਖ। [15]ਪੁੱਤਰੀ। [16]ਪਲੰਘ। [17]ਸ਼ਰਾਬ। [18]ਦਰਵਾਜੇ। [19]ਜੰਦਰਾ। [20]ਉਸ ਵੇਲੇ (ਬਚਪਨ ਵਿਚ)।

*ਪਾ:–ਤਿਹ ਥਾਈਂ=ਓਸੇ ਥਾਵੇਂ।

Sri Satguru Jagjit Singh Ji eLibrary NamdhariElibrary@gmail.com

ਬਡੇਰਾ–। ਅਸ ਕਹਿ ਅਸਥਨ ਛੀਰ ਬਧੇਰਾ[1]।ਸ਼ਮਸ ਕਹਯੋ'ਮੈਂ ਜਾਵੌਂ ਅਬ
ਹੀ। ਤਵ ਪਿਤ ਬੂਝਨ ਲਾਗਹਿ ਜਬਹੀ ॥੭੧॥ ਤਿਹਕੋ ਇਸ ਬਿਧਿ ਦੇਹੁ
ਬਤਾਏ[2]।–ਗਯੋ ਅਬੈ ਸੋ ਅਮਕੀ ਥਾਏਂ।ਤੂੰ ਬੂਝਯੋ ਕੁਛ ਚਹਿਤ ਜਿ ਤਾਹੂ।
ਮਿਲਹੁ ਜਾਇ ਤਿਹ ਥਲ ਕੇ ਮਾਂਹੂ–' ॥੭੨॥ ਨਿਕਸਿ ਗਯੋ ਤਬਿ ਵਹਿਰ
ਪਧਾਰਾ। ਕੁਲਫ ਰਹਯੋ ਲਾਗਯੋ ਤਿਸ ਬਾਰਾ । ਦਿਨ ਚਢਿ ਆਨਿ ਮੁਲਾਨੇ
ਖੋਲਾ । ਨਿਜ ਦੁਖ਼ਤਰ ਕੋ ਦੇਖਤਿ ਬੋਲਾ॥੭੩॥'ਕਹਾਂ ਗਯੋ ਜੁ ਹੁਤੋ ਨਿਸ
ਮਾਂਹੀ॥ਭਿਰੇ ਕਪਾਟ ਖੁਲੇ ਇਹੁ ਨਾਂਹੀ'। ਤਿਸ ਨੇ ਸਰਬ ਬਾਤ ਸਮਝਾਈ।
'ਜਾਇ ਮਿਲਹੁਹੋਵਹਿ ਤਿਸਥਾਈਂ'।੭੪।ਸੁਨਿਕੈ ਤੂਰਨ ਵਹਿਰ ਪਧਾਨਾ।
ਮਿਲਯੋ ਜਾਇ ਬੈਸੇ ਤਿਹ ਥਾਨਾ।ਦੀਨ ਭਯੋ ਪਰਿਓ ਜਬ ਪਾਈਂ । ਸ਼ਮਸ
ਦੀਨ ਉਪਦੇਸ਼ ਬਤਾਈ॥੭੫॥ ਮਿਲਨ ਖ਼ੁਦਾਇ ਭੇਦ ਸਮਝਾਯੋ । ਅਪਰ
ਥਾਨ ਤਬ ਆਪ ਸਿਧਾਯੋ। ਬੀਤਯੋ ਜਬ ਪੁਨ ਕੇਤਿਕ ਕਾਲਾ। ਤਹਿੰ ਇਕ
ਭੂਪਤ ਹਤੋ ਬਿਸਾਲਾ ॥੭੬॥ ਕਿਸ ਕਾਰਨ ਤਿਹ ਸੁਤ ਮਰਿ ਗਯੋ। ਬਹੁਤ
ਸ਼ੋਕ ਮੈਂ ਬਿਹਬਲ ਭਯੋ।ਤਿਨ ਗਹਿ ਲੀਨ ਫ਼ਕੀਰ ਮੁਲਾਨੇ। ਬਹੁਤਆਨਿ
ਕਰਿ ਕੈਦ ਕਰਾਨੇ ॥ ੭੭ ॥ ਸਭਿ ਸੋਂ ਇਸ ਬਿਧਿ ਬਾਕ ਬੁਗੋਵਾ[3]। 'ਪੂਰਾ[4]
ਪਿਕੰਬਰ ਈਸਾ*ਹੋਵਾ । ਤਿਨ ਕਿਤਾਬ ਮੈਂ ਲਿਖਯੋ ਬਨਾਈ । ਸੋ ਮੈਂ ਤੁਮ
ਸੋਂ ਦੇਉਂ ਸੁਨਾਈ ॥੭੮॥ ਦੋਹਰਾ ॥–ਮੈਂ ਮੁਰਦਾ ਜ਼ਿੰਦਾ ਕਰੌਂ ਹੁਕਮ ਖ਼ੁਦਾ
ਕੇ ਸਾਥ। ਹੋਇੰ ਅਗਾਰੀ ਜਗਤ ਮਹਿੰ ਐਸੇ ਸੁਨਿ ਤਿਨ ਗਾਥ[5] ॥ ੭੯ ॥
ਚੌਪਈ॥ਅਪਨੇ ਜਬਹੀ ਹੁਕਮ ਉਚਰਿਹੀਂ। ਮੁਰਦੇ ਕਉ ਜ਼ਿੰਦਾਸੇ ਕਰਿਹੀਂ–।

[1]ਦੁੱਧ ਉੱਤਰ ਆਇਆ । [2]ਦੱਸ ਦੇਵੀਂ । [3]ਕਹਿਆ । [4]ਪਹਿਲੇ । [5]ਭਾਵ–ਅਗੇ ਹੋਣ ਵਾਲਿਆਂ ਦੀ ਗੱਲ ਸੁਣ।

*ਈਸਾ ਇਕ ਇਬ੍ਰਾਨੀ ਪਿਕੰਬਰ ਦਾ ਨਾਮ ਹੈ, ਜਿਸ ਨੂੰ ਈਸਾਈ ਆਪਣਾ ਇਸ਼ਟ ਤੇ ਰੱਬ ਦਾ ਪੁੱਤ੍ਰ ਮੰਨਦੇ ਹਨ, ਤੇ ਮੁਸਲਮਾਨ ਪੈਕੰਬਰ ਮੰਨਦੇ ਹਨ । ਕੁਰਾਨ ਸ਼ਰੀਫ ਵਿਚ ਹਜ਼ਰਤ ਈਸਾ ਦੀ ਬੜੀ ਉਪਮਾਂ ਕੀਤੀ ਗਈ ਹੈ ਤੇ ਸਾਹਿਬ ਕਰਾਮਾਤ ਮੰਨਿਆ ਹੈ। ਮੁਸਲਮਾਨਾਂ ਵਿਚ ਬੀਮਾਰ ਰਾਜ਼ੀ ਕਰਨ ਤੇ ਮੁਰਦੇ ਜੀਵਾਉਣ ਲਈ ਈਸਾ ਦਾ ਦ੍ਰਿਸ਼ਟਾਂਤ ਕਵਿਤਾ ਵਿਚ ਆਮ ਵਰਤਿਆ ਜਾਂਦਾ ਹੈ। ਇਥੇ ਭੂਪਤ ਕਹਿੰਦਾ ਹੈ ਕਿ ਈਸਾ ਆਪ ਮੁਰਦੇ ਜਿਵਾਉਂਦਾ ਸੀ ਤੇ ਕਹਿ ਗਿਆ ਸੀ ਕਿ ਮੇਰੇ ਤੇ ਈਮਾਨ ਰੱਖਣ ਵਾਲੇ ਐਸੀਆਂ ਕਰਾਮਾਤਾਂ ਕਰਿਆ ਕਰਨਗੇ, (ਵੇਖੋ ਅੰਜੀਲ ਮਤੀ ਬਾਬ ੧੭ ਆਇਤ ੨੦, ੨੧ । ਮਰਕਸ ਬਾਬ ੧੬ ਆਇਤ ੧੭, ੧੮) ਸੋ ਤੁਸੀਂ ਹੁਣ ਪਿਗੰਬਰਾਂ ਦੇ ਈਮਾਨ ਰੱਖਣ ਵਾਲੇ ਲੋਕ ਹੋ, ਯਾ ਤਾਂ ਪੁੱਤ੍ਰ ਮੇਰਾ ਜੀਉਂਦਾ ਕਰੋ, ਨਹੀਂ ਤਾਂ ਆਪਣੇ ਪਿਗੰਬਰਾਂ ਦੀਆਂ ਗੱਲਾਂ ਆਖੋ ਝੂਠੀਆਂ ਹਨ ਤੇ ਅਸੀਂ ਕਪਟੀ ਹਾਂ ।

ਇਉਂ ਲਿਖਿ ਗਯੋ ਪਿਕੰਬਰ ਬਾਰੋ। ਨੀਕੇ ਹਿਰਦੇ ਬਿਖੈ ਬਿਚਾਰੋ ॥੯੦॥ ਮੇਰੋ ਸੁਤ ਮਰਿਗਯੋ ਦੁਖ ਪਾਇ। ਤਾਂਕੋ ਅਬ ਤੁਮ ਦੇਹੁ ਜਿਵਾਇ। ਨਤੁ ਭਾਖੌਂ ਮਿਲਕੈ ਸਭਿ ਲੋਗਾ।–ਲਿਖ੍ਯੋ ਪਿਕੰਬਰ ਇਹੈ ਦਰੋਗਾ[1]–'।੯੧। ਇਸ ਬਿਧਿ ਭੂਪਤ ਕੀ ਸੁਨਿ ਬਾਨੀ। ਚਿੰਤਮਾਨ ਭੇ ਕਿਨਹੂੰ ਨ ਮਾਨੀ।ਬੈਠੇ ਸਭਿ ਹੀ ਕੈਦ ਮਝਾਰੀ। ਛੂਟਨ ਉਪਾਇ ਨ ਪਾਇ ਬਿਚਾਰੀ ॥ ੯੨ ॥ ਤਿਹ ਠਾਂ ਆਪ ਸ਼ਮਸ ਚਲਿ ਗਯੋ। ਕੈਦਿਨਿ ਕੋ ਬੂਝਤਿ ਅਸ ਭਯੋ। 'ਬੈਠੇ ਕਿਉਂ ਚਿੰਤਾਤੁਰ ਹੋਈ?।ਬਿਗਰ੍ਯੋ ਤੁਮਰੋ ਕਾਰਜ ਕੋਈ?'॥੯੩॥ ਸਭਿ ਨੈ ਸੁਨਿ ਅਸ ਗਿਰਾ ਉਚਾਰੀ।'ਨ੍ਰਿਪ ਕਹਿ,–ਮੁਰਦਾ ਦੇਹੁ ਜਿਵਾਰੀ–। ਗਹਿਕੇ ਰਾਖੇ ਕੈਦ ਮਝਾਰੀ। ਐਸੀ ਸ਼ਕਤਿ ਨ ਕਿਸ ਮਹਿਂ ਭਾਰੀ' ॥੯੪॥ ਸ਼ਮਸ* ਕਹੈ 'ਮੈਂ ਦੇਉਂ ਜਿਵਾਇ। ਤੁਮ ਮੁਝ ਕੋ ਹੋਵਹੁ ਦੁਖਦਾਇ'। ਕਰ ਜੋਰੇ ਸੁਨਿਕੈ ਯੌਂ ਸਭਿ ਹੀ। 'ਤੁਮ ਕੋ ਹਮ ਦੁਖ ਦੇਹਿਂ ਨ ਕਬਿਹੀ॥੯੫॥ ਇਸੇ ਜਿਵਾਇ ਛੁਟਾਵਹੁ ਸਾਰੇ। ਮਿਲਿਕੈ ਬੰਦਹਿਂ ਪਾਇ ਤੁਮਾਰੇ'।ਤਬ ਚਲਿ ਸ਼ਮਸ ਗਯੋ ਤਿਹ ਥਾਈਂ।ਜਾਇ ਠਾਂਢ ਹੁਇ ਗਿਰਾ ਅਲਾਈ ॥੯੬॥ 'ਮੇਰੇ ਹੁਕਮ ਸਾਥ ਉਠ ਜੀਵਹੁ†। ਬਿਚਰਹੁ ਪੂਰਬ ਜਯੋਂ[2] ਅਬ ਥੀਵਹੁ'। ਤਿਹ ਛਿਨ ਤਹਾਂ ਜੁ ਮਿਰਤਕ ਪਰਿਓ। ਉਠਿ ਬੈਠ੍ਯੋ, ਨ੍ਰਿਪ ਦੁਖ ਪਰਿਹਰਿਓ॥੯੭॥ ਹਿਰਦੇ ਭਾ ਅਨੰਦ ਸਭਿ ਤਾਈਂ। ਕਰੇ ਕੈਦ ਜੋ ਦੀਨ ਛੁਡਾਈ। ਭਏ ਮੁਲਾਨੇ ਸਭਿ ਇਕ ਥਾਈਂ। ਕਹਿਨ ਲਗੇ 'ਇਨ ਕੀਨਿ ਖੁਟਾਈ ॥ ੯੮ ॥ ਸ਼ਰਾ ਬਿਖੈ ਰਖ਼ਨਾ ਇਨ ਗੇਰਾ[3]। ਕਹ੍ਯੋ–ਜੀਵ ਭਾ ਹੁਕਮ ਜੁ ਮੇਰਾ[4]–। ਨਹੀਂ ਖ਼ੁਦਾਇ ਨਾਮ ਕੋ ਲੀਨੋ। ਇਸੀ ਬਾਤ ਇਨ ਕੀਨ ਮਲੀਨੋ ॥੯੯॥ ਨਹੀਂ ਮਜ਼੍ਹਬ ਹਮਰੇ ਮੈਂ ਭਾਈ[5]। ਯਾਂ ਤੇ ਚਹੀਅਤ ਦਯੋ ਸਜ਼ਾਈ'।ਸਭਿ ਮਿਲਿ

[1]ਝੂਠ। [2]ਪਹਿਲੇ ਵਾਙੂ। [3]ਸ਼ਰਾ ਵਿਚ ਇਸ ਨੇ ਇਕ ਕਸਰ ਪਾ ਦਿੱਤੀ ਹੈ, ਭਾਵ ਸ਼ਰਾ ਵਿਰੁੱਧ ਬੋਲਿਆ ਹੈ। [4]ਜੀਉ ਪਉ ਮੇਰੇ ਹੁਕਮ ਦੇ (ਨਾਲ)। [5]ਚੰਗੀ ਲਗਦੀ ਨਹੀਂ।

*ਸ਼ਮਸ ਤਬ੍ਰੇਜ਼ ਦੇ ਅਲੋਪ ਜਾਂ ਕਤਲ ਦਾ ਸੰ: ੬੪੪–੬੪੫ ਹਿਜਰੀ ਹੈ। ਇਹ ਸਮਾਂ ਸ੍ਰੀ ਗੁਰੂ ਜੀ ਦੇ ਪ੍ਰਗਟ ਹੋਣ ਤੋਂ ਢਾਈ ਕੁ ਸਦੀਆਂ ਪਹਿਲੋਂ ਦਾ ਹੈ। ਯਾ ਤਾਂ ਇਥੇ ਹਿੰਦਾਲੀਆਂ ਨੇ ਨਾਮ ਗ਼ਲਤ ਠੋਕਿਆ ਹੈ ਜੋ ਕਵੀ ਜੀ ਨੇ ਬਿਨਾ ਸੋਧੇ ਲਿਖ ਦਿੱਤਾ ਹੈ, ਯਾ ਚਰਚਾ ਹੋਰ ਫਕੀਰ ਨਾਲ ਹੋਈ ਹੈ ਜੋ 'ਸ਼ਮਸ' ਨਾਮ ਵਾਲਾ ਸੀ ਤੇ ਉਸ ਨਾਲ ਸਾਖੀ ਵਾਲੇ ਨੇ ਸ਼ਮਸ ਤਬ੍ਰੇਜ਼ ਦੀ ਕਥਾ ਜੋੜ ਦਿੱਤੀ ਹੈ।

†ਕੁੰਮ ਬਿਇਜ਼ਨੀ–ਮੇਰੇ ਹੁਕਮ ਨਾਲ ਉੱਠ, ਅਰਬੀ ਦਾ ਫਿਕਰਾ ਹੈ, ਮੁੱਲਾਂ ਕਹਿੰਦੇ ਸਨ ਇਸਨੂੰ ਕਹਿਣਾ ਚਾਹੀਦਾ ਸੀ, ਕੁੰਮ ਬਿਇਜ਼ਨਿੱਲਾ–ਉੱਠ ਅੱਲਾ ਦੇ ਹੁਕਮ ਨਾਲ।

Sri Satguru Jagjit Singh Ji eLibrary NamdhariElibrary@gmail.com

ਸ਼ਮਸ ਲੀਨ ਗਹਿ ਤਬਹੀ। ਕਹਿਤਿ ਜੁ ਬੇ-ਦੁਖ ਦੇਹਿਂ ਨ ਕਬਹੀ-॥੯੦॥
ਤਬਹ ਸ਼ਮਸ ਨੇ ਗਿਰਾ ਅਲਾਈ। 'ਕਨਾ ਸਜ਼ਾਇ ਤੁਮ ਦਿਹੁ ਮੁਝ ਤਾਈਂ।
ਜੋ ਹੈ ਮਨ ਮੈਂ ਸੋ ਕਰਿ ਲੀਜੈ। ਹੋ ਝੂਠੇ ਨਿਜ ਰਿਦੇ ਲਖੀਜੈ' ॥ ੯੧ ॥
ਕਹਿਤਿ ਮੁਲਾਨੇ 'ਸ਼ਰਾ ਮਝਾਰੀ। ਖਾਲ ਉਤਾਰਨ ਉਚਿਤ[1] ਤੁਮਾਰੀ॥
ਅਪਨ ਹੁਕਮ ਸੋਂ ਮੁਰਦਾ ਜ਼ਿੰਦਾ। ਕਰਿਓ ਤੈਂ ਤਾਤੇ ਤੁਝ ਨਿੰਦਾ' ॥੯੨॥
ਅਸ ਕਹਿ ਲੀਨੀ ਖਾਲ ਉਤਾਰੀ। ਦਯੋ ਛੋਰਿਬਹਿ ਸ਼ੂਲਾ ਧਾਰੀ। ਭਯੋ ਕੁਰੂਪ
ਭਯਾਨਕ ਭਾਰੀ। ਪੂੰ ਪਰਿਗੀ ਸਭਿ ਅੰਗ ਮਝਾਰੀ॥੯੩॥ ਭਿਨਕਹਿਂ ਮਾਖੀ
ਚਹੁੰਦਿਸ਼ ਮਾਂਹੀ। ਕੋ ਸਮੀਪ ਆਵਨ ਦੇ ਨਾਂਹੀ। ਤਾਂਹਿ ਦੇਸ਼ ਕੋ ਛੋਰਿਸਿਧਾਰਾ
। ਆਵਤਿ ਭਾ ਮੁਲਤਾਨ ਮਝਾਰਾ ॥ ੯੪ ॥ ਛੁਧਾ ਬਿਖੈ ਆਤੁਰ[2] ਹ੍ਵੈ ਸੋਊ।
ਜਾਚਹਿ[3] ਅੰਨ ਦੇਤਿ ਨਹਿਂ ਕੋਊ। ਤਬ ਇਕ ਮੀਨ[4] ਮਾਂਗਤੇ[5] ਪਾਈ। ਨਹਿ
ਭੁਰਜਨ[6] ਦੇਵੈਂ ਕਿਸ ਥਾਈਂ ॥੯੫॥ ਆਇ ਸ਼ਹਿਰ ਬੈਠਨੋ ਇਕ ਥਾਨਾ।
ਇਉਂ ਸੂਰਜ ਸੋਂ ਬਚਨ ਬਖਾਨਾ। 'ਸ਼ਮਸ' ਨਾਮ ਹੈ ਇਕ ਮਮ ਤੋਰਾ[7]।
ਯਾਂਤੇ ਕਾਜ ਕਰਹੁ ਤੁਮ ਮੋਰਾ ॥੯੬॥ ਨੀਚੇ ਆਨਿ ਭੁਰਜੀਏ ਮੀਨਾ। ਪੁਨ
ਖਾਵੌਂ ਮੈਂ ਛੁਧਾ ਅਧੀਨਾ' ਤਬ ਸਵਿਤਾ[8] ਨੀਚੇ ਕੋ ਆਯਾ। ਤਪਯੋ, ਤੇਜ ਜਿਹ
ਅਧਿਕ ਬਧਾਯਾ ॥੯੭॥ ਤਪਤ ਲੋਕ ਅਤਿਸੈ ਅਕੁਲਾਏ। ਮਹਿਮਾ ਲਖੀ
ਪਰੇ ਤਬ ਪਾਏ। ਸਭਿ ਪ੍ਰਕਾਰ ਕੀ ਸੇਵਾ ਠਾਨੀ। ਸੇਵਕ ਭਏ ਕਰਮ ਮਨ
ਬਾਨੀ[10] ॥੯੮॥ ਤਬ ਤੇ ਸ਼ਮਸ ਰਹਯੋ ਤਿਹ ਥਾਨਾ। ਸਭਿ ਤੇ ਅਜ਼ਮਤ ਜਾਂਹਿ
ਮਹਾਨਾ। ਇਸ ਪ੍ਰਕਾਰ ਕੋ ਹੁਤੋ ਪ੍ਰਸੰਗਾ। ਜੋ ਭਾਖਯੋ*ਬਾਲੇ! ਤੁਝ ਸੰਗਾ॥੯੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਮੁਲਤਾਨ ਸ਼ਮਸ' ਪ੍ਰਸੰਗ ਬਰਨਨੰ ਨਾਮ ਸੈਂਤੀਸਮੋ ਅਧਯਾਯ ॥ ੩੭ ॥

੩੮. [ਸ਼ਬਦ ਮਹਿਮਾਂ। ਸ਼ਹੁ ਸੁਹਾਗਨ, ਬਾਲਥੀਂਦਾਈ, ਮੂਲਾ]

ਦੋਹਰਾ ॥ ਸਤਿਗੁਰ ਸ਼ਬਦ ਸਹਾਇ ਲੇ ਨਾਮ ਜਪਨ ਹਥਿਆਰ।
ਮਨ ਰਿਪੁ ਜੀਤੈਂ ਮਨੁਜ ਜੋ ਦ੍ਵੈ ਲੋਕਨ ਸੁਖ ਸਾਰ ॥ ੧ ॥

[1]ਯੋਗ ਹੈ। [2]ਦੁਖੀ। [3]ਮੰਗਦਾ ਹੈ। [4]ਮੱਛੀ। [5]ਮੰਗਦਿਆਂ। [6]ਭੁੰਨਣ। [7]ਸ਼ਮਸ ਦਾ ਅਰਥ ਹੈ ਸੂਰਜ। [8]ਮੇਰਾ ਤੇ ਤੇਰਾ। [9]ਸੂਰਜ। [10]ਮਨ ਬਾਣੀ ਸ਼ਰੀਰ ਕਰਕੇ।

*ਇਹ ਕਥਾਵਾਂ ਮਨਸੂਰ ਤੇ ਸ਼ਮਸ ਤਬ੍ਰੇਜ਼ ਦੀਆਂ ਹਿੰਦ ਦੇ ਸੂਫੀ ਖਯਾਲ ਦੇ ਲੋਕਾਂ ਤੇ ਹਿੰਦੂ ਵੇਦਾਂਤੀਆਂ ਵਿਚ ਆਮ ਪ੍ਰਸਿੱਧ ਹਨ, ਜੋ ਕਵੀ ਜੀ ਨੇ ਜੈਸੇ ਸੁਣੀਆਂ, ਲਿਖੀਆਂ ਹਨ, ਚੰਗਾ ਹੁੰਦਾ ਕਿ ਐਸੀਆਂ ਕਥਾਵਾਂ ਕਵਿ ਜੀ ਕਵਿਉਕਤੀ ਵਿਚ ਦੱਸਦੇ ਤੇ ਸਤਿਗੁਰਾਂ ਦੇ ਮੁਖਾਰਵਿੰਦ ਵਿਚ ਨਾ ਧਰਦੇ ।

Sri Satguru Jagjit Singh Ji eLibrary NamdhariElibrary@gmail.com

[ਸ਼ਬਦ=ਇਥੇ ਅਰਥ 'ਉਪਦੇਸ਼' ਹੈ (ਦੇਖੋ ਸ੍ਰੀ ਗੁਰੂ ਗ੍ਰੰਥ ਕੋਸ਼ ਖਾਃ ਦੂੈਃ ਮੁਸਾਫਿਰੀ ਦਾ)। ਰਿਪੁ=ਵੈਰੀ, ਸ਼ਤ੍ਰੂ। ਮਨੁਜ=ਆਦਮੀ, ਮਾਨੁਖ, ਇਨਸਾਨ। ਸੁਖਸਾਰ=ਸਾਰ ਸੁਖ ਤੱਤ ਸੁਖ, ਜੋ ਸਾਰੇ ਸੁਖਾਂ ਦਾ ਤੱਤ ਹੋਵੇ ਜਾਂ ਸਾਰੇ ਸੁਖਾਂ ਤੋਂ ਸ੍ਰੇਸ਼ਟ ਹੋਵੇ, ਕੱਲਯਾਨ, ਮੁਕਤੀ, ਪਰਮ ਪਦ।]

ਅਰਥ–ਜੋ ਮਨੁਖ ਸਤਿਗੁਰਾਂ ਦੇ ਉਪਦੇਸ਼ ਦੀ ਸਹਾਇਤਾ ਲੈਕੇ 'ਨਾਮ ਜਪਣ' (ਰੂਪੀ) ਹਥਿਆਰ (ਨਾਲ) ਮਨ (ਰੂਪੀ) ਵੈਰੀ ਨੂੰ ਜਿੱਤ ਲੈਂਦੇ ਹਨ, (ਓਹ) ਦੋਹਾਂ ਲੋਕਾਂ ਦੇ ਸਾਰ ਸੁਖ (ਨੂੰ ਪ੍ਰਾਪਤ ਕਰ ਲੈਂਦੇ ਹਨ)।

ਸ੍ਰੀ ਬਾਲਾ ਸੰਧੁਰੁ ਬਾਚ ॥ ਚੌਪਈ ॥ ਸੁਨੋ ਕਥਾ ਪੁਨ ਫੇਰੂ ਨੰਦਨ[1]! । ਮਾਰਗ ਚਲਤਯੋ ਕਲਖ ਨਿਕੰਦਨ। ਸ਼ਮਸ ਕਹਾਣੀ ਸਰਬ ਸੁਨਾਈ। ਗਮਨਤਿ ਪਹੁੰਚਤਿ ਭੇ ਇਕ ਜਾਈ ॥੨॥ ਜਹਿ ਫਕੀਰ ਕੋ ਲੁਟ ਗਯੋ ਮੇਲਾ। ਨਿੰਦਾ ਪ੍ਰਗਟੀ ਭਯੋ ਦੁਹੇਲਾ[2]। ਗਯੋ ਪਖੰਡ ਉਘਰ ਸਭਿ ਪਾਜਾ। ਲੋਕਨ ਬਿਖੈ ਅਧਿਕ ਸੋ ਲਾਜਾ[3] ॥੩॥ ਤਿਹ ਕੋ ਕਰਨ ਕ੍ਰਿਤਾਰਥ ਵੇਰਾ[4]। ਗਏ ਗੁਰੂ ਸੋ ਦੁਖੀਆ ਹੇਰਾ। ਤਿਸੀ ਤੀਅ ਕੈ ਕੀਨੋ ਡੇਰਾ। ਜਾਵਤਿ ਕੀਨੋ ਜਹਾਂਬਸੇਰਾ ॥੪॥ ਰੈਦਰਾ[5] ਤਿ ਪੁਨ ਤਾਂ ਦਿਨ ਸੋਈ। ਮੇਲਾ ਤਾਂ ਕੇ ਭਯੋ ਨ ਕੋਈ। ਅਸ ਪਿਖਿ ਉਪਜੀ ਕਰੁਨਾ ਭਾਰੀ। ਬੂਝਨ ਕੀਨ ਬ੍ਰਿਥਾ[5] ਸੋ ਨਾਰੀ ॥੫॥ ਦੋਹਰਾ ॥ 'ਸ਼ਹੁ ਸੋਹਾਗਣ ਜਹਿ ਹੁਤੋ ਮੇਲਾ ਭਯੋ ਨ ਤਾਂਹ। ਰਹਤਿ ਇਹਾਂ ਕੈਧੋਂ ਨਹੀਂ ? ਮਾਨਵ ਮਾਨਹਿ ਜਾਂਹਿ' ॥੬॥ ਚੌਪਈ ॥ ਤੀਯ ਕਹੈ 'ਤਿਹ ਝੂਠ ਸਮਾਜਾ। ਉਘਰ ਗਯੋ ਜੋ ਕੀਨੋ ਪਾਜਾ। ਸੇਮਰ ਫਲ ਜਿਮ ਤਾਂਹਿ ਬਨਾਉ[6]। ਪਾਕੇ ਤੇ ਸੋ ਤੂਲ ਉਡਾਉ[7]' ॥੭॥ ਅਸ ਸੁਨਿਕੇ ਬੇਦੀ ਕੁਲਕੇਤਾ। ਬੈਠੇ ਤਹਿ ਤਿਯ ਵਹਿਰ ਨਿਕੇਤਾ[8]। ਲੂਲਾ ਕਰ[9] ਪਗ ਤੇ[10] ਤਿਹ ਕਾਲਾ। ਆਯੋ ਇਕ ਅਵਲੋਕ ਦਯਾਲਾ[11] ॥੮॥ ਦਰਸ਼ਨ ਦਰਸੇ ਭੇ ਪਦ ਪਾਨਾ[12]। ਅਤਿ ਸੁੰਦਰ ਹੋਯੋ ਸਵਧਾਨਾ। ਹਾਥ ਬੰਦਿ ਸੋ ਖਰਾ ਅਗਾਰੀ। ਹੋਇ ਦੀਨ ਮੁਖ ਗਿਰਾ ਉਚਾਰੀ ॥ ੯ ॥ 'ਰਾਵਰ ਕੇ ਦਰਸ਼ਨ ਤਨ ਮੇਰਾ। ਭਾ ਅਰੋਗ ਦੁਖ ਕਟਯੋ ਘਨੇਰਾ। ਮੋ ਤੇ ਸੰਗ ਨ ਛੋਡਯੋ ਜਾਈ। ਰਾਖਹੁ ਅਬਿ ਅਪਨੀ ਸ਼ਰਨਾਈ' ॥ ੧੦ ॥ ਸੁਨਿ ਮੁਸਕਾਨੇ ਕ੍ਰਿਪਾ ਨਿਧਾਨਾ। ਤਿਹਸੋਂ ਇਸ ਬਿਧਿ ਬਚਨਬਖਾਨਾ।

[1]ਹੇ ਸ੍ਰੀ ਗੁਰੂ ਅੰਗਦ ਜੀ। [2]ਦੁਖੀ। [3]ਸ਼ਰਮਿੰਦਾ ਹੋਇਆ। [4]ਮੁੜਕੇ। [5]ਹਾਲ। [6]ਸਿੰਬਲ ਦੇ ਫਲ ਵਾਕੂ ਤਿਸਦੀ ਬਨਾਵਟ ਸੀ। [7]ਰੂੰ ਉੱਡ ਗਈ। [8]ਘਰ ਦੇ ਬਾਹਰ। [9]ਹੱਥਾਂ। [10]ਪੈਰਾਂ ਤੋਂ। [11]ਇਕ (ਕੋਈ) ਆਇਆ ਵੇਖਕੇ ਗੁਰੂ ਜੀ ਨੂੰ। [12]ਹੋ ਗਏ ਪੈਰ ਹੱਥ।

Sri Satguru Jagjit Singh Ji eLibrary NamdhariElibrary@gmail.com

'ਨਗਰ ਬਿਖੈ ਬੂਝੇ ਜੇ ਕੋਊ।–ਕਿਸ ਬਿਧਿ ਤੇਰੇ ਕਰ ਪਗ ਹੋਊ?–॥੧੧॥ ਕਹੀਐ–ਸ਼ਹੁ ਸੋਹਾਗਨ ਦੀਨਾ॥ ਲੂਲੇ ਤੇ ਕਰ ਪਗ ਸੁਭ ਕੀਨਾ*–'। ਆ-ਇਸੁ ਮਾਨਿ ਗੁਰੂ ਕੀ ਸੋਊ।ਗਯੋ ਨਗਰ, ਬੂਝੇ ਜੇ ਕੋਊ॥੧੨॥'ਲੂਲੇ ਤੈਂ ਕਰ ਪਗ ਕਿਤ ਪਾਏ?।'ਸੋ ਸੁਨਿ ਤਾਂਕੋ ਦੇਤਿ ਬਤਾਏ।'ਸ਼ਹੁ ਸੋਹਾਗਨਿ ਕਰੁਨਾ ਕੀਨੀ॥ਦੇਹਿ ਅਰੋਗ ਤੁਰਤ ਕਰਿ ਦੀਨੀ' ॥੧੩॥ ਸੁਨਿਕੈ ਲੋਕਨ ਅਚਰਜ ਮਾਨਾ॥ਸਗਲੇ ਪੁਰਿ ਤਿਨ[1] ਕੀਨ ਪਯਾਨਾ॥ ਕਹਿਤਿ ਕਹਿਤਿ ਤਿਹ ਕੇ ਢਿਗ ਆਯੋ। ਸ਼ਹੁ ਸੋਹਾਗਨਿ ਜੌਨ ਕਹਾਯੋ[2] ॥੧੪॥ ਸੁਨਿ ਕਰਿ ਬੂਝਤਿ 'ਕਿਹ ਥਲ ਸੋਊ?। ਜਾਂਹਿ ਤੋਰ ਦੁਖਦੀਨੋ ਖੋਊ'। ਕਹੈ ਸੁ'ਚਲੋ ਮੋਰ ਤੁਮ ਸੰਗ॥ ਦਰਸਾਵੌਂ ਜਿਹ ਕਿਯ ਦੁਖ ਭੰਗ' ॥ ੧੫ ॥ ਸ਼ਹੁ ਸੋਹਾਗਨ ਅਚਰਜ ਮਾਨਯੋ। ਦਰਸ਼ਨ ਕਰਨੇ ਹੇਤ ਲੁਭਾਨਯੋ। ਸੰਗਿ ਚਲਯੋ ਸ੍ਰੀ ਗੁਰ ਢਿਗ ਆਏ। ਦ੍ਵੈ ਲੋਚਨ ਮਹਿ ਕਰੁਨਾ ਛਾਏ ॥ ੧੬ ॥ ਦੋਹਰਾ ॥ ਸ਼ਹੁ ਸੋਹਾਗਨਿ ਦਰਸ ਕਰਿ ਜਾਨੇ–ਸੋ ਦਰਵੇਸ਼॥ ਦਰ ਪਰ ਮੇਰੇ ਜੋ ਮੁਰੇ ਸੋ ਖ਼ੁਦਾਇ ਜਗ-ਤੇਸ਼॥੧੭॥ਚੌਪਈ॥ਮੋਰ ਪਖੰਡ ਤਜਾਵਨ ਆਯੋ–। ਇਸ ਬਿਧਿ ਜਾਨਿ ਚਰਨ ਲਪਟਾਯੋ। ਦੀਨ ਭਯੋ ਨ ਉਠਾਵਤਿ ਸੀਸਾ। ਕਰਤਿ ਬਿਨੈ 'ਤੁਮ ਹੋ ਜਗਦੀਸ਼ਾ ॥ ੧੮ ॥ ਅਫਵਲ[3] ਗੁਨਹਿ ਕਰੋ ਅਬ ਮੇਰਾ। ਹੇ ਸਾਹਿਬ, ਮੈਂ ਰਾਵਰਿ ਚੇਰਾ। ਹੌਂ ਅਧਮੰ ਤੂੰ ਅਧਮ ਉਧਾਰਨ[4]। ਭਾ ਅਵਤਾਰ ਜਗਤ ਕੋ ਤਾਰਨ॥੧੯॥ਆਪ ਛਪਾਇ ਮੁਝੇ ਬਡਿਆਈ। ਤੁਮ ਦੇਵਤਿ ਇਹ ਬਿਰਦ ਸਦਾਈ'। ਗੁਰੂ ਕਹੈਂ 'ਐਸੇ ਅਬਿ ਜਾਨਹੁ।ਸ਼ਹੁ ਰਵਿਆ ਸਭਿ ਮਾਂਹਿ ਪਛਾ-ਨਹੁ ॥੨੦॥ ਦੋਹਰਾ॥ ਸਭਿ ਕੌ ਦਰਸ਼ਨ ਦੀਜੀਏ ਸਭਿ ਕੋ ਦਰਸ਼ਨ ਲੇਹੁ। ਸਦਾ ਬੰਦਗੀ ਕੀਜੀਏ ਮਨ ਖ਼ੁਦਾਇ ਮੈਂ ਦੇਹੁ' ॥ ੨੧ ॥ ਚੌਪਈ ॥ ਮਾਨੇ ਹਿਤ ਸੋਂ ਗੁਰਕੇ ਬੈਨਾ। ਸੋ ਬਖ਼ਸ਼ਾਇ ਗਯੋ ਨਿਜ ਐਨਾ। ਭਯੋ ਮੁਰੀਦ ਗੁਰੂ ਕਾ ਸੋਈ। ਨਗਰ ਬਿਖੈ ਮਨਤਾ ਪੁਨ ਹੋਈ ॥੨੨॥ ਲੂਲਾ ਕਹਿਤਿ ਭਯੋ ਸਭਿ ਥਾਏਂ। 'ਸ਼ਹੁ ਸੋਹਾਗਨ ਤੇ ਪਗ ਪਾਏ'। ਸਰਬ ਲੋਕ ਤਬ ਨਿਸ਼ਚਾ ਕੀਨੋ।–ਸ਼ਹੁ ਆਵਤਿ ਇਸ ਢਿਗ–ਮਨ ਚੀਨੋ।੨੩।ਪੁਨ ਝੰਡੇ ਰਾਖੇ

[1]ਭਾਵ ਲੂਲੇ ਨੇ। [2]ਜੋ ਕਹਾਂਵਦਾ ਸੀ। [3]ਮਾਫ਼ [ਅ਼:, ਅਫ਼ਵ]। [4]ਨੀਚਾਂ ਦਾ ਤਾਰਕ।

*ਇਸ ਕਹਿਣ ਵਿਚ ਜੋ ਪਰਮ ਤਿਆਗ ਤੇ ਮੇਹਰ ਹੈ ਉਹ ਤਾਂ ਸਤਿਗੁਰੂ ਜੀ ਦਾ ਸੁਭਾਵ ਹੈ, ਪਰ ਇੰਞ ਦਾ ਕਹਿਣਾ ਉਨ੍ਹਾਂ ਦੇ ਸੁਭਾਵ ਵਿਰੁੱਧ ਹੈ, ਕਵਿ ਜੀ ਨੇ ਇਹ ਲਿਖਣ ਵਿਚ ਉਪਕਾਰ ਦੀ ਮੁੱਖਤਾ ਰੱਖ ਲਈ ਹੈ। ਪੁਰਾਤਨ ਜਨਮ ਸਾਖੀ ਵਿਚ ਇਹ ਕਥਾ ਨਹੀਂ ਹੈ।

Sri Satguru Jagjit Singh Ji eLibrary NamdhariElibrary@gmail.com

ਨਿਜ ਥਾਨਾ । ਨੌਬਤ ਬਾਜਨ ਲਗੇ ਨਿਸ਼ਾਨਾ । ਲਗਨੇ ਲਗਯੋ ਬਡੋ ਤਹਿ ਮੇਲਾ । ਚਹੁੰਦਿਸ਼ ਤੇ ਤਬ ਹੋਇ ਸਕੇਲਾ[1] ॥੨੪॥ ਦੋਹਰਾ ॥ ਲੋਕ ਪਰਸਪਰ ਸਭਿ ਕਹੈਂ 'ਭੂਲੋ ਨਿੰਦ ਉਚਾਰਿ । ਪੂਰਨ ਹੈ ਇਹ ਸੰਤ ਸ਼ੁਭ ਸ਼ਹੁ ਆਵੈ ਜਿਸ ਦ੍ਵਾਰ ॥ ੨੫॥ ਚੌਪਈ ॥ ਜਿਹ ਕੇ ਬਰ ਲੂਲੇ ਪਗ ਪਾਏ' । ਇਸ ਬਿਧਿ ਕਹਿ ਬਹੁ ਭੇਟ ਚਢਾਏ । ਦੂਰ ਦੂਰ ਤੇ ਨਰ ਤਹਿਂ ਆਏ । ਮਾਨਹਿਂ ਅੱਗ੍ਰਜ ਤੇ ਅਧਿਕਾਏ[2] ॥ ੨੬ ॥ ਸ੍ਰੀ ਗੁਰ ਨਾਮ ਜਪਤਿ ਭਾ ਸੋਈ । ਯਾਂਤੇ ਪੂਜਾ ਬਹੁ ਜਗ ਹੋਈ।ਅਪਨੋ ਪੰਥ ਕਿਯੋ ਇਕ ਤਾਂਹੀ । ਬਾਂਧਤਿ ਜੋ ਘੁੰਗਰੂ ਪਗ ਮਾਂਹੀ। ੨੭॥ ਗਰ ਮਹਿਂ ਮੌਰੀ[3] ਪਾਵਹਿ ਸੋਇ । ਬੇਖ ਚਲਯੋ ਜਗ ਪਰਗਟ ਹੋਇ। ਇਸ ਬਿਧਿ ਕੀਨ ਕ੍ਰਿਤਾਰਥ ਤਾਂਹੀ । ਨਾਮ ਪਤਿਤ ਪਾਵਨ ਹੈ ਜਾਂਹੀ॥੨੮॥ ਦੋਹਰਾ॥ਸ੍ਰੀ ਗੁਰ ਨਾਨਕ ਤੇ ਬਿਨਾ ਕਰੈ ਕੌਨ ਅਸ ਕਾਜ।ਤਾਰੇ ਨਰ ਕਲਿ-ਕਾਲਿ ਮੈਂ[4] ਬਡੋ ਗਰੀਬ ਨਿਵਾਜ ॥੨੯॥ ਚੌਪਈ ॥

ਤਹਿ ਤੇ ਗਮਨੇ ਗੁਰੂ ਅਗਾਰੀ। ਨਰਨ ਉਧਾਰਨ ਪਰਉਪਕਾਰੀ। ਜਹਿਂ ਟਿੱਲਾ ਹੈ ਬਾਲ ਗੁੰਦਾਈ*।ਜੋਗੀ ਬਹੁਤ ਰਹਤਿ ਤਿਹ ਥਾਈਂ ॥੩੦॥ ਦੋਹਰਾ ॥ ਬਾਲ ਗੁੰਦਾਈ ਸਦਨ ਮਹਿ ਬਾਜਸਾਲ[5] ਮਹਿ ਬਾਜ[6] । ਏਕ ਖਜ਼ਾਨਾ ਚੀਰ ਕੋ[7] ਪਰਉਪਕਾਰ ਕਿ ਕਾਜ[8] ॥੩੧॥ ਚੌਪਈ॥ ਉੱਤਮ ਭੋਜਨ ਸੋ ਬਨਿਵਾਵਹਿ। ਜੋ ਤਹਿਂ ਜਾਇ ਸਭਿਨਿ ਕੋ ਖ੍ਵਾਵਹਿ।ਸੁੰਦਰ ਮੰਦਿਰ ਮਹਿਂ ਬਿਸਰਾਮਾ। ਨਗਨ ਦੇਖਿ ਪਟ ਦੇ ਅਭਿਰਾਮਾ ॥੩੨॥ਪੰਥ ਚਲਤਿ ਸ਼੍ਰਮ ਜੋ ਹੁਇ ਜਾਵਹਿ । ਭੇਜਿ ਤੁਰੰਗ ਤਾਂਹਿ ਚਢਿਵਾਵਹਿ। ਨਿਤ ਉਪਕਾਰ ਕਰਨ ਅਭਿਲਾਖੀ। ਜਿਉਂ ਅਵਨੀ ਪਰ ਸਫਲਯੋ ਸਾਖੀ[9] ॥ ੩੩ ॥ ਤਿਹ ਡੇਰੇ ਕੇ ਜਾਇ ਸਮੀਪਾ।ਬੈਠਿ ਰਹੇ ਬੇਦੀ ਕੁਲ ਦੀਪਾ।ਬਾਲ ਗੁੰਦਾਈ ਜਬਿ ਸੁਧਿ ਹੋਈ। –ਵਹਿਰ ਅਤੀਤ ਬੈਠਿ ਰਹਿ ਦੋਈ॥੩੪॥ਨਹੀਂ ਅਗਾਰੀ ਆਵਤਿ ਸੋਊ–। ਜੋਗੀ ਤਬਹਿ ਬੁਲਾਏ ਦੋਊ । ਕਹਯੋ ਤਿਨਹਿਂ ਕੋ 'ਆਨਹੁ ਜਾਈ' ।ਪਹੁੰਚੇ

---

[1] ਇਕੱਠੂ ਹੋਇਕੇ । [2] ਪਹਿਲਾਂ ਨਾਲੋਂ ਬਹੁਤਾ । [3] ਮੌਲੀ । [4] ਕਲਜੁਗ ਦੇ ਸਮੇਂ ਵਿਖੇ । [5] ਤਬੇਲੇ ਵਿਚ ਹੈਨ । [6] ਘੋੜੇ । [7] ਕਪੜਿਆਂ ਦਾ ਖਜ਼ਾਨਾ ਹੈ । [8] ਪਰਉਪਕਾਰ ਦੇ ਵਾਸਤੇ । [9] ਫਲਾਂ ਸਹਿਤ ਬ੍ਰਿਛ ।

*ਬਾਲ ਗੁੰਦਾਈ ਦਾ ਟਿੱਲਾ ਜ਼ਿਲਾ ਜੇਹਲਮ ਵਿਚ ਹੈ, ਜੇਹਲਮ ਤੋਂ ਸ਼ਾਇਦ ੧੫ ਕੁ ਮੀਲ ਹੈ, ਇਸੇ ਬਾਲ ਗੁੰਦਾਈ ਦੀ ਗੱਦੀ ਤੇ 'ਸਿੱਧ ਬਗਾਈ' ਸੀ ਜਿਸ ਤੋਂ ਰਾਂਝੇ ਨੇ ਜੋਗ ਲਿਆ ਸੀ ।

Sri Satguru Jagjit Singh Ji eLibrary NamdhariElibrary@gmail.com

ਸੋ ਸ੍ਰੀ ਗੁਰ ਜਿਹ ਥਾਈਂ ॥ ੩੫॥ ਦੋਹਰਾ ॥ 'ਚਲਹੁ ਅਤੀਤੋ ! ਉਠਿ ਅਬੈ ਬਾਲਗੁੰਦਾਈ ਬਾਨ।ਬੈਠਿਨ ਕੋ ਮੰਦਿਰ ਭਲੇ ਸੁਖ ਸੋਂ ਹ੍ਵੈ ਗੁਜ਼ਰਾਨ'।੩੬। ਚੌਪਈ ॥ ਸ੍ਰੀ ਪ੍ਰਭੁ ਕਹਯੋ 'ਨ ਹਮ ਚਲਿ ਜਾਵਹਿਂ। ਜਹਿਂ ਬੈਠਹਿਂ ਤਹਿ ਰੈਨ ਬਿਤਾਵਹਿਂ। ਚਹੀਏ ਨਿਤ ਅਤੀਤ ਕੋ ਐਸੀ। ਆਇ ਜੁ ਬਨਹਿ ਬਿਤਾਵਹਿ ਤੈਸੀ' ॥ ੩੭॥ ਬਾਲਗੁੰਦਾਈ ਢਿਗ ਪੁਨ ਜਾਇ। ਜਾਇ ਬਤਾਯੋ 'ਨਹਿ ਸੋ ਆਏ'।ਇਉਂ ਸੁਨਿ ਆਪ ਤਹਾਂ ਚਲਿ ਆਯੋ।ਜਿਹ ਥਲ ਬੈਠਯੋ ਪ੍ਰਭੁ ਸੁਹਾਯੋ॥੩੮॥ਆਦਰ ਯੁਤ ਮੁਖ ਬਚਨ ਉਚਾਰੇ। 'ਚਲਹੁ ਅਤੀਤਹੁ ਸੰਗ ਹਮਾਰੇ। ਆਵਤਿ ਮੇਘ ਘਟਾ ਬਰਖਾਵਹਿ। ਮੰਦਰ ਮਹਿਂ ਸੁਖ ਨਿਸਾ ਬਿਹਾਵਹਿ'॥੩੯॥ਦੋਹਰਾ॥ਸ੍ਰੀ ਗੁਰ ਕਹੈਂ'ਅਤੀਤ ਹਮ ਜੈਸੇ ਬਨਿ ਹੈ ਆਇ। ਦੁਖ ਸੁਖ ਸਮ ਉਰ ਜਾਨਿਕੈ ਸਮਾਂ ਦੇਤਿ ਗੁਜ਼ਰਾਇ ॥੪੦॥ ਚੌਪਈ॥ ਕਹਿਂ ਕਹਿਂ[1] ਮੰਦਰ ਖੋਜਤਿ ਫਿਰਿਹੀਂ। ਦੇਸ਼ ਬਿਦੇਸ਼ ਗਮਨ ਹਮ ਕਰਿਹੀਂ। ਜਹਿ ਬੈਸਹਿਂ ਤਹਿਂ ਦੇਤਿ ਬਿਤਾਇ। ਹਮਰੋ ਮਤਾ ਸਦਾ ਇਹ ਭਾਇ[2]" ॥ ੪੧ ॥ ਬਾਲਗੁੰਦਾਈ ਬਚਨ ਅਲਾਯਾ।'ਪੁਰਖ ਅਲੇਖ ਕਰਹਿ ਜੋ ਦਾਯਾ। ਦੇਵਹਿ ਜਥਿ ਸਮਾਜ ਸੁਖਦਾਇ ?। ਨਹੀਂ ਨਿਰਾਦਰ ਤਿਨ ਬਨਿ ਆਇ ॥ ੪੨॥ ਸਰਬ ਨਿਰੰਜਨ ਕੇਰ ਪਦਾਰਥ। ਭਲੀ ਬਾਤ ਕਰਨਾ ਪਰਸ੍ਵਾਰਥ'। ਇਸ ਪ੍ਰਕਾਰ ਕਹਿ ਬਾਲਗੁੰਦਾਈ। ਲੇਕਰਿ ਸੰਗਿ ਚਲਯੋ ਸੁਖਦਾਈ॥੪੩॥ ਦੋਹਰਾ॥ ਨੀਕੇ ਘਰ ਮਹਿ ਜਾਇਕੈ ਕੀਨੋ ਬਚਨ ਬਖਾਨ। 'ਦੇਖਹੁ ਸ਼ੁਭ ਇਸਥਾਨ ਇਹ ਭਲੋ ਹੋਇ ਗੁਜ਼ਰਾਨ' ॥ ੪੪ ॥ ਚੌਪਈ ॥ ਸ੍ਰੀ ਗੁਰ ਕਹਯੋ ਤਾਂਹਿ ਕੇ ਸੰਗ। 'ਕਹਾ ਦੇਖਉਂ ਨ੍ਰਿਪਲੀਲਾ ਰੰਗ[3]'।ਬਸਤ੍ਰ ਕੋਸ਼[4] ਕੋ ਜਬੈ ਦਿਖਾਯੋ। ਭਾਂਤਿ ਭਾਂਤਿ ਕੋ ਰੰਗ ਸੁਹਾਯੋ ॥ ੪੫ ॥ ਬਹੁਰੋ ਬਚਨ ਭਨਯੋ ਗੁਨਖਾਨੀ। 'ਸਰਬ ਰਾਜ ਲੀਲਾ ਹਮ ਜਾਨੀ'। ਬਾਜਸ਼ਾਲ[5] ਮਹਿਂ ਜਬ ਲੇ ਗਯੋ। ਭਲੇ ਤੁਰੰਗ ਦਿਖਾਵਤਿ ਭਯੋ॥੪੬॥ਗੁਰੂ ਕਹੈਂ'ਸੁਨਿ ਬਾਲਗੁੰਦਾਈ। ਏਹ ਲੀਲਾ ਰਾਜਨ ਬਨਿ ਆਈ।ਹ੍ਵੈ ਅਤੀਤ[6] ਸਭਿ ਤਜੈ ਸਮਾਜਾ। ਇਨਹਿਂ ਬਿਲੋਕਨ ਕਹਾ ਹਮ ਕਾਜਾ ॥ ੪੭ । ਆਤਮ ਗਯਾਨ ਮਾਨ ਬਿਨ ਹੋਨਾ। ਸਿਮਰਨ ਨਾਮ ਸੰਤ ਧਨ ਭੌਨਾ[7]'। ਹਮ ਤੁਮ ਕੋ ਸੋ ਦੇਖਨ ਚਹੀਏ। ਜਿਹ ਕੋ ਪਾਥਿ

---

[1] ਕਿੱਥੇ ਕਿੱਥੇ। [2] ਇਸ ਤਰ੍ਹਾਂ ਦਾ। [3] ਪਾਤਸ਼ਾਹੀ ਲੀਲ੍ਹਾ ਦੇ ਰੰਗ ਹਨ। [4] ਕਪੜਿਆਂ ਦਾ ਖਜ਼ਾਨਾ। [5] ਤਵੇਲੇ। [6] ਤ੍ਰਿਆਗੀ ਹੋਕੇ। [7] ਸੰਤਾਂ ਦੇ ਘਰ ਨਾਮ ਸਿਮਰਨ (ਰੂਪੀ) ਧਨ ਹੈ। (ਅ) ਸੰਤਾਂ ਦਾ ਧਨ (ਜਿਸ ਨੂੰ) ਡਰ ਨਹੀਂ।

Sri Satguru Jagjit Singh Ji eLibrary NamdhariElibrary@gmail.com

ਪਰਮ ਸੁਖ ਲਹੀਏ॥੪੮॥ਚਹਿਨ ਪਦਾਰਥ[1] ਕੋ ਜੋ ਹੋਊ। ਇਨ ਤੇ ਲਖਹੁ ਬਿਰੋਧੀ ਸੋਊ[2]'। ਸੁਨਿ ਕੈ ਅਚਰਜ ਮਨ ਮਹਿਂ ਮਾਨਾ।ਬਾਲਗੁੰਦਾਈ ਬਚਨ ਬਖਾਨਾ ॥ ੪੯ ॥ ਦੋਹਰਾ ॥ 'ਕਹਉ ਅਤੀਤਉ ! ਨਾਮ ਨਿਜ, ਕਿਤ ਆਏ ਕਿਤ ਜਾਇ ?। ਉੱਤਮ ਬੇਖ ਸਰੀਰ ਮਹਿ ਹੈ ਸ਼ੁਭ ਤੋਰ ਸੁਭਾਇ'॥ ੫੦ ॥ ਚੌਪਈ॥'ਨਾਨਕ ਨਿਰੰਕਾਰੀ ਮਮ ਨਾਇ। ਇਹ ਕੋ ਬਾਲਾ ਲੋਕ ਅਲਾਇ'। ਸੁਨਯੋ ਨਾਮ ਜਬ ਬਾਲਗੁੰਦਾਈ। ਬੰਦਨ ਕੀਨਿ ਭਾਉ ਅਧਿਕਾਈ॥੫੧॥ 'ਅਬਿ ਜਾਨੇ ਸ੍ਰੀ ਨਾਨਕ ਸੋਈ। ਚਰਚਾ ਸਿੱਧਨ ਸੌਂ ਜਿਹ ਹੋਈ। ਤੁਮ ਤੋ ਕਲਾਵਾਨ ਮਤਿਵਾਨਾ। ਇਕ ਉੱਤਰ ਮੁਝ ਦੇਹੁ ਸੁਜਾਨਾ॥੫੨॥ ਬੈਠੇ ਆਪ ਵਹਿਰ ਜਿਹ ਥਾਈਂ। ਸੁਖ ਸੋਂ ਬਿਤੈ ਕਿ ਦੁਖ ਤਹਿਂ ਪਾਈਂ। ਅਬ ਸ਼ੁਭ ਮੰਦਰ ਮਾਂਹੀ ਆਏ। ਜਹਿਂ ਸਗਰੇ ਸ਼੍ਰਮ ਜਾਇ ਬਿਲਾਏ'' ॥ ੫੩ ॥ ਦੋਹਰਾ॥ ਗੁਰੂ ਭਨਯੋ 'ਬੈਠੇ ਜਹਾਂ ਹੋਤਿ ਜਾਤਿ ਗੁਜਰਾਨ। ਜੋ ਫਕੀਰ, ਖੋਜੈਂ ਕਹਾਂ ਮੰਦਰਨੀਕੇਥਾਨ'॥੫੪॥ ਚੌਪਈ॥ਪੁਨ ਕਹਿ'ਮੁਝਕੋ ਕਿਉਂ ਨ ਬਤਾਵਤਿ?। ਸੁਖ ਗੁਜਰਤਿਕੈ ਕਸ਼ਟ ਬਿਹਾਵਤਿ?'।ਗੁਰੂ ਕਹੈਂ'ਗੁਜਰਤਿ ਦੁਖ ਸੰਗ। ਆਇ ਹੁਤੀ ਤਬ ਘਟਾ ਉਮੰਗ' ॥ ੫੫॥ ਪੁਨ ਆਪਨ ਕਰ ਮੈਂ ਲੇ ਸਾਕ[3]।ਭਖਰੇ ਕੀ ਰੋਟੀ,ਕਹਿ ਵਾਕ।'ਇਸ ਪ੍ਰਕਾਰ ਕੋ ਮੋਰ ਅਹਾਰਾ। ਲਖਹੁ ਪਦਾਰਥ ਪਰਉਪਕਾਰਾ[4] ॥ ੫੬ ॥ ਕਬਿ ਹੌਂ ਕਰੋਂ ਨ ਅੰਗੀਕਾਰਾ। ਸਭਿ ਰਾਖੇ ਮੈਂ ਹਿਤ[5] ਉਪਕਾਰਾ। ਅਨਿਕ ਲੋਕ ਸੁਖ ਪਾਵਹਿਂ ਆਈ। ਮਾਰਗਸ਼੍ਰਮ ਕੋ ਦੇਹਿਂਬਿਲਾਈ'॥੫੭॥ਇਸਪ੍ਰਕਾਰਕੀ ਸੁਨਿ ਕਰਿਬਾਨੀ।ਅਧਿਕ ਪ੍ਰਸ਼ੰਸਾ ਗੁਰੂ ਬਖਾਨੀ।'ਸਰਬ ਜੋਗੀਯਨ ਕੇਰ ਮਝਾਰੀ। ਉੱਤਮ ਤੁਮ ਚਿਤ ਮਤਿ ਉਪਕਾਰੀ*'॥੫੮॥ਏਕਨਿਸਾਬਸਿ ਕਰਿਤਿਹ ਥਾਨਾ।ਭੋਰਹੋਤਿ ਗੁਰ ਕੀਨ ਪਯਾਨਾ।ਪੁਨ ਸਲਕੋਟ[6] ਬਿਖੈ ਚਲਿ ਆਏ।ਮੁਝ ਸੋਂ ਐਸੇ ਬਚਨ ਅਲਾਏ ॥੫੯॥'ਹੇ ਬਾਲਾ!ਇਸ ਨਗਰ ਮਝਾਰਾ। ਸੰਸਾਰੀ ਇਕ ਮੀਤ ਹਮਾਰਾ।ਪੂਰਬ ਗਮਨਯੋ ਜੋ ਸੰਗਾਰਾ। ਮੂਲਾ ਨਾਮ ਸੁ ਇਹਾਂ ਅਗਾਰਾ[7]' ॥ ੬੦ ॥ ਤਿਹ ਸੌਂ ਮਿਲਿਨ ਚਹੈ ਮਨ ਮੇਰਾ। ਚਲਹੁ ਅਬੈ ਜਿਤ ਦਿਸ਼ਿ ਹੈ ਡੇਰਾ'।ਅਸ ਕਹਿ

---

[1]ਇੱਛਾ ਪਦਾਰਥਾਂ ਦੀ। [2]ਦੂਰ ਹੋ ਜਾਏਗਾ। [3]ਸਾਗ। [4]ਪਰਉਪਕਾਰ ਵਾਸਤੇ ਹੈਨ ਪਦਾਰਥ ਜੋ ਆਪ ਵੇਖਦੇ ਹੋ। [5]ਵਾਸਤੇ। [6]ਸਿਆਲਕੋਟ। [7]ਇਥੇ ਹੈ ਘਰ (ਉਸ ਦਾ)।

*ਇਥੇ ਗੁਰਮਤ ਸਿੱਧਾਂਤ ਖੁਲ੍ਹਾ ਨਹੀਂ। ਬਾਲਗੁੰਦਾਈ ਦਾ ਉਪਕਾਰ ਤੇ ਤਿਆਗ ਸਤਿਗੁਰੂ ਦੇ ਆਦਰਸ਼ ਵਿਚ ਕੀਮਤੀ ਤਾਂ ਹੈ ਜੇ ਉਹ ਨਾਮ ਬੀ ਜਪੇ।

Sri Satguru Jagjit Singh Ji eLibrary NamdhariElibrary@gmail.com

ਚਲਿ ਮੂਲੇ ਕੇ ਪੌਰ। ਆਇ ਖਰੇ ਬੇਦੀ ਸਿਰਮੌਰ ॥ ੬੧ ॥ ਘਰਨੀ ਸਨ-ਮੁਖ[1] ਜਬਹਿ ਨਿਹਾਰੇ। ਨਿਜ ਪਤਿ ਸੋਂ ਅਸ ਬਚਨ ਉਚਾਰੇ। 'ਪੂਰਬ ਗਮਨਯੋ ਜਾਂਹਿ ਸੰਗਾਰੇ। ਸੋ ਅਬਿ ਸਾਧੁ ਆਇ ਤਵ ਦ੍ਵਾਰੇ ॥ ੬੨ ॥ ਘਰ ਮਹਿਂ ਤੂਰਨ ਦੁਰਿਯੋ ਜਾਈਂ[2]। ਨਾਂਹਿ ਤ ਤੁਝ ਕੋ ਲੇਹਿਂ ਬੁਲਾਈ'।ਜੱਦਪਿ ਮੂਲਾ ਪ੍ਰਭੁ ਕੋ ਜਾਨਤਿ। ਮਹਿਮਾ ਨੀਕੀ ਰੀਤਿ ਪਛਾਨਤਿ॥ ੬੩ ॥—ਕਰਾ-ਮਾਤ ਧੁਤ ਅੰਤਰਜਾਮੀ।ਕਰੈਂ ਜੁ ਚਾਹੈਂ ਸਭਿ ਘਟ ਸ੍ਵਾਮੀ—।ਤੱਦਪਿ ਤ੍ਰਿਯ ਨੇ ਮਤਿ ਬਿਚਲਾਈ[3]। ਤੂਰਨ ਬਰਯੋ ਸਦਨ ਮਹਿਂ ਜਾਈ ॥੬੪॥ ਗੋ ਮੈਂ[4] ਸ਼ੁਸ਼ਕ[5] ਪਰੇ ਜਿਹ ਥਾਈਂ।ਬਡੋ ਤਿਮਰ[6],ਤਹਿਂ ਦੇਹਿ ਦੁਰਾਈ[7]।ਸ਼੍ਰੀਨਾਨਕ ਜਾਨੀ ਬਿਧਿ ਸਾਈ[8]। 'ਮੂਲੇ, ਮੂਲੇ' ਉਚ ਅਲਾਈ॥੬੫॥ ਸੁਨੀ ਗੁਹਾਰ[9] ਨਾਰਿ ਨਿਜ ਕਾਨਾ। ਪ੍ਰਭੁ ਕੇ ਸਨਮੁਖ ਬਚਨ ਬਖਾਨਾ।'ਜਿਸਹਿ ਪੁਕਾਰੇ ਸੋ ਨਹਿਂ ਧਾਮੁ। ਕਾਜ ਕਰਨ ਗਮਨਯੋ ਕਿਤ ਗ੍ਰਾਮੁ[10]' ॥ ੬੬ ॥ ਦੋਹਰਾ ॥ ਸੁਨਿਕੈ ਸ੍ਰੀ ਗੁਰ ਬਚ ਕਹਯੋ 'ਬੇਮੁਖ ਕਰਮ ਬਿਹੀਨ। ਹਮ ਆਏ ਤੁਝ ਮਿਲਨ ਕੋ ਛਪਨ ਸਦਨ ਮਹਿਂ ਕੀਨ ॥ ੬੭ ॥ ਚੌਪਈ ॥—ਜੀਵਨ ਝੂਠ ਮਰਨ ਸਚੁ ਕਹਿਈ—। ਮੂਢ ਮਤੀ ਪਰ ਭੇਦ ਨ ਲਹਿਈ। ਕਹੇ ਨਾਰਿ ਕੋ ਦੁਰਯੋ ਅਗਾਰਾ[11]। ਅਸ ਕਹਿ ਬਹੁਰ ਸ਼ਲੋਕ ਉਚਾਰਾ ॥ ੬੮ ॥

ਸਲੋਕੁ ॥ ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥ ੨੧ ॥

ਚੌਪਈ ॥ ਇਸ ਬਿਧਿ ਕਹਿ ਮਕਰੰਦੀ ਬਦਨਾ[12]। ਚਲੇ ਪੀਠ ਦੇ ਕਰਿ ਨਿਜ* ਸਦਨਾ[13]। ਤਿਸ ਖਿਨ ਸ਼ਯਾਮ ਨਾਗ ਤਹਿਂ ਨਿਕਸਾ। ਤਿਮਰ ਬਿਖੈ ਮੂਲੇ ਕੋ ਡਸਾ॥੬੯॥'ਹਾਇ ਹਾਇ' ਕਰਿ ਬਾਹਿਰ ਆਯੋ।ਨਿਜਨਾਰੀ ਸੋਂ ਬੈਨ ਅਲਾਯੋ। 'ਕਰਮਹੀਨ ਤੈਂ ਮੋ ਕੋ ਮਾਰਯੋ। ਚਢੀ ਸੀਸ ਮਮ ਜੀਵ ਬਿਦਾਰਯੋ[14] ॥ ੭੦ ॥ ਕਿਤ ਦਿਸ਼ ਗਮਨੇ ਦੇਹੁ ਬਤਾਈ ?। ਅਪੁਨੋ ਗੁਨਹਿ ਲੇਉਂ ਬਖਸ਼ਾਈ'। ਤਿਹ ਖਿਨ ਭਈ ਮੂਰਛਾ ਦੇਹੀ। ਬੋਲਨ ਕੀ ਸੁਧਿ ਰਹੀ ਨ ਕੇਹੀ ॥ ੭੧ ॥ ਨਗਰ ਬਿਖੈ ਪ੍ਰਗਟਯੋ ਸੁ ਬ੍ਰਿਤੰਤਾ। 'ਮੂਲੇ

[1]ਇਸਤ੍ਰੀ ਨੇ ਸਾਹਮਣੇ। [2]ਲੁਕ ਜਾਹਿ। [3]ਮੱਤ ਮਾਰ ਦਿੱਤੀ। [4]ਗੋਹੇ। [5]ਸੁੱਕੇ ਹੋਏ। ਥਾਂਵ ਥਾਪੀਆਂ। [6]ਅਂਧੇਰਾ ਸੀ। [7](ਅਪਣੀ) ਦੇਹੀ ਲੁਕਾਈ। [8]ਰਸਦੀ। [9]ਅਵਾਜ਼। [10]ਕਿਸੇ ਪਿੰਡ। [11]ਘਰ ਵਿਚ। [12]ਕਵਲ ਮੁਖ ਤੋਂ। [13]ਅਪਨੀ ਪਿੱਠ ਉਸ ਘਰ ਨੂੰ ਦੇਕੇ। [14](ਤੂੰ) ਸਿਰੇ ਚੜ੍ਹੀ ਹੋਈ (ਤ੍ਰੀਮਤ ਸੈਂ, ਤੂੰ ਹੀ) ਮੇਰੀ ਜਿੰਦ ਮਾਰੀ, (ਅ) ਮੇਰੇ ਜੀਵ ਦਾ ਮਾਰਿਆ ਜਾਣਾ ਤੇਰੇ ਸਿਰ ਚੜ੍ਹਿਆ। *ਪਾ:—ਤਿਹ।

ਘਰ ਗੋ ਪੂਰਨ ਸੰਤਾ। ਸੋ ਦੁਰਿ ਗਯੋ ਨਾਰਿ ਕੇ ਭਾਖੇ। ਤਿਨਕੋਂ ਮਿਲ੍ਯੋ ਨ ਕਰਿ ਅਭਿਲਾਖੇ[1] ॥੭੨॥ ਕਰੀ ਅਵੱਗਯਾ ਸਰਪ ਛਬਾਯੋ। ਬੋਲਤਿ ਨਹੀਂ ਗਿਰ੍ਯੋ ਮੁਰਛਾਯੋ। ਇਸ ਬਿਧਿ ਸੁਨਿਕੈ ਪੁਰਿ ਨਰ ਨਾਰੀ। ਆਵਹਿਂ ਧਾਇ ਨਿਕੇਤ ਮਝਾਰੀ ॥ ੭੩ ॥ ਸ੍ਰੀ ਗੁਰ ਵਹਿਰ ਨਗਰ ਤੇ ਆਇ। ਬੈਠੇ ਦੇਖਿ ਰੁਚਿਰ ਇਕ ਥਾਇਂ। ਬ੍ਰਿੰਦ ਲੋਕ ਤਿਹ ਸਦਨ ਸਿਧਾਰੇ। ਮਿਲੇ ਪਰਸਪਰ ਬਚਨ ਉਚਾਰੇ॥੭੪॥'ਸ੍ਰੀ ਨਾਨਕ ਬੈਠੇ ਜਹਿਂ ਜਾਈ। ਤੂਰਨ ਲੇ ਚਲਿਯੇ ਤਿਹ ਥਾਈਂ। ਮਹਾਂ ਪੁਰਖ ਪੂਰਨ ਹੈ ਸੋਈ। ਬਖ਼ਸ਼ਹਿਂ ਖ਼ਤਾ[2] ਕਰੀ ਤਿਨ ਜੋਈ' ॥ ੭੫॥ ਅਸ ਕਹਿ ਤਾਂਹਿ ਮੰਚ ਪਰ ਪਾਇ। ਚਤੁਰ ਲੋਕ[3] ਸਿਰ ਲੀਨ ਉਚਾਇ। ਗਮਨ ਕੀਨ ਤਿਤ ਦਿਸ਼ ਨਰ ਬ੍ਰਿੰਦਾ। ਜਿਤ ਦਿਸ਼ ਸੁਨੇ ਸ੍ਰੋਨ ਸੁਖਕੰਦਾ ॥੭੬॥ ਨਿੰਦਾ ਮੂਲੇ ਕੀ ਸਭਿ ਕਰਿਹੀਂ। ਸ੍ਰੀ ਨਾਨਕ ਕੌ ਸੁਜਸ ਉਚਰਿਹੀਂ। ਰੰਕ ਰਾਇ ਜਿਨ ਸੁਧ ਸੁਨਿ ਪਾਈ। ਮਾਰਗ ਬਿਖੈ ਮਿਲੈਂ ਸਭਿ ਧਾਈ॥੭੭॥ਮੂਲੇ ਸਹਿਤਿ ਭੀਰ ਬਡ ਭਾਰੀ।ਸਭਿ ਚਲਿਆਏ ਗੁਰੂ ਅਗਾਰੀ। ਪਦ ਅਰਬਿੰਦ ਬੰਦਨਾ ਕਰਿਹੀਂ। ਬਿਨਤੀ ਕਰੈਂ ਭਾਉ ਉਰ ਧਰਿਹੀਂ ॥੭੮॥ ਮਚ[4] ਪਰ ਤੇ ਉਤਾਰ ਤਿਹ ਤਾਈਂ। ਗੁਰ ਆਗੇ ਸੋ ਦਿਯ ਪੌਢਾਈ। ਹਾਥ ਬੰਦਿ ਠਾਂਢੇ ਹ੍ਵੈ ਸਭਿਹੀ। ਬਿਨਤੀ ਕਹੈਂ ਭਾਉ ਉਰ ਧਰਿਹੀ ॥੭੯॥ 'ਗੁਨਹਿਵੰਦ[5] ਲਖਿ ਤੁਮਨੈ ਮਾਰਾ*। ਕ੍ਰਿਪਾ ਧਾਰਿ ਅਬ ਦੇਹੁ ਜਿਵਾਰਾ। ਜਾਨਿ ਬੂਝ ਇਹ ਭਯੋ ਅਜਾਨਾ। ਪ੍ਰੇਰ੍ਯੋ ਭੀਧ ਕੁਮਤਿ ਉਰਝਾਨਾ' ॥੮੦॥ਇਸ ਪ੍ਰਕਾਰ ਸੁਨਿਕੈ ਜਗਨਾਥਾ।ਬੋਲੇ ਬਚਨ ਸਭਿਨਿ ਕੇ ਸਾਥਾ। ਰਹ੍ਯੋ ਜੀਵਨਾ ਇਸ ਮ੍ਰਿਤੁ ਆਈ। ਨਹਿ ਕੈਸੇ ਹੂੰ ਹੋਤਿ ਬਚਾਈ ॥੮੧॥ ਇਸਕੋ ਮਾਰਿ ਗਾਢਿ ਬਹੁ ਹੋਈ†। ਨਹੀਂ ਉਬਾਰਿ ਸਕੈ

---

[1]ਚਾਹ ਨਾਲ ਨਹੀਂ ਮਿਲਿਆ। [2]ਭੁੱਲ [ਅ:, ਖ਼ਤਾ]। [3]ਚਾਰ ਪੁਰਸ਼ਾਂ ਨੇ। [4]ਮੰਜੇ। [5]ਕਸੂਰਵਾਰ, ਪਾਪੀ। *ਇਹ ਲੋਕਾਂ ਦਾ ਖ਼ਯਾਲ ਸੀ।

†ਗੁਰੂ ਜੀ ਦੱਸਦੇ ਹਨ ਕਿ ਇਸ ਨੂੰ ਕਰੜੀ ਮਾਰ ਹੋਈ ਹੈ, ਇਹ ਨਹੀਂ ਕਹਿੰਦੇ ਕਿ ਅਸਾਂ ਸ੍ਰਾਪ ਦਿੱਤਾ ਹੈ; ਮਾਰ ਉਪਰੋਂ ਹੋਈ ਹੈ, ਗੁਰ ਜੀ ਦੀ ਬੇਅਦਬੀ ਉੱਪਰਲੀ ਸ਼ਕਤੀ ਨੇ ਨਹੀਂ ਸਹਾਰੀ, ਮਾਰ ਉਸ ਸ਼ਕਤੀ ਵੱਲੋਂ ਹੈ। ਸਤਿਗੁਰੂ ਜੀ ਤਾਂ ਪ੍ਰੇਮ ਅਵਤਾਰ ਜਗਤ ਦੇ ਸ੍ਰਾਪੇ ਤਾਰ ਰਹੇ ਹਨ, ਆਪ ਕਦ ਸ੍ਰਾਪ ਦੇਂਦੇ ਹਨ। ਧੁਰਾਂ ਦੀ ਮਾਰ ਹੋਣ ਕਰਕੇ ਕਹਿੰਦੇ ਹਨ—'ਨਹੀਂ ਉਬਾਰ ਸਕੈ ਅਬ ਕੋਈ'। ਆਪਣੇ ਮ੍ਰਿਦੁਲ ਸੁਭਾਵ ਮੂਜਬ ਤਾਂ ਫੇਰ ਵਰ ਅਗੇ ਹੀ ਦੇਂਦੇ ਹਨ ਕਿ ਦਸਮੇਂ ਜਾਮੇਂ ਪਾਰ ਉਤਾਰਾ ਹੋ ਜਾਏਗਾ।

Sri Satguru Jagjit Singh Ji eLibrary NamdhariElibrary@gmail.com

ਅਬ ਕੋਈ। ਅੰਤ ਸਮੇਂ ਜੋ ਦਰਸ਼ਨ ਪਾਵਾ। ਯਾਂਕੋ ਫਲ ਇਸ ਹੋਇ ਸਹਾਵਾ[੧] ॥ ੮੨ ॥ ਦਸਵਾਂ ਜਾਮਾ ਪਹਿਰਹਿੰ ਜਬਿਹੀ। ਜਨਮ ਮਰਨ ਤੇ ਗਤਿ ਦੈਂਤਬਿਹੀ॥ਤਬ ਲੌ ਜਨਮ ਧਰਹਿਗੋ ਏਹੀ॥ਸੂਕਰ ਸ਼ਸ਼ਾ ਮਿਰਗ ਕੀ ਦੇਹੀ' ॥ ੮੩ ॥ ਅਸ ਕਹਿ ਤੂਸ਼ਨਿ ਭੇ ਗੁਨਖਾਨੀ। ਬਹੁਰ ਨ ਕੈਸੇ ਬੋਲੇ ਬਾਨੀ। ਲੇ ਮੂਲੇ ਕੋ ਸਦਨ ਸਿਧਾਰੇ। ਬ੍ਰਿੰਦ ਲੋਕ ਗਮਨੇ ਸੰਗਾਰੇ ॥ ੮੪ ॥ ਜਬ ਘਰ ਬਿਖੈ ਉਤਾਰਾ ਜਾਏ। ਭਯੋ ਮ੍ਰਿਤੁ ਪੁਨ ਸ੍ਵਾਸ ਨ ਆਏ। ਮਿਲਿ ਨਾਰੀ ਬਹੁ ਰੋਦਨ ਕੀਨੋ। ਕਾਸ਼ਟ ਮੇਂ ਧਰਿ ਫੂਕ ਸੁ ਦੀਨੋ ॥ ੮੫ ॥ ਏਕ ਨਿਸਾ ਬਸਿਕੈ ਤਿਹ ਥਾਈਂ।ਬਹੁਰੋ ਕੀਨੋ ਗਮਨ ਗੁਸਾਈਂ।'ਚਲਿਗੇ' ਬਾਤ ਸੁਨੀ ਪੁਰਿ ਲੋਕਨ[੨]। ਦੌਰ ਮਿਲਤਿ ਭ ਸੋਚ ਬਿਮੋਚਨ[੩] ॥ ੮੬ ॥ ਚਰਨ ਕਮਲ ਗਿਰ ਗਹਿ ਗੁਰ ਕਹੀਏ[੪]। 'ਹਮਨ ਉਧਾਰਨ ਤੁਮ ਕੋ ਚਹੀਏ'। [੫]"ਧਰਮਸਾਲ ਇਹਥਲ ਬਨਿਵਾਵਹੁ।ਪੰਚਾਮ੍ਰਿਤ ਕਰਿ ਨੁਤਿਫਲ ਪਾਵਹੁ[੬]" ॥ ੮੭ ॥ ਪਗ ਪਾਹੁਲ ਦੇਕਰਿ ਵਿਦ ਗਮਨੇ[੭]। ਅਬ ਗੁਰਦ੍ਵਾਰ ਬਨਾ ਤਿਹ ਭਵਨੇ[੮]। ਹੁਕਮ ਮਾਨਿ ਦਰਬਾਰ ਬਨਾਯੋ।ਅਬ ਲਗ ਜ਼ਾਹਰ ਜਗਤ ਸੁਹਾਯੋ॥੮੮॥ ਪੂਜਨ ਕਰਿ ਫਲ ਪਾਵਤਿ ਲੋਕੀ। ਅਬ ਲਗ ਪ੍ਰਗਟ ਬੇਰ ਪਤਿ ਲੋਕੀ[੯]*। ਸੁਨਿਕੈ ਸ੍ਰੋਤਨ ਪ੍ਰਸ਼ਨ ਸੁ ਕੀਨਾ। 'ਮੂਲਾ ਕਿਸ ਬਿਧਿ ਬੰਧਨ ਹੀਨਾ[੧੦]' ॥੮੯॥ ਜਿਸ ਪ੍ਰਕਾਰ ਪਾਈ ਗਤਿ ਤਾਂਹੀ। ਸਭਿ ਪਰਸੰਗ ਕਹਉ ਹਮ ਪਾਹੀ'।ਕਵਿ ਭਾਖਤੇ:,–ਸੁਨੀਐ ਮਤਿਵੰਤੇ!। ਮੂਲੇ ਕੋ ਆਗਲ ਬਿਰਤੰਤੇ ॥ ੯੦ ॥ ਦੋਹਰਾ ॥ ਪਾਤਿਸ਼ਾਹ ਦਸਵੇਂ ਗੁਰੂ ਸਿੱਖਨ ਕੋ ਸੁਖ-ਦਾਇ। ਦੇਗ਼ ਤੇਗ਼ ਕੇ ਬਡ ਧਨੀ ਮਹਿਮਾ ਕਹੀ ਨ ਜਾਇ ॥੯੧॥ਚੌਪਈ॥ ਸ੍ਰੀ ਗੋਬਿੰਦ ਸਿੰਘ ਰੁਚਿਰ ਬਿਸ਼ਾਲਾ। ਜਬਹੀ ਬੈਠੇ ਤਖ਼ਤ ਕ੍ਰਿਪਾਲਾ। ਸੰਗਤਿ ਕੋ ਉਧਾਰ ਬਹੁ ਕਰਿਹੀਂ।ਪ੍ਰਬਲ ਤੇਜ ਦੁਸ਼ਟਨ ਕੋ ਹਰਿਹੀਂ ॥੯੨॥

[੧]ਸਹਾਈ। [੨]'ਚਲੇ ਗਏ' (ਇਹ) ਬਾਤ ਸੁਣੀ ਸ਼ਹਿਰ ਦੇ ਲੋਕਾਂ ਨੇ। [੩]ਭਾਵ ਗੁਰੂ ਜੀ ਨੂੰ। [੪]ਡਿੱਗਕੇ ਤੇ ਚਰਨ ਕਮਲ ਫੜਕੇ ਗੁਰੂ ਜੀ ਨੂੰ ਕਹਿਆ। [੫]ਗੁਰੂ ਜੀ ਬੋਲੇ। [੬]ਕੜਾਹ ਪ੍ਰਸ਼ਾਦ (ਤੇ) ਕੀਰਤਨ ਕਰੇ (ਤਾਂ) ਫਲ ਪਾਵੇ [ਸੰਸ: ਨੁਤਿ=ਸਤੁਤੀ, ਪੂਜਾ, ਭਾਵ ਕੀਰਤਨ]। [੭]ਵਿਦਾ ਹੋਕੇ ਗਏ। [੮]ਤਿਸ ਥਾਵੇਂ। [੯](ਤ੍ਰੈ) ਲੋਕ ਪਤੀ (ਗੁਰੂ ਜੀ ਦੀ) ਬੇਰ। [੧੦]ਮੁਕਤ ਹੋਇਆ ਸੀ।

*ਸਿਆਲਕੋਟ ਸ਼ਹਿਰ ਤੋਂ ਥੋੜੀ ਹੀ ਦੂਰ ਇਹ ਬੇਰ ਸਾਹਿਬ ਤੇ ਗੁਰਦੁਆਰਾ ਮੌਜੂਦ ਹੈ, ਸਤਿਸੰਗ ਹੁੰਦਾ ਹੈ, ਹਮਜ਼ਾ ਗੌਸ ਦਾ ਗੁੰਬਦ ਭੀ ਗੁਰਦੁਆਰੇ ਤੋਂ ਦੱਖਣ ਵੱਲ ਹੈ, ਜਿਸ ਫ਼ਕੀਰ ਦੀ ਭੁੱਲ ਸਤਿਗੁਰਾਂ ਨੇ ਦੂਰ ਕੀਤੀ ਸੀ।

Sri Satguru Jagjit Singh Ji eLibrary NamdhariElibrary@gmail.com

ਏਕ ਬੈਸ਼ਨੋ ਸੁਨੀ ਪ੍ਰਸ਼ੰਸਾ[1]। 'ਗੁਰੂ ਬਡੇ ਸੋਢਿਨ[2] ਅਵਤੰਸਾ[3]। ਸ੍ਰੀ ਨਾਨਕ ਸਥਾਨ ਸੋ ਬੈਸਾ। ਕਰਤਿ ਉਧਾਰ ਦੇਤਿ ਉਪਦੇਸ਼ਾ॥੯੩॥ ਬਹੁ ਬਿਬੇਕਨਿਧਿ ਸੰਤ ਸਰੂਪਾ'। ਅਸ ਜਬ ਮਹਿਮਾ ਸੁਨੀ ਅਨੂਪਾ। ਦਰਸ ਹੇਤ ਚਲਿਕਰਿ ਸੋ ਆਵਾ। ਅਵਲੋਕਨ ਅਚਾਰ[4] ਲਲਚਾਵਾ॥ ੯੪ ॥ ਗਏ ਅਖੇਰ[5] ਗੁਰੂ ਤਿਹ ਕਾਲਾ। ਸ਼ਸਤ੍ਰ ਸਜਾਇ ਸੁ ਬਾਹੁ ਬਿਸਾਲਾ। ਬੂਝੇ ਮਨੁਜ[6] ਬੈਸ਼ਨੋ ਜਾਈ। 'ਸ੍ਰੀ ਬਿਬੇਕਨਿਧਿ ਹੈਂ ਕਿਹ ਥਾਈਂ?॥੯੫॥ ਦਰਸ਼ਨ ਕਰਨ ਮੋਰਿ ਅਭਿ-ਲਾਖਾ'। ਸੁਨਿਕੈ ਇਕ ਸਿਖ ਤਿਹਸੋਂ ਭਾਖਾ। 'ਸ੍ਰੀਗੁਰ ਅਬਹੀ ਤੇਹਿ ਅਗਾਰੀ। ਗਏ ਸ਼ਿਕਾਰ ਉਜਾਰ ਮਝਾਰੀ' ॥ ੯੬ ॥ ਇਉਂ ਸੁਨਿ ਤਰਕਤਿ ਭਾ ਮਨ ਮਾਂਹੀ।—ਕਰਨ ਉਧਾਰ ਉਚਿਤ ਇਹ ਨਾਂਹੀ[7]। ਦਯਾਹੀਨ ਜੋ ਜੀਵਨ[8] ਮਾਰੈ। ਸੋ ਕੈਸੇ ਕੈ ਜਗਤ ਉਧਾਰੈ?॥੯੭॥ ਤੱਦਨਪਿ ਮੈਂ ਆਯੋ ਅਬ ਚਲਿਕੈ। ਜਾਉਂ ਸਦਨ ਇਕ ਵਾਰੀ ਮਿਲਿਕੈ—। ਅਸ ਵਿਚਾਰਕਰਿ ਢਹਿਰ ਪਧਾਰਾ। 'ਜਿਹ ਮਗ ਗਮਨੇ ਮੋਖ ਉਦਾਰਾ॥੯੮॥ ਕਰਤਿ ਅਖੇਰਬ੍ਰਿੱਤਿ ਤਿਹਕਾਲਾ। ਜਾਇ ਬਿਲੋਕੇ ਦੀਨ ਦਿਆਲਾ। ਨਿਕਸਿ ਸਸਾ[9] ਇਕ ਚਲਨੋ ਅਗਾਰੀ। ਛੋਡਨੋ ਤਾਂਕੇ ਬਾਜ ਪਿਛਾਰੀ ॥ ੯੯ ॥ ਚੁੰਚ ਚਪੇਟ[10] ਸਾਥ ਤਿਹ ਗੇਰਾ। ਬਿਗਸੇ ਪ੍ਰਭੁ ਤਮਾਸ਼ੋ ਹੇਰਾ। ਦੇਖਿ ਬੈਸ਼ਨੋ ਬਹੁ ਪਛੁਤਾਵਾ।—ਮੈਂ ਕਾਹੇ ਇਨ ਢਿਗ ਚਲਿਆਵਾ॥੧੦੦॥ ਤਰਫਤਿ[11]* ਜੀਵ ਕੁ ਹੇਰਿ ਬਿਕਾਸ਼ੇ[12]। ਕਹਾਂ ਮੁਕਤਿ ਹੋਵੈ ਇਨ ਪਾਸੇ—। ਤਿਹ ਮਨ ਕੀ ਲਖਿਕੈ ਜਗਨਾਥਾ। ਸਸੇ ਸੰਗਿ ਛੁਹਾਯੋ ਨਿਜ ਹਾਥਾ ॥ ੧੦੧ ॥ ਤਤਛਿਨ ਭਯੋ ਸੁ ਦੇਵ ਸਰੂਪਾ। ਭੂਖਨ ਅੰਗਨ ਚੀਰ ਅਨੂਪਾ। ਬਨੀ ਸੁਚਿਰਤਾ ਕਾਮ ਲਜਾਵਾ। ਉਸਤਤਿ ਕਰਿਕੈ ਊਰਧ[13] ਸਿਧਾਵਾ॥੧੦੨॥ ਜਬ ਇਹ ਚਰਿਤ ਬੈਸ਼ਨਵ ਦੇਖਾ। ਉਰ ਮਹਿ ਸ਼ਰਧਾ ਬਧੀ ਵਿਸ਼ੇਖਾ। ਪਦ ਅਰਬਿੰਦ ਦੌਰਿ ਲਪਟਾਵਾ। ਅਧਿਕ ਪ੍ਰੇਮ ਸੋਂ ਹਿਰਦਾ ਛਾਵਾ ॥੧੦੩॥ ਡੇਰੇ ਜਾਇ ਬੂਝਨੋ ਕੀਨਾ। 'ਕੌਨ ਹੁਤੋ ਜੁ ਕਿਯੋ ਬੰਧਹੀਨਾ?'। ਤਿਹ ਛਿਨ ਮੂਲੋ ਕੋ ਜੁ ਪ੍ਰਸੰਗਾ। ਗੁਰੂ ਸੁਨਾਇ ਦੀਨ ਤਿਹ ਸੰਗਾ॥੧੦੪॥ ਇਸ ਪ੍ਰਕਾਰ ਸੁਨਿ ਪਿਖਿ ਸ਼ੁਭ ਰੀਤੀ। ਭਯੋ ਸਿੱਖ ਗੁਰ ਕੋ

---

[1]ਉਸਤਤੀ। [2]ਸੋਢੀਆਂ (ਦੀ ਕੁਲ) ਦੇ। [3]ਭੂਸ਼ਣ। [4]ਕਰਤੱਵ੍ਯ। [5]ਸ਼ਿਕਾਰ। [6]ਮਨੁੱਖਾਂ ਨੂੰ। [7]ਮੁਕਤੀ ਦੇਣ ਦੀ ਸਮਰੱਥਾ ਵਾਲੇ ਇਹ ਨਹੀਂ ਹੋ ਸਕਦੇ। [8]ਜੀਵਾਂ ਨੂੰ। [9]ਸਹਿਆ। [10]ਚੁੰਝ ਦੀ ਮਾਰ। [11]ਤੜਫਦੇ। [12]ਪ੍ਰਸੰਨ ਹੋ ਰਹੇ ਹਨ। [13]ਉੱਪਰ ਨੂੰ।

*ਪਾ:—ਤਰਸਤ=ਤ੍ਰਸਦੇ, ਦੁਖੀ ਹੁੰਦੇ।

Sri Satguru Jagjit Singh Ji eLibrary NamdhariElibrary@gmail.com

ਯੁਤਪ੍ਰੀਤੀ॥ਇਉਂ ਮੂਲੇ ਨੇ ਸ਼ੁਭ ਗਤਿ ਪਾਈ।ਕਵਿ ਬਰਨਨਿ ਕਰਿ ਸਰਬ ਸੁਨਾਈ॥੧੦੫॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਬਾਲ ਗੁੰਦਾਈ, ਮੂਲੇ ਕੋ ਪ੍ਰਸੰਗ' ਬਰਨਨੰ ਨਾਮ ਅਠੱਤੀਸਮੋ ਅਧਯਾਯ ॥ ੩੮ ॥

੩੯. [ਪੜ੍ਹਨ, ਸੁਣਨ, ਪ੍ਰੇਮ ਮਹਿਮਾ। ਕਰਤਾਰ ਪੁਰ ਨਿਵਾਸ, ਸ਼ਿਵਰਾਤ੍ਰੀ ਨੂੰ ਅਚਲ ਪਰ ਸਿੱਧਾਂ ਨਾਲ ਗੋਸ਼ਟ ਆਦਿ।]

ਦੋਹਰਾ ॥ ਪਠਨ ਸੁਨਨਿ ਕਰਿ ਛੀਰ ਸਮ ਪ੍ਰੇਮ ਸਮਾਇਨ ਪਾਇ।
ਲਖਨੋ ਸਹਿਜ ਸਰੂਪ ਕੋ ਚਖ ਮਾਖਨ ਸੁਖਦਾਇ ॥ ੧ ॥

{ ਛੀਰ=ਦੁੱਧ [ਸੰਸ:, ਕ੍ਸ਼ੀਰ] ਸਮਾਇਨ=ਜਾਗ ।
ਲਖਨੋ=ਲਖ ਲੈਣਾ, ਲਖਤਾ, ਪਹਿਚਾਣ, ਸਿਆਣ। [ਸੰਸ:, ਲਕ੍ਸ਼] }

ਅਰਥ—ਪੜ੍ਹਨ (ਤੇ) ਸੁਣਨ ਨੂੰ ਦੁੱਧ ਦੇ ਬਰਾਬਰ (ਸਮਝ) ਲੈ (ਉਸ ਵਿਚ) ਪ੍ਰੇਮ ਰੂਪੀ ਜਾਗ ਲਗਾ ਦੇ, (ਨਾਮ ਦਾ ਰਿੜਕਨਾ ਕਰਕੇ) ਸਹਿਜ ਸਰੂਪ ਦੀ ਲੱਖਤਾ (ਰੂਪੀ) ਸੁਖਦਾਈ ਮੱਖਣ ਨੂੰ (ਫੇਰ) ਚੱਖ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ਼੍ਰੀ ਅੰਗਦ ਸੁਨਿ ਕਥਾ ਮਹਾਨੀ। ਕੀਨ ਪਧਾਨੋ ਪੁਨ ਗੁਨਖਾਨੀ। ਸ਼੍ਰੀ ਕਰਤਾਰਪੁਰੇ ਚਲਿ ਆਏ। ਬੰਦਨ ਕਰਹਿਂ ਸਿੱਖ ਹਰਖਾਏ॥੨॥ ਦੋਨੋ ਸੁਤ ਪਾਇਨ ਪਰ ਪਰੇ।ਦੇਖਿ ਪਿਤਾ ਸੋ ਆਨੰਦ ਭਰੇ।ਸਭਿਨਿ ਕੀਨਿ ਉਤਸਾਹੁ ਬਿਸ਼ਾਲਾ।ਪੰਚਾਮ੍ਰਿਤ ਬਹੁ ਕਿਯ ਤਤਕਾਲਾ ॥ ੩ ॥ ਕਰਿ ਅਰਦਾਸ ਬਾਂਟਿ ਸਭਿ ਤਾਈਂ। ਕਿਰਤਨ ਕੀ ਘਨਘੋਰ[1] ਲਗਾਈ। ਜਹਿਂ ਜਹਿਂ ਸਿੱਖ ਹੁਤੇ ਸੁਨਿ ਆਏ। ਦਰਸ਼ਨ ਕਰਿ ਬਾਂਛਤਿ ਫਲ ਪਾਏ॥੪॥ਰਹਿਨ ਲਗੇ ਪੁਨਿ ਪੁਰਿਕਰਤਾਰਾ। ਸਿਮਰਨ ਨਾਮ ਜਗਤ ਬਿਸਤਾਰਾ। ਦਿਨ ਪ੍ਰਤਿ ਦੂਨ ਚਉਨ* ਬਿਸ਼ਾਲਾ। ਪਸਰੀ ਕੀਰਤਿ ਕਰਤਿ ਉਜਾਲਾ ॥੫॥ ਦਸ ਦਿਸ਼ ਜੀਤੀ, ਤੇਜ ਸਵਾਇਆ। ਸੱਤਿਨਾਮ ਕਾ ਚੱਕ੍ਰ ਫਿਰਾਇਆ। ਪੀਰ ਅਮੀਰ ਜਗਤ ਮਹਿ ਜੋਈ। ਪਦ ਅਰਬਿੰਦ ਨਿਵਾਏ ਤੇਈ॥ ੬ ॥ ਪੰਡਿਤ ਔਰ ਪਖੰਡੀ ਗਯਾਨੀ। ਬਿੱਦਯਾ ਬੋਤੇ[2] ਜੋ ਅਭਿ-ਮਾਨੀ। ਕਰਾਮਾਤ ਯੁਤ ਆਪ ਜਨਾਇਆ[3]। ਤਿਨ ਸਭਿ ਉਪਰ ਪ੍ਰਭੁ ਜਸੁ ਛਾਇਆ ॥੭॥ ਜੇਊ ਸਿੱਧ ਗੋਰਖ ਸੰਗਾਰੇ[4]। ਚਰਚਾ ਕਰਤਿ ਸਰਬ ਤੇ[5] ਹਾਰੇ।ਕਲਾ ਦਿਖਾਇ ਰਹੇ ਪਚਿਹਾਰੀ[6]।ਚਲੀ ਨ ਕੁਛ ਤੇ ਲੱਜਿਤਿ ਭਾਰੇ॥

[1]ਉੱਚੀ ਤੇ ਮਸਤ ਅਵਾਜ਼ ਬਦਲਾਂ ਦੀ ਅਵਾਜ਼ ਵਰਗੀ। [2]ਪੜ੍ਹੇ ਹੋਏ। [3]ਜਿਨ੍ਹਾਂ ਨੇ ਕਰਾਮਾਤ ਨਾਲ ਆਪਾ ਜਣਾ ਲਿਆ ਸੀ। [4]ਸਣੇ। [5]ਉਹ ਸਾਰੇ। [6]ਥੱਕ ਰਹੇ।

*ਪਾ:—ਦੂਨੋ ਚਉਨ।

Sri Satguru Jagjit Singh Ji eLibrary NamdhariElibrary@gmail.com

੯ ॥ ਤਦਪਿ ਹੰਕਾਰ ਨ ਛੋਡਯੋ ਮਨ ਕੋ । ਜਗ ਮਨਤਾ ਬਡ ਗਰਬ ਸੁ ਜਿਨ ਕੋ । ਤਿਨ ਪੁਨ ਮਾਨ ਭੰਜਨੇ ਹੇਤਾ[1] । ਚਹਤਿ ਰਹਤਿ ਬੇਦੀ ਕੁਲ-ਕੇਤਾ॥੯॥ ਭੇਖ ਫਕੀਰੀ ਤਜਯੋ ਸਰੀਰਾ । ਸੰਸਾਰੀ ਪਹਿਰੇ ਪੁਨਿ ਚੀਰਾ* । ਕ੍ਰਿਖੀ[2] ਕਰਾਵਨ ਲਗੇ ਬਿਸ਼ਾਲਾ । ਦੇਗ[3] ਚਲਾਵਹਿ ਪਰਮ ਕ੍ਰਿਪਾਲਾ ॥ ੧੦॥ਦਰਸ਼ਨ ਕਰਨ ਹੇਤ ਸਿਖ ਆਵਹਿਂ।ਕਿਤਿਕ ਰਹਹਿਂ, ਘਰਿ ਕਿਤਿਕ ਸਿਧਾਵਹਿਂ। ਸਵਾ ਜਾਮ[4] ਨਿਸ ਰਹੇ ਸਦਾਈ । ਹੋਤਿ ਕੀਰਤਨ ਸਭਿ ਸੁਖ-ਦਾਈ ॥੧੧॥ 'ਸੱਤਿਨਾਮ ਕੋ ਸਿਮਰਨ ਕਰਨਾ' । ਇਹ ਉਪਦੇਸ਼ ਸਰਬ ਪ੍ਰਤਿ ਬਰਨਾ[5] । 'ਨੀਚ ਕਿ ਊਚ ਰਾਇ ਕੈ ਰੰਕਾ[6] । ਸਿਮਰੇ ਤੇ ਜਮ ਜਾਇ ਅਤੰਕਾ[7] ॥ ੧੨॥ ਸ਼ੁੱਧ ਅਸ਼ੁੱਧ[8] ਜਪੈ ਜੇ ਕੋਈ । ਮਨ ਬਿਕਾਰ ਤੇ ਨਿਰਮਲ ਹੋਈ।ਪ੍ਰਾਪਤਿ ਗਯਾਨ ਬੰਧ ਸਭਿ ਖੋਇ। ਇਹ ਸਮ ਨਹਿਂ ਸੁਖੈਨ ਕਲਿ[9] ਕੋਇ'॥੧੩॥ ਸੁਨਿ ਉਪਦੇਸ਼ ਸਿੱਖ ਵਡਭਾਗੀ । ਭਗਤਿ ਪ੍ਰੇਮ ਰੰਗੇ ਲਿਵਲਾਗੀ । ਮੁਕਤਿ ਉਚਿਤ ਭੇ ਮਨੁਜ ਅਨੇਕਾ । ਰਹੇ ਅਲੇਪ ਸੁ ਪਾਇ ਬਿਬੇਕਾ[10] ॥ ੧੪॥ ਦੋਹਰਾ ॥ ਨਿਜ ਪੁਰਿ ਸੁਨਿ[11] ਝਟ ਆਤਿ ਭਾ[12] ਨਾਮ ਅਜਿੱਤਾ ਜਾਸ । ਜਗਤੇਸੁਰ ਪਦ ਕਮਲ ਕੋ ਭ੍ਰਮਰ[13] ਕੀਨ ਮਨ ਜਾਸ ॥ ੧੫॥ ਚੌਪਈ ॥ ਕਿਤਿਕ ਦਿਵਸ ਤਹਿ ਰਹਤਿ ਗੁਜ਼ਾਰੇ । ਬੰਧ ਅਨੇਕਨ ਕੇ ਨਿਰਵਾਰੇ।ਬਹੁਰ ਸਮਾਂ ਆਯੋ ਸ਼ਿਵਰਾਤੀ । ਮੇਲਾ ਅਰਲ ਹੋਤਿ ਭਲਿ ਭਾਂਤੀ ॥੧੬॥ਸਰਬ ਸਿੱਧ ਤਹਿਂ ਆਸਨ ਲਾਇ।ਬੈਠਹਿ ਜਥ, ਪੂਜਹਿ ਨਰ ਆਇ ।

---

[1]ਤੋੜਨ ਵਾਸਤੇ । [2]ਖੇਤੀ । [3]ਲੰਗਰ । [4]ਸਵਾ ਪਹਿਰ । [5]ਕਹਿਆ । [6]ਰਾਜਾ ਭਾਵੇਂ ਕੰਗਾਲ । [7]ਜਮ ਦਾ ਡਰ ਜਾਂਦਾ ਰਹਿੰਦਾ ਹੈ । [8]ਸ਼ੁਧ (ਸਰੀਰ ਅਥਵਾ ਮਨ ਨਾਲ, ਚਾਹੇ) ਅਸ਼ੁਧ ਨਾਲ । [9]ਕਲਜੁਗ ਵਿਚ । [10]ਗਯਾਨ । [11]ਆਪਣੇ ਪਿੰਡ (ਵਿਚ ਆਏ) ਸੁਣਕੇ। [12]ਆਇਆ। [13]ਭੌਰਾ।

*ਇਹ ਗੁਰੂ ਜੀ ਦੇ ਜੀਵਨ ਦਾ ਜੋ ਸਚ ਨਾਲ ਪਿਆਰ ਸੀ ਅਰ ਕਿਸੇ ਹੀ ਬਨਾਵਟ ਨਾਲ ਨਹੀਂ ਬੱਜਦੇ ਸਨ ਉਸ ਦੀ ਮਹਾਨ ਸ਼ਾਨਦਾਰ ਮਿਸਾਲ ਹੈ, ਦਿਨੇਂ ਫਿਰ ਫਕੀਰੀ ਲਿਬਾਸ ਨਾਨਾ ਤਰ੍ਹਾਂ ਦੇ ਪਹਿਨਕੇ ਦਿਲੀ ਸ਼ਰਮ ਹੀ ਆਦਮੀ ਨੂੰ ਖਾ ਜਾਂਦੀ ਹੈ ਕਿ ਮੁੜ ਕਿਵੇਂ ਸੰਸਾਰੀ ਕਪੜੇ ਪਹਿਨੇ, ਪਰ ਸੱਚ ਦਾ ਅਵਤਾਰ ਸੂਰਜ ਹੈ ਸੋ ਨਿੱਤ ਹੀ ਪ੍ਰਕਾਸ਼ਮਾਨ ਹੈ । ਜਿਵੇਂ ਨਾਨਾ ਤਰ੍ਹਾਂ ਦੇ ਭੇਖ ਬਦਲਦੇ ਦੇਰ ਨਹੀਂ ਸੀ ਲਗਦੀ ਤਿਵੇਂ ਮੁੜ ਸੰਸਾਰੀ ਬਾਣਾ ਕਰਦੇ ਕੋਈ ਸੰਕੋਚ, ਲੋਕ ਲਾਜ ਨਹੀਂ ਪਈ । ਜਗਤ ਨੂੰ ਗ੍ਰਿਹਸਤ ਵਿਚ ਉਦਾਸ ਦਾ ਸਬਕ ਦੇਣਾ ਹੈ ਇਸ ਵਾਸਤੇ ਪਹਿਲੇ ਆਪ 'ਗ੍ਰਿਹਸਤ ਉਦਾਸ' ਰੂਪ ਲੀਤਾ ਹੈ । ਫਿਰ ਕਿਰਤ ਕਰਕੇ ਖਾਣਾ ਸਿਖਾਲਿਆ ਹੈ, ਸੋ ਖੇਤੀ ਆਪ ਸ਼ੁਰੂ ਕਰ ਦਿੱਤੀ, ਫਿਰ ਨਾਮ ਤੇ ਕੀਰਤਨ ਦੀ ਜਾਚ ਸਿਖਾਈ।

Sri Satguru Jagjit Singh Ji eLibrary NamdhariElibrary@gmail.com

ਤਿਹ ਦਿਨ ਮਨਤਾ[1] ਹੋਤਿ ਬਧੇਰੀ। ਭੇਟ ਚਢਾਵਹਿਂ ਆਨਿ ਘਨੇਰੀ॥੧੭॥
ਸਿੱਧਨ ਮੇਲਾ ਲਖਿ ਜਗਨਾਥਾ। ਗਮਨ ਕੀਨ ਕਛੁ ਸਿਖ ਲੇ ਸਾਥਾ।
ਤਿਹ ਛਿਨ ਹੋਤਿ ਅਜਿੱਤਾ ਪਾਸੂ। ਸੋ ਭੀ ਗਯੋ ਸੰਗ ਸੁਖਰਾਸੂ ॥ ੧੮ ॥
ਪਹੁੰਚੇ ਤਹਾਂ ਜਾਇ ਕਿਯ ਡੇਰਾ। ਭੀ ਰਜਨੀ ਅਤਿ ਅਧਿਕ ਅੰਧੇਰਾ।
ਤਿਹ ਛਿਨਿ ਬਡੀ ਅੰਧੇਰੀ ਆਈ। ਜਿਹ ਬਹੁ ਕੰਕਰ ਧੂੜ ਉਡਾਈ ॥
੧੯ ॥ ਕਰਕਾ[2] ਕੀ ਬਹੁ ਬਰਖਾ ਬਰਖੀ। ਕਰਕੀ ਤੜਿਤ[3] ਨਰਨ ਧ੍ਰਿਤ
ਧਰਖੀ[4]। ਪੱਤ੍ਰੀ ਪਰ ਪੱਤ੍ਰੀ ਜੇ ਵਾਸਾ[5]। ਭਯੋ ਸਮੈਂ ਤਿਹ ਸਭਿਕੋ ਨਾਸ਼॥੨੦॥
ਬਹੁਰੋ ਭੋਰ ਜਬੈ ਹੁਇ ਆਈ। ਮੇਲਾ ਬਹੁਤ ਭਯੋ ਇਕਠਾਈ। ਊਚੇ ਇਕ
ਬਿਲੋਕਿ ਸ਼ੁਭ ਥਾਨਾ। ਤਹਾਂ ਬੈਠਿਗੇ ਕ੍ਰਿਪਾ ਨਿਧਾਨਾ ॥੨੧॥ ਗੁਰ ਆਗਮਨ
ਸੁਨਹਿ ਨਰ ਜੋਈ। ਦੌਰਿ ਦੌਰਿ ਦਰਸਹਿ ਸਭਿ ਕੋਈ। ਜਿਤੀ ਭੇਟ ਸਿੱਧਨ
ਕੀ ਆਨੀ[6]। ਸਰਬ ਸਮਰਪਹਿ ਸ੍ਰੀ ਗੁਨਖਾਨੀ ॥੨੨॥ ਅਤਿਸ਼ੈ ਭੀਰ ਭਈ
ਪ੍ਰਭੁ ਪਾਸੂ। ਫਲ ਕੋ ਬੰਛਿ[7] ਕਰਹਿਂ ਅਰਦਾਸੂ। ਖਰੇ ਹੋਨਿਕੋ ਥਾਇ ਨ
ਪਾਵਹਿ। ਬਦਨ ਬਿਲੋਕਹਿ ਉਰ ਹਰਖਾਵਹਿ ॥੨੩॥ ਨਰ ਨਾਰੀ ਬਹੁ ਭੇਟ
ਚੜ੍ਹਾਇ। ਬੰਦਹਿ ਦੂਰਹਿ ਤੇ ਸਿਰ ਨਾਇ। ਦਰਸ਼ਨ ਕਰਤਿ ਨ ਤ੍ਰਿਪਤਹਿ
ਕੈਸੇ। ਬ੍ਰਿੰਦ ਚਕੋਰ ਚੰਦ੍ਰਮਾ ਜੈਸੇ॥ ੨੪ ॥ ਪਾਇਨ ਪਾਸ[8] ਉਪਾਇਨ
ਭੂਰੀ। ਭਈ ਅਨੇਕ ਬਿਧਿਨਿ ਕੀ ਰੂਰੀ। ਕੋਇ ਨ ਗਮਨਨੈ ਸਿੱਧਨ ਪਾਸੂ।
ਬੈਠੇ ਦੇਖਤਿ ਮਿਟਨੇ ਹੁਲਾਸੂ ॥ ੨੫ ॥ ਮਨਤਾ ਤੇ ਨਿਰਾਸ ਮਨ ਮਾਂਹੀ।
ਏਕ ਉਪਾਇਨ ਪਹੁੰਚੀ ਨਾਂਹੀ। ਮਨ ਖੁਨਸਾਇ ਸੰਗ ਬਹੁ ਧਾਰਾ। ਹੋਇ
ਏਕਠਾਂ ਮਤੋ[9] ਬਿਚਾਰਾ॥੨੬॥'ਅਬ ਤੋ ਪੂਜਾ ਹਟੀ ਹਮਾਰੀ। ਜੇ ਨ ਕਰਹੁ
ਇਸ ਕੋ ਉਪਚਾਰੀ[10]। ਲੋਕ ਨ ਮਾਨਹਿਂਗੇ ਕਿਸ ਤੋਰਾ। ਜੇ ਨ ਕਰਹਿ ਮਿਲਿ
ਕੈ ਇਸ ਹੋਰਾ ॥੨੭॥ ਅਬ ਮੇਲਾ ਹੈ ਪੂਰਨ ਭਾਰੀ। ਇਸੇ ਲਜਾਵਹੁ[11] ਕਿਸੁ
ਪ੍ਰਕਾਰੀ। ਸ਼ਕਤਿ ਦਿਖਾਵਹੁ ਚਰਚਾ ਕਰੀਏ। ਨਰਨ ਹਜ਼ੂਰ ਗਰਬ ਪਰ-
ਹਰੀਏ ॥੨੮॥ ਇਸ ਪ੍ਰਕਾਰ ਜਬਿ ਹੀ ਭ੍ਰਮ ਕਰਿਹੋ। ਤੌ ਮਨਤਾ ਇੱਛਾ[12]
ਉਰ ਧਰਿ ਹੋ। ਨਤੁਰ[13] ਨਿਰਾਸ ਹੋਇ ਅਬ ਜਾਵਹੁ। ਆਇ ਨ ਬਹੁਰੋ

[1]ਪੂਜਾ। [2]ਗੜਿਆਂ। [3]ਕੜਕੀ ਬਿਜਲੀ। [4]ਧੀਰਜ ਡੋਲਿਆ। [5]ਬ੍ਰਿਛਾਂ ਉੱਪਰ ਪੰਛੀ ਜੋ ਵਸਦੇ ਸਨ। [ਸੰਸ:,ਪਤ੍ਰੀ=ਪੰਛੀ, ਬ੍ਰਿਛ] [6]ਜਿੰਨੀ ਭੇਟਾ ਸਿੱਧਾਂ ਵਾਸਤੇ ਲਿਆਂਦੀ ਸਾਨੇ। [7](ਮਨ ਦੀ ਮੁਰਾਦ ਸਿਰੇ ਚੜ੍ਹਨ ਰੂਪੀ) ਫਲ ਦੀ ਚਾਹਨਾ ਕਰਕੇ। [8]ਗੁਰੂ ਜੀ ਦੇ ਚਰਨਾਂ ਕੋਲ। [9]ਸਲਾਹ। [10]ਜਤਨ। [11]ਸ਼ਰਮਿੰਦਾ ਕਰੋ। [12]ਪੂਜਾ ਦੀ ਇੱਛਾ। [13]ਨਹੀਂ ਤਾਂ।

Sri Satguru Jagjit Singh Ji eLibrary NamdhariElibrary@gmail.com

ਆਸਨ ਲਾਵਹੁ[1]॥੨੯॥ਮਤੋ ਸੁਨਤਿ ਅਸ ਮੰਗਲਨਾਥ॥ਸੀਖ ਦੇਨਿਬੋਲਨੈ ਸਭਿ ਸਾਥ। 'ਪੂਰਬ ਤੁਮ ਚਰਚਾ ਕਰਿ ਹਾਰੇ। ਅਨਿਕ ਭਾਂਤਿਕੀ ਸ਼ਕਤਿ ਦਿਖਾਰੇ॥੩੦॥ਜਿਸੁਜਿਸੁ ਬਿਖੇਹੁਤੋ ਬਲ ਜੇਤ॥ਨਿਜਨਿਜ ਸਭਿਨਿਲਗਾਧੋ ਤੇਤ॥ ਹਾਰ ਪਰੇ ਮੁਖ ਬੋਲੇ ਨਾਂਹੀ। ਅਬ ਤੁਮ ਗਰਬਤਿ ਹੋ ਮਨ ਮਾਂਹੀ॥ ੩੧॥ ਹਠ ਕੋ ਕਰਹੁ ਲਾਜ ਕੋ ਖੋਈ। ਤੁਮਤੇ ਹੌਰਾ[2] ਹੋਇ ਨ ਸੋਈ। ਸੋ ਲੱਜਿਤਿ ਹੋਵਹਿ ਨਹਿ ਕੈਸੇ। ਤੁਮਕੋ ਜੀਤਹਿਗੋ ਬਿਧਿ ਤੈਸੇ॥੩੨॥ ਤੁਮ ਨਿਜ ਮਨਤਾ ਚਹਉ ਜਿ ਪਾਈ। ਸਰਬ ਗਰਬ ਨਿਜ ਦੇਹੁ ਨਸਾਈ। ਹੈ ਅਨੁਸਾਰਿ ਮਿਲਹੁ ਅਬ ਤਾਂਹੀ। ਪਾਵਉ ਜੋ ਕਿਛੁ ਚਹੁ ਮਨ ਮਾਂਹੀ'॥੩੩॥ ਸੁਨਿਕੇ ਭੰਗਰਨਾਥ ਖਿਝਾਵ॥ ਛੂਛੇ ਘਟ[3] ਜਿਉਂ ਬਦਨ ਅਲਾਵ॥'ਪੂਰਬ ਹੀ ਪੱਖੀ ਤਿਸਕੇਰਾ। ਕਰਤੋ ਰਹਯੋ ਵਿਪਰਜੈ[4] ਝੇਰਾ॥ ੩੪॥ ਅਪਨੋ ਪੰਥ ਛੋਡਿ ਤੈਂ ਦੀਨਾ। ਤਿਹ ਕੋ ਮਤੋ ਗ੍ਰਹਨ ਕਰਿ ਲੀਨਾ। ਕਿਸ ਬਿਧਿ ਤੇਰੋ ਕਹਯੋ ਨ ਮਾਨੈਂ।ਹਮ ਚਰਚਾ ਤਿਹ ਸੰਗ ਬਖਾਨੈਂ॥੩੫॥ ਤੁਝ ਦੇਖਤਿ ਹਮ ਲੇਵਹਿ ਜੀਤੀ॥ ਤੌ ਨਿਸ਼ਚੈ ਉਰ ਆਇ ਪ੍ਰਤੀਤੀ'।ਅਸ ਕਹਿ ਕਰਿ ਗਮਨੇ ਦਿਸ਼ਿਤਾਂਹੀ[5]। ਪ੍ਰਭੁ ਢਿਗ ਭੀਰ ਹੁਤੀ ਬਹੁ ਜਾਂਹੀ॥੩੬॥ ਕਰਤਿ ਭੁਗਤੀਏ[6] ਛੁਗਤ[7] ਪ੍ਰਕਾਰਾ। ਰਾਧਾ ਕਿਸ਼ਨ ਬੇਖ ਤਨ ਧਾਰਾ। ਕੌਤਕ ਹੋਵਹਿ ਗੁਰੂ ਅਗਾਰੀ*। ਪਿਖੈਂ ਤਮਾਸ਼ੇ ਬਹੁ ਨਰ ਨਾਰੀ॥੩੭॥ ਅਧਿਕ ਭੀਰ ਭੁਰਿ ਰਹੀ ਚੁਫੇਰੇ।ਖਰੇ ਹੋਨਿ ਕੋ ਥਾਉਂ ਨ ਹੇਰੇ।ਲਛਮੀ ਬਰਖ ਰਹੀ ਤਹਿਭਾਰੀ।ਸਰਬ

[1]ਫੇਰ ਆਕੇ ਆਸਨ ਨਾ ਲਾਓ। [2]ਹਲਕਾ, ਲੱਜਿਤ। [3]ਖਾਲੀ ਘੜੇ। [4]ਉਲਟਾ। [5]ਓਸ ਦਿਸ਼ਾ ਵਲ। [6]ਰਾਸ ਧਾਰੀਏ। [7]ਰਾਸ।

*ਇਹ ਰਾਸਧਾਰੀਆਂ ਦਾ ਮੇਲਿਆਂ ਤੇ ਜਾਕੇ ਰਾਸ-ਪਾਉਣਾ ਇਕ ਸੁਭਾਵਕ ਬਾਤ ਹੈਸੀ, ਜੋ ਸੁਤੰਤਰ ਅਪਨੀ ਮੌਜ ਨਾਲ ਪਾਉਂਦੇ ਸੇ, ਸਤਿਗੁਰੂ ਜੀ ਰਾਸ ਪ੍ਰੇਮੀ ਨਹੀਂ ਸੇ। ਰਾਸਾਂ ਬਾਬਤ ਗੁਰੂ ਜੀ ਦੇ ਅਪਣੇ ਸ੍ਰੀ ਮੁਖ ਵਾਕ ਵਚਨ ਆਸਾ ਦੀ ਵਾਰ ਵਿਚ ਐਉਂ ਹੈਨ:–

ਮਃ ੧ ॥ ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ੍ ਫੇਰਨਿ ਸਿਰਿ ॥
ਉਡਿ ਉਡਿ ਰਾਵਾ ਝਾਟੇ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ
ਕਾਰਣਿ ਪੂਰਹਿ ਤਾਲ । ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ
ਗਾਵਨਿ ਕਾਨ੍ਹ । ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰੁ ਸਚੁ
ਨਾਮੁ ॥ ਜਾਕਾ ਕੀਆ ਸਗਲ ਜਹਾਨੁ ॥ ਸੇਵਕ ਸੇਵਹਿ ਕਰਮਿ ਚੜਾਉ ॥
ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥ ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ

(ਬਾਕੀ ਸਫਾ ਦੇਖੋ ਅਗਲੇ ਪੰਨੇ ਦੇ ਹੇਠਾਂ)

Sri Satguru Jagjit Singh Ji eLibrary NamdhariElibrary@gmail.com

ਦੇਤਿ ਕਰਿ ਚਿੱਤ ਉਦਾਰੀ ॥੩੮॥ ਅਸ ਮਹਿਮਾ ਕੋ ਪਿਖਿ ਖੁਨਸਾਏ।ਜਰੀ ਨ ਜਾਇ[1], ਜਰੇ[2] ਪਛੁਤਾਏ। ਪਾਵਕ[3] ਜਿਸ ਪ੍ਰਕਾਰ ਘ੍ਰਿਤ ਪਰਸੇ।ਸਿੱਧਨ ਰਿਸ ਬ੍ਰਿੱਧੀ ਤਬ ਸਰਸੇ[4]* ॥ ੩੯ ॥ ਨਿਰਤਕ ਨਿਕਟ[5] ਜੁ ਲੋਟਾ ਹੋਈ। ਹੁਤੋ ਦਰਬ ਸੋਂ ਪੂਰਨ ਸੋਈ। ਭੰਗਰਨਾਥ ਗੁਪਤਿ ਤਬਹ੍ਵੈਕੈ।ਕਹੂੰਦੁਰਾਯੋ[6] ਲੋਟਾ ਲੈਕੈ॥੪੦॥ ਨ੍ਰਿਤਕ ਨਿਕਟਿ ਪਿਖਿਓ ਸੋ ਨਾਂਹੀ। ਬਿਸਰੀ ਭਗਤਿ[7] ਸੁਰਤਿ ਉਰ ਮਾਂਹੀ। ਕਹਿਨ ਲਗੇ'ਲੋਟਾ ਕਿਨ ਲੀਨਾ?'।ਖੋਜਤਿਭਏ ਰੌਰ ਬਡ ਕੀਨਾ॥੪੧॥ਸਿੱਧਨ ਮਤਸਰ[8]ਧਰਿ ਕਿਯ ਖਾਮੀ[9]–।ਸਰਬ ਜਾਨਿਕਰਿ ਅੰਤਰਯਾਮੀ[10]।–ਲੋਟਾ ਦ੍ਵੈ ਸਤ[11] ਕੋਸ ਪੁਚਾਯੋ। ਨਭ ਮੈਂ ਕਰਿਕੈ ਸ਼ਕਤਿ ਟਿਕਾਯੋ[12]–॥੪੨॥ਸ਼੍ਰੀ ਗੁਰ ਬਿਨਾ ਬਿਲਮ[13] ਤਹਿਂ ਜਾਈ। ਹਾਥ ਉਠਾਇ ਦੀਨ ਤਿਹ[14] ਤਾਈਂ†। ਪਿਖਿ ਅਜ਼ਮਤ ਪੁਨ ਸਿੰਧਿ ਰਿਸਾਏ[15]। ਚਰਚਾ ਹੇਤ ਨਿਕਟ ਚਲਿ ਆਏ ॥੪੩॥ ਭੰਗਰਨਾਥ ਭਨੈ ਅਤਿ ਮਾਨੀ। 'ਰੀਤਿ ਗਯਾਨ ਤੈਂ ਏਕ ਨ ਜਾਨੀ। ਬਿਮਲ[16] ਦੂਧ ਮਹਿ ਕਾਂਜੀ ਪਾਈ। ਸਗਰੋ ਫਿਟ ਗਯੋ ਦੂਧ‡ਗਵਾਈ॥੪੪॥ ਬਹੁਰੋ ਮਥਨ[17] ਕਰੈ ਜੋ ਤਾਂਹੀ। ਮਾਖਨ ਕਿਤ ਬਿਧਿ ਪਾਵੈ ਨਾਂਹੀ। ਪੂਰਬ ਹੋਇ ਉਦਾਸੀ ਫਿਰਿਯੋ। ਭੇਖ ਫਕੀਰੀ ਤਨਮੈਂ§ਕਰਿਯੋ॥੪੫॥ਦੇਸ਼ ਬਿਦੇਸ਼ਨ ਰਟਨੋਕੀਨੋ।ਨਿਜ ਉਪਦੇਸ਼ਨਰਨ ਕੋ ਦੀਨੋ। ਬ੍ਰਿਕਤਿ[18] ਭਯੋ ਤਜਿ ਸਰਬ ਪ੍ਰਵਾਰਾ। ਕੀਨਿ ਫਕੀਰੀ ਜਗਤ

[1]ਸਹਾਰੀ ਨਹੀਂ ਜਾਂਦੀ ਮਹਿਮਾ। [2]ਸੜੇ। [3]ਅਗਨੀ। [4]ਸਿੱਧਾਂ ਦਾ ਕ੍ਰੋਧ ਹੋਰ ਵਧਿਆ। [5]ਨੱਚਣ ਵਾਲਿਆਂ ਦੇ ਕੋਲ। [6]ਛੁਪਾ ਦਿੱਤਾ। [7]ਰਾਸ। [8]ਈਰਖਾ। [9]ਖੋਟ ਕੀਤਾ। [10]ਗੁਰੂ ਜੀ ਜਾਣ ਗਏ (ਕਿ ਸਿੱਧਾਂ ਨੇ–)। [11]ਦੋ ਸੌ। [12]ਭਾਵ ਸਿੱਧਾਂ ਨੇ। [13]ਬਿਨਾ ਦੇਰ ਦੇ। [14]ਉਨ੍ਹਾਂ ਨੂੰ। [15]ਕ੍ਰੋਧੀ ਹੋਏ। [16]ਉੱਜਲ। [17]ਰਿੜਕਣਾ। [18]ਤਿਆਗੀ।

*ਪਾ:–ਸ਼ਿੱਧ ਤਹਿਂ ਸਰਸੇ=ਉਸ ਅੱਗ ਦੇ ਵਾਂਗੂੰ ਵਧਿਆ ਕ੍ਰੋਧ ਜਿਸ ਨੇ ਘਿਉ ਸਪਰਸ਼ ਕੀਤਾ ਹੋਵੇ। †ਪਾ:–ਤੂਰਨ ਆਨ ਦੀਨ ਤਿਨ ਤਾਈਂ।

‡ਪਾ:–ਦੀਨ। §ਪਾ:–ਬਨਾਵੈ ਭੇਖ ਤਨ ਬਿਖੈ।

[ਪਿਛਲੇ ਪੰਨੇ ਦਾ ਬਾਕੀ ਸ਼ਬਦ]

ਕਰਮਿ ਲੰਘਾਏ ਪਾਰਿ ॥ ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥ ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥ ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥ ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥ ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥ ੨ ॥

Sri Satguru Jagjit Singh Ji eLibrary NamdhariElibrary@gmail.com

ਮਝਾਰਾ ॥੪੬॥ ਅਬ ਤੈਂ ਪਹਿਰੇ ਚੀਰ ਸੰਸਾਰੀ। ਹ੍ਵੈ ਕਰਿ ਬੈਠ੍ਯੋ ਬਡ ਪਰਵਾਰੀ।ਤੱਤ ਰੂਪ ਪਹਿਚਾਨ੍ਯੋ ਨਾਂਹੀ। ਬਹੁਰੋ ਵਸ੍ਯੋ ਗ੍ਰਿਹਸਤ ਕੇ ਮਾਂਹੀ ॥ ੪੭ ॥ ਜਿਸ ਮਹਿ ਪ੍ਰਵਿਸ਼ੇ ਹ੍ਵੈ ਨ ਉਧਾਰਾ। ਅਨਿਕ ਭਾਂਤਿ ਕੇ ਬਧੈਂ ਜੰਜਾਰਾ'। ਸੁਨਿ ਕੈ ਸ਼੍ਰੀ ਗੁਰ ਬਚਨ ਬਖਾਨੇ। 'ਭੰਗਰ! ਤੱਤ ਨ ਲਖ੍ਯੋ ਅਜਾਨੇ ॥੪੮॥ ਤੇਰੀ ਮਾਤ ਕੁਚੱਜੀ ਆਹੀ। ਭਾਂਡਾ ਧੋਵਨ ਜਾਨ੍ਯੋ ਨਾਂਹੀ। ਧਾਂਤੇ ਮਾਖਨ ਹਾਥ ਨ ਆਵਾ। ਜਮ੍ਯੋ ਨ ਦੂਧ ਨ ਮਾਨ[1] ਗਵਾਵਾ ॥੪੯॥ ਛੋਡ ਗ੍ਰਿਹਸਤ ਕੋ ਭਯੋ ਅਤੀਤਾ।ਬਹੁਰੋ ਰਹੀ ਪ੍ਰੀਤਿ ਚਿਤ ਨੀਤਾ। ਭੋਜਨ ਹਿਤ ਮੰਗਨ ਤਿਹ[2] ਜਾਈ। ਘਰ ਘਰ ਬਿਚਰਤਿ ਲਾਜ ਗੁਵਾਈ ॥੫੦॥ ਬਿਨ ਦਿੱਤੇ ਕੁਛ ਹੱਥ ਨ ਆਵੈ। ਤ੍ਰਿਸ਼ਨਾਧੀਨ[3] ਸਦੀਵ ਭ੍ਰਮਾਵੈ'। ਇਸ ਪ੍ਰਕਾਰ ਕੀ ਸੁਨਿ ਕਰਿ ਬਾਨੀ।ਸੰਭੁਨਾਥ ਭਨੇ ਬਡ ਮਾਨੀ ॥ ੫੧ ॥ 'ਕਲਾ ਤੈਂ ਜਗ ਕੋ ਸ਼ਕਤਿ ਦਿਖਾਈ। ਹਮੈਂ ਦਿਖਾਇ ਬਿਲਮ ਕਿਉਂ ਲਾਈ। ਕੈ ਤੁਮ ਦੁਰਹੁ ਖੋਜ ਹਮ ਲਗਾਵਹਿ। ਨਤੁ ਹਮ ਦੁਰਹਿਂ ਹਾਥ ਨਹਿਂ ਆਵਹਿ[4], ੫੨॥ ਦੋਹਰਾ॥ ਗੁਰੂ ਕਹੈ 'ਤੁਮ ਮਹਿ ਸ਼ਕਤਿ ਹੌ ਦਿਖਰਾਵਨਹਾਰ। ਦੁਰਉ ਜਾਹਿ ਉਰ ਚਾਹਿ ਜੋ ਨਿਜ ਨਿਜ ਬਲ ਸਭਿ ਧਾਰਿ' ॥੫੩॥ ਚੌਪਈ॥ ਸੁਨਿ ਕੈ ਸਿੱਧਨ ਮਤੇ ਮਤਾਈ।'ਪ੍ਰਿਥਕ[5] ਦਸੌ ਦਿਸ਼ ਦੁਰੀਏ ਜਾਈ'। ਸੰਭੁਨਾਥ ਪ੍ਰਾਚੀ[6] ਦਿਸ਼ ਗਯੋ। ਭੰਗਰ ਪਸ਼ਚਮ ਦੁਰਤਾ[7] ਭਯੋ' ॥੫੪॥ ਊਰਮ ਧੂਰਮ ਉੱਤਰ ਮਾਂਹੀ।ਦੱਛਨ[8] ਬੀਚ ਮਛੰਦਰ ਜਾਹੀਂ। ਪਾਵਕ ਕੋਨ[9] ਕਨਕ ਸਿੱਧ ਗਯੋ।ਲੰਗਰ ਬਾਇਵ[10] ਬਿਖੈ ਸਿਧਯੋ॥੫੫॥ਨੈਰਤ[11] ਮਾਂਹੀ ਛੰਗਰ ਪਧਾਨਾ। ਗੌਨ ਗੁਆਲ ਪਹੁੰਚ੍ਯੋ ਈਸ਼ਾਨਾ[12]। ਕਿਤਿਕ ਪਤਾਲ ਦੁਰੇ[13] ਹੈਂ ਜਾਈ। ਕੇਤਿਕ ਬੀਚ ਅਕਾਸ਼ ਉਡਾਈ॥੫੬॥ ਦੋਹਰਾ ॥ ਗਮਨ ਕੀਨ ਦਸ ਦਿਸ਼ਾ ਮਹਿਂ ਤਿਨ ਕੀ ਗਤਿ ਪ੍ਰਭੁ ਜਾਨਿ।ਤਬ ਸਰੂਪ ਤੇਤੇ ਧਰੇ ਜੇਤੇ ਸਿੱਧ ਦੁਰਾਨ[14] ॥ ੫੭ ॥ ਚੌਪਈ ॥ ਮੰਗਲਨਾਥ ਆਦਿ ਸੁਭ ਜੇਤੇ। ਠਾਢੇ ਕੌਤਕ ਦੇਖਹਿ ਤੇਤੇ। ਜਹਿ ਜਹਿਂ ਛਪਨ ਕੀਨ ਤਿਨ ਧਾਇ। ਮੂਛਨ ਗਹੀ ਸਭਿਨਿ ਕੀ ਜਾਇ ॥ ੫੮ ॥ ਭੰਗਰ ਲਖ੍ਯੋ-ਮੋਹਿ ਪਸ਼ਚਾਤ[15]-। ਸ਼ੰਭੁ ਜਾਨਹਿ-ਮੁਝੇ

[1]ਹੰਕਾਰ। [2]ਭਾਵ ਗ੍ਰਿਹਸਤੀਆਂ ਦੇ। [3]ਤ੍ਰਿਸ਼ਨਾ ਅਧੀਨ ਹੋ ਕਰਕੇ। [4]ਭਾਵ ਤੁਹਾਨੂੰ ਲਭੀਵਾਂਗੇ ਨਹੀਂ। [5]ਵੱਖਰੇ ਵੱਖਰੇ। [6]ਪੂਰਬ ਦਿਸ਼ਾ। [7]ਛੁਪ ਗਿਆ। [8]ਦੱਖਣ ਦਿਸ਼ਾ। [9]ਪੂਰਬ ਦੱਖਣ। [10]ਪੱਛਮੋਤ੍ਰ। [11]ਦੱਖਣ ਪੱਛਮ। [12]ਪੂਰਬੋਤਰ। [13]ਛੁਪੇ। [14]ਛੁਪੇ ਸਨ। [15]ਮੇਰੇ ਪਿੱਛੇ (ਆਏ ਹਨ)।

Sri Satguru Jagjit Singh Ji eLibrary NamdhariElibrary@gmail.com

ਗਹਾਤਿ[1]-।ਝੰਗਰ ਲੰਗਰ ਇਸਬਿਧਿ ਜਾਨੀ।-ਮਮ ਢਿਗ ਹੈਂ,ਮਮ ਢਿਗ ਹੈਂ-ਮਾਨੀ॥੫੯॥ਹੁਤੇ ਸਿੱਧ ਜੇਦੂਰਨੇਹਾਰੇ।ਸਭਿਨੇ ਅਪਨੇਨਿਕਟ ਨਿਹਾਰੇ। ਤਨ ਅਨੇਕ ਧਰਿ, ਤਿਨ ਕੇ ਤੂਰਨ*।ਪਕਰੇ ਜਾਇ ਪ੍ਰਭੂ ਗੁਨ ਪੂਰਨ†॥੬੦॥ ਦੋਹਰਾ ॥ ਮੂਛਨ ਤੇ ਗਹਿ ਕਰਿ ਸਰਬ ਕੀਨੇ ਇਕ ਥਲਿ ਸੋਇ। ਨਿਰਬਲਹ੍ਵੈਤੂਸ਼ਨ ਭਏ ਤਿਸ਼ਟੇ[2]ਲੱਜਿਤ ਹੋਇ॥੬੧॥ਚੌਪਈ॥ਸ੍ਰੀਪ੍ਰਭੁਤਿਨ ਸੋਂ ਬਚਨ ਅਲਾਏ।'ਤੁਮ ਖੋਜਹੁ ਮੈਂ ਦੂਰਹੋਂ ਜਾਏ।ਜੇ ਨਹਿ ਪਾਵਹੁ ਇਸ ਬਿਧਿ ਕਰੀਏ।ਲੈਧ ਟਕਾ ਅਰਦਾਸ ਉਚਰੀਏ॥੬੨॥ਜਬ ਸਿਰ ਲਾਵਹੁਗੇ ਧਰ ਨਾਲ। ਦੇਉਂ ਦਰਸ ਤੁਮ ਕੋ ਤਤਕਾਲ'। ਅਸ ਕਹਿ ਪੰਚ ਤੱਤ ਕੇ ਮਾਂਹੀ। ਦੇਹਿ ਮਿਲਾਇ ਦੀਨ ਛਿਨਿ ਤਾਂਹੀ॥੬੩॥ ਅੰਸ਼ ਲੀਨ ਹੋਯੋ ਕਰ-ਤਾਰਾ[3]। ਜੋ ਸੇਵਕ[4] ਗਤਿ ਦੇਵਨ ਹਾਰਾ। ਸਿੱਧ ਲਗੇ ਖੋਜਨ ਸਮੁਦਾਈ। ਦਸਹੂੰ ਦਿਸ਼ ਮਹਿ ਗਮਨੇ ਧਾਈ ॥ ੬੪ ॥ ਬੈਠੇ ਕਿਤ ਕੋ ਪਾਵਹਿ ਨਾਂਹੀ। ਖੋਜਤਿ ਫਿਰੇ ਕਠਨ ਥਲ ਮਾਂਹੀ। ਕਾਨਨ[5] ਸਰਿਤਾ[6]ਸਿੰਧੁ[7] ਪਹਾਰ। ਬੀਰ ਗੁਫ਼ਾ[8]ਜਹਿ ਬਡੋ ਅੰਧਾਰ॥੬੫॥ਭਏ ਸ਼੍ਰਮਿਤ[9]ਤਿਨ ਕਹੂੰ ਨ ਪਾਯੋ। ਫਿਰਤਨੇ ਸਭਿ ਕੋ ਮਨ ਅਕੁਲਾਯੋ।ਇਕ ਥਲ ਹੁਇ ਅਰਦਾਸ ਅਲਾਈ।ਨਮਸਕਾਰ ਹਿਤ ਗ੍ਰੀਵ ਨਿਵਾਈ॥੬੬॥ਤਿਹ ਛਿਨ ਪ੍ਰਗਟੇ ਤੁਰਤ ਗੁਸਾਈਂ।ਦੇਖਿ ਸਿੱਧ ਉਰ ਗੇ ਬਿਸਮਾਈ[10]।ਚਲੇ ਨ ਬਲ ਲੱਜਿਤ ਹੁਇਰਹੇ।ਤੂਸ਼ਨਿਭਏ ਨ ਕਛੁ ਬਚ ਕਹੇ ॥੬੭॥ ਚਪੇ ਚੋਰ ਜਿਉਂ[11] ਓਜ ਦਿਖਾਵਨ[12]। ਕਰਨੋ ਚਹਿਤਿ, ਜਿਨ ਕੇ ਉਰ ਭਾਵ ਨ[13]। ਪਗ ਨਹਿ ਪਰਿਹੀ[14] ਗਰਬ ਛੁਬਾਏ। ਸਮਤਾ ਹਿਤ ਕੋ ਰਿਦੇ ਰਿਸਾਏ ॥ ੬੮ ॥ ਭੁਜੰਗ ਪ੍ਰਯਾਤ ਛੰਦ ॥ ਸਭੈ ਸਿੱਧ ਜੋ ਈਰਖਾ

---

[1]ਫੜਦੇ ਹਨ । [2]ਬੈਠੇ । [3](ਕਰਤਾਰ ਦੀ) ਅੰਸ਼ ਕਰਤਾਰ ਵਿਚ ਲੀਨ ਹੋ ਗਈ । [4]ਜੋ ਸੇਵਕਾਂ ਨੂੰ। [5]ਬਨ । [6]ਨਦੀਆਂ । [7]ਸਮੁੰਦਰ । [8]ਕੰਦਰਾਂ । [9]ਥਕ ਗਏ । [10]ਅਚਰਜ ਹੋ ਗਏ। [11]ਗੁੱਸਾ ਚੜ੍ਹੇ (ਖਿਝੇ) ਚੋਰ ਵਾਂਙੂ । [12]ਬਲ ਦਾ ਦੱਸਣਾ । [13]ਪ੍ਰੇਮ ਨਹੀਂ (ਅ) ਭਾਉਂਦੀ ਹੈ ਜਿਨ੍ਹਾਂ ਦੇ ਦਿਲ ਨੂੰ (ਇਹੋ ਗੱਲ)। [14](ਗੁਰੂ ਜੀ ਦੇ) ਪੈਰੀਂ ਨਹੀਂ ਪੈ ਜਾਂਦੇ ।

*ਯੋਗ ਸਿੱਧ ਪੁਰਖ ਦਾ ਕਈ ਰੂਪ ਧਾਰਨ ਕਰ ਸਕਣਾ ਬੀ ਯੋਗ ਸ਼ਾਸਤ੍ਰਾਂ ਨੇ ਯੋਗੀ ਦੇ ਵੱਸ ਦੀ ਗੱਲ ਲਿਖੀ ਹੈ ।

†ਯੋਗ ਦਰਸ਼ਨ ਵਿਚ ਲਿਖਿਆ ਹੈ ਕਿ ਯੋਗ ਸਿੱਧ ਪੁਰਖ ਅਕਾਸ਼ ਵਿਚ ਭ੍ਰਮਣ ਕਰ ਸਕਦੇ ਹਨ, ਦੇਖੋ ਤੀਸਰਾਪਾਦ ਸੂਤ੍ਰ ੪੧ । ਅੱਖੋਂ ਉਹਲੇ ਹੋ ਜਾਣ ਲਈ ਦੇਖੋ ਪਾਦ ੩ ਸੂਤ੍ਰ ੨੦, ਸਰੀਰ ਛੋਡਕੇ ਬਾਹਰ ਨਿਕਲਕੇ ਕੰਮ ਕਰਨੇ ਦੇਖੋ ਪਾਦ ੩, ਸੂਤ੍ਰ ੪੨ ।

Sri Satguru Jagjit Singh Ji eLibrary NamdhariElibrary@gmail.com

ਕੋ ਕਰੇ ਹੈਂ । ਨਹੀਂ ਭਾਉ ਕੈਸੇ ਰਿਦੇ ਮੇਂ ਧਰੇ ਹੈਂ।ਬੁਝੈ ਨ ਬੁਝਾਈ ਬਰੀ ਹੈ ਅਪਾਰਾ[੧]। ਤਬੈ ਰੂਪ ਧਾਰੇ ਅਨੇਕੰ ਪ੍ਰਕਾਰਾ॥੬੯॥ ਭਏ ਸਿੰਘ ਕੋਊ ਬਘੇਲਾ ਬਨੇ ਹੈਂ । ਕਿਤੇ ਬੀਨ੍ਹ ਭੱਖੈਂ ਕੁਬੈਨਾ ਭਨੇ ਹੈਂ[੨] । ਕਿਤੇ ਕੰਧ ਆਰੂਢ ਹ੍ਵੈ ਕੈ ਭਗਾਵੈਂ। ਮ੍ਰਿਗਾਨੀ ਲਈ ਕੋ ਅਕਾਸ਼ੇ ਉਡਾਵੈਂ ॥ ੭੦ ॥ ਭਏ ਪੰਨਗੀ[੩] ਬੇਖ ਦੇਖੈਂ ਭੁਯਾਨਾਂ[੪] । ਧਰੁਕੈਂ[੫] ਫਰੁਕੈਂ[੬] ਕਿ ਸ਼ੁਕੈਂ[੭] ਮਹਾਨਾਂ । ਕਿਨੈ ਤੁੰਡ[੮] ਦੇਹੀ ਕਰੀ ਹੈ ਬਿਸ਼ਾਲਾ । ਉਡੈ ਕੋ ਅਕਾਸ਼ ਲਏ ਹਾਥ ਜ੍ਵਾਲਾ[੯] ॥ ੭੧ ॥ ਤੋਟਕ ਛੰਦ ॥ ਕਿਲਕਾਰਤਿ[੧੦] ਕੇਤਿਕ ਰੋਖ ਦਹੇ[੧੧] । ਨਭ ਬੀਚ ਕਿਤੇ ਥਿਰ ਹੋਇ ਰਹੇ।ਬਰਖਾਵਤਿ ਪਾਵਕ ਕੋ ਧਰਨੀ।ਜਲਬੀਚ ਤਰੈਂ ਜਿਮ ਹ੍ਵੈ ਤਰਨੀ[੧੨] ॥ ੭੨ ॥ ਲਘੁ ਰੂਪ ਕਿਤੇ ਦਰਸਾਇ ਨਹੀਂ । ਨਿਜ ਮੰਤ੍ਰਨ ਜੰਤ੍ਰ ਕਰੰਤਿ ਸਹੀ।ਬਹੁ ਲੋਕ ਬਿਖੈ ਬਡ ਭੀਰ ਜਹਾਂ।ਸਭਿ ਕੋ ਡਰਪਾਵਹਿ ਦੇਖਿ ਤਹਾਂ ॥ ੭੩॥ਦੋਹਰਾ॥ਦੇਖਿ ਸਰੂਪ ਭਯਾਨਕੰ ਡਰਪੇ ਲੋਗ ਬਿਸ਼ਾਲ।ਇਤ ਉਤ ਤਕੈਂ ਪਲਾਇਨੈਂ[੧੩]*,ਧੀਰਜ ਦਈ ਕ੍ਰਿਪਾਲ॥੭੪॥ਗੁਰੂ ਅਜਿੱਤੇ ਸੌਂ ਕਹਯੋ[੧੪]ਸਭਿ ਨਰ ਕੇ ਚਹੁੰਫੇਰ।ਉਠਿਕੈ ਕਰਦੇ ਕਾਰ ਤੂੰ—ਵਾਹਿਗੁਰੂ—ਮੁਖਟੇਰਿ[੧੫]॥੭੫॥ ਦੁਵੱਯਾ ਛੰਦ ॥ ਉਠਨੈ ਅਜਿੱਤਾ ਕੀਨੀ ਕਾਰਾ ਆਪ ਗਯੋ ਸਰ ਮਾਂਹੀ । ਤਿਹ ਪਰ[੧੬] ਲੇ ਨਿਜ ਚੀਰ ਡਸਾਯੋ[੧੭],ਭੀਜਨੇ ਤਾਰਿਕ[੧੮]ਨਾਂਹੀ।ਤਾਂਹਿ[੧੯] ਅਰੂਢ ਹੋਇ ਕੈ ਬੈਠਾ ਕਾਰ ਕਰੈ ਇਮ ਸੋਈ । ਮਰੇ ਬਿਹੰਗ ਸਰੋਵਰ ਮਹਿ ਬਹੁ ਗਹਤਿ ਭਯੋ ਕਰ ਦੋਈ[੧੯] ॥੭੬॥ ਸ੍ਵੈਯਾ॥ ਗਹਿ ਹਾਥ,ਜਿਵਾਇ ਉਡਾਵਤਿ ਜਾਤਿ, ਪਿਖੈਂ ਬਹੁਤੇ ਨਰ ਤਾਂਹਿ ਤਮਾਸ਼ਾ । ਇਤ ਸ੍ਰੀ ਗੁਰ ਜੋ ਫਿਰ ਕਾਰ ਕਰੀ[੨੦] ਸਿੱਧ ਆਇ ਸਕਹਿ ਨਹਿ ਤਾਂਹਿਕੇ ਪਾਸਾ। ਬਲ ਬਾਹਰ ਹੀ ਦਿਖਰਾਵਤਿ ਹੈਂ ਧਰਿ ਦਾਰੁਨ ਰੂਪ ਫਿਰੈਂ ਚਹੁੰਪਾਸਾ[੨੧]।ਪਛੁਤਾਇ ਬਿਸੂਰਤਿ ਹੈਂ ਉਰ ਮੈਂ, ਜਬ ਨਾਂਹਿ ਚਲੈ ਬਲ ਕੋ ਬਸ ਮਾਸਾ† ॥ ੭੭ ॥ ਦੋਹਰਾ ॥ ਤੱਤ

---

[੧]ਬਲ ਰਹੀ ਹੈ ਬੇਅੰਤ (ਈਰਖਾ ਦੀ ਅੱਗ) । [੨]ਅਗਨੀ ਭੱਖਦੇ ਖੋਟੇ ਬਚਨ ਕਹਿੰਦੇ ਹਨ। [੩]ਸਰਪ । [੪]ਭਿਆਨਕ । [੫]ਧ੍ਰੀਕਦੇ ਹਨ (ਅ) ਟੱਪਦੇ ਹਨ । [੬]ਫੁੰਕਾਰੇ ਮਾਰਦੇ ਹਨ । [੭]ਸ਼ੂਕਦੇ ਹਨ । [੮]ਮੁਖ । [੯]ਅਗਨੀ । [੧੦]ਚੀਕਾਂ ਮਾਰਦੇ ਹਨ । [੧੧]ਗੁੱਸੇ ਦੇ ਸੜੇ ਹੋਏ । [੧੨]ਬੇੜੀ । [੧੩]ਇਧਰ ਉਧਰ ਤੱਕਦੇ ਹਨ (ਰਸਤਾ) ਨੱਸਣ ਵਾਸਤੇ । [੧੪]ਮੁਖੋਂ ਕਹਿਕੇ । [੧੫](ਉਸ) ਸਰੋਵਰ ਉੱਤੇ । [੧੬]ਵਿਛਾਇਆ । [੧੭]ਇਕ ਤਾਰ (ਧਾਗਾ) ਬੀ । [੧੮]ਉਸ (ਕਪੜੇ) ਤੇ । [੧੯]ਦੋਹਾਂ ਹੱਥਾਂ ਵਿਚ ਫੜ ਫੜ ਕੇ । [੨੦]ਲੀਕ ਕੱਢੀ ਸੀ । [੨੧]ਚੁਫੇਰੇ ।

*ਪਾ:—ਇਨਕੋ ਦੇਖ ਪਲਾਇਨੇ । †ਪਾ:—ਜਲ ਮਾਹਿ ਭਯੋ ਜਹਿ ਅਜਬ ਤਮਾਸ਼ਾ ।

Sri Satguru Jagjit Singh Ji eLibrary NamdhariElibrary@gmail.com

ਤੱਤ ਮੈਂ ਮਿਲਿ ਰਹੇ*ਸ੍ਰੀ ਨਾਨਕ ਤਿਹਥਾਇ। ਪਚਿਹਾਰੇ[1]ਕਛੁ ਨਹਿਲਖੈਂ, ਸ਼ਕਤਿ ਰਹੇ ਸਭਿ ਲਾਇ॥੭੮॥ ਚੌਪਈ॥ ਤਿਨਕੀ ਦਿਸ਼ ਦੇਖਨੋ ਗੁਰ ਜਬਿ ਹੀ†। ਸਗਲੀ ਸ਼ਕਤਿ ਕਰਖ[2] ਲਿਧ ਤਬਿਹੀ। ਜਿਉਂ ਕੋ‡ ਨਿੰਬੂ ਲੇਹਿ ਨਿਚੋਰੀ। ਜੈਸੇ ਊਖ ਦੇਇ ਕਰਿ ਖੋਰੀ[3] ॥ ੭੯॥ ਆਤੁਰ ਹਾਰਿ ਗਏ ਜਿਸ ਕਾਲਾ[4]। ਬੈਠੇ ਹ੍ਵੈ ਕੈ ਦੀਨ ਬਿਸਾਲਾ। ਲੱਜਿਤ ਭਏ ਨ ਬੋਲਨੋ ਜਾਈ। ਬਾਂਧੇ ਜਿਉਂ ਸ਼ੱਤ੍ਰ ਕਿਸ ਰਾਈ[5] ॥ ੮੦॥ ਦੋਹਰਾ ॥ ਰੰਚ ਗਰਬ ਉਰ ਨਹਿਂ ਰਹਯੋ ਨ੍ਰਿਪ ਜਿਉਂ[6] ਛੀਨੇ ਦੇਸ਼[6]। ਲੱਜਿਤ§ ਹੋਏ ਨਰਨ ਮੈਂ ਸਿੱਧਨ ਸੋਂ ਸਿੱਧੇਸ਼[7] ॥੮੧॥ ਚੌਪਈ॥ ਮੰਗਲ ਪ੍ਰਾਨਨਾਥ ਤੇ ਆਦਿ। ਸਭਿਕੇ ਰਿਦੇ ਭਯੋ ਅਹਿਲਾਦ। 'ਕਹਯੋ ਹਮਾਰੋ ਮਾਨਯੋ ਨਾਂਹੀ। ਅਤਿ ਲੱਜਿਤਿ ਹੋਏ ਮਨ ਮਾਂਹੀ' ॥ ੮੨॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿੱਧਨ ਚਰਚਾ' ਬਰਨਨੰ ਨਾਮ ਉਨਤਾਲੀਸਮੋ ਅਧ੍ਯਾਯ ॥ ੩੯ ॥

੪੦. [ਨਾਮ ਮਹਾਤਮ। ਸਿੱਧ ਗੋਸ਼ਟ। ਇਕ (ਤਿਖਾਣ ਦਾ) ਮ੍ਰਿਤ ਬਾਲਕਾ। ਮਾਲੋਸ਼ੇਖ]

ਦੋਹਰਾ ॥ ਰੇ ਮਨ ਤਜਿ ਆਲਸ ਸਰਬ ਗਹੁ ਉੱਦਮ ਹਰਿਨਾਮ।
ਲੋਕ ਪ੍ਰਲੋਕ ਸਹਾਇ ਹ੍ਵੈ ਪੂਰਹਿ ਸਗਰੇ ਕਾਮ ॥ ੧ ॥

{ਸਹਾਇ=ਸਹਾਈ। ਪੂਰਹਿ=ਪੂਰੇ ਕਰੇਗਾ, ਸਿਰੇ ਚਾੜ੍ਹੇਗਾ।}

ਅਰਥ—ਹੇ ਮਨ! ਸਾਰੇ ਆਲਸਾਂ ਦਾ ਤਿਆਗ ਕਰ, ਵਾਹਿਗੁਰੂ ਦੇ ਨਾਮ (ਸਿਮਰਣ ਦਾ) ਉੱਦਮ ਧਾਰਨ ਕਰ, (ਏਹ) ਲੋਕ ਤੇ ਪ੍ਰਲੋਕ ਦਾ ਸਹਾਈ ਹੋਵੇਗਾ (ਅਰ ਦੋਹਾਂ ਲੋਕਾਂ ਦੇ ਤੇਰੇ) ਕੰਮ ਸਿਰੇ ਚਾੜ੍ਹੇਗਾ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸੁਨੀਏ ਸ੍ਰੀ ਤੇਹਣ ਕੁਲਦੀਪਾ! । ਸਿਧ ਬੈਠੇ ਸਭਿ ਗੁਰੂ ਸਮੀਪਾ। ਜਹਾਂ ਅਜਿੱਤਾ ਕਲਾ ਦਿਖਾਵਤਿ। ਮ੍ਰਿਤਕ ਬਿਹੰਗਨ ਕੋ ਜੀਵਾਵਤਿ ॥੨॥ ਬ੍ਰਿੰਦ ਲੋਕ ਤਹਿ ਪਿਖੈਂ ਤਮਾਸ਼ਾ। ਤਾਂਕੀ ਦਿਸ਼ਿ ਦੇਖਯੋ ਸੁਖਰਾਸਾ। ਬੂਝਨ ਹਿਤ ਪ੍ਰਭੁ ਬਚਨ ਉਚਾਰੇ। 'ਕੋ ਹੈ ਇਹ ਜੋ ਮ੍ਰਿਤਕ ਜਿਵਾਰੇ? ॥੩॥ ਨੌਕਾ ਸਮਸਰ ਚੀਰ ਡਸਾਯੋ। ਤਿਹ ਪਰ ਬੈਠਿ ਨ ਨੀਰ ਡੁਬਾਯੋ। ਕਰਾਮਾਤ ਕਰਿਕੈ ਦਿਖਰਾਵੈ। ਲੋਕਨ ਮਹਿਂ ਨਿਜ ਮਾਨ

---

[1]ਥੱਕ ਕੇ ਹਰ ਗਏ। [2]ਖਿੱਚ। [3]ਜਿਵੇਂ ਗੰਨਾ (ਵੇਲਣੇ ਵਿਚ) ਦੇਕੇ ਪੱਛੀ ਕਰ ਦੇਈਦੀ ਹੈ। [4]ਜਦੋਂ ਹਾਰਕੇ ਆਤੁਰ ਹੋ ਗਏ। [5]ਕਿਸੇ ਰਾਜੇ ਨੇ। [6]ਜਿਵੇਂ ਦੇਸ਼ ਖੁਹਾ ਬੈਠੇ ਰਾਜੇ ਦਾ ਹੁੰਦਾ ਹੈ। [7]ਸਿੱਧਾਂ ਸਣੇ ਸਿੱਧਾਂ ਦੇ ਈਸ਼ਰ (ਗੋਰਖ ਜੀ)।

*ਪਾ:—ਦੋ ਘਟਕਾ ਤੂਸ਼ਨ ਰਹੇ—,—ਕੋ ਇਕ ਘਟ ਤੂਸ਼ਨ ਭਏ—।

†ਪਾ:—ਤਿਹਕੋ ਦ੍ਰਿਸ਼ਟਾਯੋ ਗੁਰ ਜਬਹੀ। ‡ਪਾ:—ਜਿਉਂ ਕੋਊ। §ਪਾਠ—ਲੂਝੇ!

ਬਧਾਵੈ' ॥੪॥ ਸਿੱਧ ਕਹ੍ਯੋ 'ਇਹੁ ਚੇਲਾ ਤੇਰਾ। ਅਬਕੇ ਸਮੈਂ[1] ਨ ਕੋ ਅਨ ਹੇਰਾ[2]।ਕਰਾਮਾਤ ਇਕ ਸਦਨ ਤੁਮਾਰੇ।ਜਿਉਂ ਚਾਹਤਿ ਤਿਉਂ ਦੇਹੁ ਦਿਖਾਰੇ' ॥੫॥ ਦੋਹਰਾ ॥ ਪਠ੍ਯੋ ਮਨੁਜ ਬੁਲਿਵਾਇਓ ਦੇਖ੍ਯੋ ਤਿਹ ਕੀ ਓਰ। ਕਰਖ[3] ਲਈ ਸਭਿ ਸ਼ਕਤਿ ਜੋ ਰਹਿ ਗਯੋ ਪਾਛੈ ਖੋਰ[4]॥੬॥ਚੌਪਈ॥ਭਯੋ ਦੀਨ ਮਨ ਬੈਠ੍ਯੋ ਸੋਇ। ਮਨ ਮੁਰਝਾਨੋ ਸ਼ਕਤਿਹਿਂ ਖੋਇ। ਜਿਉਂ ਬਨੀਏ ਕੀ ਪੂੰਜੀ[5] ਜਾਏ।ਹੋਇ ਕ੍ਰਿਪਨ[6] ਬਹੁ ਪੁਨ ਪਛੁਤਾਏ॥੭॥ਕਿਤਿਕ ਕਾਲ ਪੁਨ ਸ੍ਰੀਗੁਨ-ਖਾਨੀ। ਬੈਠਿ ਰਹੇ, ਕੋ ਕਹਿਤਿ ਨ ਬਾਨੀ।ਦਰਸ਼ਹਿਂ ਨਰ ਨਾਰੀ ਚਹੁੰਫੇਰੇ। ਇਕ ਤਿਖਾਨ ਆਯੋ ਤਿਸ ਬੇਰੇ ॥ ੮ ॥ ਦ੍ਵਾਦਸ਼ ਬਰਖਨ ਕੋ ਸੁਤ ਸਾਥਾ। ਬੰਦੇ ਚਰਨ ਕਮਲ ਜਗਨਾਥਾ। ਬਿਨੈ ਯੁਕਤ ਪੁਨ ਬਚਨ ਉਚਾਰੇ। 'ਇਕ ਤਾਤ[7] ਭਾ ਸਦਨ ਹਮਾਰੇ ॥ ੯ ॥ ਸਤਿਸੰਗਤਿ ਪਰਤਾਪ ਉਚੇਰਾ।ਜਿਯਤਿ ਰਹ੍ਯੋ ਯਾਂਤੇ ਸੁਤ ਮੇਰਾ।ਅਬ ਰਾਵਰ ਕੇ ਚਰਨ ਚਢਾਵਾ। ਤੁਮਨੈ ਦੀਨੋ ਬਹੁਰ ਜਿਵਾਵਾ' ॥ ੧੦ ॥ ਗੁਰ ਕਹਿਂ 'ਹਮਨਿ[8] ਜਿਵਾਯੋ ਕੈਸੇ ?'। ਕਹਿ ਬਾਢੀ 'ਸੁਨੀਏ ਪ੍ਰਭੁ ਜੈਸੇ। ਹਮ ਗ੍ਰਿਹ ਤਾਤ ਹੋਤਿ ਮਰਿ ਜਾਵੈ। ਸਿੱਧ ਪੀਰ ਬਹੁਤੇਰ ਮਨਾਵੈਂ ॥੧੧॥ ਰਾਵਰਿ ਕੀਰਤਿ ਸੁਨਿ, ਸੁਖ[9] ਮਨ ਮੈਂ। ਸੁਵਨ[10] ਜੀਅ ਸੌਂਪ੍ਯੋ ਪ੍ਰਭੁ ਗੁਨ ਮੈਂ[11]। ਜੀਵਤਿ ਰਹ੍ਯੋ[12],ਲਓ ਅਬ ਗੁਰ ਜੀ[13]। ਕਾਲ ਅੰਤ ਕਾ* ਇਸ ਤੁਮ ਮਰਜ਼ੀ[14]' ॥੧੨॥ ਤਿਹਕੇ ਬਚਨ ਸੁਨੇ ਜਗਸਾਈਂ। ਕਰਿਵਾਏ ਕਾਸ਼ਠ ਇਕ ਥਾਈਂ। ਪਾਵਕ ਫੂਕੀ ਬਚਨ ਉਚਾਰਾ। 'ਬਾਰਿਕ ! ਜਾਵਹੁ ਅਗਨਿ ਮਝਾਰਾ'॥੧੩॥ਸੋਰਠਾ॥ ਤਿਹ ਬਾਰਿਕ ਕੋ ਨਾਇਂ 'ਸੰਗਤੀਆ' ਪਿਤ ਨੇ ਧਰ੍ਯੋ। ਨਰ ਨਾਰੀ ਬਿਸਮਾਇਂ –ਲਖੀ ਨ ਗੁਰ ਗਤਿ ਜਾਵਈ॥੧੪॥ ਦੋਹਰਾ॥ ਇਕ ਤਿਖਾਨ ਕੋ ਤਾਤ ਹੈ, ਆਨਿ ਚਢਾਯੋ ਸੋਇ। ਪਾਵਕ ਮਹਿਂ ਤਿਹ ਪਾਵਈਂ ਅਤਿ ਅਚਰਜ ਇਹ ਹੋਇ–॥੧੫॥ਚੌਪਈ॥ ਸਿਸ ਕੋ ਆਇਸੁ ਦੀਨੀ ਜਬਿਹੀ। ਸਿੱਧ ਨਾਰਿ ਨਰ

---

[1]ਹੁਣ ਦੇ ਸਮੇਂ ਵਿਚ। [2]ਹੋਰ ਕੋਈ ਨਹੀਂ ਦੇਖਿਆ। [3]ਖਿੱਚ। [4]ਖਾਲੀ [ਅ:, ਖ਼ੋਲ] (ਅ)ਫੋਗ। [5]ਰਾਸ। [6]ਕੰਗਾਲ। [7]ਪੁੱਤ੍ਰ। [8]ਅਸਾਂ ਨੇ। [9]ਸੁੱਖਣਾ ਸੁੱਖੀ। [10]ਪੁੱਤ੍ਰ [ਸੰਸ:, ਸੂਨੁ=ਪੁੱਤ੍ਰ] [11]'ਪੁਤ੍ਰ ਜੀਉਂਦਾ ਰਹੇ' ਸੋ (ਆਪ ਨੂੰ) ਸੌਂਪਿਆ ਹੋਇਆ ਸੀ (ਮਨ ਵਿੱਚ) ਵਿਚਾਰਕੇ [12](ਸੋ ਇਹ) ਜੀਉਂਦਾ ਰਿਹਾ ਹੈ। [13]ਹੇ ਗੁਰੂ ਜੀ ਹੁਣ ਲੈ ਲਓ। [14]ਅੰਤ ਕਾ ਕਾਲ=ਇਸ ਦੇ ਅੰਤ ਦਾ ਸਮਾ(ਹੁਣ)ਤੁਹਾਡੀ ਰਜ਼ਾ ਤੇ ਹੈ।(ਅ) ਕਾਲ ਅੰਤਕਾ=ਜਮਕਾਲ। *ਪਾ:–ਕਾਲ ਅੰਤਕਾ ਇਸ ਤੁਮ ਮਰਜੀ=ਇਸ ਦੀ ਮੌਤ ਦਾ ਢੋ (ਹੁਣ ਮੈਨੂੰ ਨਹੀਂ,ਆਪ ਦੀ)ਮਰਜ਼ੀ ਵਿੱਚ ਛੋੜਦਾ ਹਾਂ।

Sri Satguru Jagjit Singh Ji eLibrary NamdhariElibrary@gmail.com

ਦੇਖੈਂ ਸਭਿ ਹੀ। ਰਿਦੈ ਨ ਡੋਲ੍ਯੋ ਰਾਖੀ ਧੀਰ। ਪਾਵਕ ਕੀ ਕੁਛ ਗਨੀ ਨ ਪੀਰ॥ ੧੬॥ ਦ੍ਵਾਦਸ਼ ਬਰਖਨ ਬੈਸ ਕੁਮਾਰਾ। ਮਾਹਿ ਛਾਰ ਗਾ ਅਗਨਿ ਮਝਾਰਾ। ਬੈਠਿ ਨ ਨਿਕਸ੍ਯੋ ਧਰਿ ਉਰ ਧੀਰਾ। ਪਾਵਕ ਤੇਜ ਨ ਛੁਹ੍ਯੋ ਸਰੀਰ॥੧੭॥ ਸਵਾ ਜਾਮ ਬੈਠ੍ਯੋ ਜਬਿ ਰਹ੍ਯੋ। ਸਭਿਨਿ ਦੇਖਿ ਅਚਰਜ ਉਰ ਲਹ੍ਯੋ। ਪਰਮ ਪ੍ਰਸੀਦ ਭਏ[1] ਗੁਨਖਾਨੀ। ਕਰਨ ਕ੍ਰਿਤਾਰਥ ਉਚਰੀ ਬਾਨੀ ॥ ੧੮ ॥ ਦੋਹਰਾ ॥ 'ਜਨਮ ਮਰਨ ਤੇ ਰਹਿਤ ਭਾ ਟੂਟ ਗਏ ਜਮ ਜਾਲ। ਨਿਕਸਹੁ ਆਵਹੁ ਵਹਿਰ ਕੋ ਅਬਿ ਤੇ ਸਦਾ ਨਿਹਾਲ' ॥ ੧੯ ॥ ਚੌਪਈ॥ ਸੁਨਤ੍ਯੋ ਸਿਸ ਕੇ ਖੁਲੇ ਕਪਾਟਾ। ਦ੍ਵੈਤ ਭਰਮ ਕੇ ਸਾਂਕੁਰ[2] ਕਾਟਾ। ਦਿੱਬ ਦ੍ਰਿਸ਼ਟਿ[3] ਹੋਈ ਤ੍ਰੈਲੋਕੈ। ਜਨਮ ਮਰਨ ਕ ਚੂਕੇ ਸ਼ੋਕੈ ॥ ੨੦ ॥ ਸ੍ਰੀ ਗੁਰ ਕਹੈਂ 'ਜਾਚ ਜੋ ਚਾਹੀ[4]। ਦੇਵੋਂ ਸੋ ਅਬ[5]* ਬਿਲਮੈ[6] ਨਾਂਹੀ'। ਹਾਥ ਬੰਦਿ ਬੋਲ੍ਯੋ ਸਿਸੁ ਤਬਹੀ।'ਤੁਮਰੇ ਨਿਕਟਿ ਸਿੱਧਿ ਜੋ ਸਭਿ ਹੀ।੨੧।ਦੋਹਰਾ॥ ਇਨਕੋ ਇਨਕੀ ਸ਼ਕਤਿ ਜੋ ਦੀਜੈ ਕ੍ਰਿਪਾ ਅਵਾਸ[7]! ਔਰ ਅਜਿੱਤਾ ਦੀਨ ਹ੍ਵੈਂ ਛੂਛੇ ਭਏ ਉਦਾਸ[8]॥੨੨॥ਚੌਪਈ॥ ਚਿੰਤਾਤੁਰ ਹ੍ਵੈਕੈ ਸਭਿ ਬੈਸੇ। ਕਿਰਪਨ[9] ਖੋਇ ਦਰਬ ਕੋ ਜੈਸੇ'। ਸ੍ਰੀ ਗੁਰ ਕਹ੍ਯੋ 'ਸ਼ਕਤਿ ਦਿਖਰਾਵਤਿ। ਦੰਭ ਕਰੈ ਨਿਜ ਮਾਨ ਬਧਾਵਤਿ[10]॥੨੩॥ ਦੇਨੀ ਉਚਿਤ ਅਬੈ ਨਹਿਂ ਇਨਕੋ। ਮਾਨ ਬਿਖੈ ਮਨ ਬੂਡ੍ਯੋ ਜਿਨਕੋ। ਤੇਰੋ ਕਹ੍ਯੋ ਨ ਮੋਰਹਿਂ ਕੈਸੇ। ਹੁਤੇ ਅਗਾਰੀ, ਹ੍ਵੈ ਅਬ ਤੈਸੇ'॥ ੨੪ ॥ ਸਿੱਧਨ ਧੁਤ ਅਚਰਜ ਨਰ ਨਾਰੀ। 'ਇਹ ਬਾਰਿਕ ਬਹੁ ਪਰਉਪਕਾਰੀ। ਬੈਸ ਅਲਪ ਮਹਿਮਾ ਅਧਿਕਾਇ। ਸਿੱਧਿ ਸਰਬ ਲੀਨੇ ਬਖ਼ਸ਼ਾਇ†'॥੨੫॥ ਦੋਹਰਾ ॥ ਭਈ ਸਭਿਨਿ ਮਹਿ ਸ਼ਕਤਿ ਪੁਨ ਰਹੇ

---

[1]ਬੜੇ ਪ੍ਰਸੰਨ ਹੋਏ। [2]ਸੰਗਲ। [3]ਗੁਪਤ ਤੇ ਉਹਲੇ ਪਦਾਰਥਾਂ ਆਦਿਕ ਨੂੰ ਵੇਖਣ ਵਾਲੀ ਨਜ਼ਰ। [4]ਜੋ ਚਾਹ ਹਈ। [5]ਹੁਣੇ ਹੀ। [6]ਡੇਰੀ। [7]ਹੇ ਕ੍ਰਿਪਾ ਦੇ ਘਰ। [8]ਖਾਲੀ ਹੋ ਜਾ ਕੇ ਉਦਾਸ ਹੈਨ। [9]ਕੰਜੂਸ। [10]ਭਾਵ ਸਿੱਧ ਲੋਕ ਐਸਾ ਕਰਦੇ ਹਨ। *ਪਾ:—ਅਸੁ=ਛੇਤੀ [ਸੰਸ:, ਆਸ਼ੁ]।

†ਬੱਚੇ ਦਾ ਅੱਗ ਵਿਚ ਨਾ ਸੜਨਾ ਤੇ ਹੋਰ ਕਰਾਮਤਾਂ ਜੋ ਗੁਰੂ ਜੀ ਦੀਆਂ ਇਸ ਅਧ੍ਯਾਯ ਵਿਚ ਹਨ ਇਹ ਸਿੱਧਾਂ ਵਾਂਙੂ ਮਾਨ ਵਧਾਉਣ ਲਈ ਨਹੀਂ ਦਿਖਲਾਈਆਂ ਗਈਆਂ, ਪਰ ਸਿੱਧਾਂ ਦੀ ਕਰਾਮਾਤ ਦੀ ਸ਼ਕਤੀ ਜਿਸਨੂੰ ਓਹ ਪਰਮ ਪਰਮਾਰਥ ਸਮਝੀ ਬੈਠੇ ਸਨ ਅਰ ਅਪਣੇ ਮਾਨ ਲਈ ਵਰਤਦੇ ਸਨ, ਉਸ ਮਾਨ ਤੇ ਅਵਿੱਦਯਾ ਨੂੰ ਤੋੜਨ ਵਾਸਤੇ ਸਨ। ਜੇ ਕਿਹਾ ਜਾਏ ਕਿ ਗੁਰੂ ਜੀ ਐਵੇਂ ਆਖ ਹੀ ਦਿੰਦੇ ਕਿ ਕਰਾਮਾਤ ਕੁਛ ਚੀਜ਼ ਨਹੀਂ, ਤਦ ਜੋ ਯੋਗ ਸਾਧਨ ਕਰਕੇ ਮਨ ਏਕਾਗਰ ਤੇ

[ਬਾਕੀ ਫੁਟ ਨੋਟ ਅਗਲੇ ਪੰਨੇ ਦੇ ਹੇਠਾਂ]

ਰਿਦੇ ਹਰਖਾਇ। 'ਧੰਨਧੰਨ ਸ੍ਰੀ ਗੁਰ ਤੁਹੀਂ ਮਹਿਮਾ ਕਹੀ ਨ ਜਾਇ ॥੨੬॥
ਚੌਪਈ ॥ ਸਿੱਖੀ ਧੰਨ, ਧੰਨ ਸਿਖ ਤੇਰੇ। ਪਰਉਪਕਾਰ ਕਰਹਿਂ ਦੁਖ ਹੇਰੇ'।
ਅਸ ਕਹਿ ਸਿੱਧਨ ਗਰਬ ਗਵਾਯੋ। ਬਹੁਰ ਨ ਸ੍ਰੀ ਗੁਰ ਨਿਕਟਿ ਜਨਾਯੋ
॥ ੨੭ ॥ ਭਈ ਸ਼ਾਂਤਿ ਦੁਰਮਤਿ ਸਭਿ ਨਾਸ਼ੀ*। ਕਹੈਂ 'ਪੁਰਖੁ ਤੁਮ ਹੋ
ਅਵਿਨਾਸ਼ੀ'। ਉਸਤਤਿ ਕਰਿਕੈ ਅਨਿਕ ਪ੍ਰਕਾਰਾ। ਪੁਨ ਬੂਝਨ ਹਿਤ ਬਚਨ
ਉਚਾਰਾ॥੨੮॥'ਕੇਤਿਕ ਸ਼ਕਤਿ ਤੁਮਾਰੇ ਮਾਹੀ?'। ਕਹਉ ਕ੍ਰਿਪਾ ਜੀ ! ਹਮਰੇ
ਪਾਹੀ। ਅਪਰ ਨ ਤੁਮਰੇ ਸਮਸਰ ਦੇਖਾ। ਸਭਿ ਤੇ ਤੁਮਹੋ ਪੁਰਖੁ ਬਿਸ਼ੇਖਾ'

*ਗੁਰੂ ਜੀ ਦਾ ਇਸ ਮੌਕੇ ਪਰ ਅਪਨਾ ਸ੍ਰੀ ਮੁਖ ਵਾਕ ਹੈ:—

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੇ ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੇ ॥ [ਸਿ: ਗੋ:—੭੩.

ਅਰਥਾਤ—ਸਿਧ ਤੇ ਸਾਧਨਾ ਵਾਲੇ ਗੁਰੂ ਵੀ ਤੇ ਚੇਲੇ ਵੀ (ਹੁਣ ਹੇ ਸਾਈਂ) ਤੇਰੇ ਹੁਕਮ ਨੂੰ ਖੋਜਦੇ ਫਿਰਦੇ ਹਨ, (ਤੇਰਾ) ਨਾਮ ਮੰਗਦੇ ਹਨ ਤੇ ਕਹਿੰਦੇ ਹਨ ਕਿ ਇਹ ਖੈਰ (ਸਾਨੂੰ) ਪਾ, (ਹੇ ਨਾਨਕ ਤੇਰੇ) ਦਰਸ਼ਨ (ਆਤਮ ਵਿੱਦਿਆ ਯਾ ਦੀਦਾਰ) ਤੋਂ ਅਸੀਂ ਸਦਕੇ ਹਾਂ। ਫਿਰ ਗੁਰੂ ਜੀ ਅਪਣੇ ਨਿੰਮ੍ਰਤਾ ਦੇ ਸ਼ੌਕੇ ਤੋਂ ਦਸਦੇ ਹਨ ਕਿ ਵਾਹਿਗੁਰੂ ਨੇ ਆਪ ਖੇਲ ਰਚਾਇਆ (ਤੇ ਉਨ੍ਹਾਂ ਨੂੰ) ਗੁਰਮੁਖਤਾ ਦੀ ਸੋਝੀ ਹੋ ਗਈ। ਭਾਈ ਗੁਰਦਾਸ ਜੀ ਲਿਖਦੇ ਹਨ:—

ਬਾਬੇ ਕੀਤੀ ਸਿਧ ਗੋਸ਼ਟ ਸਬਦ ਸਾਂਤਿ ਸਿੱਧਾਂ ਵਿਚਿ ਆਈ॥

ਕਿ ਬਾਬਾ ਜੀ ਦੀ ਸਿੱਧ ਗੋਸ਼ਟ ਕਰਨ ਨਾਲ ਸਿੱਧਾਂ ਵਿਚ ਸ਼ਾਂਤੀ ਆਈ, ਕਿਹੜੀ ਸ਼ਾਂਤੀ ਜਿਹੜੀ ਸ਼ਬਦ=ਨਾਮ ਵਿਚ ਨਿਸ਼ਚਾ ਤੇ ਅੱਭਯਾਸ ਕਰਨ ਨਾਲ ਆਉਂਦੀ ਹੈ।

[redacted] (ਪਿਛਲੇ ਪੰਨੇ ਦੀ ਬਾਕੀ ਟੂਕ)

ਸੰਯਮ ਕਰ ਕਰਕੇ ਕੁਛ ਚੇਟਕਾਂ ਹਾਸਲ ਕਰ ਚੁਕੇ ਹਨ, ਉਹ ਗੱਲਾਂ ਨਾਲ ਕਦ ਮੰਨਦੇ ਹਨ। ਜਦੋਂ ਇਹ ਦੇਖ ਲੈਣ ਕਿ ਸਾਨੂੰ ਰਾਹ ਪਾਉਣ ਵਾਲਾ ਸਾਡੇ ਨਾਲੋਂ ਵੱਡੀ ਸ਼ਕਤੀ ਰਖਦਾ ਹੈ, ਤੇ ਸ਼ਕਤੀ ਰਖਕੇ ਸਿੱਧੀਆਂ ਕਰਾਮਾਤਾਂ ਨੂੰ ਤੁੱਛ ਸਮਝਦਾ ਹੈ, ਉਸਦਾ ਕਹਿਣਾ ਮੁੱਲ ਵਾਲਾ ਕਹਿਣਾ ਉਹ ਮੰਨ ਸਕਦੇ ਸਨ। ਉਹ ਇਹ ਹੈ ਕਿ ਮੇਰੇ ਪਾਸ ਸ਼ਕਤੀ ਹੈ, ਪਰ ਮੈਂ ਇਸਨੂੰ ਤੁੱਛ ਸਮਝਦਾ ਹਾਂ, ਸਭ ਤੋਂ ਕੀਮਤੀ ਸ਼ੈ ਨਾਮ ਹੈ। ਬੱਚੇ ਦੀ ਮਿਸਾਲ ਇਹ ਦਿਖਾਈ ਕਿ ਕਿਸ ਤਰ੍ਹਾਂ ਦਾ ਆਗਯਾਕਾਰੀ ਹੈ ਜੋ ਅੱਗ ਵਿਚ ਜਾਣੋਂ ਨਹੀਂ ਝਿਜਕਦਾ, ਇਹ ਵਡੇਰੀ ਕਰਾਮਾਤ ਹੈ, ਅੱਗ ਵਿਚ ਨਾ ਸੜਨਾ ਇਹ ਅਚਰਜ ਕਰਨੇ ਵਾਲੀ ਕਰਾਮਾਤ ਹੈ, ਫਿਰ ਬੱਚੇ ਦਾ ਸਿੱਧਾਂ ਨੂੰ ਬਖਸ਼ਾਉਣਾ ਇਹ ਸੱਭ ਤੋਂ ਉੱਚੀ ਕਰਾਮਾਤ ਹੈ, ਸਿੱਧਾਂ ਦਾ ਅਹੰਕਾਰ ਤੋੜਨ ਵਾਸਤੇ ਇਹ ਸਾਰੇ ਸ਼ੁਭ ਗੁਣ ਬਾਰਾਂ ਬਰਸ ਦੇ ਬੱਚੇ ਤੋਂ ਦਿਖਲਵਾਏ ਕਿ ਪਰਾਏ ਦੀ ਹਾਨੀ ਹੁੰਦੀ ਨਾ ਦੇਖ ਸਕਣੀ, ਨੀਵੇਂ ਹੋਕੇ ਰਹਿਣਾ, ਰਜ਼ਾ ਵਿਚ ਰਹਿਣਾ ਤੇ ਨਾਮ ਸਿਮਰਣਾ, ਇਹ ਅਸਲ ਸਿੱਧ ਅਵਸਥਾ ਹੈ।

॥ ੨੯ ॥ ਦੋਹਰਾ ॥ ਗੁਰੂ ਭਨਯੋ 'ਸਤਿਨਾਮ ਕੀ ਬਡਿਆਈ ਬਡ ਜਾਨਿ। ਏਕੰਕਾਰ ਅਕਾਰ ਪ੍ਰਭੁ ਪੂਰਨ ਕ੍ਰਿਪਾਨਿਧਾਨ ॥ ੩੦ ॥ ਚੌਪਈ ॥ ਜੇਵਡ[1] ਸਾਹਿਬ ਤੇਵਡ[2] ਦਾਤਿ। ਕਬਹੂੰ ਪਾਰ[3] ਨ ਪਾਇਓ ਜਾਤ। ਕਰੁਨਾਮੈ ਨਿਤ ਜੋਤਿ ਸਰੂਪੀ। ਸਭਿ ਬਿਧਿ ਸ੍ਰੀ ਕਰਤਾਰ ਅਨੂਪੀ ॥੩੧॥ ਕ੍ਰਿਪਾਦ੍ਰਿਸ਼ਟਿ ਦੇਖਤਿ ਹੈ ਜਾਂਕੋ। ਦਾਨ ਨਾਮ ਕੋ ਦੇਵਤਿ ਤਾਂਕੋ। ਮਾਨ ਅਮਾਨ ਸੁਤੇ ਛੁਟਿ ਜਾਹੀਂ। ਸੁਖ ਕੇ ਸਹਿਤ ਪਰਮਪਦ ਪਾਹੀਂ ॥੩੨॥ ਸਤਿਗੁਰ ਕੀ ਵੱਡੀ ਵਡਿਆਈ। ਭੇਦ ਪਾਰ ਨਹਿ ਪਾਯੋ ਜਾਈ'। ਇਸ ਬਿਧਿ ਕਹਿ ਕਰਿ ਕ੍ਰਿਪਾਨਿਧਾਨਾ। ਤਿਨਸੋਂ ਏਕ ਸ਼ਲੋਕ ਬਖਾਨਾ ॥ ੩੩ ॥

ਸਲੋਕੁ ਮः ੧

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇਦੇ ਕਰੇ ਰਜਾਈ ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥ ੧ ॥ [ਮ ੧ ਵਾਰ

ਦੋਹਰਾ ॥ ਇਹ ਸ਼ਲੋਕ ਸੁਨਿਕੈ ਸਭੈ ਸਿੱਧਨ ਸਤਿ ਕਰਿ ਮਾਨ। ਗੋਰਖਾਦਿ ਤੇ ਦੀਨ ਹ੍ਵੈ ਬੰਦੇ ਜੋਰਤਿ ਪਾਨ[4] ॥ ੩੪ ॥ ਚੌਪਈ ॥ ਅਪਰ ਸਿੱਧ ਸਭਿ ਬਿਨੈ ਅਲਾਵੈਂ। ਭੰਗਰਨਾਥ ਨ ਸੀਸ ਨਿਵਾਵੈ। ਇਸ ਬਿਧਿ ਬਚਨ ਕਹਤਿ ਭਾ ਤਬਹੀ। 'ਪਸ਼ਚਮ[5] ਸੁਰਸਰਿ[6] ਬਹੀ ਨ ਕਬਹੀ ॥੩੫॥ ਅਸਤ ਨ ਪ੍ਰਾਚੀ ਸਵਿਤਾ ਭਯੋ'। ਧਾਰਿ ਪੰਖ[8] ਨਹਿ ਮੇਰੁ ਉਡਯੋ। ਹਮ ਹੈਂ ਸਿੱਧ ਜਿ ਗ੍ਰਿਹ-ਸਭਿ ਅਗਾਹੀ। ਨਮੋ ਕਰੈਂ ਅਸਮੰਜਸ[9] ਭਾਰੀ' ॥ ੩੬ ॥ ਉਡਨੋ ਅਕਾਸ਼ ਬਿਖੈ ਕਹਿ ਐਸੇ। ਜਾਤ ਬਿਹੰਗ ਧੁਤਿ ਬਲ ਕੇ ਜੈਸੇ। ਸ੍ਰੀ ਨਾਨਕ ਲਖਿ ਗਰਬ ਸਮੇਤਾ। ਕੌਂਸ[10] ਉਡਾਈ ਖੋਵਨ ਹੇਤਾ[11] ॥ ੩੭ ॥ ਲਗੀ ਜਾਇਕੈ ਸੀਸ ਮਝਾਰੀ। ਉਡਨੋ ਬਹੁਰ ਪੀਰਾ ਭੀ ਭਾਰੀ। ਤਿਹ ਤੇ ਉਚੀ ਗਈ ਖਰਾਇ[10]। ਸਿਰ ਮੈਂ ਲਾਗੀ ਰਹਨੋ ਬਚਾਇ ॥੩੮॥ ਜਬ ਥਿਰ ਹੋਵੈ ਪੁਨ ਸਿਰ ਲਾਗੈ। ਹਟੈ ਨ ਕਸ[12] ਜਿ ਅਪਰ ਦਿਸ਼ਿ ਭਾਗੈ। ਸ੍ਰੀ ਨਾਨਕ ਕੀ

[1]ਜਿੱਡਾ ਵੱਡਾ। [2]ਤਿਤਨੀ ਵੱਡੀ। [3]ਅੰਤ। [4]ਜੋੜਕੇ ਹੱਥ। [5]ਪੱਛੋਂ ਵਲ। [6]ਗੰਗਾ। [7]ਡੁਬਾ ਨਹੀਂ ਪੂਰਬ ਦਿਸ਼ਾ ਵਲ ਸੂਰਜ (ਕਦੀ)। [8]ਖੰਭ ਲਾਕੇ। [9]ਅਯੋਗ। [10]ਖੜਾਉਂ। [11](ਗਰਬ) ਖੋਵਨ ਲਈ। [12]ਕਿਸੇ ਤਰ੍ਹਾਂ ਬੀ।

Sri Satguru Jagjit Singh Ji eLibrary NamdhariElibrary@gmail.com

ਦਿਸ਼ਿ ਜਬ ਆਵੈ। ਸਿਰ ਤੇ ਕੌਂਸ ਲਗਨ ਹਟਿ ਜਾਵੈ॥੩੯॥ਜਾਨ੍ਯੋ ਰਿਦੈ ਨ ਹਟ੍ਯੋ[1] ਖਰਾਊ[2]। ਕਰ ਬਹੁ ਰਹ੍ਯੋ ਨ ਚਲਤਿ ਉਪਾਊ। ਪੀਰ ਪਾਇ ਹਿਰਦੇ ਪਛੁਤਾਨਾ। ਮਿਟ੍ਯੋ ਗਰਬ ਬਹੁ ਭਯੋ ਲਜਾਨਾ॥ ੪੦ ॥ ਦੋਹਰਾ ॥ ਹੋਇ ਦੀਨ ਆਵਤਿ ਭਯੋ ਜਹਿਂ ਬੇਦੀ ਕੁਲ ਦੀਪ। ਚਰਨ ਕਮਲ ਬੰਦਨ ਕਰੀ ਬੈਠ੍ਯੋ ਹੋਇ ਸਮੀਪ ॥ ੪੧ ॥ ਚੌਪਈ ॥ ਗੋਰਖ ਦੇਖਿ ਬਚਨ ਕੋ ਕਹੈ। 'ਇਉਂ ਕਰਿਵਾਏ ਬਿਨਾਂ ਨਾ ਰਹੈ। ਕਲੀਕਾਲ ਮੈਂ ਸ੍ਰੀ ਕਰਤਾਰਾ। ਨਾਮ ਜਪਾਵਨ ਹਿਤ ਤਨ ਧਾਰਾ॥੪੨॥ ਇਸਕੀ ਸਮਤਾ ਹੋਇ ਨ ਕੈਸੇ। ਬੰਦਨ ਕਰਹੁ ਭਲਾ ਹੁਇ ਜੈਸੇ।ਨੀਕੇ ਬਚਨ ਸੁਨੋ ਪੁਨ ਕਹੋ।ਤੱਤਗ੍ਯਾਨ ਕੋ ਉਰ ਮਹਿ ਲਹੋ' ॥ ੪੩ ॥ ਪੁਨ ਗੋਰਖ ਗੁਰ ਸੰਗਿ ਉਚਾਰਾ। 'ਕਲੀ ਕਾਲ ਮਹਿ ਕਲਾ ਵਰਤਾਰਾ?'। ਬੈਠੇ ਸਭਿ ਹੀ ਸਿੱਧ ਸਮੀਪਾ। ਤਬ ਬੋਲੇ ਬੇਦੀ ਕੁਲ ਦੀਪਾ ॥ ੪੪ ॥

ਸਲੋਕੁ ਮਃ ੧

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ੧ ॥ [ਵਾਰ ਆਸਾ

ਸਲੋਕੁ ਮਃ ੧ ॥

ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖਿ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥ [ਮਾਝ ਵਾਰ

ਸਲੋਕੁ ਮਃ ੧ ॥ ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ ॥ ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥ ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈਕੈ ਹਕੁ ਗਵਾਏ ॥ ਜੇਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ । ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ ਨਾਨਕ ਕਲਿਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥ ੧ ॥ ਰਾਮ: ਵਾਰ ਮ: ੧

[1]ਨਹੀਂ ਹਟਦੀ। [2]ਖੜਾਉਂ।

Sri Satguru Jagjit Singh Ji eLibrary NamdhariElibrary@gmail.com

ਚੌਪਈ॥ ਪੁਨ ਗੁਰ ਸਿੱਧਿ ਗੋਸ਼ਟਿ ਕਰੀ। ਸਿੱਧਿਨ ਕੀ ਦੁਬਿਧਾ ਸਭਿ ਹਰੀ। ਪਦ ਪੰਕਜ ਪਰ ਬੰਦਨ ਕਰਿਹੀਂ। ਉਸਤਤਿ ਉਚਰਿ ਹਰਖ ਉਰ ਧਰਿਹੀਂ[1] ॥੪੫॥ ਲਖ੍ਯੋ–ਕਲੀ ਮਹਿ ਭਾ ਅਵਤਾਰਾ। ਧਰਨ ਕੀਨ ਤਨ ਸ੍ਰੀ ਕਰਤਾਰਾ। ਨਾਮ ਜਪਾਇ ਪ੍ਰਮਾਨ ਉਧਾਰੈਂ[2]। ਜਹਿਂ ਤਹਿਂ ਕੀਰਤਿ ਧਰਮ ਬਿਥਾਰੈਂ ॥੪੬॥ ਹੋਤਿ ਸਮਾਨ ਨ ਯਾਂਕੇ ਕੋਊ। ਗਤਿਦਾਯਕ ਸ਼ਰਧਾ ਧਰਿ ਜੋਊ। ਬਿਨੁ ਪ੍ਰਭੁ ਹਮੈਂ ਨ ਜੀਤ ਸਕਾਈ–। ਯਾਂਤੇ ਸਤਿ ਜਾਨ੍ਯੋ ਜਗਰਾਈ ॥੪੭॥ ਦੋਹਰਾ ॥ ਇਸਿ ਬਿਧਿ ਧਰੀ ਪ੍ਰਤੀਤ ਉਰ ਕਰਿ ਬੰਦਨ ਜਗਤੇਸ਼। ਬਿਦਾ ਸਿੱਧਿ ਹੋਏ ਸਰਬ ਕਹਿ 'ਆਦੇਸ਼ ਅਦੇਸ਼' ॥ ੪੮ ॥ ਚੌਪਈ॥ ਸਭਿ ਚਰਚਾ* ਜੋ ਬਰਨਨ ਕਰਿਹੌਂ। ਗ੍ਰੰਥ ਬਧਨ ਤੇ ਉਰ ਮਹਿਂ ਡਰਿਹੌਂ। ਬਹੁਰ ਨ ਪਾਰ ਸੁ ਪਾਯੋ ਜਾਈ। ਸ੍ਰੀ ਗੁਰੁ ਜੇਤਿਕ[3] ਚਰਚਾ ਗਾਈ ॥ ੪੯ ॥ ਮੇਲਾ ਬਿਛੁਰਨ[4] ਲਗ੍ਯੋ ਬਹੋਰੀ। ਗਮਨੇ ਮਾਨਵ ਨਿਜ ਨਿਜ ਠੌਰੀ। ਬਾਢੀ[5] ਬਾਲਕ ਪਗ ਲਪਟਾਯੋ। ਆਰਨਸੁਤ ਕਰ[6] ਪ੍ਰਭੁ ਸਿਰ ਲਾਯੋ। 'ਮਿਲਿ ਜੋ ਤੁਮ ਗਤਿ ਪਾਵਹਿ[7]' ਕਹਿ ਮੁਖ[8]। ਸੱਤਿਨਾਮ ਤੁਮ ਕਹੁ ਸਭਿ ਮੈ ਲਖਿ[9] ॥੫੦॥ ਦੋਹਰਾ ॥ ਬਸਹੁ ਤਾਤ[10] ਨਿਜ ਤਾਤਨੀ[11] ਪਾਸ ਜਾਇ ਤੁਮ ਤਾਤ[12] 'ਬਹੁ ਨਰ ਕੋ ਭਵ[13] ਤਾਰਿ ਹੋ ਪੁਨਿ ਗਤਿ ਹ੍ਵੈ ਬੰਧਨਾਤ[14]' ॥੫੧॥ ਚੌਪਈ॥ ਮਾਨਿ ਬਚਨ ਸ੍ਰੀ ਜਗਤੇਸ੍ਵਰ ਕੋ। ਗਦ ਗਦ ਹ੍ਵੈ ਤੁਰਿ ਪਾ[15] ਨਿਜ ਘਰ ਕੋ। ਕੇਤਿਕ ਸੇਵਕ ਸੰਗ ਸਿਧਾਰੇ। ਜਗ ਗੁਰ ਪ੍ਰਵਿਸ਼ੇ ਪੁਰਿ ਕਰ-ਤਾਰੇ ॥ ੫੨ ॥ ਕਿਤਿਕ ਕਾਲ ਪ੍ਰਭੁ ਦੀਨ ਦਯਾਲਾ। ਰਹੇ ਤਹਾਂ, ਬੈਠਹਿਂ ਧ੍ਰਮਸਾਲਾ। ਹੋਤਿ ਕੀਰਤਨ ਨਿਸ ਦਿਨ ਪਾਸੂ। ਦਰਸਹਿ ਸੰਗਤਿ ਕਰਿ ਅਰਦਾਸੂ ॥ ੫੩ ॥ ਧਾਰਿ ਕਾਮਨਾ ਜੋ ਉਰ ਆਵਹਿ। ਦਰਸ਼ਨ ਕਰਤਨੌਂ ਸੋ ਸਭਿ ਪਾਵਹਿ। ਗ੍ਰਾਮ ਨਗਰ ਸਗਰੇ ਪੁਰਿ ਮਾਂਹੀ। ਲੇ ਸ੍ਰੀ ਨਾਨਕ ਨਾਮ ਸਰਾਹੀਂ[16] ॥੫੪॥ ਸੁਨਿ ਕਰਿ ਮਾਲੋ ਸ਼ੇਖ ਪ੍ਰਸ਼ੰਸਾ। ਗਯੋ ਨਿਕਟਿ ਬੰਦਿਨ

---

[1] ਭਾਵ ਸਿੱਧ ਲੋਕ। [2] ਪੁਰਸ਼ਾਂ ਨੂੰ ਤਾਰਨਗੇ। [3] ਜਿਤਨੀ ਕੁ। [4] ਉੱਜੜਨ। [5] ਤਿਖਾਣ ਦਾ। [6] ਹੱਥ ਕਮਲ। [7] ਮਿਲੇਗਾ ਜੋ ਤੈਨੂੰ (ਸੋ) ਮੁਕਤੀ ਪਾਵੇਗਾ। [8] (ਤੇਰੇ) ਮੁਖੋਂ ਕਹਣ ਮਾਤ੍ਰ ਨਾਲ(ਅ)ਮੂੰਹੋਂ ਕਿਹਾ ਗੁਰੂ ਜੀ ਨੇ। [9] ਸਭ ਵਿਚ ਲਖ ਕੇ (ਵ੍ਯਾਪਕ ਵਾਹਿਗੁਰੂ)(ਅ) ਸਭਨਾਂ ਨੂੰ(ਪਰ) ਵੇਖਕੇ। [10] ਪਿਤਾ(ਤੋਂ)। [11] ਆਪਣੀ ਮਾਤਾ (ਦੇ ਪਾਸ)। [12] ਹੇ ਪੁੱਤ੍ਰ!। [13] ਸੰਸਾਰ ਤੋਂ। [14] ਪ੍ਰਗਟ ਹੀ ਮੁਕਤ ਹੋਵੇਗੀ। [15] ਚੱਲ ਪਿਆ। [16] ਸਲਾਹੁੰਦੇ ਹਨ। *ਭਾਈ ਗੁਰਦਾਸ ਜੀ ਨੇ ਬੀ ਇਸ ਗੋਸ਼ਟ ਦਾ ਸੰਖੇਪ ਆਪਣੀ ਪਹਿਲੀ ਵਾਰ ਵਿਚ ਦਿੱਤਾ ਹੈ। ਵੇਖੋ ਇਸ ਪੁਸਤਕ ਦਾ ਪੰਨਾ ੧੦੫੯ ਜਿਥੇ ਇਸ ਗੋਸ਼ਟ ਸੰਬੰਧੀ ਭਾਈ ਸਾਹਿਬ ਦੀਆਂ ਪਉੜੀਆਂ ਟੂਕ ਵਿਚ ਦਿਖਾਈਆਂ ਗਈਆਂ ਹਨ।

Sri Satguru Jagjit Singh Ji eLibrary NamdhariElibrary@gmail.com

ਅਵਤੰਸ[1] । ਕਰਿ ਸਲਾਮ ਬੈਸਯੋ ਤਬ[2] ਪਾਸੁ । ਬੂਝਨ ਲਾਗਯੋ ਮਤਸਰ ਜਾਸੁ[3] ॥੫੫॥ 'ਹਿੰਦੂ ਬਡੇ ਕਿ ਤੁਰਕ ਬਤਾਵਉ । ਉੱਤਮ ਕਿਹ ਕੋ ਮਤੋ? ਸੁਨਾਵਉ । ਸ਼ੁਭ ਗਤਿ ਕੈਸੇ ਪ੍ਰਾਪਤਿ ਹੋਇ? ਤੁਮਰੀ ਉਸਤਤਿ ਕਹਿ ਸਭਿ ਕੋਇ' ॥ ੫੬ ॥ ਸੁਨਿਕੈ ਸ਼੍ਰੀ ਗੁਰ ਬਚਨ ਬਖਾਨੇ । 'ਇਸ ਬਿਧਿ ਬੂਝਹਿੰ ਜੋ ਅਨਜਾਨੇ । ਉਰ ਮਹਿ ਭਰਮ ਸੁਮਤਿ ਨਹਿ ਪਾਈ । ਦ੍ਵੈ ਪਖ ਹਿੰਦੂ ਤੁਰਕ ਦ੍ਰਿੜਾਈਂ ॥ ੫੭॥ ਤੱਤ੍ਵ ਵਸਤੁ ਕੋ ਜਾਨਹਿੰ ਨਾਂਹੀਂ । ਝਗਰੇ ਬਾਂਧੈਂ[4] ਦਾਵੇ ਮਾਂਹੀ । ਇਨ ਕੋ ਗਤਿ ਨਹਿ ਪ੍ਰਾਪਤਿ ਹੋਇ । ਜਮ ਕੋ ਡੰਡ ਸਹੈਂ ਨਿਤ ਸੋਇ'॥ ੫੮ ॥ ਸੁਨਤਿ ਗਯੋ ਜਰਿ[5] ਮਾਲੋ ਸ਼ੇਖਾ । ਬੋਲਯੋ ਜਿਹ ਕੋ ਅਨਖ[6] ਵਿਸ਼ੇਖਾ । 'ਹਿੰਦੂ ਤੁਰਕ ਨਹੀਂ ਜੇ ਕੋਈ । ਕਿਉਂ ਖ਼ੁਦਾਇ ਸਿਰਜੇ ਇਹ ਦੋਈ ? ॥ ੫੯ ॥ ਇਕ ਖ਼ੁਦਾਇ,ਇਕ ਸਿਮਰਹਿ ਰਾਮ* । ਪ੍ਰਿਥਕ[7] ਰਹਤਿ ਨਿਜ ਨਿਜ ਦ੍ਵੈ ਧਾਮ।ਪਸ਼ਚਮ ਮੁਖ ਇਕ ਪ੍ਰਾਚੀ ਕਰਿਹੀਂ । ਨਿਜ ਮਤ ਦੋਊ ਭਲੋ ਉਚਰਿਹੀਂ' ॥ ੬੦ ॥ ਸ਼੍ਰੀ ਨਾਨਕ ਪੁਨ ਬੈਨ ਬਖਾਨੇ । 'ਉੱਤਮ ਭਗਤਿ ਕਬੀਰ ਮਹਾਨੇ । ਸਭਿ ਤੇ ਮਹਿਮਾਂ ਤਿਨਿ ਅਧਿਕਾਈ । ਰਾਮ ਕਬੀਰ ਭੇਦ ਨਹਿ ਰਾਈ† ॥ ੬੧ ॥ ਤਿਸਨੈ ਦੋਨੋ ਕੋ ਸਮਝਾਵਾ। ਭਲੀ ਭਾਂਤਿ ਸੋਂ ਭਰਮ ਮਿਟਾਵਾ। ਜਗ ਮੈਂ ਜਨਮ ਤੁਰਕ ਘਰ ਭਯੋ । ਸੁਨਿ ਤੂੰ ਜਿਉਂ ਤਿਨਿ ਬਰਨਨ ਕਿਯੋ ॥੬੨॥ ਦੋਹਰਾ॥—ਇਕ ਮਾਟੀ ਇਕ ਨੌ ਕਰੇ ਏਕ ਜੋਤਿ ਸਭਿ ਮਾਂਹਿ । ਇਕ ਸੋ ਬਨਯੋ ਬਨਾਉ ਤਹਿ ਭਰਮਹੁ ਉਰ ਮਹਿ ਨਾਂਹਿ ॥ ੬੩ ॥ ਏਕੰਕਾਰ ਖ਼ੁਦਾਇ ਸੋ ਰਾਮ ਰਹੀਮ ਨ ਦੋਇ । ਭੂਲੇ ਬਾਧੇ ਪਾਖ ਜੋ ਜਨਮ ਮਰਨ ਮਹਿ ਸੋਇ ॥੬੪॥ ਚੌਪਈ॥ ਦੋਹਿ ਕੂਰ, ਕੂਰੇ[8] ਇਹੁ ਦਾਵੇ । ਹਿੰਦੂ ਤੁਰਕ ਮਨੇ ਜਿ ਮਨਾਵੇ । ਘਟ ਛੂਟੇ[9] ਕਵਾ ਨਾਮ ਕਹੋਗੇ । ਤਨ ਦਾਵੇ ਬਿਨੁ ਜਬੈ ਰਹੋਗੇ ॥੬੫ ॥ ਅਲਹਿ ਅਕਾਲ ਏਕ ਸ਼੍ਰੀ ਨਾਮੁ । ਦਾਵੇ ਕਰਹਿੰ ਪਖੰਡਨ ਧਾਮੁ[10] । ਜਗਤ ਝੂਠ

---

[1] ਬੇਦੀ ਕੁਲ ਦੇ ਭੂਖਣ । [2] ਤਦੋਂ । [3] ਈਰਖਾ ਸੀ ਜਿਸ ਨੂੰ । [4] ਬੰਨ੍ਹਦੇ ਹਨ । [5] ਸੜ । [6] ਗੁੱਸਾ । [7] ਵੱਖਰੇ ਵਖਰੇ । [8] ਝੂਠੇ । [9] ਮਰਨ ਤੇ । [10] ਭਾਵ ਪਖੰਡੀ, ਮੂਰਖ । *ਪਾ:—ਨਾਮ ।

†ਇਹ ਗਲ ਹਿੰਦਾਲੀਏ ਵਲੋਂ ਹੈ ਯਾ ਜੇ ਉਸ ਨਾਲ ਕੋਈ ਕਬੀਰ ਪੰਥੀ ਸੀ ਤਾਂ ਉਸ ਵਲੋਂ ਹੈ । ਸ਼੍ਰੀ ਗੁਰੂ ਜੀ ਦੇ ਮੂੰਹੋਂ ਕਬੀਰ ਜੀ ਨੂੰ ਵਡਾ ਅਖਵਾਣ ਦਾ ਜਤਨ ਹੈ, ਪਰ ਏਥੇ ਸਮਝ ਕਰ ਲੈਣੀ ਚਾਹੀਏ ਕਿ ਭਗਤਾਂ ਵਿਚੋਂ ਵੱਡਾ ਕਹਿ ਰਹੇ ਹਨ । ਆਪ ਗੁਰੂ ਜੀ 'ਗੋਬਿੰਦ ਰੂਪ' ਹਨ ।

ਮਹਿੰ ਝੂਠੇ ਦਾਵੇ। ਦ੍ਰਿਸ਼ਟਿਮਾਨ ਸਭਿ ਹੀ ਬਿਨਸਾਵੇਂ[1]—॥ ੬੬ ॥ ਅਸ
ਬਿਚਾਰ ਮਾਲੋ! ਉਰ ਕਰੀਏ। ਚਹਿੰ ਜਿ ਭਲਾ, ਭ੍ਰਮ ਕੋ ਪਰਹਰੀਏ[2]।
ਕੁਮਤਿ ਬਿਦਾਰਨ[3] ਦਿਯ ਉਪਦੇਸ਼ਾ। ਕ੍ਰਿਪਾ ਦ੍ਰਿਸ਼ਟਿ ਦੇਖੀ ਜਗਤੇਸ਼ਾ॥
੬੭॥ਦੋਹਰਾ॥ ਦੰਭ ਕਦਨ[4] ਕੇ ਬਚਨ ਤੇ ਅਨਦ ਸਦਨ[5] ਸੁਨਿ ਬੈਨ।
ਪਦ ਪੰਕਜ ਪਰ ਪਰਿ ਰਹ੍ਯੋ ਹਰਖਤਿ ਉਰ ਭੀ ਚੈਨ॥੬੮॥ ਚੌਪਈ॥ ਹੋਇ
ਦੀਨ ਮਨ ਬਿਨੈ ਬਖਾਨੀ।'ਅਬ ਜਾਨੇ ਤੁਮ ਸ਼੍ਰੀਗੁਨਖਾਨੀ। ਭਯੋ ਮੁਰੀਦ[6]
ਰਾਵਰ ਕੇਰਾ। ਬਚਨ ਸੁਨਤਿ ਭ੍ਰਮ ਮਿਟਿਗ੍ਯੋ ਮੇਰਾ॥ ੬੯ ॥ ਹੇ ਖੁਦਾਇ
ਮੂਰਤਿ ਧਰਿ ਆਏ। ਦਾਵੇ ਦ੍ਵੈਤ ਪਖੰਡ ਮਿਟਾਏ। ਅਬ ਤੁਮ ਪੀਰ ਭਏਹੋ
ਮੇਰੇ।ਉਪਜੀ ਸ਼ਾਂਤਿ ਦਰਸ ਕੋ ਹੇਰੇ॥੭੦॥ਮੁਰ ਉਰ ਨਭ[7]ਰਵਿਰੂਪ ਤੁਮਾਰਾ[8]।
ਬਚਨ ਕਿਰਨ[9] ਧੁਤ[10] ਕਰਹੁ ਬਸਾਰਾ[11]। ਦਿਪੈ ਸਦੀਵ ਮੋਹ ਤਮ
ਨਾਸੂ[12]।ਕਲਿਮਲ ਉਡ ਕੋ[13] ਮਿਟਹਿ ਪ੍ਰਕਾਸੂ॥੭੧॥ਦੋਹਰਾ॥ਪ੍ਰਸ਼ਨ ਕਹਉਂ
ਇਕ ਔਰ ਮੁਝ ਜੋ ਖੁਦਾਇ ਦਰਗਾਹ। ਕੋ ਆਦਰ ਤਹਿ ਪਾਵਈ ਜਿਹ
ਨਕਾਰ[14] ਕਿਤ ਨਾਂਹਿ॥੭੨॥ ਚੌਪਈ॥ ਤਿਹ ਕੇ ਲੱਛਨ ਮੁਝਹਿ ਸੁਨੱਈਏ।
ਜਿਹ ਤੇ ਦਰਗਹਿ ਠਾਕ ਨ ਪੱਈਏ'।ਬਹੁਰੋ ਸ਼੍ਰੀ ਪ੍ਰਭੁ ਬਚਨ ਉਚਾਰੇ।'ਦ੍ਵੈਤੀ
ਦਾਵੇ ਜਿਹ ਮਨ ਟਾਰੇ[15] ॥੭੩॥ ਭਾਣਾ ਵਾਹਿਗੁਰੂ ਕੋ ਮਾਨਹਿ।ਕਲਿ ਮਹਿੰ
ਕੀਰਤਿ ਨਾਮ ਬਖਾਨਹਿ। ਤਿਨ ਕੋ ਆਦਰ ਸਰਬ ਸਥਾਨਾ।ਹਰਖ ਸ਼ੋਕ
ਸਮ ਮਾਨ ਅਮਾਨਾ[16]॥੭੪॥ਨਹਿੰ ਨਕਾਰ[14] ਤਿਹ ਕੋ ਕਤ ਹੋਵਹਿ। ਸਾਚਿ
ਰਤੇ ਸੋ ਸਾਚ ਬੁਗੋਵਹਿਂ[17]।ਕੋਮਲ ਹਿਰਦੇ ਪਰਉਪਕਾਰੀ। ਦੁਖ ਸੁਖ ਮਹਿੰ
ਸਮ ਕਰਤਿ ਬਿਚਾਰੀ' ॥੭੫॥ ਦੋਹਰਾ ॥ ਸ਼੍ਰੀ ਗੁਰ ਕੋ ਉਪਦੇਸ਼ ਸੁਨਿ ਪੀਰ
ਥਾਪਿ ਨਿਜ ਸੋਇ। ਭਯੋ ਮੁਰੀਦ ਅਧੀਨ ਹ੍ਵੈ ਰਿਦੇ ਪ੍ਰੇਮ ਮੈਂ ਹੋਇ॥ ੭੬ ॥
ਚੌਪਈ॥ਕੇਤਿਕ ਦਿਵਸ ਰਹ੍ਯੋ ਪ੍ਰਭੁ ਪਾਸੂ।ਗਯੋ ਸ਼ੇਖ ਪੁਨ ਅਪਨ ਅਵਾਸੂ।

---

[1]ਨਾਸ਼ ਹੋ ਜਾਣਗੇ।[2]ਨਾਸ਼ ਕਰੋ। [3]ਖੋਟੀ ਮਤਿ ਦੂਰ ਕਰਨ ਹਿਤ। [4]ਦੰਭ ਕੱਟਣਹਾਰ। [5]ਅਨੰਦ ਦੇ ਘਰ—ਬਚਨਾਂ ਦਾ ਵਿਸ਼ੇਸ਼ਣ ਹੈ। (ਅ)ਬਚਨ ਸੁਣਕੇ ਅਨੰਦ ਦਾ ਘਰ ਬਣ ਗਿਆ। [6]ਸਿੱਖ। [7]ਮੇਰੇ ਹਿਰਦੇ ਰੂਪੀ ਅਕਾਸ਼ ਵਿਖੇ। [8]ਸੂਰਜ ਰੂਪੀ ਆਪ ਦਾ ਰੂਪ ਹੈ। [9]ਬਚਨਾਂ ਰੂਪੀ ਕਿਰਨਾਂ ਹਨ। [10]ਸਹਤ। [11]ਵਾਸਾ ਕਰੋ। [12]ਮੋਹ ਰੂਪੀ ਅਨ੍ਹੇਰੇ ਨੂੰ ਨਾਸ਼ ਕਰਨ ਵਾਲਾ। [13]ਪਾਪਾਂ ਰੂਪੀ ਤਾਰਿਆਂ ਦਾ। [14]ਨਿਰਾਦਰ, ਨਾਂਹ। [15]ਜਿਨ੍ਹੋ ਮਨ ਤੋਂ ਦੂਰ ਕੀਤੇ ਹਨ। [16]ਆਦਰ ਨਿਰਾਦਰ। [17]ਕਹਿੰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਰਿਦੇ ਧਰੇ ਸ਼੍ਰੀ ਨਾਨਕ ਧ੍ਯਾਨਾ।ਬੈਠੇ ਜਹਿਂ ਨੁਤਿ[1] ਕਰਹਿ ਬਖਾਨਾ॥77॥
ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਮਾਲੋ ਸ਼ੇਖ ਪ੍ਰਸੰਗ' ਬਰਨਨੰ ਨਾਮ ਚਾਲੀਸਮੋ ਅਧ੍ਯਾਯ ॥ ੪੦ ॥

੪੧. [ਦਸਮ ਗੁਰ ਮੰਗਲ। ਉਬਾਰੇ ਖਾਨ, ਅਬ੍ਦੁਰਹਮਾਨ]

ਦੋਹਰਾ—ਗੁਰੂ ਗੋਬਿੰਦ ਸਿੰਘ ਸਿਮਰ ਨਿਤ ਅਪਰ ਨ ਜਾਂਹਿ ਸਮਾਨ।
ਜਿਯਤਿ ਰਾਜ ਸੁਖ ਸਰਬਦਾ ਮਰਤਿ ਮੁਕਤਿ ਦੇਂ ਦਾਨ ॥੧॥

ਅਪਰ=ਹੋਰ। ਜਿਯਤਿ=ਜੀਉਂਦਿਆਂ।
ਰਾਜ ਸੁਖ=ਐਸ਼੍ਵਰਜ ਦਾ ਸੁਖ, (ਅ) ਸਿਰ ਸੁਖਾਂ ਦੇ ਸੁਖ, ਵੱਡਾ ਸੁਖ।
ਸਰਬਦਾ=ਸਦਾ, ਹਮੇਸ਼ਾਂ।

ਅਰਥ—ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਦਾ ਸਿਮਰ ਜਿਨ੍ਹਾਂ ਦੇ ਤੁੱਲ ਹੋਰ ਕੋਈ ਨਹੀਂ, ਜੋ ਜੀਉਂਦਿਆਂ ਸਰਬਦਾ ਐਸ਼੍ਵਰਜ ਦਾ ਸੁਖ (ਦੇਂਦੇ) ਤੇ ਮਰਿਆਂ ਮੁਕਤੀ ਦਾ ਦਾਨ ਦਿੰਦੇ ਹਨ।

ਸ਼੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ਼੍ਰੀ ਅੰਗਦ ਸੁਨਿ ਕਥਾ ਮਹਾਨਾ। ਮਾਲੋ ਮੀਤ ਹੁਤੋ ਇਕ ਖਾਨਾ। ਸੋ ਜਬਿ ਮਿਲਿਨ ਹੇਤ ਢਿਗ ਆਵਾ। ਕਰਿਕੈ ਹਰਖ 'ਸਲਾਮ' ਅਲਾਵਾ॥ ੨ ॥ ਬੈਠਯੋ ਨਿਕਟ ਧਰੈ ਅਨੁਰਾਗਾ। ਤਬਿ ਗੁਰ ਕੇ ਗੁਨ ਗਾਵਨ ਲਾਗਾ। 'ਸੁਨਹੁ ਉਬਾਰੇਖਾਂ ਜੁ ਖ਼ੁਦਾਇ। ਨਾਨਕ ਨਾਮ ਕਹਾਯੋ ਆਇ ॥ ੩ ॥ ਜਿਹ[2] ਗੁਨ ਨਾਗਰਾਜ[3] ਨਿਤ ਗਾਵਤਿ। ਤੱਦਪਿ ਨਹੀਂ ਪਾਰ ਕੋ ਪਾਵਤਿ। ਸੋ ਕੈਸੇ ਮੈਂ ਮੁਖ ਤੇ ਭਾਖੋਂ।ਸਦਾ ਨਾਮਕੋ ਉਰ ਮਹਿਂ ਰਾਖੋਂ॥੪॥ ਤੁਮ ਅਬ ਜਾਹੁ ਦਰਸ ਕੋ ਕਰੀਏ। ਉਰ ਕੋ ਸਰਬ ਭਰਮ ਪਰਹਰੀਏ'।ਅਸ ਸੁਨਿ ਸ਼੍ਰੀ ਗੁਰ ਕੇਰ ਪ੍ਰਸ਼ੰਸ਼ੂ। ਤੂਰਨ ਚਲਯੋ ਖਾਨ ਜਿਸ ਬੰਸੂ[4]॥੫॥ ਆਇ 'ਸਲਾਮਾਲੇਕਮ'ਕਰਿਕੇ। ਬੈਠਯੋ ਨਿਕਟਿ ਹਰਖ ਉਰ ਭਰਿਕੈ।ਕਹਯੋ'ਬਡੋ ਮਤਿ ਹਿੰਦੂ ਤੁਰਕਾ।ਉਚਰਹੁ ਤਪਾ ਭੇਦ ਨਿਜ* ਉਰ ਕਾ'॥੬॥ ਸ਼੍ਰੀ ਗੁਰ ਭਨਿਓ 'ਪਖ ਜੋ ਦੋਊ। ਚਾਰ ਦਿਵਸ ਕੇ ਜਾਨਹੁ ਸੋਊ। ਦੇਹਿ ਮ੍ਰਿਤਕ ਮਾਟੀ ਰਲਿ ਜਾਹਿ। ਮੂਰਖ ਬਾਦਹਿਂ[5] ਜਨਮ ਗਵਾਹਿਂ ॥ 7 ॥ ਦੋਹਰਾ ॥ ਭੂਲੇ ਮਗ ਪਾਵਹਿ ਨਹੀਂ ਜਾਇਂ ਨਿਰੈਪਦ[6] ਸੋਇ। ਸੁਖ ਪ੍ਰਾਪਤਿ ਤਿਨ ਹੋਤਿ ਹੈ ਮਾਨਤਿ ਆਇਸੁ[7] ਜੋਇ॥੮॥ਚੌਪਈ॥ਪ੍ਰੇਮ ਭਗਤਿ

[1]ਉਸਤਤੀ। [2]ਜਿਸ ਦੇ। [3]ਸ਼ੇਸ਼ਨਾਗ। [4]ਪਠਾਨ ਜਿਸ ਦੀ ਜਾਤ ਸੀ। [5]ਬਿਅਰਥ। [6]ਨਰਕ ਨੂੰ। [7]ਆਗਿਆ (ਰੱਬ ਦੀ)। *ਪਾ:—ਸਭ।

Sri Satguru Jagjit Singh Ji eLibrary NamdhariElibrary@gmail.com

ਕੀਰਤਿ ਗੁਨ ਗਾਵਤਿ।ਸੋ ਜਗ ਮਹਿ ਨਹਿਂ ਆਵਤਿ ਜਾਵਤਿ। ਬੰਦਾ ਹੋਇ ਬੰਦਗੀ ਕਰੈ। ਭੂਖਨ ਨਾਮ ਕੰਠ ਮਹਿ ਧਰੈ॥੯॥ ਬੁਜਰਕ[1] ਸੰਗਤਿ ਸਮਾਂ ਬਿਤਾਵੈ।ਦਿਲ ਤੇ ਦਾਵਾ ਦੂਰਿ ਗਵਾਵੈ। ਸਿਰਜੇ ਇਕਸਮ ਸਿਰਜਨਹਾਰੁ। ਬਾਂਧਹਿ ਦਾਵੇ ਕੂਰ ਗਵਾਰੂ[2] ॥ ੧੦ ॥ ਕਰਤਿ ਬਾਦ[3] ਦੋਊ ਖਪਿ ਜਾਇਂ। ਬਿਨ ਮਗ ਪਾਏ ਨਰਕ ਸਿਧਾਇਂ। ਭਰਮੇ ਭੂਲੇ ਆਵਹਿ ਜਾਈ। ਸਤਿਗੁਰ ਮਿਲੈ ਤ ਦੇਹਿ ਬਤਾਈ' ॥ ੧੧ ॥ ਦੋਹਰਾ ॥ ਸੁਨਤਿ ਉਬਾਰੇ ਖਾਂਨ ਕੋ ਪ੍ਰੇਮ ਭਯੋ ਮਨ ਆਇ। ਕਹੈ 'ਤਪਾ ਜੀ ! ਚਰਨ ਨਿਜ ਮੋਕੋ ਦਰਸ ਦਿਖਾਇ ॥ ੧੨ ॥ ਚੌਪਈ ॥ ਜੈਸਾ ਸ੍ਰਵਨ ਸੁਨਯੋ ਮੈਂ ਤੁਮਰੋ। ਤੈਸੋ ਦਰਸ ਭਯੋ ਬਿਨ ਸ਼ਰਮ ਕੋ[4]। ਮੋਰ ਮਨੋਰਥ ਪੂਰਹੁ ਸੁਾਮੀ। ਕਰਹੁ ਕ੍ਰਿਤਾਰਥ ਅੰਤਰਜਾਮੀ!' ॥੧੩॥ ਆਸਨ ਕਰ ਅਸੀਨ[5] ਸ੍ਰੀ ਨਾਨਕ। ਸਭਿ ਸਰੀਰ ਪਰ ਬਸਤ੍ਰ ਸੁ ਤ੍ਰਾਨਕ[6]। ਸੁਨੀ ਬਿਨੈ ਕਰੁਨਾ ਨਿਧਿ ਜਬਿਹੀ।ਨਿਜ ਪਗ ਬਹਿਰ ਨਿਕਾਸੇ ਤਬਿਹੀ॥੧੪॥ਜਿਨ ਕੋ ਮੁਨਿ ਜਨਿ ਧ੍ਯਾਨ ਧਰਤਿ ਹੈਂ। ਸੁਰ ਸੁਰਿੰਦ ਜਿਹ[7] ਨਮੋ ਕਰਤਿ ਹੈਂ। ਸਿਖ ਸੇਵਕ ਜਿਹ[8] ਅਨਿਕ. ਉਧਾਰੇ। ਕਵਿ ਤਿਨ ਪਰ ਜਾਵਤਿ ਬਲਿਹਾਰੇ॥੧੫॥ਦੋਹਰਾ॥ਮਗਨ ਪ੍ਰੇਮ ਮੈਂ ਹੋਇ ਕਰਿ ਤਬੈ ਉਚਾਰੇ ਖ਼ਾਨ। ਸਿਰ ਧਰਿ ਜਾਨਯੋ ਸਫਲ ਨਿਜ ਚਰਨ ਗਹੇ ਨਿਜ ਪਾਨ ॥ ੧੬॥ ਚੌਪਈ ॥ ਲੋਚਨ ਮੁਖ ਪਰ ਨਿਜ ਕਰ ਦੋਊ। ਫੇਰਤਿ ਭਾ ਹਰਖਤਿ ਉਰ ਸੋਊ। ਬਾਰ ਬਾਰ ਜੁਗ ਚੂਮਨ ਕਰਿਹੀ। ਮਾਨਹੁ ਮਹਾਂ ਮੋਹ ਕੋ ਦਰਿਹੀ[9] ॥੧੭॥ ਨਿਜ ਸਰੂਪ ਕੀ ਲਖਤਾ ਹੋਈ। ਨਾਸ਼ਯੋ ਹੁਤੋ ਭਰਮ ਉਰ ਜੋਈ। ਧਰਿ ਕੈ ਸ਼ਰਧਾ ਭਯੋ ਨਿਹਾਲਾ। ਭਵ ਬੰਧਨ ਛੂਟੇ ਜਮਜਾਲਾ॥੧੮॥ਭੁਜੰਗ ਛੰਦ॥ ਘਟੀ ਚਾਰ ਬੈਸਯੋ ਕਹੈ ਯੌਂ ਉਬਾਰਾ। 'ਭਯੋ ਆਜ ਮੋਕੋ ਮੁਕੰਦੰ[10] ਦਿਦਾਰਾ॥ਰਿਦੇ ਸ਼ਾਂਤਿਪਾਈ ਗਯੋ ਮੋਹਦੂਰੰ।ਦੁਖੰ ਨਾਸ਼ ਕਾਰੀ ਤੁਹੀ ਰੂਪਰੂਰੰ ॥੧੯॥ ਸਵੈਯਾ ॥ ਆਇਸੁ ਦੇਹੁ ਅਬੈ ਮੁਝ ਕੋ ਨਿਜ ਧਾਮ ਕੋ ਜਾਇ ਬਹੋਰ[11] ਸੁ ਆਊਂ। ਦੀਨ ਦਇਆਲ ਕਰੋ ਕਰੁਨਾ ਉਰ ਰਾਵਰਿ ਧ੍ਯਾਨ ਨਹੀਂ ਬਿਸਰਾਊਂ। ਹੇ ਜਗ ਕੇ ਕਰਤਾ ਹਰਤਾ[12], ਨਿਜ ਨਾਮ ਦਿਜੈ ਗਰ ਭੂਖਨ

---

[1]ਸੰਤਾਂ ਦੀ। [2]ਮੂਰਖ ਲੋਕ। [3]ਝਗੜਾ। [4]ਆਨੰਦ ਸੂਰੂਪ। [5]ਬੈਠੇ ਸਨ। [6]ਤਾਣਕੇ ਭਾਵ ਬੁੱਕਲ ਮਾਰਕੇ। [7]ਦੇਵਤੇ ਤੇ ਇੰਦ੍ਰ (ਜਿਨ੍ਹਾਂ ਨੂੰ)। [8]ਜਿਨ੍ਹਾਂ ਨੇ। [9]ਦਲ ਰਿਹਾ ਹੈ। ਇਸ ਵਿਚ ਕਟਾਖ੍ਯ ਹੈ ਕਿ ਚਰਨਾਂ ਦਾ ਪ੍ਰੇਮ ਮੋਹ ਨੂੰ ਕੱਟਦਾ ਹੈ, ਤ੍ਯਾਗ ਤੇ ਤਪੱਸ੍ਯਾ ਮੋਹ ਨੂੰ ਨਹੀਂ ਕੱਟਦੇ। [10]ਮੁਕਤੀ ਦਾਤੇ ਦਾ। [11]ਫਿਰ। [12]ਰਚਨ ਵਾਲੇ ਤੇ ਨਾਸ਼ ਕਰਨ ਵਾਲੇ।

Sri Satguru Jagjit Singh Ji eLibrary NamdhariElibrary@gmail.com

ਪਾਊਂ। ਦੇਖਿਦਿਦਾਰ ਨਿਹਾਲਭਯੋ ਅਬ ਲੀਏਰਜਾਇ ਬਿਨਾ ਨ ਸਿਧਾਊਂ"
॥ ੨੦ ॥ ਭੁਜੰਗ ਪ੍ਰਯਾਤ ਛੰਦ ॥ ਗੁਰੂ ਜੀ ਕਹ੍ਯੋ 'ਤਯਾਰ ਹੋਯੋ ਅਹਾਰਾ ।
ਕਰੋ ਖਾਵਨੋ ਫੇਰ ਜੱਯੈ ਉਬਾਰਾ !। ਨਿਰੰਕਾਰ ਕੀਨੀ ਦਯਾ ਤੋਰ ਹੂੰ ਪੈ।
ਬੰਧ੍ਯੋ ਬੰਧ ਛੂਟ੍ਯੋ ਤਰ੍ਯੋ ਮੋਹ ਹੂੰਪੈ[1]" ॥ ੨੧ ॥ ਦੋਹਰਾ ॥ ਕਹੇ ਉਬਾਰਾ,
'ਤਪਾ ਜੀ ! ਜਹਿਂ ਤਹਿਂ ਸਰਬ ਅਹਾਰ। ਜਾਚਕ ਜਗ ਜਾਚੈ[2] ਸਰਬ
ਏਕ ਤੁਹੀ ਦਾਤਾਰ॥੨੨॥ ਤੋਟਕ ਛੰਦ॥ ਅਬ ਆਇਸੁ ਦੇਹੁ ਚਲੈਂ ਸਦਨਾ।
ਪੁਨਿ ਤੂਰਨ ਆਨ ਪਿਖੌਂ ਬਦਨਾ'। ਕਹਿ ਲੀਨ ਖੁਸ਼ੀ ਨਿਜ ਧਾਮ ਗਯੋ।
ਉਰ ਸ੍ਰੀ ਗੁਰ ਕੋ ਜਸੁ ਧਾਰਿ ਲਯੋ ॥ ੨੩ ॥ ਸੈਯਾ ॥ ਏਕ ਫਕੀਰ ਸੁ ਅੱਦ੍ਰ-
ਹਮਾਨ* ਮਿਲ੍ਯੋ ਤਿਹ ਕੋ ਤਬ ਜਾਇ ਉਬਾਰਾ। ਹੈ ਜਿਸ ਕੀ ਜਗ
ਮੈਂ ਮਨਤਾ ਬਹੁ, ਜਾਇ ਸਮੀਪ 'ਸਲਾਮ' ਉਚਾਰਾ। ਸ੍ਰੀ ਗੁਰ ਕੇ ਗੁਨ
ਭਾਖਤਿ ਭਾ ਪੁਨਿ 'ਬੀਚ ਕਲੀ ਪ੍ਰਗਟ੍ਯੋ ਅਵਤਾਰਾ। ਜਾਂਹਿ ਦਿਦਾਰ[3]
ਅਘੀ ਗਤਿ ਪਾਵਹਿ ਜੈਸੋ ਸੁਨ੍ਯੋ ਹਮ ਤੈਸੋ ਨਿਹਾਰਾ' ॥ ੨੪ ॥
ਤੋਟਕ ਛੰਦ ॥ ਸੁਨਿਕੈ ਗੁਨ ਸ਼ੇਖ਼ ਸੁ ਕ੍ਰੋਧ ਭਯੋ। ਜਸ ਸ੍ਰੀ ਗੁਰ ਬੰਨ੍ਹਿ
ਤਪਾਇ[4] ਦਯੋ। ਬਿਰਹੀ[5] ਜਿਵ ਜੋਨ੍ਹ ਦੁਖਾਤੁਰ ਕੋ[6]। ਧਰਿ ਈਰਖ ਕੋ ਬਚ
ਬੋਲਤਿ ਸੋ ॥ ੨੫ ॥ ਸੋਰਠਾ ॥ 'ਕੋ ਹੈ ਹਿੰਦੂ ਪਲੀਤ[7]' ਜਿਸ ਕੇ ਗੁਨ ਤੂੰ
ਕਹਿਤਿ ਹੈਂ । ਭਯੋ ਜਾਂਹਿ ਕੋ ਮੀਤ ਹੌਂ ਸੁ ਉਠਾਵੌਂ ਦੂਰ ਕਰਿ' ॥ ੨੬ ॥
ਭੁਜੰਗ ਪ੍ਰਯਾਤ ਛੰਦ ॥ ਉਬਾਰਾ ਕਹੇ 'ਕਾਹਿ ਦੇਵੋ ਉਠਾਈ । ਧਰੀ ਦੇਹਿ
ਅੱਲਾਹ ਪਾਕੈ[8] ਬਨਾਈ। ਬਿਲੋਕੌਂ ਨ[9] ਕੋਊ ਜੁ ਤਾਂਕੇ ਸਮਾਨੈ। ਤਿਸੈ ਤੂੰ
ਉਠਾਵੈਂ ਨ ਜਾਨੈਂ ਅਜਾਨੈ[10]" ॥੨੭॥ ਨਰਾਜ ਛੰਦ ॥ ਜੁ ਸ਼ਾਹ ਅਦ੍ਰਮਾਨਫੇਰ
ਬੈਨ ਕੋ ਬਖਾਨਿਆ। 'ਅਜਾਨ ਮੂਢ ਮੱਤਿ ਤੂੰ ਜਿ ਹਿੰਦੂ ਕੋ ਪ੍ਰਮਾਨਿਆ[11]।
ਖ਼ੁਦਾਇ ਸੋ ਬਨਾਇਕੈ ਸੁਨਾਇਂ ਪਾਸ ਮੋਰਿਆ। ਸੁਨੇ ਸੁ ਹਾਸ ਆਵਈ
ਅਮਾਨ[12] ਵਾਕ ਤੋਰਿਆ ॥ ੨੮ ॥ ਉਠਾਇ ਦੂਰ ਮੈਂ ਕਰੌਂ ਬਿਲੋਕਿ ਆਪ
ਲੀਜੀਏ। ਇਤੀ ਤਰੀਫ ਹਿੰਦੂ ਕੀ ਬਹੋਰ ਨਾ ਭਨੀਜੀਏ। ਇਮਾਨ
ਤਯਾਗ ਆਪਨੋ ਕੁਬੋਲ ਬੋਲ ਤੈਂ ਕਹੇ। ਨ ਔਰ ਪਾਸ ਭਾਖਿਯੋ ਰਜ਼ਾਇ

---

[1]ਮੋਹ ਹੀ ਨੂੰ (ਤੂੰ), ਤਰ ਲਿਆ ਹੈ । [2]ਮੰਗਦਾ ਹੈ। [3]ਜਿਸਦਾ ਦੀਦਾਰ ਪਾਕੇ। [4]ਗੁਰੂ ਜੀ ਦੇ ਜਸ (ਰੂਪੀ) ਅਗਨਿ ਨੇ ਤਪਾ ਦਿੱਤਾ [ਸੰਸ:, ਵੰਨ੍ਹਿ:]। [5]ਬਿਰਹਣੀ। [6]ਦੁਖਾਤਰ ਬਿਰਹਣੀ ਨੂੰ ਜਿਵੇਂ ਚਾਂਦਨੀ (ਤਪਾਉਂਦੀ ਹੈ)। [7]ਅਪਵਿੱਤ੍ਰ। [8]ਪਵਿੱਤ੍ਰ। [9]ਮੈਂ ਨਹੀਂ ਵੇਖਦਾ। [10]ਹੇ ਅਵਾਣ। [11]ਮੰਨਦਾ ਹੈਂ। [12]ਨਾ ਮੰਨਣ ਜੋਗ। *ਪੂਰਾ ਨਾਮ ਹੈ-ਅਬਦੁਲ ਰਹਿਮਾਨ। †ਪਾ:-ਮੰਨ=ਮਨ ਨੂੰ।

Sri Satguru Jagjit Singh Ji eLibrary NamdhariElibrary@gmail.com

ਮਾਨ ਮੋ ਅਹੈ[1]" ॥ ੨੯ ॥ ਦੋਹਰਾ ॥ ਬੈਨ ਉਬਾਰੇਖਾਂ ਕਹ੍ਯੋ 'ਹਿੰਦੂ ਤੁਰਕ ਨ ਸੋਇ। ਕਿਸਹਿ ਉਠਾਵਹੁ ਸ਼ੇਖ ਜੀ ! ਆਪ ਖ਼ੁਦਾਇ ਜਿ ਹੋਇ ॥੩੦॥ ਚੌਪਈ ॥ ਕਰਿਕੈ ਸਮਝ ਆਪ ਮਨ ਮਾਂਹੀ। ਬੋਲਹੁ ਬਚਨ ਅਪਰ ਜਿਉਂ ਨਾਂਹੀ[2]। ਲੱਜਿਤ ਹੋਵਹੁ ਗੇ ਪਸ਼ਚਾਤੀ। ਮਿਲਹਿਂ ਜਬਹਿ ਨਹਿਂ ਆਵ-ਹਿ ਬਾਤੀ ॥ ੩੧ ॥ ਨਿਜ ਸਮ ਹੋਇ ਜਿ ਮਤਸਰ[3] ਕੀਜੈ। ਬਡਾ ਹੋਇ ਤੌ ਬਿਨੈ ਭਨੀਜੈ। ਭਲੀ ਬਾਤ ਇਸ ਬਿਧਿ ਮਨ ਜਾਨਿ'। ਅਸ ਕਹਿ ਤੂਸ਼ਨਿ ਕੀਨੋ ਖ਼ਾਨ[4] ॥ ੩੨ ॥ ਦੋਹਰਾ ॥ ਰਿਸ ਸੋਂ ਰਿਦਾ ਜਰਾਵਈ[5] ਚਲੈ ਨ ਤਿਹ ਬਸ ਕੋਇ। ਸ੍ਰੀ ਗੁਰ ਕੀ ਉਸਤਤਿ ਅਧਿਕ ਜਰੀ[6] ਜਾਇ ਨਹਿਂ ਸੋਇ[7] ॥ ੩੩ ॥ ਚੌਪਈ ॥ ਨਿਜ ਘਰ ਰਹ੍ਯੋ ਉਬਾਰੇਖ਼ਾਨਾ। ਅੰਨ ਖਾਇ ਨਿਸ ਕਿਯ ਗੁਜ਼ਰਾਨਾ। ਭੋਰ ਭਈ ਤੇ ਭਯੋ ਤਯਾਰੂ। ਖੋਜ਼ਸ[8] ਗਜ ਲੇ ਅੰਬਰ-ਚਾਰੂ[9] ॥ ੩੪ ॥ ਅਹੈ ਬਾਫਤਾ ਜੋ ਬਹੁ ਮੋਲਾ। ਗਮਨ੍ਯੋ ਗੁਰ ਢਿਗ ਰਿਦੇ ਅਮੋਲਾ*। ਜਾਇ ਅਗਾਰੀ ਧਰਿਕੈ ਸੋਊ। ਹਾਥਨ ਬਿਖੈ ਗਹੇ ਪਗ ਦੋਊ ॥੩੫॥ ਦੀਨ ਹੋਇ ਕਰਿ ਗ੍ਰੀਵ ਨਿਵਾਈ। ਪਦ ਕੀ ਰਜ[10] ਨਿਜ ਮਸਤਕ ਲਾਈ। ਸਰਬ ਬਦਨ ਪਰ ਪੁਨ ਕਰ ਫੇਰਤਿ। ਸਨਮੁਖਿ ਬੈਠਿ ਦਰਸ ਕੋ ਹੇਰਤਿ ॥੩੬॥ ਦੋਹਰਾ ॥ ਸ੍ਰੀ ਗੁਰ ਬੋਲੇ 'ਖਾਨ ਜੀ ! ਕਰਿਹੀ ਭਲਾ ਖ਼ੁਦਾਇ। ਨਾਮ ਦਾਨ ਬਖਸ਼ਹਿ ਤੁਮਹਿ ਮੋਹ ਮਨੋਜ[11] ਮਿਟਾਇ ॥੩੭॥ ਚੌਪਈ ॥ ਹਮ ਕੋ ਉਚਿਤ ਨ ਐਸੇ ਚੀਰਾ। ਨ੍ਰਿਪ ਪਹਿਰੈਂ, ਹਮ ਅਹੈਂ ਫਕੀਰਾ। ਪਹੁੰਚ੍ਯੋ ਹਮੈਂ ਜੁਆਨ੍ਯੋ[12] ਤੋਹੀ। ਅਸ ਪੋਸ਼ਿਸ਼ ਭੂਪਤਿ ਕੋ ਸੋਹੀ ॥ ੩੮ ॥ ਭਯੋ ਸੰਪੂਰਨ ਤੁਮ ਕੋ ਭਾਇ[13]। ਬਖ਼ਸ਼ ਲਏ ਹੋ ਆਪ ਖ਼ੁਦਾਇ[14]"। ਇਉਂ ਸੁਨਿ ਬੋਲ੍ਯੋ ਤਬੈ ਉਬਾਰਾ। 'ਬਖ਼ਸ਼ੋ ਕਿਧੌਂ ਚਹੋ ਤੁਮ ਮਾਰਾ ॥ ੩੯ ॥ ਜੇ ਬਖ਼ਸ਼ਹੁ ਤੌ ਤਨ ਪਰ ਲੀਜੈ। ਮਾਰਤਿ ਮੋਹਿ ਜਿ ਫੇਰਨ[15] ਕੀਜੈ'। ਦੇਖ੍ਯੋ ਜਬੈ ਪ੍ਰੇਮ ਅਧਿਕਾਧਾ[16]। ਕਰਿ ਆਇਸੁ ਇਕ ਦਾਸ ਪਠਾਧਾ[17] ॥੪੦॥ 'ਆਨਹੁ ਸੀਵਨਹਾਰ[18]' ਬੁਲਾਈ। ਜਿਸ ਬਿਧਿ ਹੋਇ ਖ਼ਾਨ ਹਰਖਾਈ[19]। ਕਰਨ ਉਚਿਤ ਹੈ ਭਾਉ ਸੰਪੂਰਨ'। ਗਯੋ ਸਿਖਿ ਸੋ ਆਨ੍ਯੋ ਤੂਰਨ ॥ ੪੧ ॥ ਦੀਨ ਸੁ ਬਸਤਰ ਤਾਂਕੇ ਆਗੁ।

---

[1]ਹੁਕਮ ਮੰਨ ਮੇਰਾ (ਇਹ) ਹੈ। [2]ਹੋਰਨਾਂ ਵਰਗਾ (ਗੁਰੂ) ਨਹੀਂ ਹੈ। [3]ਈਰਖਾ। [4]ਖਾਨ ਨੇ। [5]ਸਾੜਦਾ ਹੈ। [6]ਸਹਾਰੀ। [7]ਉਸ ਤੋਂ। [8]ਜੋੜਾ। [9]ਬਸਤ੍ਰ ਸੁਹਣਾ। [10]ਧੂੜ। [11]ਮੋਹ ਤੇ ਕਾਮ ਭਾਵ ਮਾੜੇ ਕਰਮ। [12]ਘੱਲਿਆ ਈ(?)। [13]ਤੇਰਾ ਪ੍ਰੇਮ। [14]ਖ਼ੁਦਾ ਨੇ ਆਪ। [15]ਮੋੜਨਾ। [16]ਬਹੁਤਾ, [17]ਭੇਜਿਆ। [18]ਦਰਜੀ। [19]ਅਨੰਦ ਪ੍ਰਸੰਨ ਹੋਵੇ। *ਪਾ:-ਅਡੋਲਾ।

Sri Satguru Jagjit Singh Ji eLibrary NamdhariElibrary@gmail.com

ਸੀਵਨਹਾਰ ਮਿਨਨ ਤਬ ਲਾਗ੍ਯੋ। ਬਹੁ ਸੂਖਮ ਜਿਹ ਸੂਤ ਸੁਹਾਵਹਿ। ਸੈ ਮੈਂ ਸੋਲਾਸਯਾ[1] ਕਹਾਵਹਿ॥੪੨॥ਦੋਹਰਾ॥'ਜੋ ਤੁਮ ਭਾਖੋ ਤਪਾ ਜੀ* ਤੈਸੇ ਰੁਚਿਰ ਬਨਾਇ'। 'ਦੋਇ ਬਨੈ ਸੈਥਰਜਾਨ[2] ਇਸ' ਸ੍ਰੀ ਗੁਰ ਦਏ ਬਤਾਇ ॥ ੪੩ ॥ ਚੌਪਈ॥ ਮਾਨ ਬਚਨ ਤਬ ਸੀਵਨਹਾਰਾ।ਦ੍ਵੈ ਸੈਥਰਜਾਨ[2] ਬਨਾਏ ਚਾਰਾ[3]।ਤਿਨ ਪਰ ਪੁਨ ਸ਼੍ਰੀ ਨਾਨਕ ਲੀਨੋ। ਜਿਨ ਬਹੁ ਦਾਸਨ ਕੋ ਗਤਿ ਦੀਨੋ ॥ ੪੪॥ ਦੇਖਿ ਰੁਚਿਰ[4] ਛਬਿ ਤਬੈ ਉਬਾਰਾ। ਉਰ ਹਰਖਤਿ ਹ੍ਵੈ ਬਚਨ ਉਚਾਰਾ। 'ਨਿਜ ਸਮਾਨ ਕੋ ਲਖੋਂ ਨ ਆਨਾ। ਜਾਨਿ ਆਪਨੋ ਭਾਗ ਮਹਾਨਾ॥੪੫॥ ਸਰਬ ਜਗਤਪਤਿ ਮਹਤ ਉਦਾਰਾ[5]। ਜੋ ਜੜ੍ਹ ਜੰਗਮ ਕੇਰਿ ਦਾਤਾਰਾ। ਤਾਂਕੀ ਸੇਵ ਭਈ ਮੁਝ ਹਾਥਾ। ਕ੍ਰਿਤ ਕ੍ਰਿਤ[6] ਮੈਂ ਭਯੋ ਸਨਾਥਾ[7]' ॥ ੪੬ ॥ ਦੋਹਰਾ ॥ ਅੰਤਰਜਾਮੀ ਬਚ ਕਹੇ 'ਸੁਧਿ ਦਿਹੁ ਅਦ੍ਹਮਾਨ !। ਹਮ ਸੋਂ ਕੈਸੇ ਰੋਸ ਕਰਿ ਕੀਨੋ ਬਚਨ ਬਖਾਨ' ॥੪੭॥ ਚੌਪਈ ॥ ਅਚਰਜ ਹ੍ਵੈ ਕਰਿ ਤਬੈ ਉਬਾਰਾ।—ਬਿਨਾ ਕਹੇ ਜਾਨੈਂ ਸਭਿ ਸਾਰਾ[8]—। 'ਸਰਬ ਹਕੀਕਤ ਜਾਨਹੁ ਸੁਾਮੀ!। ਕਹਾ ਬੂਝਹੁ ਮੁਝ, ਅੰਤਰਜਾਮੀ !॥੪੮॥ਪੁਨ ਜਿਸ ਬਿਧਿ ਤਿਨ ਬੈਨ ਅਲਾਏ। ਸੋ ਬਿਧਿ ਮੋਤੇ ਕਹਯੋ ਨ ਜਾਏ। ਸ਼ੇਖ ਫਕੀਰ ਕਹਾਇ ਫਕੀਰਾ।ਨਹੀਂ ਫਕੀਰੀ ਮਗ ਕੇ ਤੀਰਾ[9] ॥੪੯॥ ਮਨ ਮਹਿ ਮਤਸਰ ਅਤਿ ਅਧਿਕਾਇ। ਪਰਜਸ ਪਾਵਕ ਬੀਚ ਜਰਾਇ[10]। ਤੁਮਰੀ ਮਹਿਮਾ ਜੌਨ੍ਹ[11] ਸਮਾਨਾ। ਤਿਨ ਚਕਵੇ ਨਯਾਈਂ ਦੁਖ ਮਾਨਾ' ॥੫੦॥ ਦੋਹਰਾ॥ ਗੁਰ ਭਾਖਯੋ

---

[1]ਸੈ ਮੈਂ ਸੋਲਾਂ ਸੱਯਾ ਕਹਾਵਹਿ—ਸੋਲਾਂ ਸਯਾ—ਓਹ ਕਪੜਾ ਹੈ ਜਿਸ ਦੇ ਤਾਣੇਂ ਵਿਚ ਸੋਲਾਂ ਸੈ ਤਾਰ ਪਈ ਹੋਵੇ। ਇਨ੍ਹਾਂ ਕਪੜਿਆਂ ਦਾ ਬਰ ਛੇ ਗਿਰਾਂ ਦੇ ਕਰੀਬ ਹੁੰਦਾ ਹੈ, ਛੇ ਗਿਰਾਂ ਵਿਚ ਸੋਲਾਂ ਸੈ ਤਾਰ ਦੇ ਅਰਥ ਹਨ, ਕਿ ਸੂਤਰ ਬੜਾ ਹੀ ਬਰੀਕ ਸੀ।

ਸੈ ਮੈਂ—ਦਾ ਅਰਥ ਹੈ ਸੈਂਕੜਿਆਂ ਵਿਚ, ਭਾਵ ਹੈ ਕਿ ਜਦੋਂ ਪੁੱਛ ਕਰੇ ਕਿ ਸੈਂਕੜਿਆਂ ਵਿਚ ਅਰਥਾਤ ਉਨਣ ਵਾਲਿਆਂ ਦੇ ਹਿਸਾਬ ਵਿਚ ਕਪੜੇ ਦਾ ਕੀ ਨਾਮ ਹੈ।

(ਅ) ਸੈਮੇ ਸੋ ਲਾਸਯਾ ਕਹਾਵੈ।—ਫਾਰਸੀ ਵਿਚ ਸੇਮ ਨਾਮ ਹੈ ਚਾਂਦੀ ਦੀਆਂ ਤਾਰਾਂ ਦਾ,ਜਿਨ੍ਹਾਂ ਪਰ ਸੋਨੇ ਦੀ ਝਾਲ ਹੁੰਦੀ ਹੈ,ਜਿਸ ਤੋਂ ਕਨਾਰੀ ਤਿੱਲਾ ਬਣਦਾ ਹੈ,ਸੇਮੇ ਸੋ=ਤਿੱਲੇ ਤੋਂ। ਲਾਸਯਾ=ਲਾਚਾ, ਤਿੱਲੇ ਵਾਲਾ ਲਾਚਾ। ਲਾਚਾ ਇਕ ਰੇਸ਼ਮੀ ਕਪੜਾ ਹੈ ਜੋ ਅਜੇ ਬੀ ਪਿਸ਼ਾਵਰ ਵਿਚ ਵਿਕਦਾ ਹੈ, ਤਦੋਂ ਸ਼ਾਯਦ ਤਿੱਲੇ ਵਾਲਾ ਬੀ ਬਣਦਾ ਹੋਵੇ । [ਫਾਃ ਸੇਮ= ਚਾਂਦੀ]। [2]ਚਾਦਰਾਂ। [3]ਸੁਹਣੇ। [4]ਮਨੋਹਰ। [5]ਬੜਾ ਦਾਤਾ ! [6]ਨਿਹਾਲ । [7]ਮਾਲਕ ਵਾਲਾ। [8]ਖਬਰ। [9]ਫਕੀਰੀ ਰਸਤੇ ਦੇ ਨੇੜੇ ਬੀ ਨਹੀਂ ਢੁਕਾ (ਓਹ)। [10]ਸੜਦਾ ਹੈ। [11]ਚਾਂਦਨੀ।

*ਪਾਃ—ਭਾਖੋ ਖਾਨ ਜੀ।

Sri Satguru Jagjit Singh Ji eLibrary NamdhariElibrary@gmail.com

'ਤਿਸਿ ਬਿਧਿ ਕਹੋ ਜਿਹ ਬਿਧਿ ਬੋਲਯੋ ਸੋਇ । ਨਹਿ ਦੁਰਾਉ[1] ਕਛੁ ਕੀਜੀਏ ਤੁਝਕੋ ਦੋਸ਼ ਨ ਕੋਇ'॥੫੧॥ ਚੌਪਈ॥ ਬੋਲਯੋ ਤਬੈ ਉਬਾਰੇ ਖਾਨ। 'ਅਹੇ ਦੁਰਮਤੀ ਜਿਹ ਮਨ ਮਾਨ। ਮੈਂ ਤੁਮਰੇ ਗੁਨ ਬਰਨਨ ਕਰੇ। ਖੁਨਸੌ[2] ਗਰਬਹਿ[3] ਉਰ ਨਹਿ ਜਰੇ॥੫੨॥ਭਾਖੈ–ਹਿੰਦੂ ਅਹੇ ਪਲੀਤਾ ਕਰਨੈ ਜਾਇਕੈ ਤੈਂ ਜੋ ਮੀਤ। ਕਜਾ ਤਰੀਕ ਤਿਹ ਕਰਹਿ ਉਚਾਰੂ। ਦੇਉਂ ਉਠਾਇ ਦੂਰ ਕਰਿ ਛਾਰੂ–॥੫੩॥ ਹੌਂ ਤੱਦਪਿ ਬਹੁ ਬਿਧਿ ਸਮਝਾਯੋ।–ਜੋ ਖ਼ੁਦਾਇ, ਸੋ ਤਨ ਧਰਿ ਆਯੋ–।ਏਕ ਨ ਬਾਤ ਸਿਫਤ ਕੀ ਮਾਨੀ।ਰਹਯੋ ਅਫਰ[4] ਉਰ ਅਤਿ ਅਭਿਮਾਨੀ ॥੫੪॥ ਦੋਹਰਾ ॥ ਬਸ ਮੋਰੇ ਪਰ ਨਹਿ ਚਲੈ ਭਯੋ ਤੁਸ਼ਨੀ ਸੋਇ।ਇਸ ਬਿਧਿ ਗਰਬਤਿ ਸ਼ੇਖ ਉਰ,ਮਿਲਉ ਤ ਲੱਜਿਤਿ ਹੋਇ[5]"॥੫੫॥ ਚੌਪਈ॥ਸ੍ਰੀ ਅੰਗਦ ! ਸੁਨਿ ਤਿਹ ਉਪਰੰਤਾ।ਮੁਝ ਸੋਂ ਬੋਲੇ ਗੁਰ ਭਗਵੰਤਾ। 'ਚਲਿ ਬਾਲੇ ਅਬ ਤਿਹ ਕੋ ਦੇਖੀਂ[6]। ਸ਼ੇਖ ਢੁਕਲੀ ਹਰੈਂ[7] ਬਿਸ਼ੇਖੀ'॥੫੬॥ ਕਹਿ ਕਰਿ ਗਮਨੇ ਕ੍ਰਿਪਾ ਨਿਕੇਤਾ[8]। ਕਰਨ ਸ਼ੇਖ ਕੇ ਲਜਿਤਿ[9] ਹੇਤਾ[10]। 'ਚਲਹੁ ਅਗਾਰੀ ਆਪ ਉਬਾਰਾ !। ਦੇਰਿ ਕੁਛਕ, ਆਗਮਨ ਹਮਾਰਾ[11]'॥ ੫੭ ॥ ਗਯੋ ਉਬਾਰਾ ਢਿਗ ਤਿਹਕਾਲਾ। ਗਮਨੇ ਮੰਦਮੰਦ ਕਿਰਪਾਲਾ*। ਆਗੇ ਸੋ ਸ਼ਿਵਕਾ[12] ਆਰੂਢਾ।ਜਾਤਿ ਕਿਤੇ ਅਭਿਮਾਨੀ ਗੂਢਾ॥੫੮॥ਮਾਨਵ ਜਿਹ ਕੇ ਬਿੰਦ ਸੰਗਾਰੇ। ਸ੍ਰੀ ਗੁਰ ਆਵਨ[13] ਸਭਿਹਿ ਨਿਹਾਰੇ। ਸ਼ੇਖ ਸੰਗ ਤਬ ਬਚਨ ਅਲਾਵਤਿ[14]।'ਸੁਨਹੁ ਸ਼ਾਹਜੀ! ਤਪਾ ਸੁ ਆਵਤਿ'॥੫੯॥ਦੋਹਰਾ॥ ਅੱਦ੍ਰਮਾਨ ਸੁਨਿ ਕਾਨ ਇਹ ਆਦਰ ਕਰਨੇ ਹੇਤ। ਉਤਰਯੋ ਸ਼ਿਵਕਾ[12] ਤੇ ਤਰੇ ਪਿਖਿ ਬੇਦੀ ਕੁਲ ਕੇਤ ॥ ੬੦ ॥ ਚੌਪਈ ॥ ਅਵਲੋਕਤਿ ਸਨਮੁਖਿ ਹੁਇ ਠਾਂਢੋ। ਲਖਯੋ ਆਜ ਕਸ ਹੈ ਚਉ ਬਾਢੋ[15]। ਸ੍ਰੀ ਗੁਰ ਨਿਕਟਿ ਮਿਲੇ ਜਬ ਆਇ। ਬੋਸੀ ਦਸਤ ਲਈ[16] ਹਰਖਾਇ ॥ ੬੧ ॥ ਅੱਦ੍ਰਮਾਨ ਪੁਨ ਬੈਨ ਉਚਾਰੇ। 'ਕਹੋ ਤਪਾ ਜੀ! ਖ਼ੈਰ[17] ਤੁਮਾਰੇ ?'। ਗੁਰੂ ਕਹਯੋ 'ਸੁਨ ਅੱਦ੍ਰ-ਮਾਨ। ਅਹੈ ਖੈਰ ਪਰ ਖ਼ੈਰ ਨ ਜਾਨਿ'॥੬੨॥ ਦੋਹਰਾ॥ਬਹੁਰੋ ਬੂਝਯੋ 'ਖੈਰ

---

[1]ਛੁਪਾਉ। [2]ਗੁੱਸੇ ਹੋਇਆ। [3]ਹੰਕਾਰ ਵਿਚ। [4]ਆਕੜ ਰਿਹਾ ਹੈ। [5]ਆਪ ਜੇ ਮਿਲੋ ਤਾਂ ਸ਼ਰਮਿੰਦਾ ਹੋ ਜਾਵੇਗਾ। [6]ਦੇਖੀਏ। [7]ਸ਼ੇਖ ਦਾ ਹੰਕਾਰ ਦੂਰ ਕਰੀਏ। [8]ਕ੍ਰਿਪਾ ਦੇ ਘਰ। [9],[10]ਸ਼ਰਮਿੰਦਾ ਕਰਨ ਵਾਸਤੇ। [11]ਸਾਡੇ ਆਉਣ ਵਿਚ। [12]ਪਾਲਕੀ। [13]ਆਉਂਦੇ। [14]ਕਹੇ (ਉਨ੍ਹਾਂ ਮਨੁੱਖਾਂ ਨੇ ਅਥਵਾ ਉਬਾਰੇ ਨੇ)। [15]ਪ੍ਰਤੀਤ ਕੀਤੋਸੁ ਕਿ ਅੱਜ ਕਿਹਾ ਚਾ ਚੜ੍ਹਿਆ ਹੈ। [16]ਹੱਥ ਚੁੰਮਣਾ ਕੀਤੋਸੁ। [17]ਸੁੱਖ। *ਪਾ:–ਸੁ ਕ੍ਰਿਪਾਲਾ।

Sri Satguru Jagjit Singh Ji eLibrary NamdhariElibrary@gmail.com

ਹੈ?[1] 'ਖ਼ੈਰ ਸੁ ਖ਼ੈਰ ਨ ਜਾਨਿ'। ਤੀਨ ਬਾਰ ਪੁਨ ਇਹ ਕਹਯੋ ਪੁਨਿ ਕਹਿ ਅਦ੍ਹਮਾਨ॥੬੩॥ਚੌਪਈ॥'ਸੁਨੋ ਤਪਾ ਜੀ! ਅਚਰਜ ਮੋਰੋ। ਕੈਸੇ ਬਚਨ ਬਿਚਾਰੋਂ ਤੋਰੋ। ਕਹਿਹੌ-ਖੈਰ, ਖ਼ੈਰ ਪੁਨਿ ਨਾਂਹੀ-। ਦੇਹੁ ਮਾਯਨਾ[2] ਮੁਝ ਸਮਝਾਹੀ' ॥੬੪॥ ਸ੍ਰੀ ਗੁਰ ਭਨਯੋ 'ਸ਼ੇਖ ਜੀ! ਸੁਨੀਏ। ਖ਼ੈਰ ਭਲੀ ਸਭਿ ਬਿਧਿ ਹੀ ਗੁਨੀਏ। ਨਹੀਂ ਖੈਰ ਹਿਤ ਤਾਂਕੋ ਐਸੇ[3]।-ਦੇਉਂ ਉਠਾਇ-ਕਹਯੋ ਤੁਮ ਜੈਸੇ ॥੬੫॥ ਕੌਨ ਦੇਸ਼ ਤੁਮਰਾ ਹਮ ਛੀਨੋ। ਕੈਧੌਂ ਦਰਬ ਖੇਪ[4] ਕੋ ਲੀਨੋ। ਕੌਨ ਸ਼ੱਤ੍ਰਤਾ ਕਰਿ[5] ਹਮ ਸੰਗਾ?। ਕਹੋ, ਕਿ-ਦੇਊਂ ਉਠਾਇ-ਨਿਸੰਗਾ ॥੬੬॥ ਦੋਹਰਾ ॥ ਸੋ ਸਥਾਨ ਅਬ ਲੀਜੀਏ ਜਿਸਤੇ ਦੇਤਿ ਉਠਾਇ'। ਅਦ੍ਹਮਾਨ* ਬੋਲਤਿ ਸੁਨਤਿ 'ਤੁਮ ਢਿਗ ਕੌਨ ਬਤਾਇ? ॥੬੭॥ ਚੌਪਈ ॥ ਕੂਰ ਕਹੇ ਮਾਰਤਿ ਝਖ ਸੋਊ। ਇਸ ਪ੍ਰਕਾਰ ਹਮ ਕਹਯੋ ਨ ਕੋਊ'। ਸੁਨਿ ਕਰਿ ਚਮਕਯੋ ਤਬੈ ਉਬਾਰਾ। 'ਇਸ ਬਿਧਿ ਮੋਰੇ ਪਾਸ ਉਚਾਰਾ ॥੬੮॥-ਹਿੰਦੂ ਕੀ ਤਰੀਫ਼ ਕਰਾ ਗਾਵੈਂ। ਬਿਨਾ ਬਿਲਮ ਹਮ ਤਾਂਹਿ ਉਠਾਵੈਂ-। ਕਿਉਂ ਮੁਕਰਤਿ ਲੱਜਿਤਿ ਅਬ ਹੋਏ। ਪੂਰਬ ਜੈਸੇ ਬਚਨ ਬੁਗੋਏ' ॥੬੯॥ ਅੱਦ੍ਹਮਾਨ ਤਬ ਬੈਨ ਬਖਾਨੇ। 'ਤੁਮ ਬੈਠਹੁ ਨਿਜ ਥਾਨ ਠਿਕਾਨੇ। ਹਮਰੀ ਤੁਮਰੀ ਸਮਤਾ ਨਾਂਹੀ। ਤੂਸ਼ਨਿ ਸਮਝ ਰਹਉ ਤੁਰ ਮਾਂਹੀ ॥੭੦॥ ਦੋਹਰਾ ॥ ਹਮ ਅਰ ਤਪਾ ਬਿਚਾਰਿ ਹੈਂ ਸਮਝੈਂ ਆਪਸ ਮਾਂਹਿ। ਬੋਲਨ ਤੁਮਰੋ ਨਹਿ ਬਨੈ ਕਾਰਨ ਕੋਊ ਨਾਂਹਿ†'॥੭੧॥ ਚੌਪਈ ॥ ਸੁਨਤਿ ਉਬਾਰੇ ਬਚਨ ਬਖਾਨਾ। 'ਸੰਗ ਤਪੇ ਕੇ ਮੋਰ ਠਿਕਾਨਾ। ਪੀਰਨ ਪੀਰ ਭਯੋ ਇਹ ਮੇਰਾ। ਹੌਂ ਮੁਰੀਦ ਭਾ ਚੇਰਨ ਚੇਰਾ ॥੭੨॥ ਕਰਤਿ ਹੁਤੋ ਨਿੰਦਾ ਪਸ਼ਚਾਤੀ[6]। ਲਾਗਹਿ ਪਾਪ, ਨ ਨੀਕੀ ਬਾਤੀ। ਕਹਉ ਪ੍ਰਿਥਮ ਜਿਉਂ, ਮੁਖ ਪਰ ਅਬਿਹੀ। ਪਾਛਲ ਦੋਖ ਨਸੈ ਗੋ ਤਬਿਹੀ' ॥੭੩॥ ਸੋਰਠਾ ॥ ਮੁਸਕਾਨੇ ਗੁਨ ਖਾਨਿ ਦੇਖਿ ਉਬਾਰੇ ਕੀ ਦਸ਼ਾ। ਲੱਜਿਤਿ ਅੱਦ੍ਹਮਾਨ ਅਧਿਕ ਰਿਦੈ ਜਰਬਰ[7] ਗਯੋ ॥੭੪॥ ਚੌਪਈ ॥ ਰਿਦੇ ਰਿਸਾਯੋ ਬੋਲਯੋ ਬਾਨੀ। ਅਜਹੁ ਨ ਸਮਝਤਿ ਮਨ ਅਭਿਮਾਨੀ। 'ਹਿੰਦੂ ਅਹੈ ਕਿ ਮੁਸਲਮਨੋਊ‡। ਦੁਹ ਮੈਂ ਅਹੈ ਬਡੇਰੋ ਕੋਊ? ॥੭੫॥ ਮਤੌ[8] ਕੌਨ ਸੋ ਤੁਮ ਨੇ ਧਾਰਾ?। ਸਰਬ ਬਤਾਵਹੁ ਕਰਿ ਨਿਰਧਾਰਾ'। ਸ੍ਰੀ ਗੁਰ ਸੁਨਿ ਕੈ ਬਚਨ ਉਚਾਰੇ।

---

[1]ਗੁਰੂ ਜੀ ਦਾ ਉੱਤਰ। [2]ਅਰਥ। [3]ਤਿਸਦਾ ਕਾਰਨ ਐਉਂ ਹੈ:-। [4]ਮਾਲ। [5]ਵੈਰ ਕਰਕੇ। [6]ਪਿੱਛੋਂ ਕੀਤੀ। [7]ਸੜ ਬਲਾ। [8]ਧਰਮ। ਆਸ਼ਾ। *ਅਬਦੁਲ ਰਹਿਮਾਨ ਰੱਤਕ ਛੱਤਕ ਪਿੰਡ ਦਾ ਗਦੀ ਨਸ਼ੀਨ ਫਕੀਰ ਸੁਨੀ ਦਾ ਹੈ, ਜਿਥੇ ਇਸ ਦੀ ਗੱਦੀ ਚਲੀ ਆ ਰਹੀ ਸੀ।

†ਪਾ:-ਕਹਨੇ ਆਹਿ। ‡ਪਾ:-ਹਿੰਦੂ ਤੁਰਕ ਕਿ ਹੈਂ ਪਖ ਦੋਊ।

Sri Satguru Jagjit Singh Ji eLibrary NamdhariElibrary@gmail.com

'ਹਮਨੇ ਦੋਨੋ ਪੱਖ ਬਿਦਾਰੇ ॥ ੭੬ ॥ ਹਿੰਦੂ ਤੁਰਕ ਬਾਦ[1] ਝ੍ਰੇ ਮਾਂਹੀ। ਬਸੈ ਸ਼ਤਾਨ ਸ਼ਾਂਤਿ ਹ੍ਵੈ ਨਾਂਹੀ। ਨਿਜ ਨਿਜ ਮਾਨ ਬਧਾਵਨ ਹੇਤਾ। ਸਗਰੇ ਝਗਰਹਿਂ ਮੂਢ ਅਚੇਤਾ[2] ॥੭੭॥ ਤਿਨਕੇ ਸਿਰ ਜਮ ਡੰਡ ਲਗਾਈ। ਦ੍ਵੈਤ ਬਿਖੇ ਉਰਝੇ ਦੁਖ ਪਾਈਂ। ਸੱਤਿਨਾਮ ਉਰ ਤੇ ਬਿਸਰਾਈ। ਸਤਿਗੁਰ ਮਿਲ੍ਯੋ ਨ ਸੋਝੀ ਆਈ ॥੭੮ ॥ ਏਕ ਜਰਾਹ[3] ਹੋਤਿ ਹੈਂ ਸਜਾਨੇ। ਅਸਤ ਘਾਵ ਕੇ ਭਗਨ[4] ਜੁ ਜਾਨੇ। ਪੂਰਬ ਵਹਿਰ ਨਿਕਾਸਹਿਂ ਤਾਂਹੀ[5]। ਚਰਮ ਘਾਵ ਕੋ ਬਹੁਰ ਮਿਲਾਹੀਂ[6] ॥੭੯॥ ਇਕ ਕੱਚ ਹਿਕਮਤ ਲਘੁ ਜਾਨਤਿ। ਭਗਨ-ਅਸਤ ਕੋ ਨਹੀਂ ਪਛਾਨਤਿ। ਆਮਿਖ ਘਾਉ[7] ਸੁ ਦੋਹਿਂ ਮਿਲਾਈ। ਰਹੈ ਬਿਕਾਰ ਨਸੂਰ[8]* ਸਦਾਈ ॥੮੦॥ ਤਿਉਂ ਇਕ ਸਤਿਗੁਰ ਮੋਹ ਹੰਕਾਰਾ[9]। ਪ੍ਰਿਥਮੇ ਖੋਵਹਿ ਸਰਬ ਬਿਕਾਰਾ। ਬਹੁਰੋ ਦੇਂ ਆਤਮ ਉਪਦੇਸ਼ਾ। ਤਿਨਹਿਂ ਨ ਹ੍ਵੈ ਭਵ ਪੀਰਾ ਲੇਸ਼ਾ ॥ ੮੧ ॥ ਇਕ ਕਾਚੇ ਗੁਰ ਹ੍ਵੈਂ ਜਗ ਮਾਂਹੀ। ਮਨ ਬਿਕਾਰ ਸੇ ਨਾਸਹਿਂ ਨਾਂਹੀ[10]। ਦੇਂ ਉਪਦੇਸ਼ ਰਹੈਂ ਗਤਿ ਦੇਈ। ਮਾਨਾਦਿਕ ਤੇ ਦੁਖਿ ਹ੍ਵੈ ਤੇਈ॥੮੨॥ ਤੁਮ ਕੋ ਮਿਲ੍ਯੋ ਗੁਰੂ ਕੋ[11] ਕਾਚਾ। ਨਹੀਂ ਲਖਾਯੋ ਰੂਪ ਸੁ ਸਾਚਾ। ਵਸੇ ਮਾਨ ਮਹਿਂ ਪੱਖਜ ਕਰੋਹੀ[12]। ਅਪਨੋ ਰੂਪ ਪਛਾਨੈਂ ਦੇਹੀ[13] ॥੮੩॥ ਦੋਹਰਾ ॥ ਸ਼ੇਖ ਕਹੈ 'ਨਾਨਕ ਤਪਾ! ਕੇਤਿਕ ਤੂੰ ਅਧਿਕਾਇ[14]। ਨਦਰ ਤਰੇ ਆਨਤਿ ਨਹੀਂ ਦੋਨੋ ਪੱਖ ਗਵਾਇ' ॥੮੪॥ ਚੌਪਈ ॥ ਸ੍ਰੀ ਗੁਰ ਬੋਲੇ 'ਨਦਰ ਸੁ ਦੂਰ[15]। ਇਕ ਅਕਾਲ ਕੇ ਰਹੇ ਹਦੂਰ। ਸੁਨਹੁ ਸ਼ੇਖ! ਇਹ ਨੀਕੀ ਬਾਤ। ਆਪਾ[16] ਖੋਇ ਕੀਯੋ ਮਨ ਸਾਂਤਿ ॥ ੮੫ ॥ ਤਿਨਹੀ ਏਕ ਨਿਰੰਜਨ ਪਾਇਆ। ਨਾਮ ਜਪਤਿ ਜਿਨਿ ਆਪ ਗਵਾਇਆ। ਖ਼ਾਲਕ ਏਕੈ ਖ਼ਲਕ ਬਨਾਈ। ਭਲਾ ਜੁ ਬੁਰਾ ਨੀਚ ਉਚ ਤਾਈਂ ॥ ੮੬॥ ਨਹੀਂ ਆਪ ਤੇ ਕੋਉ ਭਯੋ। ਤਿਉਂ ਸਭਿ ਹੋਏ ਜਿਉਂ ਨਿਰਮਯੋ†[17]।' ਅਸ ਕਹਿ ਕ੍ਰਿਪਾ ਦ੍ਰਿਸ਼ਟਿ ਕੋ ਦੇਖੀ। ਕੀਨੋ ਦੂਰ ਹੰਕਾਰ ਬਿਸ਼ੇਖੀ ॥ ੮੭ ॥ ਦੋਹਰਾ ॥

[1]ਝਗੜੇ। [2]ਅਨਜਾਨ। [3]ਚੀਰ ਫਾੜ ਕਰਨ ਵਾਲੇ ਹਕੀਮ। [4]ਟੁੱਟੀ ਹੱਡੀ ਦੇ ਜ਼ਖਮ ਨੂੰ (ਅ) ਹੱਡੀ ਦੇ ਜ਼ਖਮ ਦੂਰ ਕਰਨੇ। [5]ਭਾਵ ਜ਼ਖਮੀ ਹਡੀ ਨੂੰ। [6]ਮਾਸ ਦੇ ਜ਼ਖਮ ਨੂੰ ਪਿੱਛੋਂ ਮੇਲਦੇ ਹਨ। [7]ਮਾਸ ਦਾ ਜ਼ਖਮ। [8]ਉਹ ਜ਼ਖਮ ਜੋ ਸਦਾ ਵਗਦਾ ਰਹੇ ਤੇ ਕਦੇ ਭਰੇ ਨਾਂ। [9]ਮੋਹ ਹੰਕਾਰ (ਆਦਿ ਸਾਰੇ ਵਿਕਾਰਾਂ ਨੂੰ)। [10]ਦੂਰ ਨਹੀਂ ਕਰਦੇ। [11]ਕੋਈ। [12]ਕਰਦਾ ਹੈਂ (ਤੂੰ)। [13]ਦੇਹ ਨੂੰ। [14]ਕਿਤਨਾ ਕੁ ਵਡਾ ਹੈ ਤੂੰ। [15](ਸਾਡੀ) ਨਜ਼ਰ ਦੂਰ ਗਈ ਹੈ (ਭਾਵ ਅਹੰ ਭਾਵ ਨਹੀਂ ਰਿਹਾ, ਨਜ਼ਰ ਸਾਈਂ ਸਰੂਪ ਵਿਚ ਮਗਨ ਰਹਿੰਦੀ ਹੈ)। [16]ਹੰਗਤਾ। [17](ਉਸ ਨੇ) ਉਤਪਤ ਕੀਤੇ। *ਪਾ:-ਨਸੂਰ। †ਪਾ:-ਕਰਦਯੋ।

Sri Satguru Jagjit Singh Ji eLibrary NamdhariElibrary@gmail.com

ਅੱਦ੍ਰਮਾਨ ਸੁਨਿ ਕਾਨ ਇਵ ਘਨੋ ਦੀਨ ਮਨ ਹੋਇ[1]।ਚਰਨ ਗਹੇ ਦ੍ਵੈ ਹਾਥ ਸੋਂ ਬਿਨਤੀ ਬਹੁਰ ਬਗੋਇ॥੮੮॥ਚੌਪਈ॥ 'ਤਪਾ! ਬਖਸ਼ਿਯੇ ਖ਼ਤਾ ਹਮਾਰੀ। ਨਿੰਦਾ ਹਮ ਨੈ ਭੂਲ ਉਚਾਰੀ। ਪੂਰਬ ਭੇਦ ਨ ਜਾਨਯੋ ਤੇਰਾ। ਅਫਵਲ[2] ਗੁਨਹਿ[3] ਕਰੋ ਅਬ ਮੇਰਾ'॥੮੯॥ ਸੁਨਿਕੈ ਬੋਲਯੋ ਤਬਹਿ ਉਬਾਰਾ।'—ਤਪਾ ਉਠਾਵੈਂ—ਤੂੰ ਜਿ ਉਚਾਰਾ। ਅਬ ਕਿਉਂ ਨਹਿ ਤੁਮ ਦੇਹਿ ਉਠਾਈ। ਮਿਲਿ ਜਿਹ ਕੋ ਹੈਂ ਗ੍ਰੀਵ ਨਿਵਾਈ ॥ ੯੦॥ ਬਾਤ ਸਮਝ ਕਰਿ ਕਹਿਨੀ ਭਲੀ। ਕਿਸਿ ਬਿਧਿ ਕੀਟੀ ਗਿਰ ਕੋ ਲਿਲੀ[4]। ਰਵਿ[5] ਸਮਾਨ ਕਿਉਂ ਹੋਇ ਟਿਟਾਨੋ। ਇਤੋ ਭੇਦ ਨਿਜ ਮਾਂਹਿ ਪਛਾਨੋ'॥ ੯੧ ॥ ਦੋਹਰਾ ॥ ਅੱਦ੍ਰਮਾਨ ਕਹਿ 'ਪ੍ਰਥਮ ਮੈਂ ਅਸ ਜਾਨਯੋ ਮਨ ਮਾਂਹਿ। ਬੁਤ ਪ੍ਰਸਤ ਕੋ[6] ਹਿੰਦੂ ਹੈ, ਤਿਨਕੇ ਸਮ ਇਹ ਨਾਹਿ॥੯੨॥ਚੌਪਈ॥ ਹਿੰਦੂ ਤੁਰਕ ਤੇ ਅਹੈ ਨਿਰਾਲਾ। ਸ੍ਰੀ ਨਾਨਕ ਇਸ ਮਤੋ ਬਿਸਾਲਾ।ਇਨ ਕੀ ਕੌਨ ਕਰੈ ਸਮਤਾਈ। ਮਿਲੇ ਜਬੈ ਤਬਹੀ ਸੁਧਿ ਪਾਈ' ॥੯੩॥ਤਿਹ ਢਿਗ ਬ੍ਰਿੰਦ ਹੁਤੇ ਨਰ ਜੇਊ।ਚਰਨ ਕਮਲ ਬੰਦਤਿ ਭੇ ਤੇਊ।ਸ੍ਰੀ ਗੁਰ ਭਨਯੋ'ਖ਼ੁਦਾਇ ਜਿ ਪਯਾਰੋ।ਖ਼ੌਫ ਖ਼ੁਦਾਇ ਸੁ ਉਰ ਮੈਂ ਧਾਰੋਂ॥੯੪॥ਕਬਹਿ ਗ਼ਾਫਲੀ ਭੂਲ ਨ ਕਰਿਹੈਂ।ਨਿਸਦਿਨ ਉਰ ਮਹਿ ਡਰ ਕੋ ਧਰਿਹੈਂ।ਸਿਮਰਨ ਪ੍ਰੇਮ ਭਗਤਿ ਮਹਿਂ ਰਾਤੇ[7]। ਉਚਿਤਾ ਪਾਇ ਨੀਚ ਹ੍ਵੈ ਜਾਤੇ'॥੯੫॥ਦੋਹਰਾ॥ਇਉਂ ਮਿਲਿਕੈ ਹਰਖਾਇ ਉਰ ਗਾ ਤਬ ਅੱਦ੍ਰ-ਹਮਾਨ। ਸ੍ਰੀ ਗੁਰ ਕੇਰ ਸਮੀਪ ਹ੍ਵੈ ਕਹਯੋ ਉਬਾਰੇ ਖਾਂਨ ॥ ੯੬ ॥ ਚੌਪਈ ॥ 'ਕ੍ਰਿਪਾ ਨਿਧਾਨ ਭਾਉ ਕੇ ਪਯਾਰੇ! । ਗੰਜਨ ਗਰਬ ਸੁ ਮੁਕਤਿ ਉਦਾਰੇ। ਪਾਇਨ ਸੋਂ ਪਾਵਨ[8] ਮਮ ਧਾਮੂ। ਕਰਹੁ ਆਪ ਨਿਸ ਭੀ ਬਿਸਰਾਮੂ[9]'॥੯੭॥ ਸੁਨਿਕੈ ਬਿਨਤੀ ਡੇਰਾ ਕੀਨਾ। ਸ਼ੁਭ ਸਥਾਨ ਪ੍ਰਭੁ ਕੋ ਆਸੀਨਾ[10]। ਦਿਜ ਬੁਲਿਵਾਇ ਬਨਾਇ ਅਹਾਰਾ। ਕਰਿ ਸੋਂ ਪਕਰਿ ਸੁ ਪੈਰ ਪਖਾਰਾ ॥੯੮॥ ਦ੍ਵੈ ਦਿਉਸਨ ਲੌ ਸਦਨ ਰਹੇ ਤਿਹਂ। ਜਾਗੇ ਮਸਤਕ ਭਾਗ ਬਡੇ ਜਿਹਂ। ਪੁਨ ਕਰਤਾਰਪੁਰੇ ਚਲਿ ਆਏ। ਜਿਨ ਹੰਕਾਰੀ ਪੈਰੀਂ ਪਾਏ ॥ ੯੯ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਅੱਦ੍ਰਮਨ ਕੋ ਪ੍ਰਸੰਗ' ਬਰਨਨੰ ਨਾਮ ਇਕਤਾਲੀਸਮੋ ਅਧਯਾਯ ॥ ੪੧ ॥

---

[1]ਨੀਵਾਂ ਮਨ ਕਿਥ। [2]ਬਖਸ਼ਨਾ ਕਰੋ। [3]ਅਵੱਗਯਾ। [4]ਪਹਾੜ ਨੂੰ ਕਿਵੇਂ ਕੀੜੀ ਨਿਗਲ ਸਕਦੀ ਹੈ। [5]ਸੂਰਜ। [6]ਕੋਈ। [7]ਰੰਗੇ ਹੋਏ। [8]ਚਰਨਾਂ ਨਾਲ ਪਵਿੱਤ੍ਰ ਕਰੋ। [9]ਰਾਤ ਪੈ ਗਈ ਹੈ ਬਿਸ੍ਰਾਮ (ਏਥੇ ਹੀ) ਕਰੋ। [10]ਨਿਵਾਸ ਦਿਤਾ।

Sri Satguru Jagjit Singh Ji eLlibrary NamdhariElibrary@gmail.com

੪੨. [ਚਰਨ ਧਯਾਨ ਪ੍ਰਤਾਪ, ਬੱਚੇ ਦਾ ਪ੍ਰਸੰਗ ਮੂਲਾ, ਕੀੜ। ਪ੍ਰਿਥਾ, ਖੇਡਾ। ਪ੍ਰਿਥੀ ਮਲ, ਸਹਗਲ, ਰਾਮਾ, ਝਿਡੀ ਪ੍ਰਤਿ ਉਪਦੇਸ਼।]

ਦੋਹਰਾ ॥ ਸ੍ਰੀ ਗੁਰ ਪਦ ਅਰਬਿੰਦ ਕੋ ਧਯਾਨ ਚਢਾਵੋਂ ਭੰਗ।
ਤਜਹੁੰ ਸਿਆਨਪ ਸਰਬ ਕੋ ਰਪਹੁੰ ਏਕ ਪ੍ਰਭੁ ਰੰਗ ॥੧॥

{ਰਪਹੁੰ=ਰੰਗਿਆ ਜਾਵਾਂ, ਰੰਗ ਵਿਚ ਰੰਗਿਆ ਜਾਣਾ ਤੋਂ ਮੁਰਾਦ ਹੈ ਪ੍ਰੇਮ ਵਿਚ ਮਗਨ ਹੋ ਜਾਣਾ। (ਅ) ਚਢਾਵੋਂ ਤਜਹੁੰ ਤੇ ਰਪਹੁੰ ਦੇ ਉੱਤੇ ਜੇ ਬਿੰਦੀ ਨਾ ਹੋਵੇ ਤਾਂ ਸਾਰੇ ਦੋਹੇ ਦਾ ਅਰਥ ਮੱਧਮ ਪੁਰਖ ਵਿਚ ਹੋ ਜਾਏਗਾ, ਅਰਥਾਤ ਤੁਸੀਂ ਚੜ੍ਹਾਵੋ, ਤੁਸੀਂ ਤਜੋ, ਤੁਸੀਂ ਰੰਗੇ ਜਾਵੋ।}

ਅਰਥ—ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੇ ਧਿਆਨ ਦੀ ਭੰਗ (ਆਪਣੇ ਮਨ ਨੂੰ) ਚੜ੍ਹਾ ਕੇ ਸਾਰੀਆਂ ਸਿਆਣਪਾਂ ਦਾ ਤਿਆਗ ਕਰ ਦਿਆਂ ਤੇ ਇਕ ਪ੍ਰਭੂ ਦੇ ਰੰਗ ਵਿਚ ਰੰਗਿਆ ਜਾਵਾਂ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ਜੀ! ਸੁਨਹੁ ਕਹਾਨੀ। ਰਹੇ ਗ੍ਰਾਮ ਨਿਜ ਸ੍ਰੀ ਗੁਨਖਾਨੀ। ਬੀਤਤਿ ਭਯੋ ਕਿਤਿਕ ਤਹਿਂ ਕਾਲਾ। ਮਹਿਮਾ ਜਹਿਂ ਤਹਿਂ ਬਢੀ ਬਿਸਾਲਾ ॥੨॥ ਦਰਸ਼ਨ ਕਰਨ ਹੇਤ ਨਰ ਆਵਹਿਂ। ਧਰੈਂ ਕਾਮਨਾ ਫਲ ਕੋ ਪਾਵਹਿਂ। ਮਨਹੁ ਪ੍ਰਕਾਸ਼ੀ ਕੀਰਤਿ ਜੌਨ੍ਹਾ[1]। ਪਸਰੀ ਭਲੀ ਚੌਦ ਹੂੰ ਭੌਨਾ[2] ॥੩॥ ਸੰਤ ਚਕੋਰ ਰਿਦੇ ਹਰਖਾਏ[3]। ਦੰਭ ਦੁਹਾਗਨਿ[4] ਕੋ ਦੁਖਦਾਏ। ਨਿੰਦਕ ਚਕਵੇ ਪੀਰਾ ਪਾਈ। ਉਡਗਨ ਸਿੱਖਨ ਸਹਤ ਸੁਹਾਈ[5] ॥੪॥ ਹਿੰਦੂ ਤੁਰਕ ਅਧਿਕ ਚਲਿ ਆਵਹਿਂ। ਸ੍ਰੀ ਨਾਨਕ ਕੇ ਚਰਨ ਮਨਾਵਹਿਂ। ਏਕ ਮੁਰੀਦ, ਸਿੱਖ ਇਕ ਹੋਵਹਿਂ। ਦਰਸ਼ਨ ਪਰਸਤਿ ਕਲਮਲ ਖੋਵਹਿਂ ॥੫॥ ਗ੍ਰਾਮ ਨਗਰ ਰਹਿਹੀਂ ਨਰ ਜੇਤੇ। ਸ੍ਰੀ ਗੁਰ ਕੀਰਤਿ ਕਰਿਹੀਂ ਤੇਤੇ। ਬ੍ਰਹਮਚਾਰੀ ਬੈਰਾਗੀ ਜੋਊ। ਜੋਗੀ ਸੰਨਯਾਸੀ ਹੈਂ ਕੋਊ ॥੬॥ ਨੀਚ ਕਿ ਊਚ ਰਾਇ ਕੈ ਰੰਕਾ। ਸੁਜਸ ਉਚਾਰਹਿਂ ਸਭਿ ਅਕਲੰਕਾ[6]। ਪੰਡਤ ਅਪਰ ਅਪੰਡਤ[7] ਜਹਿਂ ਤਹਿਂ। ਸ੍ਰੀ ਗੁਰ ਕੀਰਤਿ ਕਰਿਹੀਂ ਮਹਿ ਮਹਿਂ[8] ॥੭॥ ਪੁਰਿ ਕਰਤਾਰ ਵਿਖੇ ਨਰ ਨਾਰੀ। ਰਹੈਂ ਸਦੀਵ ਭੀਰ ਭਰਿ ਭਾਰੀ[9]। ਸਵਾ ਜਾਮ ਨਿਸਿ ਰਹੇ ਸਦਾਈ। ਹੋਤਿ ਕੀਰਤਨ ਸਭਿ ਸੁਖਦਾਈ ॥੮॥ ਪਹਿਰ ਨਿਸਾ[10]

---

[1]ਜਸ ਰੂਪੀ ਚਾਂਦਨੀ। [2]ਚੌਦਾਂ ਹੀ ਭਵਨਾਂ ਵਿਚ (ਸਾਰੇ)। [3]ਅਨੰਦ ਹੋਏ। [4]ਦੰਭੀ ਰੂਪ ਦੁਹਾਗਣਾਂ। [5]ਤਾਰਿਆਂ ਰੂਪੀ ਸਿਖਾਂ ਸਮੇਤ ਸੁਹਾਈ (ਓਹ ਚਾਂਦਨੀ)। [6]ਕਲੰਕ ਰਹਤ (ਗੁਰੂ ਜੀ ਦਾ)। (ਅ) ਉੱਜਲ (ਜਸ)। [7]ਅਨਪੜ੍ਹੇ ਲੋਕ। [8]ਪ੍ਰਿਥਵੀ ਤੇ। [9]ਭਾਰੀ ਭੀੜ ਭਰੀ ਰਹਿੰਦੀ ਹੈ। [10]ਪਹਿਰ ਰਾਤ (ਰਹਿੰਦੀ)।

Sri Satguru Jagjit Singh Ji eLibrary NamdhariElibrary@gmail.com

ਸੋਂ ਸੰਗਤ ਮੇਲਾ॥ਸਬਦਿ ਬਿਚਾਰਨ ਹੋਤਿ ਸੁਹੇਲਾ॥ ਏਕ ਬਾਲ ਕੋ*,ਕਿਰਤਨ ਕਾਲਾ[1]। ਸੁਨਤਿ ਰਹੈ ਕਰ ਪ੍ਰੇਮ ਬਿਸ਼ਾਲਾ ॥ ੯ ॥ ਪ੍ਰਭੁ ਪੀਛੇ ਠਾਂਢੋ ਹ੍ਵੈ ਸੋਇ। ਭੋਗ ਕੀਰਤਨ ਕੋ ਜਬ ਹੋਇ। ਬੰਦਨ ਕਰਿਕੈ ਸਦਨ ਸਿਧਾਵੈ। ਇਮਿਬਿਧਿ ਨਿਤਪ੍ਰੱਤਿ ਸੋ ਆਵੈ॥੧੦॥ਇਕ ਦਿਨ ਸ੍ਰੀ ਗੁਰ ਬੈਨ ਬਖਾਨੇ। 'ਬਾਰਿਕ ਕੋ ਘਰੁ ਦੇਹੁ ਨ ਜਾਨੇ'। ਸਿਖਨ ਗਹਿ ਕੈ ਤਿਹ ਤਤਕਾਲਾ। ਠਾਂਢੋ ਕੀਨ ਹਦੂਰ ਕ੍ਰਿਪਾਲਾ ॥ ੧੧ ॥ ਦੋਹਰਾ ॥ ਬਾਲਿਕ ਕੋ ਬੂਝਨ ਕਿਯੋ 'ਕਿਉਂ ਨਿੰਦ੍ਰਾ ਕੋ ਤਯਾਗਿ॥ ਸਵਾਜਾਮ ਨਿਸ ਰਹੇ ਤੇ ਕਰਿ ਆਵਤਿ ਅਨੁਰਾਗ ?॥੧੨॥ ਚੌਪਈ ॥ ਹਾਸ ਖੇਲ ਪੁਨ ਸਵਣ ਸੁਖਾਰੇ। ਬਾਲ ਬੈਸ ਮਹਿ ਇਨ ਸੋਂ ਪਯਾਰੇ। ਸੋ ਤਜਿ ਕੇ ਸਤਿਸੰਗਤਿ ਮਾਂਹੀ॥ਆਵਤਿ ਵਖਤਿ[3]ਘੁਸਾਵਤ ਨਾਂਹੀ'॥੧੩॥ਬਾਲਕ ਤਬਹੀ ਦ੍ਵੈ ਕਰ ਜੋਰੇ। ਕਹਿਨ ਲਗਯੋ 'ਸੁਨੀਏ ਪ੍ਰਭੁ ਮੋਰੇ ! । ਇਕ ਦਿਨ ਮਾਤਾ ਮੋਹਿ ਪਠਾਯਾ। ਹਿਤ ਅਹਾਰ ਪਾਵਕ[4] ਮੰਗਵਾਯਾ ॥ ੧੪ ॥ ਬਹੁਰੋ ਮੁਝ ਤੇ ਜਾਇ ਨ ਬਾਰੀ[5]। ਤਬ ਮਾਤਾ ਅਸ ਗਿਰਾ ਉਚਾਰੀ।–ਛੋਟੀ ਸਮਧਾ[6] ਊਪਰ ਪਾਇ। ਤਿਨ ਪਰ ਦੀਰਘ[7] ਦੀਜੈ ਲਾਇ–॥੧੫॥ਸੁਨਿਕੈ ਸੀਖ[8]†ਬਾਰ[9]ਮੈਂ ਦੀਨੀ॥ ਪਿਖਿ ਗਿਨਤੀ ਉਰਭਈ ਨਵੀਨੀ।–ਅਗਨਿ ਕਾਲ[10] ਕੋ ਏਕ ਸੁਭਾਊ। ਛੋਟਾ ਬਡਾ ਨ ਜਾਨਤਿ ਕਾਊ ॥ ੧੬॥ ਇਕ ਸਮ ਸਭਿ ਕੋ ਖਾਇ ਸੁ ਜਾਈ। ਨਹਿ ਕੈਸੇ ਹੂ ਹੋਤਿ ਬਚਾਈ। ਤੁਮਰੇ ਦਰਸ਼ਨ ਕੇਰ ਪ੍ਰਭਾਵਾ[11]। ਅਸ ਬਿਚਾਰ ਮੇਰੇ ਮਨ ਆਵਾ ॥੧੭॥ ਸੰਗ ਮਾਤ ਕੇ ਅਸ ਮੈਂ ਪ੍ਰਾਹੀ[12] ।–ਤਰੁਨ[13] ਬੈਸ ਹੋਵੌਂ ਕੈ ਨਾਂਹੀ॥ਕੋ ਜਾਨੈ ਲਘੁ ਹੀ ਮਰਿ ਜਾਵੌਂ। ਤਾਂਤੇ ਸ੍ਰੀ ਪ੍ਰਭੁ ਕੇ ਗੁਨ ਗਾਵੌਂ–॥੧੮॥ਜਾਨਿ ਕਾਲ ਕੋ ਡਰ ਸਿਰ ਭਾਰੀ। ਪਰਯੋ ਰਹੋਂ ਮੈਂ ਸ਼ਰਨ ਤੁਮਾਰੀ॥ਤਜਿਕੈ ਨੀਂਦ ਸੁਨੋਂ ਪ੍ਰਭੁ ਗਾਥਾ'। ਅਸ ਕਹਿ ਪੁਨ ਬੰਦੇ ਜਗਨਾਥਾ ॥੧੯॥ ਤਿਹ ਛਿਨ ਸੰਗਤਿ ਸੁਨਿ ਸਿਸ[14] ਬਾਨੀ। ਸਰਬ ਰਹੀ ਹਿਰਦੇ ਬਿਸਮਾਨੀ।–ਅਲਪ ਬੈਸਿ ਸਤਿਸੰਗ ਮਝਾਰੀ॥ਨਿਰਮਲ ਕੀਨੀ ਸੁਮਤਿ ਬਿਚਾਰੀ–॥੨੦॥ ਦੇਖਿ ਜਗਤ ਧੰਧੇ ਲਪਟਾਯੋ। ਮਾਯਾ ਮੋਹ ਸਰਬ ਬਿਰਮਾਯੋ। ਦੇਨੇ ਹੇਤ ਭਲੋ

[1]ਕੋਈ ਇਕ ਬਾਲਕ ਕੀਰਤਨ ਵੇਲੇ। [2]ਖੜ੍ਹੇਕੇ। [3]ਵੇਲਾ। [4]ਅਗਨੀ। [5]ਬਾਲੀ। [6]ਛੋਟੀਆਂ ਲਕੜੀਆਂ। [7]ਵੱਡੀਆਂ। [8]ਸਿੱਖਯਾ। [9]ਬਾਲ। [10]ਅਗਨਿ (ਤੇ) ਮੌਤ। [11]ਪ੍ਰਤਾਪ ਤੇ। [12]ਕਹੀ। [13]ਜਵਾਨ। [14]ਬਾਲਕ ਦੀ।

*ਇਸ ਬੱਚੇ ਦਾ ਨਾਉਂ ਭਾਈ ਮਨੀ ਸਿੰਘ ਜੀ ਕ੍ਰਿਤ 'ਸਿਖਾਂ ਦੀ ਭਗਤ ਮਾਲਾ' ਵਿਚ ਤਾਰੂ ਪੋਪਟ ਦਿਤਾ ਹੈ।

†ਪਿਛਲੇ ਸਮੇਂ ਲੰਮੇ ਛੋਟੇ ਨੂੰ ਜੋੜਕ ਲਾਏ ਅੰਗਾਰੇ ਤੋਂ ਅਗ ਬਾਲਿਆ ਕਰਦੇ ਸਨ, ਇਸ ਨੂੰ ਸੀਖ ਕਿਹਾ ਕਰਦੇ ਸਨ।

Sri Satguru Jagjit Singh Ji eLibrary NamdhariElibrary@gmail.com

ਉਪਦੇਸ਼ਾ। ਭਨਯੋ ਸ਼ਬਦ ਤਬ ਸ਼੍ਰੀ ਜਗਤੇਸ਼ਾ ॥ ੨੧ ॥

ਸਲੋਕੁ॥

ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ ॥ ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ ॥ ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ ॥ ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ ॥ ੨ ॥*

ਦੋਹਰਾ ॥ ਸੁਨਿ ਸਭਿ ਨਰ ਗੁਰ ਕੇ ਬਚਨ ਭਏ ਭਜਨ ਰਤਿ[1]† ਸੋਇ। ਆਤਮ ਗਯਾਨ ਬਿਚਾਰਹੀ ਜਿਸਤੇ ਸਭਿ ਸੁਖ ਹੋਇ ॥ ੨੨ ॥ ਚੌਪਈ ॥ ਕ੍ਰਿਪਾ ਦ੍ਰਿਸ਼ਟਿ ਕਰਿ ਇਉਂ ਜਗ ਸਾਂਈਂ। ਮਨੁਜ ਅਨੇਕਨ[2] ਭਗਤਿ ਦ੍ਰਿੜਾਈ। ਇਕ ਦਿਨ ਬੈਠੇ ਜਲਧਿ ਬਿਬੇਕੂ[3]।ਮੂਲਾ ਕੀੜ ਨਾਮ ਨਰਏਕੂ ॥੨੩॥ਗੁਰ ਸਮੀਪ ਚਲਿ ਕੈ ਸੋ ਆਯੋ। ਸ਼ਾਂਤਿ ਭਈ ਮਨ ਦਰਸ਼ਨ ਪਾਯੋ। ਉਰ ਬਿਕਾਰ ਸਭਿ ਨਾਸੇ ਐਸੇ। ਪਾਵਸ[4] ਹੋਤਿ ਜਵਾਸੇ ਜੈਸੇ[5]॥੨੪॥ ਬੰਦਿ ਹਾਥ ਬੋਲਯੋ 'ਇਹ ਅਰਥਾ।ਮੋਹਿ ਬਤਾਵਹੁ ਪ੍ਰਭੁ ਸਮਰਥਾ:-ਚੰਚਲ ਚੀਤ ਨ ਜਾਇ ਤਮਾਸ਼ੇ। ਜੂਏ ਜਾਇ ਨ ਖੇਲੇ ਪਾਸੇ'॥੨੫॥ ਪਾਰਬ੍ਰਹਮ ਸੁਨਿਕੈ ਗੁਨ ਖਾਨੀ। ਕ੍ਰਿਪਾ ਦ੍ਰਿਸ਼ਟਿ ਪਿਖਿ ਬੋਲੇ ਬਾਨੀ।'ਪੂਰਬ ਜੁਗ ਜੋ ਬੀਤਗਏ ਹੈਂ।ਤਿਨ ਮਹਿ ਭੂਪ ਅਨੇਕ ਭਏ ਹੈਂ॥੨੬॥ਮਨ ਚੰਚਲ ਵੇਸ੍ਵਾ[6] ਜਬ ਪੇਖੀ। ਕਾਮ ਕੇਲ ਹ੍ਵੈ ਚਾਇ ਬਿਸ਼ੇਖੀ। ਰੋਕਯੋ ਰੁਕਤਿ ਨ ਕਿਸੂ ਪ੍ਰਕਾਰਾ। ਮਿਲਿ ਤਿਹ ਅਪਨ ਜਨਮ ਜਗ ਹਾਰਾ॥੨੭॥ ਧਰਮ ਛੀਨ[7] ਹ੍ਵੈ ਪਾਇ ਸਜਾਈ। ਪਰਯੋ ਨਰਕ ਮਹਿ ਬਹੁ ਬਿਲਲਾਈਂ[8]। ਯਾਂਤੇ ਤਿਹ ਕੋ ਦੇਖਹਿ ਨਾਂਹੀ ‡। ਸਮਾਂ ਬਿਤਾਵਹਿਂ ਸਤਿਸੰਗ ਮਾਂਹੀ ॥੨੮॥ ਖੇਲੇ ਜੂਪ[9] ਭੂਪ ਜੋ ਹੋਏ। ਪਰੀ ਆਪਦਾ ਦਾਰੁਨ[10] ਰੋਏ। ਇਨ ਕੋ ਤਯਾਗੇ ਜੋ ਸਿਖ ਹੋਇ। ਸੁਖ ਪਾਵਹਿ ਮਾਨਹਿ ਬਚ ਜੋਇ ॥ ੨੯ ॥ ਅਬ ਆਯੋ ਕਲਿਜੁਗ ਕੋ ਕਾਲਾ। ਗੁਰ ਸਿਖੀ ਪ੍ਰਗਟਾਈ ਚਾਲਾ[11]। ਸ਼ਬਦ ਪ੍ਰੇਮ ਕਰਿਕੈ ਮੁਖ ਗਾਵੈਂ।ਧਰਮ ਕ੍ਰਿਤ[12]

[1]ਪ੍ਰੀਤ ਕਰਨ ਵਾਲੇ। [2]ਅਨੇਕਾਂ ਪੁਰਸ਼ਾਂ ਨੂੰ। [3]ਗਯਾਨ ਦੇ ਸਮੁੰਦਰ। [4]ਬਰਸਾਤ ਵਿਚ। [5]ਜਵਾਹਾਂ (ਦਾ ਨਾਸ਼) ਹੁੰਦਾ ਹੈ ਜੈਸੇ। [6]ਕੰਜਰੀ [ਸੰਸ:, ਵੇਸ਼੍ਯਾ]। [7]ਨਾਸ਼। [8]ਵਿਲਾਪ ਕਰਦੇ ਹਨ। [9]ਜੂਆ। [10]ਭਯਾਨਕ ਸੰਕਟ। [11]ਭਾਵ ਗੁਰ ਸਿੱਖਾਂ ਦੇ ਵਰਤੋਂ ਦੇ ਕਰਮਾਂ ਦਾ ਤ੍ਰੀਕਾ। [12]ਧਰਮ ਦੀ ਕਿਰਤ। *ਰਾਮਕਲੀ ਦੀ ਵਾਰ ਮ: ੩ ॥ †ਪਾ:-ਗਤਿ।

‡ਏਥੇ ਕਵਿ ਜੀ ਸਤਿਗੁਰ ਜੀ ਦਾ ਵਾਕ ਦੱਸ ਰਹੇ ਹਨ ਕਿ ਵੇਸ਼੍ਯਾ ਨੂੰ ਕਦੀ ਅੱਖਾਂ ਨਾਲ ਨਾ ਤੱਕੋ, ਇਥੋਂ ਬੀ ਇਹੀ ਸਿੱਧ ਹੁੰਦਾ ਹੈ ਕਿ ਜੋ ਕੁਛ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਦੇ ਅਧ੍ਯਾਯ ੨੧ ਅੰਕ ੨੩ ਤੇ ਅਧ੍ਯਾਯ ੨੨ ਅੰਕ ੧੫ ਵਿਚ ਵਰਣਨ ਹੋਇਆ ਹੈ ਉਹ ਸਾਰਾ ਗ਼ਲਤ ਹੈ, ਕਿਉਂਕਿ ਵੇਸ਼੍ਯਾ ਦਾ ਦਰਸ਼ਨ ਕਰਨੋਂ ਬੀ ਏਥੇ ਮਨ੍ਹਾ ਕਰ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਕਰਿ ਕੈ ਵੰਡ ਖਾਵੈਂ ॥੩੦॥ ਗੁਰ ਸਿੱਖਨ ਕੀ ਸੇਵਾ ਕਰਿਹੀਂ । ਭਾਉ ਧਾਰਿ ਉਰ ਚਰਨ ਪਖਰਿਹੀਂ[1] । ਨਗਨੈ[2] ਬਸਤ੍ਰ ਦੇ ਭੋਜਨ ਭੁਖਾ।ਸ਼ਬਦ ਬਿਚਾਰਿ ਲਹੈ ਉਰ ਸੁਖਾ' ॥੩੧॥ ਦੋਹਰਾ॥ ਸੁਨਿ ਸ੍ਰੀ ਗੁਰ ਉਪਦੇਸ਼ ਅਸ ਰਿਦੇ ਧਾਰਿ ਦ੍ਰਿੜ੍ਹ ਸੋਇ।ਤਿਸ ਪ੍ਰਕਾਰ ਕਰਨੇ ਲਗਯੋ ਮਹਾਂ ਪ੍ਰੇਮ ਮੈਂ ਹੋਇ॥੩੨॥ਚੌਪਈ॥ ਜੋ ਭੁਖਾ ਭੋਜਨ ਤਿਹ ਦੇਈ।ਨਗਨ ਦੇਖਿ ਕਰਿ ਬਸਤ੍ਰ ਉਢੇਈ।ਸਿੱਧ ਸਾਧ ਤਿਹ ਘਰ ਬਹੁ ਆਵਹਿ । ਰੈਨ ਬਸੇਰਾ ਕਰਿ ਪੁਨ ਜਾਵਹਿ ॥ ੩੩ ॥ ਏਕ ਦਿਵਸ ਇਕ ਬੰਚਕ[3] ਆਯੋ । ਤਨ ਮੈਂ ਸਿਖ ਕੋ ਭੇਖ ਬਨਾਯੋ। ਬਾਨੀ ਕੰਠ ਪਢੈ ਕਰਿ ਪ੍ਰੀਤਾ । ਮਨ ਲੋਭੀ ਜਿਹ ਮਤਿ ਵਿੱਪ੍ਰੀਤਾ[4]॥੩੪॥ ਦੋਹਰਾ॥ ਸੇਵਾ ਕਰੀ ਬਿਭਾਵਰੀ[5], ਪੁਨ ਮੂਲੇ ਕੀ ਨਾਰਿ । ਭੂਖਨ ਰਖੇ ਉਤਾਰਿ ਕੈ ਬੰਚਕ ਲਏ ਨਿਹਾਰ[6]॥੩੫॥ ਚੌਪਈ॥ ਸੋਇ ਰਹੇ ਜਬਿ ਸਭਿ ਪਹਿਚਾਨੇ[7]।ਸੋ ਭੂਖਨ ਲੀਨੇ ਨਿਜ ਪਾਨੇ[8]। ਨਿਕਸਨ ਲਗਯੋ ਬਹਿਰ ਕੋ ਧਾਏ। ਤਾਰੋ ਪੌਰ[9] ਪਿਖਯੋ, ਹਟਿ ਆਏ॥੩੬॥ਮੂਲੇ ਕੋ ਕਰ ਸੰਗ[10] ਜਗਾਵਾ । ਕਪਟ ਧਾਰਿਕੈ ਬਚਨ ਅਲਾਵਾ।'ਜਾਵੈਂ ਵਹਿਰ, ਦੀਜੀਐ ਤਾਰੀ[11]। ਹੋਵਤਿ ਸੂਰ[12] ਉਦਰ[13] ਮੁਝ ਭਾਰੀ'॥੩੭॥ ਦੋਹਰਾ॥ਮੂਲਾ ਬੋਲਯੋ 'ਸੰਤ ਜੀ ! ਵਹਿਰ ਤਿਮਰ ਕਿਉਂ ਜਾਤਿ । ਰਮਨੋ ਬੈਠੋ[14] ਅਜਰ ਮਹਿ[15], ਹੌਂ ਉਚਾਇ ਹੋਂ ਪ੍ਰਾਤਿ[16]' ॥ ੩੮ ॥ ਚੌਪਈ॥ਬੋਲਯੋ ਬੰਚਕ 'ਬਾਹਿਰ ਜਾਊਂ । ਸਦਨ ਵਿਖੇ ਬੈਠਤਿ ਸ਼ਰਮਾਊਂ'। ਉਠਿ ਕੈ ਮੂਲਾ ਲੈਕਰਿ ਤਾਰੀ[11] । ਆਯੋ ਜਬਿਹੀ ਅਜਰ ਮਝਾਰੀ ॥ ੩੯॥ ਬੰਚਕ ਕਾਂਖ ਬਿਖੈ[17] ਤੇ ਗਿਰੇ । ਭੂਖਨ, ਪੁਨ ਨ ਉਠਾਇ, ਸੁ ਡਰੇ*।ਮੂਲੇ ਤਬ ਉਠਾਇ ਨਿਜ ਹਾਥਾ।ਦਏ ਤਾਂਹਿ ਕੋ ਤਬਿ ਹਿਤ ਸਾਥਾ॥੪੦॥ਦੋਹਰਾ॥ ਤਿਹਕੋ ਵਹਿਰ ਨਿਕਾਸਿਕੈ ਸੋਇ ਰਹਯੋ ਬਿਚ ਧਾਮ। ਭੀ ਪ੍ਰਭਾਤਿ ਤਿਹ ਥਾਨ ਕੋ ਦੇਖਤਿ ਮੂਲੇ ਬਾਮ ॥ ੪੧ ॥ ਚੌਪਈ ॥ 'ਭੂਖਨ ਧਰੇ ਨਹੀਂ ਕਿਹ ਥਾਈਂ ; ਕਹਾਂ ਗਏ ਕਿਹ ਲੀਨ ਚੁਰਾਈ ?' ਮੂਲਾ ਕਹੈ ਹੈਨ ਘਰ ਮਾਂਹੀ। ਤਸਕਰ ਲਗੇ ਨ ਜਾਨੇ ਜਾਈ[18] ॥ ੪੨ ॥ ਲੈ ਗਮਨੇ ਭੂਖਨ ਕੋ ਸੋਈ[19] ॥

[1] ਧੋਵਣ। [2] ਨੰਗੇ ਨੂੰ। [3] ਠੱਗ। [4] ਉਲਟੀ। [5] ਰਾਤ ਨੂੰ। [6] ਵੇਖ ਲਏ। [7] (ਠੱਗ ਨੇ) ਸਮਝੇ। [8] ਆਪਣੇ ਹੱਥ। [9] ਜੰਦਰਾ ਵੱਜਾ ਦਰਵੱਜੇ ਨੂੰ। [10] ਹੱਥ ਨਾਲ ਹਿਲਾਕੇ। [11] ਕੁੰਜੀ। [12] ਸੂਲ। [13] ਪੇਟ ਵਿਚ। [14] ਆਨੰਦ ਨਾਲ ਬੈਠੋ ਭਾਵ ਜੰਗਲ ਹੋ ਲਓ। [15] ਵਿਹੜੇ ਵਿੱਚ। [16] ਚੁਕਵਾਦਿ ਦਿਆਂਗਾ ਸਵੇਰ ਨੂੰ। [17] ਚੋਰ ਦੀ ਕੱਛ ਵਿਚੋਂ। [18] ਚੋਰ ਲਗੇ ਹਨ (ਪਰ ਸਾਨੂੰ) ਮਲੂਮ ਨਹੀਂ ਪਏ। [19] (ਓਹ ਚੋਰ) ਗਹਿਣੇ ਲੈ ਗਏ ਹਨ।

*ਪਾ:-ਬੰਚਕ ਕਾਖ ਬਿਖੈ ਤੇ ਗਿਰਾ। ਭੂਖਨ ਡੱਬਾ, ਦੇਖਿ ਸੁ ਡਰਾ।

Sri Satguru Jagjit Singh Ji eLibrary NamdhariElibrary@gmail.com

ਬਿਨ ਜਾਗੇ ਤੇ ਅਸ ਗਤਿ ਹੋਈ। ਨਿਸਾ ਹਮਾਰੇ ਘਰ ਸਿਖ ਜੋਊ। ਉਠਿ ਕਰਿ ਗਯੋ ਸੁ ਲੱਜਿਤਿ ਹੋਊ॥੪੩॥ ਦੋਹਰਾ॥-ਸਭਿ ਦੇਵਹਿੰਗੇ ਦੋਸ਼ ਮੁਝ-ਅਸ ਜਾਨੀਂ ਮਨ ਮਾਂਹਿ।ਗਯੋ ਬਡ਼ੀ ਭੁਨਸਾਰ ਤੇ,ਸਿੱਖ ਦੋਸ਼ ਕਛੁ ਨਾਂਹਿ[1]॥੪੪॥ ਚੌਪਈ॥ ਨਿਜ ਤਿਯ ਕੋ ਭੂਖਨ ਘਰਿਵਾਏ। ਔਰ ਹਰਖ ਹਿਤ ਭਤਛਿਨ ਪਾਏ। ਕਿਤਿਕ ਦਿਵਸ ਮਹਿਂ ਪ੍ਰਭੁ ਢਿਗ ਆਯੋ। ਨਮਸਕਾਰ ਕਰਿ ਦਰ-ਸ਼ਨ ਪਾਯੋ॥੪੫॥ ਕ੍ਰਿਪਾਨਿਧਾਨ ਕਹਯੋ'ਸੁਨਿ ਮੂਲਾ! ਰਿਦਾ ਤੋਰ ਸਿੱਖੀ ਅਨਕੂਲਾ[2]। ਮਮ ਪਰਦਾ ਤੈਂ ਢਕਯੋ ਬਨਾਈ*।ਤੋਰੋ ਢਕਿ ਹੈ ਗੁਰੂ ਸਦਾਈ॥੪੬॥ ਦੋਹਰਾ॥ ਸ਼ਬਦ ਗੁਰੂ ਕੋ ਰਿਦਾ ਹੈ ਸ਼੍ਰਵਨ, ਮਨਨ, ਨਿਧਯਾਸ[3]। ਕਰਹੁ ਸਦਾ ਉਰ ਗਯਾਨ ਹ੍ਵੈ, ਬੰਧਨ ਜਗਤ ਬਿਨਾਸ਼[4]'॥੪੭॥ ਚੌਪਈ॥ ਤ੍ਰਿਕਾਲੱਗ ਦਰਸ਼ੀ[5] ਤਿਹ ਕਾਲਾ। ਪ੍ਰਭੁ ਕ੍ਰਿਪਾ ਤੇ ਭਯੋ ਨਿਹਾਲਾ। ਸਦਨ ਗਯੋ ਹ੍ਵੈ ਮੋਹ ਬਿਨਾਹੀਂ[6]। ਹੈਤਾ ਤਜਿ ਬਰਤੈ ਜਗ ਮਾਂਹੀ॥੪੮॥

ਇਕ ਦਿਨ ਸੰਗਤ ਕੇਰ ਮਝਾਰਾ। ਬੈਠੇ ਪ੍ਰਭੁ ਹੈਂ ਸ਼ਬਦ ਵਿਚਾਰਾ। ਪ੍ਰਿੱਥਾ, ਖੇਡਾ ਦਰਸ਼ਨ ਆਸੂ[7]। ਚਲਿ ਆਏ ਸ੍ਰੀ ਨਾਨਕ ਪਾਸੂ॥੪੯॥ ਚਰਨ ਬੰਦਨਾ ਕਰਿਕੈ ਦੋਊ। ਬੈਠੇ ਸ਼ਬਦ ਸੁਨਤਿ ਭੇ ਸੋਊ। ਚਤੁਰ ਘਟੀ ਬੀਤੀ ਪਸ਼ਚਾਤੀ।ਤਿਨ ਸੋਂ ਬੋਲੇ ਪ੍ਰਭੁ ਇਸ ਭਾਂਤੀ॥੫੦॥'ਜੁ ਕਛੁ ਕਾਮਨਾ ਰਿਦੇ ਤੁਮਾਰੇ। ਜਾਚਹੁ,ਪੂਰਹਿ ਸ੍ਰੀ ਕਰਤਾਰੇ'।ਸ਼ਬਦ ਬਿਚਾਰਿ ਸੁਨਯੋ ਜਬ

---

[1]ਭਾਵ-ਰਾਤ ਜੋ ਸਿਖ ਸਾਡੇ ਘਰ ਸੀ, ਉਹ ਸ਼ਰਮਿੰਦਾ ਹੁੰਦਾ ਟੁਰ ਗਿਆ ਹੈ, ਇਉਂ ਆਪਣੇ ਮਨ ਵਿਚ ਜਾਣਕੇ ਕਿ ਸਾਰੇ ਮੈਨੂੰ ਦੋਸ਼ ਦੇਣਗੇ, ਤਾਹੀਓਂ ਬਡ਼ੀ ਤੜਕੇ ਟੁਰ ਗਿਆ ਹੈ, ਤਾਂਤੇ ਸਿੱਖ ਦਾ ਦੋਸ਼ ਕੁਛ ਨਹੀਂ ਹੈ। [2]ਅਨੁਸਾਰ। [3]ਇਸ ਦਾ (ਭਾਵ ਸ਼ਬਦ ਦਾ) ਮੁੜ ਮੁੜ ਧਯਾਨ ਵਿਚ ਟਿਕਾਉਣਾ, ਫਿਰ ਫਿਰ ਸਿਮਰਨਾ। [4]ਨਾਸ਼ ਹੋ ਜਾਣਗੇ। [5]ਤਿੰਨੇ ਕਾਲਾਂ ਦਾ ਗਿਆਤਾ (ਹੋ ਗਿਆ)। [6]ਮੋਹ ਤੋਂ ਖਾਲੀ (ਹੋਕੇ) (ਅ) ਮੋਹ ਹਰਕੇ। [7]ਦਰਸ਼ਨ ਵਾਸਤੇ ਛੇਤੀ [ਸੰਸਃ, ਆਸ਼ੁ] (ਅ) ਦਰਸ਼ਨ ਦੀ ਆਸਾ ਧਾਰਨ ਵਾਲੇ।

*ਗੁਰੂ ਜੀ ਦਾ ਦੇਖਕੇ ਅਣਡਿੱਠ ਕਰਨ ਦੇ ਅਸੂਲ ਦੀ ਕਦਰਦਾਨੀ ਦਾ ਕਿੰਨਾ ਕਮਾਲ ਹੈ। ਠੱਗ ਨੇ ਸਿੱਖੀ ਬਾਣਾ ਧਾਰਿਆ ਸੀ, ਤੇ ਉਸ ਦਾ ਕੇਵਲ ਸਿੱਖ ਕਹਿਲਾਉਣ ਕਰਕੇ ਮੂਲੇ ਨੇ ਪੜਦਾ ਨਹੀਂ ਪਾੜਿਆ, ਮਾਇਆ ਸਤਿਗੁਰੂ ਜੀ ਦੀ ਸਮਝ ਕੇ ਹਰਖ ਸ਼ੋਕ ਨਹੀਂ ਕੀਤਾ। ਮੂਲੇ ਦੇ ਇਸ ਕਮਾਲ ਦੇ ਇਨਸਾਨੀ ਪਿਆਰ ਅਰ ਦੇਖਕੇ ਅਣਡਿੱਠ ਕਰਨ ਦੇ ਸ਼ੁਭ ਗੁਣ ਦਾ ਗੁਰੂ ਜੀ ਨੇ ਇਹ ਕਦਰ ਪਾਇਆ ਕਿ ਮੂਲੇ ਦੀ ਸਿੱਖੀ ਭਾਵਨਾ ਨੂੰ 'ਆਪਣਾ ਪਰਦਾ ਕਜੀਣਾ' ਆਖਕੇ ਸਨਮਾਨਿਆ। ਮਾਦਾ ਪ੍ਰਸਤ ਪੱਛਮੀ ਮੁਲਕਾਂ ਤੋਂ ਆਈ ਇਕ ਦੂਜੇ ਦੀ ਨਿੰਦਾ ਤੇ ਖੇਦ ਦਾਇਕ ਨੁਕਤਾਚੀਨੀ ਦੀ ਰਵਸ਼ ਸਿੱਖੀ ਦੇ ਕਿਤਨੀ ਉਲਟ ਹੈ।

Sri Satguru Jagjit Singh Ji eLibrary NamdhariElibrary@gmail.com

ਦੋਈ। ਰਿਦੇ ਸ਼ਾਂਤਿ ਪ੍ਰਾਪਤਿ ਤਬਿ ਹੋਈ ॥ ੫੧ ॥ ਹਾਥ ਬੰਦਿ ਅਤਿ ਨਿੰਮ੍ਰ ਹੋਇ।ਬੋਲੇ ਲੋਭ ਲਹਿਰ ਮਨ ਖੋਇ। 'ਸ੍ਰੀ ਗੁਰ! ਸੁਨਹੁ ਕਰਹੁ ਜੋ ਕਰੁਨਾ। ਚਰਨ ਸ਼ਰਨ ਨਿਜ ਦੀਜੈ ਪਰਨਾ' ॥ ੫੨ ॥ ਜਾਨਹਿ ਸਗਰੋ ਜਗਤ ਅਸਾਰੋ[1] । ਸੁਪਨ ਪਦਾਰਥ ਜਿਉਂ ਨਿਰਧਾਰੋ[2]। ਮਾਨਿ ਹੁਕਮ ਪ੍ਰਭੁ ਹਰਖ ਹੁਵੀਜੈ[4] । ਨਾਂਹਿ ਚਾਹਿ ਕਛੁ, ਇਹ ਬਰ ਦੀਜੈ' ॥ ੫੩ ॥ ਬੋਲੇ ਸ੍ਰੀ ਪ੍ਰਭੁ 'ਹਮ ਪਗ ਤਹਿਵਾ[5]।ਬਸਹਿ[6] ਸਦਾ, ਸਤਿਸੰਗਤ ਜਹਿਵਾ। ਸੰਤ ਸਭਿਨਿ* ਕੀ ਸੇਵ ਕਰੀਜੈ। ਤਿਨ ਮੈਂ ਮਿਲਿ ਕਰਿ ਸਮਾਂ ਬਿਤੀਜੈ ॥ ੫੪ ॥ ਸੰਤ ਕਰ-ਤਾਰ ਭੇਦ ਕਛੁ ਨਾਂਹੀ।ਦ੍ਰਿੜ ਨਿਸ਼ਚੈ ਧਾਰਹੁ ਮਨ ਮਾਂਹੀ।ਧਰਮ ਕ੍ਰਿੱਤ ਕਰਿ ਵੰਡ ਸੁ ਖਾਓ । ਚਰਨ ਸ਼ਰਨ ਨਿਤ ਇਉਂ ਜਿ ਕਮਾਓ ॥ ੫੫ ॥ ਸਰਗੁਨ ਰੂਪ ਸਰੀਰ ਪਛਾਨੋ । ਸ਼ਬਦ ਰਿਦਾ ਮਮ[7], ਨਿਰਗੁਨ ਮਾਨੋ[8] । ਮਿਲੇ ਸਰੀਰ[9] ਬਿਛੁਰ ਸੋ ਜਾਵਹਿ । ਸ਼ਬਦ ਮਿਲੈ ਨਾ ਬਿਛੁਰਨ ਪਾਵਹਿ' ॥੫੬॥ ਤਿਨ[10] ਸੁਨਿਕੈ ਸ੍ਰੀ ਨਾਨਕ ਬਾਨੀ।ਤਿਸ ਬਿਧਿ ਕੀਨਿ ਨੀਕ ਮਨਮਾਨੀ। ਜੀਵਨ ਮੁਕਤਿ ਰੁਚਿਰ ਪਦ ਪਾਵਾ । ਸਤਿਗੁਰ ਬਚਨ ਰਿਦੈ ਠਹਿਰਾਵਾ ॥੫੭॥ ਜਾਨਯੋ ਸਗਰੋ ਜਗਤ ਅਸਾਰਾ । ਬਹੁਰ ਨ ਪ੍ਰਾਪਤਿ ਭਾ ਸੰਸਾਰਾ । ਕਿਤਿਕ ਸਮਾਂ ਜਬਿ ਤਹਾਂ ਗੁਜ਼ਾਰਾ। ਇਕ ਦਿਨ ਬੈਠੇ ਮੋਖ ਉਦਾਰਾ॥੫੮॥

---

[1]ਆਸਰਾ । [2]ਮਿੱਥਣਾ । [3]ਚਾਉ ਪੂਰਬਕ ਕਰੀਏ । [4]ਅਨੰਦ ਹੋਵੀਏ । [5]ਓਥੇ । [6]ਵਸਦੇ ਹਨ । [7]ਮੇਰਾ ਹਿਰਦਾ ਹੈ । [8](ਇਸ ਨੂੰ ਮੇਰਾ) ਨਿਰਗੁਣ (ਰੂਪ) ਮੰਨੋ । [9]ਜੋ ਸਰੀਰ ਨੂੰ ਮਿਲਦੇ ਹਨ । [10]ਉਹਨਾਂ ਨੇ ।

*ਇਹ ਉਪਦੇਸ਼ ਗੁਰੂ ਘਰ ਦੇ 'ਨਾਮ ਦੇ ਪ੍ਰੇਮੀ ਸੰਤਾਂ' ਵਾਸਤੇ ਹੋ ਰਿਹਾ ਹੈ। ਅਜ ਕਲ ਸਾਰੇ ਸੰਤਾਂ ਦੀ ਸੇਵਾ ਹਾਨੀਕਾਰਕ ਹੈ, ਬਾਹਲੇ ਲੋਕ ਕੇਵਲ ਭੇਖ ਧਾਰਕੇ ਫਿਰ ਰਹੇ ਹਨ। ਕੋਈ ਛਿਪਿਆ ਰਾਧਾ ਸੁਆਮੀ ਹੁੰਦਾ ਹੈ, ਕੋਈ ਖਰਕ ਵੇਦਾਂਤੀ ਕਰਨੀ ਹੀਨ, ਕੋਈ ਸੂਫੀ ਰੰਗਤ ਦਾ ਗੱਪੀ, ਕੋਈ ਪੌਰਾਣਕੀ ਕੇਵਲ ਬੁਲੇਰਾ, ਕੋਈ ਕੁੱਛ । ਕੋਈ ਕੁੱਛ, ਅਨੇਕ ਮਤਾਂ ਦੇ ਸੰਤਾਂ ਨੂੰ ਮਿਲ ਮਿਲਕੇ ਮਤ ਵਿਚਲ ਜਾਂਦੀ ਹੈ, ਸੰਤ ਓਹ ਜੋ ਇਕ ਨਾਮ ਦਾ ਉਪਾਸਕ ਤੇ ਪ੍ਰੇਮੀ ਹੋਵੇ, ਗੁਰੂ ਨਾਨਕ ਦੇਵ ਦੇ ਚਰਨਾਂ ਦਾ ਭੌਰਾ, ਭਗਤੀ ਭਾਵ ਵਿਚ ਇਸਥਿਤ ਤੇ ਉਚੀ ਮਤ ਵਾਲਾ ਆਚਰਨ ਦਾ ਉੱਚਾ ਹੋਵੇ; ਐਸੇ ਸੰਤਾਂ ਦੀ ਸੰਗਤ ਤਾਰਦੀ ਹੈ।

ਯਥਾ ਸ੍ਰੀ ਮੁਖਵਾਕ:—ਜਿਨ੍ਹਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥ [ਗਉੜੀ ਵਾਰ ਮ: ੫

ਤਥਾ:—ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ ॥ [ਸਿਰ: ਛੰਤ ਮ: ੪

Sri Satguru Jagjit Singh Ji eLibrary NamdhariElibrary@gmail.com

ਦੋਹਰਾ ॥ ਪ੍ਰਿਥੀਮਲ ਸਹਿਗਲ ਉਭੈ ਰਾਮਾ ਝਿਡੀ ਤੀਨ[1]। ਆਏ ਸ੍ਰੀ ਗੁਰ ਦਰਸ ਕੋ ਜੱਗਜਾਸਾ ਮਨ ਲੀਨ॥੫੯॥ਚੌਪਈ॥ਬੰਦਿ ਪਦਾਰਬਿੰਦ ਕੋ ਬੈਸੇ।ਕਿਤਿਕ ਕਾਲ ਮਹਿ ਬੋਲੇ ਐਸੇ।'ਹਮਕੋ ਇਸ ਬਿਧਿ ਪੰਥ ਬਤੱਯੈ। ਬਿਸ਼ਨ ਰੂਪ ਮੈਂ ਇਕ ਹ੍ਵੈ ਜੱਯੈ ॥ ੬੦ ॥ ਸਹਿਜ ਸੁਖੇਨ ਮੋਖ ਸੋ ਪਾਵੈਂ। ਕਠਨ ਕਰਮ ਜੋ, ਕੌਨ* ਕਮਾਵੈ'।ਸੁਨਿ ਕਰਿ ਸਤਿਗੁਰ ਬਚਨ ਬਖਾਨੇ। 'ਤ੍ਰੈ ਬਿਧਿ ਤਪ ਤਪਸੀ ਸਭਿ ਠਾਨੇ॥੬੧॥ ਦੋਹਰਾ ॥ ਨਗਨ, ਛੁਧਾ[2], ਜਲ, ਅਗਨ ਸੋਂ ਤਨ ਤਾਪਹਿਂ ਨਰ ਜੋਇ। ਕਹੈਂ ਤਾਮਸੀ ਤਪ ਇਹੈ ਕਰਨ ਕਠਨ ਹੈ ਸੋਇ॥੬੨॥ ਚੌਪਈ॥ ਜੇ ਯੁਤ ਕਾਮਿ ਸਿ[3] ਰਿਧਿ ਸਿਧਿ ਪਾਵਹਿਂ। ਨਿਹਕਾਮੀ[4] ਮਨ ਸੁਧ ਹ੍ਵੈ ਜਾਵਹਿ। ਬਹੁਰੋ ਇਸ ਤਪ ਕਾ ਹੰਕਾਰਾ। ਫੁਰਿ ਆਵਤਿ ਹੈ ਕੇਤਿਕ ਬਾਰਾ॥੬੩॥ਤਾਂਤੇ ਰਜ ਸਤਿ ਤੁਮ ਤਪ ਕੀਜੈ। ਹੋਇ ਕੱਲਯਾਨ ਤਾਪ ਤ੍ਰੈ ਛੀਜੈ'। ਕਹੈਂ ਸੁ 'ਰਜ ਸਤ ਲਖੈਂ ਨ ਕੋਊ। ਭੇਦ ਬਤਾਵਹੁ ਜਾਨਹਿ ਸੋਊ ॥੬੪॥ ਦੋਹਰਾ ॥ ਰਜੋਗੁਨੀ ਤਪ,ਸ਼ਾਂਤਕੀ, ਭਗਤਿ ਕਹਤਿ ਹੈ ਕਾਹਿ[5]? ਕਰੁਣਾਕਰ ਇਹ ਭੇਦ ਜੋ ਸਰਬ ਕਹਉ ਹਮ ਪਾਹਿ' ॥੬੫॥ਚੌਪਈ॥ਸੁਨਿ ਸ੍ਰੀ ਮੁਖ ਸੋਂ ਬਚਨ ਉਚਾਰੇ। 'ਪਰਤ੍ਰਿਯ[6] ਪਿਖਨ ਨੈਨ ਹਟਕਾਰੇ'। ਨਿੰਦਾ, ਨੁਤਿ[8] ਨਹਿਂ ਸ੍ਰਵਨ ਸੁਨਾਵਹੁ[9]। ਕਰ ਚੋਰੀ ਜਾਰੀ ਨ ਲਗਾਵਹੁ॥੬੬॥ਕਬਿ ਨ ਕੁਸੰਗਤਿ ਪਗ ਸੋਂ[10] ਜੱਯੈ। ਕਰਨ ਕੁਕਰਮਨ ਮਨ ਨ ਚਲੱਯੈ। ਸੰਤ ਦਰਸ ਮਸਤਕ ਰਖ[11]ਲਾਵਹਿ।ਜਸ ਗੁਬਿੰਦ ਨਿਤ ਕਰਣ ਸੁਨਾਵਹਿ[12]॥੬੭॥ਰਸਨਾ ਅਸਤਿ[13] ਨ ਬਕੇ ਬਹੋਰੋ।ਸਿਫਤ ਪ੍ਰਮੇ-ਸ਼੍ਵਰ ਮਹਿਂ ਨਿਤ ਜੋਰੋ[14]। ਸੇਵਦਾਨ[15] ਨਿਜ ਕਰ ਸੋਂ ਕਰਨਾ।ਸਤਿ ਸੰਗਤ ਗਮਨੈ ਸਦਚਰਨਾ ॥ ੬੮ ॥ ਕਰਨ-ਰਾਜਸੀ-ਤਪ ਇਹ ਜਾਨੋ। ਸੁਨਹੁ -ਸ਼ਾਂਤਿਕੀ-ਤਪ ਜੁ ਬਖਾਨੋਂ।ਨਾਮ ਗੁਰੂ ਬਾਣੀ ਜਿਸਕਾਲਾ।ਸੁਨਤਿ ਪਢਤਿ ਨਰ ਆਲਸ ਟਾਲਿ॥੬੯॥ਮਨ ਤਿਹ ਸਮੇ ਨਿਕਸਿ ਕਤਿ ਜਾਈ।ਬਾਰ ਬਾਰ ਰੋਕਹਿ ਬਰਿਆਈ[16]।ਮਨਰੋਕਤਿ ਨਹਿਂਆਲਸ ਕਰਿਹੀ।ਮਨ ਕਰਿ ਸ਼੍ਰਮਤਿ

---

[1]ਪ੍ਰਿਥੀਮਲ ਇਕ, ਸਹਗਲ ਦੋ, ਤੇ ਰਾਮਾ ਝਿਡੀ ਤਿੰਨੇ, ਪਰੰਤੂ ਇਨ੍ਹਾਂ ਨੂੰ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੀ ਭਗਤ ਮਾਲ ਵਿਚ ਦੋ ਗਿਣਿਆਂ ਹੈ:-ਪ੍ਰਿਥੀਮਲ (ਜਾਤ ਦਾ) ਸਹਗਲ, ਤੇ ਰਾਮਾ (ਜਾਤ ਦਾ) ਝਿਡੀ। [2]ਨਗਨਤਾ ਤੇ ਭੁੱਖ। [3]ਕਾਮਨਾ ਸਹਤ ਹਨ, ਸੋ। [4]ਜੋ ਕਾਮਨਾ ਰਹਤ ਹਨ, ਤਿਨ੍ਹਾਂ ਦਾ। [5]ਕਿਸ ਨੂੰ। [6]ਪਰਾਈ ਇਸਤਰੀ। [7]ਮੋੜੇ। [8]ਉਸਤਤੀ। [9]ਕੰਨਾਂ ਨੂੰ ਨਾ ਸੁਣਾਓ। [10]ਕੁਸੰਗਤ ਵਿਚ ਪੈਰਾਂ ਨਾਲ। [11]ਨੇਤਰ। [12]ਕੰਨਾਂ ਨਾਲ ਸੁਣੇ। [13]ਝੂਠ। [14]ਰਸਨਾ ਨੂੰ ਜੋੜੇ। [15]ਸੇਵਾ ਤੇ ਦਾਨ। [16]ਜ਼ੋਰੋ ਜ਼ੋਰੀ। *ਪਾ:-ਲੋਕ।

Sri Satguru Jagjit Singh Ji eLibrary NamdhariElibrary@gmail.com

ਸ਼ਬਦ ਮਹਿਂ ਧਰਿਹੀ[1] ॥ ੭੦ ॥ ਦੋਹਰਾ ॥ ਬਾਜ ਮਸਾਲਾ ਦੇਵਹੀ[2], ਜਿਉਂ ਖਾਵੈ ਨਹਿਂ ਸੋਇ। ਤਿਉਂ ਮਨ ਭਰਮਤਿ ਦਸ ਦਿਸ਼ਾ ਸ਼ਬਦ ਨ ਪ੍ਰੇਮੀ ਹੋਇ ॥੭੧॥ ਚੌਪਈ ॥ ਪੁਨ ਜੈ ਤਾਂਹਿ ਖੁਵਾਵਨ ਹਾਰਾ। ਕਰ ਰਾਖਤਿ ਅਸੁ ਬਦਨ ਮਝਾਰਾ[3]। ਹੋਇ ਥਕਤਿ ਸੋ ਖਾਇ ਮਸਾਲਾ। ਰੋਗ ਦੇਹਿ ਮਿਟ ਜਾਤਿ ਬਿਸਾਲਾ॥੭੨॥ ਜੇ ਆਲਸ ਕਰਿ ਨਹੀਂ ਖੁਆਵਹਿ। ਤੌ ਲਗ ਰੋਗ ਨ ਅਸੁ ਕੋ ਜਾਵਹਿ। ਹਯ ਮੁਖ ਮੈਂ ਜੋ ਦੀਨ ਮਸਾਲਾ। ਸੋ ਭੀ ਡਾਰ ਦੇਤਿ[4] ਤਤਕਾਲਾ ॥੭੩॥ ਦੋਹਰਾ॥ ਮਨ ਤੁਰੰਗ ਦੁਰਵਾਸ਼ਨਾ ਦੀਰਘ ਰੋਗ ਸੁ ਜਾਨਿ[5]। ਸ਼ਬਦ ਧਯਾਨ ਮਹਿਂ ਜੋਰਨੋ ਭੇਖਜ ਤਾਂ ਪਹਿਚਾਨ[6] ॥ ੭੪ ॥ ਚੌਪਈ ॥ ਜਬਹਿ ਸ਼ਬਦ ਨੈ ਮਨ ਸਮਝਾਯੋ। ਕਾਜੈ ਕਰਨ ਬਾਜ ਸਮ ਭਾਯੋ[7]। ਜਨਮ ਮਰਨ ਕੋ ਰੋਗ ਬਿਦਾਰਾ। ਏਹੁ–ਸ਼ਾਂਤਿਕੀ–ਤਪੁ ਜੁ ਸੁਖਾਰਾ ॥੭੫॥ ਸੁਨਿਕੈ ਸ੍ਰੀ ਨਾਨਕ ਕੇ ਬਚਨਾ। ਇਨ ਤੀਨੋ ਕੀਨੋ ਮਨ ਖਚਨਾ। ਜਹਿ ਸਤਿ ਸੰਗਤਿ ਸੁਨਹਿਂ ਸਿਧਾਵਹਿਂ। ਸੇਵਾ ਕਰਹਿਂ ਸ਼ਬਦ ਮੁਖ ਗਾਵਹਿਂ ॥੭੬॥ ਇਸ ਬਿਧਿ ਕੀਨ ਸ਼ਬਦ ਅੱਭਯਾਸਾ। ਨਿਜ ਸਰੂਪ ਭਾ ਗਯਾਨ ਪ੍ਰਕਾਸ਼ਾ। ਸੁਤਿ ਪਰਵਾਰ ਤਰੇ ਸੰਸਾਰਾ। ਗੁਰ ਉਪਦੇਸ਼ ਜੁ ਦ੍ਰਿੜ ਉਰਧਾਰਾ ॥੭੭॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿਖਨ ਉਪਦੇਸ਼ ਦੇਕਰਿ ਉਧਾਰ' ਬਰਨਨੰ ਨਾਮ ਬਿਤਾਲੀਸਮੋ ਅਧਯਾਯ ॥ ੪੨ ॥

੪੩. [ਸ਼ਬਦ ਮਹਾਤਮ। ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸੀ, ਸ਼ੀਹਾਂ ਗੱਜਣ। ਫਿਰਣਾ, ਖਹਿਰਾ, ਜੋਧ ਪ੍ਰਤਿ ਉਪਦੇਸ਼।]

ਦੋਹਰਾ ॥ ਸਤਿਗੁਰ ਕੋ ਸੁਨਿਕੈ ਸ਼ਬਦ ਕੀਨ ਕਮਾਵਨ ਜਾਂਹਿ।
ਦੁਸ਼ਤਰ ਮਾਯਾ ਤੇ ਤਰੇ ਨਮਸਕਾਰ ਮਮ ਤਾਂਹਿ ॥ ੧ ॥

---

[1](ਐਉਂ) ਮਨ ਨੂੰ ਥਕਾ ਕੇ ਲਗਾਵੇ ਨਾਮ ਵਿਚ। [2]ਜਿਵੇਂ ਘੋੜੇ ਨੂੰ ਮਸਾਲਾ ਦਿਓ ਤਾਂ। [3]ਘੋੜੇ ਦੇ ਮੁਖ ਵਿਚ ਹਥ ਰਖਦਾ ਹੈ। [4]ਸੁੱਟ ਦੇਂਦਾ ਹੈ। [5]ਮਨ ਰੂਪੀ ਘੋੜੇ ਨੂੰ ਮੰਦੀ ਵਾਸ਼ਨਾ ਰੂਪੀ ਬੜਾ ਰੋਗ ਜਾਣ। [6]ਸ਼ਬਦ ਦੇ ਧਿਆਨ ਵਿਚ ਜੋੜਨਾ ਤਿਸਦੀ ਦਵਾਈ ਪਛਾਣ। [7]ਜਦੋਂ ਕਿ ਮਨ ਨੂੰ ਸ਼ਬਦ ਨੇ ਸਮਝਾ ਲਿਆ ਭਾਵ--ਜਦੋਂ ਸ਼ਬਦ ਅਭਯਾਸ ਕਰਦਿਆਂ ਮਨ ਦੁਰਵਾਸ਼ਨਾ ਵਿਚ ਜਾਣੋਂ ਰੁਕਕੇ ਸ਼ਬਦ ਧਿਆਨ ਵਿਚ ਲਗ ਪਿਆ ਤਦੋਂ ਕਾਜੇ ਹੋਏ ਘੋੜੇ ਨੂੰ ਮਸਾਲੇ ਦੇ ਮੁਆਫਕ ਪੈਣ ਵਾਂਙੂ(ਸ਼ਬਦ ਅਭਯਾਸ ਉਸਨੂੰ) ਸੁਖਾ ਜਾਵੇਗਾ। ਘੋੜੇ ਨੂੰ ਮਸਾਲਾ ਖੁਆਕੇ ਫੇਰ ਕੜਈ ਯਾ ਦਹਾਨਾਂ ਮੂੰਹ ਵਿਚ ਦੇਕੇ ਇਸਨੂੰ ਪਿਛਲੇ ਪਾਸੇ ਕੱਸ ਦੇਂਦੇ ਹਨ, ਜਿਸ ਨਾਲ ਘੋੜੇ ਦੇ ਮੂੰਹ ਵਿਚੋਂ ਲਾਲਾਂ ਵਗ ਜਾਂਦੀਆਂ ਹਨ ਤੇ ਘੰਟਾਕੁ ਭੁਰ ਦਾਣਾ ਘੱਠਾ ਪਾਣੀ ਪੀਣੋਂ ਰੁਕ ਜਾਂਦਾ ਹੈ, ਇਨੇ ਚਿਰ ਵਿਚ ਮਸਾਲਾ ਹਜ਼ਮ ਹੋ ਜਾਂਦਾ ਹੈ ਜਿਸ ਨੂੰ ਕਾਜਾ ਕਰਨਾ ਕਹਿੰਦੇ ਹਨ। ਮੁਰਾਦ ਇਹ ਹੈ ਕਿ ਸ਼ਬਦ ਵਿਚ ਮਨ ਦਾ ਜੋੜਨਾ ਘੋੜੇ ਨੂੰ ਮਾਨੋ ਮਸਾਲਾ ਦੇਣਾ ਹੈ ਤੇ ਮਨ ਨੂੰ ਦੁਰਵਾਸ਼ਨਾ ਤੋਂ ਹੋੜਕੇ ਵਾਰੰਵਾਰ ਸ਼ਬਦ ਦੇ ਧਿਆਨ ਵਿਚ ਲਾਉਂਦੇ ਰਹਿਣਾ ਇਹ ਮਾਨੋ ਕਾਜੇ ਕਰਨਾ ਹੈ।

Sri Satguru Jagjit Singh Ji eLibrary NamdhariElibrary@gmail.com

{ ਦੁਸਤਰ=ਜੋ ਤਰਨੀ ਕਠਨ ਹੋਵੇ, ਉਹ ਨਦੀ, ਸਮੁੰਦ੍ਰ, ਝੀਲ, ਸਰ ਆਦਿ ਜਿਸ ਤੋਂ ਪਾਰ ਹੋਣਾ ਔਖਾ ਹੋਵੇ। [ਸੰਸ:, ਦੁਸ੍ਤਰ]। }

ਅਰਥ—ਜਿਨ੍ਹਾਂ ਨੇ ਸਤਿਗੁਰ ਦਾ ਉਪਦੇਸ਼ (ਅਥਵਾ ਨਾਮ ਮੰਤ੍ਰ) ਸੁਣਕੇ ਉਸ ਦੀ ਕਮਾਈ ਕੀਤੀ ਹੈ ਓਹ ਉਖਿਆਈ ਨਾਲ ਤਰੀ ਜਾਣ ਵਾਲੀ ਮਾਯਾ ਨੂੰ ਤਰ ਗਏ, ਓਹਨਾਂ ਜੋਗ ਮੇਰੀ ਨਮਸਕਾਰ ਹੋਵੇ।

ਸ੍ਰੀ ਬਾਲਾ ਸੰਧੁਰੁ ਵਾਚ ॥ਚੌਪਈ॥ਸ੍ਰੀ ਅੰਗਦ ਸੁਨਿ ਕਥਾ ਅਗਾਰੀ।ਬੈਠਹਿ ਪ੍ਰਭੁ ਧ੍ਰਮਸਾਲ ਮਝਾਰੀ। ਨਰ ਅਨੇਕ ਦਰਸ਼ਨ ਹਿਤ ਆਵਹਿਂ। ਸ਼ਬਦ ਸੁਨਹਿਂ, ਰਹਿ,ਬਹੁਰ ਸਿਧਾਵਹਿਂ॥੨॥ਮਾਲੋ ਮਾਂਗੋ* ਦ੍ਵੈ ਸਿਖ ਆਏ। ਚਰਨ ਕਮਲ ਪਰ ਸੀਸ ਨਿਵਾਏ।ਹਾਥ ਬੰਦਿ ਅਰਦਾਸ ਬਖਾਨੀ। 'ਕਰਹੁ ਕ੍ਰਿਪਾ ਸ੍ਰੀ ਗੁਰ ਗੁਨ ਖਾਨੀ ॥੩॥ ਨਿਜ ਮੁਖ ਸੋਂ ਉਪਦੇਸ਼ ਕਰੀਜੈ।ਜਿਹ ਤੇ ਜਨਮ ਮਰਨ ਕਟਿ ਦੀਜੈ'। ਇਉਂ ਸੁਨਿ ਜਿਨ ਕਰੁਨਾ ਰਸ ਨੈਨਾ। ਭਗਤਿ ਪ੍ਰਕਾਸ਼ਨ ਹਿਤ ਕਹਿ ਬੈਨਾ॥੪॥ 'ਅਗਨਿ ਤਾਪਨਾ ਜਲਮਹਿ ਰਹਿਨੋ। ਬ੍ਰਤ ਕਰਨੋ ਸੀਤੋਸ਼ਨ[1] ਸਹਿਨੋ।ਉਰਧ ਬਾਹੁ[2] ਅਧੋ ਸਿਰ ਕਰਨਾ[3]। ਖਰੇ ਹੋਨਿ ਚਿਰ ਲੌ ਇਕ ਚਰਨਾ[4] ॥ ੫ ॥ ਦੋਹਰਾ ॥ ਕੰਦ ਮੂਲ ਚੁਨਿ ਖਾਵਨੋ, ਤੀਰਥ ਤੀਰ ਨਿਵਾਸ। ਭੂਮਿ ਭ੍ਰਮ[5], ਚੰਦ੍ਰਾਇਣੀ[6], ਤਮ ਗੁਣ ਏ ਤਪ ਰਾਸ[7] ॥ ੬ ॥ ਚੌਪਈ ॥ ਗੋ ਤੇ ਮਨ[8] ਜੁ ਇਕਾਗਰ ਕਰਨੋ। ਕਥਾ ਕੀਰਤਨ ਮਹਿ ਪੁਨ ਧਰਨੋ।ਰੁਚਿ ਧ੍ਰਤਿ ਗੁਨਨ ਗਾਵਨਾ ਸੁਨਨੋ[9]। ਮਿਲਕੇ ਸਤਿਸੰਗਤਿ ਨਿਤ ਗੁਨਨੋ[10]॥੭॥ਕਰਮ ਤਾਮਸੀ ਕਰਨ ਦੁਖਾਰੇ[11]।ਇਹ ਜੁ ਰਾਜਸੀ[12] ਲਖਹੁ ਸੁਖਾਰੇ।ਫਲ ਬਿਸ਼ਾਲ ਹ੍ਵੈ ਥੋਰ ਕਮਾਈ।ਤਿਨ[13] ਮਿਹਨਤ ਬਡ ਲਘੁ ਫਲ ਪਾਈ' ॥੮॥ ਦੋਹਰਾ ॥ ਸੁਨਤਿ ਪ੍ਰਸ਼ਨ ਮਾਲੋ ਕਹਯੋ 'ਫਲ ਮਿਹਨਤ ਅਨੁ-ਸਾਰ। ਕਰਤਿ ਅਲਪ ਫਲ ਅਲਪ ਹ੍ਵੈ ਬਹੁ ਕੋ ਬਹੁ ਸੁਖ ਸਾਰ॥੯॥ਚੌਪਈ॥

---

[1]ਸੀਤ+ਉਸ਼ਨ=ਸਰਦੀ ਗਰਮੀ। [2]ਉੱਪਰ ਬਾਹਾਂ (ਕਰਕੇ ਸੁਕਾ ਦੇਣੀਆਂ)। [3]ਭਾਵ ਪੁੱਠਾ ਲਟਕਣਾ। [4]ਇਕ ਪੈਰ ਦੇ ਭਾਰ। [5]ਫਿਰਨਾ। [6]ਇਕ ਪ੍ਰਕਾਰ ਦਾ ਬ੍ਰਤ, ਜਿਸ ਵਿਚ ਚੰਦ੍ਰਮਾ ਦੇ ਘਟਣ ਵਧਣ ਮੂਜਬ ਇਕ ਗ੍ਰਾਹੀ ਮੋਰ ਦੇ ਅੰਡੇ ਜਿੰਨੀ ਤੋਂ ਸ਼ੁਰੂ ਕਰਕੇ ਵਧਾਂਦੇ ਘਟਾਂਦੇ ਹਨ, ਇਸ ਵਰਤ ਦੇ ਮਤ ਭੇਦ ਅਨੁਸਾਰ ਹੋਰ ਤਰੀਕੇ ਬੀ ਹਨ। [7]ਸਾਰੇ। [8]ਇੰਦ੍ਰੀਆਂ ਤੋਂ ਲੈ ਮਨ (ਤਕ ਸਭ) ਨੂੰ। [9]ਗੁਣ ਗਾਉਣੇ ਤੇ ਸੁਣਨੇ (ਪ੍ਰਭੂ ਦੇ)। [10]ਵਿਚਾਰ ਕਰਨੀ (ਪਰਮਾਰਥ ਦੀ)। [11]ਔਖੇ। [12]ਇਹ ਰਾਜਸੀ ਤਪ ਕਰਨੇ ਸੌਖੇ ਹਨ ਜਾਣ ਲਓ। ਅਗੋਂ ਅੰਕ ੧੬-੧੭ ਵਿਚ ਸਾਂਤਕੀ ਤਪ ਦੇ ਲੱਛਣ ਕਹਿੰਦੇ ਹਨ। ਪਿਛਲੇ ਅਧਯਾਯ ਦੇ ਅੰਕ ੬੯ਤੋਂ ੭੫ ਵਿਚ ਬੀ ਸਾਂਤਕੀ ਤਪ ਵਰਨਨ ਕੀਤਾ ਨੇ। [13]ਭਾਵ ਤਾਮਸੀ ਤਪਾਂ ਦੀ। *ਪਾ:—ਭਾਗੋ—ਬੀ ਹੈ।

Sri Satguru Jagjit Singh Ji eLibrary NamdhariElibrary@gmail.com

ਮਿਲਿ ਹੈ ਫਲ ਮਿਹਨਤ ਅਨੁਸਾਰੀ। ਪੁਨ ਤੁਮ ਭਾਖੋ ਰੀਤਿ ਨਿਆਰੀ। ਯਹਿ ਸੰਸਾ ਮੇਰੇ ਮਨ ਪਰੋ।ਕ੍ਰਿਪਾ ਧਾਰਿ ਯਾਂਕੋ ਪਰਹਰੋ॥੧੦॥ਸਗਰੇਜਗਤ ਵਿਖੇ ਅਸ ਰੀਤਾ। ਤਿਸਤੇ ਕਹੀ ਆਪ ਬਿੱਪ੍ਰੀਤਾ। ਜਿਸ ਪ੍ਰਕਾਰ ਹ੍ਵੈ ਨਿਸ਼ਾ ਹਮਾਰੀ। ਸੋ ਸਮਝਾਵਹੁ ਰੀਤਿ ਸੁਖਾਰੀ' ॥੧੧॥ ਸ਼੍ਰੀ ਮੁਖ ਭਨਯੋ 'ਨ ਸੰਸੈ ਕੀਜੈ।ਜਗ ਮਹਿਂ ਪ੍ਰਗਟ ਸੁ ਬ੍ਰਿਧਿ ਸੁਨਿ ਲੀਜੈ।ਇਕ ਨਰ ਬਨ ਤੇ ਸਮਧਾ[1] ਆਨਹਿ। ਬੇਚਿ ਬਜ਼ਾਰ ਕਰੰਤ ਗੁਜ਼ਰਾਨਹਿਂ ॥ ੧੨ ॥ ਕਰਤਿ ਮਜੂਰੀ ਬਹੁ ਸ਼੍ਰਮ ਪਾਵਹਿ।ਤਿਨਕੋ ਮੋਲ ਥੋਰ ਕਰ ਆਵਹਿ।ਪੁਨ ਜੋ ਬਨਜ ਕਰਹਿ ਹਟਵਾਨਾ।ਲਵਣ ਤੇਲ ਅੰਨ ਜੋ ਬਿਧਿ ਨਾਨਾ[2] ॥ ੧੩ ॥ ਤਿਨਤੇ ਇਨਕੋ ਲਾਭ ਘਨੇਰੋ। ਸ਼੍ਰਮ ਥੋਰੇ ਹ੍ਵੈ ਪ੍ਰਗਟ ਸੁ ਹੇਰੋ। ਅਪਰ ਰੁਪੱਯਨ ਕੇ ਬਿਵ-ਹਾਰੇ। ਲਾਭ ਬਹੁਤ ਲੇ ਰਹੈਂ ਸੁਖਾਰੇ ॥ ੧੪ ॥ ਇਕ ਜਵਾਹਰੀ ਸੁਖ ਸੋਂ ਬੈਸੇ। ਤਨ ਕੋ ਖੇਦ ਦੇਤਿ ਨਹਿ ਕੈਸੇ[3]। ਮੁਕਤਾ ਹੀਰੇ ਬਣਜਹਿਂ ਸੋਈ। ਲਾਭ ਬਿਸ਼ਾਲ ਸਭਿਨਿ ਤੇ ਹੋਈ॥੧੫॥ਤਪ ਜੁ ਤਾਮਸੀ ਸ਼੍ਰਮ ਬਹੁ ਦੇਹੀ[4]। ਗਯਾਨ ਪ੍ਰਾਪਤਿ ਹੋਇ ਨ ਕੇਹੀ। ਕਥਾ ਕੀਰਤਨ ਪਢਿਨਿ ਸੁਨਿਨਿ ਤੇ। ਦ੍ਰਿੜ ਉਪਾਸਨਾ ਹੋਤਿ ਗੁਨਨ ਤੇ ॥੧੬॥ ਦੋਹਰਾ ॥ ਦ੍ਰਿੜ ਉਪਾਸਨਾ ਜਬਿ ਭਈ।ਹੁਇ ਆਵਤਿ ਤਬਿ ਗਯਾਨ।ਤਾਂਤੇ ਤਪ ਇਹ–ਸ਼ਾਂਤਕੀ–ਲਾਭ ਬਹੁਤ ਪਹਿਚਾਨ' ॥੧੭॥ਚੌਪਈ॥ ਇਸ ਬਿਧਿ ਸੁਨਿ ਮਾਂਗੋ ਗੁਰ ਬਚਨਾ। ਬਾਣੀ ਪਢਨ ਕੀਨ ਮਨ ਖਚਨਾ।ਸਨਮੁਖ ਮਾਲੋ ਸੁਨਿ ਹੈ ਤਬਿਹੀ।ਬੈਠਿ ਰਿਖੀਕ ਸੰਕੋਚੈ ਸਭਿਹੀ[5] ॥ ੧੮ ॥ ਮਿਲਿਕੈ ਕਿਰਤਨ ਬਹੁਰ ਉਚਰਿਹੀ। ਕਰਿ ਏਕਾਗਰਤਾ ਮਨ ਧਰਿਹੀ। ਤਿਨਿਕੀ ਰਸਨਾ ਸਾਦ ਬਿਸਾਲਾ। ਸੁਨਤਿ ਪ੍ਰੇਮ ਜਾਗੈ ਤਤਕਾਲਾ ॥ ੧੯ ॥ ਦੋਹਰਾ ॥ ਜੋ ਜੋ ਸਿਖ ਤਿਨ ਤੇ ਸੁਨਤਿ ਤਯਾਗਹਿ ਬ੍ਰਿੰਦ ਬਿਕਾਰ। ਧਰਮ ਕ੍ਰਿਤ ਕਰਿ ਵੰਡਿਕੈ ਅਚਵਹਿ ਬਹੁਰ[6] ਅਹਾਰ ॥ ੨੦ ॥ ਚੌਪਈ ॥ ਸਿਖ ਸੰਤ ਜਾਇ ਜੁ ਤਿਨਕੇ ਡੇਰੇ। ਸੇਵਾ ਕਰਿਹੀਂ ਭਾਉ ਘਨੇਰੇ। ਤਿਨਕੇ ਸਦਨ ਦੇਸ਼ ਜਿਸ ਮਾਂਹੀ। ਭਾ ਉਧਾਰ ਬਹੁ ਨਰਨ ਤਹਾਂਹੀ*॥੨੧॥ ਜਬਿ ਜਬਿ ਆਵਹਿਂ ਦਰਸ਼ਨ ਹੇਤ। ਸ਼ਬਦ

[1]ਲੱਕੜੀਆਂ। [2]ਕਈ ਤਰ੍ਹਾਂ ਦੇ ਅਨਾਜ। [3]ਸਰੀਰ ਨੂੰ ਖੇਦ ਓਹ ਕਿਸੇ ਤਰ੍ਹਾਂ ਨਹੀਂ ਦਿੱਦੇ। [4]ਸਰੀਰ ਨੂੰ। (ਅ) ਦਿੰਦੇ ਹਨ। [5]ਗੁਰੂ ਬਚਨ ਸੁਣਕੇ ਮਾਂਗੇ ਨੇ ਬਾਣੀ ਪੜ੍ਹਨ ਵਿਚ ਮਨ ਖਚਤ ਕੀਤਾ (ਭਾਵ ਉਹ ਪੜ੍ਹੇ ਤੇ) ਮਾਲੋ ਸਨਮੁਖ ਬੈਠਕੇ ਸਭ ਇੰਦ੍ਰੀਆਂ ਨੂੰ ਸੰਕੋਚਕੇ ਸੁਣੇਂ। [6]ਪਿੱਛੋਂ ਖਾਵੇ।

*ਪਾ:–ਬਹੁ ਉਧਾਰ ਭਾ ਨਰਨ ਤਹਾਂ ਹੀ।

Sri Satguru Jagjit Singh Ji eLibrary NamdhariElibrary@gmail.com

ਪਵਿਤ ਨਰ ਬ੍ਰਿੰਦ ਸਮੇਤਾ । ਭਵਬੰਧਨ ਤੇ ਹੋਇ ਨਿਰਾਰੇ। ਸੰਗੀ ਅਪਰ
ਅਨੇਕ ਉਧਾਰੇ ॥ ੨੨ ॥ ਇਕ ਕਾਲੂ ਖੱਤ੍ਰੀ ਧਰਿ ਆਸਾ। ਮਿਲਨੋ ਆਇ
ਸ੍ਰੀ ਨਾਨਕ ਪਾਸਾ। ਦ੍ਵੈ ਕਰ ਜੋਰਿ ਬੰਦਨਾ ਠਾਨੀ।ਬੈਠਿ ਸਮੀਪ ਭਨੀ ਪੁਨ
ਬਾਨੀ॥੨੩॥'ਸਨਮੁਖ ਮਨਮੁਖ ਲੱਛਨ ਜੋਈ। ਕਰੁਨਾ ਕਰਹੁ ਉਚਾਰਹੁ
ਤੇਈ[1]'। ਸੁਨਿਕੈ ਸ੍ਰੀ ਗੁਰ ਗਿਰਾ ਅਲਾਈ । 'ਕਲਮਲ ਤੇ ਜਿਨ ਕੰਡ
ਫਿਰਾਈ॥੨੪॥ਸੁੱਕ੍ਰਿਤ ਸਾਮੁਹਿ,ਸਾਖੀ ਬ੍ਰਿਤਿਕੋ[2]।ਸੁਨਹਿ ਸ਼ਬਦ ਗੁਰ ਥਿਤ
ਕਰਿ ਚਿਤਕੋ।ਲੱਛਨ ਚਤੁਰ[3] ਅਪਰ ਹੈਂ ਜੋਇ। ਸੁਨਹੁ ਪ੍ਰੀਤ ਕਰਿ ਉਚਰੈਂ
ਸੋਇ ।੨੫॥ ਦੋਹਰਾ॥ ਮੈਤ੍ਰਿਧ[4], ਕਰੁਨਾ[5] ਦ੍ਵੈ ਲਖੋ ਮੁਦਤਾ[6] ਤੀਜੀ ਜਾਨ।
ਚਤੁਰ ਉਪੇਖਨਾ[7] ਜਿਸ ਬਿਖੈ ਸਨਮੁਖ ਸੋ ਪਹਿਚਾਨ' ॥ ੨੬ ॥ ਚੌਪਈ ॥
ਕਾਲੂ ਕਹਯੋ 'ਨ ਜਾਨਯੋ ਜਾਈ।ਅਰਥ ਖੋਲ੍ਹਿ ਦੀਜੈ ਸਮੁਝਾਈ'।ਸੁਨਿ ਸ੍ਰੀ
ਮੁਖ ਸੋਂ ਬਚਨ ਅਲਾਯਾ।'ਮੈਤ੍ਰੀ ਅਰਥ, ਮੀਤ ਸਮੁਦਾਯਾ[8] ॥ ੨੭ ॥ ਪਿਖੈ
ਸੁਖੀ ਕਿਹ ਨਿਜ ਸੁਖ ਜਾਨੈ।ਪਰ ਸੁਖ ਦੇਖਿ ਨ ਇਰਖਾ ਠਾਨਹਿ। ਬਿੱਦਨਾ
ਕਿਧੌਂ ਦਰਬ ਨਿਜ ਪਾਸਾ। ਤਿਹ ਸੋਂ ਪਰ ਕੋ ਦੇ ਸੁਖ ਰਾਸਾ ॥੨੮॥ਦੋਹਰਾ॥
ਕਰਤਿ ਭਲਾਈ ਮੀਤ ਸੋਂ ਤਿਉਂ ਕੀਜੈ ਸਭਿ ਸੰਗ*।ਮੈਤ੍ਰੀ ਕੇ ਲੱਛਨ ਇਹੈ
ਕਰੈ ਨ ਕਿਹ ਮਨ ਭੰਗ ॥੨੯॥ਚੌਪਈ॥ ਨਿਜ ਤੇ ਬਿੱਦਨਾ ਕੈ ਧਨ ਮਾਂਹੀ।
ਕੈਂ ਬਲ ਬਿਖੈ ਕਿ ਮਤਿ ਲਘੁ ਆਹੀ।ਤਿਨਕੋ ਅਨੁਜ ਆਤਮਜਨਜਾਈ[10]।
ਕਰਿ ਸਹਾਇਤਾ ਦੇਇ ਬਧਾਈ॥੩੦॥ਲਘੁਕੋ ਦੇਖਿ ਗਰਬ ਨਹਿ ਕਰਿਹੀਂ।
ਇਸ ਕੋ ਕਰੁਨਾ ਸੰਤ ਉਚਰਿਹੀਂ । ਜੋ ਉਰ ਧਰਹਿੰ ਤਰਹਿੰ ਭਵ ਸੋਈ।
ਸਨਮੁਖ ਨਾਮ ਲਖਹੁ ਤੁਮ ਤੇਈ ॥ ੩੧ ॥ ਨਿਜ ਤੇ ਬਿੱਦਨਾ ਕੈ ਗੁਣ
ਮਾਂਹੀ।ਦੀਰਘ ਦੇਖਿ ਦੁਖੈ ਨਹਿ ਕਾਹੀ[11]।ਤਿਨਕੀ ਸੁਨਹਿ ਪ੍ਰਸੰਸਾ ਕਾਨ।
ਹਰਖਮਾਨ ਹੁਇ, ਸੋ ਮਤਿਵਾਨ ॥੩੨॥ ਦੋਹਰਾ॥ ਜੈਸੇ ਪਿਤ ਗੁਰਦੇਵ ਕੌ

---

[1]ਓਹ। [2]ਸੁਕ੍ਰਿੱਤੀ (ਸ਼ੁਭ ਕਰਮਾਂ) ਦੇ ਸਾਹਮਣੇ ਹੋਵੇ (ਤੇ ਆਪਣੇ ਮਨ ਦੀ) ਬ੍ਰਿਤੀ ਦਾ ਸਾਖੀ ਹੋਵੇ
ਭਾਵ ਪੁੰਨ ਕਰਮਾਂ ਨੂੰ ਪਿੱਠ ਨਾ ਦੇਵੇ ਤੇ ਆਪਣੇ ਮਨ ਦਾ ਜਾਣਕਾਰ ਰਹੇ। [3]ਚਾਰ। [4]ਮੈਤ੍ਰੀ=
ਮਿੱਤ੍ਰਤਾ। ਸਭ ਨਾਲ ਸ਼ੁਭ ਭਾਵ। [5]ਕਰੁਣਾ=ਕ੍ਰਿਪਾਲਤਾ, ਦੂਸਰੇ ਦਾ ਦੁਖ ਦੇਖਕੇ ਦਰਦ
ਉਪਜਣਾ ਤੇ ਦੁਖ ਦੂਰ ਕਰਨ ਦਾ ਉੱਦਮ ਕਰਨਾ। [6]ਮੁਦਿਤਾ=ਖੁਸ਼ੀ। ਪੁੰਨਜਾਤਮਾਂ ਨੂੰ ਦੇਖਕੇ
ਪ੍ਰਸੰਨ ਹੋਣਾ। [7]ਉਪੇਕਸ਼ਾ=ਚਿਤ ਦਾ ਪਰੇ ਹਟਣਾ, ਚਿਤ ਦਾ ਰਾਗ ਦ੍ਵੈਖ ਤੋਂ ਪਰੇ ਹੋਣਾ।
[8]ਮਿੱਤ੍ਰ (ਜਾਣਨਾ) ਸਾਰਿਆਂ ਨੂੰ। [9]ਅਥਵਾ। [10]ਛੋਟੇ ਭਰਾ ਯਾ ਪੁੱਤ੍ਰ ਵਾਙੂੰ। [11]ਕਿਸੇ ਨੂੰ ਬੀ
ਆਪਣੇ ਤੋਂ ਵਡਾ ਦੇਖਕੇ ਨਾ ਦੁਖੇ। *ਪਾ:-ਸਰਬੰਗ।

Sri Satguru Jagjit Singh Ji eLibrary NamdhariElibrary@gmail.com

ਸੁਨਿ ਜਸ ਹੋਤਿ ਪ੍ਰਸੰਨ। ਤਿਉਂ ਹਰਖੈ ਮੁਖ ਸੇ ਕਹੈ-ਵਾਹਿਗੁਰੂ ਨਿਤ ਧੰਨ ॥੩੩॥ ਚੌਪਈ॥ ਜਿਨ ਇਸ ਬਿਧਿ ਕੇ ਮਨੁਜ ਉਪਾਏ। ਧੰਨ ਪ੍ਰਭੁ-ਕਹਿ ਉਰ ਹਰਖਾਏ।ਅਸ ਲਖਿ ਕੈ ਨਿੰਦਾ ਨਹਿੰ ਚਹੈ।ਮੁਦਤਾ ਨਾਮ ਇਸੀ ਕੋ ਅਹੈ॥੩੪॥ਅਪੁਨੀ ਮਤਿ ਗਰ ਬਚ ਅਨੁਸਾਰ।ਦੇਉ ਪਦੇਸ਼ ਸਭਿਨਿ ਸੁਖਕਾਰ। ਜੋ ਮੰਨੈ ਤਿਹ ਕੋ ਪੁਨ ਦੇਹਿ।ਅਨਮੰਨੇ[1] ਸੋਂ ਹਠ ਨ ਕਰੇਹਿ ॥੩੫॥ ਦੋਹਰਾ॥ -ਪਰਾਲਬਧ ਇਸ ਕੀ ਨਹੀਂ-ਅਸ ਜਾਨਹਿ ਮਨ ਮਾਂਹਿ। ਭੂਸ਼ਨਿ ਤਿਹ ਸੌਂ ਹੁਇ ਰਹੈ ਨਾਮ ਉਪੇਖਯਾ ਤਾਂਹਿ ॥੩੬॥ਚੌਪਈ॥ ਮਨ ਕੋ ਕਹਨੋ ਕਰਤਿ ਹੈ ਜੋਈ।ਹੈ ਮਨਮੁਖਿ ਪਹਿਚਾਨਹੁ ਸੋਈ।ਤਾਂਤੇ ਤੁਮ ਸਨਮੁਖ ਨਿਤ ਰਹੀਏ। ਨਾਮ ਚਿਤਾਰਿ ਉਚ ਪਦ ਲਹੀਏ' ॥ ੩੭ ॥ ਇਸ ਬਿਧਿ ਸ੍ਰੀ ਗੁਰ ਬਚ ਸੋ* ਸੁਨਿ ਕੈ। ਬਰਤਯੋ ਤਿਸ ਪ੍ਰਕਾਰ ਮਨ ਗੁਨਿ ਕੈ। ਇਉਂ ਕਾਲੂ ਕੋ ਭ੍ਰਾ ਨਿਸਤਾਰੇ। ਮਿਲੇ ਜੁ ਨਰ ਤਿਹ ਸੋਪਿ[2] ਉਧਾਰੇ ॥੩੮॥ ਭਾਉ ਧਾਰਿ ਜਿਹ ਨਰ ਗੁਰ ਦਰਸੇ[3]। ਬਚਨ ਸੁਨੇ, ਪਦ ਪੰਕਜ ਪਰਸੇ। ਸੋ ਉਧਰੇ, ਸੰਗ ਬ੍ਰਿੰਦ ਉਧਾਰੇ[4]। ਤਿਨ ਪਰ ਕਵਿ ਸਦੀਵ ਬਲਿਹਾਰੇ ॥੩੯॥

ਪੁਨ ਇਕ ਦਿਨ ਧਰਮਸਾਲਾ ਮਾਂਹੀ। ਬੈਠੇ ਪ੍ਰਭੁ ਸਿੱਖ ਬਹੁ ਜਾਂਹੀ। ਮ੍ਰਿਦੁਲ ਮਧੁਰ ਕਿਰਤਨ ਧੁਨਿ ਹੋਤੀ। ਸੁਨਤਿ ਸ਼੍ਰੋਤ[5] ਹੈ ਸੁਮਤਿ ਉਦੋਤੀ[6] ॥ ੪੦ ॥ ਦੋਹਰਾ ॥ ਖੱਤ੍ਰੀ ਭਗਤਾ ਓਹਰੀ ਜਾਪੂ ਵੰਸੀ ਦੋਇ। ਬੰਦਨ ਕਰਿ ਹਰਖੇ[7] ਰਿਦੇ ਮਗਨ ਪ੍ਰੇਮ ਮੇਂ ਹੋਇ ॥ ੪੧ ॥ ਚੌਪਈ ॥ ਠਾਂਢੇ ਹੋਇ ਕੀਨਿ ਅਰਦਾਸ। 'ਤੁਮਰੋ ਦਰਸ਼ਨ ਗਯਾਨ ਪ੍ਰਕਾਸ਼। ਬਿੱਦਯਾ ਬਿਖੇ ਨਿਪੁਨ[8] ਜੋ ਨਰ ਹੈਂ। ਸਦਾ ਬਿਚਾਰ ਕਰਤਿ ਤੇ ਤਰਿ ਹੈਂ॥੪੨॥ਹਮ ਕੋ ਬਿੱਦਯਾ ਹੀਨ ਪਛਾਨੋ।ਜਿਉਂ ਉਧਾਰ ਹੈ ਤਿਉਂ ਸੁ ਬਖਾਨੋ'।ਸੁਨਿ ਕੈ ਬੋਲੇ ਸ਼੍ਰੀ ਗੁਰ ਤਬਿਹੀ। 'ਮਨਮੁਖ ਕਰਮ ਤਜਹੁ ਜੇ ਸਭਿਹੀ॥੪੩॥ਤਬਿ ਹੋਵਹਿ ਕੱਲਯਾਨ ਤੁਮਾਰਾ। ਬਹੁਰ ਨ ਪਾਵਹੁਗੇ ਸੰਸਾਰਾ'।ਪ੍ਰਸ਼ਨ ਕੀਨ ਤਿਨ ਦ੍ਵੈ ਕਰ ਜੋਰੇ। 'ਮਨਮੁਖ ਕਰਮ ਕਹਉ ਜੋ ਛੋਰੈਂ'॥੪੪॥ਤਬਿ ਸ਼੍ਰੀ ਗੁਰ ਸਗਰੀ ਬਿਧਿ ਬਰਨੀ। 'ਰਿਦੇ ਈਰਖਾ ਸਭਿ ਸੋਂ ਕਰਨੀ।-ਜਗਤ ਪਦਾਰਥ ਸੁਖ ਜੇ ਸਾਰੇ। ਸਭਿ ਕੇ ਮਿਟਿ ਕਰਿ ਹੋਹਿ ਹਮਾਰੇ[9]-॥ ੪੫ ॥ ਸਦਨ ਬਿਭੂਤਿ ਅਪਰ ਕੋ ਦੇਖੀ[10]।

[1]ਜੋ ਨਾ ਮੰਨੇ। [2]ਉਹ ਬੀ। [3]ਜਿਨ੍ਹਾਂ ਨਰਾਂ ਨੇ ਗੁਰ ਵੇਖੇ। [4]ਨਾਲ ਬਹੁਤੇ ਤਾਰੇ (ਉਹਨਾਂ ਨੇ)। [5]ਕੰਨਾਂ ਨਾਲ। [6]ਉਦੇ ਹੁੰਦੀ ਹੈ। [7]ਪ੍ਰਸੰਨ ਹੋਏ। [8]ਚਤੁਰ। [9]ਸਭ ਖੁੱਸਕੇ ਸਾਡੇ ਹੋ ਜਾਣ ਜਗਤ ਦੇ ਪਦਾਰਥ ਤੇ ਸਾਰੇ ਸੁਖ। [10]ਦੂਸਰੇ ਦੇ ਘਰ ਦੀ ਦੌਲਤ ਦੇਖਕੇ। *ਪਾ:-ਬਚਨ ਸੁ।

Sri Satguru Jagjit Singh Ji eLibrary NamdhariElibrary@gmail.com

ਪੀਰਾ ਪਾਵਹਿ ਰਿਦੇ ਵਿਸ਼ੇਖੀ। ਸਰਬ ਨਰਨ ਕੋ ਸ਼ੱਤ੍ਰ ਜਾਨਹਿ। ਸੰਗ ਨ ਕਿਸੇ ਭੁਲਾਈ ਠਾਨਹਿ ॥ ੪੬ ॥ ਦੋਹਰਾ ॥ ਇਕ[੧] ਮਨਮੁੱਖ ਕੋ ਕਰਮ ਇਹ, ਤ੍ਯਾਗਹੁ ਉਰ ਤੇ ਸੋਇ। ਦੂਸਰ[੨] ਹਉਮੈਂ ਮਨ ਕਰੈ[੩] ਸਭਿ ਸੋਂ[੪] ਨਿਰਦਯ ਹੋਇ[੫] ॥ ੪੭ ॥ ਚੌਪਈ ॥ ਜੋ ਨਿਜ ਤੇ ਘਟ ਦੇਖਹਿਂ ਤੇਈ। ਤਿਹਕੋ ਮਤਿ ਨਹਿਂ ਕੈਸੇ[੬] ਦੇਈ। ਹਾਸੀ ਕਰੈਂ ਧਰੈਂ ਹੰਕਾਰਾ।–ਇਹੁ ਨਹਿਂ ਸਮ ਮਮ ਬੁਧਿ ਉਦਾਰਾ[੭]–॥੪੮॥ਪੁਨ ਤੀਜੀ ਨਿੰਦਾ ਪਹਿਚਾਨ। ਤ੍ਯਾਗਿ ਦੀਜੀਏ, ਕਬਿ ਨ ਬਖਾਨ। ਜੋ ਬਿਸ਼ੇਖ ਅਪਨੇ ਤੇ ਹੋਇ। ਤਿਹ ਕੀ ਉਸਤਤਿ ਕਰਿ ਹੈ ਕੋਇ[੮] ॥੪੯॥ ਦੋਹਰਾ ॥ ਸੁਨਿ ਕਰਿ ਨਹੀਂ ਸਹਾਰਨੀ ਜਰ ਬਰ ਤਿਹ ਤੇ ਜਾਇ[੯]।–ਦੇਖ੍ਯੋ ਸੋ ਮੇਰੋ ਅਹੈ[੧੦]–ਇਸ ਬਿਧਿ ਨਿੰਦ ਅਲਾਇ ॥ ੫੦ ॥ ਚੌਪਈ ॥ ਸਮ ਸੋਂ[੧੧]* ਗਰਬ,ਅਸੂਯਾ ਧਰਿਹੀਂ[੧੨]।–ਉਹ ਨਰ ਕ੍ਯਾ ਹੌਂ ਗੁਣ ਭਰਪੁਰਿ ਹੀਂ[੧੩]–। ਚੌਥੀ ਹਠ ਬਿਰਤੀ ਅਸ ਜੋਇ[੧੪]। ਦੇ ਉਪਦੇਸ਼ ਨ ਮੰਨੇ ਕੋਇ॥੫੧॥ ਤੱਦਪਿ ਹਠ ਕਰਿ ਕਰਿ ਪੁਨ ਕਹਿਹੀ। ਚਤੁਰ ਕਰਮ ਮਨ-ਮੁਖਿ ਕੇ ਅਹਿਹੀਂ। ਤਿਨਕੋ ਤ੍ਯਾਗ ਕਰਹੁ ਤੁਮ ਐਸੇ। ਸਿਸਰ ਬਿਖੈ[੧੫] ਤਰੁ ਪੱਤ੍ਰਨ ਜੈਸੇ[੧੬]॥੫੨॥ ਦੋਹਰਾ॥ ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰਿ ਨੀਵ[੧੭]।ਧਰਮ ਕ੍ਰਿੱਤ ਕਰਿ ਜਗਤ ਮਹਿ ਖਾਵਹਿ ਵੰਡ ਸਦੀਵ[੭]॥੫੩॥ ਦੋਹਰਾ॥ਅਸ ਉਪਦੇਸ਼ ਗੁਰੂ ਕੋ ਸੁਨਿਕੈ।ਮੰਨ੍ਯੋ,ਮਨ ਕੀਨੋ ਸ਼ੁਭ ਗੁਨਿਕੈ[੧੮]। ਬਰਤਨ ਲਗੇ ਜਗਤ ਮਹਿਂ ਐਸੇ। ਕੈਵਲ[੧੯] ਹੋਵਹਿ ਪ੍ਰਾਪਤਿ ਜੈਸੇ॥੫੪॥

ਸ਼ੀਹਾਂ ਗੱਜਣ ਦੋਨੋਂ ਭ੍ਰਾਈ। ਸੋ ਆਏ ਸਤਿਗੁਰ ਸ਼ਰਨਾਈ। ਦਰ-ਸ਼ਨ ਦੇਖਯੋ ਸ੍ਰੀ ਸੁਖਕੰਦਾ। ਕਰੀ ਬੰਦਨਾ ਪਦ ਅਰਬਿੰਦਾ ॥ ੫੫॥ ਦੋਹਰਾ ॥ ਕਰ ਜੋਰੇ ਠਾਂਢੇ ਭੁਏ ਅਸ ਕੀਨੀ ਅਰਦਾਸ। 'ਚਤੁਰ ਪਦਾਰਥ ਦੇਹੁ ਪ੍ਰਭੁ ! ਜਨਮ ਮਰਨ ਕਟਿ ਫਾਂਸ ॥ ੫੬ ॥ ਦੋਹਰਾ ॥ ਤੁਮਰੇ ਸਰਸ[੨੦] ਨ ਅਪਰ ਉਦਾਰਾ। ਜੋ ਜਾਚਹਿਂ ਸੋ ਦੇਹੁ ਦਤਾਰਾ !। ਆਸਾ ਧਰਿ ਅਰਦਾਸ

[੧]ਇਕ ਤਾਂ। [੨].[੩]ਦੂਸਰਾ (ਮਨਮੁਖ ਦਾ ਕਰਮ ਹੈ) ਹਉਮੈਂ ਮਨ ਨਾਲ ਕਰਨੀ ਹੈ। [੪]ਸਭ ਨਾਲ। [੫]ਦਇਆ ਰਹਿਤ ਹੋ ਜਾਣਾ। [੬]ਕਿਸੇ ਤਰ੍ਹਾਂ ਬੀ। [੭]ਵਿਸ਼ਾਲ ਬੁੱਧੀ ਵਾਲਾ। [੮]ਜੇ ਕੋਈ ਕਰੇ ਤਾਂ। [੯]ਉਸ ਨਾਲ ਸੜ ਬਲ ਜਾਣਾ। [੧੦]ਉਹ ਮੇਰਾ ਡਿੱਠਾ ਹੋਇਆ ਹੈ। ਜਿਸ ਤਰ੍ਹਾਂ ਬੋਲ ਚਾਲ ਵਿਚ ਕਹੀਦਾ ਹੈ, ਤੂੰ ਫੁਲਾਣੇ ਨੂੰ ਚੰਗਾ ਕਿਹਾ ਹੈ, ਸਾਥੋਂ ਭੁੱਲਾ ਹੋਇਆ ਹੈ ? ਭਾਵ ਇਹ ਕਿ ਉਹ ਚੰਗਾ ਨਹੀਂ ਭੈੜਾ ਹੈ। [੧੧](ਆਪਣੇ) ਬਰਾਬਰ ਦੇ ਨਾਲ। [੧੨]ਤੇ ਈਰਖਾ ਧਰਨੀ। [੧੩]ਮੈਂ ਗੁਣਾਂ ਨਾਲ ਭਰਪੂਰ ਹਾਂ। [੧੪]ਐਸੀ ਜੋ ਹੈ। [੧੫]ਪਤਝੜੀ ਰੁਤ ਵਿਚ। [੧੬]ਬ੍ਰਿੱਛ ਜਿਵੇਂ ਪੱਤਿਆਂ ਨੂੰ (ਤ੍ਯਾਗਦੇ ਹਨ)। [੧੭]ਨੀਵਾਂ। [੧੮]ਵਿਚਾਰਕੇ। [੧੯]ਮੁਕਤੀ। [੨੦]ਬਰੱਬਰ। *ਪਾ:–ਸ਼ੂਮ ਸੋਂ=ਜ਼ੋਰ ਨਾਲ।

Sri Satguru Jagjit Singh Ji eLibrary NamdhariElibrary@gmail.com

ਬਖਾਨੀ[1] । ਪੂਰਨ ਕੀਜੈ ਸ੍ਰੀ ਗੁਨਖਾਨੀ' ॥ ੫੭॥ ਸੁਨਿਕੈ ਸ੍ਰੀ ਗੁਰ ਗਿਰਾ ਅਲਾਈ । ਲੋਚਨ ਕੋਰਨ ਕਰੁਨਾ[2] ਛਾਈ । 'ਸਿਮਰਹੁ ਵਾਹਿਗੁਰੂ ਲਿਵ-ਲਾਈ । ਦੇਇ ਪਦਾਰਥ ਸੋ[3] ਤੁਮ ਤਾਈ*' ॥ ੫੮ ॥ ਕਹੈਂ ਸੁ 'ਯਾਂਕਉ ਅਰਥ ਬਤਾਵਉ । ਦੇ ਉਪਦੇਸ਼ ਭਲੇ ਸਮਝਾਵਹੁ' । ਤਬਿ ਸ੍ਰੀ ਨਾਨਕ ਅਰਥ ਬਖਾਨਾ । 'ਜੋ ਸਿਮਰਹਿਂ ਸੇ ਨਰ ਮਤਿਵਾਨਾ ॥ ੫੯॥ ਦੋਹਰਾ ॥ ਵਾਸਦੇਵ ਵਾਵਾ ਵਰਨ ਹਾਹਾ ਹਰਿ ਤੇ ਲੀਨ । ਗੱਗਾ ਗੋਬਿੰਦ ਤੇ ਲਿਯੋ ਰਾਰਾ ਰਾਮ ਪ੍ਰਬੀਨ ॥ ੬੦ ॥ ਚੌਪਈ ॥ ਏਕ ਨਾਮ ਤੇ ਚਤੁਰ ਸੁ ਜਾਪੂ । ਯਾਂਤੇ ਹੈ ਇਹ ਅਧਿਕ ਪ੍ਰਤਾਪੂ । ਦੂਸਰ ਅਰਥ ਔਰ ਸੁਨਿ ਲੀਜੈ । ਜਾਪ ਕਰੇ ਸਭਿ ਸੰਕਟ ਛੀਜੈ[4] ॥੬੧॥ 'ਵਾਹਿ' ਨਾਮ ਅਚਰਜ ਪਹਿਚਾਨੋ । ਜਿਹ ਕੀ ਸੱਤਯਾ ਜਗ ਪ੍ਰਗਟਾਨੋਂ । ਜਿਹ ਸੱਤਯਾ ਕਰਿ ਲਖਿਯਤਿ ਭਵ ਹੈ[5]।ਸੋ ਨਹਿਂ ਲਖੀ ਜਾਇ ਅਨੁਭਵ ਹੈ[6] ॥ ੬੨ ॥ ਦੋਹਰਾ ॥ ਯਾਂਤੇ ਸੋ ਅਚਰਜ ਭਯੋ ਗੁਰੂ ਅਰਥ ਸੁਨਿ ਕਾਨ।ਅੰਧਕਾਰ 'ਗੋ' ਨਾਮ ਹੈ 'ਰੁ' ਪ੍ਰਕਾਸ਼ ਪਹਿਚਾਨ॥੬੩॥ ਚੌਪਈ ॥ ਅੰਧਕਾਰ ਵਤ ਦੇਹਿ ਅਨਿੱਤਾ । ਤਿਹ ਪ੍ਰਕਾਸ਼ ਦੀਨੋ ਸੋ ਚਿੱਤਾ[7] । ਤਾਂਕੋ 'ਵਾਹਿਗੁਰੂ' ਇਮ ਨਾਮੰ । ਜਪੁ ਹੈ ਚਤੁਰ ਪਦਾਰਥ ਧਾਮੰ†' ॥੬੪॥ ਬੂਝਹਿਂ ਪੁਨਿ 'ਜਿ ਵਾਹਿਗੁਰੂ ਗਾਵਹਿਂ[8] । ਕਿਸ ਬਿਧਿ ਚਾਰ ਪਦਾਰਥ ਪਾਵਹਿਂ' । ਗੁਰੂ ਭਨਨੋ 'ਸਤਿਸੰਗਤਿ ਜਾਤੇ[9]।ਡਗਡਗ ਅਸ੍ਵ ਮਖ ਹ੍ਵੈ ਫਲ ਤਾਂਤੇ[10] ॥੬੫॥ਦੋਹਰਾ॥ ਜਿਹ ਧਨ ਕਾਰਨ ਜਤਨ ਜੋ ਕਰਿ ਹੈਂ ਲੋਕ ਅਪਾਰ। ਸੋ ਧਨ ਹਰਿਕੇ ਭਗਤਿ ਕੋ ਮਾਨਵ ਦੇਹਿਂ ਹਜ਼ਾਰ ॥ ੬੬ ॥ ਚੌਪਈ ॥ ਬੰਦਨ ਕਰਹਿਂ ਦੇਹਿਂ ਧਨ ਆਈ । ਜਨ ਤੇ ਜਾਚਹਿਂ[11] ਅਪੁਨਿ ਭਲਾਈ[12] । ਰਿਦੇ ਕਾਮਨਾ ਭਗਤਨਿ ਜੋਈ[13] । ਸ੍ਰੀ ਕਰਤਾਰਪੁਰਿ ਹੈ ਸੋਈ[14] ॥੬੭॥ ਅਰਥ

[1](ਅਸਾਂ) ਕਹੀ ਹੈ ਅਰਦਾਸ । [2]ਕ੍ਰਿਪਾ । [3](ਧਰਮ ਅਰਥ, ਕਾਮ ਮੋਖ ਚਾਰੇ) ਪਦਾਰਥ ਓਹ (ਵਾਹਿਗੁਰੂ ਨਾਮ) ਦੇਵੇਗਾ । [4]ਨਾਸ਼ ਹੁੰਦੇ ਹਨ । [5]ਜਗਤ ਜਾਣਿਆਂ ਜਾਂਦਾ ਹੈ । [6]ਉਹ ਨਹੀਂ ਜਾਣੀ ਜਾਂਦੀ (ਪਰ) ਅਨੁਭਵ (ਦ੍ਵਾਰਾ ਉਹ ਸਤ੍ਯ-) ਲਖੀ ਜਾਂਦੀ ਹੈ । (ਅਨੁਭਵ—ਸਿਮ੍ਰਤੀ ਤੋਂ ਸੁਤੰਤ੍ਰ ਗ੍ਯਾਨ) ਉਹ ਗ੍ਯਾਨ ਜੋ ਸਾਖ੍ਯਾਤਕਾਰ ਦਵਾਰਾ ਹੋਵੇ । ਫਾਇਲੀ ਤੌਰ ਦੇ ਜਾਣਿਆਂ ਜਾਣ ਵਾਲਾ, Subjective ਤਰੀਕੇ ਨਾਲ ਲਖਣ ਜਾਣ ਵਾਲਾ । [7]ਚੇਤਨ । [8]ਸਿਮਰਾਂਗੇ ਤਾਂ । [9]ਸਤਿਸੰਗ ਵਿਚ ਜਾਇਆਂ । [10]ਕਦਮ ਕਦਮ ਤੇ ਅਸ੍ਵਮੇਧ ਜੱਗ ਦਾ ਫਲ ਲਗਦਾ ਹੈ (ਇਹ ਧਰਮ ਦੀ ਪ੍ਰਾਪਤੀ ਹੈ) । [11](ਪਰਮੇਸ਼ਰ ਦੇ) ਦਾਸ ਤੋਂ ਮੰਗਦੇ ਹਨ । [12]ਇਹ ਅਰਥ ਦੀ ਪ੍ਰਾਪਤੀ ਹੈ । [13]ਭਗਤਾਂ ਦੇ ਰਿਦੇ ਵਿਚ ਜੋ ਕਾਮਨਾ ਹੋਣ । [14]ਇਹ ਕਾਮਨਾ ਦੀ ਪ੍ਰਾਪਤੀ ਹੈ ।

*ਪਾ:—ਪਾਈ ।

†ਇਥੋਂ ਦਾ ਭਾਵ ਸਮਝਣ ਲਈ ਪੜ੍ਹੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ, ਅਧ੍ਯਾਯ ੧ ਅੰਕ ੬੧ ਤੋਂ ੬੫ ਦੀ ਟੀਕਾ ਤੇ ਭਾਵ ।

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਸਮਝਨ ਕਰਿਕੈ । ਹੁਇ ਹੈ ਗ੍ਯਾਨ ਜਾਇ ਤਮ ਟਰਿਕੈ[1] ।
ਚਤੁਰ ਪਦਾਰਥ ਨਾਮੁ ਅਧੀਨਾ ਸਿਮਰਨ ਕਰਹੁ ਹੋਇ ਦੁਖ ਛੀਨਾ'॥੬੮॥
ਦੋਹਰਾ ॥ ਸ੍ਰੀ ਗੁਰ ਕੋ ਉਪਦੇਸ਼ ਸੁਨਿ ਕਰਨ ਲਗੇ ਸੋ ਕਾਰ। ਪਿਛਲੀ ਨਿਸ
ਇਸ਼ਨਾਨ ਕਰਿ ਪਢਹਿ ਸ਼ਬਦ ਹਿਤ ਧਾਰਿ ॥੬੯॥ ਚੌਪਈ ॥ ਦਿਨ ਸਗਰੇ
ਨਿਜ ਕ੍ਰਿਤ ਕਮਾਵਹਿ। ਅੱਭ੍ਯਾਗਤ[2] ਸੋਂ ਵੰਡਹਿ[3] ਖਾਵਹਿ। ਅੰਤਰ ਸ੍ਵਾਸ ਜਿ
'ਵਾਹਿ' ਮਿਲਾਵੈਂ । ਨਿਕਸਹਿ ਵਹਿਰ ਤ 'ਗੁਰੂ' ਅਲਾਵੈਂ ॥ ੭੦ ॥ ਇਸ
ਬਿਧਿ ਅਪਨੋ ਸਮਾਂ ਬਿਤਾਵਹਿਂ । ਸ਼ੁਭ ਤਿਥਿ[4] ਪੰਚਾਂਮ੍ਰਿਤ ਕਰਿਵਾਵਹਿਂ ।
ਕੇਤਨੋਂ ਸਮਾ ਬਿਤੀਤ੍ਯੋ ਤਿਨਕੋ। ਭਲੇ ਕਰਮ ਕੀ ਰੁਚਿ ਜਿਨ ਮਨਕੋ॥੭੧॥
ਦੋਹਰਾ ॥ ਸ਼ੀਹੇਂ ਕੀ ਇਕ ਸੁਤਾ ਥੀ ਕਰਨ ਲਗ੍ਯੋ ਤਿਸ ਬ੍ਯਾਹ ।
ਅਸਨ ਕਰਾਯੋ ਅਨਿਕ ਬਿਧਿ ਨਿਕਟਿ ਰਹੇ ਦਿਨ ਤਾਂਹਿ[5] ॥੭੨॥ ਚੌਪਈ॥
ਮਧੁਰ[6] ਸਨਿਗਧ[7] ਕਰਾਇ ਅਹਾਰਾ । ਰਾਖ੍ਯੋ ਬਹੁਤ ਅਗਾਰ ਮਝਾਰਾ ।
ਸਿੱਖ ਗੁਰੂ ਕੇ ਦਰਸ਼ਨ ਜਾਹਿਂ[8] । ਘਰ ਸ਼ੀਹੇਂ ਕੇ ਉਤਰੇ ਆਇ ॥ ੭੩ ॥
ਹਿਤ ਬਰਾਤ ਕੇ ਜੋ ਪਕਵਾਨੇ[9] । ਸ਼ੀਹੇਂ ਦੀਨੇ ਸੋ ਤਿਨ ਖਾਨੇ[10] । ਸੰਗਤਿ
ਬਹੁਤ ਸਦਨ ਮਹਿਂ ਜੋਊ । ਸਭਿ ਪਕਵਾਨ ਖਾਇਗੇ ਸੋਊ॥੭੪॥ ਦੋਹਰਾ ॥
ਅਗਲੇ ਦਿਨ ਮਹਿਂ ਜੰਵ ਨੈ ਹੁਤੋ ਆਵਨੋ ਧਾਮ । ਸੰਗਤਿ ਬਡ ਭੁਨਸਾਰ
ਤੇ ਗਵਨੀ ਲੇ ਗੁਰ ਨਾਮ ॥ ੭੫ ॥ ਚੌਪਈ ॥ ਚਿੰਤ ਕਰੈ ਸ਼ੀਹੇਂ ਕੀ ਨਾਰਿ।
-ਤਨਕ[11] ਨਿਕੇਤ ਨ ਰਹ੍ਯੋ ਅਹਾਰ । ਆਵਹਿ ਅਬਿ ਬਰਾਤ ਕ੍ਯਾ ਖਾਹੀ।
ਤੂਰਨ ਤ੍ਯਾਰ ਹੋਤਿ ਕਸ ਨਾਂਹੀ ॥ ੭੬ ॥ ਕਿਸ ਪਰਕਾਰ ਲਾਜ ਰਹਿ
ਆਵਹਿ। ਸਗਰੇ ਜਗਤ ਨਿੰਦ ਪ੍ਰਗਟਾਵਹਿ-। ਪਿਖ ਸਚਿੰਤ[12] ਸ਼ੀਹੇਂ ਨਿਜ
ਨਾਰੀ । ਤਾਂਕੋ ਦੀਨ ਦਿਲਾਸੋ ਭਾਰੀ ॥ ੭੭ ॥ 'ਸਤਿਗੁਰ ਆਸ ਧਰੋ ਮਨ
ਮਾਂਹੀ । ਅਪਰ ਬਿਚਾਰ ਕਰਹੁ ਕੋ ਨਾਂਹੀ । ਰਾਖਹਿਗੇ ਪ੍ਰਭੁ ਪੈਜ ਹਮਾਰੀ ।
ਦਾਸ ਜਾਨਿ ਹ੍ਵੈ ਹੈਂ ਹਿਤਕਾਰੀ'॥੭੮॥ ਅਸ ਬਿਚਾਰ ਕਰਿਤ੍ਯੋ ਤਿਹ ਕਾਲਾ।
ਪਹੁੰਚੀ ਆਇ ਬਰਾਤ ਬਿਸਾਲਾ[13]। ਕਰਿ ਢੁਕਾਉ ਭਲਿ ਡੇਰਾ ਕੀਨੋ । ਦੇਖਿ
ਨਾਰਿ ਭੀ ਹਰਖ ਬਿਹੀਨੋ[14] ॥੭੯॥ ਕਹਿਨ ਲਗੀ 'ਕ੍ਯਾ ਦੇਹਿ ਖੁਆਏ ?।

---

[1]ਅੱਗਯਾਨ ਰੂਪੀ ਅਨ੍ਹੇਰਾ ਨਾਸ਼ ਹੋ ਜਾਏਗਾ (ਇਹ ਮੋਖ ਪ੍ਰਾਪਤੀ ਹੈ)। [2]ਅਤਿੱਥੀ। [3]ਵੰਡਕੇ।
[4]ਭਾਵ ਸੰਗ੍ਰਾਂਦ ਮੱਸਿਆ ਤੇ ਵਿਸਾਖੀ ਦੀਪਮਾਲਾ (ਦੇਖੋ ਸਿੱਖਾਂ ਦੀ ਭਗਤਮਾਲਾ ਪੰਨਾ ੪੪)।
[5]ਭਾਵ ਵਿਆਹ ਦੇ। [6]ਮਿੱਠੇ। [7]ਘਿਉ ਵਾਲੇ। [8]ਜਾਂਦੇ ਹੋਏ। [9]ਮਠਿਆਈ ਆਦਿ। [10]ਖਾਣ
ਨੂੰ। [11]ਥੋੜਾ ਭੀ। [12]ਚਿੰਤਾਵਾਨ। [13]ਵਡੀ। [14]ਉਦਾਸ।

Sri Satguru Jagjit Singh Ji eLibrary NamdhariElibrary@gmail.com

ਨਰ ਬਰਾਤ ਮਹਿ ਬਹੁਤੇ ਆਏ'। ਸ਼ੀਹੇਂ ਉਠਿ ਕੀਨੀ ਅਰਦਾਸ। ਸਤਿਗੁਰ ਚਰਨ ਧ੍ਯਾਨ ਕਰਿ ਤਾਸ ॥੯੦॥ 'ਰਾਖੀ ਸਿੱਖਨ ਪੈਜ ਅਗਾਰੀ। ਚਰਨ ਕਮਲ ਹਮ ਸ਼ਰਨ ਤੁਮਾਰੀ'। ਅਸ ਕਹਿ ਤਿਸ ਕੋਠੇ ਕੋ ਤਾਰਾ[੧]। ਖੋਲਿ ਬਿਲੋਕਿਓ[੨] ਅਹਾਰ ਅਪਾਰਾ ॥ ੯੧ ॥ ਦੋਹਰਾ ॥ ਪਾਂਤਿ[੩] ਬਰਾਤ ਬਿਠਾਇ ਕੈ ਭੋਜਨ ਭਲੇ ਖੁਆਇ। ਅਤਿ ਸੁੰਦਰ ਬਹੁ ਸ੍ਵਾਦ ਜਿਹਂ ਹਰਖਤਿ ਰਹੇ ਅਘਾਇ[੪] ॥ ੯੨ ॥ ਚੌਪਈ ॥ ਪੰਚ ਦਿਵਸ ਘਰ ਰਾਖੀ ਸੋਈ। ਤੋਟ ਅਸਨ ਕੀ ਹੋਇ ਨ ਕੋਈ। ਬਹੁ ਬਿਧਿ ਕੇ ਪਕਵਾਨ ਜਿਮਾਏ[੫]। ਖਾਇ ਜਨੇਤੀ ਉਰ ਹਰਖਾਏ ॥੯੩॥ ਬਿਦਾ ਕਰੀ ਦੈ ਦਾਤ ਬਿਸਾਲਾ। ਅਚਰਜ ਭੇ ਨਰ ਤ੍ਰਿਯ[੬] ਤਿਹ ਕਾਲਾ। ਸਭਿ ਮਿਲਿਕੈ ਤਬਿ ਇਸ ਬਿਧਿ ਭਾਖੀ। 'ਗੁਰੂ ਪੈਜ ਨਿਜਿ ਸਿੱਖਨ ਰਾਖੀ' ॥ ੯੪ ॥ ਅਧਿਕ ਨਰਨ ਕੋ ਸ਼ਰਧਾ ਭਈ। ਭਾਉ ਭਗਤਿ[੭] ਜਗ ਮਹਿਂ ਪ੍ਰਗਟਈ।

ਪੁਨ ਇਕ ਦਿਨ ਬੈਠੇ ਗੁਨਖਾਨੀ। ਕਰੁਨਾ ਲੋਚਨ ਬਿਖੈ ਮਹਾਨੀ ॥ ੯੫॥ ਦੋਹਰਾ ॥ ਫਿਰਨਾ ਖਹਿਰਾ ਜੋਧ ਦੁਇ ਜੋਗ੍ਯਾਸਾ ਧਰਿ ਆਸ। ਆਇ ਪਰੇ ਪਾਇਨਪਦਮ[੮] ਪੁਨ ਬੈਠੇ ਪ੍ਰਭੁ ਪਾਸ ॥ ੯੬ ॥ ਚੌਪਈ ॥ ਹਾਥ ਬੰਦਿ ਅਰਦਾਸ ਉਚਾਰੀ। 'ਹਮ ਆਏ ਅਬਿ ਸ਼ਰਨਿ ਤੁਮਾਰੀ। ਨਿਜ ਉਪਦੇਸ਼ ਕਰਹੁ ਬੱਖ੍ਯਾਨਾ। ਜਿਸ ਪ੍ਰਕਾਰ ਹੈ ਹਮ ਕੱਲ੍ਯਾਨਾ॥੯੭॥ ਸਿੱਖੀ ਪ੍ਰਾਪਤਿ ਮਨ ਮਹਿਂ ਹੋਵਹਿ। ਬਹੁਰ ਨ ਕਬਹੂ ਕਾਲ ਬਿਗੋਵਹਿ[੯]'। ਪ੍ਰਭੁ ਭਾਖ੍ਯੋ 'ਮਨ ਨੀਵੇਂ ਜੋਇ। ਤਿਨਕੋ ਸਿੱਖੀ ਪ੍ਰਾਪਤਿ ਹੋਇ॥੯੮॥ ਦੋਹਰਾ ॥ ਸੇਵਾ ਜੋ ਤੁਮ ਪਾਸ ਤੇ ਸਿੱਖਨ ਕੀ ਹੁਇ ਆਇ। ਤੌ ਕਰੀਐ ਹਿਤ ਕਰਿ ਰਿਦੇ ਪਗ ਪਖਾਰਿ[੧੦], ਮੁਖ ਪਾਇ[੧੧] ॥੯੯॥ ਚੌਪਈ॥ ਪਿਛਲੀ ਨਿਸਾ ਕਰਹੁ ਇਸ਼ਨਾਨਾ। ਸਦਾ ਸ਼ਬਦ ਅੱਭ੍ਯਾਸ ਪ੍ਰਮਾਨਾ[੧੨]। ਮਨ ਨੀਵੇਂ ਸਤਿਸੰਗਤਿ ਜਾਇ। ਗੁਰ ਕੇ ਸ਼ਬਦ ਸੁਨਹੁ ਹਿਤ ਲਾਇ॥੧੦੦॥ ਜਾਨਹੁ ਵਾਹਿਗੁਰੂ ਕੋ ਸ੍ਵਾਮੀ। ਦਾਸ ਆਪਨੂੰ ਲਖੈ ਸਖਾਮੀ[੧੩]। ਗੁਰਬਾਨੀ ਕੋ ਮਨਨ ਸੁ ਕਰਨਾ। ਜੇ ਚਾਹਤਿ ਹੋ ਭਵ[੧੪] ਤੇ ਤਰਨਾ'॥੧੦੧॥ ਦੋਹਰਾ ॥ ਸੀਖੀ ਸਿਖ ਸਤਿਗੁਰੂ ਤੇ ਤੈਸੀ ਕੀਨੀ

---

[੧]ਜੰਦਰਾ । [੨]ਵੇਖਿਆ । [੩]ਪੰਗਤ । [੪]ਰੱਜ ਗਏ । [੫]ਖੁਲਾਏ । [੬]ਨਰ ਨਾਰੀਆਂ । [੭]ਪ੍ਰੇਮਾ ਭਗਤੀ । [੮]ਚਰਨਾਂ ਕਵਲਾਂ ਤੇ । [੯]ਖੁਆਰ ਕਰੇ (ਸਾਨੂੰ) । [੧੦]ਚਰਨ ਧੋਵੇ । [੧੧](ਅੰਨ) ਛਕਾਵੇ । [੧੨]ਅੱਭ੍ਯਾਸ ਕਰਨਾ ਚੰਗਾ ਜਾਣੇ । [੧੩]ਕਚਿਆਈ ਵਾਲੇ ਭਾਵ ਔਗਣ ਹਾਰੇ [ਫ਼ਾਰਸੀ, ਖ਼ਾਮ=ਕੱਚਾ] । [੧੪]ਸੰਸਾਰ ।

Sri Satguru Jagjit Singh Ji eLibrary NamdhariElibrary@gmail.com

ਕਾਰ । ਜਨਮ ਮਰਨ ਛੁਟਿ ਕਸ਼ਟ ਤੇ ਤਿਨਕੋ ਭਯੋ ਉਧਾਰ॥੯੨॥ ਚੌਪਈ॥ ਇਸ ਪ੍ਰਕਾਰ ਸੋਂ ਨਰਨ ਅਨੇਕੰ[1] । ਕਰਿ ਉਪਦੇਸ਼ ਦਿਯੋ ਸੁ ਬਿਬੇਕੰ[2] । ਗ੍ਰੰਥ ਬਧਨ ਤੇ ਬਰਨੇ ਨਾਂਹੀ । ਮਤਿ ਅਨੁਸਾਰ ਕਛੁਕ ਮੈਂ ਪ੍ਰਾਹੀ ॥ ੯੩॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿਖਨ ਉਪਦੇਸ਼' ਬਰਨਨੰ ਨਾਮ ਤ੍ਰਿਤਾਲੀਸਮੋ ਅਧਯਾਯ ॥ ੪੩ ॥

੪੪. [ਸ਼ਾਰਦਾ ਮੰਗਲ, ਸਿੱਖਾਂ ਦਾ ਭਾਉ ਦੇਖਿਆ । ਸਾਧੂ ਦਰਸ਼ਨ ਦਾ ਫਲ]

ਦੋਹਰਾ ॥ ਨਮੋ ਸਾਰਦਾ ਕੋ ਸਦਾ ਸੁਮਤਿ ਰਿਦੇ ਪਰਕਾਸ਼ ।
ਕ੍ਰਿਪਾ ਧਾਰਿ ਪੂਰਨ ਕਰੋ ਸ੍ਰੀ ਗੁਰ ਕੋ ਇਤਿਹਾਸ ॥ ੧ ॥

{ ਸ਼ਾਰਦਾ=ਸਰਸ੍ਵਤੀ । ਵਿਸ਼ੇਸ਼ ਗਿਆਨ ਲਈ ਦੇਖੋ ਪੂਰਬਾਰਧ ਅਧਯਾਯ ੧ ਅੰਕ ੨ ਦੀ ਟੀਕਾ ਤੇ ਭਾਵ । }

ਅਰਥ—(ਹੇ) ਰਿਦੇ ਵਿਚ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰਨੇ ਵਾਲੀ ਸ਼ਾਰਦਾ (ਤੈਂ) ਨੂੰ ਸਦਾ ਨਮਸਕਾਰ ਹੋਵੇ । ਕ੍ਰਿਪਾ ਕਰਕੇ ਸ੍ਰੀ ਗੁਰੂ ਜੀ ਦਾ ਇਤਿਹਾਸ (ਮੇਰੇ ਤੋਂ) ਪੂਰਨ ਕਰਵਾਵੋ ।

ਸ੍ਰੀ ਬਾਲਾ ਸੰਧੁਰੁ ਬਾਚ ॥ ਚੌਪਈ ॥ ਸੁਨੀਏ ਸ੍ਰੀ ਤ੍ਰੇਹਣ ਕੁਲ ਮੌਰ । ਪ੍ਰਭੁ ਕੀ ਕਥਾ ਅਗਾਰੀ ਔਰ । ਸਿੱਖੀ ਕੀ ਸਰਿਤਾ[3] ਬਿਸਤਾਰੀ। ਜਹਿ ਕਹਿ ਸਗਰੇ ਜਗਤ ਮਝਾਰੀ॥ ੨॥ ਸਿੱਖਨ ਕੇ ਮਨ ਮੀਨ ਸਮਾਨਾਂ । ਚਹੈਂ ਨ ਬਿਰਹਿ, ਹੋਹਿਂ ਹਤਿ ਪ੍ਰਾਨਾ[4]। ਲਾਗੇ ਕਰਨ ਸ਼ਬਦ ਅੱਭ੍ਯਾਸਾ। ਸਿਮਰਨ ਸੱਤਿਨਾਮ ਪਰਕਾਸ਼ਾ॥੩॥ਸਿੱਖੀ ਭਾਉ ਦੇਖਿਬੇ ਹੇਤਾ। ਗਮਨ ਕੀਨ ਬੇਦੀ ਕੁਲਕੇਤਾ। ਮੁਝ ਕੋ ਅਪਨੇ ਲੀਨ ਸੰਗਾਰੇ।ਪਹੁੰਚੇ ਇਕ ਪੁਰਿ ਜਾਇ ਮਝਾਰੇ॥੪॥ਸਿੱਖ ਤ੍ਰਿਖਾਣ ਬਸਹਿ ਤਿਹ ਥਾਨਾ। ਜਿਹ ਕੀ ਅਲਪ[5] ਚਲਹਿ ਗੁਜ਼ਰਾਨਾ। ਕਰੈ ਸੇਵ ਸਿੱਖਨ ਕੀ ਸੋਇ।ਅਸਨ ਅਚਾਵਹਿ ਜੋ ਘਰ ਹੋਇ॥੫॥ਸੰਝ ਜਿਹੋਇ, ਨ ਪ੍ਰਾਪਤਿ ਪ੍ਰਾਤ[6]।ਹਾਥ ਨ ਆਇ ਅਹਾਰ ਅਘਾਤਿ[7]।ਜੋ ਘਰਹੋਵਹਿਸਿੱਖਨ ਖ੍ਵਾਵਹਿ । ਨਹਿਂ ਜਿ ਹੋਇ ਤਬਿ ਜਾਚਿ ਸੁ ਲਯਾਵਹਿ॥੬॥ ਦੋਹਰਾ ॥ ਜਾਵਹਿ ਜਾਚਨਸਿੱਖ ਹਿਤ ਨਿਜਹਿਤ ਜਾਤਿ ਨ ਸੋਇ।ਜਨੋਂ ਤਨੋਂ ਅਸਨਕਰਾਵਈ ਸਿੱਖ ਆਇ ਜੋ ਕੋਇ॥੭॥ ਚੌਪਈ॥ ਪਹੁੰਚੇ ਤਿਹਂ ਨਿਕੇਤ ਪ੍ਰਭੁ ਜਾਏ। ਬੰਦਨ ਕਰਿਹੀ ਸਿਖ ਤਬਿ ਧਾਏ।ਨਿਜ ਨਾਰੀ ਸੋਂ ਗਿਰਾ ਉਚਾਰੀ। 'ਤੂਰਨ ਕਰਹੁ ਅਹਾਰ ਤਯਾਰੀ'॥੮॥ਕਹਯੋ ਤੀਯ'ਤੂੰ ਸਭਿ ਕਿਛੁ ਜਾਨਹਿ।ਭੋਜਨ ਹੋਵੈ ਜੋ

[1]ਬਿਅੰਤ ਨੂੰ । [2]ਗਿਆਨ । [3]ਨਦੀ । [4]ਚਾਹੁੰਦੇ ਨਹੀਂ ਵਿਛੋੜਾ (ਨਦੀ ਤੋਂ), ਭਾਵੇਂ ਪ੍ਰਾਣ ਨਾਸ਼ ਹੋ ਜਾਣ । [5]ਥੋੜੀ । [6](ਤਾਂ) ਸਵੇਰੇ ਨਾ ਪ੍ਰਾਪਤ ਹੋਵੇ । [7]ਰੱਜਵਾਂ ।

ਅੰਨ ਆਨਹਿਂ[1]। ਇਉਂ ਸੁਨਿ ਕੈ ਗਮਨ੍ਯੋ ਪੁਰਿ ਮਾਂਹੀ। ਜਿਹ ਕੋ ਜਾਚਹਿ ਦੇਇ ਸੁ ਨਾਂਹੀ॥੯॥ਦੋਹਰਾ॥'ਸਿੱਖਨ ਮਿਸ[2] ਇਹ ਮਾਂਗਿ ਕੈ ਕਰਤਿ ਅਪਨ ਗੁਜ਼ਰਾਨ'। ਅਸ ਕਹਿ ਦਿਯੋ ਨ ਕਿਛੁ ਤਿਸੁ ਬੈਠ੍ਯੋ ਭੂਖਾ ਆਨਿ ॥੧੦॥ ਚੌਪਈ ॥ ਤਿਸ ਦਿਨ ਰਾਜੇ ਛਿੰਝ ਪਵਾਈ। ਇਸ ਕੇ ਚਿਤ ਚਿੰਤਾ ਅਤਿ ਆਈ। ਕਹੈ 'ਕਹਾਂ ਤੇ ਅੰਨ ਖੁਵਾਰੋਂ[3]। ਧਿਕ ਮੁਹਿ[4], ਰਹੈਂ ਜਿ ਬਿਨਾ ਅਹਾਰੋ'॥੧੧॥ਦੇਖਿਨਿ ਚਲੇ ਅਨੇਕ ਤਮਾਸ਼ਾ।ਬੂਝਤਿ ਭਯੋ ਸੁ ਨਰ ਇਕ ਪਾਸਾ।'ਕਹਾਂ ਜਾਹੁ?' ਤਿਨ ਦੀਨ ਬਤਾਈ।'ਭੂਪ ਦਿਹਰ ਹੈ ਛਿੰਝ ਪਵਾਈ ॥ ੧੨ ॥ ਸਹਸ[5] ਰੁਪੱਯੇ ਜੀਤਹਿ ਲੇਵਹਿ। ਹਾਰਹਿ ਅਰਧ ਤਾਂਹਿ[6] ਤੇ ਦੇਵਹਿ'। ਸੁਨਿਕੈ ਹਰਖ ਚਲ੍ਯੋ ਤਿਹ ਥਾਈਂ। ਯੁਕਤਿ ਮੱਲ[7] ਬਹੁ ਨਰ ਇਕ ਠਾਈਂ॥੧੩॥ਭਯੋ ਮੱਲ ਕੇ ਸਨਮੁਖਿ ਜਬਿਹੀ। ਤਿਹਕੋ ਦੇਖਿ ਹਸੇ ਨਰ ਸਭਿਹੀ।'ਮੱਲ ਭੂਪ ਕੋ[8] ਬਲੀ ਬਡੇਰਾ।ਚੂਰਨ ਕਰੈ ਸਰਬ ਤਨ ਤੇਰਾ ॥੧੪॥ ਉਰ ਮਹਿ ਧਰਿਕੈ ਗਰਬ ਕੁਰੰਗਾ[9]। ਚਾਹ੍ਯੋ ਲਰੈ ਕੇਹਰੀ ਸੰਗਾ[10]। ਤਿਸ ਬਿਧਿ ਤੈਂ ਕ੍ਯਾ ਮਨ ਮਹਿ ਧਾਰੀ।ਚਹਿਤਿ ਮ੍ਰਿਤੁ ਕੋ ਮੱਲ ਅਗਾਰੀ?' ॥ ੧੫ ॥ ਦੋਹਰਾ ॥ ਬਰਜ੍ਯੋ ਤਿਸਕੋ ਨਹਿ ਰਹ੍ਯੋ ਕਹ੍ਯੋ 'ਜਾਇੰ ਜੋ ਪ੍ਰਾਨ। ਇਸਤੇ ਸ਼ੁਭ ਨਹਿ ਕਾਜ ਕੋ ਪਰ ਹਿਤ* ਹੋਵਹਿ ਹਾਨ' ॥੧੬॥ ਚੌਪਈ ॥ ਨਿਕਟ ਮੱਲ ਕੇ ਜਬਿ ਹੀ ਆਯੋ। ਅਵਲੋਕ੍ਯੋ ਅਸ ਬਚਨ ਅਲਾਯੋ। 'ਤੂੰ ਕਿਉਂ ਮੌਤ ਚਹਿਤ ਬਿਨ ਆਈ?'। ਸੁਨਤਿ ਸਿੱਖ ਨੇ ਸਰਬ ਬਤਾਈ ॥੧੭॥'ਆਏ ਸੰਤ ਨਿਕੇਤ ਹਮਾਰੇ।ਨਹੀਂ ਅੰਨ ਜੋ ਦੇਉਂ ਅਹਾਰੇ। ਤਿਨਕੇ ਹਿਤ ਹੌਂ ਲਰਨੈ ਆਯੋ।ਮ੍ਰਿਤੁ ਹੋਇ ਤੇ ਸੁਖ ਅਧਿਕਾਯੋ'॥੧੮॥'ਸਾਧ ਸਾਧ[11]' ਸੁਨਿ ਕਾਨ,ਬਖਾਨਾ। 'ਉੱਤਮ ਮਤ ਤੁਮ ਸੰਤ ਮਹਾਂਨਾ। ਪਰਸ੍ਵਾਰਥ ਹਿਤ ਪ੍ਰਾਨ ਨ ਪ੍ਯਾਰੇ। ਲਰਹੁ ਨਿਸੰਗ ਮੋਰ-ਸੰਗਾਰੇ'॥੧੯॥ਦੋਹਰਾ ॥ ਭਿਰੇ ਪਰਸਪਰ ਮਿਲਿ ਤਬੈ ਗਿਰ੍ਯੋ ਮੱਲ ਤਰ[12] ਤਾਂਹਿ। ਪਰਸ੍ਵਾਰਥ ਕੋ ਜਾਨਿਕੈ ਓਜ[13] ਲਗਾਯੋ ਨਾਂਹਿ ॥੨੦॥ ਚੌਪਈ ॥ ਮੱਲ ਬਲੀ ਤਰ ਗਿਰ੍ਯੋ ਲਖਾਏ।

---

[1] ਜੇ ਤੂੰ ਅੰਨ ਲਿਆਵੇਂ ਤਾਂ। [2] ਸਿਖਾਂ ਦੇ ਬਹਾਨੇ। [3] ਖੁਆਵਾਂ। [4] ਧਿਰਕਾਰ ਹੈ ਮੈਨੂੰ। [5] ਹਜ਼ਾਰ। [6] ਤਿਸਤੇ। [7] ਪਹਿਲਵਾਨ ਦੇ ਸਹਤ। [8] ਰਾਜੇ ਦਾ। [9] ਹਰਨ। [10] ਸ਼ੇਰ ਨਾਲ। [11] ਸ਼ਾਬਾਸ਼ ਸ਼ਾਬਾਸ਼। [12] ਹੇਠ। [13] ਬਲ।

*ਇਹ ਆਦਮੀ ਸਿਖ ਸੀ ਤੇ ਗੁਰ ਸਿਖਾਂ ਦੀ ਸੇਵਾ ਕਰਦਾ ਸੀ, ਇਸ ਕਰਕੇ ਏਥੇ ਪਾਠ—ਪਰ ਹਿਤ—ਦੀ ਥਾਂ—ਗੁਰ ਹਿਤ—ਵਧੇਰੇ ਚੰਗਾ ਲਗਦਾ ਹੈ।—ਪਰ ਹਿਤ—ਲਿਖਾਰੀ ਦੀ ਭੁੱਲ ਜਾਪਦੀ ਹੈ।

Sri Satguru Jagjit Singh Ji eLibrary NamdhariElibrary@gmail.com

ਨਰ ਸਭਿਹੀ ਉਰ ਮਹਿ ਬਿਸਮਾਏ। ਉੱਤਮ ਬਸਤ੍ਰ ਨ੍ਰਿਪਤ ਪਹਿਰਾਏ। ਗਿਨਿਕੈ ਸਹਿਸ[1] ਅਨਾਮ ਦਿਵਾਇ॥੨੧॥ ਭਯੋ ਮੱਲ ਕੇ ਹਿਰਦੈ ਗ੍ਯਾਨਾ। ਨਾਸ਼ਯੋ ਮੋਹ ਮਨੋਜ[2] ਮਹਾਨਾ। ਲੈਕੇ ਸਿੱਖ ਸਦਨ ਮਹਿਂ ਆਯੋ। ਨਾਨਾ ਬਿਧਿਨ ਅਹਾਰ ਕਰਾਯੋ॥੨੨॥ ਉੱਤਮ ਥਲ ਬਿਠਾਇ ਗੁਰਪੂਰੇ। ਪੰਕਜ ਪਾਇ ਪਖਾਰੇ ਰੂਰੇ। ਚਰਨਾਂਮ੍ਰਿਤ ਮੁਖ ਪਾਯੋ ਜਬਿਹੀ। ਭਈ ਤ੍ਰਿਲੋਕੀ ਕੀ ਸੁਧ ਤਬਿਹੀ॥੨੩॥ ਕ੍ਰਿਪਾਦ੍ਰਿਸ਼ਟਿ ਕਰਿ ਮੋਖ ਉਦਾਰਾ। ਤਿਹ ਕੋ ਸਗਰੋ ਬੰਸ ਉਧਾਰਾ। ਭਾਉ[3] ਬਿਲੋਕੇ ਭੋਜਨ ਪਾਯੋ। ਜਿਸ ਪ੍ਰਭੁ ਕੋ ਜਸੁ ਦਸ-ਦਿਸ਼ਿ ਛਾਯੋ॥੨੪॥ ਸੋ ਰਜਨੀ ਬਸਿ ਕਰਿ ਤਿਹ ਧਾਮੂ। ਕੀਨ ਗਮਨ ਪਹੁੰਚੇ ਇਕ ਗ੍ਰਾਮੂ। ਤਿਸ ਮਹਿਂ ਰਹੈ ਸਿੱਖ ਧਨਹੀਨਾ। ਆਇ ਤਬੈ ਤਿਨ ਦਰਸ਼ਨ ਕੀਨਾ॥੨੫॥ ਬੰਦਨ ਕਰਿਕੈ ਬਿਨੈ ਉਚਾਰੀ। 'ਉਠਿ ਕਰਿ ਚਲੀਏ ਸਦਨ ਮਝਾਰੀ। ਚਰਨ ਪਰੇ ਤੇ ਪਾਵਨ ਹ੍ਵੈਹੈ। ਬਚਨ ਸੁਨੇ ਤੇ ਕਲਮਖ[4] ਕਟੈ ਹੈਂ'॥੨੬॥ ਭਾਉ ਬਿਲੋਕਿ ਕਰਮ ਮਨ ਬਾਨੀ[5]। ਗਮਨੇ ਤਿਹ ਨਿਕੇਤ ਗੁਨਖਾਨੀ। ਸਿਖ ਕੇ ਇਕ ਸੁਤ ਇਕ ਘਰ ਨਾਰੀ। ਗ੍ਰਸ੍ਯੋ ਹੁਤੋ[6] ਦਾਰਿਦ ਮਹਿਂ[7] ਭਾਰੀ॥੨੭॥ ਏਕ ਸਮੇਂ ਭੋਜਨ ਕਰਿ ਆਵਹਿ। ਦੁਤਿਯ ਕਾਲ ਧ੍ਰਿਤਿ ਭੁਖ[8] ਬਿਤਾਵਹਿ। ਏਕ ਬਾਰ ਭੋਜਨ ਕਰਿ ਖਾਯੋ। ਦਿਵਸ ਦੂਸਰੇ ਹਾਥ ਨ ਆਯੋ॥੨੮॥ ਦੋਹਰਾ॥ ਸੇਜ ਅਲਪ ਸੀ[9] ਘਰ ਹੁਤੀ ਬੇਚੀ ਜਾਇ ਬਜਾਰ। ਆਨਿ[10] ਅੰਨ ਭੋਜਨ ਕਰਨੋ, ਬਹੁਰ[11] ਨ ਕਛੁ ਅਹਾਰ[12]॥੨੯॥ ਚੌਪਈ॥ ਅਗਲੇ ਦਿਵਸ ਸੀਸ ਕੇ ਬਾਰਾ[13]*। ਸੋ ਉਤਰਾਇ ਦਾਮ[14] ਕਰਿ ਤਯਾਰਾ। ਬੇਚਿ ਸੁ ਅੰਨ ਆਨਿ ਦਿਯ ਨਾਰੀ। ਕਹਿ ਅਹਾਰ ਕਰਿ ਤੁਰਨ ਤਯਾਰੀ॥੩੦॥ ਜਲਮੁਚ ਆਨ ਲੀਪਕਰਿ ਥਾਈਂ। ਪੁਨ ਸਮਧਾ[15] ਲੇ ਅਗਨਿ ਜਰਾਈ। ਕਾਰਜ ਕਿਸਕੋ ਉਠਿਕਰਿ ਗਈ। ਬਾਰਿਕ ਤਹਾਂ ਬਿਠਾਵਤ ਭਈ॥੩੧॥ ਪੀਛੇ ਤੇ ਸੋ ਸਿਸ ਗਿਰ ਪਰਾ। ਅਗਨਿ ਬਿਖੈ ਸਾਰੋ ਤਨ ਜਰਾ। ਆਨਿ

[1]ਹਜ਼ਾਰ (ਰੁਪੱਯੇ)। [2]ਮੋਹ ਜੋ ਮਨ ਵਿਚ ਬੈਠਾ ਸੀ।(ਅ)ਮੋਹ ਤੇ ਕਾਮ। [3]ਪ੍ਰੇਮ। [4]ਪਾਪ। [5]ਕਰਨੀ ਮਨ ਤੇ ਬਾਣੀ ਤੋਂ। [6]ਫਸਿਆ ਹੋਇਆ ਸੀ। [7]ਗ਼ਰੀਬੀ ਵਿਚ। [8]ਭੁਖ ਸਹਤ। [9]ਥੋੜੀ ਜਿਹੀ। [10]ਲਿਆਕੇ। [11]ਫਿਰ। [12]ਭੋਜਨ(ਵਾਸਤੇ)ਕੁਛ ਨਹੀਂ ਸੀ। [13]ਵਾਲ। [14]ਰਸੀ। [15]ਬਾਲਣ।

*ਇਹ ਸਾਖੀ ਬਾ: ਵਾ: ਸਾਖੀ ਵਿਚੋਂ ਹੈ, ਓਥੇ ਲਿਖਿਆ ਹੈ—ਇਸ ਸਿਖ ਨੇ ਅਜੇ ਪਾਹੁਲ ਨਹੀਂ ਸੀ ਲਈ। ਪੁਰਾਤਨ ਜਨਮਸਾਖੀ, ਮਹਿਮਾ ਪ੍ਰਕਾਸ਼ ਵਿਚ ਇਹ ਸਾਖੀ ਨਹੀਂ ਹੈ। ਜਾਪਦਾ ਹੈ ਕਿ ਵਿਗਾੜਨ ਵਾਲੇ ਸਾਖੀਕਾਰ ਦੀਆਂ ਸਾਖੀਆਂ ਵਿਚੋਂ ਹੈ, ਇਸ ਸਾਖੀ ਦਾ ਆਧਾਰ ਇਕ ਸ਼ਬਦ ਤੇ ਰਖਿਆ ਹੈ, ਜੋ ਅੱਗੇ ਹੈ।

Sri Satguru Jagjit Singh Ji eLibrary NamdhariElibrary@gmail.com

ਅੰਗਨਾ ਪਿਖ੍ਯੋ ਕੁਸੂਤਾ। ਜਰਿਕੈ ਪਰ੍ਯੋ ਮ੍ਰਿਤਕ ਹ੍ਵੈ ਪੂਤਾ ॥੩੨॥ ਤੂਸ਼ਨਿ ਰਹੀ ਰਿਦੈ ਅਸ ਜਾਨਾ।–ਸੁਨੈ ਨ ਸੰਤ ਬ੍ਰਾਤ ਇਹ ਕਾਨਾ। ਜਾਇ ਖੁਧਿਤ[1] ਸੋ ਬਿਨਾ ਅਹਾਰਾ। ਦੋਸ਼ ਲਗਹਿ ਹਮਰੇ ਸਿਰ ਭਾਰਾ–॥੩੩॥ ਸੁਤ ਕੋ ਬਸਤ੍ਰ ਲਪੇਟ ਬਨਾਇ। ਘਰ ਅੰਦਰ ਆਣੀ ਪੌਢਾਇ[2]। ਨਿਜ ਪਤਿ ਪਾਸ ਨ ਬਾਤ ਬਖਾਨੀ। ਭੋਜਨ ਕੀਨੋ ਪਰਮ ਸਿਆਨੀ ॥ ੩੪ ॥ ਸ੍ਰੀ ਨਾਨਕ ਕੋ ਬਹੁਰ ਬੁਲਾਇ। ਬੈਠਾਰੇ ਜੁ ਹੁਤੀ ਸੁਚਿ[3] ਥਾਇ। ਜਬਿ ਹੀ ਧਰਾ ਅਹਾਰ ਅਗਾਰੀ। ਤਬਿਹੀ ਸ੍ਰੀ ਗੁਰ ਗਿਰਾ ਉਚਾਰੀ ॥ ੩੫ ॥ 'ਸੁੰਦਰ ਬਾਰਿਕ ਹੁਤੋ ਤੁਮਾਰੋ। ਅਬ ਨਹਿ ਪਿਖਿਯਤਿ ਸਦਨ ਮਝਾਰੋ'। ਕਹੈ ਤੀਯ 'ਸੋਯੋ ਘਰ ਮਾਂਹੀ। ਖਿਲਿਤਿ ਅਲਸ[4] ਭਾ ਜਾਗਤਿ ਨਾਂਹੀ' ॥੩੬॥ 'ਸੁਨਿ ਸੁਮਤੇ[5] ਸ਼ਿਸ਼ੁ ਲੇਹੁ ਜਗਾਈ। ਆਨਹਿ ਨਿਕਟ ਤ ਭੋਜਨ ਖਾਈ'। ਤਬਿ ਨਾਰੀ ਤੂਸ਼ਨਿ ਹ੍ਵੈ ਰਹੀ। ਤਿਹ ਪ੍ਰਤਿ ਬਹੁਰੋ ਸਤਿਗੁਰ ਕਹੀ ॥ ੩੭ ॥ 'ਬਾਰਿਕ ਨਾਮ ਕਹੋ ਕਯਾ ਰਾਖਾ?'। 'ਲਾਲਾ ਅਹੈ' ਸਿੱਖ ਨੈ ਭਾਖਾ। ਸੁਨਿਕੈ[6] ਸ੍ਰੀ ਪ੍ਰਭੁ ਤਿਸਹਿ ਹਕਾਰਾ[7]। 'ਆਵਹੁ ਲਾਲਾ ! ਕਰਹੁ ਅਹਾਰਾ' ॥ ੩੮ ॥ ਜੀਵ੍ਯੋ ਸਿਸ ਸੋ ਗੁਰੂ ਅਲਾਵਾ[8]। ਪਗ ਸੋਂ ਚਲਤਿ ਸਮੀਪ ਸੁ ਆਵਾ। ਨਿਜ ਕਰ ਸੋਂ ਗੁਰ ਦੀਨ ਅਹਾਰਾ। ਖਾਤ, ਮਾਤ[9] ਭਾ ਹਰਖ ਅਪਾਰਾ ॥੩੯॥ ਨਿਜਪਤਿ ਸੋਂ ਸੁਨਾਇ ਤਿਹ ਕਾਲਾ। ਹਿਰਦੇ ਸ਼ਰਧਾ ਬਧੀ ਬਿਸਾਲਾ। ਦੰਪਤਿ ਮਿਲਿ ਤਬਿ ਬੰਦਨ ਕੀਨੋ।-ਮਹਾਂ ਪੁਰਖੁ ਪੂਰਨ-ਮਨ ਚੀਨੋ ॥੪੦॥ ਅਗਲੇ ਦਿਵਸ ਅੰਨ ਘਰ ਨਾਂਹੀ। ਭੀ ਚਿੰਤਾ ਅਤਿਸ਼ੈ ਮਨ ਮਾਂਹੀ। ਸੋ ਸਿਸ ਬੇਚਨ ਚਲੇ ਬਜ਼ਾਰੇ। ਬੂਝ੍ਯੋ ਪ੍ਰਭੁ ਸੋ ਜਾਤਿ ਨਿਹਾਰੇ॥੪੧॥ 'ਕਹਾਂ ਚਲੇ ਬਾਰਿਕ ਸੰਗ ਲੀਨਾ? ਕੋ ਕਾਰਜ ਹੈ ਏਸ ਅਧੀਨਾ?'। ਸਿੱਖ ਭਨ੍ਯੋ 'ਤੁਮ ਅੰਤਰਜਾਮੀ। ਹਮ ਕੋ ਕਯਾ ਬੂਝਤਿ ਹੋ ਸ੍ਵਾਮੀ!' ॥੪੨॥ ਸੋ ਬਾਰਿਕ ਪ੍ਰਭੁ ਨਿਕਟਿ ਹਕਾਰਾ। ਬਾਂਹਿ ਪਕਰਿ ਕੈ ਬਚਨ ਉਚਾਰਾ। 'ਮਾਤ ਪਿਤਾ ਲੇ ਅਬਿ ਤੁਝ ਜਾਂਹੀ। ਬੇਚਹਿੰਗੇ ਬਜਾਰ ਕੇ ਮਾਂਹੀ॥੪੩॥ ਨਿਜ ਖ਼ਾਵੰਦ ਕੀ ਸੇਵਾ ਕਰਿ ਹੈਂ। ਚੱਕੀ ਪੀਸੈਂ ਪਾਨੀ ਭਰਿਹੈਂ। ਬਿੰਜਨ[10] ਫੇਰਹਿੰ ਕਰ ਪਗਚਾਂਪੀ[11]। ਆਇਸੁ ਮੋਰਹਿੰ ਨਹੀਂ

[1]ਭੁੱਖੇ। [2]ਲੰਮਿਆ ਪਾਇ ਆਈ। [3]ਪਵਿੱਤ੍ਰ। [4]ਖੇਡਦਾ ਹੋਇਆ ਆਲਸ ਵਿਚ ਆ ਗਿਆ ਹੈ ਭਾਵ ਸੌਂ ਗਿਆ ਹੈ। [5]ਸੁਣ ਹੇ ਸ੍ਰੇਸ਼ਟ ਬੁਧੀ ਵਾਲੀ। [6](ਨਾਮ ਬੱਚੇ ਦਾ) ਸੁਣਕੇ। [7](ਬੱਚੇ ਨੂੰ) ਬੁਲਾਇਆ। [8](ਜਦੋਂ) ਗੁਰੂ ਜੀ ਬੁਲਾਇਆ (ਤਦੋਂ) ਓਹ ਬਾਲਕ ਜੀਉ ਪਿਆ। [9](ਭੋਜਨ) ਖਾਂਦਾ (ਵੇਖ ਕੇ) ਮਾਂ ਨੂੰ। [10]ਪੱਖਾ। [11]ਮੁੱਠੀ ਭਰਨੀ।

Sri Satguru Jagjit Singh Ji eLibrary NamdhariElibrary@gmail.com

ਕਦਾਪੀ[1]' ॥੪੪॥ ਹਾਥ ਬੰਦਿ ਸਿਸ ਗਿਰਾ ਉਚਾਰੀ'ਰਹੌਂ ਖਸਮ ਆਇਸੁ ਅਨੁਸਾਰੀ'।ਤਿਹ ਛਿਨ ਸੁਨਿਕੈ ਕ੍ਰਿਪਾ ਨਿਧਾਨਾ।ਸ੍ਰੀ ਮੁਖ ਤੇ ਇਕ ਸ਼ਬਦ ਬਖਾਨਾ ॥ ੪੫ ॥

ਮਾਰੂ ਮਹਲਾ ੧ ॥

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥ ਗੁਰਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥ ੧ ॥ ਤੇਰੇ ਲਾਲੇ ਕਿਆ ਚਤੁ-ਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ ੧ ॥ ਰਹਾਉ ॥ ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥ ੨ ॥ ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥ ੩ ॥ ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥ ਆਦਿ ਜੁਗਾਦਿ ਦਇਆ ਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥ ੪ ॥ ੬ ॥

ਚੌਪਈ॥ ਅਸ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਦੇਖੀ। ਭਵ ਅਪਦਾ ਸਭਿ ਹਰੀ[2] ਬਿਸ਼ੇਖੀ। ਅਪਨੇ ਅੰਗ ਸੰਗ ਤਿਹ ਲਾਇ। ਨਉ ਨਿਧਿ ਦਈ ਸਦਨ ਮਹਿ ਪਾਇ॥੪੬॥ਚਤੁਰ ਪਦਾਰਥ ਛਿਨ ਮਹਿਂ ਦੀਨੇ। ਜੀਵਨ ਮੁਕਤਿ ਸੁ ਤੈਨੇ ਕੀਨੋ।ਇਸ ਪ੍ਰਕਾਰ ਕਰਿ ਤਿਨਹਿਂ ਨਿਹਾਲਾ।ਬਹੁਰੋ ਗਮਨੋ ਪ੍ਰਭੁ ਕ੍ਰਿਪਾਲਾ ॥੪੭॥ ਅਪਰ ਗ੍ਰਾਮ ਮਹਿਂ ਬੈਠੇ ਜਾਈ। ਹੁਤੋ ਸਿੱਖ ਇਕ ਤਹਾਂ ਬਸਾਈ। ਜਾਇ ਜੁ ਸੰਤ ਤਾਂਹਿ ਘਰਿ ਕੋਈ।ਹਿਤ ਧਰਿ ਸੇਵਾ ਕਰਿ ਹੈ ਸੋਈ ॥ ੪੮॥ ਪੁਨ ਸੋ ਕਰਿ ਹੈ ਪ੍ਰਸ਼ਨ ਬਨਾਈ। 'ਸਾਧ ਮਿਲੇ ਫਲ ਦੇਹੁ ਬਤਾਈ'। ਤਿਸ ਕੀ ਮਨਸ਼ਾ ਪੂਰਨ ਕਾਜਾ। ਗਮਨੇ ਸਦਨ ਗਰੀਬ ਨਿਵਾਜਾ॥੪੯॥ ਸਾਦਰ ਬੰਦੇ ਪਦ ਅਰਬਿੰਦਾ। ਬੈਠਾਰੇ ਕਰਿ ਰਿਦੇ ਅਨੰਦਾ।ਅਧਿਕ ਭਾਉ ਸੋਂ ਸੇਵਾ ਕੀਨੀ। ਪ੍ਰੇਮ ਭਗਤਿ ਮਹਿਂ ਮਤਿ ਜਿਹ ਭੀਨੀ ॥੫੦॥ ਪੁਨ ਬੂਝਨ ਲਾਗਯੋ ਤਿਸੁ ਭਾਇ[3]। 'ਸਾਧ ਮਿਲੇ ਫਲ ਦੇਹੁ ਬਤਾਇ। ਬਹੁਤਨ ਸੰਗ ਪ੍ਰਸ਼ਨ ਮੈਂ ਕੀਨੇ। ਮੋਕੋ ਕਿਨਹੁੰ ਨ ਉੱਤਰ ਦੀਨੇ ॥ ੫੧ ॥ ਦੋਹਰਾ ॥ ਕਹੈਂ ਬਨਾਇ ਅਨੇਕ ਬਿਧਿ ਮੇਰੀ ਨਿਸ਼ਾ[4] ਨ ਹੋਇ। ਪੂਰਨ ਸਤਿਗੁਰ ਆਪ ਹੋ ਉੱਤਰ ਦੀਜੈ ਸੋਇ[5]*' ॥ ੫੨ ॥ ਚੌਪਈ॥ ਕਰੁਨਾ ਨਿਧਿ ਇਉਂ ਬਚਨਿ ਉਚਾਰਾ। 'ਜਾਵਹੁ ਬਡੀ ਉਜਾਰ ਮਝਾਰਾ। ਤਹਾਂ ਤਰੋਵਰ ਏਕ ਸੁਹਾਇ। ਵਾਹਿਗੁਰੂ ਕਹਿ ਬੈਠਹੁ ਜਾਇ ॥ ੫੩ ॥ ਤਿਹਿ ਤੇ ਨਿਸ਼ਾ ਹੋਇ ਹੈ ਤੇਰੀ'। ਸੁਨਿਕੈ ਗਯੋ ਉਜਾਰ ਸੁ ਹੇਰੀ। ਪਾਯੋ ਬਿਰਖ ਬਤਾਯੋ ਜਹਿਂਵਾ। 'ਵਾਹਿਗੁਰੂ' ਕਹਿ

[1]ਕਦੇ ਬੀ। [2]ਸੰਸਾਰ ਦੇ ਸੰਕਟ ਸਭ ਨਾਸ਼ ਕਰ ਦਿਤੇ। [3]ਤਿਸ ਤਰ੍ਹਾਂ, ਉਸੇ ਤਰ੍ਹਾਂ। [4]ਤਸੱਲੀ। [5]ਸੋਦਾ ਭਾਵ ਹੈ—ਪੂਰਾ ਉੱਤਰ, ਜਿਹੇ ਤੁਸੀਂ ਪੂਰਨ ਹੋ ਉਜੇਹਾ ਪੂਰਾ ਉੱਤਰ ਦਿਓ। *ਪਾ:—ਕੋਇ।

Sri Satguru Jagjit Singh Ji eLibrary NamdhariElibrary@gmail.com

ਬੈਠਯੋ ਤਹਿੰਵਾ॥੫੪॥ਤਰੁ ਪਰ[1] ਦੇਖੇ ਬਾਇਸ[2] ਦੋਊ।ਦਰਸ਼ਨ ਕਰਿ ਇਸੁ ਤੇ ਬਕ[3] ਸੋਊ। ਕਿਤਿਕ ਬੇਰਿ ਬੈਠਯੋ ਹਟਿ[4] ਆਯੋ।ਸ੍ਰੀ ਗੁਰ ਸੋਂ ਅਸ ਬੈਨ ਅਲਾਯੋ ॥ ੫੫॥ 'ਜਹਿਂ ਤੁਮ ਭੇਜਯੋ ਤਹਾਂ ਸਿਧਾਯੋ। ਕੋਇ ਨ ਮਿਲਯੋ ਨ ਉੱਤਰ ਪਾਯੋ'। ਪ੍ਰਭੁ ਭਾਖਯੋ 'ਪਰਭਾਤ ਬਹੋਰੀ। ਉੱਤਰ ਲੇਹੁ ਜਾਇ ਤਿਸ ਠੋਰੀ'॥੫੬॥ਆਇਸੁ ਪਾਇ ਗਯੋ ਤਿਹ ਕਾਲਾ। ਬਕ[5] ਦਰਸ਼ਨ ਕਰਿ ਭਏ ਮਰਾਲਾ[6]।ਦੇਖਿ ਤਹਾਂ ਹਟਿ ਕਰਿ ਪੁਨ ਆਵਾ।ਬੈਠਿ ਸਮੀਪ ਬ੍ਰਿਤੰਤ ਸੁਨਾਵਾ ॥੫੭ ॥ 'ਪੂਰਬ ਦਿਨ ਬਾਇਸ ਬਕ ਹੋਏ। ਆਜ ਮਰਾਲ ਪਿਖੇ ਮੈਂ ਦੋਏ। ਕਿਨ ਉੱਤਰ ਦੇ ਨਿਸ਼ਾ ਨ ਕੀਨੀ। ਸੰਸੇ ਮਹਿਂ ਮਮ ਮਤਿ ਰਹਿ ਭੀਨੀ'[7] ॥੫੮॥ ਸੁਨਿ ਕਰਿ ਸ੍ਰੀ ਗੁਰ ਗਿਰਾ ਅਲਾਈ। 'ਪੁਨ ਇਸ ਬਾਰ ਜਾਹੁ ਤਿਹ ਥਾਈਂ। ਉੱਤਰ ਪਾਇ, ਜਾਇ ਤਵ ਸੰਸਾ। ਜਹਾਂ ਬਿਰਾਜਤਿ ਹੈਂ ਸੋ ਹੰਸਾ' ॥੫੯॥ ਗਮਨਯੋ ਉਠਿ ਪਰਭਾਤ ਬਹੋਰੀ। ਹੰਸਨ ਦੇਖਯੋ ਜਬਿ ਇਸ ਓਰੀ। ਸੋ ਮਾਨੁਖ ਤਨ ਤੂਰਨ ਹੋਏ। ਬੈਠੇ ਤਰੁਵਰ ਕੇ ਤਰ ਦੋਏ ॥ ੬੦॥ ਜਾਇ ਨਿਕਟਿ ਕਹਿ'ਪੈਰੀ ਪਾਨਾ[8]'।ਬੈਠਯੋ ਤਿਹਂ ਸੋਂ ਬਚਨ ਬਖਾਨਾ।'ਸਾਧ ਮਿਲੇ ਕੋ ਫਲ ਕਯਾ ਹੋਈ ?। ਮੋਹਿ ਬਤਾਇ ਦੀਜੀਐ ਸੋਈ'॥੬੧॥ਸੁਨਤਿ ਸ੍ਰੋਨ ਤਿਨ ਬਚਨ ਉਚਾਰੇ। 'ਅਬ ਲੌ ਮਨ ਨਹਿਂ ਨਿਸ਼ਾ ਤੁਮਾਰੇ।ਪੂਰਬ ਬਾਇਸ ਦੇਹ ਹਮਾਰਾ। ਬਕ ਹੋਏ ਤਵ ਦਰਸ ਨਿਹਾਰਾ ॥੬੨॥ ਤੁਮ ਕਰੁਨਾ ਪੁਨ ਭਏ ਮਰਾਲਾ[9]। ਦੇਇ ਦਰਸ ਤੁਮ ਕਰੇ ਨਿਹਾਲਾ। ਪੁਨ ਆਯੋ ਹੋਏ ਨਰੁ ਨਾਰੀ[10]। ਸਾਧ ਮਿਲੇ ਫਲ ਲੇਹੁ ਬਿਚਾਰੀ[11] ॥੬੩॥ਧੰਨ ਧੰਨ ਹੈ ਸਤਿਗੁਰ ਤੇਰੇ। ਹੋਇਂ ਪਤਿਤਪਾਵਨ ਜਿਨ ਹੇਰੇ[12]।ਤਿਨ ਕੇ ਦਰਸ਼ਨ ਹਮਹਿ ਕਰਾਵਹੁ। ਮਹਾਂ ਮੋਹ ਕੋ ਭਰਮ ਮਿਟਾਵਹੁ' ॥ ੬੪॥ ਦੋਹਰਾ ॥ ਹਰਖਤਿ ਹ੍ਵੈ ਤਿਨ ਸੰਗਿ ਲੇ ਚਲਿਆਇ ਗੁਰ ਪਾਸ।ਹੁਇ ਅਧੀਨ ਬੰਦਨ ਕਰੈਂ ਕਟੀ ਮੋਹ ਕੀ ਫਾਸ॥੬੫॥ ਚੌਪਈ॥ ਸ੍ਰੀ ਗੁਰ ਭਨਯੋ 'ਨਿਸ਼ਾ ਤਵ ਹੋਈ ?'। ਕੀਨ ਬਿਨੈ ਬੰਦੇਕਰ ਦੋਈ।'ਕਰਤਾ ਪੁਰਖ ਮਿਲੇ ਜਬਿ ਆਇ।ਕਿਉਂ ਨ ਨਿਸ਼ਾ ਹੋਵਹਿ ਮਨਭਾਇ[13]'॥੬੬॥ਸੁਨਿ ਕੈ ਪ੍ਰਭੁ ਕ੍ਰਿਪਾਲ ਤਿਹ ਕਾਲਾ।ਬੋਲੇ ਬਚਨ ਪ੍ਰਸੀਦ

[1]ਬ੍ਰਿਛ ਉੱਪਰ। [2]ਕਾਂ। [3]ਬਗਲੇ ਹੋ ਗਏ। [4]ਮੁੜ। [5]ਬਗਲੇ। [6]ਹੰਸ ਹੋ ਗਏ। [7]ਭਾਵ ਸੰਸਾ ਦੂਰ ਨਹੀਂ ਹੋਇਆ। [8]ਪੈਰੀ ਪੈਣਾਂ। [9]ਹੰਸ। [10]ਫੇਰ ਤੂੰ ਆਇਆ ਹੈਂ ਤਾਂ ਹੋਏ ਹਾਂ ਮਰਦ ਤ੍ਰੀਮਤ। [11](ਇਹ) ਸਾਧ ਮਿਲੇ ਦਾ ਹੀ ਫਲ ਹੈ ਵਿਚਾਰ ਲਓ। [12]ਹੁੰਦੇ ਹਨ ਪਾਪੀ ਪਵਿੱਤਰ ਜਿਨ੍ਹਾਂ ਨੂੰ ਤੱਕਿਆ ਹੈ। [13]ਮਨ ਇੱਛਤ।

Sri Satguru Jagjit Singh Ji eLibrary NamdhariElibrary@gmail.com

ਬਿਸਾਲਾ। 'ਜਨਮ ਮਰਨ ਕੇ ਬੰਧਨ ਤੇਰੇ। ਸੰਤ ਸੇਵ ਨਾਸ਼ੇ ਇਕ ਬੇਰੇ ॥੬੭॥ ਪਰਾਲਬਧ ਸੋਂ ਭੋਗਨ ਭੋਗ॥ ਬਹੁਰੋ ਪ੍ਰਾਪਤਿ ਹ੍ਵੈ ਹਰਿ ਲੋਗ'। ਅਸ ਬਰ ਦੇ ਕਰਿ ਕੀਨ ਪਯਾਨਾ। ਕਲੁਖ[1] ਮਿਟਹਿਂ ਜਿਹ ਕਰਤਿ ਧਿਆਨਾ ॥੬੮॥ ਸ੍ਰੀ ਕਰਤਾਰਪੁਰੇ ਪੁਨ ਆਏ। ਮਿਲਿ ਕੈ ਸਭਿ ਸੇਵਕ ਹਰਖਾਏ। ਰਹੇ ਤਹਾਂ ਪੁਨ ਗਮਨੇ ਨਾਂਹੀ॥ ਕਰਹਿਂ ਦਰਸੁ ਨਰੁ ਕਲੁਖ ਨਸਾਹੀਂ॥੬੯॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰ੍ਧੇ 'ਸਿੱਖਨ ਭਾਉ ਦੇਖਨ' ਪ੍ਰਸੰਗ ਬਰਨਨੰ ਨਾਮ ਚੁਤਾਲੀਸਮੋਂ ਅਧਯਾਯ ॥ ੪੪ ॥

੪੫. [ਗੁਰਬਾਣੀ ਮਹਾਤਮ। ਸੇਦੋ ਘੇਉ, ਸਿੱਖੀ, ਅਤੀਤਤਾਈ, ਗ੍ਰਹਸਤ ਧਰਮ]

ਦੋਹਰਾ ॥ ਨਮਹਿਂ ਨਮਹਿਂ ਪੁਨਿ ਪੁਨਿ ਨਮਹਿਂ ਸਤਿਗੁਰ ਬਚਨ ਅਨੂਪ।
ਜਿਨਕੇ ਸੁਨਿਤਨੇ ਤਜਿ ਕਸ਼ਟ ਜਾਨਹਿ ਸਹਿਜ ਸਰੂਪ ॥ ੧ ॥

{ਨਮਹਿ=ਨਮਸਕਾਰ ਹੈ ॥}

ਅਰਥ—ਸ੍ਰੀ ਸਤਿਗੁਰੂ ਜੀ ਦੇ ਅਨੂਪਮ ਬਚਨਾਂ ਨੂੰ ਮੇਰੀ ਨਮਸਕਾਰ ਹੋਵੇ, ਨਮਸਕਾਰ ਹੋਵੇ, ਫਿਰ ਫਿਰ ਨਮਸਕਾਰ ਹੋਵੇ ਕਿ ਜਿਨ੍ਹਾਂ ਦੇ ਸੁਣਦਿਆਂ ਸਾਰੇ ਕਸ਼ਟ ਛੁਟ ਜਾਂਦੇ ਹਨ ਤੇ ਸਹਿਜ ਸਰੂਪ ਜਾਣਿਆਂ ਜਾਂਦਾ ਹੈ।

ਸ੍ਰੀ ਬਾਲਾ ਸੰਧੁਰੁ ਵਾਚ ॥ ਚੌਪਈ ॥ ਸ੍ਰੀ ਅੰਗਦ ! ਸੁਨਿ ਕਥਾ ਅਗਾਰੀ। ਜੋ ਸਭਿ ਸ਼੍ਰੋਤਨ ਕੋ ਸੁਖਕਾਰੀ। ਪੁਰਿ ਕਰਤਾਰ ਵਿਖੇ ਤਬ ਆਏ। ਬਹੁਰ ਨ ਕਿਤ ਦਿਸ਼ ਵਹਿਰ ਸਿਧਾਏ॥੨॥ ਸਵਾਜਾਮ ਨਿਸ ਰਹੇ ਸਦਾਈ। ਜਾਗਹਿਂ ਬਹੁਰ ਵਹਿਰ ਕੋ ਜਾਈਂ। ਐਰਾਵਤੀ[2] ਬਿਖੇ ਇਸ਼ਨਾਨਾ। ਕਰਿ ਬੈਠਹਿਂ ਤਟ[3] ਲਾਇ ਧਿਆਨਾ॥੩॥ ਚਤੁਰ ਘਟੀ ਨਿਸ ਤੇ ਪੁਨ ਆਈ। ਬੈਠਹਿਂ ਧਰਮ-ਸਾਲ ਸੁਖਦਾਈ। ਹੋਤਿ ਕੀਰਤਨ ਸ੍ਰੀ ਸਤਿਨਾਮੂ। ਸੁਨਤਿ ਪ੍ਰੇਮ ਉਪਜੈ ਅਭਿਰਾਮੂ ॥ ੪ ॥ ਸੇਦੋ ਘਿਉ ਇਕ ਸੰਗਤਿ ਮਾਂਹੀ। ਦ੍ਰਿਢ ਸ਼ਰਧਾ ਜਿਹਕੇ ਉਰ ਮਾਂਹੀ। ਪਿਖਿ ਬ੍ਰਿਤੰਤ ਗੁਰਕੋ ਸੋ ਭਰਮਾ। ਲਖਿ ਨਹਿਂ ਸਕਯੋ ਗੂਢ ਜੋ ਮਰਮਾ[4] ॥੫॥ ਇਸ ਬਿਧਿ ਜਾਨੀ ਤਿਨ ਮਨ ਮਾਂਹੀ।—ਨਿਸ ਮਹਿਂ ਸ੍ਰੀ ਗੁਰ ਸਰਿਤਾ[5] ਜਾਂਹੀ॥ ਤਹਾਂ ਬੈਠਿ ਜਲਪਤਿ[6] ਕੋ ਸੇਵਹਿਂ॥ਮਨ ਬਾਂਛਤ ਜਾਚਹਿਂ[7] ਸੋ ਲੇਵਹਿਂ ॥ ੬ ॥ ਕਰੀ ਬਰੁਨ[8] ਕੀ ਸੇਵ ਘਨੇਰੀ। ਯਾਂਤੇ ਅਜ਼ਮਤ ਬਧੀ ਬਧੇਰੀ। ਕਲਾ ਬਿਸ਼ਾਲ ਤਾਂਹਿ ਤੇ ਪਾਈ। ਸਭਿ ਜਗ ਕੀ ਲੀਨੀ ਗੁਰਿਆਈ॥੭॥ਮੈਂ ਅਬਿ ਸੇਵ ਕਰੋਂ ਬਹੁ ਤਾਂਹੀ[9]। ਪ੍ਰਾਪਤਿ ਹੋਇ[10] ਕਲਾ

[1]ਪਾਪ। [2]ਰਾਵੀ। [3]ਕੰਢੇ। [4]ਗੁੱਝੇ ਭੇਦ ਨੂੰ। [5]ਨਦੀ ਤੇ। [6]ਵਰਣ ਦੇਵਤਾ। [7]ਜੋ ਮੰਗਦੇ ਹਨ। [8]ਵਰਣ ਦੇਵਤਾ। [9]ਉਸ (ਵਰਣ) ਦੀ। [10](ਤਾਂ ਜੋ) ਪ੍ਰਾਪਤ ਹੋਵੇ।

Sri Satguru Jagjit Singh Ji eLibrary NamdhariElibrary@gmail.com

ਮੁਝ ਮਾਂਹੀ–। ਇਸ ਪ੍ਰਕਾਰ ਉਰ ਮੈਂ ਠਹਿਰਾਈ। ਬੀਤੀ ਨਿਸ ਜਬ ਪਹਿਰ ਅਢਾਈ॥੮॥ ਤਬਿ ਸੋ ਗਮਨਯੋ ਸਰਿਤਾ ਤੀਰੇ। ਮਿਲਯੋ ਪੰਥ[1] ਇਕ ਮਨੁਖ ਸਰੀਰੈ। ਤਿਸਕੇ ਹਾਥ ਬਿਖੈ ਇਕ ਮੀਨਾ। ਦੇਖਤਿ ਸੈਦੋ ਬੂਝਨ ਕੀਨਾ ॥ ੯ ॥ 'ਕੌਨ ਅਹੈਂ, ਤੂੰ ਕਿਤਕੋ ਜਾਹੀਂ ?। ਨਿਸ ਮਹਿਂ, ਤਸਕਰ[2] ਕੈ ਸਿਖ ਆਹੀ[3]?'। ਸੁਨਿਕੈ ਉੱਤਰ ਦੀਨੋ ਤਾਂਹੀ। 'ਮੁਝਕੋ ਤਸਕਰ ਲਖਿਯੇ ਨਾਂਹੀ ॥ ੧੦ ॥ ਸਗਰੀ ਸਰਿਤਾ ਕੋ ਪਤਿ ਜਾਨਹੁ। ਨਾਮ ਬਰੁਨ ਮੋਰੋ ਪਹਿਚਾਨਹੁ। ਸ੍ਰੀ ਗੁਰ ਕੋ ਹਉਂ ਪੂਜਨ ਜਾਵਊਂ। ਦਰਸ਼ਨ ਨਿਤਾਪ੍ਰੱਤਿ ਕਰਿ ਆਵਊਂ' ॥੧੧॥ ਸੁਨਿ ਕੈ ਸੈਦੋ ਗਿਰਾ ਉਚਾਰੀ। 'ਮੈਂ ਤੋ ਉਰ ਕਛੁ ਅਉਰ ਬਿਚਾਰੀ। ਸ੍ਰੀ ਗੁਰ ਸੇਵਾ ਕਰਹਿਂ ਤੁਮਾਰੀ। ਯਾਂਤੇ ਅਜ਼ਮਤ ਭੀ ਤਿਨ ਭਾਰੀ ॥੧੨॥ ਰਿੱਧਿ ਸਿੱਧਿ ਤੁਮ ਤੇ ਸਭਿਪਾਈ। ਇਸ ਬਿਧਿ ਕੀ ਗਤਿ ਚਿਤ ਠਹਿਰਾਈ। ਚਲਯੋ ਹੁਤੋ ਤਵ ਸੇਵਾ ਕਾਰਨ। ਮਿਲਿ ਕੈ ਤੁਮ ਸਭਿ ਕੀਨ ਉਚਾਰਨ ॥੧੩ ॥ ਤੁਮ ਜੋ ਤਿਨ ਕੋ ਪੂਜਨ ਜਾਵਉ। ਹੌਂ ਨਿਜ ਮਨ ਕੋ ਕਿਉਂ ਭਰਮਾਵਉ'। ਸੁਨਿਕੈ ਬਰੁਨ ਭਨੀ ਪੁਨ ਬਾਨੀ[4]। 'ਸ੍ਰੀ ਨਾਨਕ ਲਖਿ ਗਨ ਗੁਨਖਾਨੀ ॥੧੪॥ ਨਰਨ ਉਧਾਰਨ ਹਿਤ ਅਵਤਾਰਾ। ਧਰਯੋ ਦੇਹਿ ਨਿਜ ਸ੍ਰੀ ਕਰਤਾਰਾ। ਦ੍ਰਿਢ ਸ਼ਰਧਾ ਧਰਿ ਭਰਮਹੁ ਨਾਂਹੀ। ਚਰਨ ਕਮਲ ਸੇਵਹੁ ਤੁਮ ਤਾਂਹੀ' ॥੧੫॥ ਸੁਨਿ ਕਰਿ ਸੈਦੋ ਪਿਉ ਤਿਹਕਾਲਾ। ਆਯੋ ਜਹਿਂ ਬੈਠਯੋ ਪ੍ਰਭੁ ਦਯਾਲਾ। ਅਭਿਬੰਦਨ ਕਰਿ ਬੈਠਿ ਸਮੀਪਾ। ਪਿਖਿ ਬੋਲੇ ਬੇਦੀ ਕੁਲਦੀਪਾ ॥੧੬॥ 'ਤੂੰ ਕਿਉਂ ਆਯੋ ਨਿਸਾ ਮਝਾਰੀ। ਆਵਤਿ ਹੁਤੋ ਹੋਤਿ ਭੁਨਸਾਰੀ[5]'। ਨਿਜ ਬ੍ਰਿਤਾਂਤ ਤਿਨ ਸਰਬ ਬਖਾਨਾ। 'ਪ੍ਰਭੁ ਜੀ ਤੁਮਰੋ ਭੇਦ ਨ ਜਾਨਾ ॥੧੭॥ ਯਾਂਤੇ ਮੈ ਭਰਮਯੋ ਮਤਿ ਮੂਢਾ। ਅਬਿ ਮੈਂ ਲਖਯੋ ਪ੍ਰਤਾਪ ਜੁ ਗੂਢਾ'। ਸਭਿ ਬਿਧਿ ਸੁਨਿਕੈਂ ਸ੍ਰੀ ਗੁਨਖਾਨੀ। ਉਚਰਯੋ ਸ਼ਬਦ ਮ੍ਰਿਦੁਲ ਮੁਖ ਬਾਨੀ ॥ ੧੮ ॥

ਸ੍ਰੀ ਮੁਖ ਵਾਕ ॥

ਸਲੋਕ ਮ: ੨ ॥

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀ ਚੜੈ

[1]ਰਾਹ ਵਿਚ। [2]ਚੋਰ। [3]ਹੈਂ। [4]ਵਰਨ ਨੇ ਕਿਹਾ। [5](ਅਗੇ) ਸਵੇਰੇ ਆਉਂਦਾ ਹੁੰਦਾ ਸੈਂ।

Sri Satguru Jagjit Singh Ji eLibrary NamdhariElibrary@gmail.com

ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥ ੧ ॥*

ਚੌਪਈ॥ ਸੁਨਿ ਬਾਨੀ ਕੋ ਸ਼ਰਧਾ ਹੋਈ। ਸੇਵਾ ਕਰਨ ਲਗਾ ਪੁਨ ਸੋਈ।ਗੁਰ ਕੇ ਸ਼ਬਦ ਲਿਖਹਿ ਬੀਚਾਰਹਿ। ਸੁਨਹਿ ਪ੍ਰੇਮ ਸੋਂ ਬਹੁਰ ਉਚਾਰਹਿ†॥੧੯॥ ਬੈਠਹਿਂ ਨਿਤ ਸ੍ਰੀ ਗੁਰ ਧ੍ਰਮਸਾਲਾ। ਹੋਤਿ ਕੀਰਤਨ ਪ੍ਰੇਮ ਬਿਸਾਲਾ। ਦੇਸ਼ ਦੇਸ਼ ਤੇ ਸੁਨਿ ਜਸ ਗੁਰ ਕੋ।ਮਾਨਵ ਅਏ ਪ੍ਰੇਮ ਕਰਿ ਉਰ ਕੋ ॥ ੨੦॥ ਆਇ ਸਕਾਮ¹, ਸੁ ਪੂਰਨ ਹੋਵਹਿਂ। ਜੋ ਨਿਸ਼ਕਾਮ² ਗਯਾਨ ਸੁਖ ਜੋਵਹਿਂ। ਭੀਰ ਭੂਰ ਨਿਤ ਪੁਰਿ ਕਰਤਾਰਾ। ਹੋਵਹਿ ਦੇਗ ਬਿਸ਼ਾਲ ਅਹਾਰਾ॥ ੨੧॥ ਬੈਠੇ ਹੁਤੇ ਏਕ ਨਰ ਆਯੋ। ਬੰਦਨ ਕਰਿਕੈ ਬੈਨ ਅਲਾਯੋ। 'ਸਿੱਖੀ ਕਿਧੌਂ ਫਕੀਰੀ ਕਰੌਂ ?। ਧਰਮ ਗ੍ਰਿਹਸਤ ਕੋ ਕੈ ਉਰ ਧਰੌਂ?॥੨੨॥ਜਿਉਂ ਰਾਵਰ ਕੀ ਹੋਇ ਰਜਾਇ। ਤਿਉਂ ਕਰਿ ਹੌਂ ਸ਼ੁਭ ਦੇਹੁ ਬਤਾਇ। ਸੁਨਨੋ ਆਪ ਕੋ ਜਸ ਮੈਂ ਭਾਰੀ। ਚਲਿ ਆਯੋ ਹਿਤ ਬੂਝਨ ਕਾਰੀ' ॥ ੨੩ ॥ ਦੋਹਰਾ ॥ ਬੋਲੇ ਕ੍ਰਿਪਾ ਨਿਧਾਨ ਤਬਿ 'ਪ੍ਰਿਥਮ ਕਰਹੁ ਅਸ ਕਾਜ। ਹਮਰੀ ਲੇ ਅਰਦਾਸ ਤੁਮ ਗਮਨਹੁ ਤੂਰਨ ਆਜ ॥ ੨੪ ॥ ਚੌਪਈ ॥ ਬਸੈ ਸਿੱਖ ਅਮਕੇ ਜੋ ਗ੍ਰਾਮੂ। ਬੂਝਿ ਨਾਮ ਜਾਵਹੁ ਤਿਹ ਧਾਮੂ।ਦੇਸੈ ਪ੍ਰਿਥਮ ਰੁਪੱਯੇ ਲੇਕਰਿ। ਪਾਛੈ ਭੋਜਨ ਅਚਿਯੋ ਤਿਹ ਘਰ ॥ ੨੫ ॥ ਬਹੁਰੋ ਜਬਿ ਤੂੰ ਹਟਿ ਕਰਿ ਆਵਹਿਂ। ਇਹ ਉੱਤਰ ਹਮ ਤਬਹਿਂ ਬਤਾਵਹਿਂ'।ਹੁਕਮ ਨਾਮ ਲੇਕਰਿ ਵਹੁ ਆਸੁ³‡। ਸ਼ੀਘਰ ਗਯੋ ਤਾਂਹਿ ਸਿਖ ਪਾਸੂ ॥ ੨੬ ॥ 'ਅਤਿਸ਼ੈ ਘਰ ਤੇ ਨਿਰਧਨ⁴

¹ਸਹਤ ਕਾਮਨਾ ਦੇ। ²ਕਾਮਨਾ ਰਹਤ। ³ਛੇਤੀ [ਸੰਸ:, ਆਸ਼ੁ]। ⁴ਗਰੀਬ। *ਇਹ ਸ਼ਬਦ ਦੂਸਰੇ ਪਾਤਸ਼ਾਹ ਜੀ ਦਾ ਹੈ ਏਥੇ ਪਹਿਲੀ ਪਾਤਸ਼ਾਹੀ ਜੀ ਦੇ ਮੁਖਾਰਬਿੰਦ ਤੋਂ ਆਉਣਾ ਅਸਲੀ ਨੁਸਖੇ ਦੀ ਯਾ ਕਿਸੇ ਉਤਾਰੇ ਵਾਲੇ ਦੀ ਭੁੱਲ ਪਈ ਹੈ।

†ਇਹ ਸਾਖੀ ਪੁਰਾਤਨ ਜਨਮ ਸਾਖੀ ਵਿਚ ਬੀ ਹੈ। ਓਥੇ ਸੈਦੋ ਜ਼ਾਤ ਦਾ ਘਿਹੋ ਇਕ ਨਹੀਂ ਲਿਖਿਆ, ਪਰ 'ਸੈਦੋ ਅਤੇ ਸੀਂਹੋ ਜਾਤਿ ਘੇਹੋ ਦੋਵੈਂ ਦਰੀਆਇ ਜਾਵਨਿ' ਲਿਖਿਆ ਹੈ। ਫੇਰ ਵਰੁਣ ਦੀ ਥਾਂ ਖੋਆਜਾ ਲਿਖਿਆ ਹੈ, ਓਥੇ ਖੁਆਜੇ ਨੇ ਆਖਿਆ ਹੈ:— 'ਮੈਂ ਖੋਆਜਾ ਹਾਂ, ਗੁਰੂ ਪਾਸਿ ਜਾਂਦਾ ਹਾਂ ਨਿਤਪ੍ਰਤਿ, ਇਤੁ ਸਮੈਂ ਜਾਂਦਾ ਹਾਂ ਸੇਵਾ ਕਰਣਿ। ਅਜੁ ਮਛਲੀ ਭੇਟਿ ਲੈ ਚਲਿਆ ਹਾਂ'। ਸੋ ਸਪਸ਼ਟ ਹੈ ਕਿ ਪੁਰਾਤਨ ਲਿਖਤ ਖੁਆਜੇ ਅਥਵਾ ਵਰੁਣ ਨੂੰ ਗੁਰੂ ਜੀ ਦਾ ਸੇਵਕ ਦੱਸਦੀ ਹੈ। ਸਿਖਾਂ ਨੂੰ ਖੁਆਜੇ ਯਾ ਵਰੁਣ ਦੀ ਪੂਜਾ ਕਰਨੀ ਵਿਹਤ ਨਹੀਂ ਹੈ।

‡ਪਾ:—ਅਰਦਾਸੂ।

Sri Satguru Jagjit Singh Ji eLibrary NamdhariElibrary@gmail.com

ਸੋਈ। ਕਬਿ ਕਬਿ ਭੋਜਨ ਪ੍ਰਾਪਤਿ ਹੋਈ। ਏਕ ਸਿੱਖਨ, ਤਿਯ ਦੁਤਿਯ ਭਲੇਰੀ। ਤੀਜੀ ਤਨੁਜਾ[1] ਹੈ ਤਿਨ ਕੇਰੀ॥੨੭॥ ਹੁਕਮ ਸੁ ਨਾਮਾ ਦਿਯ ਗੁਰ ਜਬਿਹੀ।ਅਧਿਕਪ੍ਰੇਮ ਕਰਿਬੰਦਹਿ[2]ਤਬਿਹੀ।ਸਾਦਰ ਸੋਂ ਤਿਹ[3] ਮੰਚਬਿਸਾਇ। ਚਰਨ ਪਖਾਰੇ[4] ਕਰਿ ਬਹੁ ਭਾਇ[5] ॥ ੨੮ ॥ ਬਹੁਰ ਕਹਯੋ 'ਭੋਜਨ ਕਰਿ ਲੀਜੈ।ਦੂਰ ਸੁ ਸ੍ਰਮ ਮਾਰਗ ਕੋ ਕੀਜੈ'। ਸਿਖ ਸੋਂ ਤਿਸਨੇ ਬਚਨ ਅਲਾਏ। 'ਗੁਰ ਕੋ ਹੁਕਮ ਨ ਭੋਜਨ ਖਾਏ ॥ ੨੯ ॥ ਪੂਰਬ ਸਰਬ ਦਰਬ ਕੋ ਲੇਈ। ਪਾਛੇ ਤੇ ਘਰ ਅਸਨ ਅਚੇਈ'। ਸੁਨਿ ਕੈ ਸਿੱਖ ਸੁ ਤੂਸ਼ਨਿ ਰਹਯੋ। ਬਧੀ ਚਿੰਤ ਸਰਿਤਾ[6] ਮਨ ਬਹਯੋ ॥ ੩੦ ॥ –ਕਿਹ[7] ਤੇ ਦੇਉਂ ਕਰੋਂ ਕਥਾ ਕਾਜਾ ?। ਸਿੱਖੀ ਪਰਣ ਰਹੇ ਕਿਵ[8] ਆਜਾ। ਘਰ ਮਹਿ ਸੌਜ[9] ਨਹੀਂ ਅਸ ਕੋਈ।ਬੇਚਿ ਬਜਾਰ ਦੇਉਂ ਧਨ ਜੋਈ–॥੩੧॥ ਦੋਹਰਾ॥ਤਿਹ ਤਨੁਜਾ[10] ਕੇ ਪੰਚ ਸੈ ਹੁਤੇ ਸ਼ਾਹੁ ਇਕ ਦੇਤਿ। ਅਘ ਕੋ ਦਰਬ ਪਛਾਨਿ ਕੈ[11] ਸਿੱਖ ਨ ਪੂਰਬ ਲੇਤਿ[12]॥੩੨॥ ਚੌਪਈ॥ ਦ੍ਵੈਘਟਿਕਾ ਬੀਤੀ ਜਬਿ ਬੈਸੇ।ਤਿਹ ਅੰਗਨਾ[13] ਬੋਲੀ ਤਬਿ ਐਸੇ। 'ਕਿਉਂ ਚਿੰਤਾ ਚਿਤ ਮੈਂ ਤਵ ਕੀਨੇ[14]?। ਜੋ ਹਮ ਢਿਗ ਸੋ ਸਤਿਗੁਰ ਦੀਨੇ ॥੩੩॥ ਲੇਹੁ ਸੁਤਾ ਕੋ ਦ੍ਰੈ ਸੋ ਅਬਿਹੀ। ਸਤਿਗੁਰ ਹੇਤ ਦੇਹੁ ਸੋ ਤਬਿਹੀ। ਜੇ ਨਿਜ ਹਿਤ ਲੇਵੈਂ ਅਘ ਹੋਇ। ਪਰਉਪਕਾਰ ਦੋਸ਼ ਨਹਿ ਕੋਇ॥੩੪॥ ਤੂਰਨ ਕੀਜੈ ਉਠਿਕਰਿ ਕਾਜਾ। ਰਾਖਹੁ ਸਿੱਖੀ ਕੋ ਪ੍ਰਨ ਆਜਾ'। ਸੁਨਿ ਸਲਾਹ ਐਸੀ ਨਿਜ ਤਿਯ ਕੀ। ਮਾਨੀ ਮਨ ਕਰਿ ਭਾਵਤਿ ਨੀਕੀ ॥ ੩੫ ॥ ਦੋਹਰਾ ॥ ਗਮਨਯੋ ਢਿਗ ਤਬਿ ਸ਼ਾਹ ਕੇ ਬੈਠਯੋ ਬਚਨ ਅਲਾਇ। 'ਸਹਸ ਅਢਾਈ[15] ਦਰਬ ਦੇ ਸੁਤਾ ਬਯਾਹ ਲੈ ਜਾਇ*' ॥੩੬॥ ਚੌਪਈ॥ ਕਹੈ ਸ਼ਾਹੁ 'ਤੁਮ ਲੇਹੁ ਬਧੇਰੇ। ਦਰਬ ਬਿਸਾਲ ਸਦਨ ਮਹਿ ਮੇਰੇ। ਦਾਰਿਦ[16] ਏਕ ਬਾਰ ਨਿਜ ਖੋਈ। ਸੁਖ ਪਾਵਹੁ, ਕਰਿ ਸ਼ੋਕ ਨ ਕੋਈ' ॥ ੩੭॥'ਸੁਨਹੁ,ਚਾਹਿ ਮੁਝ ਅਵਰ ਨ ਕੋਈ।ਜਾਚੇ[17] ਜਿਤੇ ਦੀਜਿਯੇ ਸੋਈ'।

---

[1]ਧੀ। [2]ਸੀਸ ਨਿਵਾਇਆ। [3]ਉਸ (ਹੁਕਮਨਾਮੀਏ ਨੂੰ)। [4]ਚਰਨ ਧੋਤੇ। [5]ਪ੍ਰੇਮ ਨਾਲ। [6]ਚਿੰਤਾ ਰੂਪੀ ਨਦੀ ਵਿਚ। [7]ਕਿਥੋਂ। [8]ਕਿਵੇਂ। [9]ਸਮੱਗਰੀ, ਸਮਾਨ। [10]ਉਸ ਸਿਖ ਦੀ ਪੁੱਤ੍ਰੀ ਦੇ। [11]ਇਸ ਮਾਇਆ (ਪੈਸੇ ਬਦਲੇ ਧੀ ਵਿਆਹੁਣ ਦੀ ਮਾਇਆ) ਨੂੰ ਪਾਪ ਦੀ ਸਮਝ ਕੇ। [12]ਪਹਿਲੋਂ ਨਹੀਂ ਸੀ ਲੈਂਦਾ। [13]ਇਸਤਰੀ। [14]ਤੂੰ ਕੀਤੀ ਹੈ। [15]ਢਾਈ ਸੌ। [16]ਗਰੀਬੀ। [17]ਮੰਗੇ ਹਨ।

*ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ, ਸਿਖਾਂ ਦੀ ਭਗਤਮਾਲ, ਮਹਿਮਾ ਪ੍ਰਕਾਸ਼ ਕਿਸੇ ਵਿਚ ਇਹ ਸਾਖੀ ਨਹੀਂ ਹੈ। ਉਸੇ ਬਨਾਵਟੀ ਬਾਲੇ ਵਾਲੀ ਤੋਂ ਲਈ ਜਾਪਦੀ ਹੈ।

ਅਸਕਹਿ ਲੇ ਤਬਿ ਸਹਸ ਅਢਾਈ। ਆਨਿ[1] ਸਿੱਖ ਕੀ ਭੇਟ ਚਢਾਈ॥੩੮॥
ਦੋਹਰਾ ॥ ਦੋ ਸੈ ਸਤਿਗੁਰ ਕੋ ਦਿਯੋ ਸਿਖ ਕੀ ਭੇਟ ਪਚਾਸ। ਕਰਿ ਭੋਜਨ ਬਿਸਮੈ ਭਯੋ[2] ਚਲ੍ਯੋ ਗੁਰੂ ਕੇ ਪਾਸ ॥ ੩੯ ॥ ਚੌਪਈ॥ ਮਗ ਮਹਿ ਭਈ ਦੁਪਹਿਰੀ ਜਬਿਹੀ। ਪਿਖਿ ਇਕ ਸਾਧੁ ਬੈਠਿ ਗੇ ਤਬਿਹੀ। ਥਕਿਤ ਭਯੋ ਪਹੁੰਚ੍ਯੋ ਤਿਹ ਕਾਲਾ। ਤਬਿ ਇਕ ਆਯੋ ਸ਼ਾਹ ਬਿਸਾਲਾ ॥ ੪੦ ॥ ਸੰਤ ਸਰੂਪ ਬਿਲੋਕਿ ਕ੍ਰਿਪਾਲਾ। ਭੇਟ ਚਢਾਯੋ ਏਕ ਦੁਸ਼ਾਲਾ॥ ਕੁਛ ਧਰਿ ਮਧੁਰ ਅਹਾਰ ਅਗਾਰੀ॥ ਬੰਦਨ ਕੀਨਿ ਭਾਉ ਧਰਿ ਭਾਰੀ॥੪੧॥ ਦੇ ਕਰਿ ਭੇਟ ਸ਼ਾਹੁ ਸੋ ਗਯੋ॥ ਇਕ ਪੰਥੀ ਤਬ ਆਵਤਿ ਭਯੋ॥ ਤਹਿਂ ਤੇ ਲੀਨ ਉਚਾਇ ਦੁਸ਼ਾਲਾ॥ ਗਮਨ ਕੀਨ ਆਗੇ ਤਤਕਾਲਾ ॥੪੨ ॥ ਦੋਹਰਾ ॥ ਸੰਤ ਨ ਬੋਲ੍ਯੋ ਕਛੁ ਤਬੈ ਜਾਨੇ ਉਭੈ ਸਮਾਨ[3] । ਦੀਨ[4] ਭਲਾ ਨਹਿ ਭਾਖਿਓ ਲੀਨ[5] ਬੁਰਾ ਨ ਬਖਾਨ ॥੪੩॥ ਚੌਪਈ ॥ ਆਯੋ[6] ਹਰਖ ਨ ਮਨ ਮੈਂ ਕੀਨੋ। ਗਯੋ ਜਬੈ ਉਰ ਸ਼ੋਕ ਨ ਚੀਨੋ॥ ਸਿਖ ਬੈਠ੍ਯੋ ਸਭਿ ਦੇਖਿ ਤਮਾਸ਼ਾ॥ ਪੁਨ ਉਠਿ ਚਲ੍ਯੋ ਹੇਤ[7] ਪ੍ਰਭੁ ਪਾਸਾ ॥ ੪੪ ॥ ਪੰਥ ਚਲਤਿ ਭਾ ਸੰਧ੍ਯਾ ਕਾਲਾ। ਨਿਕਟਿ ਨ ਗ੍ਰਾਮ ਉਜਾੜ ਬਿਸਾਲਾ। ਤਰੇ ਬਿਰਖ ਕੈ ਕੀਨੋ ਡੇਰਾ। ਖਗ[8] ਨਰ ਨਾਰੀ ਤਹਾਂ ਬਸੇਰਾ॥੪੫॥ ਚਾਰ ਘਟੀ ਬੀਤੀ ਜਬਿ ਰੈਨਾ॥ ਪੰਖਨਿ ਪੰਖੀ ਸੋਂ ਕਹਿ ਬੈਨਾ॥ 'ਆਯੋ ਅਥਿਤ ਹਮਾਰ ਅਗਾਰਾ[9]। ਇਸ ਕੋ ਦੇਨੋ ਬਨੇ ਅਹਾਰਾ' ॥ ੪੬ ॥ ਅਸ ਕਹਿ ਪੁਰਿ ਕੋ ਲੀਨ ਉਡਾਰੀ। ਆਨੀ ਅਗਨੀ ਚੁੰਚ ਮਝਾਰੀ॥ ਦਈ ਸਿੱਖ ਕੋ ਤਤਛਿਨ ਲਯਾਇ। ਤ੍ਰਿਣ ਚੁਣ ਪੰਖੀ ਕਰਿ ਇਕ ਠਾਇੰ ॥੪੭॥ ਅਗਨਿ ਜਗਾਈ ਸਿਖ ਨੈ ਜਬਿਹੀ। ਗਿਰਿਕੈ ਪਰੀ ਬਿਹੰਗਨਿ[10] ਤਬਹੀ॥ ਤਿਸ ਪਸ਼ਚਾਤ ਬਿਹੰਗ[8] ਗਿਰ ਪਰ੍ਯੋ। ਹੁਤੋ ਭੂਖ ਧੁਤ ਭੋਜਨ ਕਰ੍ਯੋ ॥੪੮॥ ਪੂਰਬ ਜਨਮ ਪੰਖਿ ਧਰਿ ਜੋਇ॥ ਗੁਰਕੇ ਸਿੱਖ ਸਿੱਖਣੀ ਸੋਇ[11]॥ ਕਿਸੂ ਦੋਸ਼ ਤੇ ਖਗ[12] ਤਨ ਪਾਯੋ। ਪਰ ਉਪਕਾਰ ਹੇਤ ਛੁਟਕਾਯੋ॥੪੯॥ ਦੋਹਰਾ ॥ ਸ੍ਰੀ ਪ੍ਰਭੁ ਤਿਨ ਕੋ ਗਤਿ ਦਈ, ਭੋਰ ਭਈ ਜਬਿ ਆਇ॥ ਸਭਿ ਬਿਧਿ ਅਚਰਜ ਦੇਖਿਕੈ ਚਲ੍ਯੋ ਪੰਥ ਤਬਿ ਧਾਇ ॥੫੦॥ ਚੌਪਈ ॥ ਪਹੁੰਚ੍ਯੋ ਪੁਰਿ ਕਰਤਾਰ

---

[1]ਲਿਆਕੇ । [2](ਹੁਕਮ ਨਾਮੀਆਂ) ਹੈਰਾਨ ਹੋਯਾ। [3]ਦੋਵੇਂ (ਸ਼ਾਹ ਤੇ ਚੋਰ) ਬਰੱਬਰ ਜਾਣੇ। [4]ਦੇਣ ਵਾਲੇ ਨੂੰ। [5]ਲੈਣ ਵਾਲੇ ਨੂੰ। [6]ਆਏ (ਪਦਾਰਥ ਦਾ)। [7]ਹਿਤ ਨਾਲ। [8]ਪੰਛੀ। [9]ਸਾਡੇ ਘਰ। [10]ਪੰਛੀ ਦੀ ਨਾਰੀ। [11](ਜਿਨ੍ਹਾਂ ਹੁਣ) ਪੰਛੀ (ਜਨਮ ਯਾ ਖੰਭ) ਧਾਰਨ ਕੀਤੇ ਹੋਏ ਸਨ, ਪਿਛਲੇ ਜਨਮ ਓਹ ਸਿੱਖ ਸਿੱਖਣੀ ਸਨ। [12]ਪੰਛੀ ਦਾ।

Sri Satguru Jagjit Singh Ji eLibrary NamdhariElibrary@gmail.com

ਮਝਾਰੀ।ਸਰਬ ਦਰਬ ਧਰਿ ਗੁਰੂ ਅਗਾਰੀ।ਹਾਥਜੋਰਿਕੈ ਬੰਦਨਕੀਨੀ।ਲੇਨ ਉਪਦੇਸ਼ ਜਾਸ ਮਤਿ ਭੀਨੀ ॥੫੧॥ ਬੋਲੇ ਪ੍ਰਭੁ'ਨਿਸ਼ਾ[1]ਤਵ ਹੋਈ। ਪ੍ਰਥਮ ਆਇਕੈ ਬੂਝਨੋ ਜੋਈ'। ਕਹੇ ਸਿੱਖ 'ਮੈਂ ਕਛੁ ਨ ਜਾਨੌਂ।ਸਮਝਾਵਹੁ ਅਬਿ ਕਰੋ ਬਖਾਨੈਂ' ॥੫੨॥ ਦੋਹਰਾ॥ ਸ੍ਰੀ ਪ੍ਰਭੁ ਬੋਲੇ'ਸਿੱਖ ਤੈਂ ਜੈਸੇਂ ਦੇਖਨੋ ਜਾਇ। ਗੁਰ ਕੋ ਸਰਬਸ ਜਾਨਿਕੈ[2] ਸੁਤਾ ਬੇਚਿ ਧਨ ਲਜਾਇ ॥ ੫੩ ॥ ਚੌਪਈ ॥ ਸਿੱਖ ਹੋਨ ਜੇ ਮਨ ਲਲਚਾਵੈਂ। ਤਿਸ ਸਮ ਬਨਹੁ ਪਰਮਗਤਿ ਪਾਵੈਂ। ਜੇ ਤੂੰ ਚਾਹਤਿ ਕਰਨ ਫਕੀਰੀ।ਉਰ ਤੇ ਤਜਹੁ ਹਰਖ ਦਿਲਗੀਰੀ[3]॥੫੪॥ ਪੰਥ ਬਿਖੈ ਦੇਖਨੋ ਸੰਤਜੈਸਾ।ਕਰਿ ਸਮਾਨ ਬਿਰਤੀ ਹ੍ਵੈ ਤੈਸਾ[4]।ਪਾਇ ਪਦਾ-ਰਥ ਹਰਖ ਨ ਕੀਨਾ। ਗਯੋ ਪਾਸ ਤੇ ਸ਼ੋਕ ਨ ਕੀਨਾ ॥੫੫ ॥ ਗ੍ਰਿਹਸਤ ਧਰਮ ਚਾਹਤਿ ਜੇ ਕਰਨਾ। ਤਉ ਪੰਖੀ ਜਿਉਂ ਕਰਹੁ ਅਚਰਨਾ। ਹੇਤ ਅਤਿਥਿ ਕੇ ਦੁਖ ਨ ਬਿਚਰਿਓ[5]। ਖਿਨ ਮਹਿ ਨਿਜ ਸਰੀਰ ਪਰਹਰਿਓ ॥੫੬॥ ਤੀਨੋ ਇਹ ਬਿਚਾਰਿਯੇ ਨੀਕੀ।ਕਰਹੁ ਆਪ ਜਿਉਂ ਸ਼ਰਧਾ ਜੀਕੀ'। ਸੁਨਿਕੈ ਸਿੱਖ ਅਧੀਰਜ ਧਰਨੋ[6]। ਕਿਹ ਕੋ ਭਯੋ ਸਮਰਥ ਨ ਕਰਨੇ[7] ॥੫੭॥ ਹਾਥ ਜੋਰਿ ਕੈ ਬਚਨ ਬਖਾਨੋ। 'ਇਹ ਤੀਨੌਂ ਦੁਸ਼ਤਰ[8] ਮੈਂ ਜਾਨੇ। ਹੁਇ ਆਵਤਿ ਇਕ ਪਾਸ ਨ ਮੇਰੋ। ਕਰਹਿ ਜਿ ਨਰ ਸੋ ਧੰਨ ਬਡੇਰੋ॥੫੮॥ ਜੱਦਪਿ ਮੋ ਤੇ ਹੋਇ ਨ ਆਇ। ਤੱਦਪਿ ਮੈਂ ਰਾਵਰਿ[9] ਸ਼ਰਨਾਇ। ਅਧਮ ਉਧਾਰਨ[10]ਬਿਰਦ ਤੁਮਾਰਾ। ਪਤਿਤਨ ਪਾਵਨ[11] ਕਹਿ ਜਗ ਸਾਰਾ ॥੫੯॥ ਕ੍ਰਿਪਾ ਧਾਰਿ ਮੇਰੀ ਗਤਿ ਕੀਜੈ। ਹੌਂ ਅਸਮਰਥ ਬਡੋ ਲਖਿ ਲੀਜੈ'। ਤਿਹ ਕੀ ਬਿਨੈ ਸੁਨੀ ਜਬਿ ਕਾਨਾ।ਸ੍ਰੀ ਮੁਖ ਤੇ ਪੁਨ ਬਚਨ ਬਖਾਨਾ*॥੬੦॥'ਹ੍ਵੈ ਨਿਸ਼ਕਪਟ ਧਰਮ ਕ੍ਰਿਤ ਕਰੀਏ।ਗਰਬ ਰਿਦੇ ਕੋ ਸਭਿ ਪਰਹਰੀਏ।ਸਿੱਖਨ

[1]ਤਸੱਲੀ[ਫਾ:, ਖ਼ਾਤ੍ਰਿਰ ਨਿਸ਼ਾ]। [2]ਸਰਵੰਸ ਗੁਰੂ ਦਾ ਜਾਣਕੇ। [3]ਖੁਸ਼ੀ ਤੇ ਗ਼ਮੀ। [4]ਤੈਸੀ ਬ੍ਰਿਤੀ (ਸਦਾ ਰੱਖਣ ਦਾ) ਸਾਮਾਨ ਕਰ। [5]ਨਾਂ ਵਿਚਾਰਿਆ (ਭਾਵ ਪ੍ਰਵਾਹ ਨ ਕੀਤੀ)। [6]ਭਾਵ ਘਬਰਾ ਗਿਆ। [7]ਕਰਨ ਨੂੰ। [8]ਕਠਨ। [9]ਆਪ ਦੀ। [10]ਪਾਪੀਆਂ ਨੂੰ ਤਾਰਨਾ। [11]ਅਪਵਿੱਤ੍ਰਾਂ ਨੂੰ ਪਵਿੱਤ੍ਰ ਕਰਨ ਵਾਲਾ।

*ਕਵਿ ਜੀ ਦਾ ਉਪਦੇਸ਼ ਇਸ ਸਾਖੀ ਵਿਚ ਇਹ ਜਾਪਦਾ ਹੈ ਕਿ ਕਈ ਜੱਗਗਾਸੂ ਪਹਿਲੋਂ ਹੀ ਉੱਚੀ ਅਵਸਥਾ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਨੀਵੇਂ ਪਦ ਤੋਂ ਸ਼ੁਰੂ ਕਰਨ ਦੀ ਮਤ ਦੇਣੀ ਚਾਹੀਏ। ਇਸ ਵਿਚ ਆਦਰਸ਼ਕ ਸਿੱਖ, ਫਕੀਰ ਤੇ ਗ੍ਰਿਹਸਤੀ ਦਾ ਨਮੂਨਾ ਦੱਸਕੇ ਜੱਗਗਾਸੂ ਦਾ ਦਿਲ ਹਿਲਾਯਾ ਹੈ, ਉਹ ਫੇਰ ਅਪਣੀ ਅਧਮਗਤੀ ਦਾ ਜਾਣੂ ਹੋਕੇ ਸੁੱਢਲੀ ਅਵਸਥਾ ਮੰਗਦਾ ਹੈ, ਜਿਥੋਂ ਉਹ ਪਰਮਾਰਥ ਵਿਚ ਟੋਰਿਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸੇਵ ਕਰਹੁ ਮਨ ਨੀਵੇਂ। ਸਨੈ ਸਨੈ[1] ਤੇਰੀ ਗਤਿ ਥੀਵੇ' ॥ ੬੧ ॥ ਸੁਨਿ ਉਪਦੇਸ਼ ਕਰਨ ਸੋ ਲਾਗਾ। ਸੇਵਾ ਬਿਖੈ ਬਡੋ ਅਨੁਰਾਗਾ[2]। ਸਮਾ ਪਾਇ ਸਿਮਰਨ ਸਤਿਨਾਮੂ। ਲਿਵ ਲਾਗੀ ਮਤ ਭੀ ਅਭਿਰਾਮੂ ॥ ੬੨ ॥ ਮੁਕਤਿ ਉਚਿਤ ਭਾ ਸ੍ਰੀ ਗੁਰ ਕਰੁਨਾ[3]। ਛੁਟਯੋ ਕਸ਼ਟ ਜਗ ਜਨਮ ਰੁ ਮਰਨਾ। ਇਸ ਪ੍ਰਕਾਰ ਕੋ ਦੇ ਉਪਦੇਸ਼ਾ। ਮਨੁਜ ਉਧਾਰੇ ਸ੍ਰੀ ਜਗਤੇਸ਼ਾ ॥ ੬੩ ॥

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਪੈਤਾਲੀਸਮੋਂ ਅਧਯਾਯ ॥ ੪੫ ॥

੪੬. [ਗੁਰ ਚਰਨ ਸੇਵਾ, ਉਪਦੇਸ਼। ਭਾਈ ਬੁੱਢਾ, ਬਾਲਾ ਪ੍ਰਲੋਕ ਗਮਨ]

ਦੋਹਰਾ–ਕਿਉਂ ਜੰਜਾਰ ਉਰਝਯੋ ਮਨਾ ! ਕਾਜ ਨ ਤੇਰੇ ਕੋਇ।
ਸਤਿਗੁਰ ਚਰਣ ਸਰੋਜ ਕੋ ਸੇਵਿ ਸਦਾ ਸੁਖ ਹੋਇ ॥ ੧ ॥

{ਜੰਜਾਰ=ਜੰਜਾਲ, ਜਗਤ ਰੂਪੀ ਜਾਲ, ਬੰਧਨ, ਝਗੜਾ, ਬਖੇੜਾ।}

ਅਰਥ–ਹੇ (ਮੇਰੇ) ਮਨ ! ਕਿਉਂ ਤੂੰ ਬਖੇੜਿਆਂ ਵਿਚ ਫਸ ਰਿਹਾ ਹੈਂ ਤੇਰੇ ਕੰਮ ਕਿਸੇ ਨਹੀਂ (ਆਉਣਾ)। (ਸ੍ਰੀ) ਸਤਿਗੁਰੂ ਜੀ ਦੇ ਚਰਨਾਂ ਕਵਲਾਂ ਨੂੰ ਸੇਵ ਜੋ ਸਦੀਵੀ ਸੁਖ (ਤੈਨੂੰ ਪ੍ਰਾਪਤ) ਹੋਵੇ।

ਸ੍ਰੀ ਬਾਲਾ ਸੰਧੁਰੁਵਾਚ ॥ ਚੌਪਈ ॥ ਸੁਨਿ ਸ੍ਰੀ ਤੇਹਣ ਕੁਲ ਉਜਿਯਾਰਾ[4]। ਪ੍ਰਭੁ ਬਿਰਾਜਹਿ ਪੁਰਿਕਰਤਾਰਾ। ਇਕ ਦਿਨ ਬਹਿਰ[5] ਬਿਰਛ ਕੀਛਾਯਾ[6]। ਬੈਠਿ ਰਹੇ ਗੁਰ ਸਹਿਜ ਸੁਭਾਯਾ ॥੨॥ ਬਾਰਿਕ ਅਜਾ[7] ਚਰਾਵਤਿ ਆਵਾ। ਜਗਨ ਲਗਯੋ[8] ਜਿਹ ਭਾਗ ਸੁਹਾਵਾ। ਤਿਹ ਬਿਲੋਕਿ ਬੋਲੇ ਗਤਿਦਾਈ। 'ਆਨਹੁ ਬਾਲੇ ! ਬਾਲ ਬੁਲਾਈ' ॥੩॥ ਮੈਂ ਗਮਨਯੋ ਜਹਿ ਅਜਾ ਚਰਾਵਤਿ। ਕਹਯੋ 'ਬਾਲ ! ਤੁਝ ਤਪਾ ਬੁਲਾਵਤਿ। ਕਿਛੁਕ ਕਹਤਿ ਸੁਨੀਏ ਢਿਗ ਆਈ। ਬਹੁਰੋ ਅਜਾ ਚਰਾਵਹੁ ਜਾਈ' ॥੪॥ ਸੁਨਿ ਬਾਲਿਕ ਆਵਾ ਸੰਗ ਮੇਰੇ। ਹਰਖਯੋ ਪ੍ਰਭੁ ਕੋ ਦਰਸ਼ਨ ਹੇਰੇ। ਚਰਨ ਕਮਲ ਪਰ ਬੰਦਨ ਧਾਰੀ। ਬਹੁਰੋ ਠਾਂਢੋ[9] ਰਹਯੋ ਅਗਾਰੀ ॥੫॥ ਕ੍ਰਿਪਾ ਦ੍ਰਿਸ਼ਟਿ ਅਵਲੋਕਿ ਗੁਸਾਈਂ। ਸ੍ਰੀ ਮੁਖ ਕੋਮਲ ਗਿਰਾ ਅਲਾਈ। 'ਕਹੁ ਬਾਲਿਕ ਕੋ ਹੈ ਤਵ ਨਾਮੂ ?। ਕੌਨ ਗ੍ਰਾਮ ਮੈਂ ਤੇਰੋ ਧਾਮੂ ? ॥੬॥ ਕਿਹ ਕੋ ਤਾਤ ਸੁ ਦੇਹੁ ਬਤਾਈ ?। ਅਜਾ ਚਰਾਇੰ ਕਿ ਅਪਨ ਪਰਾਈ[10] ?'। ਸੁਨਿ ਕੈ ਸਿਸ ਨੇ ਬਚਨ ਉਚਾਰੇ। 'ਘਰ ਹੈ ਨਿਕਟ ਜੁ ਗ੍ਰਾਮ ਤੁਮਾਰੇ ॥ ੭ ॥

---

[1] ਹੌਲੀ ਹੌਲੀ। [2] ਪ੍ਰੇਮੀ ਹੋਯਾ। [3] ਮੇਹਰ ਨਾਲ। [4] ਚਾਨਣ। [5] ਬਾਹਰ। [6] ਛਾਵੇਂ। [7] ਬੱਕਰੀਆਂ। [8] ਜਾਗਣ ਲਗੇ। [9] ਖੜਾ। [10] ਆਪਣੀਆਂ ਕਿ ਪਰਾਈਆਂ ?

ਬੂੜਾ ਆਖਯ[1] ਮੇਰੋ ਜਾਨਹੁ। ਬਰਨ ਜਟੇਟਾ[2] ਰਿਦੇ ਪਛਾਨਹੁ। ਮਾਤ ਪਿਤਾ ਕੀ ਆਇਸੁ ਪਾਈ। ਅਜਾ ਚਰਾਵਤਿ ਅਪਨ ਪਰਾਈ[3]' ॥ ੮ ॥ ਗੁਰੂ ਭਨਯੋ 'ਕਰੀਏ ਨਿਜ ਕਾਰੀ। ਜਾਇ ਲੇਹੁ ਨਿਜ ਅਜਾ ਸੰਭਾਰੀ'। ਸਿਸ ਕਹਿ 'ਸੰਸਾ ਭਾ ਮਨ ਮਾਂਹੀ। ਪ੍ਰਥਮ ਬੁਲਾਯੋ ਅਪਨੇ ਪਾਹੀ ॥ ੯ ॥ ਬਹੁਰ ਨ ਕਾਰਜ ਕਛੂ ਬਤਾਯੋ।–ਜਾਹੁ ਅਬੈ–ਮੁਖ ਤੇ ਫੁਰਮਾਯੋ। ਜੋ ਰਾਵਰ ਕੋ ਕਾਜ ਨ ਕੋਈ। ਕਿਉਂ ਹਕਾਰਨੇ[4] ਆਇਸੁ ਹੋਈ' ॥ ੧੦ ॥ ਸ੍ਰੀ ਗੁਰ ਕਹਯੋ 'ਜੁ ਨਿਕਟ ਹਕਾਰਾ। ਕੌਨ ਦੋਸ਼ ਇਸ ਬਿਖੈ ਨਿਹਾਰਾ[5]। ਮਿਲਨੇ ਬੋਲਨ ਅਪਨ ਪਰਾਈ। ਬੁਧ ਸੁਧ ਸਗਰੀ ਪਰੈ ਲਖਾਈ' ॥ ੧੧ ॥ ਬੂੜਾ ਸੁਨਿ ਗਾ[6] ਬੰਦਨ ਕਰਿਕੈ। ਬਧਯੋ ਪ੍ਰੇਮ ਉਰ ਰਹਯੋ ਬਿਚਰਿਕੈ। ਸੰਧਯਾ ਲੌ ਨਿਜ ਅਜਾ ਚਰਾਈ। ਜਾਇ ਸਦਨ ਪੁਨ ਰੈਨਿ ਬਿਤਾਈ ॥ ੧੨ ॥ ਸ੍ਰੀ ਅੰਗਦ ਸੁਨੀਏ! ਕਹਿ ਬਾਲਾ। ਮੈਂ ਤਬ ਬੂਝਨ ਕਰੇ ਕ੍ਰਿਪਾਲਾ। 'ਇਹ ਬਾਲਿਕ ਜੋ ਨਿਕਟ ਬੁਲਾਵਾ।ਤਿਹ ਸੋਂ ਬਚਨ ਬਿਲਾਸ ਅਲਾਵਾ।੧੩। ਕੌਨ ਅਹੈ, ਕਿਉਂ ਨਿਕਟਿ ਹਕਾਰਾ?। ਮੁਝੇ ਬ੍ਰਿਤੰਤ ਸੁਨਾਵਹੁ ਸਾਰਾ'। ਭਨਯੋ ਪ੍ਰਭੁ 'ਏਹੁ ਹ੍ਵੈ ਮਤਿਵੰਤਾ। ਕਿਤਿਕ ਦਿਵਸ ਮਹਿ ਪੂਰਨ ਸੰਤਾ ॥੧੪॥ ਹ੍ਵੈ ਸਿੱਖੀ ਕੋ ਸਦਨ ਬਿਸਾਲਾ। ਛ੍ਵੈ ਨ ਸਕੈ ਮਨ ਬਿਸ਼ੈ ਜੰਜਾਲਾ। ਜੀਵਨ ਮੁਕਤਿ ਅਵਸਥਾ ਪਾਵਹਿ। ਅਪਨੇ ਬਚ ਸੋਂ ਅਵਰ[7] ਤਰਾਵਹਿ' ॥੧੫॥ ਮੈਂ ਬੋਲਯੋ 'ਜੇ ਹ੍ਵੈ ਹੈ ਐਸੇ। ਕਿਉਂ ਸਸ਼ੰਕ ਪੁਛ ਕਾਰਜ ਕੈਸੇ?[8]'। ਸੁਨਿ ਪੁਨ ਭਾਖਯੋ ਦਯਾ ਅਵਾਸਾ। 'ਅਬਿ ਲੌ ਭਯੋ ਨ ਹਿਦੈ ਪ੍ਰਕਾਸ਼ਾ ॥ ੧੬ ॥ ਬਿਗਸੈ ਕਮਲ[9] ਤਬਹਿ ਲਿਹੁ ਪੇਖੀ। ਦਿੱਬ ਦ੍ਰਿਸ਼ਟਿ ਜਿਹ ਹੋਇ ਵਿਸ਼ੇਖੀ'। 'ਕਬਿ ਲੌ ਇਸ ਮਹਿ ਹੋਇ ਪ੍ਰਕਾਸ਼ਾ?। ਮੋਹਿ ਬਤਾਇ ਦੇਹੁ ਸੁਖਰਾਸਾ!' ॥੧੭॥ ਗੁਰ ਕਹਿ 'ਇਤੀ ਹੁਤੀ ਅਬ ਦੇਰਾ। ਬੋਲਨ ਮਿਲਨ ਦਰਸ ਕੋ ਹੇਰਾ। ਭਲਕ ਬਿਲੋਕਹੁ ਕਸ ਹ੍ਵੈ ਠਾਟਾ[10]। ਖੁਲਹਿਂ ਮੋਹ ਕੇ ਬਿਕਟ ਕਪਾਟਾ[11]' ॥ ੧੮॥ ਬਹੁਰੋ ਭੋਰ ਜਬੈ ਹੁਇ ਆਈ। ਮਾਖਨ ਬਾਸਨ ਲੀਨ ਉਠਾਈ। ਮਾਤ ਪਿਤਾ ਤੇ ਕਰਿਕੈ ਚੋਰੀ। ਸਟਕਯੋ[12] ਘਰ ਤੇ ਪ੍ਰਭੁ ਜਿਸ ਠੌਰੀ ॥੧੯॥

---

[1]ਨਾਮ। [2]ਜੱਟ। [3]ਆਪਣੀਆਂ ਬੀ ਤੇ ਪਰਾਈਆਂ ਬੀ। [4]ਬੁਲਾਵਣ ਦੀ। [5](ਤੂੰ) ਦੇਖਿਆ ਹੈ। [6]ਮੁੜਕੇ ਚਲਾ ਗਿਆ। [7]ਬਚਨਾਂ ਨਾਲ ਹੋਰਨਾਂ ਨੂੰ। [8]ਕਿਉਂ ਸ਼ੰਕਾ ਨਾਲ ਪੁੱਛਦਾ ਸੀ (ਆਪਨੂੰ ਕਿ) ਕੀਹ ਕੰਮ ਹੈ। [9]ਖਿੜੇਗਾ (ਜਦੋਂ ਹ੍ਰਿਦੇ ਰੂਪੀ) ਕਮਲ। [10]ਭਲਕ ਵੇਖਣਾ ਕੈਸਾ ਠਾਠ ਹੋਵੇਗਾ। [11]ਕਰੜੇ ਤਖਤੇ। [12]ਖਿਸਕ ਆਯਾ।

Sri Satguru Jagjit Singh Ji eLibrary NamdhariElibrary@gmail.com

ਝੂਰਨ ਬੂੜਾ ਪੁਰਿ ਕਰਤਾਰ।।ਆਇ ਬਿਲੋਕੇ ਮੋਖ ਉਦਾਰ।।ਮਾਖਨ ਬਾਸਨ ਅੱਗ੍ਰਜ ਧਰਿਕੈ।ਬੈਠ੍ਯੋ ਨਿਕਟ ਬੰਦਨਾ ਕਰਿਕੈ॥੨੦॥ਮੁਸਕਾਨੇ ਪ੍ਰਭੁਬਚਨ ਅਲਾਯੋ।'ਮਾਖਨ ਬਾਸਨ ਕਹਿੰ ਤੇ ਲ੍ਯਾਯੋ ?'। 'ਸੁਨਹੁ ਤਪਾ ਜੀ ! ਰਾਵਰਿ ਹੇਤਾ। ਘ੍ਰਿਤ ਆਨ੍ਯੋ ਮੈਂ ਅਪਨ ਨਿਕੇਤਾ ॥੨੧॥–ਦਰਸ ਸੰਤ ਗੁਰ ਛੂਛ ਨ ਜਾਨਾ[1]–।ਅਸ ਬਿਚਾਰ ਉਰ ਬਿਖੈ ਉਠਾਨਾ'।'ਭੋ ਬਾਲਿਕ ਹੈ ਲਘੁਤਨ ਤੇਰਾ। ਨਿਸ਼ਚੈ ਕਰਿ ਕੌ[2] ਘਰ ਨਿਜ ਹੇਰਾ[3] ॥ ੨੨ ॥ ਜਿਸ ਮਹਿ ਫਸਿਕੈ ਨਿਕਸਨ* ਭਾਰੀ। ਜਾਲ ਮੀਨ ਕੀ ਰੀਤਿ ਬਿਚਾਰੀ[4]'। ਸਿਸੁ ਕਹਿ'ਮਾਤ ਪਿਤਾ ਘਰ ਜੋਊ।ਮੈਂ ਪਹਿਚਾਨ੍ਯੋ ਅਪਨੋ ਸੋਊ॥੨੩॥ਤਹਿੰ ਤੇ ਮਾਖ਼ਨਬਾਸਨ ਲੀਨੋ। ਆਨ ਉਪਾਇਨ ਤੁਮਰੀ ਕੀਨੋ। ਭੋਰ ਉਠਤਿ ਭੀ ਚੋਪ[5]ਨਵੀਨੀ। ਆਵਨ ਲਗੋ ਨ ਸੁਧ ਕਿਸ ਦੀਨੀ[6]' ॥ ੨੪ ॥ ਦੋਹਰਾ ॥ 'ਭੋ ਬਾਲਿਕ ! ਪਿਤ ਮਾਤ ਤੇ ਆਨ੍ਯੋ ਘ੍ਰਿਤ ਚੁਰਾਇ। ਬਹੁਰ ਜੋ ਘਰ ਜਾਵਈਂ ਮਾਰਹਿੰ ਤੋਹਿ ਰਿਸਾਇ ॥ ਚੌਪਈ ॥ ੨੫ ॥ ਇਹ ਮਾਖਨ ਹਮ ਲੇਵਹਿੰ ਨਾਂਹੀ ॥ ਗਮਨਹੁ ਲੇ ਅਪਨੇ ਘਰ ਮਾਂਹੀ। ਪਹੁੰਚ੍ਯੋ ਹਮਕੋ ਤੈਂ ਜੋ ਲ੍ਯਾਇ। ਹ੍ਵੈ ਪ੍ਰਸੰਨ ਦੇਖ੍ਯੋ ਉਰ ਭ੍ਰਾਇ' ॥ ੨੬ ॥ ਸੁਨਿਕੈ ਬੂੜਾ ਰੋਵਨ ਲਾਗਾ। ਪ੍ਰੇਮ ਬਿਰਹ ਉਰ ਅੰਤਰ ਜਾਗਾ। 'ਮਾਰਹਿੰ ਮਾਤ ਪਿਤਾ ਮੁਝ ਕਬਿਹੀ[7]'। ਤੁਮ ਮਾਰਤਿ ਹੋ ਮੋ ਕੌ ਅਬਿ ਹੀ'॥੨੭॥ਸ੍ਰੀ ਗੁਰੁ ਭਨੈਂ'ਕੁਵਾਕ ਨ ਕਹ੍ਯੋ[8]।ਹਮਨੇ ਤੋਰ ਭਲਾ ਹੀ ਚਹ੍ਯੋ। ਕੌਨ ਮਾਰ ਕੀਨੀ ਤੁਝ ਤਾਈਂ। ਜਾਂ ਤੇ ਰੁਦਨ ਕਰੈਂ ਬਿਲਲਾਈ'॥੨੮॥'ਸੁਨਹੁ ਪ੍ਰਭੂ ਜਸ[9] ਮਾਰ੍ਯੋ ਮੋਹੀ। ਇਸ ਤੇ ਵਡੀ ਮਾਰ ਨਹਿ ਹੋਹੀ। ਬਾਰ੍ਯੋ ਦੀਪਕ, ਦਿਪਤਿ ਪ੍ਰਕਾਸ਼ਾ[10]। ਪੁਨ ਬੁਝਾਇ ਕੈ ਕਰਹੁ ਨਿਰਾਸਾ ॥੨੯॥ ਤੁਮਹਿ ਉਚਿਤ ਅਧਿਕਾਇ ਜਰਾਵਊ[11]। ਪਾਇ ਸਨੇਹ ਗੁਨਹਿ ਉਕਸਾਵਊ[12]।ਤਮਕੋਟਾਰਿ ਵਸਤੁ ਦਿਖਰਾਵਊ।ਪੁਰਿ ਆਸ ਅਸ ਕਸ਼ਟ ਮਿਟਾਵਊ' ॥ ੩੦ ॥ ਸੋਰਠਾ ॥ ਮੁਸਕਾਨੇ ਗੁਨਖਾਨ ਬਾਨੀ

---

[1]ਸੰਤ ਤੇ ਗੁਰੂ ਦੇ ਦਰਸ਼ਨ ਨੂੰ ਖਾਲੀ ਹੱਥ ਨਹੀਂ ਜਾਈਦਾ। [2]ਕੇਹੜਾ। [3]ਅਪਨਾ ਘਰ ਵੇਖਿਆ ਹਈ। [4]ਜਾਲ ਵਿਚ ਫਸੀ ਮੱਛੀ ਦੀ ਰੀਤ (ਭਾਵ ਵਾਂਙੂ) ਜਿਸ ਵਿਚ ਫਸਕੇ ਨਿਕਲਨਾ ਭਾਰੀ (ਕਠਨ) ਹੈ, ਵਿਚਾਰ ਕਰ ਲੈ। [5]ਸ਼ੌਂਕ। [6](ਮੈਂ) ਕਿਸੇ ਨੂੰ ਖਬਰ ਨਹੀਂ ਦਿੱਤੀ। [7]ਤਾਂ ਕਦੇ ਮਾਰਨਗੇ। [8]ਮਾੜੀ ਗਲ ਤਾਂ ਨਹੀਂ ਆਖੀ। [9]ਜਿਵੇਂ। [10]ਜਗਾਕੇ ਪ੍ਰਕਾਸ਼ਿਆ। [11]ਵਧੀਕ ਜਗਾਵੋ। [12]ਤੇਲ ਪਾਕੇ ਵੱਟੀ ਸੀਖੋ (ਭਾਵ ਉੱਚੀ ਕਰੋ)।

*ਪਾ:–ਨਿਸ਼ਚੈ।

Sri Satguru Jagjit Singh Ji eLibrary NamdhariElibrary@gmail.com

ਤਿਹ ਸੋਂ ਪੁਨ ਭਨੀ। 'ਬੂਢੇ ਬਡੇ ਸਮਾਨ ਬਾਤੈਂ ਤੂੰ ਮੁਖ ਤੇ ਕਹੈਂ'॥ ੩੧ ॥ ਤਬਿ ਹੀ ਤੇ ਇਹ ਨਾਮ–ਭਾਈ ਬੁੱਢਾ–ਕਹਤਿ ਹੈਂ।ਸ਼ਰਨ ਗਹ੍ਯੋ ਸੁਖਧਾਮ ਕਰੁਨਾ ਕੀਨੀ ਜਗਤ ਗੁਰ ॥੩੨॥ ਚੌਪਈ ॥ 'ਹੇ ਸਿਸੁ ਕਰਿਕੈ ਭਾਉਨਿ[1] ਭਾਰੀ। ਬੰਦਨ ਕਰਿ ਕਰਤਾਰ ਅਗਾਰੀ। ਪੂਰਨ ਹੋਵਹਿ ਉਰ ਕੀ ਆਸਾ। ਪ੍ਰਾਪਤਿ ਭਲੋ ਗ੍ਯਾਨ ਸੁਖ ਰਾਸਾ' ॥੩੩॥ ਸੁਨਿਕੈ ਦ੍ਵੈ ਕਰ ਜੋਰਨ ਕੀਨੇ। ਬੰਦੇ ਪੰਕਜ ਪਾਇ ਪ੍ਰਬੀਨੇ। ਭਯੋ ਗ੍ਯਾਨ ਤਿਹ ਛਿਨ ਸੁਖਰਾਸੀ। ਸਗਰੀ ਉਰ ਤੇ ਦ੍ਵੈਤ ਬਿਨਾਸ਼ੀ ॥੩੪॥ ਕ੍ਰਿਪਾ ਨਿਧਾਨ ਬਹੁਰ ਬਚ ਕਹੇ। 'ਸਵਾ ਜਾਮ ਜਾਮਨਿ ਜਬਿ ਰਹੇ। ਨਿਤ ਉਠ ਤਬਿ ਹੀ ਕਰਹੁ ਸ਼ਨਾਨਾ।ਸਿਮਰਹੁ ਨਾਮ ਮਾਨਿ ਮਨ ਭਾਨਾ'॥੩੫॥ ਹਾਥ ਜੋਰਿ ਸਿਸ ਬਚਨ ਬਖਾਨਾ। 'ਅਬਿ ਲੌ ਰਾਖ੍ਯੋ ਉਚਿਤ ਸ਼ਨਾਨਾ[2]। ਮੈਂ ਮਲ ਨਾਸ਼ ਕਰੀ ਇਕਬਾਰਾ। ਰਾਵਰਿ ਦਰਸ਼ਨ ਪਰ ਬਲਿਹਾਰਾ ॥ ੩੬ ॥ ਬਹੁਰ ਨ ਕਬਿ ਲਾਗਹਿ ਮਲ ਲੇਸ਼ਾ। ਜਨਮ ਮਰਨ ਕੇ ਮਿਟੇ ਕਲੇਸ਼ਾ। ਪਾਯੋ ਨਿਰਮਲ ਸਹਿਜ ਸਰੂਪਾ। ਜਿਹ ਜਾਨਤਿ ਭਾ ਅਨੰਦ ਅਨੂਪਾ' ॥੩੭॥ ਗੁਰੂ ਭਨ੍ਯੋ 'ਤੁਹਿ ਮਨੁਜ ਅਨੇਕਾ। ਮਿਲਿ ਹੈਂ ਪਾਵਨ ਹੇਤੁ ਬਿਬੇਕਾ। ਤੁਝ ਕੋ ਦੇਖਿ ਅਚਾਰ ਕਰੰਤਾ[3]। ਤਿਨ ਰੁਚਿ ਜਾਗਹਿ,ਹੋਵਹਿ ਸੰਤਾ' ॥੩੮॥ ਇਸ ਬਿਧਿ ਹੋਇ ਕ੍ਰਿਤਾਰਥ ਸੋਊ। ਬੈਠਿ ਰਹ੍ਯੋ,ਘਰ ਗਯੋ ਨ ਸੋਊ। ਖੋਜਤਿ ਮਾਤ ਪਿਤਾ ਤਿਸ ਕੇਰੇ। ਚਲਿ ਆਏ ਸ੍ਰੀ ਨਾਨਕ ਡੇਰੇ ॥੩੯॥ ਦੇਖ੍ਯੋ ਨਿਜ ਬਾਲਿਕ ਕੋ ਜਬਿ ਹੀ। ਗੁਰ ਬੈਨਨ ਤੇ ਭਾ ਬ੍ਰਿਧ[4] ਤਬਹੀ। ਇਸ ਪ੍ਰਕਾਰ ਸੋ ਦੇਖਿ ਸਿਧਾਰੇ। ਰਹ੍ਯੋ ਸੁ ਬੁਢਾ ਸ੍ਰੀ ਪ੍ਰਭੁ ਦ੍ਵਾਰੇ॥੪੦॥ ਪਦ ਪੰਕਜ ਸੇਵਹਿ ਧਰਿ ਭਾਊ।ਬਿਖੈ ਬਾਸ਼ਨਾ ਫੁਰਤਿ ਨ ਕਾਊ। ਮਨ ਥਿਤ ਕਰਿ ਸਤਿਸੰਗ ਸਮਾਵਾ।ਪੁਨ ਜਬਿ ਕੇਤਿਕ ਸਮਾਂ ਬਿਤਾਵਾ॥੪੧॥ ਸੁਨੀਏ ਸ੍ਰੀ ਅੰਗਦ ! ਇਤਿਹਾਸ। ਮੈਂ ਇਕ ਦਿਵਸ ਸੁਲਖਣੀ ਪਾਸਾ। ਸਹਿਜ ਸੁਭਾਇ ਸੁ ਬੈਠਯੋ ਜਾਈ। ਇਸ ਬਿਧਿ ਮੁਝ ਕੋ ਗਿਰਾ ਅਲਾਈ ॥੪੨॥ ਦੋਹਰਾ ॥ 'ਟਿਕਨ ਦੇਹੁ ਅਬ ਤਪੇ ਕੋ ਬਿਚਰਣ ਕੀਨ ਬਿਸ਼ਾਲ। ਦੇਸ਼ ਬਿਦੇਸ਼ਨ ਕੇ ਬਿਖੈ ਰਹ੍ਯੋ ਸੰਗ ਚਿਰਕਾਲ ॥ ੪੩ ॥ ਚੌਪਈ ॥ ਲੇ ਤੁਝਕੋ ਨਿਜ ਸੰਗ ਸਿਧਾਰੈਂ। ਬਾਹਰ ਕਾਲ ਬਿਸਾਲ ਗੁਜ਼ਾਰੈਂ। ਹਮਰੇ ਪਾਸ ਰਹਿਨ ਦਿਹੁ ਅਬਹੀ। ਤੁਝ ਬਿਨ ਜਾਇ ਵਹਿਰ ਨਹਿ

[1] ਭਾਵਨੀ। [2] ਅਜੇ ਨ੍ਹਾਉਣ ਜੋਗਾ ਛੱਡ ਲਿਆ ਨੇ। [3] ਸ਼ੁਭ ਕੰਮ ਕਰਦਾ ਦੇਖਕੇ। [4] ਬੁੱਢਾ ਹੋ ਗਿਆ। (ਅ) ਬਜ਼ੁਰਗ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਕਬਿਹੀ'॥੪੪॥ ਮੈਂ ਸੁਨਿਕੈ ਮਨ ਮਾਂਹਿ ਬਿਚਾਰਾ—ਨਿਜ ਹਿਤ ਇਨ ਬਚ ਸਾਚ ਉਚਾਰਾ।ਚਿਰੰਕਾਲ ਲਗ ਕੀਨਿ ਉਦਾਸੀ।ਅਬ ਇਉਂ ਉਚਿਤ ਰਹੌਂ ਇਨ ਪਾਸੀ—॥ ੪੫॥ ਮਾਨਿ ਬਚਨ ਮੈਂ ਪ੍ਰਭੁ ਢਿਗ ਆਵਾ। ਹਾਥ ਜੋਰਿਕੈ ਤਬੈ ਅਲਾਵਾ। 'ਕਿਸੇ ਬਿਸਾਵਹੁ ਨਿਜ ਪਸ਼ਚਾਤੀ[1]। ਗੁਰਤਾ ਦੇਹੁ ਕਰਹੁ ਬੱਖਯਾਤੀ[2] ॥ ੪੬॥ ਸਿਰੀ ਚੰਦ ਕੈ ਲਖਮੀ ਦਾਸ। ਕਿਧੌਂ ਅਪਰ ਕੋ? ਹੇ ਸੁਖਰਾਸ !। ਸ੍ਰੀ ਮੁਖਤੇ ਮੁਝ ਦੇਹੁ ਬਤਾਈ। ਜੋ ਪਾਵਹਿ ਸਭਿ ਜਗ ਗੁਰਿ-ਆਈ*' ॥ ੪੭ ॥ ਕਹਿਤਿ ਭਏ 'ਹਮਰੇ ਪਸ਼ਚਾਤੀ। ਤ੍ਰਿਹਣ ਗੋਤ ਛੱਤ੍ਰੀ ਜਿਹ ਜਾਤੀ। ਪ੍ਰਥਮੇ ਲਹਿਣਾ ਤਾਂਕੋ ਨਾਮ। ਪੁਨ ਅੰਗਦ ਹ੍ਵੈ ਹੈ ਅਭਿਰਾਮ ॥੪੮॥ ਅਪਨੋ ਸੋ ਸਰੂਪ ਮੈਂ ਧਾਰੌਂ। ਭਗਤਿ ਭਾਵਨਾ ਭਲੀ ਬਿਥਾਰੌਂ।ਭੇਦ ਨ ਲਖਿ ਸਕਹੀ ਕੋ ਜੈਸਾ। ਦੂਸਰ ਬੇਖ ਧਰਵ ਮੈਂ ਐਸਾ[3]' ॥ ੪੯ ॥ ਇਉਂ ਸੁਨਿਕੈ ਮੈਂ ਦ੍ਵੈ ਕਰ ਬੰਦੇ। ਬੰਦਨ ਕੀਨਿ ਚਰਨ ਅਰਬਿੰਦੇ। 'ਪ੍ਰਭੁ ਜੀ! ਅਬ ਮੁਝ ਦੇਹੁ ਰਜਾਈ। ਤਲਵੰਡੀ ਮਹਿਂ ਰਹਿਹੌਂ ਜਾਈ ॥ ੫੦ ॥ ਬਹੁਰ ਕ੍ਰਿਪਾ ਕਰਿ ਮੇਲਹੁ ਜਬਿਹੀ। ਦਰਸ਼ਨ ਪ੍ਰਾਪਤਿ ਹ੍ਵੈ ਹੈ ਤਬਿਹੀ।ਦਾਸ ਜਾਨਿ ਚਿਤ ਚੇਤੈ ਕਰੀਏ। ਭੂਲ ਕਹਯੋ,ਕਛੁ ਰਿਦੈ ਨ ਧਰੀਏ'॥੫੧॥ਸੁਨਿਕੈ ਸ੍ਰੀ ਗੁਰ ਬਚਨ ਉਚਾਰੇ। 'ਤੂੰ ਹਮਸੋ ਨਿਤ ਮਿਲਯੋ ਪਿਆਰੇ। ਸੰਗੀ ਲੋਕ ਪ੍ਰਲੋਕ ਮਝਾਰੀ।ਕਰਤਯੋ ਹਮਰੇ ਨਿਤ ਅਨੁਸਾਰੀ॥੫੨॥ਤਨ ਮਿਲਿਓ ਪੁਨ ਬਿਛੁ-ਰਨ ਹੋਈ। ਜਿਨ ਮਨ ਮਿਲੇ ਨ ਬਿਛੁਰੇ ਕੋਈ। ਸਦਾ ਧਾਦ ਤੂੰ ਰਿਦੇ ਹਮਾਰੇ। ਪਰਮ ਮੀਤ ਕਿਉਂ ਦੇਹਿ ਬਿਸਾਰੇ' ॥ ੫੩ ॥ ਸੁਨਿਕੈ ਪੁਨ ਬੰਦਨ ਮੈਂ ਕੀਨੀ। ਗਮਨ ਕੀਨ ਜਬਿ ਆਇਸੁ ਦੀਨੀ। ਰੈਨ ਦਿਵਸ ਤਿਨ ਮੂਰਤ ਧਯਾਨਾ। ਕਰੌਂ ਰਿਦੇ ਹ੍ਵੈ ਅਨੰਦ ਮਹਾਨਾ ॥੫੪॥ ਸ੍ਰੀ ਅੰਗਦ ਸੁਨਿ ਪਰਮ ਬਡੇਰੇ !। ਹੁਤੀ ਜਿਤੀਕ ਰਿਦੇ ਸੁਧ ਮੇਰੇ। ਤਿਤੀ ਕਥਾ ਇਹੁ ਦੀਨ ਸੁਨਾਈ। ਰਾਵਰ ਕੀ ਮੈਂ ਪਾਇ ਰਜਾਈ ॥ ੫੫ ॥ ਤਲਵੰਡੀ ਮਹਿਂ ਰਹਯੋ ਬਹੋਰੀ। ਧਯਾਨ ਕਰੌਂ ਬੰਦੌਂ ਤਿਹ ਠੌਰੀ। ਜਬਿ ਮੈਂ ਸੁਨਯੋ ਦੁਤਿਯ ਕਿਯ ਬੇਖਾ[3]। ਦਰਸ ਹੇਤ ਭੀ ਚਾਹਿ ਵਿਸ਼ੇਖਾ ॥ ੫੬ ॥ ਤਤਛਿਨ ਤੁਮਰੇ ਆਇ ਸਮੀਪਾ।ਦਰਸੇ ਤੁਮ ਤੇਹਣ ਕੁਲ ਦੀਪਾ। ਸੋ ਸ੍ਰੀ ਨਾਨਕ ਹੋ ਤੁਮ ਓਹੀ।ਹੇ

---

[1]ਕਿਸ ਨੂੰ ਬਿਠਾਓਗੇ ਗੱਦੀ ਤੇ ਆਪਣੇ ਪਿਛੋਂ। [2]ਗੁਰਿਆਈ ਦੇਕੇ ਕਰੋਗੇ ਪ੍ਰਗਟ। [3]ਭਾਵ ਗੁਰੂ ਨਾਨਕ ਜੀ ਨੇ ਦੂਸਰਾ ਭੇਸ ਲੀਤਾ ਹੈ। *ਪਾ:—ਜੋ ਪਾਵਹਿ ਜਗ ਗੁਰਤਾ ਆਈ।

Sri Satguru Jagjit Singh Ji eLibrary NamdhariElibrary@gmail.com

ਪ੍ਰਤੀਤ ਅਤਿਸ਼ੈ ਦ੍ਰਿੜ ਮੋਹੀ ॥ ੫੭ ॥ ਅਪਨੀ ਕਥਾ ਆਪ ਲਿਖਿਵਾਈ। ਦਾਸ ਜਾਨਿ ਮੁਝ ਦੀਨ ਬਡਾਈ। ਸਭਿ ਬਿਧਿ ਅੰਤਰਜਾਮੀ ਜਾਨਹੁ।ਤੀਨ ਕਾਲ ਕੀ ਬਾਤ ਬਖਾਨਹੁ ॥੫੮॥ ਸੁਨੀ ਕਥਾ ਸ੍ਰੀ ਅੰਗਦ ਜਬਿ ਹੀ। ਹਰਖਤਿ ਉਰ ਮੁਖ ਬੋਲੇ ਤਬਿ ਹੀ।'ਸੁਨਿ ਬਾਲੇ ਸ੍ਰੀ ਗੁਰ ਸਮ* ਤੁਮ ਹੋ†। ਧੰਨ ਧੰਨ ਪੁਨ ਧੰਨ ਜਨਮ ਹੋ ॥੫੯॥ ਦੋਹਰਾ ॥ ਤੁਮਰੇ ਮੁਖ ਰਾਕਾ ਸ਼ਸ਼ੀ ਸੁਧਾ ਗਿਰਾ ਸਮ ਭਾਇ[1]।ਸਿਖ ਬ੍ਰਿੰਦਾਰਕ ਪੀਵਹੀ[2] ਨਿਤਪ੍ਰਤਿ ਨਹੀ ਅਘਾਇਁ[3] ॥੬੦॥ ਚੌਪਈ॥ ਇਸਕੀ ਮਹਿਮਾ ਕਹੀ ਨ ਜਾਇ। ਸੁਨਿਕੈ ਚਾਰ ਪਦਾਰਥ ਪਾਇ। ਨਹੀ ਅਲਭ ਵਸਤੁ ਹੈ ਕੋਈ। ਜਿਉ ਪਾਰਸ[4] ਧਨ ਤੋਟ ਨ ਹੋਈ ॥੬੧॥ ਪਰ ਉਪਕਾਰ ਕੀਓ ਜਗ ਪਰ ਤੁਮ। ਮਹਿਮਾ ਅਪਰ ਨ ਕੋ ਇਸ ਕੇ ਸਮ। ਸੁਨਹਿ ਪਢਹਿ ਹਿਤ ਕਰਿ ਪੁਨ ਸੁਨਹਿ। ਪ੍ਰੀਤ ਕਰਹਿ ਸ੍ਰੀ ਗੁਰ ਗੁਨ ਗੁਨਹਿ[5] ॥ ੬੨॥ ਕਲੁਖ ਬਿਪੁਲ ਬਿਕਲਾਹਿ ਪਰਾਹੀ[6]। ਨਿਸ਼ਚਾ ਧਰੈ, ਸ਼ਾਂਤਿ ਹ੍ਵੈ ਆਹੀ। ਸ੍ਰੀ ਨਾਨਕ ਪਦਪੰਕਜ ਮਾਂਹੀ। ਸ਼ਰਧਾ ਵਧੈ ਮੁਕਤਿ ਫਲ ਤਾਂਹੀ' ॥ ੬੩ ॥ ਪੁਨਿ ਬਾਲੇ ਬੰਦੇ ਦ੍ਵੈ ਹਾਥਾ। ਬੋਲ੍ਯੋ ਬਚਨ 'ਸੁਨਹੁ ਮਮ ਨਾਥਾ!।ਭਯੋ ਹਦੂਰ[7] ਜਿਤੋ ਇਤਿਹਾਸਾ। ਸੋ ਬਰਨਨ ਕੀਨੋ ਤੁਧ ਪਾਸਾ ॥ ੬੪ ॥ ਇਸ ਆਗੇ ਸੁਧ ਮੋਹਿ ਨ ਕੋਊ। ਰਾਵਰ ਸਰਬ ਜਾਨਿ ਹੋ ਸੋਊ। ਜਰਾ ਗ੍ਰਸੀ[8] ਅਬ ਕਾਯਾਂ ਮੇਰੀ। ਲਖਹੁ ਆਰਬਲ ਭਈ ਬਡੇਰੀ ॥ ੬੫ ॥ ਇਹ ਅਬ ਛੁਟਹਿ ਬਚਨ ਨਿਜ ਕਰੀਏ। ਜਗ ਸਾਗਰ ਤੇ ਮੋਹਿ ਉਧਰੀਏ'। ਸ੍ਰੀ ਅੰਗਦ ਸੁਨਿਕੈ ਮੁਸਕਾਨੇ। 'ਕਿਉਂ ਅਸ ਆਪ ਉਤਾਇਲ[9] ਠਾਨੇ ॥ ੬੬ ॥ ਅਬ ਦ੍ਵੈ ਮਾਸ ਬੈਸ ਹੈ ਤੇਰੀ। ਪੁਨ ਸਰੀਰ ਹੈ ਭਸਮ ਸੁ ਢੇਰੀ। ਤਬਿ ਲਗ ਹਮ ਢਿਗ ਰਹੁ ਹਿਤ ਸਾਥਾ।

---

[1] ਮੂੰਹ ਪੂਰਨਮਾਸ਼ੀ ਦਾ ਚੰਦਰਮਾਂ ਹੈ ਬਾਣੀ ਅੰਮ੍ਰਿਤ ਰੂਪ ਹੈ (ਪ੍ਰੇਮ ਵਾਲੀ)। [2] ਸਿਖ ਰੂਪੀ ਦੇਵਤੇ ਪੀਣਗੇ। [3] ਰੱਜਣਗੇ ਨਹੀਂ। [4] ਪਾਰਸ (ਦੇ ਕੋਲ ਹੁੰਦਿਆਂ)। [5] ਵਿਚਾਰਨਗੇ। [6] ਪਾਪ ਸਾਰੇ ਹੀ ਘਬਰਾ ਕੇ ਨੱਸ ਜਾਣਗੇ। [7] ਮੇਰੇ ਸਾਹਮਣੇ। [8] ਬੁਢੇਪੇ ਨੇ। [9] ਛੇਤੀ, ਕਾਹਲ।

*ਇਹ ਵਾਕ ਨਾ ਗੁਰੂ ਅੰਗਦ ਜੀ ਉਚਾਰ ਸਕਦੇ ਹਨ, ਨਾ ਬਾਲਾ ਸੁਣ ਸਕਦਾ ਹੈ ਨਾ ਕਵਿ ਜੀ ਇਹ ਲਿਖ ਸਕਦੇ ਹਨ। ਨਾ ਗੁਰੂ ਅੰਗਦ ਜੀ ਸੱਚੇ ਮੁਰੀ ਯਾ ਵਡਿਆਈ ਲਈ ਕਦੇ ਆਪਣੇ ਅਰਸ਼ੀ ਪ੍ਰੀਤਮ ਦੇ ਤੁੱਲ ਕਿਸੇ ਨੂੰ ਕਹਿ ਸਕਦੇ ਹਨ ? ਇਹ ਬੀ ਕਿਸੇ ਆਦਿ ਲਿਖਾਰੀ ਦੀ ਭੁੱਲ ਹੈ। ਗ਼ਾਲਬਨ ਏਥੇ ਇਸ ਪ੍ਰਕਾਰ ਦਾ ਪਾਠ ਹੋਣਾ ਹੈ:—ਸੁਣ ਬਾਲੇ ਸ੍ਰੀ ਗੁਰ ਪ੍ਰਿਯ ਤੁਮ ਹੋ। †ਪਾ:—ਕੋ।

Sri Satguru Jagjit Singh Ji eLibrary NamdhariElibrary@gmail.com

ਪਰਚਹੁ ਸੁਨਹੁ ਕਰਹੁ ਗੁਰ ਗਾਥਾ'।੬੭। ਸੁਨਿਕੈ ਹਰਖਤਿ ਹ੍ਵੈ ਕਰਿ ਬਾਲਾ। ਰਹ੍ਯੋ ਸਮੀਪ ਸੁਖਦ ਤਿਹ ਕਾਲਾ[1] । ਕਹੈ ਸੁਨੈ ਗੁਰ ਕੇ ਗੁਨ ਔਰੀ । ਦੋਇ ਮਾਸ ਜਬਿ ਬਿਤੇ ਬਹੋਰੀ ॥੬੮॥ ਪਰਾਲਬਧ ਭੋਗੀ ਨਿਜ ਜਬਿਹੀ। ਅਯੋ ਸਮਾਂ ਤਨ ਬਿਨਸਨ ਤਬਿਹੀ । ਸ੍ਰੀ ਅੰਗਦ ਕੋ ਕਰਿਕੈ ਬੰਦਨ।ਬਹੁਰ ਧਯਾਨ ਧਰਿ ਦੋਖ ਨਿਕੰਦਨ ॥੬੯॥ ਧਰਨੀ ਕੋ ਪੁਨੀਤ ਕਰਿਵਾਏ। ਪੌਢ੍ਯੋ[2] ਸ੍ਰੀ ਨਾਨਕ ਉਰ ਧਯਾਏ। ਤਨਕ ਬਿਖੈ ਨਿਜ ਤਨ ਕੋ ਤਯਾਗੀ[3] । ਪਹੁੰ-ਚਯੋ ਪਰਮ ਪਦੈ ਬਡ ਭਾਗੀ ॥੭੦॥ ਸ੍ਰੀ ਅੰਗਦ ਮਹਿੰ ਜੋਤਿ ਸਮਾਨੀ। ਜਿਉਂ ਪਾਨੀ ਮਹਿ ਮਿਲਿਹੈ ਪਾਨੀ।ਤਿਹ ਛਿਨ ਸ੍ਰੀਤੇਹਣ ਕੁਲਰਾਈ।ਕਹਿਕੈਭਲੀ ਚਿਤਾ[4] ਕਰਿਵਾਈ॥ ੭੧ ॥ ਸਿੱਖਨ ਤੇ ਤਨ ਕੋ ਉਚਵਾਇ। ਰਾਖਯੋ ਊਪਰ ਤਾਂਹਿ ਬਨਾਇ। ਬਹੁਰੋ ਆਪ ਨਿਕਟਿ ਚਲਿ ਆਏ। ਤ੍ਰਿਣ ਅਗਨੀ ਕੋ ਹਾਥ ਉਚਾਏ[5] ॥੭੨॥ ਤਬ ਸਿਖ ਬਰਜ[6] ਰਹੇ ਬਹੁ ਬਾਰੀ। ਨਿਜ ਕਰ ਸੰਗਿ ਦਾਹੁ ਦੇ ਜਾਰੀ[7] । ਜਿਹ ਸਤਿਗੁਰ ਕੋ ਸੇਵਕ ਪਯਾਰੇ। ਅਪਰ ਨ ਕਿਛੁ ਗਿਲਤੀ ਉਰਧਾਰੇ।੭੩।ਬੈਸੇ ਬਹੁਰ ਸਰਬ ਸਿਖ ਮਾਂਹੀ। ਬਾਲੇ ਕੀ ਉਸਤਤਿ ਬਹੁ ਪ੍ਰਾਹੀ[8]।'ਧੰਨ ਧੰਨ' ਸਭਿ ਹੀ ਨਰ ਕਹਿਹੀਂ। 'ਸ੍ਰੀ ਨਾਨਕ ਹਿਤਕਾਰੀ ਅਹਿਹੀ' ॥ ੭੪ ॥ ਇਤਿ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਭਾਈ ਬਾਲੇ ਕੋ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਛਿਤਾਲੀਸਮੋ ਅਧਯਾਯ ॥ ੪੬ ॥

੪੭. [ਸ਼ਾਰਦਾ ਮੰਗਲ, ਸ੍ਰੀ ਪਰਮ ਪਾਵਨ ਲਹਿਣਾ ਜੀ ਮਿਲਾਪ]

ਦੋਹਰਾ ॥ ਸਾਰਸੁਤੀ ਸਿਮਰਨ ਉਦਧਿ ਕਵਿਤਾ ਪ੍ਰਦ ਜਿਉਂ ਇੰਦ ।
ਬਿਗਸਤਿ ਸ੍ਰੋਤਾ ਕੁਮਦ ਸੁਨਿ ਕੋਕ ਬਿਮੁਖ ਦੁਖ ਦ੍ਵੰਦ ॥੧॥

{ ਉਦਧਿ=ਸਮੁੰਦ੍ਰ। ਪ੍ਰਦ=ਦਾਤਾ [ਸੰਸ:, ਪ੍ਰਦ:]
ਕੋਕ=ਚਕਵੀ ਚਕਵਾ। }

ਅਰਥ—ਸਮੁੰਦਰ (ਰੂਪੀ) ਸਾਰਦਾ ਦਾ ਸਿਮਰਨ ਮਾਨੋਂ ਕਵਿਤਾ (ਰੂਪੀ) ਚੰਦ੍ਰਮਾ ਦਾ ਦਾਤਾ ਹੈ (ਜਿਸਨੂੰ) ਸੁਣਕੇ ਕੁਮਦਨੀ ਵਾਙੂੰ (ਪ੍ਰੇਮੀ) ਸ਼੍ਰੋਤੇ ਤਾਂ ਖਿੜ ਜਾਂਦੇ ਹਨ (ਪਰ ਛੁੱਟੜ) ਚਕਵੀ ਵਾਂਙੂ ਬੇਮੁਖ (ਲੋਕ) ਬੜੇ ਦੁਖੀ ਹੁੰਦੇ ਹਨ।

ਚੌਪਈ ॥ ਅਬਿ ਸ੍ਰੀ ਅੰਗਦ ਕੀ ਸੁਨਿ ਕਥਾ। ਭਈ ਜਥਾ ਉਚਰੋਂ ਮੈਂ

---

[1]ਸੁਖਦਾਤੇ ਦੇ ਕੋਲ ਰਿਹਾ ਉਸ ਵੇਲੇ। [2]ਲੇਟ ਗਿਆ। [3]ਭਾਵ ਖੇਦ ਕੋਈ ਨਹੀਂ ਹੋਇਆ, ਜਿਵੇਂ ਪੱਕਾ ਫਲ ਹੱਥ ਲਾਂਦਿਆਂ ਡਾਲੀ ਤੋਂ ਟੁੱਟ ਪੈਂਦਾ ਹੈ ਤਿਵੇਂ ਛਿਨ ਵਿਚ ਸਰੀਰ ਤੋਂ ਆਤਮਾ ਉਡਾਰੀ ਮਾਰ ਗਈ। [4]ਚਿਖਾ। [5]ਹੱਥ ਵਿਚ ਚੁੱਕ ਕੇ। [6]ਰੋਕ। [7](ਤਾਂ ਬੀ) ਅਪਨੇ ਹੱਥਾਂ ਨਾਲ ਹੀ ਦਾਹ ਦੇ ਕੇ (ਦੇਹ) ਸਾੜੀ। [8]ਕਹਿੰਦੇ ਹਨ।

ਤਬਾ*। ਜੰਗਲ ਮਤੇ ਜੁ ਹੁਤੀ ਸਰਾਇ†। ਮਨ ਪੁਨੀਤ–ਫੇਰੂ–ਤਹਿਂ ਥਾਇ ॥੨॥ ਤਿਹਣ ਗੋਤ, ਛੱਤ੍ਰੀ ਜਿਹ ਜਾਤੀ। ਕਰਮ ਧਰਮ ਮਹਿ ਸਭ ਬੱਖ੍ਯਾਤੀ[੧]। ਤਿਹ ਘਰ ਜਨਮ੍ਯੋ‡ ਸੁਤ ਸੁਖਦਾਈ। ਲਹਿਣਾ ਨਾਮ ਧਰ੍ਯੋ ਹਿਤ ਲਾਈ ॥ ੩ ॥ ਜਨਮਤਿ ਭਗਤਿ ਸੰਗਿ ਜਿਸ ਆਈ। ਕਿਧੌਂ ਤਾਂਹਿ ਨਿਜ ਦੇਹਿ ਬਨਾਈ। ਧੀਰਜ ਖਿਮਾਂ ਭੁਜਾ[੨] ਜਿਹ ਸੋਹੈ। ਅਜਰ ਜਰਨ[੩] ਸ਼ੁਭ ਰਿਦਾ ਭਯੋ ਹੈ ॥੪॥ ਮੈਤ੍ਰੀ, ਮੁਦਿਤਾ[੪], ਜਾਂਘ[੫] ਸੁਹਾਈ। ਕਟ[੬] ਕਰੁਨਾ ਕੀ ਅਤਿ ਛਬਿ ਪਾਈ। ਭਾਉ[੭] ਬਦਨ, ਮਨ ਪ੍ਰੇਮ ਬਨਾਏ। ਸਮ ਦਮ[੮] ਜਾਂਕੇ ਕਰਨ ਸੁਹਾਏ ॥ ੫ ॥ ਧ੍ਯਾਨ ਕਰਨ ਲਿਵ ਲਾਗਨ ਜੋਊ[੯]। ਦ੍ਵੈ ਲੋਚਨ ਸ਼ੋਭਤਿ ਸ਼ੁਭ ਸੋਊ। ਗ੍ਯਾਨ ਸੀਸ[੧੦] ਜਿਹ ਕੇਰ ਬਿਰਾਜਤਿ। ਸਤਿਸੰਗਤ ਸ਼ਿੰਗਾਰ ਸ਼ੁਭ ਛਾਜਤਿ[੧੧] ॥ ੬ ॥ ਇਸ ਪ੍ਰਕਾਰ ਧਰਿ ਜਨਮ ਸੁਹਾਵਾ। ਬ੍ਰਿਧੈ ਦੇਹਿ ਜਿਉਂ ਕਾਲ ਬਿਤਾਵਾ। ਚੌਦਹਿ ਬਰਖ ਆਰਬਲ[੧੨] ਹੋਈ। ਜਿਨਹਿ ਬਿਕਾਰ ਨ ਪਰਸ੍ਯੋ ਕੋਈ ॥ ੭ ॥ ਖੱਤ੍ਰੀ ਇਕ ਖਡੂਰ ਮਹਿਂ ਰਹਿਹੀ। ਸੁਤਾ ਨਿਕੇਤ ਤਾਂਹਿ ਕੇ ਅਹਿਹੀ। ਭੇਜਿ ਮਨੁਜ ਤਿਨ ਕੀਨਿ ਸਗਾਈ। ਕਿਤਿਕ ਸਮਾਂ ਪੁਨ ਦੀਨ ਬਿਤਾਈ ॥੮॥ ਕਰਿਓ ਬਯਾਹ ਦਾਜ ਬਹੁ ਦੀਨਾ। ਦੇਖਿ ਜਮਾਤਾ[੧੩] ਆਨਿੰਦ ਭੀਨਾ। ਗਏ ਗ੍ਰਾਮ ਨਿਜ ਰਹੇ ਬਹੋਰੀ। ਕਿਤਿਕ ਕਾਲ ਬਿਤਿਓ ਤਿਸ ਠੌਰੀ ॥ ੯ ॥ ਇਕ ਦਿਨ ਚਢੀ ਬਲੋਚਨ ਧਾਰੀ[੧੪]। ਜੰਗਲ ਮਤੇ ਸਰਾਇਂ ਸੁ ਮਾਰੀ। ਢਾਹਿ ਨਿਕੇਤ ਥੇਹ ਸੋ ਕੀਨਾ। ਬਹੁਰ ਨ ਕੋਊ ਬਸਨੇ ਦੀਨ ॥੧੦॥ ਸ਼੍ਰੀ ਲਹਿਣਾ ਤਬਿ ਤੇ ਤਜਿ ਗ੍ਰਾਮੂ। ਆਨਿ ਖਡੂਰ ਬਿਖੈ ਕਿਯ ਧਾਮੂ। ਰਹੇ ਤਹਾਂ ਪੁਨ ਗਏ ਕਿਥਾਂਵ ਨ[੧੫]। ਬਹੁਤੇ ਕੀਨੋ ਸਮਾਂ ਬਿਤਾਵਨ ॥੧੧॥ ਗ੍ਰਾਮ ਖਡੂਰ ਨਾਰਿ ਨਰ ਜੋਊ। ਸ਼ੇਵਕ ਦੁਰਗਾ ਕੇ ਸਭਿ ਸੋਊ।

[੧]ਪ੍ਰਗਟ ਸੀ। [੨]ਧੀਰਜ ਤੇ ਖਿਮਾਂ ਦੋ ਬਾਹਾਂ। [੩]ਨਾ ਜਰੀ ਜਾਣ ਵਾਲੀ ਸ਼ਕਤੀ ਨੂੰ ਜਰ ਲੈਣਾ। [੪]ਮਿੱਤ੍ਰਤਾ ਤੇ ਅਨੰਦਤਾ। [੫]ਲੱਤਾਂ। [੬]ਲੱਕ। [੭]ਸ੍ਰਧਾ, ਸਤਿਕਾਰ। [੮]ਸਮ=ਅੰਦ੍ਰੀਵ ਇੰਦ੍ਰਿਆਂ ਨੂੰ ਵੱਸ ਕਰਨਾ। ਦਮ=ਬਾਹਰਲੇ ਇੰਦ੍ਰਯ ਵਸ ਕਰਨੇ। [੯]ਧਿਆਨ ਕਰਨਾ ਤੇ ਲਿਵ ਲਗਨਾ ਜੋ ਹੈ। [੧੦]ਗ੍ਯਾਨ ਰੂਪੀ ਸੀਸ। [੧੧]ਫਬ ਰਿਹਾ ਹੈ। [੧੨]ਆਯੂ। [੧੩]ਜਵਾਈ। [੧੪]ਬਲੋਚਾਂ ਦੀ ਧਾੜ (ਡਾਕੂ)। [੧੫]ਕਿਸੇ ਥਾਂ ਨਾ।

*ਹੁਣ ਕਥਾ ਕਵਿ ਜੀ ਆਪ ਕਹਿਣ ਲੱਗੇ ਹਨ।

†ਮੱਤੇ ਦੀ ਸਰਾਇਂ ਜੋ ਜੰਗਲ ਭਾਵ ਮਾਲਵੇ ਵਿਚ ਸੀ, ਇਹ ਥਾਂ ਮੁਕਤਸਰ ਤੋਂ ਤ੍ਰੈ ਮੀਲ ਹੈ ਤੇ ਹੁਣ ਨਾਂਗੇ ਦੀ ਸਰਾਂ ਕਹਾਉਂਦੀ ਹੈ।

‡ਆਪ ਦਾ ਅਵਤਾਰ ਵੈਸਾਖ ਸੁਦੀ ੧ ਸੰ: ੧੫੬੧ ਬਿ: ਵਿਚ ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

ਜਾਹਿਂ[1] ਬਰਖ ਦਿਨ ਮਹਿਂ ਸ੍ਰੀ ਜ੍ਵਾਲਾ*। ਪਰਸਿ ਕਾਂਗੜੇ ਹਰਖ ਬਿਸਾਲਾ ॥ ੧੨ ॥ ਲਹਿਣਾ ਸਭਿ ਮਹਿਂ ਮੁਖਿ ਹ੍ਵੈ ਜਾਈ। ਇਸ ਬਿਧਿ ਕਰਿਹੇ ਨੇਮ ਸਦਾਈ॥ਇਕ ਸਿੱਖ ਸ੍ਰੀ ਨਾਨਕ ਕੇਰਾ। ਰਹਿ ਖਡੂਰ ਜਿਸ ਪ੍ਰੇਮ ਘਨੇਰਾ ॥ ੧੩ ॥ ਪਢੈ ਸਦੀਵ ਗੁਰੂ ਕੀ ਬਾਨੀ। ਸੇਵ ਆਨ[2] ਕੀ ਰਿਦੇ ਨ ਆਨੀ[3]। ਸ਼ਰਧਾ ਸ੍ਰੀ ਨਾਨਕ ਪਗ ਮਾਂਹੀ॥ ਪ੍ਰੇਮਾਨੰਦ ਰਹੇ ਨਿਤ ਤਾਂਹੀ ॥੧੪॥ ਏਕ ਦਿਵਸ ਮਹਿਂ ਇਕ ਮਨ ਹੋਈ। ਬਾਨੀ ਪਢੈ ਪ੍ਰੇਮ ਯੁਤ ਸੋਈ॥ਸੁਨੇ ਸ਼ਬਦ ਸ੍ਰੀ ਲਹਿਣੇ ਜਬਿਹੀ॥ ਜਾਗਯੋ ਰਿਦੇ ਪ੍ਰੇਮ ਬਹੁ ਤਬਿਹੀ ॥੧੫॥ ਸਿੱਖ ਹਕਾਰਯੋ ਬੂਝਯੋ[4] ਤਾਂਕੋ। 'ਤੁਮ ਜੋ ਪਢਤਿ ਸ਼ਬਦ ਕਹੁ ਕਾਂਕੋ[5]'। ਸਿੱਖ ਕਹਯੋ 'ਗੁਰ ਨਾਨਕ ਮੇਰਾ। ਪੜ੍ਹੋਂ ਸ਼ਬਦ ਤਿਨ ਕੋ ਮੈਂ ਚੇਰਾ' ॥ ੧੬ ॥ ਦੋਹਰਾ ॥ ਤਬ ਲਹਿਣੇ ਮਨ ਮੈਂ ਗਿਣੀ-ਜਿਸਕੇ ਐਸੇ ਬੈਨ। ਗੁਰੁ ਕਰੋਂ ਤਾਂਕੋ ਅਬੈ, ਸੁਨਤਿ ਹੋਤਿ ਮਨ ਚੈਨ ॥ ੧੭ ॥ ਚੌਪਈ ॥ ਸੁਨਯੋ ਸ੍ਰਵਨ ਮਹਿਂ ਸੁਜਸੁ ਅਗਾਰੇ। ਸ੍ਰੀ ਨਾਨਕ ਹੈਂ ਗ੍ਯਾਨ ਉਦਾਰੇ। ਹਮਰੇ ਗ੍ਰਾਮ ਪ੍ਰਵਿਰਤ ਨ ਆਹੀ। ਦਰਸ਼ਨ ਪਰਸ ਨ ਕੋ ਤਿਨ ਜਾਹੀ ॥ ੧੮ ॥ ਔਰ ਨ ਕਿਸਕੀ ਸੰਗਤਿ ਹੋਈ॥ ਜਾਂਤੇ ਪਿਖਉਂ ਜਾਇ ਗੁਰ ਸੋਈ। ਸੁਨਯੋ ਸ਼ਬਦ ਇਨ ਸਿਖ ਜੁ ਬਖਾਨਯੋ। ਦਰਸ ਕਰੋਂ ਮਨ ਬਹੁਰ ਲੁਭਾਨਯੋ॥ ੧੯॥ ਦੋਹਰਾ ॥ ਜ੍ਵਾਲਾ ਪਰਸਨ ਕੋ ਸਮੇਂ ਆਯੋ ਅਬਹੀ ਨੇਰ॥ਤਿਹ ਮਗ ਸਭਿ ਨਰ ਲੈ ਚਲੋਂ ਲੇਵੈਂ ਦਰਸ਼ਨ ਹੇਰਿ-॥੨੦॥ ਤਬਿ ਤਿਂਹ ਸਿਖ ਕੇ ਪਾਸ ਤੇ[6] ਸ਼ਬਦ ਕੰਠ ਕਰਿ ਲੀਨ। ਨਿਤਪ੍ਰਤਿ ਪਢਿਹੀ ਪ੍ਰੇਮ ਕਰਿ ਉਪਜੇ ਭਾਉ[7] ਨਵੀਨ ॥ ੨੧ ॥ ਚੌਪਈ॥ ਮਿਲਿਨੇ ਕੀ ਅਭਿਲਾਖਾ ਐਸੇ। ਮਧੁਕਰ[8] ਖੋਜਤਿ ਪੁਸ਼ਕਰ[9] ਜੈਸੇ। ਜਿਉਂ ਮ੍ਰਿਗ ਪ੍ਯਾਸੋ ਜਲ ਕੋ ਚਾਹੇ।ਜਿਉਂ ਚਾਤ੍ਰਿਕ[10] ਇਕ ਬੂੰਦ ਬਿਨਾਹੇ[11] ॥੨੨॥ ਦੇਵੀ ਪਰਸਨ ਦਿਨ ਪੁਨ ਆਯੋ। ਸਭਿਨਿ ਲਿਜਾਵਨ ਮਨ ਠਹਿਰਾਯੋ। ਅਧਿਕ ਭਏ ਨਰ ਲਹਿਣੇ ਸੰਗਾ। ਗਮਨੇ ਜ੍ਵਾਲਾ ਸਹਿਤ ਉਮੰਗਾ॥

[1]ਜਾਂਦੇ ਹੁੰਦੇਸਨ। [2]ਹੋਰ। [3]ਨਹੀਂ ਸੀ ਲਿਆਂਵਦਾ। [4]ਬੁਲਾਇਆ ਤੇ ਪੁੱਛਿਆ। [5]ਕਿਸ ਦਾ ਹੈ। [6]ਕੋਲੋਂ। [7]ਪ੍ਰੇਮ। [8]ਭੌਰਾ। [9]ਫੁੱਲ। [10]ਪਪੀਹਾ। [11]ਇਕ ਬੂੰਦ ਲਈ ਬੇਨਤੀ ਕਰਦਾ ਹੈ, (ਅ) (ਜਿਵੇਂ) ਇਕ ਬੂੰਦ ਬਿਨਾ ਰੋਵੇ (ਭਾਵ ਵ੍ਯਾਕੁਲ)।

*ਜਵਾਲਾ ਜੀ ਨਾਮੇ ਟਿਕਾਣਾ ਕਾਂਗੜੇ ਦੇ ਜ਼ਿਲੇ ਵਿਚ ਹੈ, ਜਿੱਥੋਂ ਕੁਦਰਤੀ ਲਾਟ ਨਿਕਲਕੇ ਬਲਦੀ ਹੈ ਤੇ ਹਿੰਦੂ ਦੇਵੀ ਸਮਝਕੇ ਪੂਜਦੇ ਹਨ। ਮਹਾਰਾਜਾ ਰਣਜੀਤ ਸਿੰਘ ਦਾ ਬਣਵਾਇਆ ਗੁਰਦੁਆਰਾ ਦੇਵੀ ਦੇ ਭੌਣ ਦੇ ਨਾਲ ਵਾਰ ਏਥੇ ਹੈ, ਜੋ ਸਿੱਖੀ ਪ੍ਰਚਾਰ ਨਮਿੱਤ ਰਚਿਆ ਗਿਆ ਸੀ, ਪਰ ਹੁਣ ਪ੍ਰਚਾਰ ਕੋਈ ਨਹੀਂ ਹੋ ਰਿਹਾ।

Sri Satguru Jagjit Singh Ji eLibrary NamdhariElibrary@gmail.com

੨੩ ॥ ਸਰਬ ਸੰਗ ਸੋਂ ਕਹਯੋ ਸੁਨਾਈ। 'ਅਪਰ ਪੰਥ[1] ਚਲਿਕੈ ਅਬ ਜਾਈਂ। ਸ੍ਰੀ ਗੁਰ ਨਾਨਕ ਪੁਰਖ ਮਹਾਨਾ। ਤਿਹ ਕੋ ਦਰਸ਼ ਕਰਹੁ ਮਤਿ-ਵਾਨਾ[2]! ॥੨੪॥ ਇਹ ਮਗ ਜਾਵਨ ਫਲ ਸੁ ਬਿਸਾਲੇ। ਦ੍ਵੈ ਕੋ ਦਰਸ਼ਨ ਹੋਇ ਸੁਖਾਲੇ'।ਇਉਂ ਸੁਨਿ ਨਰ ਬਹੁ ਸੰਗ ਸਿਧਾਰੇ। ਕਹੈਂ ਕਿ 'ਚਲਹੁ ਸੁ ਲੇਹੁ ਨਿਹਾਰੇ'॥੨੫॥ਬਹੁਤ ਭੀਰ ਨਿਜ ਲੇਕਰਿ ਸੰਗਾ। ਗਮਨਯੋ ਲਹਿਣਾ ਭਾਗ ਉਤੰਗਾ[3]। ਕ੍ਰਮ ਕ੍ਰਮ ਸਗਰੋ ਮਾਰਗ ਛੋਰੀ[4]। ਪਹੁੰਚੇ ਪੁਰਿ ਕਰ-ਤਾਰਹਿ ਠੋਰੀ ॥ ੨੬ ॥ ਵਹਿਰ ਤਿਸ਼ਟ ਇਕ ਮਨੁਜ ਬੁਝੇਰਾ[5]। ਇਹ ਜੋ ਗ੍ਰਾਮ ਅਹੈ ਕਿਸ ਕੇਰਾ[6]?'ਕਹੈ ਸੁ ਨਰ'ਜਗ ਗੁਰ ਗਤਿਦਾਈ।ਸ੍ਰੀ ਨਾਨਕ ਜੋ ਤਪਾ ਕਹਾਈ ॥੨੭॥ ਬਹੁ ਨਰ ਦੂਰ ਦੇਸ਼ ਤੇ ਆਵਹਿ। ਦਰਸ ਕਰਹਿ ਨਿਜ ਇੱਛ ਪੁਜਾਵਹਿ। ਨਿਜ ਉਪਦੇਸ਼ਯੋ ਜਗ ਮਹਿ ਨਾਮੂ। ਤਿਨ ਕੋ ਜਾਨਿ ਲੇਹੁ ਇਹੁ ਗ੍ਰਾਮੂ' ॥੨੮॥ਸੁਨਿ ਲਹਿਣੇ ਕੇ ਸੰਗੀ ਕਹਿਹੀਂ।'ਜਿਸਕੇ ਸ਼ਬਦ ਪਢਤਿ ਤੂੰ ਰਹਿਹੀਂ। ਦਰਸ਼ਨ ਨਿਤਪ੍ਰਤਿ ਰਿਦੇ ਚਹਿਤ ਹੈਂ। ਸੋ ਸ੍ਰੀ ਨਾਨਕ ਇਹਾਂ ਬਸਤਿ ਹੈਂ' ॥ ੨੯ ॥ ਸੁਨਿ ਹਰਖਯੋ ਨਹਿ ਅੰਗ ਸਮਾ-ਵਹਿ। ਜਿਉਂ ਕਿਰਪਨ ਕੋ[6] ਧਨ ਬਹੁ ਪਾਵਹਿ। ਭਯੋ ਠਾਂਢਿ ਨਿਜ ਸਾਥ ਅਗਾਰੀ। ਸਭਿਹਿਨਿ ਸੋਂ ਅਸ ਗਿਰਾ ਉਚਾਰੀ ॥ ੩੦ ॥ ਦੋਹਰਾ ॥ 'ਠਹਿਰੋ ਇਹ ਠਾਂ ਤੁਮ ਸਭੈ,ਹੌਂ ਦਰਸ਼ਨ ਕਰਿ ਆਇ। ਬਹੁਰੋ ਡੇਰਾ ਕਰੈਂ ਮਿਲਿ ਕਿਧੌਂ ਅਗਾਰੀ ਜਾਇ' ॥ ੩੧ ॥ ਚੌਪਈ ॥ ਅਸ ਕਹਿ ਗ੍ਰਾਮ ਸਾਮੁਹੇ ਗਮਨੇ[7]।ਮਨ ਮੈਂ ਗੁਨੀ ਗੁਰੂ ਗੁਨ ਭਵਨੇ[8]।-ਸੇਵਕ ਹਮਰਾ ਆਵਤਿ ਸੋਈ। ਮੋਹਿ ਰਾਜ ਕਾ ਧਨੀ ਜੁ ਹੋਈ[9]-॥ ੩੨॥ ਨਿਜ ਆਸਨ ਤਜਿ ਕਰਿ ਤਬਿ ਆਏ। ਵਹਿਰ ਗ੍ਰਾਮ ਠਾਂਢੇ ਇਕ ਥਾਂਏ। ਮਿਲੇ ਸਰਬ ਤੇ ਹੋਇ ਨਿਆਰੇ* । ਸ੍ਰੀ ਨਾਨਕ ਲਹਿਣੇ ਨਿਜ ਪਜਾਰੇ[10] ॥ ੩੩ ॥ ਦੋਹਰਾ ॥ ਅਵਲੋਕਤਿ ਬੋਲਯੋ ਤਬੈ 'ਸ੍ਰੀ ਨਾਨਕ ਗੁਨ ਖਾਨਿ। ਤਿਨ ਦਰਸ਼ਨ ਕੀ ਚਾਹਿ ਮੁਝ ਅਹੈ ਸੁ ਕੌਨੇ ਥਾਨ?' ॥੩੪॥ ਚੌਪਈ ॥ ਸ੍ਰੀ ਪ੍ਰਭੁ[11] ਸੁਨਿ ਕੈ ਬੈਨ ਉਚਾਰੇ। 'ਆਵਹੁ ਤੁਮ ਹਮਰੇ ਸੰਗਾਰੇ। ਸ੍ਰੀ ਨਾਨਕ ਕੋ ਦੇਉਂ ਦਿਖਾਇ। ਜਿਹ ਕੋ ਤੂੰ

[1]ਹੋਰ ਰਾਹ। [2]ਹੇ ਮਤਿਵਾਨੋ! [3]ਉੱਚੇ ਭਾਗਾਂ ਵਾਲਾ। [4]ਲੰਘੇ। [5]ਖੜੋਕੇ ਇਕ ਮਨੁਸ਼ਜ ਤੋਂ ਪੁੱਛਿਆ। [6]ਕੇਹੀ। [7]ਪਿੰਡ ਵਲ ਮੁਖ ਕਰਕੇ ਚਲੇ (ਸ੍ਰੀ ਲਹਿਣਾ ਜੀ)। [8](ਓਧਰ) ਗੁਣਾਂ ਦੇ ਘਰ (ਗੁਰੂ ਨਾਨਕ ਜੀ) ਨੇ ਮਨ ਵਿਚ ਵਿਚਾਰਿਆ। [9]ਮਾਲਕ ਜੋ ਹੋਵੇਗਾ। [10]ਗੁਰੂ ਨਾਨਕ ਜੀ ਆਪਣੇ ਪਿਆਰੇ ਲਹਿਣੇ ਜੀ ਨੂੰ (ਮਿਲੇ)। [11]ਭਾਵ ਗੁਰੂ ਨਾਨਕ ਜੀ ਨੇ।

*ਪਾ:-ਮਿਲੇ ਸਰਬ ਨਰ ਤੇ ਹੁਇ ਨਜਾਰੇ।

Sri Satguru Jagjit Singh Ji eLibrary NamdhariElibrary@gmail.com

ਬੂਝਤਿ ਹਿਤ ਲਾਏ[੧] ॥ ੩੫ ॥ ਅਸ ਕਹਿ ਸ੍ਰੀ ਗੁਰ ਚਲੇ ਅਗਾਰੀ। ਇਹ ਬਾਜਨਿ[੨] ਪਰ ਜਾਇ ਪਿਛਾਰੀ॥ ਪਹੁੰਚੇ ਜਬਿ ਸਮੀਪ ਧ੍ਰਮਸਾਲਾ॥ਬੋਲੇ ਠਾਂਢੇ ਹੋਇ ਕ੍ਰਿਪਾਲਾ ॥ ੩੬ ॥ 'ਬੜਵਾ[੨] ਪਰ ਤੇ ਅਬ ਉਤਰੀਜੈ। ਇਸ ਕਾਸ਼ਟ ਕੇ ਸੰਗ[੩] ਬੰਧੀਜੈ। ਤੁਮਰੇ ਸਨਮੁਖ ਹੈ ਦਰ[੪] ਜੋਊ। ਪ੍ਰਵਿਸ਼ਹੁ ਤਿਸ ਮਹਿ ਦਰਸ਼ਹੁ ਸੋਊ' ॥੩੭॥ ਦੋਹਰਾ ॥ ਇਸ ਪ੍ਰਕਾਰ ਮ੍ਰਿਦੁ ਬਚਨ ਕਹਿ ਤਹਿਂ ਤੇ ਆਗੇ ਜਾਇ। ਲਘੁ ਦਰ[੫] ਧ੍ਰਮਸਾਲਾ ਦੁਤਿਯ ਪ੍ਰਵਿਸ਼ੇ ਗੁਰ ਗਤਿਦਾਇ ॥ ੩੮ ॥ ਚੌਪਈ ॥ ਅੰਤਰ ਜਾਇ ਸਿੰਘਾਸਨ[੬] ਬੈਸੇ। ਧਰਨੋ ਸ਼ਰੀਰ ਸ਼ਾਂਤਿ ਰਸ ਜੈਸੇ। ਬਾਂਧਿ ਤੁਰੰਗਨਿ ਲਹਿਣਾ ਗਯੋ। ਸ੍ਰੀ ਨਾਨਕ ਕੋ ਦੇਖਤਿ ਭਯੋ ॥ ੩੯ ॥ 'ਸ਼ਰਨ ਸ਼ਰਨ' ਕਹਿ ਬੰਦਨ ਕੀਨੀ। ਅਤਿ ਸ਼ਰਧਾ ਮਹਿਂ ਮਤਿ ਜਿਹ ਭੀਨੀ। ਬੈਠਿ ਪਛਾਨਤੋ–ਹੈ ਇਹ ਸੋਈ। ਪੰਥ[੭] ਬਤਾਵਤਿ ਆਵਤਿ ਜੋਈ–॥ ੪੦ ॥ ਅਚਰਜ ਗੁਨਿਕੈ[੮] ਭਯੋ ਹਰਾਨਾ। ਔਗੁਨ ਬਡੋ ਆਪ ਤੇ ਜਾਨਾ। ਰਿਦੇ ਬਿਸੂਰਤਿ[੯]–ਜੇ ਹਉਂ ਜਾਨਤਿ। ਉਤਰ ਤੁਰੰਗਨਿ ਬੰਦਨ ਠਾਨਤਿ[੧੦]–॥੪੧॥ਦੋਹਰਾ॥ਭੀਤਭਯੋ[੧੧],ਬਿਸਮਾਦਿਓ,ਨਹਿਂ ਬੋਲੈ ਕਛੁ ਬੈਨ। –ਬਡੀ ਭੂਲ ਮੋਤੇ ਭਈ–ਰਹਨੋ ਨੀਚ[੧੨] ਕਰਿ ਨੈਨ॥ ੪੨ ॥ ਚੌਪਈ ॥–ਹੌਂ ਬਾਜਨਿ ਪਰ ਚਢਨੋ ਕੁਭਾਗਾ॥ ਪਗ ਸੋਂ ਚਲਿ ਆਏ[੧੩] ਮੁਰਿ ਆਗਾ। ਇਹ ਬਡ ਗੁਨਹਿ[੧੪] ਛਿਮਹਿ ਕਿਵ[੧੫] ਮੇਰਾ–॥ਇਸ ਬਿਧਿ ਸੋਚਤਿ ਭਯੋ ਘਨੇਰਾ ॥ ੪੩ ॥ ਸ੍ਰੀ ਨਾਨਕ ਸਭਿ ਮਨ ਕੀ ਜਾਨੀ। ਕ੍ਰਿਪਾ ਨਿਧਾਨ ਕਹੀ ਮ੍ਰਿਦੁ ਬਾਨੀ॥'ਪੁਰਖਾ ! ਕੁਸ਼ਲ[੧੬] ਤੁਮਾਰੇ ਅਹੇ?'।ਸੁਨਤਿ ਸ਼੍ਰੋਨ ਲਹਿਣੇ ਬਚ ਕਹੇ ॥੪੪॥'ਤੁਮ ਦਰਸ਼ਨ ਤੇ ਪਰਮ ਅਨੰਦਾ॥ ਪ੍ਰਾਪਤਿ ਭਯੋ ਮੋਹਿ ਸੁਖਕੰਦਾ!'। ਬੇਖ ਭਗਤ ਦੇਵੀ ਕੋ ਸਭਿਹੀ। ਕਰਿ ਬਿਚਾਰ ਕੇ ਤਜਾਗਜੋ ਤਬਿਹੀ ॥੪੫॥

ਪਗ ਸੋਂ ਘੁੰਗਰੂ ਬਾਂਧੇ ਜੋਊ।ਤੋਰਿ ਦਿਯੇ ਤੂਰਨ ਤਬਿ ਸੋਊ।ਉਰ ਤੇ ਆਸ਼ਾ ਅਪਰ ਬਿਛਾਰੀ[੧੭]। ਹੋਇ ਰਹਨੋ ਗੁਰ ਚਰਨ ਅਧਾਰੀ[੧੮] ॥ ੪੬ ॥ ਦੋਹਰਾ ॥ ਉਰ ਮਹਿ ਕਰਤਿ ਬਿਚਾਰ ਪੁਨ–ਅੰਤਰਜਾਮੀ ਜੋਯ[੧੯]। ਬਿਦਾ ਕਰਹਿਂ ਮੁਝ ਸਦਨ ਕੋ, ਆਪੇ ਆਇਸੁ ਦੇਯ[੨੦] ॥੪੭॥ ਚੌਪਈ ॥ ਉਰ ਮਹਿਂ ਧਰਿਕੈ

---

[੧]ਪੁਛਦਾ ਹੈ ਪ੍ਰੇਮ ਕਰਕੇ। [੨]ਘੋੜੀ। [੩]ਲੱਕੜੀ ਨਾਲ। [੪]ਦਰਵੱਜਾ। [੫]ਛੋਟਾ ਦਰਵੱਜਾ। [੬]ਗੱਦੀ ਉੱਤੇ। [੭]ਰਾਹ। [੮]ਸਮਝਕੇ। [੯]ਝੁਰਦਾ ਹੈ। [੧੦]ਮੱਥਾ ਟੇਕਦਾ। [੧੧]ਡਰ ਗਿਆ (ਅ) ਕੰਧ (ਭਾਵ ਬੁੱਤ) ਹੋ ਗਿਆ। [੧੨]ਨੀਵੇਂ। [੧੩](ਭਾਵ ਗੁਰੂ ਜੀ) ਟੁਰਦੇ ਆਏ। [੧੪]ਪਾਪ। [੧੫]ਕਿਵੇਂ। [੧੬]ਸੁਖਸਾਂਦ। [੧੭]ਦੂਰ ਕੀਤੀ। [੧੮]ਆਸਰੇ। [੧੯]ਜੋ ਕਹੇ। [੨੦]ਆਪੇ ਆਗਿਆ ਦੇਕੇ।

ਭਾਉ ਘਨੇਰੋ । ਪੁਨ ਆਵੌਂ ਮੈ ਦਰਸ਼ਨ ਹੇਰੌਂ-। ਰਿਦੈ ਮਨੋਰਥ ਜਬਹਿ ਉਠਾਨਾ । ਗੁਨਖਾਨੀ ਤਬਿ ਬਚਨ ਬਖਾਨਾ ॥੪੮॥ 'ਪੁਰਖਾ ! ਜਾਨੋ ਜਿਹ ਥਲ ਮਾਂਹੀ। ਬੇਖ ਉਤਾਰਨੋ, ਜਾਹੁ ਕਿ ਨਾਂਹੀ[1]?'। 'ਸੁਨਹੁ ਪ੍ਰਭੂ ਮਧੁ[2] ਟੋਰਨ[3] ਹੇਤਾ। ਕੋਇ ਜਿ ਗਮਨਯੋ ਛੋਰਿ ਨਿਕੇਤਾ[4] ॥੪੯॥ ਤਿਹ ਕੇ ਮਗ† ਮਹਿਂ ਅੰਮ੍ਰਿਤ ਪਾਈ । ਸੋ ਨਰ ਕਿਉਂ ਮਧੁ ਟੋਰਨ* ਜਾਈ'। ਮੁਸਕਤਿ[5] ਬੂਝਯੋ ਪ੍ਰਭੂ ਬਹੋਰੀ । 'ਪੁਰਖਾ ਸਦਨ ਅਹੈਂ ਕਿਸ ਠੌਰੀ ? ॥ ੫੦ ॥ ਕਉਨ ਨਾਮ ਨਿਜ ਦੇਹਿ ਬਤਾਈ ?'। ਸੁਨਿ ਬੋਲਯੋ ਲਹਿਣਾ ਸੁਖ ਪਾਈ। 'ਹੇ ਸਤਿਗੁਰ। ਤੁਮ ਬਖ਼ਸ਼ਨ ਹਾਰੇ। ਗ੍ਰਾਮ ਖਡੂਰ ਨਿਕੇਤ ਹਮਾਰੇ ॥੫੧॥ ਲਹਿਣਾ ਨਾਮ ਕਹਿਤ ਹੈਂ ਮੇਰਾ । ਸੁਨਯੋ ਸੁਜਸ ਮੈਂ ਰਾਵਰ ਕੇਰਾ । ਬਹੁਤ ਦਿਵਸ ਕੀ ਦਰਸ਼ਨ ਚਾਹੀ। ਮਨ ਅਬਿ ਕਰਖ ਬੋਲਿ ਲਿਯ ਪਾਹੀ[6] ॥੫੨॥ ਅਹੈ ਸੁਗੰਧਿ ਕੀਰਤੀ ਪਾਵਨ[7]। ਹ੍ਵੈ ਆਯੋ ਮੈਂ ਭੌਰ ਲੁਭਾਵਨ'। ਸ਼੍ਰੀ ਗੁਰ ਕਹਿ 'ਲਹਿਣੇ! ਤੈਂ ਲਹਿਣਾ। ਸੁਨਿ ਪੁਰਖਾ! ਹਮ ਨੇ ਹੈ ਦੇਣਾ ॥੫੩॥ ਦੋਹਰਾ॥ ਅਬਿ ਜਾਵਹੁ, ਪੁਨ ਆਈਐ ਹ੍ਵੈ ਕੈ ਅਪਨੇ ਧਾਮ'। ਸੁਨਿ ਲਹਿਣਾ ਹਰਖਯੋ ਰਿਦੇ ਜਿਉਂ ਆਮੀ ਖ੍ਵੈ ਆਮ[8]

---

[1]ਕਿਉਂ ਨਹੀਂ ਜਾਂਦੇ । [2]ਸ਼ਹਤ । [3]ਟੋਲਣ । [4]ਘਰ ਛੱਡਕੇ । [5]ਮੁਸਕ੍ਰਾਕੇ । [6]ਖਿੱਚਕੇ ਸੱਦ ਲਿਆ ਜੋ ਕੋਲ । [7]ਆਪ ਦਾ ਪਵਿੱਤ੍ਰ ਜਸ਼ ਸੁਗੰਧੀ ਹੈ । [8]ਜਿਵੇਂ ਅੰਬ ਦੇ ਪ੍ਰੇਮੀ ਨੂੰ ਅੰਬ ਖਾਣ ਨੂੰ ਮਿਲ ਜਾਵੇ । (ਅ) ਸੰਸਕ੍ਰਿਤ ਆਮ=ਰੋਗ । ਜਿਵੇਂ ਰੋਗੀ ਦਾ ਰੋਗ ਦੂਰ ਹੋ ਜਾਵੇ । ਚਾਹੇ ਇਹ ਦ੍ਰਿਸ਼ਟਾਂਤ ਮਾਤ੍ਰ ਹੋਵੇ ਪਰ ਤਦ ਬੀ ਪ੍ਰੇਮੀ ਹਿਰਦੇ ਨੂੰ ਇਹ ਅਰਥ ਕਰਨਾ ਯੋਗ ਨਹੀਂ ਜਾਪਦਾ, ਗੁਰੂ ਅੰਗਦ ਜਿਸ ਦਾ 'ਦੇਣਾ' ਗੁਰੂ ਨਾਨਕ ਦੇਵ ਜੀ ਦਸਦੇ ਹਨ, ਕਦੇ ਰੋਗੀ ਨਹੀਂ ਕਹੇ ਜਾ ਸਕਦੇ । ਓਹ ਪੂਰਨ ਅਵਤਾਰ, ਦਰਗਾਹੀਂ ਦੇ ਉੱਚੇ ਸੁੱਚੇ ਰਤਨ, ਰੋਗਾਂ ਦੇ ਨਾਸ਼ ਕਰਨ ਵਾਲੇ, ਪੂਰਨ ਅਵਤਾਰ ਦੀ ਸ਼ਾਨ ਵਿਚ ਐਸਾ ਵਾਕ ਕੌਣ ਕਹਿ ਸਕਦਾ ਹੈ । ਗੁਰੂ ਨਾਨਕ ਗੁਰੂ ਅੰਗਦ ਪੂਰਨ ਗੁਰ ਅਵਤਾਰ ਹਨ । ਗੁਰੂ ਨਾਨਕ ਦੇਵ ਜੀ ਨੇ 'ਪੂਰਨ ਗੁਰੂ ਦਾ ਆਦਰਸ਼' ਜਗਤ ਨੂੰ ਦੱਸਣਾ ਹੈ, ਗੁਰੂ ਅੰਗਦ ਜੀ ਨੇ 'ਪੂਰਨ ਸਿੱਖ ਦਾ ਆਦਰਸ਼' ਜਗਤ ਨੂੰ ਦੱਸਕੇ ਫੇਰ ਗੁਰੂ ਆਦਰਸ਼ ਦੱਸਣਾ ਹੈ । ਇਸ ਲਈ ਗੁਰੂ ਅੰਗਦ ਜੀ ਨੂੰ ਵਿਛੋੜੇ ਵਿਚ ਰੱਖਿਆ ਗਿਆ ਸੀ ਕਿ ਸਿੱਖ ਦਾ ਪੂਰਾ ਨਾਟ ਤਾਂ ਹੀ ਹੋ ਸਕਦਾ ਹੈ ਜੇ ਉਹ ਦੇਖਣ ਵਾਲਿਆਂ ਦੇ ਦੁਆਲੇ ਹਨੇਰੇ ਛਾਏ ਦੇ ਸਾਹਮਣੇ ਸਿਖੀ ਦਾ ਕਰਤੱਵ ਕਰਨ । ਹਨੇਰਾ ਉਹਨਾਂ ਪਰ ਨਹੀਂ ਸੀ, ਜਿਵੇਂ ਕਿਸੇ ਮਨੁੱਖ ਦੀ ਤਸਵੀਰ ਦੇ ਪਿਛੇ ਜ਼ਮੀਨ ਅਸਮਾਨ ਜੰਗਲ ਦੀ ਪਿੱਠ (back ground) ਹੁੰਦੀ ਹੈ, ਤਿਵੇਂ । ਜਿਵੇਂ ਸਿਨੇਮਾ (Cinema) ਦੀਆਂ ਮੂਰਤਾਂ ਲਈ ਦੇਖਣ ਵਾਲਿਆਂ ਦੇ ਉਦਾਲੇ ਹਨੇਰੇ ਦੀ ਲੋੜ ਹੈ। ਹੋਰ ਗੁਰੂ ਅੰਗਦ ਓਹੋ ਗੁਰੂ ਨਾਨਕ ਹੈ, ਸਦਾ ਤੋਂ ਅਰੋਗ, ਹਰ ਹਾਲ ਅਰੋਗ, ਸਦਾ ਤੋਂ ਪ੍ਰਕਾਸ਼ ਸਰੂਪ, ਸਦਾ ਤੋਂ ਗੋਬਿੰਦ ਰੂਪ ।

†ਪਾ:-ਮਗ ਛੋਰਨ, ਮਗ ਟੋਰਨ ।

Sri Satguru Jagjit Singh Ji eLibrary NamdhariElibrary@gmail.com

॥ ੫੪ ॥ ਚੌਪਈ ॥– ਹੈਂ ਸ੍ਰੀ ਨਾਨਕ ਅੰਤਰਜਾਮੀ । ਮੈਂ ਚਿਤਵੀ ਚਿਤ ਜਾਨੀ ਸ੍ਵਾਮੀ–। ਆਇਸੁ ਸਿਰ ਧਰਿ ਕਲੁਖਨਿਕੰਦਨ[1] । ਹਾਥ ਬੰਦਿ ਪਦ ਕੀਨੀ ਬੰਦਨ ॥੫੫॥ ਹੋਇ ਬਿਦਾ ਸ੍ਰੀ ਗੁਰ ਤੇ ਆਵਾ। ਮਿਲ ਸੰਗਤ ਸੋਂ ਵਾਕ ਅਲਾਵਾ।'ਸਭਿ ਸੋਂ ਰਾਮ ਰਾਮ ਹੈ ਮੇਰੀ। ਮਨ ਇੱਛਾ ਘਰ ਮੁਰਨੇ ਕੇਰੀ'॥੫੬॥ਬਿਸਮਾਏ ਸਾਥੀ ਸੁਨਿ ਬੈਨਾ। ਕਹਿਨ ਲਗੇ'ਕਿਉਂ ਜਾਵਹੁ ਐਨਾ?।ਨਹੀਂ ਚਲਤਿ ਅਬ ਜ੍ਵਾਲਾਭੌਨਾ?। ਅਹੇ ਸੰਗ ਕੋ ਮਾਲਕ ਕੌਨਾ?' ॥੫੭॥ ਦੋਹਰਾ ॥ ਸੁਨਿ ਲਹਿਣਾ ਪੁਨ ਬੋਲਿਓ 'ਜਿਸ ਹਿਤ ਜ੍ਵਾਲਾ ਜਾਇ । ਸੋ ਕਾਰਜ ਪੂਰਨ ਭਯੋ ਸ਼ਾਂਤਿ ਭਈ ਚਿਤ ਆਇ' ॥ ੫੮ ॥ ਚੌਪਈ ॥ ਪੁਨ ਸੰਗੀ ਬੂਝਤਿ ਹਿਤ ਪਾਏ।'ਤੁਮ ਕੋ ਸ਼ਾਂਤਿ ਭਈ ਇਹ ਥਾਏ।ਮਾਨਵ ਸਰਬ ਸੰਗ ਜੋ ਆਏ। ਕੌਨ ਹਾਲ ਇਨ ਦੇਹੁ ਬਤਾਏ' ?॥੫੯॥ ਲਹਿਣਾ ਕਹਿ 'ਅਬ ਜ੍ਵਾਲਾ ਜਾਵਹੁ। ਭੌਨ ਪਰਸ ਕਰਿ ਇਹ ਥਲ ਆਵਹੁ।ਮਨੋ ਕਾਮਨਾਂ ਨਿਜ ਨਿਜ ਧਾਰੀ। ਦਰਸਹੁ ਸਤਿਗੁਰ ਦਰਸ ਦੁਖਾਰੀ[2]* ॥੬੦॥ ਕ੍ਰਿਪਾ-ਨਿਧਾਨ ਕ੍ਰਿਪਾ ਕਰਿ ਤਬਿਹੀ।ਆਸਾ ਤੁਮਰੀ ਪੁਰਹਿ ਸਭਿਹੀ'।ਇਉਂ ਕਹਿ ਬਿਦਾ ਕੀਨਿ ਤਿਨ ਸੰਗਾ।ਗਯੋ ਸੰਗ[3]ਜ੍ਵਾਲਾ ਸ ਉਮੰਗਾ॥੬੧॥ਦੋਹਰਾ॥ਆਯੋ ਆਪ ਖਡੂਰ ਮਹਿਂ ਕਿਹ ਸੋਂ ਬੋਲਿ ਨ ਬੈਨ। ਲਿਵ ਲਾਗੀ ਗੁਰ ਚਰਨ ਕੀ ਬਧੀ ਚਾਹਿ ਦਿਨ ਰੈਨ ॥੬੨॥ ਚੌਪਈ ॥ ਆਇ ਲੋਕ ਸਭਿ ਬੂਝਤਿ ਭਏ। 'ਤੁਮ ਤਉ ਜ੍ਵਾਲਾ ਪਰਸਨ ਗਏ। ਕਿਉਂ ਮਾਰਗ ਤੇ ਹਟਿ ਕਰਿ ਆਏ?। ਨਿਜ ਬਿਰਥਾ ਸਭਿ ਦੇਹੁ ਬਤਾਏ?'॥੬੩॥ਲਹਿਣੇ ਕਹਯੋ'ਨ ਅਬਿ ਕੋ ਗਯੋ। ਸੰਗ ਬਿਦਾ ਕਰਿ ਮੈਂ ਘਰ ਅਯੋ' । ਸੁਨਿ ਲੋਕਿਨ ਇਉਂ ਦੂਸ਼ਨਿ ਕੀਨੇ। ਅਉਰ ਭੇਦ ਕੋਊ ਨਹਿਂ ਚੀਨੇਂ ॥੬੪॥ ਨਿਜ ਨਿਕੇਤ ਮਹਿ ਬੈਠਯੋ ਜਾਈ। ਕਿਸ ਕੇ ਸੰਗ ਨ ਕਛੁ ਅਲਾਈ। ਅਤਿਸ਼ੈ ਹਿਰਦੇ ਬਿਖੈ ਉਦਾਸੀ। ਏਕ ਨਿਸਾ ਨਿਜ ਬਸਯੋ ਅਵਾਸੀ ॥੬੫॥ ਦੋਹਰਾ ॥ ਤਰਫਤਿ ਭੀ ਭੁਨਸਾਰ ਪੁਨ ਉਠਿ ਕੀਨੋ ਅਸ ਕਾਮ।ਭਾਰ ਸਵਾ ਮਨ ਲੌਨ ਕੋ ਕਾਢਿ ਲੀਨ ਨਿਜ ਧਾਮ ॥ ੬੬ ॥ ਚੌਪਈ ॥ ਭਗਨੀ ਸੁਤ[4] ਆਵਾ ਛਿਨ ਤਾਂਹੀ । ਮਿਲਯੋ ਸੁ ਹੇਤ[5] ਕੀਨ ਮਨ ਮਾਂਹੀ। ਹਿਤ ਸੋਂ ਕਹਯੋ, 'ਕਾਜ ਅਸ ਕੀਜੈ। ਮੂਰ ਸਿਰਾਂ ਭਾਰ ਉਠਾਇ ਸੁ ਦੀਜੈ' ॥ ੬੭ ॥ ਸੋ ਬੋਲਯੋ 'ਮਾਤੁਲ ਜੀ, ਸੁਨੀਏ !।

[1]ਪਾਪਾਂ ਦੇ ਨਾਸ਼ ਕਰਤਾ ਜੀ ਦੀ। [2]ਦੁਖਾਂ ਦੇ ਵੈਰੀ ਦਾ। [3]ਭਾਵ ਸੰਗ ਦੇ ਸਾਰੇ ਆਦਮੀ। [4]ਭੈਣ ਦਾ ਪੁੱਤ੍ਰ, ਭਣੇਵਾਂ। [5]ਹਿਤ, ਪ੍ਰੇਮ। *ਪਾ:–ਦਿਖਾਰੀ=ਦੇਖਣਾ। †ਪਾ:–ਮੁਰਸੰਗ।

Sri Satguru Jagjit Singh Ji eLibrary NamdhariElibrary@gmail.com

ਬਹੁ ਮਾਨਵ ਤੁਮ ਆਇਸੁ ਮਨੀਏ[1]*। ਤਿਨਕੇ ਸਿਰ ਉਚਵਾਵਹੁ[2] ਭਾਰਾ। ਦੇਂ ਪਹੁੰਚਾਇ ਕਰਹੁ ਨਿਜ ਕਾਰਾ॥੬੮॥ਇਉਂ ਨ ਕਰਹੁ ਜੋ[3],ਮੁਝ ਸਿਰ ਦੀਜੈ। ਜਹਿਂ ਲੇ ਚਲੋਂ ਤਹਾਂ ਗਮਨੀਜੈ। ਨਿਜ ਸਿਰ ਪਰ ਨਹਿ ਭਾਰ ਉਚਾਵਹੁ। ਇਹ ਤੁਮ ਉਚਿਤ ਨਹੀਂ ਦੁਤਿ ਪਾਵਹੁ[4]"॥੬੯॥ ਦੋਹਰਾ॥ ਕਹਿ ਲਹਿਣਾ'ਸੁਨਿ ਸ੍ਰੋਨ ਮਹਿਂ ਜਿ ਕੁਛ ਪਦਾਰਥ ਪਾਇ।ਸੋ ਲੇਵਹਿ ਤੂੰਕੈ ਨਹੀਂ ਕਿਧੌਂ ਦੇਇ ਕਿਸੁ ਜਾਇ॥੭੦॥ ਚੌਪਈ॥ ਸਮਝਹੁ ਇਸ ਬਿਧਿ ਰਿਦੇ ਮਝਾਰਾ।ਤੂਰਨ ਉਚਵਾਵਹੁ[5] ਸਿਰ ਭਾਰਾ'।ਇਉਂ ਕਹਿ ਲੀਨੋ ਸੀਸ ਉਠਾਈ। ਨਿਕਸ੍ਯੋ ਵਹਿਰ ਪਾਇ ਮਗ ਪਾਈ[6] ॥ ੭੧ ॥ ਅਪਰ ਨ ਕਿਸ ਢਿਗ ਭੇਦ ਬਖਾਨਾ। ਜਸਪਦ' ਪੁਰਿ ਕਰਤਾਰ ਪਯਾਨਾ[8]। ਕ੍ਰਮਕਰਿ ਤਹਾਂ ਪਹੁੰਚ੍ਯੋ ਜਾਈ। ਸ੍ਰੀ ਨਾਨਕ ਜਹਿ ਭੌਨ ਸੁਹਾਈ॥੭੨॥ਵਹਿਰ ਕਿਦਾਰ ਦੇਖਨੇ ਹੇਤਾ। ਗਏ ਹੁਤੇ ਬੇਦੀ ਕੁਲਕੇਤਾ। ਸਦਨ ਸੁਲਖਨੀ ਕੇ ਢਿਗ ਜਾਈ[9]। ਭਾਰ ਉਤਾਰਨੋ ਦੀਨ ਟਿਕਾਈ॥੭੩॥ਬੂਝਨ ਲਗ੍ਯੋ 'ਗੁਰੂ ਗੋਸਾਈਂ।ਕਿਤ ਦਿਸ਼ ਗਮਨੇ ਦੇਹੁ ਬਤਾਈ'। ਕਹੈ ਸੁਲਖਣੀ 'ਕੋ ਤੂੰ ਅਹਿਈ ?। ਕਿਉਂ ਬੂਝਤਿ,ਕਿਸ ਪੁਰਿ ਮਹਿ ਰਹਿਈ ?॥੭੪॥ਭਾਰ ਬਿਖੇ ਕਹਾ ਆਨ੍ਯੋ ਤੋਹੀ[10]?। ਦੇਹੁ ਬਤਾਇ ਕਾਜ ਜੋ ਹੋਹੀ'। ਸੁਨਿਕੈ ਲਹਿਣੇ ਗਿਰਾ ਅਲਾਈ। 'ਭਾਰ ਲਵਣ ਕੋ ਹੈ ਇਹ ਮਾਈ !॥੭੫॥ਆਨ੍ਯੋ ਭੇਟ ਦੇਨਿ ਕੇ ਕਾਜੋ। ਕਰਿਹੌ[11] ਗੁਰੂ ਗਰੀਬਨਿਵਾਜੋ। ਰਾਖਹੁ ਇਹੁ ਨਿਕੇਤ ਕੇ ਮਾਂਹੀ। ਤਿਨਹਿਂ ਬਤਾਵੈ[12] ਜਾਵੌਂ ਪਾਹੀ[13]' ॥੭੬॥ ਸੁਨਿਕੈ ਬਚਨ ਲਵਣਕੋ ਭਾਰਾ। ਰਖਿਵਾਯੋ ਨਿਜ ਸਦਨ ਮਝਾਰਾ। ਕਹ੍ਯੋ 'ਕਿਦਾਰ ਧਾਨ ਕੇ ਜਹਿਵਾ[14]।ਕਰਿਵਾਵਹਿ ਕ੍ਰਿਤ ਬੈਠੇ ਤਹਿਵਾ'॥੭੭॥ਤਬਿ ਗਮਨ੍ਯੋ ਜਿਤ ਦਿਸ਼ਾ ਬਤਾਏ। ਪਿਖਤਿ ਦੂਰਤੇ ਰਹਿ ਹੁਲਸਾਏ[15]।ਪਰਮਪ੍ਰੇਮ ਕਰਿਕੈ ਤਤਕਾਲਾ। ਪਰ੍ਯੋ ਪਾਇ ਪੰਕਜ ਧਰਿ ਭਾਲਾ ॥੭੮॥ 'ਨਿਤ ਆਵਹਿ ਚਿਤ ਸ੍ਰੀ ਜਗਨਾਥਾ'। ਅਸ ਕਹਿ ਧਰ੍ਯੋ ਸੀਸ ਪਰ ਹਾਥਾ॥ਕ੍ਰਿਪਾਦ੍ਰਿਸ਼ਟਿ ਕੋ ਤਿਹ ਛਿਨ ਦੇਖੀ॥ਸ਼ਰਧਾ ਉਪਜੀ ਰਿਦੇ

---

[1]ਆਗਿਆ ਮੰਨਣੇ ਹਨ। [2]ਚੁਕਵਾਵੋ। [3]ਜੇ ਐਉਂ ਨਹੀਂ ਕਰਨਾ ਤਾਂ। [4]ਸ਼ੋਭਾ ਨਹੀਂ ਪਾਉਂਦਾ। [5]ਚੁਕਾਵੋ। [6]ਪੈਰ ਰਾਸਤੇ ਪਾਜਾ। [7]ਛੇਤੀ। [8]ਗਿਆ। [9](ਲਹਿਣਾ-ਜੀ ਨੇ) ਜਾਕੇ। [10]ਤੈਨੇ। [11](ਭੇਟਾ) ਕਰਾਂਗਾ (ਉਨ੍ਹਾਂ ਦੀ)। [12]ਦਾ (ਪਤਾ ਦਸੋ) [13]ਪਾਸ ਜਾਵਾਂ। [14]ਖੇਤ ਚਾਵਲਾਂ ਦਾ ਜਿੱਥੇ ਹੈ। [15]ਪ੍ਰਸੰਨ ਹੋ ਰਹੇ। *ਸ੍ਰੀ ਜਗਤਾਰਕ ਲਹਿਣਾ ਜੀ ਖਡੂਰ ਵਿੱਚ ਚੰਗੇ ਸਰਦੇ ਪੁਜਦੇ ਵਾਲੇ ਸਨ, ਸਹੁਰਾ ਘਰ ਭੀ ਚੰਗੇ ਪਦਾਰਥ ਵਾਲਾ ਸੀ।

Sri Satguru Jagjit Singh Ji eLibrary NamdhariElibrary@gmail.com

ਬਿਸ਼ੇਖੀ॥੮੯॥ ਅਪਨੋ ਤਨ ਮਨ ਜੋ ਸਰਬੰਸ਼। ਅਰਪਨੋ ਤ੍ਰੇਹਣ ਕੁਲ ਅਵ-ਤੰਸ਼। ਇਨ ਸੋਂ ਕਾਰਜ ਨਿਜ ਨਹਿ ਰਾਖਾ। ਗੁਰ ਅਨੁਸਾਰਿ ਬਧੀ ਅਭਿ-ਲਾਖਾ ॥ ੯੦ ॥ ਕਾਮ ਨ ਕ੍ਰੋਧ ਹੰਕਾਰ ਨ ਧਰਿਹੀਂ[1]। ਅਪਨੇ ਮਾਨਹਿਂ ਭਉ ਕਿਛੁ ਕਰਿਹੀਂ।ਜਾਨਨੋ ਸਭਿ ਕੁਛ ਸ੍ਰੀ ਗੁਰ ਕੇਰਾ। ਚਰਨ ਧਯਾਨ ਉਰ ਪ੍ਰੇਮ ਘਨੇਰਾ॥੯੧॥ ਸਭਿ ਸੇਵਕ ਤਹਿ ਕ੍ਰਿਤਕੋ ਕਰਿਹੀਂ। ਧਾਨ ਬਿਖੈ ਤੇ ਤ੍ਰਿਣਨੈ[2] ਨਿਕਰਿਹੀਂ । ਤਿਨਹਿਂ ਬਿਲੋਕਤਿ ਬੋਲਨੋ ਬੈਨਾ। 'ਇਕ ਰੰਬੀ ਮੁਝ ਦਿਹੁ ਗੁਨਐਨਾ! ॥੯੨॥ ਦਾਸਨ ਸਾਥ ਕਰੋਂ ਕ੍ਰਿਤ ਏਹੀ। ਸਫਲੀ ਹ੍ਵੈ ਹੈ ਸਗਰੀ ਦੇਹੀ'। ਅਸ ਕਹਿ ਲਾਗਨੋ ਕਰਨ ਨਿੰਦਾਈ[3]। ਕਰਤਿ ਹੁਤੇ ਸੇਵਕ ਜਿਹ ਥਾਈਂ ॥੯੩॥ ਇਕ ਘਟਿਕਾ ਲਗ ਕੀਨੀ ਕਾਰਾ। ਪ੍ਰਭੁ ਬਿਲੋਕਿ ਕੈ ਬਚਨ ਉਚਾਰਾ। 'ਇਹ ਕ੍ਰਿਤ ਤੁਝ ਤੇ ਹੋਇ ਨ ਆਛੇ। ਧਾਨ ਉਖਾਰੈਂ[4] ਪਿਖਿ ਨਿਜ ਪਾਛੇ ॥ ੯੪ ॥ ਉਠਿ ਆਵਹੁ ਤੁਮ ਵਹਿਰ ਕਿਦਾਰਾ। ਅਪਰ ਬਡਾ-ਵਹਿ ਕਰੀਏ ਕਾਰਾ । ਇਹ ਨਵੀਨ[5] ਕੋ ਬਾਂਧਹੁ ਭਾਰਾ। ਲੇ ਜਾਵਹੁ ਹਿਤ ਪਸੁਨਿ ਅਗਾਰਾ[6]' ॥ ੯੫ ॥ ਲਹਿਣੇ ਆਇ ਵਹਿਰ ਤਤਕਾਲਾ। ਤ੍ਰਿਣ ਕੋ ਬਾਂਧਨੋ ਭਾਰ ਬਿਸਾਲਾ। ਪੰਕ ਨੀਰ[7] ਨੁਚਰਤਿ ਜਿਹ ਮਾਂਹੀ। ਲੀਨ ਉਠਾਇ ਸੀਸ ਪਰ ਤਾਂਹੀ ॥ ੯੬ ॥ ਜਾਮਾ ਗਰ ਬਹੁ ਮੋਲਾ ਪਹਿ-ਰਨੋ। ਪੰਕ ਸੰਗ ਸਗਰੋ ਤਿਹ ਭਰਿਯੋ। ਨਹਿ ਸ਼ੰਕਾ ਕੁਛ ਰਿਦੇ ਬਿਚਾਰੀ। ਗਮਨਨੋ ਭੌਨ ਭਾਰ ਸਿਰ ਭਾਰੀ ॥ ੯੭ ॥ ਠਾਂਢੇ ਹੁਤੇ ਪਸੂ ਜਿਹ ਥਾਈਂ। ਤਿਨ ਆਗੇ ਤ੍ਰਿਣ ਦੀਨੇ ਪਾਈ। ਦੇਖਿ ਸੁਲਖਨੀ ਮਨ ਬਿਸਮਾਨੀ। ਅਦਭੁਤ ਗਤਿ ਕਿਛੁ ਜਾਇ ਨ ਜਾਨੀ ।੯੮। ਸੀਸ, ਬਦਨ, ਕਰ, ਪਗ, ਪਟ ਸਾਰੇ[8]। ਰਹਨੋ ਪੰਕ ਲਗ[9] ਦੇਖਿ ਬਿਚਾਰੇ।–ਇਸ ਕੋ ਭਯੋ ਅਨਾਦਰ ਭੂਰੀ। ਹਿਤਕਰਿ ਆਯੋ ਹੁਤੋ ਸੁ ਦੂਰੀ–॥੯੯॥ ਭਈ ਸੇਜ਼ ਬੇਦੀ ਕੁਲ ਕੇਤਾ।ਆਏ ਦਾਸਨ ਯੁਕਤ ਨਿਕੇਤਾ। ਦੇਖਿ ਸੁਲਖਣੀ ਬਚਨ ਬਖਾਨੇ। 'ਕਰਹੁ ਨਿਰਾ-ਦਰ ਮਨੁਜ ਮਹਾਨੇ ॥ ੯੦ ॥ ਉੱਤਮ ਪੁਰਖ ਆਜ ਜੋ ਆਯੋ। ਗਰ ਜਾਮਾ ਬਹੁ ਮੋਲ ਸੁਹਾਯੋ। ਤਿਹ ਸਿਰ ਪੰਕ ਭਰਨੋ ਬਹੁ ਭਾਰੂ। ਸੋ ਉਚਵਾਇ ਚੀਰ

---

[1]ਕਾਮ ਕ੍ਰੋਧ ਹੰਕਾਰ ਤਾਂ ਧਾਰਦੇ ਹੀ ਨਹੀਂ ਸਨ । [2]ਡੀਲਾ, ਵਾਧੂ ਘਾਹ । [3]ਗੋਡੀ, ਨਦੀਣਾ। [4](ਘਾਹ ਪੁੱਟਣ ਦੀ ਥਾਂ ਤੁਸਾਂ) ਧਾਨ ਪੁੱਟ ਘੱਤੇ ਹਨ। [5]ਪੁੱਟਿਆ ਹੋਯਾ ਘਾਹ। [6]ਪਸੂਆਂ ਵਾਸਤੇ ਘਰ ਨੂੰ। [7]ਚਿੱਕੜ ਵਾਲਾ ਪਾਣੀ। [8]ਸੀਸ, ਮੁੱਖ, ਹੱਥਾਂ, ਪੈਰਾਂ ਤੇ ਬਸਤ੍ਰਾਂ ਉਤੇ ਸਾਰੇ ਹੀ। [9]ਚਿੱਕੜ ਲੱਗਾ ਹੋਯਾ।

Sri Satguru Jagjit Singh Ji eLibrary   NamdhariElibrary@gmail.com

ਕਰਿ ਖਾਰੂ[1]' ॥ ੯੧ ॥ ਗੁਨਖਾਨੀ ਸੁਨਿ ਬੈਨ ਉਚਾਰੇ। 'ਨਹੀਂ ਪੰਕ ਸੰਗ ਭਰਿਓ ਭਾਰੇ। ਦੀਨ ਦੁਨੀ ਕਾ ਛਤ੍ਰ ਸੁ ਦੀਓ। ਅਪਰ ਨ ਇਹ ਸਮ ਜਗ ਮਹਿ ਬੀਓ ॥੯੨॥ ਪੰਕ ਜੌਨ ਤੁਮ ਕੋ ਦ੍ਰਿਸ਼ਟਾਵਾ। ਕੇਸਰ ਕੋ ਹਮਨੈ ਛਿਰਕਾਵਾ। ਅਬਿ ਤੁਮ ਦੇਖਿ, ਖਰੌ ਤੁਮ ਨੇਰੈ[2]। ਦੇਖੋ ਤੌ ਕੇਸਰ ਛਿਰਕੇਰੈ[3]' ॥੯੩॥ ਗੁਰ ਕਹਿ 'ਦੇਖਨੋ?' ਕਹਿ[4] 'ਪ੍ਰਭੁ ਦੇਖਾ। ਤੁਮਰੀ ਗਤਿ ਤੁਮ ਲਖਹੁ ਅਲੇਖਾ'। 'ਭਵ ਸਾਗਰ ਦਾਰੁਨ[5] ਕੇ ਮਾਂਹੀ'। ਗੁਰ ਕਹਿ 'ਨਰ ਬਹੁ ਬੂਡਤਿ[6] ਜਾਂਹੀ ॥ ੯੪ ॥ ਬਹੁ ਨਰ ਕੋ* ਮਲਾਹ ਇਹ ਹੋਈ। ਪਾਰ ਕਰਹਿ ਭਵਸਾਗਰ ਜੋਈ'। ਤੂਸ਼ਨਿ ਭਈ ਸੁਲਖਣੀ ਸੁਨਿਕੇ। ਲਹਿਣਾ ਹਰਖਨੋ ਕਰੁਨਾ[7] ਗੁਨਿ ਕੈ ॥ ੯੫ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ੍ਰੀ ਅੰਗਦ ਜੀ ਮਿਲਾਪ' ਪ੍ਰਸੰਗ ਬਰਨਨੰ ਨਾਮ ਸੈਂਤਾਲੀਸਮੋ ਅਧਯਾਯ ॥ ੪੭ ॥

੪੮. [ਸ਼ਾਰਦਾ ਮੰਗਲ। ਸ੍ਰੀ ਲਹਿਣਾ ਜੀ ਦਾ ਸੇਵਾ ਕਰਨਾ, ਪਜਾਰ, ਮਾਯਾ, ਸਿੰਗ ਤਾਰਨਾ, ਦੇਵਤਿਆਂ ਦੀ ਨਮਸਕਾਰ, ਅਜਾਲੀ, ਖਡੂਰ]

ਦੋਹਰਾ—ਸ੍ਰੀ ਸਰਸੁਤੀ ਨਾਮ ਸੁਭ ਮੂਲ ਸੁ ਕਵਿਤਾ ਬੇਲ।
ਫੂਲਨ ਫਲਨੋ ਲਲਿਤ ਬਹੁ ਉਕਤਿ ਜੁਗਤਿ ਲਖ ਮੇਲ ॥੧॥

ਮੂਲ—ਜੜ੍ਹ। ਲਲਿਤ—ਸੁੰਦਰ, ਮਨਮੋਹਨ, ਮਨਵਾਂਛਤ। [ਸੰਸ:, ਲਲਿਤ]।
ਉਕਤਿ—ਉਹ ਜੋ ਕਿਹਾ ਜਾਏ। ਕਵਿਤਾ ਵਿੱਚ ਕੋਈ ਹਾਲ ਜੋ ਕਿਸੇ ਲਾਵੰਨਤਾ ਨਾਲ ਕਿਹਾ ਜਾਏ। [ਸੰਸ:, ਉਕ੍ਤਿ]।
ਯੁਕਤ—ਜੁਗਤਿ, ਤਰਕੀਬ, ਤ੍ਰੀਕਾ (ਅ) ਹੰਸੀ, ਦਿਲ ਲਗੀ, ਮਖੌਲ। (ੲ) ਦਲੀਲ [ਸੰਸ:, ਯੁਕ੍ਤਿ] ਕਾਵਜ ਵਿਚ—ਕੋਈ ਗੱਲ ਜੋ ਕਿਸੇ ਕਟਾਖਜ ਨਾਲ ਕਹੀ ਜਾਏ ਜੁਗਤ ਹੈ। ਵਜੰਗ ਯਾ ਧੁਨੀ ਨਾਲ ਕਹੀ ਜਾਣ ਵਾਲੀ ਗੱਲ। ੨. ਇਕ ਅਲੰਕਾਰ ਦਾ ਨਾਮ ਹੈ ਜਿਸ ਵਿਚ ਅਪਣੇ ਮਰਮ ਨੂੰ ਛਿਪਾਉਣ ਵਾਸਤੇ ਕਿਸੇ ਕ੍ਰਿਯਾ ਯਾ ਬਚਨ ਆਦਿ ਯੁਕਤੀ ਨਾਲ ਦੂਸਰੇ ਨੂੰ ਕਿਸੇ ਹੋਰ ਗੱਲ ਤੋਂ ਟਾਲਕੇ ਠੱਗ ਲੈਂਦੇ ਹਨ।

ਅਰਥ—ਸ਼ੁਭ ਨਾਮ ਵਾਲੀ ਸ੍ਰੀ ਸਾਰਦਾ (ਮਾਨੋ ਇਕ) ਜੜ੍ਹ ਹੈ (ਜਿਸ ਤੋਂ) ਕਵਿਤਾ (ਰੂਪੀ) ਵੇਲ (ਫੁੱਟੀ ਹੈ, ਇਹ ਵੇਲ) ਉਕਤੀਆਂ ਤੇ ਜੁਗਤੀਆਂ ਦੇ ਲੱਖਾਂ ਮੇਲਾਂ (ਨਾਲ ਮਾਨੋਂ) ਬੜੀ ਸੁੰਦਰਤਾ ਨਾਲ ਫਲ ਤੇ ਫੁੱਲ ਰਹੀ ਹੈ।

---

[1]ਨਾਸ਼ ਕਰ ਦਿੱਤੇ ਕੱਪੜੇ। [2]ਤੁਸੀਂ ਦੇਖੋ ਤੁਹਾਡੇ ਪਾਸ (ਹੀ) ਖੜਾ ਹੈ। [3]ਛਿੜਕਿਆ ਹੈ। [4](ਸ੍ਰੀ ਸੁਲੱਖਣੀ ਜੀ ਨੇ) ਕਿਹਾ। [5]ਭਯਾਨਕ। [6]ਡੁਬਦੇ। [7]ਮੇਹਰ। *ਪਾ:—ਬਹੁਤਨ ਕੋ।

ਭਾਵ—ਸਰਸ੍ਵਤੀ ਕਵਿ ਜੀ ਨੇ ਇਥੇ ਕਵਿਤਾ ਦੀ ਜੜ੍ਹ ਦੱਸੀ ਹੈ। ਅੰਦਰਲੇ ਵਲਵਲੇ ਯਾ ਭਾਵ ਦਾ ਵਾਕ੍ਯ ਵਿਚ ਯਾ ਲਿਖਤ ਵਿਚ ਉਚਾਰਨ ਪਾ ਜਾਣ ਦਾ ਨਾਮ ਕਵਿਤਾ ਹੈ। ਇਸ ਦਾ ਮੂਲ ਦਾ ਅੰਦਰਲਾ ਭਾਵ ਯਾ ਵਲਵਲਾ ਜੋ ਆਪਣੇ ਆਪ ਵਿਚ ਸੁੰਦਰਤਾ ਦਾ ਲਹਿਰਾਉ ਲਈ ਉਠਦਾ ਹੈ, ਉਸ ਦੇ ਪ੍ਰਕਾਸ਼ ਹੋਣ ਤੇ ਉਸ ਭਾਵ ਦੀ ਛਿਪੀ ਸੁੰਦਰਤਾ ਪ੍ਰਕਾਸ਼ ਪਾ ਜਾਂਦੀ ਹੈ, ਸੋ ਕਵਿ ਜੀ ਸਰਸ੍ਵਤੀ ਯਾ ਸਾਰਦਾ ਨੂੰ ਏਥੇ ਕੇਵਲ ਕਵੀਆਂ ਦੇ ਸੁੰਦਰ ਮਨੋ ਭਾਵ ਨੂੰ ਯਾ ਕਵਿ-ਮਨ-ਹੁਲਾਸ ਨੂੰ ਆਖ ਰਹੇ ਹਨ, ਓਹਨਾਂ ਦੇ ਮਨ ਦਾ ਅਸਲ ਆਸ਼ਯ ਇੱਥੇ ਬੀ ਸਪਸ਼ਟ ਹੋ ਗਿਆ ਹੈ, ਸਾਰਦਾ ਕੋਈ ਉਹਨਾਂ ਦੀ ਇਸ਼ਟ ਯਾ ਧਰਮ ਦੀ ਭਾਵਨਾ ਵਾਲੀ ਪਾਖਾਣ ਮੂਰਤੀ ਨਹੀਂ, ਪਰ ਕੇਵਲ ਕਵਿਤਾ ਦੀ ਜੜ੍ਹ, ਜਿਸ ਨੂੰ ਓਹ ਮਨ ਦਾ ਭਾਵ ਸਮਝਦੇ ਹਨ। ਪਰ ਕਈ ਥਾਂ ਐਉਂ ਬੀ ਆਵਾਹਨ ਕਰਦੇ ਹਨ ਜਿਵੇਂ ਓਹ ਕੋਈ ਵ੍ਯਕਤੀ ਹੈ, ਜਿਵੇਂ ਜਗਤ ਦੀ ਹੋਰ ਸਾਰੀ ਕਵੀ ਸੰਪ੍ਰਦਾ ਕਰਦੀ ਆਈ ਹੈ। (ਵਿਸ਼ੇਸ਼ ਲਈ ਵੇਖੋ ਪੂਰਬਾਰਧ,ਅਧ੍ਯਾਯ ੧ ਅੰਕ ੨)।

'ਉਕਤਿ ਜੁਕਤਿ' ਤੋਂ ਇਸ ਛੰਦ ਵਿਚ ਕਵੀ ਜੀ ਦੀ ਮੁਰਾਦ ਸਾਰੇ ਅਲੰਕਾਰ ਵ੍ਯੰਗ ਧੁਨੀ ਅਰ ਹੋਰ ਖੂਬਸੂਰਤੀਆਂ ਤੋਂ ਹੈ ਜੋ ਕਵਿਤਾ ਵਿਚ ਹੁੰਦੀਆਂ ਹਨ।

ਚੌਪਈ ॥ ਕਿਤਿਕ ਦਿਵਸ ਜਬਿ ਰਹਤਿ ਬਿਤਾਏ। ਸੇਵਾ ਕਰਿਹੀ ਪ੍ਰੀਤਿ ਬਧਾਏ। ਜ੍ਵਾਲਾ ਪਰਸਨ ਗਯੋ ਜੁ ਸੰਗਾ। ਸੋ ਆਯੋ ਪੁਨਿ ਸਹਿਤ ਉਮੰਗਾ ॥੨॥ ਲਹਿਣਾ ਵਹਿਰ ਬੁਲਾਇ ਬੂਝੇਰਾ[1]। 'ਦੇਹੁ ਦਿਖਾਇ ਦਰਸ ਗੁਰਕੇਰਾ'। ਸਭਿ ਕੋ ਲੇ ਨਿਜ ਸੰਗ ਅਗਾਰੀ। ਆਵਤਿ ਭਾ ਧ੍ਰਮਸਾਲ ਮਝਾਰੀ ॥ ੩ ॥ ਹਾਥ ਬੰਦਿਕੈ ਗਿਰਾ ਬਖਾਨੀ। 'ਸੁਨੀਏ ਬਿਨਤੀ ਸ੍ਰੀ ਗੁਨਖਾਨੀ! ਗ੍ਰਾਮ ਖਡੂਰ ਮਨੁਜ ਬਹੁ ਆਏ। ਚਾਹਤਿ ਤੁਮਰੋ ਦਰਸ਼ਨ ਪਾਏ' ॥੪॥ ਕ੍ਰਿਪਾ ਦ੍ਰਿਸ਼ਟਿ ਸੋਂ ਦੇਖਿ ਗੁਸਾਈਂ। ਬੋਲੇ 'ਸੰਗੀ ਲੇਹੁ ਬੁਲਾਈ'। ਆਇਸੁ ਪਾਇ ਬ੍ਰਿੰਦ ਨਰ ਨਾਰੀ। ਲੇ ਪਹੁੰਚਯੋ ਧ੍ਰਮਸਾਲ ਮਝਾਰੀ ॥ ੫ ॥ 'ਕਰੀ ਕਾਮਨਾ ਜਿਹ ਨਰ ਜੋਈ। ਹ੍ਵੈ ਹੈ ਪੂਰਨ[3]' ਭਾਖੀ[4] 'ਸੋਈ'। ਸਿੰਘਾਸਣ ਬੈਠੇ ਗੁਨ ਖਾਨੀ। ਦਰਸਹਿ ਕਰਿ ਬੰਦਨ ਮਨ ਬਾਨੀ ॥ ੬ ॥ ਫਲ ਅਰ ਫੂਲ ਉਪਾਇਨ ਧਰਿਹੀਂ। 'ਧੰਨ ਧੰਨ ਗੁਰੂ' ਬਚਨ ਉਚਰਿਹੀਂ। ਬਿਨਤੀ ਭਾਖੈਂ ਖਰੇ ਅਗਾਰੀ। 'ਸਫਲ ਜਨਮ ਹੋਯੋ ਇਸ ਬਾਰੀ' ॥੭॥ ਜਿਹ ਜਿਹ ਕਰੀ ਕਾਮਨਾ ਜੋਈ। ਪੂਰਨ ਕਰਤਿ ਭਏ ਗੁਰ ਸੋਈ। ਏਕ ਨਿਸਾ ਬਸਿ ਪੁਰਿ ਕਰਤਾਰਾ। ਸਰਬ ਸੰਗ ਨਿਜ ਗ੍ਰਾਮ ਪਧਾਰਾ ॥ ੮ ॥ ਲਹਿਣਾ ਰਹਯੋ

[1]ਪੁੱਛਿਆ। [2]ਕੀਤੀ ਹੈ। [3]ਹੋਵੇਗੀ ਪੂਰਨ। [4]ਸ੍ਰੀ ਲਹਿਣਾ ਜੀ ਨੇ ਕਿਹਾ ਸੀ ਅਗੋ ਇਹ ਕਿ:—

Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਕਰਿ ਪਾਸਾ[1]। ਸੇਵਾ ਕਰਹਿ ਜੁ ਹੋਇ ਅਵਾਸਾ। ਜੂਠੇ ਭਾਂਜਨ[2] ਮਾਂਜਨ
ਕਰਿਹੀ॥ਚਰਨ ਪਖਾਰਿ ਹਰਖ ਉਰ ਧਰਿਹੀ ॥੯॥ ਬਿੰਜਨ ਲਏ ਹਾਂਕਹੀ[3]
ਪੌਨਾ॥ ਬਢਨੀ[4] ਫੇਰਹਿ ਸਗਰੇ ਭੌਨਾ॥ਸਤਿਗੁਰ ਪਰ[5] ਕੇ ਬਸਤ੍ਰ ਪਖਾਰਹਿ।
ਨਿਸ ਦਿਨ ਸੇਵਾ ਕਰਤਿ ਗੁਜ਼ਾਰਹਿ॥੧੦॥ਮੁਖ ਦਿਸ਼ ਦੇਖਤਿ ਰਹੈਸਦਾਈ।
ਜਬ ਗੁਨਖਾਨੀ[6] ਦੇਹਿ ਰਜਾਈ[7]। ਤਤਛਿਨ ਕਰਹਿ ਪ੍ਰੀਤ ਉਰਧਾਰੀ।
ਸਰਲ ਰਿਦੇ ਥਾ ਮਤਾ ਉਦਾਰੀ[8]* ॥੧੧॥ ਨਿਤਾਪ੍ਰਤੀ ਸ਼ਰਧਾ ਮਨ ਭੀਨੋ।
ਨਿਜ ਜੀ ਚਰਨ[9] ਸਮਰਪਨ ਕੀਨੋ। ਭਈ ਪ੍ਰੀਤਿ ਨਹਿ ਜਾਇ ਬਖਾਨੀ।
ਕੋ ਉਪਮਾ ਦਿਉਂ ਕਛੁ ਨ ਸਮਾਨੀ[10] ॥ ੧੨ ॥ ਅਲਪ ਪਤੰਗ[11] ਮ੍ਰਿੱਗ ਕੀ
ਜਾਨੀ[12]। ਤਿਨ ਤੇ ਤੂਰਨਤਾ ਪਹਿਚਾਨੀ[13]। ਸੀਸ ਦੇਨ ਕੀ ਹੁਇ ਜਿ
ਰਜਾਈ।ਪਲਕ ਮਾਤ੍ਰ ਕਬਹਿ ਨ ਬਿਲਮਾਈ[14]॥੧੩॥ ਏਕ ਦਿਵਸ ਬੇਦੀ
ਕੁਲ ਰਾਈ। ਪੌਢੇ ਸਿਹਜਾ ਪਰ ਸੁਖਦਾਈ। ਮਾਯਾ ਧਾਰਿ ਆਪਨੋ ਬੇਖਾ।
ਕਮਲ ਬਿਲੋਚਨ ਰੂਪ ਬਿਸ਼ੇਖਾ† ॥ ੧੪ ॥ ਮਣਿਮਯ ਭੂਖਣ[15] ਝਲਕਤਿ
ਅੰਗਾ॥ਬਸਤ੍ਰ ਕਸੁੰਭੀ[16] ਬਨੇ ਸੁ ਰੰਗਾ॥ਚਾਂਪਤਿ[17] ਪਦਪੰਕਜ ਗੁਰ ਕੇਰੇ। ਸੇਵਾ

[1]ਕੋਲ। [2]ਭਾਂਡੇ। [3]ਪੱਖਾ ਲੈਕੇ ਝਲਦਾ ਹੈ। [4]ਬੁਹਾਰੀ। [5]ਦੇ ਉਪਰਦੇ। [6]ਭਾਵ ਗੁਰੂ ਜੀ। [7]ਹੁਕਮ, ਆਗਿਆ। [8]ਮਨ ਦਾ ਮਤਾ ਵਿਸ਼ਾਲ ਸੀ। [9]ਹਿਰਦਾ (ਗੁਰੂ ਜੀ ਦੇ) ਚਰਨਾਂ ਤੇ। [10]ਕੋਈ ਬਰੱਬਰ ਨਹੀਂ (ਉਸ ਉਪਮਾ ਦੇ)। [11]ਪਤੰਗੇ (ਦੀ ਦੀਵੇ ਨਾਲ)। [12]ਮ੍ਰਿਗ (ਦੀ ਘੰਡੇ ਹੇੜੇ ਸੰਗੀਤ ਨਾਲ ਜੋ ਪ੍ਰੀਤ ਹੈ) ਸੋ ਤੁੱਛ ਜਾਣੀਦੀ ਹੈ (ਇਸ ਪ੍ਰੀਤ ਅੱਗੇ)। [13]ਭਾਵ ਪਤੰਗਾ ਤੇ ਮ੍ਰਿਗ ਜਾਨ ਦੇਣ ਵਿਚ ਕੁਛ ਦੇਰ ਭਾਵੇਂ ਕਰਨ ਪਰ ਸ੍ਰੀ ਪਾਵਨ ਲਹਿਣਾ ਜੀ ਦੀ (ਇਸ ਗਲ ਵਿਚ) ਉਹਨਾਂ ਨਾਲੋਂ ਕਾਹਲੀ (ਅਸਾਂ) ਪਛਾਤੀ ਹੈ। [14]ਕਦੇ ਨਾ ਦੇਰ ਕਰਨ (ਸ੍ਰੀ ਅੰਗਦ ਜੀ)। [15]ਰਤਨਾ ਵਾਲੇ ਗਹਿਣੇ। [16]ਲਾਲ। [17]ਮੁੱਠੀਆਂ ਭਰਦੀ।

*ਪਾ:-ਬਾਮਤਾ ਬਿਦਾਰੀ=ਵਿਗਾਪਨ ਰਿਦੇ ਨੇ ਦੂਰ ਕੀਤਾ ਹੋਇਆ ਸੀ।

†ਮਾਇਆ ਦਾ ਰੂਪ ਧਾਰਕੇ ਆਉਣਾ ਉਸੇ ਤਰ੍ਹਾਂ ਦਾ ਪਰਤਾਵੇ ਕਰਨ ਆਉਣਾ ਹੈ, ਜਿਵੇਂ ਕਲਜੁਗ ਆਇਆ ਸੀ (ਦੇਖੋ ਉੱਤਰਾਰਧ ਅਧਯਾਯ ੧੦ ਅੰਕ ੮੫ ਦੀ ਹੇਠਲੀ ਟੂਕ) ਏਥੇ ਮੁਰਾਦ ਹੈ ਕਿ ਮਾਇਆ ਚਾਹੁੰਦੀ ਸੀ ਕਿ ਗੁਰੂ ਜੀ ਦੌਲਤ ਪਦਾਰਥ ਵਿਚ ਮੋਹ ਕਰਕੇ ਦੁਨੀਆਂਦਾਰ ਹੋ ਜਾਣ, ਪਰ ਉਹ ਭੁਲੇਵੇ ਵਿਚ ਨਹੀਂ ਆਏ। ਕਬੀਰ ਜੀ ਨੇ ਬੀ ਕਿਹਾ ਹੈ-'ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸੁ ॥ ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥ ੮ ॥' ਮਾਇਆ ਦਾ ਅਰਥ ਹੀ ਭੁਲੇਵਾ ਹੈ, ਤੇ ਵੇਦਾਂਤ ਮੂਜਬ ਇਹ ਭ੍ਰਾਂਤੀ ਮਾਤ੍ਰ ਹੈ, ਉਂਞ ਸਾਰਾ ਪਸਾਰਾ ਇਸੇ ਦਾ ਮੰਨਦੇ ਹਨ। ਸਾਂਖ ਨੇ ਇਸੇ ਨੂੰ ਪ੍ਰਕ੍ਰਿਤੀ ਕਹਿਕੇ ਜੜ੍ਹ ਮੰਨਿਆਂ ਹੈ,ਲੱਛਣਾਂ ਵਿਚ ਰਤਾ ਫਰਕ ਹੈ।

ਕੀਨੀ ਭਾਉ ਘਨੇਰੇ ॥ ੧੫ ॥ ਲਹਿਣੇ ਤਤਛਿਨ ਬਿਜਨਾ ਲੀਨੋ। ਪੌਨ ਕਰਨ ਆਯੋ ਰਸ ਭੀਨੋ। ਪਿਖਿ ਸਰੂਪ ਕੋ ਮਨ ਬਿਸਮਾਯੋ।ਕਛੁ ਨ ਜਾਨਯੋ ਗਯੋ ਲਜਾਯੋ ॥੧੬॥ ਨਿਕਸਿ ਗਈ ਕਰਿ ਸੇਵਾ ਜਬਿਹੀ। ਹਾਥ ਜੋਰਿ ਕੈ ਬੂਝਯੋ ਤਬਿਹੀ। 'ਕੋ ਅੰਗਨਾ[1] ਇਹ ਦਿੱਬਯ ਸਰੂਪਾ[2]? । ਅਲੰਕਾਰ[3]ਬਰ ਬੇਖ ਅਨੂਪਾ॥੧੭॥ਪਦ ਪੰਕਜ ਸੇਵਹਿ ਧਰਿ ਭਾਊ[4]। ਬੰਦਨ ਕਰਿ ਗਮਨੈ ਦਿਸ਼ ਕਾਊ[5]। ਮੈਂ ਇਕ ਪਿਖੀ, ਔਰ ਨਹਿ ਦੇਖੀ[6]। ਉਰ ਮਹਿੰ ਅਚਰਜ ਭਯੋ ਵਿਸ਼ੇਖੀ'॥੧੮॥ਸੁਨਿਕੈ ਸ੍ਰੀ ਬੇਦੀ ਕੁਲ ਕੇਤੂ। ਬੋਲੇ ਭੇਦ ਬਤਾਵਨ ਹੇਤੂ।'ਤੁਝ ਪਰ ਸ੍ਰੀ ਕਰਤਾਰ ਕ੍ਰਿਪਾਲਾ। ਤਬਹਿ ਬਿਲੋਕਯੋ ਰੂਪ ਬਿਸਾਲਾ ॥ ੧੯ ॥ ਔਰ ਕਿਸੂ ਕੋ ਨਦਰ ਨ ਆਵੈ। ਤਾਂ ਕੋ[7] ਪਾਰ ਨ ਪਾਯੋ ਜਾਵੈ। ਮਾਯਾ ਰੂਪ ਜਗਤ ਨਰ ਜੋਊ[8]। ਸਭਿ ਭਰਮਾਏ ਬਚਯੋ ਨ ਕੋਊ ॥੨੦॥ ਦੋਹਰਾ ॥ ਸੋ ਆਵਤਿ ਇਸ ਹੇਤ ਤੇ ਦ੍ਵਾਦਸ਼ ਕੋਸਨ[9] ਦੂਰ। ਰਹਤਿ ਹਮਾਰੇ ਪਾਸ ਤੇ,ਛਲ ਬਲ ਹ੍ਵੈ ਨ ਹਜੂਰ[10]॥੨੧॥ਚੌਪਈ॥ਰਹਯੋ ਚਹਤਿ ਹੈ ਨਿਕਟ ਕੁਚਾਲੀ। ਪਾਇ ਜਾਹਿ ਨਰ ਹੋਤਿ ਕੁਚਾਲੀ[11]। ਯਾਂਤੇ ਸੇਵ ਕਰਤਿ ਸੋ ਆਈ।ਇਸਥਿਰ ਹੋਨ ਸਮੀਪ ਸਦਾਈ ॥੨੨॥ਦੁਤਿਯ ਸਰੂਪ ਧਰੈਂ ਹਮ ਜਬਿ ਹੀ।ਖਸ਼ਟ ਕੋਸ ਪਰ ਥਿਤ ਹ੍ਵੈ ਤਬਿਹੀ।ਤ੍ਰਿਤੀਏ ਤਨ ਦਰ ਪਰ ਚਲਿ ਆਵਹਿ। ਸੇਵ ਕਰਹਿ ਸਭਿ ਭਾਂਤਿ ਰਿਝਾਵਹਿ ॥੨੩॥ਧਰੈਂ ਚਤੁਰਥੀ ਜਬਿ ਹਮ ਦੇਹੀ।ਚਹੁੰ ਦਰ ਪ੍ਰਵਿਸ਼ੈ ਆਵੈ ਏਹੀ'।ਇਸ ਪ੍ਰਕਾਰ ਸਭਿ ਭੇਦ ਬਤਾਵਾ। ਸੁਨਿ ਲਹਿਣਾ ਹਿਰਦੇ ਹਰਖਾਵਾ*॥੨੪॥ਭਰਯੋ ਪ੍ਰੇਮ ਉਰ ਸੇਵਾ ਕਰਿਹੀ। ਨਹੀ ਅਹੰਤਾ ਰੰਚਕ ਧਰਿਹੀ। ਇਸ ਬਿਧਿ ਦਿਵਸ ਬਿਤੀਤੇ ਕੇਤੇ।ਕਰਹਿ ਸਦਨ ਹ੍ਵੈ ਕਾਰਜ ਤੇਤੇ ॥ ੨੫ ॥ ਏਕ ਸਮੇ ਧ੍ਰਮਸਾਲਾ ਮਾਂਹੀ। ਰੁਚਿਰ ਪ੍ਰਯੰਕ ਡਸਾਵਾ ਤਾਂਹੀ। ਤਿਹ ਪਰ ਪੌਢੇ ਹੁਤੇ ਗੁਸਾਈਂ। ਲਹਿਣਾ

[1]ਕੌਣ ਇਸਤ੍ਰੀ। [2]ਦੇਵਤਿਆਂ ਦੇ ਸਰੂਪ ਵਾਲੀ। [3]ਗਹਿਣੇ। [4]ਸ਼ਰਧਾ ਨਾਲ। [5]ਕਿਸੇ ਤਰਫ। [6]ਇਕ ਮੈਂ ਉਹ ਦੇਖੀ ਹੈ ਹੋਰ ਕਿਸੇ ਨੇ ਨਹੀਂ ਵੇਖੀ। [7]ਉਸ (ਮਾਇਆ) ਦਾ। [8](ਉਹ) ਮਾਇਆ ਸਰੂਪ (ਧਾਰ ਕੇ ਆਈ ਸੀ) ਜਿਸ ਨੇ ਜਗਤ ਦੇ ਨਰ। [9]ਬਾਰਾਂ ਕੋਹ। [10]ਸਾਡੇ ਸਾਹਮਣੇ ਛਲ ਵਲ ਉਸ ਦੇ ਚਲ ਨਹੀਂ ਸਕਦੇ। [11]ਜਿਸ ਨੂੰ ਪ੍ਰਾਪਤ ਕਰਕੇ ਨਰ ਕੁਚਾਲ ਵਾਲੇ ਹੋ ਜਾਂਦੇ ਹਨ।

*ਇਹ ਕਵਿ ਜੀ ਨੇ ਇਕ ਗਲ ਅਲੰਕਾਰਕ ਵਰਣਨ ਕੀਤੀ ਹੈ, ਮਾਇਆ ਦਿਬਯ (ਅਸਮਾਨੀ) ਰੂਪ ਧਾਰਕੇ ਆਈ ਸੀ। ਉਹ ਬੀ ਐਸਾ ਸੀ ਜੋ ਸ੍ਰੀ ਪਰਮ ਪਵਿੱਤਰ ਲਹਿਣਾ ਜੀ ਨੂੰ ਦਿਸ ਸੱਕਿਆ. ਉਹ ਰੂਪ ਸਰੀਰ ਧਾਰੀ ਨਹੀਂ ਸੀ।

Sri Satguru Jagjit Singh Ji eLibrary　　NamdhariElibrary@gmail.com

ਸੀਤਲ ਪੌਨ ਝੁਲਾਈ ॥੨੬॥ ਹਲਤ ਹੁਤੇ ਪਦ ਪੰਕਜ ਦੋਊ। ਜਿਨ ਕੇ ਅਹੈ ਸਮੀਪ ਨ ਕੋਊ। ਇਹ ਬਿਲੋਕ ਲਹਿਣਾ ਬਿਸਮਾਨਯੋ। ਦ੍ਵੈ ਕਰ ਜੋਰੇ ਬਚਨ ਬਖਾਨਯੋ ॥੨੭॥ 'ਕਿਹ ਕਾਰਨ ਪਦ ਪੰਕਜ ਦੋਈ। ਚੰਚਲ ਹੋਤਿ ਆਪ ਤੇ ਸੋਈ। ਕੋਇ ਨ ਪਿਖਿਯਤਿ ਜਿਨਹਿ ਸਮੀਪਾ?'। ਸੁਨਿ ਬੋਲੇ ਬੇਦੀ ਕੁਲ ਦੀਪਾ॥੨੮॥'ਤੂੰ ਹੈਂ ਮੇਰੋ ਪਰਮ ਪਿਆਰੋ।ਯਾਂਤੇ ਸਭਿਹੀ ਭੇਦ ਉਚਾਰੋਂ। ਅਮਰ ਬਿੰਦ ਛ੍ਵੈ ਛ੍ਵੈ ਜੁਗ ਪਾਈ[1]। ਬੰਦਨ ਕਰਿ ਕਰਿ ਸਦਨ ਸਿਧਾਈ[2]॥੨੯॥ ਆਵਹਿ ਮਿਲਿ ਕਰਿ ਕਬਿ ਕਬਿ ਸਾਰੇ। ਗੁਪਤ ਰੂਪ ਨਰ ਨਾਂਹਿ ਨਿਹਾਰੇ[3]'।ਸੁਨਿ ਕਹਿ 'ਸੱਤਿ ਸੱਤਿ ਪ੍ਰਭੁ ਸੋਊ'। ਬੰਦਤਿ ਭਾ ਪਦ ਪੰਕਜ ਦੋਊ॥੩੦॥ਪਰਮ ਪ੍ਰੇਮ ਜਾਗਯੋ ਉਰ ਮਾਂਹੀ।ਰੰਗਯੋ ਰੰਗ ਭਗਤਿ ਮਨ ਜਾਂਹੀ। ਇਕ ਮਨ ਹ੍ਵੈ ਪਢਿਹੈ ਗੁਰਬਾਣੀ। ਸੁਨਹਿ ਗੁਨਹਿ ਕੀਰਤਿ ਚਿਤ ਮਾਨੀ॥੩੧॥ਵਾਹਿਗੁਰੂ ਕੋ ਸਿਮਰਨ ਕਰਿਹੀ। ਉਮਗ ਉਮਗ ਮੁਖ ਸੁਜਸੁ ਉਚਰਿਹੀ।ਚੀਤ ਪ੍ਰੀਤਿ ਕੀਰਤਿਨਿਆਰੀ।ਲਿਵ ਲਾਗੀ ਨਿਸਦਿਨ ਸੁਖਕਾਰੀ॥੩੨॥ਕਰਿਤਯੋ ਸੇਵਾ ਸਮਾਂ ਬਿਤਾਵਹਿ। ਜਗ ਕਾਰਜ ਕੋ ਰਿਦੇ ਨ ਆਵਹਿ। ਇਸ ਬਿਧਿ ਬਾਸੁਰ ਕਿਤੇ ਬਿਤਾਏ।ਚਰਨ ਕਮਲ ਮਨ ਭੌਰ ਲੁਭਾਏ॥੩੩॥ ਬੈਠੇ ਹੁਤੇ ਬੇਦਿਕੁਲਦੀਪਾ। ਪਾਉਂ ਪਲੋਸਤਿ[4] ਹੋਇ ਸਮੀਪਾ। ਕਰ ਪਰਸੈ ਪਿੰਡਰੀ ਜਬਿ ਦੇਖੀ।ਜਿਨ ਕੋ ਲਗੀ ਝਰੀਟ ਵਿਸ਼ੇਖੀ*॥੩੪॥ ਬੂਝਯੋ ਲਹਿਣੇ ਦ੍ਵੈ ਕਰ ਬੰਦੇ। 'ਕਿਸ ਬਿਧਿ ਕੰਟਕ[5] ਲਗੇ ਮੁਕੰਦੇ!। ਵਹਿਰ ਕਹੂੰ ਅਸ ਠੌਰਨ ਮਾਂਹੀ[6]। ਗਮਨੇ ਪ੍ਰਭੁ! ਆਪ ਕਬਿ ਨਾਂਹੀ॥੩੫॥ ਅਬਿ ਲਾਗੀ ਹੈਂ ਪਰਹਿ ਲਖਾਈ[7]। ਇਹ ਕਾਰਨ ਮੁਝ ਦੇਹੁ ਬਤਾਈ'। ਸੁਨਿਕੈ ਸ੍ਰੀਗੁਰ ਗਿਰਾ ਅਲਾਈ। 'ਏਕ ਅਯਾਲੀ ਅਜਾ ਚਰਾਈ[8]' ॥੩੬॥ ਦੋਹਰਾ ॥ ਮਨ

---

[1]ਦੇਵਤੇ ਸਾਰੇ ਛੁਹ ਛੁਹ ਕੇ ਦੋਵੇਂ ਚਰਣ। [2]ਘਰਾਂ ਨੂੰ ਮੁੜ ਜਾਂਦੇ ਹਨ। [3]ਗੁਪਤ ਰੂਪ ਵਿਚ ਆਉਂਦੇ ਹਨ ਤਾਂਕਿ ਲੋਕੀਂ ਦੇਖ ਨਾ ਲੈਣ। [4]ਘੁਟਦੇ ਸਨ ਚਰਨ। [5]ਕੰਡੇ। [6]ਐਸੀਆਂ ਥਾਵਾਂ ਵਿਚ। [7]ਪ੍ਰਤੀਤ ਹੁੰਦੀਆਂ ਹਨ। [8]ਬੱਕਰੀਆਂ ਚਰਾ ਰਿਹਾ ਹੈ।

*ਧਿਆਨ ਧਾਰਨ ਵਾਲਾ ਜਦੋਂ ਆਪਣੇ ਅੰਦਰਲੇ ਭਾਵ ਵਿਚ ਆਪਣੇ ਧਿਆਨ ਨਾਲ ਅਭਿਦ ਤੇ ਉਹੋ ਰੂਪ ਹੋ ਜਾਂਦਾ ਹੈ ਤਾਂ ਉਸ ਦਾ ਦੁਖ ਸੁਖ ਜਿਸ ਦਾ ਧਿਆਨ ਧਰਿਆ ਜਾਵੇ ਉਸ ਪਰ ਅਸਰ ਕਰਦਾ ਹੈ ਤੇ ਉਸ ਅਗੇ ਸਾਮਰਤੱਖ ਹੋ ਜਾਂਦਾ ਹੈ, ਉਹ ਦਾਤਾ ਉਸ ਦੀ ਰੱਖਯਾ ਕਰਦਾ ਹੈ ਇਹ ਆਤਮ ਵਿਦਯਾ ਦਾ ਇਕ ਨਿਯਮ ਹੈ।

ਯਥਾ:—ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੈ॥

[ਮਾਰੂ ਸੋਲਹੇ ਮ: ੧—੬—੩—੧੧

Sri Satguru Jagjit Singh Ji eLibrary NamdhariElibrary@gmail.com

ਇਕਾਂਤਿ ਹੈ ਪ੍ਰੀਤਿ ਧੁਤ ਪਢਹਿ ਸੋਹਿਲਾ[1] ਸੋਇ। ਕੰਟਕ ਝਾਰ ਅਪਾਰ ਜਹਿ[2] ਵਿਰਤਿ ਪ੍ਰੇਮ ਮਹਿਂ ਹੋਇ ॥੩੭॥ ਚੌਪਈ ॥ ਹੈ ਸਮੀਪ ਬਿਚਰਤੋਂ ਤਿਹ ਸੰਗਾ।ਲਗਨੇ ਦੇਉਂ ਨ ਕੰਟਕ ਅੰਗਾ।ਤਹਾਂ ਝਰੀਟ ਲਗੀ ਇਹੁ ਜਾਨਹੁ। ਲਹਿਣੇ! ਸਾਚ ਬਚਨ ਮਮ ਮਾਨਹੁ॥੩੮॥ਪਢਹਿ ਸੋਹਿਲਾ ਜੋ ਕਿਤ ਕੋਊ[3]। ਤਿਹ ਸਮੀਪ ਨਿਸ਼ਚੈ ਮੈਂ ਹੋਊਂ।ਅਸ ਕਹਿ ਪੁਨ ਇਕਸਿੱਖ ਹਕਾਰਾ।ਤਿਹ ਸੌਂ ਬੋਲੇ ਮੋਖ ਉਦਾਰਾ ॥ ੩੯॥ 'ਅਮਕਾ ਜੋ ਥਲ ਤਹਾਂ ਅਯਾਲਾ। ਅਜਾ ਚਰਾਵਤਿ ਪ੍ਰੇਮ ਬਿਸ਼ਾਲਾ। ਜਾਵਹੁ ਤੁਮ ਤਿਹ ਨਿਕਟ ਨਿਹਾਰੀ। ਆਦਰ ਯੁਕਤ ਸੁ ਆਇ ਹਕਾਰੀ[4]' ॥ ੪੦ ॥ ਆਇਸੁ ਪਾਇ ਗਯੋ ਸਿਖ ਤਹਿਵਾ। ਅਜਾ ਚਰਾਇ ਅਯਾਲੀ ਜਹਿਵਾ। ਤਿਹ ਬਿਲੋਕਿ ਬੋਲਯੋ ਮ੍ਰਿਦੁ ਬਾਨੀ। 'ਤੁਝਹਿ ਹਕਾਰਤਿ ਗੁਰ ਗੁਨਖਾਨੀ' ॥੪੧॥ ਸੁਨਿ ਕਰਿ ਚਲਯੋ ਸਿੱਖ ਕੇ ਸਾਥਾ। ਆਇ ਨਿਵਾਯੋ ਜੁਗਪਗ[5] ਮਾਥਾ। ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ।ਤਿਹ ਅਯਾਲਿ ਸੋਂ ਗਿਰਾ ਅਲਾਈ॥੪੨॥ਦੋਹਰਾ॥ 'ਸੋਵਨ ਸਮੈਂ ਬਖਾਨਿਯੋ ਕੰਠ ਸੋਹਿਲਾ ਜੋਇ[6]'। ਅਧਿਕ ਖ਼ੁਸ਼ੀ ਬਹੁਤੋ ਕਰੀ ਦ੍ਵੈਤ ਰਿਦੈ ਤੇ ਖੋਇ ॥੪੩॥ਚੌਪਈ॥ਸੁਨਿ ਅਯਾਲਿ ਨੈ ਬਿਨੈ ਉਚਾਰੀ। "ਅਬ ਜਿਉਂ ਹੋਇ ਰਜਾਇ ਤੁਮਾਰੀ। ਤਿਉਂ ਮੈਂ ਕਰਿਹੌਂ ਧਰਿ ਉਰ ਪ੍ਰੀਤੀ। ਸੋਈ ਲਖੋਂ ਸ਼ਾਂਤਿਦਾ[7] ਰੀਤੀ"॥੪੪॥ਨਿਕਟਿ ਜਿ ਨਰ ਭੇ ਬਿਸਮੇ[8] ਤਬਿਹੀ। ਧਰਹਿਂ ਗੁਰੂ ਪਰ ਸ਼ਰਧਾ ਸਭਿਹੀ।ਪਿਖਿਓ ਲੋਚਨ[9] ਕਾਰਨ ਜੋਈ[10]। ਦ੍ਰਿਢ ਪਰਤੀਤ ਰਿਦੈ ਮਹਿਂ ਹੋਈ[11] ॥ ੪੫ ॥ ਪਢਹਿ ਸੋਹਿਲਾ ਸੋਵਨ ਕਾਲਾ। ਹਿਰਦੈ ਧਰਿਕੈ ਧਯਾਨ ਬਿਸਾਲਾ। ਤਿਨ ਕਾ ਹੈ ਸਤਿਗੁਰ ਰਖਵਾਰਾ। ਬਿਘਨ ਸਰਬ ਦੇ ਦੂਖ ਨਿਵਾਰਾ॥ ੪੬ ॥ ਤੀਨ ਬਰਖ ਜਬਿ ਇਸ ਬਿਧਿ ਬੀਤੀ। ਲਹਿਣਾ ਸੇਵ ਕਰੇ ਧੁਤ ਪ੍ਰੀਤੀ।ਪੁਨ ਨਿਕੇਤ ਸੁਧ[12] ਲੇਨੇ ਕਾਰਨ। ਆਇਸੁ ਦੀਨੀ ਦੰਭ ਬਿਦਾਰਨ[13] ॥੪੭॥ ਸੁਨਿ ਨਿਦੇਸ਼ ਪ੍ਰਭੁ[14] ਜਾਇ ਨ ਮੋਰੀ[15]। ਬੰਦੇ ਪਦ ਪੰਕਜ ਕਰ ਜੋਰੀ। ਗਮਨਯੋ ਪੰਥ ਰਿਦੇ ਧਰਿ ਧਯਾਨਾ।

[1]ਕੀਰਤਨ ਸੋਹਿਲਾ। [2]ਕੰਡਿਆਂ ਦੀਆਂ ਝਾੜੀਆਂ ਬਹੁਤੀਆਂ ਹਨ ਜਿੱਥੇ। [3]ਕੋਈ ਕਿਧਰੇ। [4]ਲਿਆਓ ਬੁਲਾਇਕੇ। [5]ਦੋਹਾਂ ਚਰਨਾਂ ਤੇ। [6]ਸੌਣ ਵੇਲੇ ਪੜ੍ਹਿਆ ਕਰੋ ਸੋਹਿਲਾ ਜੋ ਤੇਰੇ ਕੰਠ ਹੈ। [7]ਸ਼ਾਂਤੀ ਦਾਇਕ। [8]ਅਚਰਜ ਹੋਏ। [9]ਅੱਖੀਂ ਡਿੱਠਾ। [10]ਜੋ ਕਾਰਨ ਸੀ (ਝਰੀਟਾਂ ਦਾ)। [11]ਭਾਵ ਸਾਰੇ ਨਿਕਟ ਵਰਤੀਆਂ ਦੇ ਹਿਰਦੇ ਵਿਚ। [12]ਘਰ ਦੀ ਖਬਰ ਸਾਰ। [13]ਭਾਵ ਗੁਰੂ ਜੀ ਨੇ। [14]ਭਾਵ ਗੁਰੂ ਜੀ ਦੀ ਆਗਿਆ। [15]ਮੋੜੀ ਨਹੀਂ ਜਾਂਦੀ।

Sri Satguru Jagjit Singh Ji eLibrary NamdhariElibrary@gmail.com

ਮਨ ਥਿਰ, ਕਿੰਚਿਤ[1] ਨਾਂਹਿ ਡੁਲਾਨਾ ॥ ੪੮ ॥ ਕ੍ਰਮ ਕਰਿ ਪਹੁੰਚਿ ਖਡੂਰ ਮਝਾਰਾ। ਪ੍ਰਵਿਸ਼ਯੋ ਸਦਨ ਮਿਲ੍ਯੋ ਪਰਵਾਰਾ। ਤਬਿ ਸਭਿ ਨਰਨ ਕਾਨ ਸੁਨਿ ਪਾਯੋ।'ਕਾਲ ਬਿਤੇ ਬਹੁ ਲਹਿਣਾ ਆਯੋ' ॥ ੪੯ ॥ ਮਿਲਨ ਹੇਤ ਮਿਲਿ ਕਰਿਕੈ ਸਭਿਹੀ।ਸੁਜਸੁ ਕਹਤਿ ਚਲਿ ਆਇਤ ਤਬਿਹੀ।ਆਦਰ ਕਰਨ ਨਰਨ ਸਭਿ ਤਾਈਂ। ਉਠ੍ਯੋ ਸੁ ਮੰਚ ਪਰ ਤੇ ਅਗੁਵਾਈ ॥ ੫੦॥ ਗਰ ਸੈਂ ਲਾਇ ਮਿਲ੍ਯੋ ਸਭਿ ਸੰਗਾ।ਪੇਖ੍ਯੋ ਨਰਨ ਸੁਭਾਉ ਉਤੰਗਾ[2]। ਹੁਤੋ ਸੁਸ਼ੀਲ ਚੌਧਰੀ ਗ੍ਰਾਮੁ। ਉੱਤਮ ਅਹੈ ਤਖਤਮਲ ਨਾਮੁ ॥ ੫੧॥ ਤਿਨ ਤਬਿ ਆਇ ਬੰਦਨਾ ਕੀਨੀ। ਸੇਵ ਨਿੰਮ੍ਰਤਾ ਮਹਿਂ ਮਤਿ ਭੀਨੀ।ਤਿਹ ਬਿਲੋਕਿ ਲਹਿਣਾ ਕਹਿ ਬਚਨਾ। ਮਾਧੁਰਤਾ ਮਿਰਦੁਲ ਜਿਨ ਰਚਨਾ॥੫੨॥ 'ਮਤਿ ਬਿਸਾਲ[3] ਗਲ ਮਿਲੀਏ ਆਈ।ਬੰਦਨ ਕਰਿ ਕਿਉਂ ਬੈਸ੍ਯੋ ਜਾਈ?। ਸਭਿ ਨਰ ਮਹਿਂ ਤੁਮ ਅਧਿਕ ਬਡੇਰੇ। ਮਨੁਜ ਗ੍ਰਾਮ ਅਨੁਸਾਰਿ ਸੁ ਤੇਰੇ[4] ॥੫੩॥ ਊਚੇ ਪਦ ਕੋ ਪਾਇ ਨਿਮਾਈਂ[5]। ਉੱਤਮ ਸੋ ਜਗ ਬਿਖੈ ਗਿਨਾਈਂ[6]। ਫਲ ਕੋ ਪਾਇ ਤਰੋਵਰੁ ਜੋਈ।ਸ਼ਾਖਾ ਝੁਕੈਂ ਧਰਨਿ ਪਰ ਸੋਈ'॥੫੪॥ ਕਹੈ ਚੌਧਰੀ ਦ੍ਵੈ ਕਰ ਜੋਰੇ। 'ਤੁਮ ਸੁਸ਼ੀਲ ਅਤਿਸ਼ੈ ਪ੍ਰਿਯ ਮੋਰੇ। ਮਹਾਂ ਪੁਰਖ ਕੇ ਢਿਗ ਚਿਰ-ਕਾਲਾ। ਰਹਿ ਕੈ ਕੀਨੀ ਸੇਵ ਬਿਸ਼ਾਲਾ॥੫੫॥ਮਹਾਂਪੁਰਖ ਕੇ ਭਏ ਸਮਾਨਾ॥ ਤੁਮ ਕੋ ਪੂਜਨ ਮੈਂ ਭਲ ਜਾਨਾ।ਗਰ ਸੋਂ ਮਿਲਿਨ ਯੋਗ ਅਬਿ ਨਾਂਹੀ। ਸੇਵਾ ਕਰਨ ਠਟੌਂ ਮਨ ਮਾਂਹੀ'॥੫੬॥ ਸੁਨਿ ਸ੍ਰੀ ਲਹਿਣਾ ਹਰਖ੍ਯੋ ਭਾਰੀ। ਖ਼ੁਸ਼ੀ ਅਧਿਕ ਤਿਹ ਊਪਰ ਧਾਰੀ। ਕਹ੍ਯੋ ਬਚਨ 'ਤੂੰ ਅਤਿ ਬ੍ਰਿਧ ਹੋਵਹਿ। ਸਤਿ-ਗੁਰ ਭਾਵੈ ਸਭਿ ਦੁਖ ਖੋਵਹਿ ॥੫੭॥ ਪਾਇਂ ਸਦਨ ਮਹਿ ਸਰਬ ਪਦਾਰਥ। ਜਾਇ ਪ੍ਰਲੋਕ ਹੋਇ ਕਿਰਤਾਰਥ[7]'।ਤਬਿ ਤੇ ਤਿਹ ਨਿਕੇਤ ਕੇ ਮਾਂਹੀ।ਕਿਸੁ ਵਸਤੁ ਕੀ ਕਮਤੀ ਨਾਂਹੀ ॥ ੫੮ ॥ ਕਰਨੀ ਭਗਤਿ ਰਿਦੇ ਮਹਿ ਜਾਗੀ। ਸਤਿਗੁਰ ਨਾਮ ਸੰਗ ਲਿਵ ਲਾਗੀ। ਬਹੁਰੋ ਕਰਤਿ ਭਏ ਸਤਿ ਭਾਉ। ਉਸਤਤਿ ਕਰਹਿਂ ਲੇਤਿ ਮੁਖ ਨਾਉਂ ॥ ੫੯ ॥ ਦੋਹਰਾ ॥ ਤਿਹ ਛਿਨ ਬੈਠ੍ਯੋ ਤਖ਼ਤਮਲ ਮਾਨਵ ਅਪਰ ਸੁ ਬ੍ਰਿੰਦ। ਸ਼ਬਦ ਉਚਾਰ੍ਯੋ ਸਤਿਗੁਰੂ ਸ਼ਰਧਾ ਹਿਤ ਸੁਖਕੰਦ॥ ੬੦ ॥ ਸ੍ਰੀ ਮੁਖ ਵਾਕ ॥ ਸੂਹੀ ਮਹਲਾ ੧ ॥

ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥

[1]ਰਤਾ ਭੀ। [2]ਉੱਚਾ। [3]ਹੇ ਵਡੀ ਮੱਤ ਵਾਲੇ। [4]ਤੇਰੇ ਅਧੀਨ ਹਨ। [5]ਜੋ ਨੀਊਂਦੇ ਹਨ। [6]ਗਿਣੇ ਜਾਂਦੇ ਹਨ। [7]ਨਿਹਾਲ ਹੋਵੇ ਅਥਵਾ ਮੁਕਤ ਹੋਵੇ।

Sri Satguru Jagjit Singh Ji eLibrary NamdhariElibrary@gmail.com

ਸਹਸਾ ਮੂਲਿ ਨਾਹਿ ਸਰਪਰ ਤਾਰਸੀ ॥ ੧ ॥ ਤਿਨ੍ਹਾ ਮਿਲਿਆ ਗੁਰੁ ਆਇ ਜਿਨ੍ਹ ਕਉ ਲੀਖਿਆ ॥ ਅੰਮ੍ਰਿਤੁ ਹਰਿਕਾ ਨਾਉ ਦੇਵੈ ਦੀਖਿਆ ॥ ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥ ੨ ॥ ਜਾਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥ ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥ ਛੁਟੈ ਤਾਂਕੈ ਬੋਲਿ ਸਾਹਿਬ ਨਦਰਿ ਜਿਸੁ ॥ ੩ ॥ ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥ ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥ ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥ ੪ ॥ ੪ ॥

ਚੌਪਈ ॥ ਤਿਹਛਿਨ ਸੁਨਿਕੈ ਬੰਦਨ ਕੀਨੀ। ਭਾਉ ਬਿਖੈ ਮਤਿ ਸਭਿ ਕੀ ਭੀਨੀ। ਇਸ ਪ੍ਰਕਾਰ ਮਿਲਿ ਕੀਨੋ ਗਵਨੰ। ਲਹਿਣਾ ਰਹ੍ਯੋ ਕਿਤਿਕ ਦਿਨ ਭਵਨੰ ॥ ੬੧ ॥ ਕਬਿ ਇਕ ਛਿਨ ਚਿਤ ਪਰਚਤਿ ਨਾਂਹੀ। ਕਬਿ ਆਂਙਨ[1] ਕਬਿ ਬਾਹਰ ਜਾਂਹੀ। ਗੁਰ ਪਦਪੰਕਜ ਢਿਗ ਮਨ ਛੋਰਾ। ਤਨ ਆਯੋ ਨਿਕੇਤ ਕੀ ਓਰਾ ॥ ੬੨ ॥ ਕੈਸੇ ਹੋਇ ਚੈਨ ਮਨ ਮਾਂਹੀ। ਚੰਦ ਚਕੋਰ ਚੀਤ ਚਿਤ ਚਾਹੀ। ਲੋਚਨ ਕਮਲ ਰਹੈਂ ਅਲਸਾਏ। ਬਿਨ ਅਪਨੇ ਪ੍ਰੀਤਮ ਰਵਿ[2] ਪਾਏ ॥ ੬੩ ॥ ਕਿਹ ਸੋਂ ਕਹੈਂ ਨ, ਰਹੈਂ ਉਦਾਸਾ। ਕਰਤਿ ਨ ਸੁਧ ਉਰ ਕਾਜ ਅਵਾਸਾ[3]। ਰਹੇ ਅਲਪ ਦਿਨ ਬੀਚ ਖਡੂਰੇ। ਪੁਨ ਚਹਿ ਚਲ੍ਯੋ ਨਿਕਟ ਗੁਰ ਪੂਰੇ ॥ ੬੪ ॥ ਸਭਿਹਨਿ ਸੋਂ ਮਿਲਿ ਕਰਿ ਹਿਤ ਸੰਗਾ। ਗਮਨ੍ਯੋ ਪੰਥ ਰਿਦੇ ਸ ਉਮੰਗਾ। ਨਰ ਕਹਿ ਰਹੇ 'ਰਹਉ ਕੁਛ ਔਰੀ। ਬਹੁ ਦਿਨ ਮਹਿ ਆਯੋ ਨਿਜ ਠੌਰੀ' ॥ ੬੫ ॥ ਯਥਾ ਜੋਗ ਸਭਿ ਸੋਂ ਕਹਿ ਨੀਕੇ। ਪਹੁੰਚ੍ਯੋ ਪੁਰਿ ਕਰਤਾਰ ਨਜੀਕੇ। ਜਾਇ ਦਰਸ ਦੇਖ੍ਯੋ ਸੁਖਦਾਈ। ਮਨਿ ਬਿਨ ਫਨੀ ਮਨੋ ਮਨਿ ਪਾਈ[4] ॥ ੬੬ ॥ 'ਸ਼ਰਨ ਸ਼ਰਨ' ਕਹਿ ਚਰਨ ਗਹਾਨੇ। ਨਮੋ ਕੀਨ ਪਰਿ ਦੰਡ ਸਮਾਨੇ[5]। 'ਪੁਰਖਾ! ਭਲਾ ਕਰਹਿ ਕਰਤਾਰਾ'। ਅਸ ਕਹਿ ਢਿਗ ਬਿਠਾਇ ਸਤਿਕਾਰਾ ॥ ੬੭ ॥ 'ਲਹਿਣੇ! ਤੂਰਨ ਹੀ ਚਲਿ ਆਯੋ। ਰਹਨਿ ਨਿਕੇਤ ਨ ਕਿਉਂ ਮਨ ਭਾਯੋ'। [6]'ਤੁਮ ਸਭਿ ਜਾਨਹੁ ਸ਼੍ਰੀ ਜਗਨਾਥਾ! ਆਵਨ ਰਹਨਿ ਨਹੀਂ ਮੁਝ ਹਾਥਾ ॥ ੬੮ ॥ ਜਿਉਂ ਪਤੰਗ ਹੈ ਡੋਰ ਅਧੀਨਾ। ਚਹੈ ਖਿਡਾਰਿ[7] ਕਰਖ ਤਬਿ ਲੀਨਾ'। ਅਸ ਕਹਿ ਸੇਵ ਬਿਖੈ ਮਨ ਲਾਵਾ। ਦੇਖਤਿ ਦਰਸ ਰਹਤਿ ਹੁਲਸਾਵਾ ॥ ੬੯ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ੍ਰੀ ਅੰਗਦ ਪ੍ਰਸੰਗ' ਬਰਨਨੰ ਨਾਮ ਅਠਤਾਲੀਸਵੋਂ ਅਧ੍ਯਾਯ ॥ ੪੮ ॥

---

[1]ਵੇਹੜੇ ਵਿਚ। [2]ਪ੍ਰੀਤਮ ਰੂਪੀ ਸੂਰਜ। [3]ਘਰ ਦੇ ਕੰਮਾਂ ਦੀ। [4]ਭਾਵ ਗੁਵਾਚੀ ਮਣੀ ਵਾਲੇ ਨਾਗ ਨੇ ਮਾਨੋਂ ਮਣੀ ਫੇਰ ਲੱਭ ਲਈ ਹੈ। [5]ਪੂਰੀ ਡੰਡਵਤ। [6]ਸ੍ਰੀ ਲਹਿਣੇ ਜੀ ਦਾ ਉੱਤਰ। [7]ਖਿਡਾਰੀ।

Sri Satguru Jagjit Singh Ji eLlibrary NamdhariElibrary@gmail.com

੪੯. [ਸ਼ੁਭ ਗੁਣ ਮਹਾਤਮ। ਬ੍ਰਿਛਾਂ ਤੋਂ ਭੋਜਨ। ਕਲ ਤਪੱਸਯਾ, ਰੋੜਾਂ ਦੀ ਸਿਹਜਾ, ਰੇਤ ਅੱਕ ਅਹਾਰ]

ਦੋਹਰਾ ॥ ਸਮ ਦਮ ਨੇਮ ਵਿਰਾਗ ਯਮ ਕਰੁਨਾ ਸਤਿ ਸੰਤੋਖ।
ਸਤਿਗੁਰ ਕੇ ਪਰਸਾਦਿ ਤੇ ਹ੍ਵੈ ਮਨ ਮਾਲੀ ਪੋਖ ॥ ੧ ॥

ਸਮ=ਅੰਦਰਲੇ ਇੰਦ੍ਰਿਆਂ ਨੂੰ ਵਸ ਵਿਚ ਕਰਨਾ। [ਸੰਸ:, ਸ਼ਮ]
ਦਮ=ਬਾਹਰਲੇ ਇੰਦ੍ਰਿਆਂ ਨੂੰ ਵਸ ਵਿਚ ਰੱਖਣਾ।
ਨੇਮ=ਕੋਈ ਬੰਨ੍ਹੀ ਹੋਈ ਰੀਤ। ਕਿਸੇ ਮੁਕਰਰ ਕੀਤੇ ਤਰੀਕੇ ਨਾਲ ਜੋ ਕੁਛ ਕੀਤਾ ਜਾਏ। [ਸੰਸ:, ਨਿਯਮ]। ਯੋਗ ਵਿਚ ਪੰਜ ਨਿਯਮ ਗਿਣੇ ਹਨ:—
ਸ਼ੌਚ=ਬਾਹਰਲੀ ਅੰਦਰਲੀ ਪਵਿੱਤ੍ਰਤਾ।
ਸੰਤੋਖ=ਜੋ ਆਪਣੇ ਪਾਸ ਹੈ ਉਸ ਵਿਚ ਨਿਰਬਾਹ ਕਰਨਾ।
ਤਪ=ਸਰਦੀ ਗਰਮੀ ਭੁਖ ਤ੍ਰੇਹ ਆਦਿ ਦਾ ਸਹਾਰਨਾ।
ਸ੍ਵਾਧ੍ਯਾਯ=ਨਾਮ ਦਾ ਜਪਣਾ। ਮੁਕਤੀ ਦਾਤਾ ਗ੍ਰੰਥਾਂ ਦਾ ਪੜ੍ਹਨਾ।
ਈਸ਼੍ਵਰ ਪ੍ਰਣਿਧਾਨ=ਸਾਰੇ ਸ਼ੁਭ ਕਰਮ ਕਰਕੇ ਵਾਹਿਗੁਰੂ ਨੂੰ ਅਰਪਣ ਕਰਨੇ, ਵਾਹਿਗੁਰੂ ਦੇ ਪਰਨੇ ਰਹਿਣਾ।
ਵਿਰਾਗ=ਪ੍ਰੀਤ ਦਾ ਨਾ ਹੋਣਾ। ਉਦਾਸੀਨਤਾ।
ਯਮ=ਧਰਮ ਵਿਚ ਪੱਕਿਆਂ ਰੱਖਣ ਵਾਲੇ ਕਰਮਾਂ ਦਾ ਸਾਧਨ। ਉਹ ਸ਼ੁਭ ਗੁਣ ਜਿਨ੍ਹਾਂ ਦੇ ਧਾਰਨ ਨਾਲ ਮਨ ਦੇ ਸ਼ੁੱਧ ਹੋਣ ਵਿਚ ਸਹਾਇਤਾ ਹੁੰਦੀ ਹੈ। ਯਮ ਪੰਜ ਹਨ:—
ਅਹਿੰਸਾ=ਪੀੜ ਨਾ ਦੇਣੀ, ਮਾਰਨਾ ਨਾ। ਸਤ੍ਯ=ਸੱਚ। ਝੂਠ ਨਾ ਬੋਲਣ ਤੇ ਕੁਦਰਤ। ਅਸ੍ਤੇਯ=ਨਾ ਲੈਣਾ। ਜਿਸ ਚੀਜ਼ ਪਰ ਆਪਣਾ ਹੱਕ ਨਹੀਂ ਉਸ ਦਾ ਨਾ ਲੈਣਾ।
ਬ੍ਰਹਮ ਚਰ੍ਯ=ਇੰਦ੍ਰੇ ਜਿੱਤ, ਕਾਮ ਵਾਸ਼ਨਾਂ ਤੇ ਬਲਵਾਨ ਹੋਣਾ।
ਅਪਰਿਗ੍ਰਹ=ਕਬਜ਼ੇ ਜਮਾਉਣ ਦੇ ਭਾਵ ਦਾ ਨਾ ਹੋਣਾ।
ਕਰੁਨਾ=ਕ੍ਰਿਪਾਲਤਾ, ਦ੍ਰਵਣਾ।
ਸਤਿ=ਸਚ। ਇਹ ਯਮ ਵਿਚ ਆ ਜਾਂਦਾ ਹੈ।
ਸੰਤੋਖ=ਜੋ ਪ੍ਰਾਪਤ ਹੋਵੇ ਉਸ ਵਿਚ ਰਾਜ਼ੀ। (ਇਹ) ਨੇਮ ਵਿਚ ਆ ਜਾਂਦਾ ਹੈ।

ਅਰਥ—ਹੇ ਮਨ ਮਾਲੀ ਬਣਕੇ ਸਤਿਗੁਰੂ ਦੀ ਕ੍ਰਿਪਾ ਨਾਲ ਸਮ, ਦਮ, ਨੇਮ ਵਿਰਾਗ ਯਮ, ਕਰੁਨਾ, ਸਤ, ਸੰਤੋਖ (ਆਦਿ ਸ਼ੁਭ ਗੁਣਾਂ ਦੀ ਆਪਣੀ ਸਰੀਰ ਰੂਪੀ ਧਰਤੀ ਵਿਚ) ਪਾਲਣਾ ਕਰ।

ਭਾਵ—ਇਹ ਭਾਵ ਕਵੀ ਜੀ ਦੇ ਹਿਰਦੇ ਵਿਚ ਸਿਰੀ ਰਾਗ ਵਿਚ ਕਹੇ ਸ਼ਬਦ 'ਅਮਲੁ ਕਰਿ

Sri Satguru Jagjit Singh Ji eLibrary NamdhariElibrary@gmail.com

ਧਰਤੀ' ਤੋਂ ਆਇਆ ਜਾਪਦਾ ਹੈ। ਸ਼ੁਭ ਗੁਣਾਂ ਦੀ ਸਰੀਰ ਵਿਚ ਪਾਲਣਾ ਕਰਨੀ ਹੈ ਤਾਂ ਕਿ ਇਸ ਵਿਚ ਨਾਮ ਰੂਪ ਬੀਜ ਬੀਜਿਆ ਜਾ ਸਕੇ। 'ਵਿਣੁ ਗੁਣ ਕੀਤੇ ਭਗਤਿ ਨ ਹੋਇ' ਸਤਿਗੁਰ ਦਾ ਵਾਕ ਹੈ।

ਅਗਲੇ ਅਧਯਾਯ ਦੇ ਮੰਗਲ ਵਿਚ ਭਗਤੀ ਰੂਪੀ ਖੇਤੀ ਦਾ ਜ਼ਿਕਰ ਕਰਨਗੇ। ਦੋਹਾਂ ਉਦਾਹਰਿਆਂ ਦਾ ਭਾਵ ਸਾਂਝਾ ਰਲਕ ਸੰਪੂਰਨ ਹੁੰਦਾ ਹੈ।

ਚੌਪਈ ॥ ਸ੍ਰੀ ਗੁਰ ਕਿਰਖੀ[1] ਕਾਜ ਕਰਾਵਹਿ। ਅਨਿਕ ਸਿੱਖ ਮਿਲਿ ਕਾਰ ਕਮਾਵਹਿ।ਹੋਵਹਿ ਅੰਨ ਅਤੋਟ ਕਿਦਾਰਾ[2]।ਖਲਵਾਰੇ ਬਹੁ ਲਗਹਿ ਅਪਾਰਾ ॥੨॥ ਦਰ ਲੌ[3] ਕੋਠੇ ਭਰਿ ਕਰਿ ਸਾਰੇ। ਦੇਗ ਚਲਾਵਹਿ ਸਦਾ ਉਦਾਰੇ। ਦੇਨਿ ਲਗਹਿ ਹੋਵਤਿ ਭੁਨਸਾਰਾ। ਜਾਮ ਨਿਸਾ ਲੌ[4] ਅਖੁਟ ਅਹਾਰਾ ॥੩॥ ਦੂਰ ਦੇਸ਼ ਤੇ ਨਰ ਮਿਲਿ ਬ੍ਰਿੰਦਾ।ਆਵਹਿ ਦਰਸ ਕਰਹਿ ਸੁਖਕੰਦਾ।ਬ੍ਰਹਮ-ਚਾਰੀ,ਜਿ ਬਿਰਾਗੀ,ਗਯਾਨੀ। ਤਪੀ,ਅਤੀਤ,ਦਿਗੰਬਰਿ[5], ਧਯਾਨੀ ॥੪॥ ਜੋਗੀ,ਪੰਡਤ ਬਹੁ ਸੰਨਯਾਸੀ। ਹਿੰਦੂ, ਤੁਰਕ ਆਵਹਿਂ ਗੁਰ ਪਾਸੀ। ਰਾਇ ਰੰਕ[6] ਜੋ ਧਰਿ ਅਭਿਲਾਖਾ। ਦਰਸ਼ਨ ਕਰਹਿਂ ਸੁ ਪੂਰਹਿ[7] ਕਾਂਖਾ[8] ॥੫॥ ਦੇਹਿ ਉਪਾਇਨ ਲੇਹਿ ਸੁ ਨਾਂਹੀ[9]। ਕੀਰਤਿ ਪਸਰੀ ਸਭਿ ਭਵ ਮਾਂਹੀ। ਫਿਰਹਿ ਕਿ ਪਾਂਤਿ ਮਰਾਲਨ ਭੂਲੀ[10]।ਸਭਿ ਜਗ ਕਿਧੋਂ ਚੰਬੇਲੀ ਫੂਲੀ॥੬॥ ਚੰਦ ਚੰਦ੍ਰਿਕਾ[11] ਘਰ ਘਰ ਛਾਈ[12]। ਜਹਿ ਕਹਿਂ ਪਾਰ ਨ ਪਾਯੋ ਜਾਈ। ਸੁਨਿਕੈ ਸੁਜਸ ਹੋਤਿ ਮਨ ਚਾਊ। ਆਇ ਬਿਲੋਕੈਂ ਧਰਿਕੈ ਭਾਊ॥੭॥ ਦੂਰ ਹੁਤੇ ਸਭਿ ਬਧਿ ਬਧਿ ਟੋਲਾ[13]।ਹ੍ਵੈ ਸਮੀਪ ਸੁਖ ਲਹਹਿਂ ਅਮੋਲਾ।'ਸ੍ਰੀ ਨਾਨਕ ਸ੍ਰੀ ਨਾਨਕ' ਸਾਰੇ। ਉਪਮਾ ਕੇ ਜੁਤਿ ਸਰਬ ਉਚਾਰੇਂ ॥੮॥ ਏਕ ਸਮੈਂ ਸੰਗਤਿ ਬਹੁ ਆਈ। ਚਹੁੰਦਿਸ਼ਿ ਤੇ, ਕਛੁ ਗਨੀ ਨ ਜਾਈ। ਕਈ ਹਜ਼ਾਰ, ਨਗਰ ਕਰਤਾਰਾ[14]। ਮਾਨਵ ਮਿਲੇ ਨ ਪਾਯਤਿ ਪਾਰਾ ॥੯॥ ਧਰਹਿਂ ਕਾਮਨਾ ਦਰਸ਼ਨ ਕਰਿਹੀਂ।ਬਿਨ ਸੰਸੇ ਮਨ ਬਾਂਛਤ ਪੂਰਿ ਹੀਂ[15]।ਭਈ ਬਿਭ੍ਰਾ-

[1]ਖੇਤੀ ਦਾ। [2]ਖੇਤੀ ਤੋਂ। [3]ਦਰਵਾਜੇ ਤਕ। [4]ਪਹਿਰ ਰਾਤ ਬੀਤੀ ਤਕ। [5]ਨਾਂਗੇ। [6]ਰਾਜੇ ਤੇ ਕੰਗਾਲ। [7]ਪੂਰੀ ਕਰਦੇ ਹਨ ਗੁਰੂ ਜੀ। [8]ਮੁਰਾਦ। [9]ਲੋਕੀ ਭੇਟਾ ਜੋ ਦੇਣ ਗੁਰੂ ਜੀ ਨਹੀਂ ਲੈਂਦੇ। [10](ਇਹ ਕੀਰਤੀ) ਮਾਨੋਂ ਹੰਸਾਂ ਦੀ ਡਾਰ ਭੁੱਲੀ ਫਿਰਦੀ ਹੈ। [11]ਅਥਵਾ ਚੰਦ ਦੀ ਚਾਂਦਨੀ। [12]ਘਰ ਘਰ (ਚਾਂਦਨੀ) ਛਾ ਰਹੀ ਹੈ,ਭਾਵ ਕੀਰਤੀ ਨੂੰ ਇਹ ਉਪਮਾਂ ਦਿੱਤੀ ਹੈ ਕਿ ਮਾਨੋਂ ਇਕ ਹੰਸਾਂ ਦੀ ਡਾਰ ਭੁੱਲੀ ਹੋਈ ਫਿਰ ਰਹੀ ਹੈ। ਜਾਂ ਸਾਰੇ ਜਗ ਵਿਚ ਚੰਬੇਲੀ ਫੁਲ ਪਈ ਹੈ, ਜਾਂ ਘਰ ਘਰ ਚਾਂਦਨੀ ਛਾ ਰਹੀ ਹੈ। ਹੰਸਾਂ ਦੀ ਡਾਰ ਦਾ ਭੁੱਲੇ ਫਿਰਨਾ ਕਵਿਤਾ ਦੇ ਇਕ ਭਾਰੇ ਕਮਾਲ ਦਾ ਫੁਰਨਾ ਹੈ। [13]ਟੋਲੇ ਬੰਨ੍ਹ ਬੰਨ੍ਹਕੇ। [14]ਕਰਤਾਰ ਪੁਰ ਵਿਚ। [15]ਮਨੋ ਕਾਮਨਾਂ ਨਿਰਸੰਸੇ ਪੂਰੀਆਂ ਹੁੰਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਵਰਿ[1] ਕੀਨ ਬਸੇਰਾ । ਪੁਰਿਕੇ ਚਹੁੰਦਿਸ਼ ਪਸਰਯੋ ਡੇਰਾ॥੧੦॥ਤਬਹੀ ਘਟਿ ਘੁਮਰ* ਘਿਰ ਆਈ । ਬਰਖਤਿ ਜਲ ਕੀ ਛਹਿਬਰ ਲਾਈ । ਬੀਤੀ ਨਿਸ ਪੁਨ ਭਾ ਭੁਨਸਾਰਾ[2] । ਸਗਰੋ ਦਿਵਸ ਪਰਤਿ ਰਹਯੋ ਬਾਰਾ[3] ॥ ੧੧ ॥ ਬਹੁਰ ਨ ਹਟੀ ਬਿਤੇ ਦਿਨ ਦੋਊ । ਬਿਨ ਅਹਾਰ ਆਤੁਰ[4] ਸਭਿ ਕੋਊ । ਭੋਜਨ ਕਰਨ ਨਹੀਂ ਬਿਧਿ ਹੋਈ । ਭੂਖੀ ਬਹੁਤ ਭਈ ਸਭਿ ਲੋਈ[5]॥੧੨॥ ਅਵਸਰ[6] ਕਰਨ ਨ ਪਾਇ ਅਹਾਰਾ[7] । ਜਹਿੰ ਜਹਿ ਪਸਰ[8] ਰਹਯੋ ਬਹੁ ਬਾਰਾ । ਸ੍ਰੀ ਗੁਰ ਤਬ ਧ੍ਰਮਸਾਲ ਮਝਾਰੀ । ਬੈਠੇ ਹੁਤੇ ਭੀਰ ਤਹਿੰ ਭਾਰੀ ॥ ੧੩ ॥ ਦੋਹਰਾ ॥ ਸ੍ਰੀ ਚੰਦ, ਲਖਮੀ ਚੰਦ, ਭ੍ਰਿਤ, ਲਹਿਣਾ[9] ਅਰ ਨਰ ਬ੍ਰਿੰਦ । ਬੈਠੇ ਸਰਬ ਸਮੀਪ ਹੀ ਮਧ ਬੇਦੀ ਕੁਲਚੰਦ ॥ ੧੪ ॥ ਚੌਪਈ ॥ ਸਭਿ ਸੰਗਤ ਕੋ ਭੁਖ ਬਿਸਾਲਾ॥ਬਯਾਪੀ ਪੀਰਾ ਲਖੀ ਕ੍ਰਿਪਾਲਾ । ਸ੍ਰੀ ਚੰਦਹਿ ਕੋ ਆਇਸੁ ਕੀਨੋ । 'ਬਰਖਾ ਹੋਤਿ ਬਿਤੇ ਦਿਨ ਤੀਨੋ ॥ ੧੫ ॥ ਭਈ ਛੁਧਾਤੁਰ[10] ਸੰਗਤ ਭੂਰੀ॥ਉਠਹੁ ਤਾਤ ਕੀਜੈ ਕ੍ਰਿਤ ਰੂਰੀ । ਤਰੁ ਕਿੱਕਰ ਕੋ ਢਿਹਰ ਜੁ ਠਾਂਢੇ[11]।ਚਢਿ ਊਪਰ ਝੁਣਹੁ ਗਹਿ ਗਾਢੇ[12]॥੧੬॥ਅਨਿਕਪ੍ਰਕਾਰ ਅਹਾਰ ਸੁ ਗਿਰਹੀ[13] । ਸੰਗਤਿ ਖਾਇ ਛੁਧਾ ਕੋ ਹਰਿਹੀ[14] । ਬਹੁਰ ਜਬੈ ਬਰਖਾ ਹਟਿ ਜੈ ਹੈ।ਹੋਇ ਸੁਖੀ ਤਬਿ ਸਦਨ ਸਿਧੈ ਹੈ'॥੧੭॥ਸ੍ਰੀਚੰਦ ਬਾਣੀ ਸੁਣਿ ਤਬ ਪ੍ਰਾਹੀ† । ਪਿਤ ਕੇ ਬਚ ਪ੍ਰਤੀਤਿ ਜਿਸ ਨਾਂਹੀ।'ਬਿਟਪਨ[15] ਸੰਗ ਅਸਨ ਕਿਨ ਲਾਯੋ । ਅਵਲੋਕਯੋ[16] ਨਹਿ ਕਿਸੂ ਸੁਨਾਯੋ ॥ ੧੮ ॥ ਪੂਰਬ ਕਬਹਿ ਨ ਹੋਈ ਐਸੇ।ਆਪ ਬਚਨ ਭਾਖਤਿ ਹੋ ਜੈਸੇ । ਸਿੱਧ ਮੁਨੀ ਅਰ ਜੋ ਅਵਤਾਰਾ । ਕਿਨਹੂੰ ਅਸ ਨਹਿ ਬਚਨ ਉਚਾਰਾ ॥੧੯॥ ਜਿਉਂ ਬਿੱਪ੍ਰੀਤ[17] ਆਪ ਫੁਰਮਾਵੋ । ਹੌਂ ਨ ਕਰੋਂ ਨਰ ਬੀਚ ਲਜਾਵੋਂ[18]'। ਜਾਨਯੋ ਤਾਤ ਪ੍ਰਤੀਤ ਬਿਹੀਨਾ॥ਪ੍ਰਭੁ ਤਬ ਦੁਤਿਯ ਸੰਗ ਬਚ ਕੀਨਾ ॥੨੦॥'ਲਖਮੀ ਦਾਸ ਸੁਨਹੁ ਸੁਤ ਆਇਸੁ । ਕਰਹੁ ਕਿਰਤ ਇਹ ਬਿਲਮ ਗਵਾਇਸ[19] । ਢਿਹਰ ਮਹੀ-

---

[1]ਰਾਤ । [2]ਸਵੇਰਾ । [3]ਜਲ ਭਾਵ ਮੀਂਹ ਪੈਂਦਾ ਰਿਹਾ। [4]ਦੁਖੀ ।[5]ਲੋਕ।[6]ਸਮਾਂ।[7]ਰੋਟੀ ਕਰਨ ਦਾ । [8]ਫੈਲ । [9]ਸ੍ਰੀ ਚੰਦ, ਲਖਮੀ ਦਾਸੁ (ਹੋਰ) ਦਾਸ ਤੇ ਲਹਿਣਾ ਜੀ । [10]ਭੁੱਖੀ । [11]ਖੜੇ ਹਨ । [12]ਚੰਗੀ ਤਰ੍ਹਾਂ ਫੜਕੇ । [13]ਡਿੱਗੇਗਾ । [14]ਭੁਖ ਦੂਰ ਕਰੇਗੀ । [15]ਬ੍ਰਿਛਾਂ । [16]ਨਾ ਕਿਸੇ (ਕਦੀ) ਦੇਖਿਆ ਤੇ ਨਾ ਸੁਣਾਇਆ । [17]ਪੁੱਠੀ ਭਾਵ ਅਣਹੋਣੀ ਗਲ । [18]ਸ਼ਰਮਿੰਦਾ ਹੋਵਾਂਗਾ । [19]ਦੇਰ ਗੁਆਕੇ (ਭਾਵ ਛੇਤੀ) । *ਪਾ:—ਘਟਾ ਘੁਮੰਡ ।

†ਪਾ:—ਸਿਰੀਚੰਦ ਬਾਣੀ ਤਬ ਪ੍ਰਾਹੀ ।

Sri Satguru Jagjit Singh Ji eLibrary NamdhariElibrary@gmail.com

ਰੁਹ[1] ਝੂਲਹੁ ਜਾਈ। ਸੰਗਤਿ ਸਗਰੀ ਲੇਹੁ ਬੁਲਾਈ॥ ੨੧ ॥ ਬਹੁ ਭੂਖੇ ਤ੍ਰਿਪਤਾਵਹੁ ਆਛੇ। ਕਰਹਿਂ ਨਹੀਂ[2], ਤਬ ਆਵਹੁ ਪਾਛੇ'। ਤਿਸਬਿਧਿ ਉੱਤਰ ਦੀਨੋ ਤਾਂਹੀ। ਪਿਤ ਰਜਾਇ ਚਿਤ ਮਾਨਤਿ ਨਾਂਹੀ ॥ ੨੨ ॥ ਦ੍ਵੈ ਸੁਤ ਲਖੇ ਪ੍ਰਤੀਤ ਨ ਆਈ[3]। ਉਚਿਤ ਨ[4] ਇਹੁ ਬਿਸ਼ਾਲ ਬਡਿਆਈ। ਉੱਤਮ ਹੁਤੋ ਜੁ ਦਾਸਨ ਮਾਂਹੀ। ਲਹਿਣੇ ਸੰਗ ਗਿਰਾ ਪੁਨ ਪ੍ਰਾਹੀ[5] ॥੨੩॥ 'ਲਹਿਣੇ ਉਠੋ ਸੁ ਲਹਿਣਾ ਤੋਹੀ। ਤੂਰਨ ਕਰਹੁ ਜੁ ਆਇਸੁ ਮੋਹੀ। ਸੰਗਤਿ ਸਗਰੀ ਲੇਹੁ ਪਿਛਾਰੀ। ਹ੍ਵੈ ਤੁਮ ਜਾਵਹੁ ਸਭਿਨਿ ਅਗਾਰੀ॥੨੪॥ਵਹਿਰ ਜਿ ਸਾਖੀ[6] ਝੂਲਹੁ ਨੀਕੇ। ਦੇਹੁ ਅਹਾਰ ਭਾਵਤੇ ਜੀ ਕੇ'। ਸੁਨਿ ਕਰਿ ਤਨ ਪਰ ਪਟ ਨ ਸੰਭਾਰਾ। ਉਠਿ ਕੈ ਤੂਰਨ ਨਿਕਸ੍ਯੋ ਦ੍ਵਾਰਾ ॥ ੨੫॥ ਸਗਰੀ ਸੰਗਤਿ ਸੰਗ ਬੁਲਾਈ। ਬਿਟਪ ਬਿਲੋਕਿ ਚਢ੍ਯੋ ਤਬਿ ਧਾਈ। ਗਹੇ ਪ੍ਰਕਾਂਡ[7] ਸਜੋਰ ਹਿਲਾਏ। ਗਿਰਤਿ ਪਿਖੇ ਭੋਜਨ ਬਹੁ ਭਾਏ ॥੨੬॥ ਮੋਦਕ[8] ਸਸਕੁਲਿ[9]* ਪਰਪਾ[10] ਪੂਰੀ[11]। ਪਿਖਤਿ ਸਰਬ ਭਾ ਅਚਰਜ ਭੂਰੀ। ਅਧਿਕ ਛੁਧਾ ਮਹਿ ਹੁਤੇ ਬਿਹਾਲਾ। ਅਚਵਨ[12] ਲਾਗੇ ਸ੍ਵਾਦ ਬਿਸ਼ਾਲਾ॥੨੭॥ ਜਿਉਂ ਜਿਉਂ ਝੂਲਹਿ ਬਿਟਪਨ ਸੋਊ। ਤਿਉਂ ਤਿਉਂ ਗਿਰਹਿਂ, ਖਾਇ ਸਭਿ ਕੋਊ। ਨਾਨਾ ਭਾਂਤਿ ਪਰਹਿ ਧਰ ਆਈ। ਲਗੇ ਨ ਦੀਸਹਿ ਪਰਤਿ ਦਿਸਾਈ[13] ॥੨੮॥ ਅਚਰਜ ਭੋ ਗਤਿ ਜਾਇ ਨ ਜਾਨੀ। 'ਧੰਨ ਧੰਨ' ਕਹਿ 'ਗੁਰ ਗੁਨਖਾਨੀ'। ਇਕ ਤੌ ਭੂਖੇ ਬਾਸੁਰ ਤੀਨੇ[14]। ਮਿਲ੍ਯੋ ਨ ਅਵਸਰ[15] ਅਸਨ ਨ ਕੀਨੇ॥੨੯॥ ਦੁਤਿਯ ਸ੍ਵਾਦਮੈ[16] ਮਿਲ੍ਯੋ ਅਹਾਰਾ। ਖਾਇ ਅਧਿਕ ਸੁਖ ਰਿਦੇ ਉਦਾਰਾ[17]। ਚਿਰੰਕਾਲ ਲੌ ਅਚਵ ਅਘਾਏ[18]। 'ਭਏ ਤ੍ਰਿਪਤ' ਇਵ ਮੁਖਹਿ ਅਲਾਏ ॥੩੦॥ ਹਟਿ ਜਬ ਰਹੇ[19] ਬਿਲੋਕੇ ਲਹਿਣੇ। ਉਤਰ੍ਯੋ ਤਰੇ ਛੋਰਿ ਕਰਿ ਟਹਿਣੇ। ਬਿੰਸਤ ਚਤੁਰ ਹਜ਼ਾਰ[20] ਹੁਤੇ ਨਰ†। ਸਭਿ ਤ੍ਰਿਪਤਾਏ ਰਹ੍ਯੋ ਹਰਖ ਭਰਿ ॥੩੧॥ ਹ੍ਵੈ ਕੈ

[1] ਬ੍ਰਿਛ ਨੂੰ। [2] (ਜਦੋਂ ਰੱਜਕੇ) ਨਾਂਹ ਨਾਂਹ ਕਰਨ ਲਗ ਜਾਣ। [3] ਦੇਖੇ (ਕਿ ਕਿਸੇ ਨੂੰ) ਭਰੋਸਾ ਨਹੀਂ ਆਇਆ। [4] ਲਾਇਕ ਨਹੀਂ ਹਨ। [5] ਕਹੀ। [6] ਬ੍ਰਿਛ। [7] ਟਾਹਣੇ। [8] ਲਡੂ। [9] ਜਲੇਬੀ [ਸੰਸ:, ਸ਼ਸ਼ਕੁਲੀ=ਪਕਵਾਨ]। [10] ਪ੍ਰਾਕੜੀ, ਪੂੜਾ (ਅ) ਕਰਾਰੀ, ਪੂਰੀ ਦਾ ਵਿਸ਼ੇਸ਼ਣ ਹੈ [ਸੰਸ:, ਪਰਿ-ਪਾਕ=ਚੰਗੀ ਤਰ੍ਹਾਂ ਪੱਕੀ ਹੋਈ]। [11] ਪੂੜੀਆਂ। [12] ਖਾਣ। [13] ਪਰ ਡਿਗਦੇ ਦਿਸਦੇ ਸਨ। [14] ਤਿੰਨਾਂ ਦਿਨਾਂ ਦੇ। [15] ਸਮਾਂ। [16] ਸੁਾਦੀਕ। [17] ਵਧਿਆ। [18] ਖਾ ਕੇ ਰੱਜ ਗਏ। [19] (ਖਾਣੋਂ) ਹਟ ਗਏ। [20] ਚੱਵੀ ਹਜ਼ਾਰ। *ਪਾ:—ਸ਼ਕੁਲੀ [ਸੰਸ:, ਸ਼ਖਲੀ] †ਜਿਨ੍ਹਾਂ ਨੇ ਬਾਬਾ ਖੇਮ ਸਿੰਘ, ਸੰਤ ਅਤਰ ਸਿੰਘ ਆਦਿ ਸੰਤਾਂ ਦੇ ਦੁਆਰੇ ਸੰਗਤਾਂ ਦੇ ਇੱਕਠ ਡਿੱਠੇ ਹਨ ਓਹ ਸੋਚ ਸਕਦੇ ਹਨ ਕਿ ਸਤਿਗੁਰੂ ਜੀ ਦੇ ਆਪਣੇ ਦੁਆਰੇ ਐਨੀ ਸੰਗਤ ਦਾ ਜੁੜਨਾ ਇਕ ਮਾਮੂਲੀ ਗਲ ਹੈ।

Sri Satguru Jagjit Singh Ji eLibrary NamdhariElibrary@gmail.com

ਸੰਗਤਿ ਕੇਰ ਅਗਾਰੀ। ਚਲਿ ਆਯੋ ਧ੍ਰਮਸਾਲ ਮਝਾਰੀ। ਪਾਇਨ ਪਾਸ ਲਕੁਟ ਕੀ ਨਿਆਈਂ[੧]। ਪਰਯੋ ਦੀਨ ਹ੍ਵੈ ਪ੍ਰੇਮਹਿ ਛਾਈ ॥ ੩੨ ॥ ਤਿਹ ਛਿਨ ਕਛੁਕ ਸ਼ਕਤਿ ਹ੍ਵੈ ਆਈ। ਭਾਨੁ ਉਗਤਿ ਜੈਸੇ ਅਰੁਨਾਈ[੨]। ਸੰਗਤਿ ਪਾਇਨਿ ਪਰੀ ਪਿਛਾਰੀ। ਸ਼ਰਧਾ ਜਗੀ ਪਰਮ ਸੁਖਕਾਰੀ ॥੩੩ ॥ ਬੈਠਹਿਂ ਬਿਸਮਹਿਂ ਬਚਨ ਬਖਾਨਹਿਂ। 'ਅਤਿਸ਼ੈ ਅਚਰਜ ਕੋ ਨਹਿ ਜਾਨਹਿਂ। ਪੂਰਬ ਭਈ ਨ ਕਬਹੂੰ ਐਸੇ। ਤਰੁ ਤੇ ਅਸਨ ਅਚਾਯੋ ਜੈਸੇ॥੩੪॥ ਪੂਰਨ ਕਲਾ-ਵਾਨ ਪਹਿਚਾਨੇ। ਮਾਨਵ ਆਨਿ ਅਨੇਕ ਮਿਲਾਨੇ। ਜਿਤ ਦਿਸ਼ ਸ੍ਰੀ ਗੁਰ ਜਾਇਂ ਅਗਾਰੀ। ਤਿਤ ਦਿਸ਼ਿ ਗਵੈਂ[੩] ਹਜ਼ਾਰ ਪਿਛਾਰੀ ॥ ੩੫ ॥ 'ਸ੍ਰੀ ਨਾਨਕ ਸ੍ਰੀ ਨਾਨਕ' ਨਾਮੂ। ਜਹਿਂ ਤਹਿਂ ਹ੍ਵੈ ਉਚਾਰਿ ਸੁਖਧਾਮੂ। ਗਾਵਹਿ ਸ਼ਬਦ ਪਢੈਂ ਦ੍ਰਿੜ ਪ੍ਰੇਮਾ। ਕਰਿ ਬਿਚਾਰ ਹੁਇ ਚਿੱਤ ਸੁ ਖੇਮਾ[੪] ॥ ੩੬॥ ਸਤਿਜੁਗ ਬਿਖੈ ਬੇਣ* ਭੂਪਾਲਾ। ਕਲੀ ਕਾਲ ਬਰਤਾਇ ਬਿਸਾਲਾ[੫]। ਚੋਰ ਦੁਸ਼ਟ ਅਘ ਕਰਤਿ ਅਨੇਕਾ। ਨਹਿਂ ਸਤਿਸੰਗਤ ਹ੍ਵੈ ਨ ਬਿਬੇਕਾ॥੩੭॥ ਸੋ ਸਤਿਜੁਗ ਕਲਿ ਕਾਲ ਮਝਾਰਾ। ਪ੍ਰਗਟ ਕੀਨ ਤਬ ਪ੍ਰਭੁ ਉਦਾਰਾ[੬]। ਜਹਿ ਤਹਿਂ ਹੋਇ ਰਹਯੋ ਸਤਿਸੰਗਾ। ਸੱਤਿਨਾਮ ਸਿਮਰਹਿਂ ਦੁਖ ਭੰਗਾ ॥ ੩੮ ॥ ਮਿਲਹਿਂ ਬਿਚਾਰਹਿ ਗਾਵਹਿਂ ਕੀਰਤਿ। ਸ਼ੋਭਾ ਸਗਲ ਜਗਤ ਬਿਸਤੀਰਤਿ। ਜੈ ਜੈ ਕਾਰ ਹੋਤਿ ਚਹੁੰ ਫੇਰਾ। ਉਮਗਤਿ ਸਭਿ ਕੈ ਪ੍ਰੇਮ ਘਨੇਰਾ॥੩੯॥ ਮਾਨਵ ਮਿਲੇ ਅਨੇਕ ਹਜ਼ਾਰਾ। ਸਰਬ ਦੇਗ ਤੇ ਖਾਇਂ ਅਹਾਰਾ। ਦਰਬ ਉਪਾ-ਇਨ ਆਨਹਿ ਕੋਈ। ਕਿਹ ਤੇ ਲੇਹਿਂ ਨ, ਫੇਰਹਿ ਸੋਈ ॥੪੦॥ ਸਵਾ ਜਾਮ ਨਿਸ ਜਾਹਿ ਸ਼ਨਾਨਾ। ਜਲ ਮਹਿ ਤਿਸ਼ਟੈਂ[੭] ਕ੍ਰਿਪਾਨਿਧਾਨਾ। ਭੋਰ ਹੋਤਿ ਲੌ ਠਾਂਢੇ[੮] ਰਹਿਹੀਂ। ਕੰਠ ਸਮਾਨ ਜਾਂਹਿ ਜਲ ਅਹਿਹੀ ॥ ੪੧ ॥ ਲਹਿਣਾ ਜਾਇ ਸੰਗ ਤਿਹ ਕਾਲਾ। ਸੇਵਹਿ ਸਤਿਗੁਰ ਚਰਨ ਰਸਾਲਾ। ਹਿਮ ਰੁਤ[੯]

---

[੧]ਲਕੜੀ ਵਾਂਙੂ ਭਾਵ ਸਿੱਧਾ। [੨]ਸੂਰਜ ਚੜ੍ਹੇ ਜਿਵੇਂ ਲਾਲੀ ਹੋ ਜਾਂਦੀ ਹੈ। [੩]ਜਾਂਦੇ ਹਨ। [੪]ਚਿਤ ਕਲਯਾਨ (ਵੇ ਸੁਖ ਵਾਲਾ) ਹੋ ਜਾਂਦਾ ਹੈ। [੫](ਸਤਿਜੁਗ ਵਿਚ ਇਸ ਨੇ) ਕਲਜੁਗ ਵਰਤਾ ਦਿੱਤਾ ਸੀ। [੬]ਭਾਵ, ਤਿਵੇਂ ਕਲਜੁਗ ਵਿਚ ਸ੍ਰੀ ਗੁਰੂ ਜੀ ਨੇ ਸਤਿਜੁਗ ਵਰਤਾ ਦਿੱਤਾ। [੭]ਖੜੇ ਰਹਿਣ। [੮]ਖੜੇ। [੯]ਸਿਆਲੇ ਦੀ ਰੁੱਤ, ਸਰਦੀ।

*ਸਤਿਜੁਗ ਵਿਚ ਇਕ ਰਾਜ ਰਿਸ਼ੀ ਹੋਇਆ ਹੈ ਜੋ ਪ੍ਰਿਥੂ ਦਾ ਪਿਤਾ ਸੀ। ਕਥਾ ਇਹ ਹੈ ਕਿ ਇਹ ਬ੍ਰਾਹਮਣਾਂ ਦੇ ਉਲਟ ਟੁਰਿਆ, ਇਸ ਨੇ ਵਰਣ ਸ਼ੰਕਰ ਫੈਲਾਇਆ, ਨਿਸ਼ਾਦਾਂ ਤੇ ਧੀਵਰਾਂ ਦੀ ਕੁਲ ਇਸ ਨੇ ਆਰੰਭ ਕੀਤੀ ਤੇ ਸਰਬ ਪ੍ਰਕਾਰ ਅਧਰਮ ਦਾ ਪ੍ਰਚਾਰ ਕੀਤਾ।

Sri Satguru Jagjit Singh Ji eLibrary NamdhariElibrary@gmail.com

ਹੁਤੀ ਸੀਤ ਅਧਿਕਾਈ। ਇਕ ਦਿਨ ਪੁਨ ਬਰਖਾ ਬਰਖਾਈ॥੪੨॥ ਜਲ ਮਹਿਂ ਪੈਠੇ ਗੁਨੀ ਗਹੀਰੈ। ਲਹਿਣਾ ਬੈਠਯੋ ਸਰਿਤਾ ਤੀਰੈ। ਭਯੋ ਸ਼ੀਤ[1] ਤਿਹ ਕਾਲ ਬਿਸਾਲਾ। ਭੀਗੋ ਚੀਰ ਨੀਰ ਕੇ ਨਾਲਾ ॥ ੪੩ ॥ ਸਰਦੀ ਤਬ ਲਹਿਣੇ ਕੌ ਬਯਾਪੀ। ਥਰ ਥਰ ਸੀਤ ਸੰਗ ਦੇਹਿ ਕਾਂਪੀ। ਦੰਤ ਜੁਟੇ ਮੁਖ ਜਾਇ ਨ ਬੋਲਾ। ਪਰਯੋ ਧਰਾ ਪੁਨ ਹੋਇ ਅਡੋਲਾ ॥ ੪੪ ॥ ਨਹਿ ਸੁਧ ਈਖਦ[2] ਰਹੀ ਸਰੀਰਾ। ਕਰ ਤੇ ਗਿਰੇ ਜੁ ਗੁਰ ਕੇ ਚੀਰਾ। ਤਿਹ ਛਿਨ ਨਿਕਸੇ ਵਹਿਰ ਗੁਸਾਈਂ। ਪਿਖਯੋ ਦਾਸ ਸੁਧ ਜਾਂਹਿ ਨ ਕਾਈ ॥ ੪੫ ॥ ਭੀਗ ਸਰੀਰ ਚੀਰ ਗੇ ਜਾਂਕੇ। ਪਰੇ ਅਚੇਤ ਅੰਗ ਛਿਤ[3] ਤਾਂਕੇ।ਪਦ ਪੰਕਜ ਤਨ ਸੋਂ ਪਰਸਾਯੋ। ਸਰਬ ਅੰਗ ਤੇ ਸ਼ੀਤ ਨਸਾਯੋ।੪੬॥ਭਈ ਉਸ਼ਨਤਾ[4] ਸੁਧ ਹ੍ਵੈ ਆਈ। ਦੇਖਿ ਪਰਯੋ ਪਾਇਨ ਲਪਟਾਈ। ਬੂਝਯੋ ਦਾਸ ਤਬਹਿ ਜਗਨਾਥਾ। 'ਕੌਨ ਹਾਲ ਬੀਤਯੋ ਤੁਝ ਸਾਥਾ ?' ॥ ੪੭ ॥ ਬੋਲਯੋ ਲਹਿਣਾ ਦ੍ਵੈ ਕਰ ਜੋਰੀ। 'ਸੁਨੀਏ ਪ੍ਰਭੁ ਦਸ਼ਾ ਜਸ ਮੋਰੀ। ਬਸਤ੍ਰ ਭੀਜਿ, ਭਾ ਸ਼ੀਤ ਘਨੇਰਾ। ਜੁਟੇ ਦੰਤ ਤਨ ਗਿਰ ਗਯੋ ਮੇਰਾ ॥ ੪੮ ॥ ਚਰਨ ਕਮਲ ਤੁਮ ਆਨਿ ਛੁਹਾਵਾ।ਤਤਖਿਨ ਸਗਰੋ ਸ਼ੀਤ ਨਸਾਵਾ। ਅਬ ਸੁਚੇਤ ਭਾ ਮੋਰ ਸਰੀਰਾ। ਰਾਵਰ ਭੰਜਤਿ[5] ਹੋ ਸਭਿ ਪੀਰਾ' ॥੪੯॥ ਸੁਨਿ ਬੋਲੇ ਸ੍ਰੀ ਪ੍ਰਭੁ ਕ੍ਰਿਪਾਲਾ।'ਹੋਂ ਘਾਲਤਿ ਜੋ ਘਾਲ ਬਿਸਾਲਾ।ਅਨਿਕ ਪ੍ਰਕਾਰਨ ਜੋ ਤਪ ਕਰਨਾ। ਸਭਿ ਸਿੱਖਨ ਹਿਤ[6] ਲਖਹੁ ਅਚਰਨਾ[7] ॥ ੫੦ ॥ ਜੋ ਮੇਰੇ ਮਹਿਂ ਸ਼ਰਧਾ ਧਰਿਹੀਂ।ਮਨ ਕਰਿ ਸ਼ਬਦ ਕਮਾਵਨ ਕਰਿਹੀਂ।ਨਾਨਕ ਪੰਥੀ ਜਿਨ ਕੌ ਨਾਮ। ਵਾਹਿਗੁਰੂ ਜਪ ਰਹਿਤਿ ਅਕਾਮ[8] ॥ ੫੧ ॥ ਸੋ ਜਮ ਕੋ ਨਹਿਂ ਦੇਖਨ ਪੈ ਹੈਂ।ਸੁਖ ਸੋਂ ਗਤਿ[9] ਪ੍ਰਾਪਤਿ ਤਿਨ ਹ੍ਵੈ ਹੈਂ'।ਕਮਲ ਬਦਨ ਤੇ ਕਹਿ ਅਸ ਬਾਨੀ। ਪੁਨ ਪੁਰਿ ਮਹਿਂ ਆਏ ਗੁਨਖਾਨੀ॥੫੨॥ ਬੈਠਤਿ ਭੇ ਧ੍ਰਮਸਾਲ ਮਝਾਰੀ। ਸੰਗਤ ਆਵਹਿ ਕਰਹਿ ਜੁਹਾਰੀ। ਕਰਨ ਲਗੇ ਤਪ ਕ੍ਰੂਰ[10] ਬਡੇਰਾ। ਪੁਰਿ ਕੇ ਨਿਕਟ ਨੀਕ ਥਲ ਹੇਰਾ॥੫੩॥ਤਹਾਂ ਕੀਨ ਇਕਕੁੱਟੀ ਨਿਰਾਲੀ। ਰੋਰਨ ਸੇਜ ਡਸਾਇ ਦੁਖਾਲੀ[11]। ਨਿਜ ਸਰੀਰ ਕੇ ਸਮ ਬਨਵਾਈ। ਬਾਇ ਸ਼ੇਸ਼ ਨਹਿਂ ਜਹਾਂ ਰਹਾਈ[12] ॥ ੫੪ ॥ ਪੌਢਹਿਂ ਬੈਠਹਿਂ ਰਹਿਂ

[1]ਠੰਢ। [2]ਥੋੜੀ ਭੀ। [3]ਧਰਤੀ ਤੇ। [4]ਗਰਮੀ। [5]ਨਾਸ਼ ਕਰਦੇ ਹੋ। [6]ਸਿੱਖਾਂ ਵਾਸਤੇ। [7]ਕੰਮ। [8]ਕਾਮਨਾਂ ਰਹਿਤ। [9]ਮੋਖ। [10]ਕਰੜਾ ਤਪ। [11]ਦੁਖਾਂ ਵਾਲੀ। [12]ਜਿਸ ਪਰ ਵਾਧੂ ਥਾਂ ਨਹੀਂ ਸੀ ਰਹੀ, ਯਾ ਰਖੀ।

Sri Satguru Jagjit Singh Ji eLibrary NamdhariElibrary@gmail.com

ਤਿੰਹ ਮਾਂਹੀ। ਕਰਨ ਸ਼ਨਾਨ ਸਮੈਂ ਦੁਇ ਜਾਹੀਂ। ਚਹੁੰਦਿਸ਼ਿ ਤੇ ਨਰ ਆਦਿ ਬਿਸ਼ਾਲਾ। ਦਰਸ ਬਿਲੋਕ ਧਰਹਿਂ ਪਦ ਭਾਲਾ[1] ॥ ੫੫ ॥ ਕਰਹਿਂ ਕਾਮਨਾ ਹਿਰਦੇ ਜੋਈ। ਪੂਰਨ ਹੋਇ ਸਰਬ ਕੀ ਸੋਈ। ਜੁਗਲ ਕਾਲ[2] ਭਲ ਬਨਹਿ ਅਹਾਰਾ। ਅਚਵੈਂ ਰੁਚਿ ਅਨੁਸਾਰ ਅਪਾਰਾ[3] ॥੫੬॥ ਬਹੁਤ ਰਸੋਈਏ ਦੇਗ ਕਰੋਈਂ। ਜਿਤਿਕ ਅੰਨ ਚਹਿ ਤੇਤਿਕ ਲੇਈਂ। ਨੀਕੀਰੀਤਿ ਸੁਧਾਰਿ ਬਨਾਵਹਿਂ। ਜਿਨ ਤੇ ਸ੍ਵਾਦ ਮਹਾਂ ਸ਼ੁਭ ਆਵਹਿ ॥ ੫੭ ॥ ਸਰਬ ਤਯਾਰ ਹ੍ਵੈ ਭੋਜਨ ਜਬਿਹੀ। ਜਾਇ ਰਸੋਈਆ ਗੁਰ ਢਿਗ ਤਬਿਹੀ। ਹਾਥ ਬੰਦਿ ਹ੍ਵੈ ਠਾਂਢੋ ਰਹਿਹੀ। ਨਿਜ ਮੁਖ ਤੇ ਕੋ ਬਚਨ ਨ ਕਹਿਹੀ ॥ ੫੮ ॥ ਬੀਤਹਿ ਕਿਤਿਕ ਕਾਲ ਅਸ ਤਾਂਹੀ। ਜਬ ਲੌ ਪ੍ਰਭੁ ਬਿਲੋਕੈਂ ਨਾਂਹੀ। ਸਹਿਜ ਸੁਭਾਇ ਦ੍ਰਿਸ਼ਟਿ[4] ਗੁਰ ਪਰਿਹੀ। ਬਿੱਪ੍ਰ ਸੰਗ[5] ਅਸ ਬਚਨ ਉਚਰਿਹੀਂ ॥੫੯॥ 'ਹੇ ਦਿਜ ਭੋਜਨ ਭਯੋ ਤਯਾਰੀ। ਆਇ ਹਕਾਰਨ ? ਕਹਹੁ ਉਚਾਰੀ'। 'ਸ੍ਰੀ ਪ੍ਰਭੁ ਤੁਮਰੀ ਕਰੁਨਾ ਕਰਿਕੇ। ਭਯੋ ਅਹਾਰ ਤਿਯਾਰ ਸੁਧਰਿਕੇ'।੬੦।ਤਬਿ ਤਿਹ ਸੰਗ ਜਾਇ ਜਗ ਸਾਂਈਂ। ਰੁਚਿ ਅਨੁਸਾਰ ਸੁ ਭੋਜਨ ਖਾਈਂ। ਬਹੁਰ ਦੇਗ਼ ਵਰਤੇ ਪਸ਼ਚਾਤੀ। ਸਰਬ ਸੰਗਤਾ ਹੋਇ ਅਘਾਤੀ[6] ॥ ੬੧ ॥ ਦੋਨੋ ਸਮੈ ਭਾਂਤਿ ਇਸ ਹੋਇ। ਆਵਹਿਂ ਖਾਇ, ਨ ਹਟਿਕੇ ਕੋਇ। ਦਰਸ਼ਨ ਦੇਖਹਿ ਪੂਰੈਂ ਆਸਾ। ਪਢਹਿ ਸ਼ਬਦ ਕਰਿ ਪ੍ਰੇਮ ਹੁਲਾਸਾ ॥੬੨॥ ਕਿਤਿਕ ਸਮੀਪ ਰਹੈਂ ਸੁਖ ਪਾਈਂ। ਕਿਤਿਕ ਦਰਸ ਕਰਿ ਸਦਨ ਸਿਧਾਈਂ। ਇਸ ਪ੍ਰਕਾਰ ਬੀਤਯੋ ਕਿਤ ਕਾਲਾ। ਬਹੁਰ ਤਪਹਿਂ ਤਪ[7] ਕਠਨ ਕ੍ਰਿਪਾਲਾ॥੬੩॥ ਭੋਜਨ ਤਜਯੋ, ਨ ਅਚੈਂ ਕਦਾਈਂ[8]। ਏਕ ਅਰਕ[9] ਫੂਲ* ਖਾਇ ਮੰਗਾਈ। ਤਿਸ ਪ੍ਰਕਾਰ ਨਿਸ ਦਯੋਸ ਬਿਤਾਵਹਿ। ਪੁਨ ਜਲ ਆਦਿ ਨ ਕੰਠ ਪੁਚਾਵਹਿਂ ॥੬੪ ॥ ਦੋਇ ਕੋਸ ਲਗ ਕੀਨ ਨਿਸ਼ਾਨੀ। ਤਿਨਕੇ ਬਿਚ ਬਿਚਰਤਿ ਗੁਨਖਾਨੀ। ਸ੍ਰੀ ਮੁਖ ਤੇ ਸ਼ੁਭ ਸ਼ਬਦ ਉਚਾਰਹਿ। ਠਾਂਢੇ ਸਗਰੋ ਦਯੋਸ ਗੁਜ਼ਾਰਹਿ ॥ ੬੫ ॥ ਦੋਹਰਾ॥ ਇਤ ਤੇ ਉਤ ਉਤ ਤੇ ਸੁ ਇਤ ਬਾਸੁਰ ਕਰੈਂ ਬਿਹਾਇ। ਕਰਿ ਕੁਪੀਨ ਕਟ ਤਾਂਬ੍ਰ ਕੀ[10] ਸਿਰ ਦੋਕੂਲ[11]† ਸੁਹਾਇ॥੬੬॥

---

[1]ਚਰਨਾਂ ਤੇ ਮੱਥਾ। [2]ਦੋਨੋਂ ਵੇਲੇ। [3]ਜੋ ਪਾਰ ਰਹਤ ਹਨ (ਅ) ਬੇਗਿਣਤ (ਲੋਕੀ)। [4]ਨਜ਼ਰ। [5]ਭਾਵ, ਰਸੋਈਏ ਨੂੰ। [6]ਤ੍ਰਿਪਤ। [7]ਤਪ ਤਪਿਆ (ਭਾਵ ਕੀਤਾ)। [8]ਕਦੇ ਬੀ। [9]ਅੱਕ ਦਾ। [10]ਤਾਂਬੇ ਰੰਗੀ [ਸੰਸ:, ਤਾਮ੍ਰ:] (ਅ) ਲਾਲ ਰੰਗ ਦਾ ਚੰਦਨ [ਸੰਸ:, ਤਾਮ੍ਰੰ] ਭਾਵ ਰਕਤ ਚੰਦਨ ਦੇ ਰੰਗ ਦੀ। [11]ਸਾਫ਼ਾ, ਛੋਟੀ ਪੱਗ। *ਪਾ:—ਫਲ। †ਪਾ:—ਪਰ ਕੁਲਹ।

Sri Satguru Jagjit Singh Ji eLibrary NamdhariElibrary@gmail.com

ਚੌਪਈ॥ ਸਗਰੇ ਤਜਾਗੇ ਅਪਰ ਜਿ ਚੀਰਾ। ਫਿਰੈਂ ਪ੍ਰਭੂ ਹ੍ਵੈ ਨਗਨ ਸਰੀਰਾ[1]। ਬਹੁਰੋ ਆਇ ਬਿਭਾਵਰਿ[2] ਜਬਿਹੀ। ਇਸਥਿਤ ਹੋਇ ਕੁਟੀ ਮਹਿ ਤਬਿਹੀ ॥੬੭॥ ਸਿਹਜਾ ਰੇਤਨ ਕੀ ਜੁ ਬਨਾਈ। ਤਿਹ ਪਰ ਪੌਢ ਰਹੈਂ ਗਤਿਦਾਈ। ਬਡੀ ਭੋਰ ਉਠਿ ਸਰਿਤਾ ਤੀਰਾ। ਜਾਇ ਸੁ ਮੱਜਹਿਂ ਗੁਨੀ ਗਹੀਰਾ ॥੬੮॥ ਕਰੀ ਨਿਸ਼ਾਨੀ ਤਿਨ ਕੇ ਮਾਂਹੀ[3]। ਬਿਚਰਹਿ ਪੁਨ ਬੈਠਹਿ ਪ੍ਰਭੁ ਨਾਂਹੀ। ਕਿਤਿਕ ਕਾਲ ਇਉਂ ਬਿਤਵਨ ਕੀਨਾ।ਬਹੁਰ ਅਰਕ ਫੁਲ ਸੋ ਤਜਿ ਦੀਨਾ ॥ ੬੯ ॥ ਸਿਕਤਾ[4] ਇਕ ਮਾਸਾ ਮੁਖ ਪਾਵਹਿ। ਤਜਾਗਸੋ ਔਰ, ਨਹੀਂ ਕੁਛ ਖਾਵਹਿ*। ਸ੍ਰੀ ਮੁਖ ਪੰਕਜ ਬਚਨ ਅਲਾਵਾ। 'ਨਾਉਂ ਸੁਹਾਵਾ ਵਖਤ ਸੁਹਾਵਾ†' ॥ ੭੦ ॥ ਬਿਚਰਹਿਂ ਉਚਰਤਿ ਇਸੀ ਪ੍ਰਕਾਰਾ। ਮਸਤਕ ਦਿਪੈ

[1](ਹੋਰ) ਸਰੀਰ ਨੰਗਾ। [2]ਰਾਤ। [3]ਭਾਵ ਦੇ ਕੋਹਾਂ ਵਿਚ ਦੇਖੋ ਅੰਕ ੬੫। [4]ਰੇਤ।

*ਕੁਛ ਨਾਂ ਖਾਣਾ ਯਾਂ ਅਤਿ ਥੋੜਾ ਖਾਣਾ ਇਕ ਹਠ ਕਰਕੇ ਹੁੰਦਾ ਹੈ, ਜਿਸ ਨੂੰ ਬ੍ਰਤਿ ਧਾਰਨਾ ਕਹਿੰਦੇ ਹਨ। ਇਕ ਆਤਮ ਆਰੂਢ ਅਵਸਥਾ ਮਹਾਂਨ ਪੁਰਖ ਦੀ ਸਤਿਗੁਰ ਜੀ ਨੇ ਆਪ ਦੱਸੀ ਹੈ, ਉਸ ਵਿਚ ਨੀਂਦ ਤੇ ਭੁੱਖ ਸੁਤੇ ਤਾਬੇ ਹੁੰਦੀ ਹੈ, ਹਠ ਰਤੀ ਨਹੀਂ ਹੁੰਦਾ, ਸਹਿਜ ਅਵਸਥਾ ਹੁੰਦੀ ਹੈ, ਸਰੀਰ ਦੀ ਪਾਲਨਾ ਦਿੱਬਜ ਤ੍ਰੀਕੇ ਤੇ ਆਪੇ ਹੁੰਦੀ ਹੈ। ਯਥਾ—

ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖਵਾਸੁ ॥ [ਸਲੋਕ ਮ: ੩

ਤਥਾ—ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥ [ਆਸਾ ਛੰਤ ਮ: ੪

ਪੁਨਾ—ਜਾਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ ਖੁਧਿਆ ਤਾਕੈ ਚਿਤਿ ਨ ਬਸਾ ॥ [ਧਨਾਸਰੀ ਮ: ੫

ਕਈ ਸਾਧੂ ਲੋਕ ਅਪਣੀ ਇਹ ਅਵਸਥਾ ਦੱਸਣ ਲਈ ਹਠ ਦੇ ਫਾਕੇ ਕਟਦੇ ਹਨ, ਓਹ ਭੁਲੇਖਾ ਹੈ, ਕਈ ਗੁਪਤ ਖਾਕੇ ਜ਼ਾਹਿਰਾ ਬਿਨ ਖਾਧੇ ਤ੍ਰਿਪਤ ਦਸ਼ਾ ਦਿਖਾਲਦੇ ਹਨ, ਇਹ ਸਭ ਛਲ ਹਨ। ਇਹ ਬੀ ਜ਼ਰੂਰੀ ਨਹੀਂ ਕਿ ਮਹਾਂ ਪੁਰਖ ਜ਼ਰੂਰ ਇਸ ਅਵਸਥਾ ਨੂੰ ਲੱਭਣ ਯਾ ਇਸ ਬਿਨਾ ਪੂਰਨ ਪਦ ਦੀ ਪ੍ਰਾਪਤੀ ਨਾ ਸਮਝਣ, ਇਹ ਇਕ ਆਤਮ ਆਰੂਢਾ ਤੇ ਅਵਸਥਾ ਆਪੇ ਆਉਂਦੀ ਹੈ, ਢੂੰਡਣ ਲੱਭਣ ਦੀ ਨਹੀਂ, ਅਰ ਇਹ ਆਉਂਦੀ ਜਾਂਦੀ ਬਦਲਦੀ ਬੀ ਰਹਿੰਦੀ ਹੈ।

†ਭਾਵ ਦੋ ਚੀਜ਼ਾਂ ਸੁੰਦਰ ਹਨ, ਇਕ ਰੱਬ ਦਾ ਨਾਮ, ਇਕ ਅੰਮ੍ਰਿਤ ਵੇਲਾ।

ਇਸ ਭਾਵ ਦੀ ਇਕ ਪਉੜੀ ਵਡਹੰਸ ਮ: ੧ ਛੰਤ ਵਿਚ ਬੀ ਹੈ, ਮਾਲੂਮ ਹੁੰਦਾ ਹੈ ਕਿ ਕਵਿ ਜੀ ਦੀ ਮੁਰਾਦ ਇਸੇ ਸ੍ਰੀ ਮੁਖਵਾਕ ਤੋਂ ਹੈ ਜੋ ਐਉਂ ਹੈ:—

ਤੇਰਾ ਬਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ॥ ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥ ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ

[ਬਾਕੀ ਸ਼ਬਦ ਦੇਖੋ ਅਗਲੇ ਪੰਨੇ ਦੇ ਹੇਠਾਂ]

Sri Satguru Jagjit Singh Ji eLibrary NamdhariElibrary@gmail.com

ਤੇਜ ਅਤਿ ਭਾਰਾ। ਸੁਨਿ ਸੁਨਿ ਸਿਫਤ ਆਇ ਨਰ ਭੂਰੇ। ਦਰਸ਼ਨ ਦੇਖਹਿ ਰਹੈਂ ਹਦੂਰੇ ॥੭੧॥ ਜੋ ਨਰ ਆਇ ਚਰਨ ਲਪਟਾਵੈਂ। ਤਿਨ ਸੋਂ ਅਸ ਪ੍ਰਭੁ ਬਚਨ ਅਲਾਵੈਂ।'ਬਸਿ ਕਰਿ ਪੁਰਖਾ! ਭਲਾ ਸੁ ਹੋਈ। ਸਿਮਰਹੁ ਨਾਮ ਸਕਲ ਦੁਖ ਖੋਈ' ॥ ੭੨ ॥ ਕੇਤਿਕ ਦਿਨ ਇਉਂ ਗੁਰੂ ਗੁਜ਼ਾਰੇ। ਕਲਿ ਮੈਂ ਨਾਮ ਦੇਯ ਨਰ ਤਾਰੇ। ਦਰਸ਼ਨ ਦੇਖਤਿ ਸ਼ਬਦ ਸੁਨੇਤੇ। ਮਹਾਂ ਪਤਿਤ ਸੇ ਜਗਤ ਤਰੇਤੇ ॥ ੭੩ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਤਪ ਕਰਨ' ਪ੍ਰਸੰਗ ਬਰਨਨੋ ਨਾਮ ਉਣੰਜਮੋ ਅਧਜਾਯ ॥ ੪੯ ॥

੫੦. [ਘਾਲ ਤੇ ਮੇਹਰ, ਨਾਨਕ ਰੂਪ ਗੁਰੂ ਸਿੱਖੀ ਵਿਚੋਂ ਪਰਖ ਕੇ ਦੱਸਿਆ]

ਦੋਹਰਾ—ਰਿਦਾ ਕਿਦਾਰ ਸੁਧਾਰਨੋ ਤਜਿਨੋ ਸਰਬ ਬਿਕਾਰ।
ਸਤਿਗੁਰ ਕਰੁਨਾ ਜਲ ਪਰੈ ਭਗਤਿ ਕ੍ਰਿਖੀ ਹ੍ਵੈ ਸਾਰ ॥੧॥

{ ਕਿਦਾਰ=ਖੇਤ, ਮਲਗੁਜ਼ਾਰ, ਕਿਆਰਾ [ਸੰਸ:, ਕੇਦਾਰ]
ਸੁਧਾਰਨੋ=ਸੁਆਰਨਾ, ਸਾਫ ਕਰਨਾ। ਖੇਤ ਦਾ ਸੁਧਾਰਨਾ=ਗੋਡੀ ਕਰਨੀ, ਘਾਹ ਬੂਟ ਖੇਤ ਵਿਚੋਂ ਕੱਢਣੇ, ਨਦੀਨਾ ਕਰਨਾ।
ਕ੍ਰਿਖੀ=ਖੇਤੀ [ਸੰਸ:, ਕ੍ਰਿਖਿ]। ਸਾਰ=ਸ੍ਰੇਸ਼ਟ। 'ਹ੍ਵੈ ਸਾਰ' ਦਾ ਭਾਵ ਹੈ ਕਿ ਸੁਹਣੀ ਖੇਤੀ ਹੋਵੇ। ਉਹ ਜਿਸ ਵਿਚ ਸਭ ਤੋਂ ਵਧੀਕ ਕਾਮਯਾਬੀ ਹੋਵੇ। }

ਅਰਥ—ਸਾਰੇ ਵਿਕਾਰਾਂ ਦਾ ਤਿਆਗ ਕਰਨਾ (ਮਾਨੋਂ) ਹਿਰਦੇ ਰੂਪੀ ਖੇਤ ਨੂੰ ਸੁਧਾਰਨਾ ਹੈ, (ਇਸ ਸੁਧਰੇ ਖੇਤ ਪਰ) ਸਤਿਗੁਰੂ ਜੀ ਦੀ ਮਿਹਰ ਦਾ ਪਾਣੀ ਪੈ ਜਾਵੇ ਤਾਂ ਭਗਤੀ ਰੂਪੀ ਖੇਤੀ ਸ੍ਰੇਸ਼ਟ (ਰੂਪ ਵਿਚ) ਹੋਵੇਗੀ*।

ਚੌਪਈ ॥ ਅਸ ਸ੍ਰੀ ਪ੍ਰਭੁ ਨੇ ਤਪ ਬਹੁ ਠਾਨਾ। ਜਹਿਂ ਤਹਿਂ ਪਸਰਯੋ ਸੁਜਸੁ ਮਹਾਨਾ॥ਦੇਸ਼ ਬਿਦੇਸ਼ਨ ਘਰ ਘਰ ਮਾਂਹੀ। 'ਸ਼੍ਰੀ ਨਾਨਕ ਸ਼੍ਰੀ ਨਾਨਕ'ਪ੍ਰਾਹੀਂ ॥੨॥ ਮਿਲਿਹਿਂ ਪਰਸਪਰ ਮਾਨਵ ਬ੍ਰਿੰਦਾ। ਆਵਹਿਂ ਦਰਸ਼ਨ ਹੇਤੁ ਮੁਕੰਦਾ। ਕੇਤਿਕ ਦਰਸ ਕਰਹਿਂ ਘਰ ਜਾਹੀਂ। ਕੇਤਿਕ ਰਹੈਂ ਪ੍ਰਭੂ ਕੇ ਪਾਹੀਂ¹ ॥ ੩ ॥ ਭੀਰ ਭੂਰ ਭੀ ਪੁਰਿ ਕਰਤਾਰਾ। ਖਾਇਂ ਸਮੇਂ ਦੁਇ ਰੁਚਿਰ ਅਹਾਰਾ। ਹੋਇ ਅੰਨ ਕੀ ਤੋਟ ਨ ਕੋਈ। ਰਹੈ ਜੁ, ਦੇਗ² ਅਚੈ ਸਭਿ ਕੋਈ ॥੪॥ ਦੋਹਰਾ ॥

¹ਪਾਸ। ²ਲੰਗਰ ਤੋਂ।*ਪਿਛਲੇ ਅਧਜਾਯ ਦੇ ਮੰਗਲ ਦੇ ਦੋਹਰੇ ਨਾਲ ਮਿਲਕੇ ਅਰਥ ਪੂਰਨ ਹੁੰਦਾ ਹੈ।

[redacted] [ਪਿਛਲੇ ਪੰਨੇ ਦਾ ਬਾਕੀ ਸ਼ਬਦ]

ਪਾਇਆ ॥ ਨਾਮ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥ ਇਹੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥ ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥ ੩ ॥

Sri Satguru Jagjit Singh Ji eLibrary NamdhariElibrary@gmail.com

ਦੇਸ਼ ਬਿਦੇਸ਼ਨ ਤੇ ਤਹਾਂ ਬਹੁ ਸੰਗਤਿ ਭੀ ਆਇ। ਅੱਪ੍ਰਮਾਨ ਗਿਨਤੀ ਨ ਕੋ ਦਰਸ਼ਨ ਕਰਿ ਹਰਖਾਇ ॥੫॥ਚੌਪਈ॥ ਇਸ ਬਿਧਿ ਕੇਤਿਕ ਬਰਖ ਬਿਤਾਏ। ਨਾਮ ਦਾਨ ਇਸ਼ਨਾਨ ਦ੍ਰਿੜਾਏ। ਜਹਿਂ ਤਹਿਂ ਕਿਰਤਨ ਕੀ ਧੁਨਿ ਹੋਤੀ।ਸੁਮਤਿ ਭਗਤਿ ਮੈਂ ਅਧਿਕ ਉਦੋਤੀ[1]॥੬॥ ਜੈ ਜੈ ਕਾਰ ਕਰਹਿਂ ਚਹੁੰ ਫੇਰੇ। ਹੋਇ ਸ਼ਬਦ ਅੱਭ੍ਯਾਸ ਘਨੇਰੇ।ਪੁਨ ਸਿੱਖੀ ਪਰਖਨ ਮਨ ਠਾਨੀ। ਸੁਨਹੁ ਕਥਾ ਜਿਉਂ ਕਿਯ ਗੁਨਖਾਨੀ ॥ ੭ ॥ ਬਰਜਿ ਦੀਨ ਕਹਿ[2] ਕਰਿ ਨਰ ਸੋਈ। ਏਕ ਸਮੇਂ[3] ਨਿਸ ਦਿਨ ਮਹਿਂ ਹੋਈ। ਸਭਿ ਸਿੱਖਨ ਸੋਂ ਬਚਨ ਉਚਾਰਾ। 'ਅਬ ਲਾਂਗਲ[4]ਬਾਹੋ ਸੁਖਕਾਰਾ ॥੮॥ ਕ੍ਰਿਖੀ ਕਾਰ ਕਰੀਏ ਮਨ ਲਾਈ। ਨਿਤ ਉੱਜਲ ਹ੍ਵੈ ਬੁੱਧਿ ਸਵਾਈ'।ਅਸਕਹਿ ਸਭਿ ਕੋ ਲੀਨ ਸੰਗਾਰੇ। ਸਵ ਕਰਾਵਹਿ ਬਾਸੁਰ ਸਾਰੇ ॥੯॥ ਜਬਿ ਦੇਖੀ ਸਿੱਖਨ ਅਸ ਚਾਲੇ। ਚਲੇ ਤਥੈ ਨਿਜ ਸਦਨ ਸੰਭਾਲੇ। ਕੇਤਿਕ ਚਤਰ ਪੰਚ ਦਿਨ ਰਹੇ। ਕਰੀ ਕ੍ਰਿੱਤ ਕਛੁ ਭੂਖਹਿਂ ਦਹੋਂ[5] ॥੧੦॥ ਲਾਂਗਲ[4] ਤਜਾਗੇ ਲੀਨ ਬਿਦਾਈ। ਗਏ ਧਾਮ ਨਿਜ ਕਾਰ ਕਮਾਈ। ਅਰਧਕ[6]ਗਏ ਅਰਧਜਬਿ ਰਹੇ। ਸਭਿਨਿ ਸੁਨਾਇ ਪ੍ਰਭੁ ਬਚ ਕਹੇ॥੧੧॥'ਦੁਤੀਏ ਦਿਵਸ ਅਸਨ ਕੋ ਕਰੀਏ।ਬਾਹੁ ਖੇਤ ਸੰਕਟ ਪਰਹਰੀਏ'। ਦਿਵਸ ਦਸਨ ਲੌ ਐਸ ਬਿਤਾਏ।ਛੁਧਾ ਕ੍ਰਿੱਤ ਤੇ ਉਰ ਅਕੁ-ਲਾਏ॥੧੨॥ਦੋਹਰਾ॥ਗਏ ਸਦਨਕੋ ਸਿੱਖ ਬਹੁ ਰਹੇ ਅਲਪ ਤਿਹਥਾਇਂ।ਚਤਰ ਪਹਿਰ ਲਾਂਗਲ[4]ਲੀਏ ਕ੍ਰਿੱਤ ਸੁ ਵਹਿਰ ਕਮਾਇਂ॥੧੩॥ਚੌਪਈ॥ਮਰਨ ਧਾਰਿ ਉਰ ਬੈਠੇ ਸੋਇ[7] ।–ਜਾਇਂ ਨ ਕਬਹੂ ਕੈਸੇ ਹੋਇ–। ਅਤਿ ਛੁਧਿਤਾ ਪੁਨ ਕ੍ਰਿਤਕਮਾਵਹਿਂ।ਦੁਰਬਲ ਭਏਨ ਸਦਨ ਸਿਧਾਵਹਿਂ॥੧੪॥ਪ੍ਰਭੁ ਤਬਿ ਭਨਯੋ 'ਅਸਨ ਨਿਤ ਕੀਜੈ। ਜਾਂਤੇ ਸਿਖ ਤ੍ਰਿਪਤੈਂ ਸੁਖ ਦੀਜੈ'।ਹੋਨਿ ਲਗਯੋ ਨਿਤ ਬਹੁਰ ਅਹਾਰਾ[8]। ਤ੍ਰਿਪਤੈਂ ਖਾਇ ਸੁ ਰੁਚਿ ਅਨੁਸਾਰਾ॥੧੫॥ਸਗਰੇ ਦਿਵਸ ਕਰੈਂ ਕ੍ਰਿਖਕਾਰੀ[9]। ਭਏ ਖੇਤ ਹਰਿਆਵਲ ਭਾਰੀ। ਕਰਿ ਮਿਹਨਤ ਸਭਿ ਅੰਨ ਪਕਾਏ। ਗੁਰ ਸਮੀਪ ਅਸ ਬਚਨ ਅਲਾਏ ॥ ੧੬ ॥ 'ਕ੍ਰਿਪਾ ਤੁਮਾਰੀ ਤੇ ਕ੍ਰਿਖਿ ਪਾਕੀ।ਅਬਿ ਕੈਸੇ ਹੈ ਆਇਸ[10]ਤਾਕੀ[11]'।ਸਤਿਗੁਰ ਕਹਯੋ ਬਾਢ ਸਭਿ ਲੀਜੈ। ਨਹਿਂ ਗਾਹੋ ਖਲਵਾਰੇ ਕੀਜੈ[12]॥੧੭॥ਪਾਇ ਰਜਾਇ ਦਾਤਿ[13]

---

[1]ਭਗਤੀਵਿਚ ਸ੍ਰੇਸ਼ਟਬੁੱਧੀ ਬਹੁਤ ਪ੍ਰਕਾਸ਼ਮਾਨ ਹੋਈ। [2]ਆਖਕੇ। [3]ਇਕਵੇਲੇ(ਲੰਗਰ)। [4]ਹਲ। [5]ਭੁਖ ਨਾਲ ਸੜੇ। [6]ਅੱਧੇ ਕੁ। [7]ਭਾਵ ਜੋ ਮਰਨਾ ਮੰਡ ਬੈਠੇ। [8]ਭੋਜਨ। [9]ਖੇਤੀ ਦੀ ਕਾਰ। [10]ਆਗਜਾ। [11]ਭਾਵ ਪੱਕੀ ਖੇਤੀਦਾ ਮਤੇ। [12]ਭਾਵ ਦਾਣੇ ਨਾ ਕਢੋ ਭਰੀਆਂ ਦੇ ਖਲਵਾੜੇ ਲਾਦਿਓ। [13]ਦਾਤ੍ਰੀਆਂ।

Sri Satguru Jagjit Singh Ji eLibrary NamdhariElibrary@gmail.com

ਲੈ ਦਾਸਾ।ਲਾਗੇ ਲੁਨਨਿ[1] ਜਹਾਂ ਕ੍ਰਿਖਰਾਸਾ। ਬਾਢਿ ਬਾਢਿਕੈ ਖੇਤਨ ਸਾਰੇ। ਲਾਏ ਅਧਿਕ ਊਚ ਖਲਵਾਰੇ॥੧੭॥ਬਹੁਰ ਗਏ ਸਿਖ ਗੁਰੂ ਅਗਾਰੀ।ਕਹਯੋ 'ਕਰੀ ਇਕਠੀ ਕ੍ਰਿਖਿ ਸਾਰੀ। ਲਾਗੇ ਅਧਿਕ ਊਚ ਅੰਬਾਰੇ। ਅਬਿ ਰਜਾਇ ਰਾਵਰਿ ਅਨੁਸਾਰੇ' ॥ ੧੯ ॥ ਤਿਹ ਛਿਨ ਸੁਨਿਕੈ ਪ੍ਰਭੁ ਉਤੰਗੇ। ਚਲਿ ਬਿਲੋਕਨ ਕੋ ਤਿਨ ਸੰਗੇ। ਊਚੇ ਜਹਾਂ ਅੰਬਾਰ ਲਗਾਏ। ਠਾਂਢੇ ਆਨਿ ਭਏ ਤਿਹ ਥਾਏਂ ॥੨੦॥ ਹਰਖੇ ਦੇਖਿ ਤਿਨਹਿ ਸੁਖ ਸਦਨੰ। 'ਸਾਧ! ਸਾਧ[2]!!' ਉਚਰਯੋ ਸ੍ਰੀ ਬਦਨੰ[3]।'ਤੁਮਰੀ ਘਾਲ[4] ਪਈ ਸਭਿ ਥਾਈਂ। ਜੋ ਗੁਰਕੇ ਹਿਤ ਕ੍ਰਿਤ ਕਮਾਈ ॥ ੨੧ ॥ ਅਬ ਤੁਮ ਬਚਨ ਮਾਨਿਯੋ ਐਸੇ। ਰਿਦੇ ਤੁਮਾਰੇ ਲਾਗਹਿ ਜੈਸੇ'। ਸਿੱਖ ਕਹਯੋ 'ਕਸਾ ਹਮਰੇ ਹਾਥਾ। ਚਲੈਂ ਆਪ ਕੇ ਬਚਨਨ ਸਾਥਾ' ॥੨੨॥ ਦੋਹਰਾ ॥ ਸ੍ਰੀ ਨਾਨਕ ਭਾਖੀ ਤਬੈ 'ਸੁਨਹੁ ਬਚਨ ਦੇ ਕਾਨ। ਇਹ ਲਾਲਚ ਕੋ ਕਰੋ ਤੇ ਨਹਿ ਆਵੈ ਕਛੁ ਪਾਨ[5]' ॥ ੨੩ ॥ ਚੌਪਈ ॥ ਲੀਜੈ ਪਾਵਕ ਫੂਕਹੁ ਸਾਰੇ। ਉਰ ਲਾਲਚ ਕੋ ਦੇਹੁ ਬਿਦਾਰੀ'। ਸੁਨਿਕੈ ਬਿਸਮਾਦੇ ਮਨ ਮਾਂਹੀ।–ਅੰਨ ਰਾਸ ਕਿਉਂ ਸਰਬ ਫੁਕਾਹੀਂ ॥ ੨੪ ॥ ਬਡੇ ਜ਼ੋਰ ਸੋਂ ਕੀਨ ਕਮਾਈ।ਪ੍ਰਤਿਪਾਰੀ ਬਹੁਸੰਕਟ ਪਾਈ–।'ਹਮਤੇ ਫੁਕੀ ਜਾਇ ਨ ਕੋਹੀ[6]'। ਹਟਕ ਰਹੇ[7] ਕੇਤਿਕ ਕਹਿ ਏਹੀ ॥ ੨੫ ॥ ਕਿਤਿਕ ਬਿਚਾਰਯੋ ਰਿਦੇ ਮਝਾਰਾ।–ਹਮ ਤੋ ਸ੍ਰੀ ਗੁਰ ਬਚ ਅਨੁਸਾਰਾ। ਹਾਨ ਲਾਭ ਚਹੀਏ ਨਹਿ ਦੇਖਾ। ਆਇਸੁ ਮਾਨਹਿ ਇਹੀ ਵਿਸ਼ੇਖਾ–॥੨੬॥ ਲੈ ਪਾਵਕ ਤਿਨ ਤੁਰਤ ਲਗਾਈ। ਸੁਕੀ ਹੁਤੀ ਭਈ ਜਰ ਛਾਈ[8]।ਇਸ ਬਿਧਿ ਪਿਖਿਕੈ ਸਭਿ ਬਿਸਮਾਨੇ।–ਗੁਰ ਕੀ ਗਤਿ ਕਛੁ ਜਾਇ ਨ ਜਾਨੇ–॥੨੭॥ ਪਦਪੰਕਜ ਕੋ ਬੰਦਨ ਕਰਿਹੀਂ।ਮੁਖ ਤੇ 'ਜੈ ਜੈ' ਸ਼ਬਦ ਉਚਰਿਹੀਂ।ਚਲਿ ਆਏ ਪੁਨਿ ਪੁਰਿ ਕਰਤਾਰਾ।ਜਹਿਂ ਤਹਿਂ ਹੋਵਹਿ ਸ਼ਬਦ ਬਿਚਾਰਾ॥੨੮॥ਕਿਤਿਕ ਕਾਲ ਜਬਿ ਬਿਤਯੋ ਬਹੋਰੀ। ਕੀਨ ਅਰੰਭਨ ਸਾਂਗ ਸੁ ਔਰੀ। ਇਕ ਦਿਨ ਛੁਰਾ ਬਾਂਧਿ ਕਟਿ ਸੰਗਾ[9]। ਧਾਨਕ[10] ਰੂਪ ਧਰਯੋ ਸਰਬੰਗਾ ॥ ੨੯ ॥ ਅਨਿਕ ਸ਼ੁਕਰੀ[11]

---

[1] ਵੱਢਣ। [2] 'ਸ਼ਾਬਾਸ਼ ਸ਼ਾਬਾਸ਼'। [3] ਸ੍ਰੀ ਮੁਖ ਤੋਂ। [4] ਕਮਾਈ। [5] ਹੱਥ ਵਿਚ। [6] ਕਿਸੇ ਤਰ੍ਹਾਂ ਭੀ। [7] ਇਹ ਕਹਿਕੇ ਕਿਤਨੇ ਤਾਂ ਅੱਗ ਲਗਾਉਣੋਂ ਹਟ ਖਲੋਤੇ। [8] ਸੜਕੇ ਸੁਆਹ ਹੋ ਗਈ। [9] ਲੱਕ ਨਾਲ। [10] [ਸੰਸ:, ਧਾਨੁਸ਼ਕ=ਧਨੁਖਧਾਰੀ, ਸ਼ਿਕਾਰੀ]। ਇਕ ਨੀਵੀਂ ਜਾਤ ਦਾ ਨਾਮ ਹੈ, ਜਿਨ੍ਹਾਂ ਦਾ ਪੇਸ਼ਾ ਮਿਲਾ ਹੁੰਦਾ ਹੈ। ਕੁੱਤੇ ਰੱਖਣੇ, ਮੰਗਣਾ, ਤੁਰੀਆਂ ਵਜਾਉਣਾ, ਆਦਿ ਕੰਮ ਭੀ ਕਰਦੇ ਹਨ, ਕਦੇ ਸ਼ਿਕਾਰੀ ਭੀ ਹੁੰਦੇ ਸੇ। [11] ਸੂਰੀਆਂ।

Sri Satguru Jagjit Singh Ji eLibrary NamdhariElibrary@gmail.com

ਆਗੇ ਕੀਨੇ । ਕੂਕਰ[1] ਕਿਤਿਕ ਪਿਛਾਰੀ ਲੀਨੇ । ਪੁਰਿ ਤੇ ਨਿਕਸ ਵਹਿਰ ਭੇ ਠਾਂਢੇ । ਸਿੱਖਨ ਦੇਖਿ ਬਿਸਮਤਾ[2] ਬਾਢੇ ॥ ੩੦ ॥ ਰਹੀ ਨ ਸ਼ਰਧਾ ਅਧਿਕ ਡੁਲਾਏ । ਪੌਨ ਜ਼ੋਰ[3] ਜਿਉਂ ਬਿਟਪ[4] ਹਿਲਾਏ[5] । ਤਜਨੋ ਸਿਗ ਪੁਰਿ ਬੈਠੇ ਆਈ । ਮਿਲਹਿਂ ਪਰਸਪਰ ਗਿਰਾ ਅਲਾਈ ॥ ੩੧ ॥ 'ਸ਼੍ਰੀ ਗੁਰ ਤੇ ਅਬ ਭਏ ਦਿਵਾਨੇ । ਕਰਨ ਕੁਕਰਮ[6] ਜਿ ਅਸ ਮਨ ਠਾਂਨੇ । ਰਹਿਨ ਸੰਗਿ ਕਿਉਂਹੂੰ ਨਹਿਂ ਬਨਿਹੀ । ਅਟਪਟ ਬਚਨ ਬਦਨ ਤੇ ਭਨਿਹੀਂ ॥੩੨॥ ਕੂਰ ਸਰੂਪ ਨ ਦੇਖਨੋ ਜਾਈ । ਸੂਕਰ ਕੂਕਰ ਨਿਜ ਸੰਗਿ ਲਾਈ' । ਇਕ ਲਹਿਣੇ ਨਹਿਂ ਤਯਾਗਨੋ ਸਾਥਾ । ਨਿਕਟਿ ਠਾਂਢਿ ਭ੍ਰਾ ਜੋਰੇ ਹਾਥਾ ॥ ੩੩ ॥ ਤਨ ਮਨ ਧਨ ਨਿਰਮਾਇਲ[7] ਕੀਨਾ । ਕੈਸੇ ਹਟੇ ਸਮਰਪ ਜਿ ਦੀਨਾ[8] । ਸ਼੍ਰੀ ਸਤਿਗੁਰ ਮੁਖਿ ਤਿਹ ਛਿਨ ਮਾਂਹੀ । ਸ਼ਬਦ ਉਚਾਰਨ ਕੀਨ ਤਹਾਂਹੀ ॥ ੩੪ ॥

ਸਿਰੀ ਰਾਗੁ ਮਹਲਾ ੧ ਘਰੁ ੪ ॥

ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ[9] ॥ ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੧ ॥ ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ, ਰੂਪਿ ਰਹਾ ਬਿਕਰਾਲ ॥ ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥ ੧ ॥ ਰਹਾਉ ॥ ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥ ੨ ॥ ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥ ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੩ ॥ ਮੈ ਕੀਤਾ ਨ ਜਾਤਾ ਹਰਾਮ ਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੪ ॥ ੨੯ ॥

ਚੌਪਈ ॥ ਰਾਗ ਅਲਾਪ ਊਚ ਸੁਰ ਸਾਥਾ । ਪਵਿਤ ਸਬਦ ਫਿਰਿਹੀਂ ਜਗ-ਨਾਥਾ । ਗਮਨੇ ਜਹਾਂ ਉਜਾਰ ਮਹਾਨਾ । ਅੱਪ੍ਰਮਾਨ[10] ਮੁਖ ਤੇਜ ਦਿਪਾਨਾ[11] ॥੩੫॥ ਉੱਗ੍ਰ[12] ਸਰੂਪ ਨ ਜਾਇ ਬਿਲੋਕੇ । ਸਨਮੁਖ ਰਵਿ ਜਿਉਂ ਦ੍ਰਿਸ਼ਟੀ ਰੋਕੇ[13] *। ਇਸ ਬਿਧਿ ਕੌਤਿਕ ਕਾਲ ਬਿਤਾਯੋ । ਬਚ ਲਹਿਣੇ ਕਰ ਜੋਰਿ ਅਲਾਯੋ ॥ ੩੬ ॥ 'ਸੁਨਹੁ ਪ੍ਰਭੂ ! ਜੋ ਸਾਂਗ ਅਰੰਭਾ । ਸਰਬ ਬਿਲੋਕਤਿ ਭਏ

---

[1]ਕੁੱਤੇ । [2]ਹੈਰਾਨੀ । [3]ਜ਼ੋਰ ਦੀ ਪੌਣ । [4]ਬ੍ਰਿੱਛਾਂ ਨੂੰ । [5]ਹਿਲਾ ਦੇਂਦੀ ਹੈ । [6]ਕਠਨ ਕਰਤੱਵਜ । [7]ਛੁਟਾ ਹੋ ਚੁਕਾ ਪਦਾਰਥ [ਸੰ:, ਨਿਰਮਾਲਯ] । [8]ਜੋ ਭੇਟ ਕਰ ਦਿੱਤਾ ਹੈ । [9]ਆ ਮੁਹਾਰਾ । [10]ਬਹੁਤਾ । [11]ਪ੍ਰਕਾਸ਼ਿਆ । [12]ਗੁੱਸੇ ਵਾਲਾ, ਭੈਦਾਇਕ ਭਾਵ ਅਝੱਲ ਤੇਜ ਵਾਲਾ । [13]ਜਿਵੇਂ ਸੂਰਜ ਦੇ ਸਾਹਮਣੇ ਨਜ਼ਰ ਰੁਕ ਜਾਂਦੀ ਹੈ । *ਇਹ ਉਪਮਾ ਬੜੀ ਹੀ ਮਨੋਹਰ ਹੈ ।

Sri Satguru Jagjit Singh Ji eLibrary NamdhariElibrary@gmail.com

ਅਚੈਭਾ। ਹੋਇ ਅਧੀਰਜ ਤਜਾਗਜੋ ਸਾਥਾ। ਅਬਿ ਕੋ ਨਹੀ ਸੰਗ, ਹੇ ਨਾਥਾ! ॥੩੭॥ ਇਕ ਮੈਂ ਰਹਜੋ ਸੁ ਜਾਉਂ ਨ ਕਬਿਹੀ। ਦੇਹੁ ਕਸੌਟੀ ਸਹਿ ਹੌਂ ਸਭਿ ਹੀ। ਤਨ ਮਨ ਬੇਚਿ ਪ੍ਰੇਮ ਲਿਯ ਮੋਲਾ। ਤਜਹੁ ਕਿ ਹਨਹੁ[1] ਮੋਲ ਕੋ ਗੋਲਾ॥ ੩੮ ॥ ਮਾਰਜੋ ਚਹੁ ਮੁਰਿ ਦੀਜੈ ਮਾਰੀ। ਉਰ ਭਾਵੈ ਤਉ ਰਾਖਿ ਜਿਵਾਰੀ। ਤੁਮਰੇ ਹਿਤ ਬਿਨਸੈ ਤਨ ਮੇਰੋ। ਬਡੇ ਭਾਗ ਅਪਨੇ ਤਬਿ ਹੇਰੋਂ ॥੩੯॥ ਇਹ ਲਾਲਸ ਉਰ ਰਹੈ ਸਦਾਈ। ਹੇਤ ਤੁਮਾਰੇ ਤਨ ਬਿਨਸਾਈ॥ ਰਿਦੇ ਨ ਭਰਮੋਂ ਪਿਖ ਕਬਿ ਕੇਹੀਂ[2]। ਅਬਿ ਕਿਉਂ ਸਾਂਗ ਅਰੰਭਜੋ ਏਹੀ?' ।੪੦। ਸੁਨਤਿ ਸ੍ਰੋਨ ਇਸ ਦਿਸ਼ਿ ਕਰਿ ਨੈਨਾ। ਨਰਕ ਨਿਵਾਰਨ[3] ਬੋਲੇ ਬੈਨਾ। 'ਇਉਂ ਹੀ ਅਬਿ ਹਮਰੇ ਜਿਯ ਆਈ। ਮਾਨਵ ਪਾਸ ਨ ਮੋਹਿ ਸੁਹਾਈ ॥ ੪੧ ॥ ਤੈਂ ਕਿਉਂ ਅਬਹਿ ਬਿਲੰਬ ਲਗਾਈ॥ ਹਟਹੁ ਸੰਗ ਤੇ ਜਾਹੁ ਪਲਾਈ॥ ਬਚਨ ਮਾਨਿ ਨਹਿ ਨਿਕਟਿ ਰਹੀਜੈ। ਸਾਥ ਛੋਰਿਕੈ ਗਮਨ ਕਰੀਜੈ'।੪੨। ਸੁਨਿ ਲਹਿਣੇ ਬਿਚਾਰ ਕਰ ਜੋਰੇ। 'ਗੁਰੂ ਰਜਾਇ ਅਮੋਰ[4] ਸੁ ਮੋਰੇ। ਸਿਰ ਪਰ ਧਰੋਂ ਸਦਾ ਮੈਂ ਆਛੇ'। ਅਸ ਕਹਿ ਗਮਨਜੋ ਲਹਿਣਾ ਪਾਛੇ ॥ ੪੩ ॥ ਪ੍ਰਭੁ ਬਿਲੋਕਿ ਤਾਂਹਿ ਕੀ ਓਰੀ। ਕਹਜੋ ਕਿ 'ਉਚਰੈਂ ਬਚਨ ਬਹੋਰੀ। ਹਟਿ ਜੇ ਪਿਖੈਂ ਨੈਨ ਇਤ ਲਾਵੈਂ। ਤੋ ਤੂੰ ਅਪਨਾ ਕੀਤਾ ਪਾਵੈਂ ॥ ੪੪ ॥ ਠਾਂਢਿ ਨ ਹੁੱਯੈ ਹਮਰੇ ਨੇਰੇ। ਭਾਜੇ ਜਾਹੁ ਨ ਆਵਹੁ ਫੇਰੇ'। ਬਚਨ ਸੁਨਤਿ ਲਹਿਣਾ ਤਬਿ ਧਾਯੋ। ਪਾਛੇ ਕੋ ਨਹਿੰ ਨੈਕ ਲਖਾਯੋ[5] ।੪੫। ਰਾਰ ਮਾਹਿੰ[6] ਜਿਉਂ ਭਾਜੀ ਸੈਨੈ। ਸਭਿ ਕਟਿ ਗਈ ਅਧੋ ਸੁਧ ਦੈਨੈ। ਤਿਉਂ ਲਹਿਣਾ ਦੌਰੇ ਪੁਰਿ ਆਵਾ। ਮਗ ਮਹਿੰ ਠਾਂਢਿ ਨ ਕਹੂੰ ਰਹਾਵਾ॥ ੪੬॥ ਕਿਤਿਕ ਸਿੱਖ ਬੈਠੇ ਪੁਰਿ ਮਾਂਹੀ। ਜਿਨ ਕੇ ਮੋਹ ਸਦਨ ਧਨ ਨਾਂਹੀ। ਸੋ ਲਹਿਣੇ ਕੇ ਢਿਗੁ ਚਲਿਆਏ। ਪੂਛਤਿ 'ਕਸ ਤਵ ਹਾਲ ਬਿਹਾਏ ॥੪੭॥ ਸ਼੍ਰਮ ਸ਼ੀਕਰ ਆਨਨ ਪਰ ਆਏ[7]। ਚਢਜੋ ਸ੍ਵਾਸ ਕਿਉਂ ਐਸੇ ਧਾਏ। ਦੀਜੈ ਸੁਧ ਸ੍ਰੀ ਗੁਰ ਕੀ ਜੈਸੀ। ਤੁਝ ਸੋਂ ਵਰਤੀ ਕਹੀਅਹਿ ਕੈਸੀ?' ॥੪੮॥ ਸੁਨਿ ਲਹਿਣੈ ਸਭਿ ਸਿੱਖ ਬਿਠਾਰੇ। ਹਿਤ ਸੋਂ ਤਿਨਕੇ ਚਰਨ ਪਖਾਰੇ। ਲਗਜੋ ਸਮੋਧ ਕਰਨ ਗਤਿਵਾਨੀ। ਮ੍ਰਿਦੁਲ ਮਧੁਰ ਕਹਿ ਸੀਤਲ ਬਾਨੀ ॥ ੪੯ ॥ ਦੋਹਰਾ॥ 'ਕਲੀਕਾਲ ਨਰ ਤਾਰਿਬੇ ਰੂਪ ਧਰਾ ਕਰਤਾਰ। ਨਹਿੰ ਮਾਨੁਖ ਸਮ ਜਾਨਿਕੈ

[1]ਛੱਡੋ ਯਾ ਮਾਰੋ। [2]ਕਿਸੇ ਤਰ੍ਹਾਂ। [3]ਭਾਵ ਗੁਰੂ ਜੀ। [4]ਨਾ ਮੋੜਨ ਵਾਲੀ। [5]ਤੱਕਿਆ। [6](ਜਿਵੇਂ) ਜੰਗ ਵਿਚੋਂ। [7]ਥਕਾਨ ਨਾਲ (ਪਸੀਨੇ ਦੀਆਂ) ਬੂੰਦਾਂ ਚੇਹਰੇ ਉਤੇ ਆਈਆਂ ਹਨ। (ਅ) ਸਿੱਕਰੀ ਬੁਲ੍ਹਾਂ ਤੇ ਆਈ ਹੋਈ ਹੈ। [ਸੀਕਰ=ਪਸੀਨਾ, ਸਿੱਕਰੀ]।

ਭ੍ਰਮਹੁ ਰਿਦੇ ਮਝਾਰ॥੫੦॥ਚੌਪਈ॥ਸ੍ਰੀ ਪਰਮੇਸੁਰ ਕੋ ਅਵਤਾਰਾ[1]। ਅਪਰ ਨ ਲਖਹੁ ਸੁ ਮੋਖ ਉਦਾਰਾ[2]। ਸਰਬ ਨਰਨ ਕੇ ਪਰਖਨ ਹੇਤਾ। ਠਟਯੋ[3] ਸਾਂਗ ਬੇਦੀ ਕੁਲਕੇਤਾ ॥ ੫੧ ॥ ਹਮ ਤੁਮ ਬੋਚਰਨੇ ਜੀਵ ਅਗਾਰੀ। ਚਾਹੈਂ ਰਾਖੈਂ ਭਾਵੈਂ ਮਾਰੀ[4]।ਜਿਨ ਕੋ ਦੇਇ ਚੁਕੇ ਸਰਬੰਸਾ।ਪੁਨ ਤਿਨਕੋ ਕ੍ਰਿਤ ਮੈਂ ਕਨਾ ਸੰਸਾ॥੫੨॥ ਅਬ ਜੋ ਸ੍ਰੀ ਗੁਰ ਇਤ ਦਿਸ਼ ਆਵੈਂ।ਔਰ ਸਾਂਗ ਕਰਿਕੈ ਦਿਖਰਾਵੈਂ। ਭ੍ਰਮਹੁ ਨਹਿਂ ਕੈਸੀ ਬਿਧਿ ਹੋਇ। ਸੀਸ ਜਾਇ ਜਾਵਨ ਦਿਹੁ ਸੋਇ॥੫੩॥ਭਈ ਆਦਿ ਤੇ ਪਰਖਨ ਰੀਤੀ। ਸ੍ਰੀਗੁਰ ਇਹ ਕੁਛ ਨਈ ਨ ਕੀਤੀ।ਗਾਧਿ ਤਨੈ[5] ਪਰਖਯੋ ਹਰਿ ਚੰਦਾ[6] ।ਸਤਿ ਨ ਡਿਗਯੋ ਲਹਯੋ ਪਰਮ ਅਨੰਦਾ* ॥ ੫੪ ॥ ਹੇਤ ਕਪੋਤ[7] ਮਾਸ ਨਿਜ ਦੀਨਾ। ਧ੍ਰਿਤ ਧਰਿ[8], ਤਬ ਨ੍ਰਿਪ ਪਦ ਸੁਖ ਲੀਨਾ।ਮੋਰਧੁਜ ਨ੍ਰਿਪ ਭਗਤਿ ਮਤਿ ਭੀਨੀ[9]।ਸਹੀ ਕਸੌਟੀ ਸੋ ਪ੍ਰਭੁ ਦੀਨੀ† ॥੫੫॥ ਅਉਰ ਕਥਾ ਕਹਿ ਬਹੁ ਸਮਝਾਇ। ਤੀਨ ਮਹੂ-

---

[1]ਅਵਤਾਰ ਹੈਨ। [2]ਓਹ ਮੁਕਤੀ ਦਾਤੇ ਹਨ। [3]ਬਣਾਇਆ ਹੈ। [4]ਮਾਰਨ। [5]ਗਾਧਿ ਦੇ ਪੁੱਤ੍ਰ (ਵਿਸ਼ਵਾ ਮਿੱਤ੍ਰ) ਨੇ। [6]ਰਾਜਾ ਹਰੀ ਚੰਦ ਨੂੰ। [7](ਸ਼ਿਵੀ ਰਾਜਾ ਨੇ) ਕਬੂਤਰ ਵਾਸਤੇ। [8]ਧੀਰਜ ਧਾਰਕੇ। [9]ਜਿਸ ਦੀ ਮਤ ਭਗਤੀ ਵਿਚ ਭਿੱਜੀ ਹੋਈ ਸੀ।

*ਪਾ:—ਪਦ ਆਨੰਦਾ—ਹੈ।

†ਸ੍ਰੀ ਲਹਿਣਾ ਜੀ ਦਾ ਇਸ ਵੇਲੇ ਪੁਰਾਣੇ ਦ੍ਰਿਸ਼ਟਾਂਤਾਂ ਪ੍ਰਮਾਣਾਂ ਅਨੁਸਾਰ ਵਿਚਾਰ ਮੰਡਲ ਵਿਚ ਖਲੋਕੇ ਸਥਿਤੀ ਰੱਖਣੀ ਤੇ ਹੋਰਨਾਂ ਨੂੰ ਸ਼ਾਸਤ੍ਰ ਤੇ ਭਗਤਮਾਲ ਦੀਆਂ ਕਥਾ ਸੁਣਾਕੇ ਧੀਰਜ ਦੇਣਾ ਕਵਿ ਜੀ ਨੇ ਬਹੁਤ ਉੱਤਮ ਵਰਨਨ ਕੀਤਾ ਹੈ। ਪਰ ਸ੍ਰੀ ਗੁਰੂ ਜੀ ਦਾ ਆਪਣਾ ਜੀਵਨ ਤੇ ਥੋੜੀ ਜੇਹੀ ਰਚੀ ਬਾਣੀ ਦੱਸਦੀ ਹੈ ਕਿ ਆਪ ਗੁਰ ਨਾਨਕ ਜੀ ਤੋਂ ਭੁਲ੍ਹ ਭੁਲ੍ਹ ਪੈ ਰਹੇ ਪ੍ਰੇਮ ਦੀ ਧਾਰਾ ਵਿਚ ਨਿਮਗਨ ਚਲੇ ਜਾ ਰਹੇ ਸਨ, ਕਥਾ ਵਾਰਤਾ, ਦ੍ਰਿਸ਼ਟਾਂਤ, ਪ੍ਰਮਾਣ, ਸੋਚ ਦੇ ਮੰਡਲ ਦੇ ਕੰਮ ਹਨ ਤੇ ਸੋਚ ਵਾਲੇ ਲਿਖਾਰੀਆਂ ਨੂੰ ਸੁਝਦੇ ਹਨ। ਪ੍ਰੇਮ ਆਰੂਢ ਸੁਰਤਾਂ ਤਾਂ ਪ੍ਰੇਮ ਰੰਗ ਵਿਚ ਮਗਨਤਾ ਦੇ ਦਰਜੇ ਤੇ ਹੁੰਦੀਆਂ ਹਨ, ਮਨ ਤੇ ਬੁੱਧੀ ਜਿੱਥੇ ਹਥ ਜੋੜਕੇ ਹੇਠਾਂ ਖੜੋਤੇ ਪਏ ਤਕਦੇ ਹਨ ਕਿ ਹੁਣ ਇਹ ਸੁਰਤ ਕਿਨ੍ਹਾਂ ਉੱਚੀਆਂ ਤੇ ਨਜ਼ਰ ਨੂੰ ਅਨਜ਼ਰ ਕਰ ਦੇਣ ਵਾਲੀਆਂ ਉਚਿਆਈਆਂ ਵਿਚ ਉਡ ਰਹੀ ਹੈ। ਸ੍ਰੀ ਪਾਵਨ ਲਹਿਣਾ ਜੀ ਏਸ ਰੰਗ ਵਿਚ ਮਗਨ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰੀਖਿਆ ਦਾ ਮਨੋਰਥ ਇਹ ਨਹੀਂ ਸੀ ਕਿ ਕੌਣ ਵਧੇਰੇ ਵਿਚਾਰਵਾਨ ਹੈ, ਜੋ ਆਪਣੇ ਜਾਣੇ ਤੇ ਸਮਝੇ ਸ਼ੁਭ ਗੁਣਾਂ ਤੇ ਵਿਚਾਰਾਂ ਦੇ ਆਸਰੇ ਇਸ ਵੇਲੇ ਤਰ ਨਿਕਲਦਾ ਹੈ, ਪਰ ਇਹ ਸੀ ਕਿ ਉੱਚੇ ਤੋਂ ਉੱਚੇ ਸੁੱਚੇ ਤੋਂ ਸੁੱਚੇ ਸਿਖਾਂ ਦੇ ਮੁਕਾਬਲੇ ਤੇ ਓਹ ਜੋ ਧੁਰੋਂ ਆਯਾ ਹੈ ਤੇ ਧੁਰ ਤਕ ਆਮ ਸਿੱਖਾਂ ਵਿਚ

(ਬਾਕੀ ਫੁਟ ਨੋਟ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

ਰਤ ਜਬੈ ਬਿਤਾਇ।ਤਿਹਛਿਨ ਚਲਿਆਏ ਸ਼੍ਰੀਨਾਨਕ।ਉਠੇਸਿਖ ਅਵਲੋਕ ਅਚਾਨਕ॥੫੬॥ਬੰਦਹਿ ਹਾਥ ਬੰਦਨਾ ਕਰਿਹੀਂ।ਭੇ ਅਚਰਜ ਧੁਤ ਬਚ ਨ ਉਚਰਿਹੀਂ।ਗੁਰ ਕੇ ਕਟ ਮਹਿ ਤਾਂਬ੍ਰ ਕੁਪੀਨੈ। ਕੁਲਹ ਸੀਸ ਪਰ ਕੁਤਕਾ[1] ਲੀਨੈ॥੫੭॥ਔਰ ਦੁਕੂਲ[2] ਨ ਊਪਰ ਕੋਈ। ਜਿਨ ਬਹੁ ਨਰ ਕੀ ਦੁਰਮਤਿ ਖੋਈ। ਜਬਿ ਸਿਖ ਚਰਨਨ ਪਰ ਸਿਰ ਧਾਰਹਿ। ਕੁਤਕਾ ਏਕ ਪੀਠ ਮਹਿ ਮਾਰਹਿ॥੫੮॥ ਅਚਰਜ ਭਏ ਤੂਸ਼ਨੀ ਠਾਨੀ। ਅਲਖ ਗਤੀ ਕੁਛ ਜਾਇ ਨ ਜਾਨੀ। ਸਭਿ ਕੇ ਇਸੀ ਪ੍ਰਕਾਰ ਪ੍ਰਹਾਰੇ। ਬਹੁਰੋ ਸ਼੍ਰੀ ਮੁਖ ਬਚਨ ਉਚਾਰੇ॥੫੯॥ਦੋਹਰਾ॥'ਕਿਉਂ ਬੈਠੇ, ਤੁਮ ਕੌਨ ਹੋ? ਗਮਨਹੁ ਨਿਜ ਨਿਜ ਥਾਇ। ਕਾਜ ਤੁਮਾਰੋ ਨਹਿ ਕਛੂ ਤੂਰਨ ਨਿਕਸਹੁ ਧਾਇ'॥੬੦॥ ਚੌਪਈ॥ ਛਰਤਿ ਜੋਰ ਕਰ[3] ਸਿੱਖਨ ਭਾਖਾ। 'ਹਮ ਤੁਮਰੇ ਸਿੱਖ ਭੇ ਗਤਿ ਕਾਂਖਾ[4]'। ਜਬਹਿ ਸਿੱਖ ਕੋ ਨਾਮ ਸੁ ਲੇਈਂ।ਕੁਤਕਾ ਏਕ ਪੀਠ ਮਹਿ ਦੇਈਂ॥੬੧॥ਅਸ ਗਤਿ ਸ਼੍ਰੀ ਗੁਰ ਕੀ ਸਭਿ ਦੇਖਾ। ਭਾਗੇ ਮਨੁ ਭੈ ਭਯੋ ਵਿਸ਼ੇਖਾ। ਈਖਦ ਹੀ ਬੈਠੇ ਰਹਿ ਗਏ। ਤਿਨ ਸੋਂ ਪੁਨ ਪੂਛਤਿ ਪ੍ਰਭੁ ਭਏ॥ ੬੨ ॥'ਕਬਿ ਕੇ ਸਿੱਖ ਬਨੇ ਹੋ ਮੇਰੇ?। ਦੇਹੁ ਬਤਾਇ, ਨ ਲਾਵਹੁ ਦੇਰੇ'। ਸੁਨਿ ਕੈ ਸਿੱਖਨ ਬੈਨ ਅਲਾਇ। 'ਹੈਂ ਤਬਿ ਕੇ ਜਬਿ ਆਪ ਬਨਾਏ॥੬੩॥ ਰਾਵਰ ਕੋ ਪਰਵਾਹ ਨ ਕੋਈ। ਸ਼ਰਨ ਪਰੇ ਹਮ ਚਹਿ ਦੁਖ ਖੋਈ। ਕਹਿਤੇ ਕੰਪੇ[5] ਬਚਨ ਨ ਆਵੈ। ਤੇਜ ਦਿਪਤਿ[6] ਸੋ ਸਹਨੋ ਨ ਜਾਵੈ'॥ ੬੪ ॥ ਸੁਨਹਿ ਪ੍ਰਭੂ ਪੁਨ

[1]ਸੋਟਾ। [2]ਕਪੜਾ। [3]ਜੋੜਕੇ ਹਥ। [4]ਮੁਕਤੀ ਦੇ ਚਾਹਵਾਨ। [5]ਕੰਬਦੇ ਹੋਏ ਕਹਿੰਦੇ ਹਾਂ। [6]ਪ੍ਰਕਾਸ਼ਵਾਨ।

[illegible] (ਪਿਛਲੇ ਪੰਨੇ ਦੀ ਬਾਕੀ ਟੂਕ)

ਇਕ ਜੋਦ ਸ਼੍ਰੇਣੀ ਦਾ ਉੱਚਾ ਸਿੱਖ ਸਮਝਿਆ ਜਾਂਦਾ ਹੈ ਓਹ ਸਭ ਨੂੰ ਦਿੱਸ ਪਵੇ ਕਿ ਇਹ ਈਸ਼੍ਵਰ ਕੋਟੀ ਦਾ ਵਜੂਦ ਹੈ, ਇਹ ਕਾਰਕ ਹੈ, ਇਹ ਧੁਰੋਂ 'ਗੁਰੂ' ਹੋਕੇ ਆਇਆ ਹੈ, ਜਗਤ ਨੂੰ ਉੱਚੇ ਤੋਂ ਉੱਚਾ ਸਿੱਖੀ ਦਾ ਆਦਰਸ਼ ਦਿਖਾਕੇ 'ਸਿੱਖ' ਦਾ ਨਾਂਵ ਪੂਰਾ ਕਰਕੇ 'ਗੁਰੂ' ਆਦਰਸ਼ ਵਿਚ ਜਾ ਬੈਠੇਗਾ। ਹਾਂ, ਜਗਤ ਨੂੰ, ਸਿੱਖਾਂ ਨੂੰ, ਪਰਵਾਰ ਨੂੰ, ਪੁੱਤ੍ਰਾਂ ਨੂੰ ਦਿੱਸ ਪਵੇ ਕਿ ਲਹਿਣਾ ਧੁਰੋਂ ਆਇਆ ਹੈ, ਗੁਰੂ ਨਾਨਕ ਜੀ ਦੀ ਗੱਦੀ ਦਾ ਪਟਾ ਲੈਕੇ ਆਇਆ ਹੈ, 'ਗੁਰ ਅਵਤਾਰ' ਹੈ, ਹੋਰ ਸਾਰੇ ਚੰਗੇ ਚੰਗੇਰੇ ਇਸ ਚੰਗੇ ਦੇ ਅੱਗੇ ਨੀਵੇਂ ਹਨ। ਭਾਈ ਬੁੱਢਾ ਪਰਮ ਉਚਾ ਸਿੱਖ ਹੈ, ਜਿਸ ਦੇ ਤਿਲਕ ਦੇਣ ਨਾਲ ਗੁਰੂ ਨੇ ਗੁਰੂ ਸਦੀਣਾ ਹੈ, ਪਰ ਉਹ ਬੀ ਸ਼੍ਰੀ ਪਰਮ ਜੋਤੀਮਯ ਪਾਵਨ ਲਹਿਣਾ ਜੀ ਦੇ ਅਗੇ ਨੀਵਾਂ ਹੈ। ਇਹ ਗਲ ਸਿੱਧ ਕਰ ਦੇਣਾ ਅਮਲੀ ਤਰੀਕੇ ਨਾਲ, ਪ੍ਰਯੋਜਨ ਸੀ ਪ੍ਰੀਖਿਆ ਦਾ, ਤਾਂ ਤੇ ਸ਼੍ਰੀ ਸੁਹਣੇ ਸੁਹਣੇ ਲਹਿਣਾ ਜੀ ਦਾ ਸਿਦਕ ਨਾ ਡੋਲਣਾ ਉੱਚੇ ਤੋਂ ਉੱਚੇ ਪ੍ਰੇਮ ਦੀ ਮਗਨਤਾ ਦਾ ਚਮਤਕਾਰ ਹੈ, ਸੈਰ ਮੰਜ਼ਲ ਦੀ ਖੇਡ ਨਹੀਂ ਹੈ।

ਕੁਤਕਾ ਮਾਰੈਂ । ਭਾਗੇ ਸਿੱਖ ਨ ਧੀਰ ਸੰਭਾਰੇ । ਕੁਤਕਾ ਲਗੈ ਹੋਇ ਤਨ ਪੀਰ । ਢਿਗ ਤੇ ਭਾਗੈਂ ਹੋਇ ਅਧੀਰ ॥ ੬੫ ॥ ਥੋਰੇ ਹੀ ਬੈਠੇ ਜਬਿ ਰਹੇ । ਤਿਨ ਪ੍ਰਿਤਿ ਸ੍ਰੀ ਗੁਰੂ ਅਸ ਬਚ ਕਹੇ।'ਜੇ ਤੁਮ ਸਿੱਖ ਬਨੇ ਹੋ ਮੇਰੇ।ਆਇਸੁ ਮਾਨਹੁ ਕਰਹੁ ਨ ਦੇਰੇ॥੬੬॥ਉਠਿ ਆਵਹੁ ਸਭਿ ਮੋਰ ਪਿਛੇਰੇ'।ਕਹਿ ਇਉਂ ਗਮਨੇ ਗੁਰੂ ਅਗੇਰੇ। ਜੇਤਿਕ ਰਹੇ ਸਿੱਖ ਤਿਹ ਥਾਈਂ।ਚਕਿਤ ਜਕਿਤ[1]ਸੈ ਪੀਛੈ ਜਾਹੀਂ ॥ ੬੭ ॥ ਦੋਹਰਾ ॥ ਪਰਖਨ ਹਿਤ ਸਿੱਖੀ ਤਬੈ ਸਾਂਗ ਅਰੰਭਯੋ ਭੂਰ। ਸੋਈ ਸਾਬਤ ਰਹਿ ਸਕੈ ਜਿਸ ਪਰ ਕਰੁਨਾ ਤੂਰ[2]*॥ ੬੮ ॥ ਚੌਪਈ ॥ ਹੁਤੀ ਜੁ ਦੂਰ ਉਜਾੜ ਬਿਸਾਲਾ । ਪਹੁੰਚੇ ਲੇ ਸਿਖ ਸੰਗ ਕ੍ਰਿਪਾਲਾ । ਤਹਾਂ ਸਿੜ੍ਹੀ[3] ਪਰ ਸ਼ਵ[4] ਇਕ ਦੇਖਾ । ਊਪਰ ਅੰਬਰ ਸੇਤ ਵਿਸ਼ੇਖਾ॥੬੯॥ਕੇਤਿਕ ਕਾਸ਼ਟ ਪਰੇ ਸਮੀਪਾ । ਭਏ ਠਾਂਢਿ ਬੇਦੀ ਕੁਲਦੀਪਾ । ਸਰਬ ਸਿੱਖ ਤਬ ਆਨਿ ਪਹੂੰਚੇ । ਤਿਨਹਿ ਸੁਨਾਇ ਭਨੇ ਬਚ ਊਚੇ ॥੭੦॥ 'ਜੇ ਤੁਮ ਹਮਰੇ ਸਿੱਖ ਕਹਾਵਹੁ। ਮਾਨਹੁ ਬਚਨ ਨ ਸਦਨ[5] ਸਿਧਾਵਹੁ । ਪਰਯੋ ਸਿੜ੍ਹੀ ਪਰ ਸ਼ਵ ਇਹ ਖਾਵਹੁ।ਜੇ ਨਹਿਂ ਖਾਵਹੁ ਤਉ ਪਛੁਤਾਵਹੁ'॥੭੧॥ਸੁਨਿ ਬਿਸਮਾਦ ਭਏ ਮਨ ਮਾਂਹੀ। ਧੀਰਜ ਰਹਯੋ ਰਿਦੇ ਕਿਸ ਨਾਂਹੀ। ਕਿਤਿਕ ਸੰਗ ਭਜਿ ਪੁਰੀ ਸਿਧਾਰੇ । ਕਿਤਿਕ ਦੁਰੇ ਭਜਿ ਝਾਰ ਮਝਾਰੇ[6] ॥੭੨॥ ਕਿਤਿਕ ਧਾਰਿ ਹਠ ਰਹੇ ਸਮੀਪਾ। ਤਿਨ ਪਿਖਿ ਕਹਿ ਬੇਦੀ ਕੁਲ ਦੀਪਾ। 'ਜੇ ਤੁਮ ਠਾਂਢੇ ਰਹੁ ਇਹ ਥਾਨਾ। ਸ਼ਵ ਕੋ[7] ਖਾਹੁ ਬਿਲਮ ਕਰਿ ਹਾਨਾ[8] ॥ ੭੩ ॥ ਨਾਂਹਿ ਤ ਜਾਹੁ ਸਦਨ ਕੋ ਧਾਈ । ਦੋ ਮੈਂ ਕਰਹੁ ਜਿ ਇਕ ਮਨ ਭਾਈ' । ਡਰਤਿ ਰਿਦੇ ਕੰਪਤਿ ਤਨ ਸਾਰੇ। ਹਾਥ ਬੰਦਿਕੈ ਬਚਨ ਉਚਾਰੇਂ ॥੭੪॥ 'ਹਮ ਹੈਂ ਸਿੱਖ ਨ ਗਮਨੈਂ ਧਾਮੂ' । ਮਾਰਯੋ ਕੁਤਕਾ[9] ਸੁਨਿ 'ਸਿਖ' ਨਾਮੂ । 'ਕੁੱਟਣ[10] ! ਹਮਰੇ ਸਿੱਖ ਕਹਾਵਹੁ !। ਬਚਨ ਕਰਯੋ ਗੁਰ, ਸੋ ਨ ਕਮਾਵਹੁ !' ॥੭੫॥ਦੋਹਰਾ ॥ ਪੁਨ ਮਾਰਨ ਕੁਤਕੇ ਲਗੇ ਭਾਗੇ ਸਭਿ ਕਰਿ ਤ੍ਰਾਸ। ਰਹਯੋ ਨ ਕੋਊ ਸੰਗ

---

[1]ਹੈਰਾਨ ਹੋਕੇ ਤੇ ਥਕ ਥਕਕੇ। [2]ਤੌਰੀ (ਅ) ਤੁਰੰਤ। [3]ਉਹ ਤਖਤਾ ਜਿਹਾ ਜਿਸ ਪੁਰ ਮੁਰਦਾ (ਕੱਪੜੇ ਵਿਚ ਲਪੇਟਕੇ) ਰੱਖਕੇ ਮਸਾਣਾਂ ਨੂੰ ਲੈ ਜਾਂਦੇ ਹਨ।ਚਿਖਾ (ਅ)। [4]ਮੁਰਦਾ। [5]ਘਰ ਨੂੰ। [6]ਝਾੜੀਆਂ ਵਿਚ । [7]ਮੁਰਦੇ ਨੂੰ । [8]ਛੇਤੀ । [9]ਡੰਡਾ । [10]ਦੁਗਲ [ਸੰਸ: ਕੁਟਿਨ=ਕੱਟ ਸੁੱਟਣ ਵਾਲਾ] ਦੁਵੇਸ਼ ਪਾਉਣ ਵਾਲਾ (ਅ) ਦੁਭੇਖੀਏ, ਕਹਿਣਾ ਹੋਰ ਤੇ ਕਰਨਾ ਹੋਰ, ਇਹ ਅਰਥ ਨਾਲ ਦੀ ਤੁਕ ਤੋਂ ਸਪਸ਼ਟ ਹੈ।

*ਪਾ:—ਭੂਰ, ਪੂਰ ।

Sri Satguru Jagjit Singh Ji eLibrary NamdhariElibrary@gmail.com

ਤਬ ਇਕ ਲਹਿਣਾ ਰਹਿ ਪਾਸ* ॥੭੬॥ ਚੌਪਈ॥ ਤਿਸਹਿ ਬਿਲੋਕਤਿ ਬਚਨ ਉਚਾਰਾ। 'ਕਿਉਂ ਠਾਂਵੋ ਤੂੰ ਨਹੀਂ ਸਿਧਾਰਾ। ਅਹੈਂ ਜਿ ਸਿੱਖ ਬਚਨ ਮਾਨਹੁ ਮੂਰ। ਸ਼ਵ ਕੋ ਖਾਹੁ ਬਿਲੰਬ ਨਹੀਂ ਕਰਿ' ॥੭੭॥ ਸੁਨਿ ਕੈ ਲਹਿਣੇ ਦ੍ਵੈ ਕਰ ਜੋਰੇ। 'ਨਹਿ ਰਜਾਇ ਮੋਰਹੁੰ ਪ੍ਰਭੁ ਮੋਰੇ। ਰਾਵਰ ਕੋ ਪਰਵਾਹੁ ਨ ਕੋਈ। ਹਮ ਹੈਂ ਸਿਖ ਸ਼ਰਨਾਗਤਿ ਹੋਈ ॥੭੮॥ ਚਹੇ ਤ ਰਾਖਹ ਭਾਵੈਂ ਮਾਰੀ। ਹੌਂ ਨਹਿ ਤਜਿ ਹੌਂ ਸ਼ਰਨਿ ਤੁਮਾਰੀ†'। 'ਸ੍ਰੀ ਗੁਰ ਕਹੈਂ ਜਿ ਸੰਗ ਨ ਤਜਾਗਹੁ। ਮ੍ਰਿਤਕ ਪਰੇ ਕੋ ਖਾਵਨ ਲਾਗਹੁ' ॥੭੯॥ ਲਹਿਣਾ ਸੁਨਤਿ ਫਿਰਯੋ ਚਹੁੰਫੇਰੇ। ਗੁਰੂ ਕਹਯੋ 'ਕਿਉਂ ਲਾਈ ਡੇਰੇ?' "ਜਿਤ ਦਿਸ਼ ਹੁਕਮ ਕਰੋ ਤਿਹ ਖਾਵੋਂ। ਇਸ ਰਜਾਇ ਹਿਤ ਬਿਲਮ ਲਗਾਵਉਂ" ॥ ੮੦ ॥ ਗੁਰੂ ਕਹਯੋ 'ਪਗ ਤੇ[2] ਲਗ ਖਾਨੇ। ਸਿਰ ਲੌ ਖਾਹੁ ਬਚਨ ਕੋ ਮਾਨੇ'। ਤਿਹ ਛਿਨ ਲਹਿਣੇ ਤੂਰਨ ਕੀਨੀ। ਅਇਸੁ ਅਨੁਸਾਰੀ ਮਤਿ ਭੀਨੀ॥ ੮੧ ॥ ਸੇਤ[3] ਸੁ ਬਸਤ੍ਰ ਉਤਾਰਾ ਜਬਿਹੀ। ਦੇਖਯੋ ਸਰਬ ਤਿਹਾਵਲ ਤਬਿਹੀ। ਤ੍ਰਿਹਤੇ ਨਰ ਸਮ ਲੋਥ ਬਨਾਈ। ਲਖਿ ਅਸਚਰਜ ਰਹਯੋ ਬਿਸਮਾਈ ॥੮੨॥ ਪ੍ਰਭੁ ਕੇ ਪਦ ਪੰਕਜ ਪਰ ਪਰਯੋ। ਹਾਥ ਬੰਦਿ ਕੈ ਬਚਨ ਉਚਰਯੋ। 'ਪਾਰਬ੍ਰਹਮ ਕਰਤਾਰ ਅਪਾਰੀ‡! ਏਕੰਕਾਰ ਸਰਬ ਜਗ ਕਾਰੀ! ॥ ੮੩ ॥ ਕਲਿ ਕੇ ਨਰਨ ਉਧਾਰਨ ਕਾਰਨ। ਧਰਯੋ ਦੇਹਿ ਕੀਰਤਿ ਬਿਸਤਾਰਨ। ਤੁਮਰੀ ਕੁਦਰਤਿ ਤੁਮ ਬਨਿਆਈ। ਨਹਿ ਔਰਨ ਤੇ ਜਾਨੀ ਜਾਈ' ॥ ੮੪ ॥ ਸੁਨਿ ਕੇ ਪਰਮ ਪ੍ਰਸੀਦੇ ਦਯਾਲਾ। ਦੇਖੀ ਕਰੁਨਾਂਦ੍ਰਿਸ਼ਟਿ[4] ਬਿਸਾਲਾ। ਕਹਯੋ 'ਜੁ ਮੇਰੋ ਅਹੈ ਸਰੂਪਾ। ਸੋ ਤੁਮ ਦ੍ਵੈ ਹੈ ਪਰਮ ਅਨੂਪਾ ॥੮੫॥ ਤੇਰੋ ਰੂਪ ਹੋਹਿ ਗੋ ਮੋਹੀ। ਐਸੀ ਅਬ ਅਭੇਦਤਾ ਹੋਹੀ। ਬਖ਼ਸ਼ਯੋ ਸਭਿ ਜਗ ਤਵ, ਪਸ਼ਚਾਤੀ[5]। ਭਲੀ ਭਾਂਤਿ ਹ੍ਵੈ ਹੈਂ ਬੱਖਯਾਤੀ ॥੮੬॥ ਸਭਿ ਸਿੱਖਨ ਕੀ ਰਾਖੀ ਟੇਕਾ। ਹਿਰਦੇ ਪੂਰਨ ਹੋਇ ਬਿਬੇਕਾ। ਤੁਾ ਜੋਗ ਗੁਰ ਲੈ ਹੈਂ ਗੁਰਿਆਈ। ਸਿੱਖ ਹੋਹਿ ਤੁਮਰੇ ਅਧਿਕਾਈ ॥ ੮੭ ॥ ਤੁਾ ਅਵਲੰਬ[6] ਭਲੇ ਜਗ ਤਾਰਨ। ਸਭਿ ਸਿਖਨ ਜਮਜਾਲ ਨਿਵਾਰਨ[7]।

[1]ਸ੍ਰੀ ਅੰਗਦ ਜੀ ਨੇ ਉੱਤਰ ਦਿੱਤਾ। [2]ਪੈਰਾਂ ਤੋਂ। [3]ਚਿੱਟਾ। [4]ਮੇਹਰ ਦੀ ਨਿਗਾਹ। [5]ਸਾਰਾ ਜਗਤ ਤੈਨੂੰ ਦਿੱਤਾ, ਆਪਣੇ ਪਿਛੋਂ (ਅ) ਤੇਰੇ ਪਿਛੇ ਸਾਰਾ ਜਗ ਬਖਸ਼ਿਆ। [6]ਆਸਰਾ। [7]ਜਮ ਦੀਆਂ ਫਾਹੀਆਂ ਦੂਰ ਕਰਨ ਨੂੰ।

*ਨੇੜੇ ਨਹੀਂ ਰਹੇ। ਵਿੱਥ ਤੇ ਜਾ ਖਲੋਤੇ, ਨਜ਼ਰੋਂ ਸੁਣਨੋ ਉਹਲੇ ਨਹੀਂ ਹੋਏ, ਕਿਉਂਕਿ ਫਿਰ ਪ੍ਰਯੋਜਨ ਸਫਲ ਨਹੀਂ ਰਹਿੰਦਾ।

†ਸ੍ਰੀ ਪਾਵਨ ਲਹਿਣਾ ਜੀ ਦਾ ਪ੍ਰੇਮ ਨਿਮਗਨ ਮਨ ਏਹ ਵਾਰਤਾਲਾਪ ਨਹੀਂ ਕਰ ਸਕਦਾ, ਉਹ ਤਾਂ ਹੁਕਮ ਹੋਯਾ ਤੇ ਕਮਾਵਣ ਨੂੰ ਜਾ ਖਲੋਤੇ।

‡ਪਾঃ—ਅਗਾਰੀ।

Sri Satguru Jagjit Singh Ji eLibrary NamdhariElibrary@gmail.com

ਤੁਝ ਸਮਾਨ ਭਵ ਅਪਰ ਨ ਲਖਿਓ। ਨੀਕੇ ਸਿੱਖੀ ਬੀਰਜ[1] ਰਖਿਓ'। ੯੮ ॥ ਇਸ ਪ੍ਰਕਾਰ ਕਹਿ ਸੁਖਦਾ ਬਾਨੀ। ਗਮਨ ਕੀਨ ਪੁਰਿ ਕੋ ਗੁਨ ਖਾਨੀ। ਧਰਮਸਾਲ ਮਹਿਂ ਆਇ ਬਿਰਾਜੇ। ਜਿਨ ਕੇ ਦਰਸ਼ਨ ਤੇ ਦੁਖ ਭਾਜੇ* ॥ ੯੯ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਿਖੀ ਪਰਖਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅਧ੍ਯਾਯ ॥ ੫੦ ॥

੫੧. [ਗੁਰਯਸ਼ ਕਥਨ ਉਪਦੇਸ਼। ਗਯਾਨ ਉਪਦੇਸ਼। ਭਗਤੀ ਦੀ ਮਿਸਰੀ]

ਦੋਹਰਾ—ਸ੍ਰੀ ਗੁਰ ਗੁਨ ਮਾਨਸ ਸਰਸ ਜੀਹ ਮਰਾਲਨਿ ਜਾਂਹਿ।
ਕਰਤ ਪ੍ਰੀਤ ਨਹਿਂ ਤਜ ਸਕੈ ਨਮਸਕਾਰ ਮੁਰ ਤਾਂਹਿ ॥੧॥

{ ਸਰਸ=ਸੁਆਦੀਕ, ਸੁੰਦਰ, ਰਮਣੀਕ }

ਅਰਥ—(ਮੇਰੀ) ਉਸ ਰਸਨਾ ਨੂੰ ਨਮਸਕਾਰ ਹੈ ਕਿ ਜੋ ਸ਼੍ਰੀ ਗੁਰੂ ਜੀ ਦੇ ਗੁਣਾਂ(ਦੇ ਜਸ ਰੂਪੀ) ਸੁੰਦਰ ਮਾਨ ਸਰੋਵਰ ਨੂੰ ਹੰਸਣੀ (ਵਾਙੂ) ਪ੍ਰੀਤ ਕਰਦੀ ਹੋਈ (ਕਦੇ) ਛਡ ਨਹੀਂ ਸਕਦੀ।

ਚੌਪਈ॥ ਇਕ ਦਿਨ ਬਹੁਰ ਬਿਤਾਇ ਕ੍ਰਿਪਾਲਾ। ਬੈਠੇ ਹੁਤੇ ਰੁਚਿਰ ਧ੍ਰਮਸਾਲਾ। ਆਤਮ ਕੇ ਉਪਦੇਸ਼ਨ ਹੇਤਾ[2]। ਬੈਠਾਰਯੋ ਤ੍ਰੇਹਣ ਕੁਲਕੇਤਾ ॥੨॥ [3]“ਲਹਿਣੇ ਸੇਵ ਅਧਿਕ ਤੈਂ ਕੀਨੀ। ਬੂਝਹੁ ਤੱਤ ਚਹਹੁ ਜੋ ਚੀਨੀ[4]। ਐਸੀ ਘਾਲ[5] ਜੁ ਘਾਲੀ[6] ਤੋਹੀ। ਕੋ ਨਹਿ ਵਸਤੁ ਅਦੇਯ ਸੁ ਮੋਹੀ[7]” ॥੩॥ ਕ੍ਰਿਪਾ ਭਰੀ ਸੁਨਿਕੈ ਸੁਠ ਬਾਨੀ। ਬੈਠਯੋ ਸਨਮੁਖ ਸੀਖ ਸੁਖਾਨੀ। ਦ੍ਵੈ ਕਰ ਜੋਰ ਨਿਵਾਯੋ ਸੀਸ। ਬੰਦੇ ਪਦ ਪੰਕਜ ਜਗਦੀਸ਼॥੪॥ 'ਨਿਜ ਸਰੂਪ ਲਖਿਬੇ ਅਭਿਲਾਖਾ'। ਹ੍ਵੈ ਕੈ ਦੀਨ ਬਚਨ ਅਸ ਭਾਖਾ। 'ਜੋ ਮੈਂ ਹੌਂ, ਕੁਛ ਜਾਇ ਨ ਜਾਨਾ। ਹਰਖ ਸ਼ੋਕ ਮਹਿ ਫਸਯੋ ਮਹਾਨਾ ॥੫॥ ਰਾਗ ਦ੍ਵੈਖ ਨਿਸ ਦਿਨ ਬਹੁ ਮੋਹੀ[8]। ਅਤਿਸ਼ਯਤਾ[9] ਦੁਖ ਸੁਖ ਮਹਿ ਹੋਹੀ। ਸਰਬ ਭੇਦ ਮੁਹਿ ਦੇਹੁ

[1]ਬੀਜ। [2]ਆਤਮ ਉਪਦੇਸ਼ਾਂ ਦੇ (ਦੇਣ) ਵਾਸਤੇ। [3]ਗੁਰੂ ਜੀ ਬੋਲੇ। [4]ਜੋ ਜਾਣਿਆਂ ਚਾਹੁੰਦੇ ਹੋ। [5]ਕਮਾਈ। [6]ਕਮਾਈ ਹੈ। [7]ਜੋ ਮੈਂ ਤੈਨੂੰ ਨਾ ਦਿਆਂ। [8]ਮੈਨੂੰ ਹੈ। [9]ਬਹੁਤ ਹੋਕਾ।

*ਸਿੱਖੀ ਪਰਖਣ ਤੇ ਗੁਰੂ ਅੰਗਦ ਜੀ ਦੇ ਸਾਬਤ ਨਿਕਲਣ ਦਾ ਪ੍ਰਸੰਗ ਗੁਰ ਪ੍ਰਤਾਪ ਸੂਰਜ ਰਾਸ ਦੂਸਰੀ ਅੰਸੂ ੫੭ ਵਿਚ ਬੀ ਕਵੀ ਜੀ ਨੇ ਫੇਰ ਦਿੱਤਾ ਹੈ। ਏਥੇ ਕੁਤਕੇ ਮਾਰਨ ਦਾ ਜ਼ਿਕਰ ਹੈ, ਜ ਪੁਰਾਤਨ ਜਨਮਸਾਖੀ ਵਿਚ ਨਹੀਂ ਹੈ ਤੇ ਅੰਸੂ ੫੭ ਰਾਸ ਦੂਸਰੀ ਗੁਰ ਪ੍ਰਤਾਪ ਸੂਰਜ ਵਿਚ ਕਵੀ ਜੀ ਨੇ ਆਪ ਹੀ ਪੈਸੇ ਰੁਪੱਯੇ ਮੁਹਰਾਂ ਦੇ ਲਾਲਚ ਵਿਚ ਲੋਕਾਂ ਦਾ ਪੈ ਜਾਣਾ ਦੱਸਿਆ ਹੈ, ਕੁਤਕੇ ਮਾਰਨੇ ਨਹੀਂ ਦੱਸੇ। ਫਿਰ ਉਸ ਅਧ੍ਯਾਯ ਵਿਚ ਕਵਿ ਜੀ ਨੇ ਨਦੀ ਕਿਨਾਰੇ ਸਰਦੀ ਝੱਲਣ ਦਾ ਪ੍ਰਸੰਗ ਬੀ ਦਿੱਤਾ ਹੈ ਤੇ ਨਾਲੇ ਗੁਰੂ ਨਾਨਕ ਦੇਵ ਜੀ ਦੇ ਖਡੂਰ ਜਾਕੇ ਮਿਲਨ ਤੇ ਗੁਰੂ ਅੰਗਦ ਦੇਵ ਜੀ ਦੇ ਤਪਜਾਣੇ ਤਪ ਵਿੱਚ ਬੈਠਣ ਤੇ ਫੇਰ ਗੁਰੂ ਨਾਨਕ ਦੇਵ ਜੀ ਦਾ ਖਡੂਰ ਜਾਕੇ ਮਿਹਰਾਂ ਕਰਨ ਦਾ ਪ੍ਰਸੰਗ ਬੀ ਦਿੱਤਾ ਹੈ, ਜੋ ਏਥੇ ਨਹੀਂ ਦਿੱਤਾ ਹੋਇਆ।

ਜਨਾਈ । ਤਿਹ ਕੋ ਸਮਝ ਰਹੌਂ ਸੁਖ ਪਾਈ ॥ ੬ ॥ ਮੂਰ ਉਰ ਤਮ ਅੱਗਜਾਨ ਮਹਾਨਾ*। ਤੁਮਰੇ ਹੈਂ ਬਚ ਭਾਨੁ ਸਮਾਨਾ । ਕਬਿ ਪ੍ਰਕਾਸ਼ ਵਿਹੂ

*ਕਵਿ ਜੀ ਆਪ ਪੌਰਾਣਕ ਵਿਦਯਾ ਦੇ ਮੰਡਲਾਂ ਵਿਚ ਵਿਦਯਾ ਪ੍ਰਾਪਤ ਹੋਏ ਸਨ ਤੇ ਆਤਮ ਪੁਰਾਣ ਦੇ ਪੰਡਤ ਸਨ । ਉਨ੍ਹਾਂ ਨੂੰ ਦਿਮਾਗ਼ੀ ਨੁਕਤੇ ਤੋਂ ਦਿਮਾਗ਼ੀ ਘੋਟਾ ਘਾਟੀ ਵਾਲਾ ਵੇਦਾਂਤ ਕੋਈ ਬਹੁਤ ਚੰਗੀ ਚੀਜ਼ ਲਗਦੀ ਸੀ, ਇਸ ਕਰਕੇ ਏਥੇ ਉਨ੍ਹਾਂ ਨੂੰ ਵੇਦਾਂਤ ਦਾ ਹਿਸਾਬ ਲਿਖਣਾ ਸੁਹਣਾ ਲੱਗਾ ਹੈ । ਪਰੰਤੂ ਵਿਦਯਾ ਦੇ ਘਮੰਡੀ ਪੰਡਤਾਂ ਨਾਲ ਚੀਵਰਾਂ ਤੋਂ ਮੁਬਾਹਸੇ ਕਰਾਕੇ ਸ਼ਾਸਤ੍ਰਾਰਥਾਂ ਵਿਚ ਹਰਾ ਦੇਣ ਵਾਲੇ ਸਤਿਗੁਰਾਂ ਦੇ ਅੱਗੇ ਇਹ ਲੇਖੇ ਤੇ ਹਿਸਾਬ ਦੀ ਗੇਣਤੀ ਬਹੁਤ ਵੱਡਾ ਮੁੱਲ ਨਹੀਂ ਸੀ ਰਖਦੀ। ਉਹ ਅਮਲੀ ਅਸਲੀ ਰੂਹਾਨੀ ਜੀਵਨ, ਉਹ ਉੱਚਾ ਹੁਲਾਰਾ ਰਸ ਰੰਗ ਵਾਲਾ,ਜਿਸ ਨੂੰ ਹਰਿਧਨ ਤੇ ਜੀਅਦਾਨ ਕਹਿੰਦੇ ਸਨ, ਓਹ ਆਪਣੀ ਮੇਹਰ ਮਾਤ੍ਰ ਨਾਲ, ਕ੍ਰਿਪਾ ਕਟਾਖਯ ਨਾਲ, ਦਿਨ ਰਾਤ ਦੀ ਆਪਣੀ ਰੂਹ ਨਾਲ, ਹਰ ਸਮੇਂ ਆਪਣੇ ਮਨੋਹਰ ਬਚਨ ਨਾਦ ਨਾਲ ਸ੍ਰੀ ਲਹਿਣਾ ਜੀ ਵਿਚ ਭਰ ਚੁਕੇ ਸਨ ਤੇ ਸ੍ਰੀ ਪਾਵਨ ਲਹਿਣਾ ਜੀ ਹੁਣ ਤਕ ਹੋਈਆਂ ਸਾਰੀਆਂ ਅਜ਼ਮਾਯਸ਼ਾਂ ਵਿਚ ਕਾਮਯਾਬ ਨਿਕਲ ਚੁਕੇ ਸਨ, ਮਹਾਨ ਪਰਤਾਵਿਆਂ ਵਿਚ ਹਰਖ ਸ਼ੋਕ ਅਤੀਤ ਰਹਿਕੇ, ਪ੍ਰੇਮ ਦੀ ਪੂਰਨ ਅਵਸਥਾ ਦਿਖਾ ਚੁਕੇ ਸਨ । ਇਸ ਪੂਰਨ ਆਪਾ ਸਮਰਪਨ ਨਾਲ ਉਨ੍ਹਾਂ ਦੀ ਅੰਤ੍ਰੀਵ ਗਤੀ ਦੇਂਦਾਂ ਤੋਂ ਉੱਚੀ ਉੱਠਕੇ ਪਰਮ ਉੱਚੀ ਦਸ਼ਾ ਵਿਚ ਪੁੱਜ ਚੁਕੀਸੀ।ਸ੍ਰੀਪਾਵਨ ਲਹਿਣਾ ਜੀ ਨੂੰ ਅਜੇ ਹਰਖ,ਸ਼ੋਕ,ਰਾਗ,ਦ੍ਵੇਖ ਵਿਚ ਵੇਖ੍ਰੋ ਤੇ 'ਤਮ ਮਹਾਨ ਅੱਗਜਾਨ'ਵਿਚ ਫਸੇ ਸਮਝਣਾ ਫਬਦਾ ਨਹੀਂ । ਗੁਰੂ ਨਾਨਕ ਦੇਵ ਜੀ ਦਾ ਆਗਮ ਕਰਨੀ ਖ਼ੁਸ਼ਕ ਵੇਦਾਂਤ ਦੇ ਫੋਕੇ ਪੰਡਿਤ ਪੈਦਾ ਕਰਨ ਲਈ ਨਹੀਂ ਸੀ। ਐਸੇ ਪੰਡਿਤ ਬਥੇਰੇ ਸਨ, ਜਿਨ੍ਹਾਂ ਦੀ ਸ਼ਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੁਕਾਰਕੇ ਕਹਿੰਦੇ ਹਨ।

ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥ [ਰਾਮ: ਕੀ ਵਾਰ ਮ: ੫

ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥ [ਮਾ: ਮ: ੧ ਪਟੀ

ਸਤਿਗੁਰੂ ਨਾਨਕ ਦੇਵ ਗੋਬਿੰਦ ਰੂਪ ਸਨ । ਰੂਹਾਨੀ ਜੀਵਨ ਜਗਤ ਨੂੰ ਦੇਣ ਆਏ ਸਨ। ਜਗਤ ਵਿਚ ਗ਼ਿਲਾਫ਼ ਫੈਲ ਰਹੀ ਸੀ, ਜੈਸਾ ਕਿ ਭਾਈ ਗੁਰਦਾਸ ਜੀ ਨੇ ਕਿਹਾ ਹੈ 'ਭਈ ਗਿਲਾਨ ਜਗੱਤ ਵਿਚ' ਆਦਿ । ਓਹ ਮੁਰਦੇ ਜੀਵਾਂ ਨੂੰ, ਜ਼ਿੰਦਗੀ ਦਾ ਹੁਲਾਰਾ ਭਰਨ ਆਏ ਸਨ। ਜੋ ਸ਼ੈ ਕਿ ਪੰਡਿਤਾਂ ਪਾਸ ਨਹੀਂ ਹੁੰਦੀ ਅਰ ਕੋਰਵੇ ਗੇਣਤੀਆਂ ਤੇ ਸ਼ਾਸਤ੍ਰਾਂ ਵਿਚ ਦੱਸੇ ਹਿਸਾਬਾਂ ਮਾਤ੍ਰ ਦੇ ਪੜ੍ਹਿਆਂ ਨਹੀਂ ਆਉਂਦੀ । ਦਾਰਸ਼ਨਿਕ ਨੁਕਤੇ ਤੋਂ ਬੀ ਗੁਰੂ ਜੀ ਸਭ ਦਰਸ਼ਨਾਂ ਤੋਂ ਅਗੇ ਗਏ ਹਨ, ਦੇਖੋ ਪੰਨਾ ੧੧੯੪ ਦੀ ਟੂਕ। ਗੁਰਮਤਿ ਦੀ ਦਾਤ 'ਜੀਵਨ' ਹੈ ਤੇ 'ਜੀਅ ਦਾਨ' ਹੈ, ਰੂਹ ਦਾ ਹੁਲਾਰਾ ਹੈ, ਜੀਵਨ ਚਮਕਾਰਾ ਹੈ।ਉਹ ਸਤਿਗੁਰੂ ਨੇ ਸ੍ਰੀਲਹਿਣਾ ਜੀ ਨੂੰ ਆਪਣੇ ਮੇਹਰ ਦੇ ਕਟਾਖਯ ਨਾਲ ਲਗਾਯਾ ਸੀ। ਆਪ ਸ੍ਰੀ ਗੁਰੂ ਜੀ ਦੇ ਕੀਤੇ ਪਰਤਾਵਿਆਂ ਵਿਚੋਂ ਕਾਮਯਾਬ ਨਿਕਲੇ, ਇਹ ਉਨ੍ਹਾਂ ਦੇ ਕਾਮਲ ਹੋ ਜਾਣ ਦਾ ਸਬੂਤ ਹੈ। ਉਨ੍ਹਾਂ ਪਰਤਾਵਿਆਂ ਦੀ ਕਾਮਯਾਬੀ (ਜੋ ਕਿਸੇ ਮੁੱਲ ਨਾਲ ਨਹੀਂ ਤੁਲ ਸਕਦੀ) ਦਾ ਇਵਜ਼ ਗੁਰੂ ਜੀ ਕੇਵਲ ਉੱਨੀ ਸਿਖ੍ਯਾ ਦੇਣ ਵਿਚ ਹੀ ਕਾਫ਼ੀ ਨਹੀਂ ਸਮਝ ਸਕਦੇ ਸਨ, ਜਿੰਨੀ ਕਿ ਵੇਦਾਂਤ ਦੀ ਕੋਈ ਮਾਮੂਲੀ ਕਿਤਾਬ ਪੜ੍ਹਕੇ ਆਦਮੀ ਆਪ ਪੈਦਾ ਕਰ ਸਕਦਾ ਹੈ, ਸੋ ਸ੍ਰੀ ਲਹਿਣਾ

[ਬਾਕੀ ਟੂਕ ਅਗਲੇ ਪੰਨੇ ਦੇ ਹੇਠਾਂ] ...

Sri Satguru Jagjit Singh Ji eLibrary NamdhariElibrary@gmail.com

ਰੂਪ ਦਿਖਾਈ'। ਸੁਨਿਕੈ ਸ੍ਰੀ ਪ੍ਰਭੁ ਗਿਰਾ ਅਲਾਈ ॥੭॥ 'ਭੋ ਸੁਨਿ ਮਹਿਤ ਭਾਗ[1]! ਇਹ ਭੇਦਾ। ਜਿਹ ਤੇ ਮਿਟੈ ਝੂਠ ਜਗ ਖੇਦਾ॥ਆਤਮ ਸ੍ਰਧੰ ਸੁ ਜੋਤਿ ਪ੍ਰਕਾਸ਼ਾ[2]। ਰਾਗ ਦ੍ਵੈਖ ਤੇ ਬਿਨ, ਅਬਿਨਾਸ਼ਾ[3]॥੮॥ਹਰਖ ਸ਼ੋਕ ਜਿਸ ਮਾਂਹਿ ਨ ਲੇਸ਼ਾ। ਜਨਮ ਮਰਨ ਕੌ ਨਹੀਂ ਕਲੇਸ਼ਾ॥ਘਨਾਨੰਦ ਪੂਰਨ ਇਕਸਾਰ। ਇਸ ਪ੍ਰਕਾਰ ਆਤਮ ਨਿਰਧਾਰਿ ॥ ੯ ॥ ਜਾਗ੍ਰਤ ਸੁਪਨ ਸਖੋਪਤਿ ਤੀਨੋ। ਇਨਕੋ ਨੀਕੇ ਸਾਖੀ ਚੀਨੋ[4]।ਸਦਾ ਅਲੇਪਾ ਸਭਿ ਤੇ ਨਯਾਰੋ। ਐਸੋ ਅਪਨੋ ਰੂਪ ਨਿਹਾਰੋ॥ ੧੦ ॥ ਦੋਹਰਾ ॥ ਕਲਪਤਿ ਸੰਗ ਉਪਾਧਿ[5] ਸੋ ਭਯੋ ਸੁ ਅਸ ਬਿਧਿ ਜਾਨ। ਜਪਾ[6*] ਪ੍ਰਸੂਨ ਸੁ ਫਟਕ ਕੋ ਅਰੁਣ ਹੋਤਿ ਤਿਉਂ ਮਾਨਿ[7] ॥੧੧ ॥ ਚੌਪਈ ॥ ਪੰਚੀ ਕਰਣ ਪੰਚ ਤਤ ਜੋਈ† । ਅੰਤਹਕਰਣ ਉਪਾਏ

[1]ਹੇ ਵਡੇ ਭਾਗਾਂ ਵਾਲੇ। [2]ਆਤਮਾ ਸ੍ਰਧੰ ਜੋਤੀ ਸਰੂਪ ਤੇ ਪ੍ਰਕਾਸ਼ ਰੂਪ ਹੈ, ਅਤੇ। [3]ਨਾਸ਼ ਰਹਿਤ ਹੈ। [4](ਆਤਮਾਂ ਨੂੰ) ਇਨ੍ਹਾਂ ਦਾ ਦੇਖਣ ਹਾਰਾ ਯਾ ਦ੍ਰਿਸ਼ਟਾ ਜਾਣੋ। [5]ਉਹ ਉਪਾਧੀ ਜੋ ਕਲਪਨਾ ਮਾਤ੍ਰ ਹੈ,ਜਿਸ ਨਾਲ ਕੋਈ ਸ਼ੈ ਹੋਰ ਦੀ ਹੋਰ ਭਾਸੇ। ਵੇਦਾਂਤ ਵਿਚ 'ਮਾਯਾ', ਜਿਸਦੇ ਸੰਬੰਧ ਨਾਲ ਬ੍ਰਹਮ ਜੀਵ ਹੋ ਭਾਸਦਾ ਹੈ। [6]ਜਪਾ=ਲਾਲ ਰੰਗ ਦਾ ਫੁਲ ਜਿਸ ਨੂੰ ਗੁਲ਼ਹਲ ਬੀ ਕਹਿੰਦੇ ਹਨ। [7](ਜਿਵੇਂ) ਜਪਾ ਫੁੱਲ (ਦੇ ਪ੍ਰਤੀਬਿੰਬ ਨਾਲ) ਬਿਲੌਰ ਦਾ (ਰੰਗ) ਲਾਲ ਹੋ ਜਾਂਦਾ ਹੈ, ਉਸੇ ਤਰ੍ਹਾਂ ਸਮਝੋ। *ਪਾ:—ਜਥਾ। †ਵੇਦਾਂਤ ਸਾਰ ਅਨੁਸਾਰ ਪੰਚ ਭੂਤਾਂ ਦੀ ਇਕ ਵੰਡ, ਜੋ ਐਉਂ ਹੈ:—

ਪੰਜ ਭੂਤਾਂ ਨੂੰ ਪਹਿਲੇ ਦੋ ਬਰੱਬਰ ਹਿੱਸਿਆਂ ਵਿਚ ਵੰਡਿਆ, ਫੇਰ ਹਰੇਕ ਦੇ ਪਹਿਲੇ ਅੰਸ਼ ਨੂੰ ਚਾਰ ਚਾਰ ਹਿੱਸਿਆਂ ਵਿਚ ਵੰਡਿਆ, ਫਿਰ ਇਨ੍ਹਾਂ ਸਾਰੇ ਵੀਹਾਂ ਭਾਗਾਂ ਨੂੰ ਵੱਖ ਰਖ ਲਿਆ। ਅੰਤ ਵਿਚ ਇਕ ਇਕ ਭੂਤ ਦੇ ਦੂਜੇ ਅੱਧ ਵਿਚ ਇਨ੍ਹਾਂ ਵੀਹਾਂ ਭਾਗਾਂ ਵਿਚੋਂ ਚਾਰ ਚਾਰ ਭਾਗ ਫਿਰਾਕੇ ਇਸ ਪ੍ਰਕਾਰ ਰੱਖੇ ਕਿ ਜਿਸ ਭੂਤ ਦਾ ਦੂਜਾ ਅੱਧ ਹੋਵੇ ਉਸ ਤੋਂ ਵੱਖਰਾ ਬਾਕੀ ਚਾਰ ਭੂਤਾਂ ਇਕ ਇਕ ਭਾਗ ਉਸ ਵਿਚ ਆ ਜਾਵੇ। ਇਸ ਤਰ੍ਹਾਂ ਹਰੇਕ ਸਥੂਲ ਭੂਤ ਵਿਚ ਬਾਕੀ ਚਾਰ ਭੂਤਾਂ ਦੇ ਅੰਸ਼ ਬੀ ਵਰਤਮਾਨ ਰਹਿੰਦੇ ਹਨ।

[ਪਿਛਲੇ ਪੰਨੇ ਦੀ ਬਾਕੀ ਟੂਕ]

ਜੀ ਨੂੰ ਜੋ ਗੁਰ ਨਾਨਕ ਪਿਆਰੇ ਹੋ ਚੁਕੇ ਸਨ, ਅਜੇ ਅੰਧਕਾਰ ਵਿਚ ਸਮਝਣਾ ਤੇ ਹੁਣ ਦੋ ਗਲਾਂ ਨਾਲ ਅੰਧਕਾਰ ਰਹਿਤ ਹੋ ਗਏ ਸਮਝਣਾ ਯਥਾਰਥ ਨਹੀਂ ਭਾਸਦਾ। ਇਸੇ ਅਧਯਾਯ ਦੇ ਅੰਕ ੩੧, ੩੨ ਤੇ ੪੫ ਵਿਚ ਕਵਿ ਜੀ ਆਪ ਇਸੇ ਗੱਲ ਦਾ ਸਬੂਤ ਆਮੁਹਾਰੇ ਦੇ ਰਹੇ ਹਨ ਕਿ ਗੁਰ ਨਾਨਕ ਦੀ ਮੇਹਰ ਦੀ ਨਜ਼ਰ ਨਾਲ ਸ੍ਰੀ ਪਾਵਨ ਲਹਿਣਾ ਜੀ ਨਿਹਾਲ ਹੋਏ। ਯਥਾ:— ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਦਾਸ ਅਵਿੱਦਯਾ ਸਗਰੀ ਰੋਕੀ, ਆਦਿ। ਕ੍ਰਿਪਾ ਦ੍ਰਿਸ਼ਟੀ ਅੱਗੇ ਬੀ ਕਈ ਵਾਰ ਹੋ ਚੁਕੀ ਸੀ। ਸ੍ਰੀ ਲਹਿਣਾ ਜੀ ਸੋ ਹੀ ਗੁਰ ਅਵਤਾਰ ਧੁਰੋਂ ਆਏ, ਇਹੋ ਗੱਲ ਕਵਿ ਜੀ ਨੇ ਪਹਿਲਾਂ ਦਰਸ਼ਨਾਂ ਵੇਲੇ ਤੇ ਕਈ ਥਾਂ ਹੋਰਥੇ ਬੀ ਦਰਸਾਈ ਹੈ। ਵਰ ਦਾਨ ਬੀ ਹੋਏ ਕਵੀ ਜੀ ਦੱਸ ਚੁਕੇ ਹਨ:—ਗੁਰ ਨਾਨਕ ਵਾਕ:—'ਤੇਰੇ ਰੂਪ ਹੇਰਿਹੋ ਮੋਹੀ। ਐਸੀ ਅਬ ਅਭੇਦਤਾ ਹੋਹੀ।' ਤਾਂਤੇ 'ਮੁਰ ਉਰ ਤਮ ਅਗਯਾਨ ਮਹਾਨਾ' ਦਾ ਭਾਵ ਅੱਖਰੀ ਨਹੀਂ ਲੈਣਾ ਚਾਹੀਦੇ। ਐਨੀ ਘਾਲ ਤੇ ਆਪਾ ਸਮਰਪਨ ਤਮ ਤੇ ਅਗਯਾਨ ਨੂੰ ਖਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸੋਈ*। ਚਤੁਰ ਬ੍ਰਿੱਤਿ ਹੈ ਤਾਂਹਿ ਮਝਾਰਾ[1]। ਤਾਂਤੇ ਹੋਇ ਸੁ ਚਾਰ ਪ੍ਰਕਾਰਾ॥੧੨॥ ੧ਮਨ ੨ਬੁਧਿ ੩ਚਿਤ ੪ਹੰਕਾਰ ਤਿਹਿ ਨਾਮਾ। ਤਿਨ ਤੇ ਪਰ ਲਖਿ[2] ਆਤਮਰਾਮਾ। ਸਤੁ ਗੁਨ[3] ਅੰਤਹਕਰਨ ਜੁ ਮਾਂਹੀ। ਚੇਤਨ ਕੋ ਪ੍ਰਤਿਬਿੰਬ ਤਹਾਂਹੀ[4] ॥੧੩॥ ਜਿਨਕੇ ਸ਼ੁੱਧ ਹੋਤਿ[5] ਸੋ ਦੇਖੈਂ। ਪਿਖਤਿ ਨ ਸੋ ਜਿਨ ਮਲਿਨ ਵਿਸ਼ੇਖੈਂ। ਸੋ ਨਿਜ ਰੂਪ ਭੂਲ ਨਰ ਸਾਰੇ। ਜੀਵ ਅਲਪੱਗ ਆਪ ਨਿਰਧਾਰੇ[6]॥੧੪॥ ਯਾਂਤੇ ਤੀਨ ਤਨਹਿ[7] ਕੋ ਪਾਏ। ਵਾਰ ਵਾਰ ਜਗ ਆਵਹਿ ਜਾਏ। ਇਕ ਸਥੂਲ ਜੋ ਬਾਹਿਰ ਸਰੀਰਾ[8]। ਜਿਹ ਮਹਿਂ ਹੈ ਧਰਿ ਪਾਵਹਿ ਪੀਰਾ[9] ॥੧੫॥ ਲਿੰਗ ਸ਼ਰੀਰ† ਦੂਸਰਾ ਜੋਈ। ਤਿਹ ਸਰੂਪ ਬਰਨੋ ਸੁਨਿ ਸੋਈ। ਦਸ ਇੰਦ੍ਰਯ ਹੈ ਕਰਮ ਜਿ[10] ਗ੍ਯਾਨਾ[11]। ਪੰਚ ਭੂਤ ਤਨ ਮਾਤ੍ਰ[12] ਜਾਨਾ ॥ ੧੬ ॥ ਮਨ ਬੁਧਿ ਸਤਰਾ ਤੱਤ ਜੁ ਏਹੀ। ਇਨਕੀ ਹੋਤਿ ਭਈ ਲਿੰਗ ਦੇਹੀ। ਕਰਮ ਸ਼ੁਭਾਸ਼ੁਭ[13] ਵਲ ਕੋ ਪਾਇ ਲੋਕ ਪ੍ਰਲੋਕਹਿ ਆਵਹਿ ਜਾਇ ॥੧੭॥ ਇਨਕੋ ਕਰਤਾ ਔਰ ਪ੍ਰਮਾਨਹੁ। ਕਾਰਣ ਤਨ‡ ਤਿਹ ਨਾਮ

---

[1]ਉਸ (ਅੰਤਹਕਰਣ) ਵਿਚ। [2]ਪਰੇ ਸਮਝੋ। [3]ਸਤੋਗੁਣ। [4]ਉਥੇ ਹੈ। [5]ਜਿਨ੍ਹਾਂ ਦੇ ਅੰਤਹਕਰਣ ਸ਼ੁੱਧ ਹੋਣ। [6]ਆਪਣੇ ਆਪ ਨੂੰ ਜੀਵ ਤੇ ਅਲਪੱਗ ਸਮਝੀ ਬੈਠੇ ਹਨ। [7]ਤਿੰਨ ਸਰੀਰਾਂ ਨੂੰ। [8]ਬਾਹਰਲਾ ਸਰੀਰ ਹੈ (ਹੱਡ ਚੰਮ ਦਾ)। [9]ਹੰਗਤਾ ਧਾਰਕੇ ਪੀੜਾ ਪਾਉਂਦਾ ਹੈ। [10]ਪੰਜ ਕਰਮ ਇੰਦ੍ਰੇ। [11]ਪੰਜ ਗਯਾਨ ਇੰਦ੍ਰੇ। [12]ਸ਼ਬਦ, ਸਪਰਸ਼, ਰੂਪ, ਰਸ, ਗੰਧ। [13]ਚੰਗੇ ਮੰਦੇ।

*ਉਹਨਾਂ ਸੂਖਮ ਭੂਤਾਂ ਨੇ ਆਪਣੀ ਸਤੋਗੁਣ ਅੰਸ਼ ਤੋਂ ਅੰਤਹਕਰਣ ਉਤਪਤ ਕੀਤਾ।

†ਇਕ ਸੂਖਮ ਸਰੀਰ ਜੋ ਇਸ ਦੇਹ ਦੇ ਅੰਦਰ ਏਹ ਵਰਗਾ ਹੀ ਹੈ, ਪਰ ਜੋ ਇਸ ਬਾਹਰਲੀ ਦੇਹ ਦੇ ਮਰਿਆਂ ਜੀਵਾਤਮਾ ਦੇ ਉਦਾਲੇ ਸੰਸਕਾਰਾਂ ਦੇ ਕਾਰਣ ਰਹਿੰਦਾ ਹੈ, ਇਹ ੧੭ ਤੱਤਾਂ ਦਾ ਮੰਨਿਆਂ ਹੈ:—੫ ਤਨ ਮਾਤ੍ਰਾਂ, ੫ ਗਯਾਨੇਂਦ੍ਰੇ, ੫ ਕਰਮੇਂਦ੍ਰੇ, ੧ ਮਨ, ੧ਬੁੱਧੀ। ਕੋਈ ਵੇਦਾਂਤ ਮਤ ਵਾਲੇ ਪੰਜ ਤਨ—ਮਾਤ੍ਰਾਂ ਦੀ ਥਾਂ ਪੰਜ ਪ੍ਰਾਣ ਕਹਿੰਦੇ ਹਨ। ਅੱਜ ਕਲ ਦੀ ਮੈਸਮੇਰਿਜ਼ਮ ਤੇ ਸਪਿਰਚੁਅਲਿਜ਼ਮ ਵਾਲੇ ਜਿਸ ਨੂੰ ਰੂਹਾਂ ਕਰਕੇ ਕਹਿੰਦੇ ਹਨ ਬਲਕੇ ਹਾਲਾਤ ਪੁੱਛਦੇ ਹਨ ਕਿ ਕੰਧਾਂ ਸ਼ੀਸ਼ਿਆਂ ਦੇ ਵਿਚ ਦੀ ਲੰਘ ਜਾਂਦਾ ਹੈ, ਓਹ ਇੱਸੇ ਲਿੰਗ ਸ਼ਰੀਰ ਵਿਚ ਨਿਵੇਸ਼ਿਤ (ਜੀਵਾਤਮਾ) ਦਾ ਹੀ ਕਥਨ ਕਰਦੇ ਹਨ।

‡ਕਾਰਣ ਸ਼ਰੀਰ, ਇਹ ਲਿੰਗ ਸ਼ਰੀਰ ਤੋਂ ਬੀ ਸੂਖਮ ਸਰੀਰ ਹੈ, ਜਿਸ ਵਿਚ ਇੰਦ੍ਰਿਆਂ ਦੇ ਵਿਸ਼ੇ ਤੇ ਵਯਾਪਾਰ ਦਾ ਅਭਾਵ ਹੁੰਦਾ ਹੈ, ਪਰ ਅਹੰਕਾਰ ਦਾ ਸੰਸਕਾਰ ਮਾਤ੍ਰ ਹੁੰਦਾ ਹੈ, ਜਿਸ ਵਿਚ ਜੀਵਾਤਮਾ ਸੁਖ ਹੀ ਸੁਖ ਅਨੁਭਵ ਕਰਦਾ ਹੈ। ਆਨੰਦਮਯ ਕੋਸ਼ ਬੀ ਇਹੋ ਹੀ ਹੈ (ਇਹ ਵੇਦਾਂਤ ਦੀ ਵੰਡ ਹੈ)। ਤ੍ਰੈਆਂ ਸ਼ਰੀਰਾਂ ਨੂੰ ਸਮਝਣ ਲਈ ਦ੍ਰਿਸ਼ਟਾਂਤ ਇਹ ਹੈ:—ਸੰਗਤਰੇ ਦਾ ਰਸ ਜੀਵਾਤਮਾ ਮਿਥ ਲਓ, ਸੰਤਰੇ ਵਿਚ ਤੁਰੀਆਂ ਹਨ, ਸੋ ਤੁਰੀ ਦਾ ਪਰਦਾ ਕਾਰਣ ਸ਼ਰੀਰ ਹੈ, ਤੇ ਫਾੜੀ ਦਾ ਪਰਦਾ ਲਿੰਗ ਸ਼ਰੀਰ ਹੈ ਤੇ ਬਾਹਰਲਾ ਪੀਲਾ ਖੋਲ ਸਥੂਲ ਸ਼ਰੀਰ ਹੈ।

ਪਛਾਨਹੁ। ਅਤਿ ਸੂਖਮ ਤਿਹ ਲਖਹੁ ਸਰੂਪਾ । ਜਿਹ ਧਰਿ ਪਰਨੋ ਅੰਧ ਭਵ ਕੂਪਾ[1] ॥ ੧੮ ॥ ਆਤਮਰਾਮ ਸਭਿਨਿ ਤੇ ਨਯਾਰੋ। ਹਰਖ ਸੋਗ ਤੇ ਰਹਤਿ ਬਿਚਾਰੋ।ਨੇਤਿ ਨੇਤਿ ਕਰਿ ਹੈ ਸੱਖਯਾਤਾ[2]। ਨਿਜਾਨੰਦ ਮੈਂ ਜਾਇ ਸਮਾਤਾ' ॥੧੯॥ ਦੋਹਰਾ॥ ਇਉਂ ਸੁਨਿ ਲਹਿਣੇ ਬੰਦਿ ਕਰ ਬਹੁਰੋ ਬੂਝਨ ਕੀਨ। 'ਨੇਤਿ ਨੇਤਿ ਕਰਿ ਪ੍ਰਾਪਤੀ ਕਹਹੁ ਪ੍ਰਭੁ ਪਰਬੀਨ' ॥੨੦॥ ਚੌਪਈ ॥ ਪਰਮ ਕ੍ਰਿਪਾਲ ਗਯਾਨ ਘਨ ਪੂਰੇ। ਬੋਲੇ ਬਚਨ ਮਧੁਰ ਮ੍ਰਿਦੁ ਰੂਰੇ। 'ਮਹਾਂ ਭਾਗ[3]! ਸੁਨੀਏ ਮਨ ਲਾਈ। ਜਿਸ ਬਿਧਿ ਨਿਜਾਨੰਦ ਕੋ ਪਾਈ ॥੨੧॥ ਪੰਚ ਕੋਸ਼* ਪ੍ਰਥਮੇ ਨਿਰਧਾਰਹੁ[4]। ਤਿਨ ਤੇ ਹੈਂਤਾ[5] ਬੁੱਧਿ ਉਠਾਰਹੁ[6] । ਕੋਸ਼ ਅੰਨਮਯ ਵਹਿਰ ਸੁ ਦੇਹਾ[7] । ਜਾਗ੍ਰਤ[8] ਮਹਿਂ ਵਰਤਤਿ ਹੈ ਏਹਾ ॥ ੨੨ ॥ ਲਖਹੁ ਅਨਾਤਮ[9] ਯਾਂ ਕੋ ਰੂਪਾ। ਨਿਰਾਵਯਵ[10] ਆਤਮ ਅਨੂਪਾ[11]। ਕੋਸ਼ ਪ੍ਰਾਨਮਯ ਤਿਸ ਤੇ ਅੰਤਰ। ਨਾਂਹਿ ਨ ਆਤਮ, ਜਾਨਿ ਨਿਰੰਤਰ[12] ॥੨੩॥ ਬਹੁਰ ਮਨੋਮਯ ਕੋਸ਼ ਸੁਨੀਜੈ। ਸੋਪਿ ਅਨਾਤਮ[13] ਰਿਦੇ ਲਖੀਜੈ। ਕੋਸ਼ ਬਿਗਯਾਨ ਮਈ ਤਿਹ ਪਰੇ। ਤੀਨ ਕੋਸ਼, ਬਿਨ ਤਨ ਜੋ ਰਰੈ[14] ॥੨੪॥ ਸੁਪਨ ਅਵਸਥਾ ਇਸ ਕੇ

---

[1] ਜਿਸ ਨੂੰ ਧਾਰਣ ਕਰਕੇ (ਜੀਵਾਤਮਾ) ਪਿਆ ਹੈ (ਸੰਸਾਰ) ਅੰਨ੍ਹੇ ਖੂਹ ਵਿਚ। [2] (ਉਹ ਆਤਮਾ) ਨੇਤਿ ਨੇਤਿ ਕਰਨ ਨਾਲ ਸਾਖਯਾਤਕਾਰ (ਪ੍ਰਗਟ) ਹੁੰਦਾ ਹੈ। [3] ਹੇ ਵਡ ਭਾਗੀ ! । [4] ਸਮਝੋ। [5] ਆਤਮਾ ਪ੍ਰਤਿ ਬੁੱਧੀ। [6] ਹਟਾ ਦਿਓ। [7] ਬਾਹਰਲੀ ਦੇਹ (ਹੱਡ ਚੰਮ ਦੀ)। [8] ਜਾਗਦਿਆਂ। [9] ਆਤਮਾ ਨਹੀਂ ਹੈ। [10] ਜਿਸ ਦੀ ਵੰਡ ਨਾ ਹੋ ਸਕੇ, ਜਿਸ ਦੇ ਅੰਗ ਨਾ ਹੋਣ। [11] (ਉਹ) ਆਤਮਾ ਅਨੂਪਮ ਹੈ ਤੇ ਸਥੂਲ ਸ਼ਰੀਰ ਵਾਂਗ ਅੰਗਾਂ ਵਾਲਾ ਨਹੀਂ। [12] ਉਹ(ਪ੍ਰਾਣਮਯ ਕੋਸ਼ ਹੈ) ਆਤਮਾ ਨਹੀਂ ਹੈ, (ਆਤਮਾ) ਇਕ ਰਸ ਜਾਣ। [13] ਉਹ ਭੀ ਆਤਮਾ ਨਹੀਂ ਹੈ। [14] (ਸਥੂਲ) ਸਰੀਰ ਤੋਂ ਬਿਨਾ ਜੋ ਤਿੰਨ ਕੋਸ਼ (ਪਿੱਛੇ) ਕਹੇ ਹਨ—ਪ੍ਰਾਣਮਯ, ਮਨੋਮਯ, ਵਿੱਗਯਾਨਮਯ।

*ਵੇਦਾਂਤ ਮਤ ਨੇ ਪੰਜ ਕੋਸ਼ ਕਲਪੇ ਹਨ।

ਜਾਗ੍ਰਤ {ਅੰਨਮਯ—ਜੋ ਅੰਨ ਤੋਂ ਉਪਜਦਾ ਤੇ ਅੰਨ ਆਸ੍ਰੇ ਰਹਿੰਦਾ ਹੈ।

ਸੁਪਨ {
ਪ੍ਰਾਣਮਯ—ਪੰਜ ਪ੍ਰਾਣ ਪੰਜ ਕਰਮ ਇੰਦ੍ਰਿਆਂ ਸਣੇ। ਇਸ ਦੇ ਨਾਲ ਮਿਲ ਕੇ ਦੇਹ ਸਾਰੇ ਕਰਮ ਕਰਦੀ ਹੈ।
ਮਨੋਮਯ—ਅੱਖਾਂ ਆਦਿ ਪੰਜ ਗਯਾਨੇਂਦ੍ਰਿਆਂ ਸਣੇ ਹਨ। ਇਹ ਅਵਿੱਦਯਾ ਰੂਪ ਹੈ। ਇਸੇ ਨਾਲ ਸੰਸਾਰਿਕ ਵਿਸ਼ਿਆਂ ਦੀ ਪ੍ਰਤੀਤੀ ਹੁੰਦੀ ਹੈ।
ਵਿੱਗਯਾਨਮਯ—ਪੰਚ ਗਯਾਨੇਂਦ੍ਰਿਆਂ ਸਮੇਤ ਬੁੱਧੀ। ਕਰਤੱਤ੍ਵ, ਸ੍ਵੈਸਤ੍ਵ ਸੁਖ, ਦੁਖ, ਆਦਿ ਅਹੰਕਾਰ ਨਾਲ ਮਿਲਿਆ ਪੁਰਖ ਦੇ ਸੰਸਾਰ ਦਾ ਕਾਰਣ ਹੈ।

ਸਖੋਪਤੀ {ਆਨੰਦਮਯ—ਸਤੋਗੁਣ ਨਾਲ ਮਿਲਿਆ ਅੱਗਯਾਨ ਪਰਮਾਤਮਾ ਦਾ ਪਰਦਾ ਮਾਤ੍ਰ ਹੈ।

ਤੁਰੀਆ {ਆਤਮਾ—

ਮਾਂਹੀ॥ਬਿਚਰਤਿ ਆਤਮ ਰਪਤਹਾਂਹੀ। ਲਖਹੁ ਨ ਇਤ ਸਰੂਪ ਨਿਜ ਕੇਰੋ। ਇਨ ਤੇ ਨਯਾਰੋ ਨੀਕੇ ਹੇਰੋ ॥੨੫॥ ਚਹੁੰਅਨ ਤੇ ਜੋ ਪਰੇ ਪਛਾਨਹੁ। ਕੋਸ਼ ਅਨੰਦ ਮਯਾਖਯ ਜਾਨੋ[1]। ਤਿਹ ਕੋ ਵਰਤਤਿ ਸੁਖਪਤਿ ਮਾਂਹੀ[2]। ਰੂਪ ਆਪਨੋ ਲਖਹੁ ਸੁ ਨਾਂਹੀ ॥੨੬॥ ਇਨ ਤੇ ਪਰੇ ਨਿਰੰਜਨ[3] ਰੂਪ। ਨਿਰਾਵਯਵ[4] ਆਤਮਾ ਅਨੂਪ। ਤਿਹ ਕੋ ਹੋਤਿ ਜਨਮ ਨਹਿ ਮਰਨਾ। ਹਰਖ ਸ਼ੋਕ ਰੰਚਕ ਨਹਿ ਬਰਨਾ[5] ॥੨੭॥ ਰਾਗ ਨ ਦ੍ਵੈਖ ਨ ਮੋਹ ਨ ਮਾਯਾ। ਰੋਗ ਬਿਓਗ ਨ ਭੋਗ ਅਜਾਯਾ[6]। ਸਤਿ ਚੇਤਨ ਆਨੰਦ ਮਹਾਨਾ। ਐਸੋ ਰੂਪ ਆਪਨੋ ਜਾਨਾ ॥੨੮॥ ਤਾਤ੍ਵਕ[7] ਤਾਂਹਿ ਬਿਕਾਰ ਨ ਕੋਈ। ਕਲਪਤਿ ਸਭਿ ਉਪਾਧਿ ਸੋ ਹੋਈ। ਜਿਉਂ ਰੱਜੁ[8] ਮੈਂ ਹੈ ਅੱਗਯਾਨਾ। ਕਲਪੇ[9] ਸਰਪ ਹੋਇ ਭਯਮਾਨਾ[10] ॥੨੯॥ ਫੂਲ ਮਾਲ ਕੋ ਤਾਂ ਕੋ ਮਾਨੇ[11]। ਭੂਮ ਦਰਾਰ ਕੋਇ ਪਹਿਚਾਨੇ[12]। ਹੋਇ ਜਿ ਗਯਾਨ ਜਥਾਰਥ ਤਾਂਹੀ। ਰੱਜੁ ਬਿਨਾ ਔਰ ਕਛੁ ਨਾਂਹੀ ॥੩੦॥ ਤਿਉਂ ਅੱਗਯਾਨ ਹੇਤ ਜਗ ਕੇਰੋ[13]। ਨਸ਼ਟ ਭਏ[14] ਚੇਤਨ ਇਕ ਹੇਰੋ। ਅਸ ਕਹਿ ਕ੍ਰਿਪਾ ਦ੍ਰਿਸ਼ਟਿ ਅਵਲੋਕੀ। ਦਾਸ ਅਵਿੱਦਯਾ* ਸਗਰੀ ਰੋਕੀ ॥੩੧॥ ਇਕ ਸਰੂਪ ਕਾ ਦਰਸ ਦਿਖਾਯੋ। ਉਦਧਿ ਅਨੰਦ ਮਝਾਰ ਸਮਾਯੋ। ਲਹਿਣੇ ਕੀ ਸਮਾਧਿ ਤਿਹਕਾਲਾ। ਲਗੀ ਅਖੰਡ ਨਿਮਗਨ ਬਿਸਾਲਾ ॥੩੨॥ ਜਨੁ ਦਿਨਕਰ ਕੋਟਿਕ[15] ਚੜ੍ਹਿ ਗਯੋ। ਕ੍ਰਿਪਾ ਸੁ ਅਸ ਪ੍ਰਕਾਸ਼† ਨਿਰਮਯੋ[16]। ਸਗਰੋ ਤਿਮਰ ਅਗਯਾਨ ਨਸਾਯੋ। ਲੇਸ਼ ਅਵਿੱਦਯਾ ਕੋ[17] ਨ ਰਹਾਯੋ ॥੩੩॥ ਕਿਤਿਕ ਕਾਲ ਪੁਨ ਛੁਟੀ ਸਮਾਧਾ।

---

[1]'ਅਨੰਦ ਮਯ ਕੋਸ਼' ਉਸ ਦਾ ਨਾਮ ਜਾਣੋ। [2]ਉਹ ਸੁਖੋਪਤੀ ਇਸ ਵਿਚ ਵਰਤਦੀ ਹੈ। [3]ਮਾਯਾ ਰਹਤ। [4]ਵਿਭਾਗ ਜੋ ਨਾ ਹੋ ਸਕਣ ਵਾਲਾ, ਇਕ ਰੰਗ, ਇਕ ਰਸ, ਇਕ ਰੂਪ। [5]ਨਹੀਂ ਵਰਨਣ ਹੋਇਆ। [6]ਅਜਨਮ। [7]ਯਥਾਰਥ ਵਿਚ, [ਸੰਸ:, ਤਾਤ੍ਵਿਕ] (ਅ) ਪੰਜ ਤੱਤਾਂ ਕ੍ਰਿਤ ਵਿਕਾਰ ਉਸ ਆਤਮਾ ਵਿਖੇ ਨਹੀਂ ਹਨ। [8]ਰੱਸੀ। [9]ਕਲਪਨਾਂ ਨਾਲ। [10]ਭਯਾਨਕ। [11]ਕੋਈ ਉਸ ਨੂੰ ਮੰਨਦਾ ਹੈ। [12]ਕੋਈ ਉਸਨੂੰ ਪ੍ਰਿਥਵੀ ਦੀ ਦਰਜ਼ (ਪਾੜ੍ਹ) ਸਮਝਦਾ ਹੈ। [13]ਕਾਰਣ ਹੈ ਜਗਤ ਦਾ। [14]ਅੱਗਯਾਨ ਦੇ ਨਾਸ਼ ਹੋਇਆਂ। [15]ਮਾਨੋਂ ਸੂਰਜ ਕ੍ਰੋੜਾਂ ਹੀ। [16]ਕ੍ਰਿਪਾ ਨਾਲ ਐਸਾ ਪ੍ਰਕਾਸ਼ ਪ੍ਰਗਟ ਹੋਇਆ। [17]ਅੱਗਯਾਨ ਦਾ ਲੇਸ਼ ਮਾਤ੍ਰ।

*ਉਹ ਅਵਿੱਦਯਾ ਜੋ ਹੋਰ ਜੀਵਾਂ ਵਾਂਙੂ ਅਸਲੀ ਨਹੀਂ ਸੀ, ਆਰਜ਼ੀ ਕਿਸੇ ਪ੍ਰਯੋਜਨ ਲਈ ਸੀ। ਸ੍ਰੀ ਪਾਵਨ ਲਹਿਣਾ ਜੀ ਗੁਰ ਅਵਤਾਰ ਸੇ। ਗੁਰ ਨਾਨਕ ਦੇ ਦਰ ਸੇਵਾ ਪ੍ਰੇਮ ਕਰਕੇ ਭਗਤੀ ਭਾਵ ਤੇ ਸਿਖੀ ਭਾਵ ਦਾ ਆਦਰਸ਼ ਦੱਸਣੇ ਲਈ ਸਧਾਰਣ ਅਵਸਥਾ ਵਿਚ ਸੇ। ਜੈਸੇ ਕਿਸੇ ਨਾਟਕ ਵਿਚ ਰਾਜੇ ਦਾ ਬੇਟਾ ਦਾਸ ਵੇਸ ਵਿਚ ਨਾਟ ਕਰ ਰਿਹਾ ਹੋਵੇ ਪਰ ਉਸ ਦਾ ਅਸਲਾ ਉਹੀ ਰਾਜਸੀ ਹੀ ਹੁੰਦਾ ਹੈ। †ਪਾ:—ਪ੍ਰਕਾਰ।

Sri Satguru Jagjit Singh Ji eLibrary NamdhariElibrary@gmail.com

ਪਿਖੇ ਅਗਾਰੀ ਗੁਰੂ ਅਗਾਧਾ । ਪਰਿਓ ਪਦ ਪੰਕਜ ਤਤਕਾਲਾ । ਲਗਾਨੇ ਪ੍ਰਸ਼ੰਸਨ ਪ੍ਰੇਮ ਬਿਸਾਲਾ[੧] ॥ ੩੪ ॥ ਭੁਜੰਗ ਪ੍ਰਯਾਤ ਛੰਦ ॥ 'ਨਮੋ ਪਾਦਕੰਜੰ[੨] ਗੁਰੂ ਗਯਾਨ ਗਯਾਤਾ ! ਮਹਾਂ ਮੋਹ ਹੰਤਾ, ਘਨਾਨੰਦ ਦਾਤਾ[੩] ! ਨਮੋ ਲੋਕ ਲੋਕੇਸ਼੍ਵਰੰ[੪],ਲੋਕ ਕਰਤਾ ! ਸਦਾ ਸਰਬ ਥਾਨੰ ਸਦਾ ਸਰਬ ਭਰਤਾ[੫]॥੩੫॥ ਪ੍ਰਲੈਕਾਲ ਕਾਰੀ[੬] ਨਮੋ ਸਰਬ ਥਾਨੰ ! ਮੁਕੰਦੰ, ਪਖੰਡੰ ਨਿਕੰਦੰ ਪ੍ਰਮਾਥੰ[੭]! ਧਰਯੋ ਦੇਹਿ ਹੇਤੰ[੮] ਦੁਖੀ ਦੇਖਿ ਜੰਤੰ। ਕ੍ਰਿਪਾਲੰ ਬਿਸਾਲੰ,ਅਕਾਲੰ ਅਨੰਤੰ ! ॥੩੬॥ਕਈ ਕੋਟ ਤਾਰੇ ਅਘੰ ਓਘ ਕਾਰੀ[੯] । ਮਹਾਂ ਦੁਖ ਦਾਹੰ[੧੦],ਦਤਾਰੰ ਉਦਾਰੀ ! ਪ੍ਰਮੰ ਪਰਮਈਸ਼ੰ, ਪ੍ਰਮੰ ਪਰਮ ਬੇਤਾ[੧੧] ! ਪ੍ਰਮੰਪਰਮ ਆਸ਼ੰ, ਪ੍ਰਮੰ ਪਰਮ ਜੇਤਾ॥੩੭॥ਪ੍ਰਮਾਨੰਦਮਾਧੰ,ਪ੍ਰਮੰਪ੍ਰੇਮਿ ਪਾਸੰ*[੧੨]!ਪ੍ਰਭੂ ਪਰਮਪੂਰੰ,ਪ੍ਰਮੰ ਪਯਾਰ ਦਾਸੰ[੧੩]!ਅਪ੍ਰੇਖੰ ਸੁ ਪ੍ਰੇਖੰ ਪ੍ਰਮੰ ਰਪ ਤੇਰੋ[੧੪]!ਤੁਹੀ ਏਕ ਨਯੰਤਾ[੧੫]ਸਦਾ ਮਾਧ ਕੇਰੋ॥੩੮॥ਸਮਾਨੰ[੧੬] ਨ ਆਨੰ, ਬਖਾਨੰ ਕਿ ਕੀਜੈ[੧੭]।ਨਿਧਾਨੰ ਮਹਾਨੰ ਸੁ ਜਾਨੰ ਭਨੀਜੈ। ਪੁਰਾਨੰ ਸੁਭਾਨੰ[੧੮], ਪ੍ਰੇਮੰ, ਪਵਿੱਤ੍ਰੰ ! ਨਿਰਾਲੰਬ ਨਾਥੰ[੧੯] ਸੁ ਜਾਨੰ ਭਨੀਜੈ... ਨਿਰਾਲੰਬ ਚਿੱਤ੍ਰੰ[੨੦]॥੩੯॥ਨਿਰਾਕਾਰ[੨੧]ਸਾਕਾਰ[੨੨]ਏਕੋ ਤੁਹੀਹੈ! ਅਜਾ[੨੩] ਤੇ ਪਰੇਰੂਪ ਤੇਰੋ ਸਹੀਹੈ।ਅਲੱਖੰ[੨੪],ਅਭੱਖੰ[੨੫],ਅਕੱਥੰ, ਅਲੇਖੰ[੨੬]! ਅਮੋਹੰ[੨੭], ਅਦ੍ਰੋਹੰ[੨੮],ਅਜੋਹੰ[੨੯],ਅਭੇਖੰ॥੪੦॥ ਨ ਮਿੱਤਨੰ[੩੦] ਅਕਿੱਤਨੰ[੩੧] ਸੁ ਨਿੱਤਨੰ[੩੨] ਅਜਿੱਤਨੰ[੩੩]। ਅਮਾਯੰ ਸੁ ਦਾਸੰ ਸਹਾਯੰ ਤ ਚਿੱਤਨੰ[੩੪] । ਮਨੰ ਕਾਨਨੰ ਕਾਮ ਕ੍ਰੋਧਾਦਿ ਗੈ ਸੇ[੩੫] । ਤੁਮਾਰੇ ਸੁ ਬੈਨੰ ਅਹੈਂ ਸਿੰਘ ਜੈਸੇ ॥੪੧॥ ਅੰਧੇਰੇ ਮਹਾਂ

---

[੧]ਬੜੇ ਪ੍ਰੇਮ ਨਾਲ। [੨]ਚਰਨਾਂ ਕਮਲਾਂ ਉੱਤੇ। [੩]ਗੂੜ੍ਹੇ ਅਨੰਦ ਦੇ ਦਾਤਾ । [੪]ਲੋਕਾਂ ਦੇ ਈਸ਼੍ਵਰ। [੫]ਪਾਲਨੇ ਵਾਲੇ। [੬]ਕਰਨੇ ਵਾਲੇ। [੭]ਪਖੰਡਾਂ ਨੂੰ ਨਾਸ਼ ਕਰਨ ਤੇ ਮਥ ਸੁਟਣ ਵਾਲੇ। [੮]ਇਸ ਲਈ। [੯]ਸਾਰੇ ਪਾਪਾਂ ਦੇ ਕਰਨ ਵਾਲੇ। [੧੦]ਸਾੜੇ। [੧੧]ਬੜਿਆਂ ਤੋਂ ਬੜੇ ਈਸ਼੍ਵਰ ਤੇ ਬੜਿਆਂ ਤੋਂ ਬੜੇ ਗਿਆਤਾ। [੧੨]ਪ੍ਰੇਮੀਆਂ ਦੇ ਅਤੀ ਨਿਕਟ ਹੋ। [੧੩]ਦਾਸ ਨਾਲ । [੧੪]ਛੁਪੇ ਹੋਏ ਰੂਪ ਤੋਂ ਪ੍ਰਗਟ ਹੋਏ ਹੋ ਇਹ (ਗੁਰੂ) ਰੂਪ ਆਪ ਦਾ ਬੜਾ ਹੈ। [੧੫]ਪ੍ਰੇਰਕ । [੧੬](ਆਪ ਦੇ) ਬਰੱਬਰ। [੧੭]ਕੀ ਵਰਣਨ ਕਰੀਏ । [੧੮]ਪੁਰਾਨ=ਪੁਰਾਣੇ ਭਾਵ ਆਦਿ । ਸੁਭਾਨੰ=ਸੁਤੇ ਪ੍ਰਕਾਸ਼ (ਅ) ਅਸਚਰਜ ਰੂਪ [ਫਾ:, ਸੁਬ੍ਹਾਨ]। [੧੯]ਨਿਆਸਰਿਆਂ ਦੇ ਮਾਲਕ ਹੋ। [੨੦]ਆਪ ਦਾ ਚਿਤ੍ਰ (ਸਰੂਪ) ਨਿਰਆਸਰੇ ਹੈ। [੨੧]ਰੂਪ ਰਹਿਤ। [੨੨]ਰੂਪ ਵਾਲਾ। [੨੩]ਮਾਯਾ। [੨੪]ਨਾ ਜਾਣਿਆਂ ਜਾ ਸਕੇ। [੨੫]ਭਾਵ ਖਾਣੇ ਦੀ ਲੋੜ ਨਾ ਰਖਣ ਵਾਲੇ। [੨੬]ਜੋ ਕਿਸੇ ਲੇਖ ਹੇਠ ਨਾ ਹੋਵੇ। [੨੭]ਮੋਹ ਰਹਿਤ। [੨੮]ਜੋ ਛਲਿਆ ਨਾ ਜਾ ਸਕੇ। [੨੯]ਜੋ ਦਿੱਸੇ ਨਾ ਅੱਖਾਂ ਨਾਲ । [੩੦]ਮਿਤ ਰਹਿਤ। ਅਪ੍ਰਮਾਣ। ਬੇਹੱਦ। [੩੧]ਅੱਕ੍ਰੈ। [੩੨]ਸਦਾ ਰਹੇ ਜੋ। [੩੩]ਜੋ ਜਿੱਤਿਆ ਨਾ ਜਾ ਸਕੇ। [੩੪]ਦਾਸਾਂ ਨੂੰ ਮਾਇਆ ਰਹਿਤ ਕਰਦੇ ਹੋ ਸਹਾਇਤਾ ਕਰਕੇ ਚਿਤ ਤੋਂ, (ਅ) ਮਾਯਾ ਰਹਿਤ ਹੋ, ਦਾਸਾਂ ਦੇ ਸਹਾਇਕ ਹੋ ਚਿਤਾਰਨੇ (ਯਾਦ ਕਰਨੇ) ਯੋਗ ਹੋ। [੩੫]ਮਨ ਰੂਪੀ ਬਨ ਵਿਚ ਕਾਮ ਕ੍ਰੋਧ ਆਦਿਕ ਹਾਥੀ ਵਰਗੇ ਹਨ। *ਪਾ:—ਬਾਸੰ—ਪ੍ਰੇਮੀ ਪਾਸ ਵਸਦੇ ਹੋ।

Sri Satguru Jagjit Singh Ji eLibrary NamdhariElibrary@gmail.com

ਮੋਹ ਕੋ ਮਾਰਤੰਡੰ[1]। ਨਿਰੀਹੰ[2], ਨ੍ਰਿਬਾਣੰ, ਸਦਾ ਜੈ ਅਖੰਡੰ[3]। ਦੁਖੰ ਦ੍ਵੰਦ ਸਿੰਧੰ ਅਗਸਤੰ[4] ਅਨੂਪੰ। ਨਮਸਤੰ ਨਮਸਤੰ ਨਮਸਤੰ ਸਰੂਪੰ[7] ॥ ੪੨ ॥ ਦੋਹਰਾ॥ ਇਸ ਬਿਧਿ ਉਸਤਤਿ ਕਰਿ ਬਹੁਰ ਰਹਯੋ ਚਰਨ ਲਪਟਾਇ। ਪਠੈ ਸੁਨੈ ਇਸਕੋ ਜੁ ਨਰ ਸਰਬ ਫਲੈ ਸੁਖ ਪਾਇ ॥ ੪੩ ॥ ਚੌਪਈ ॥ 'ਧੰਨ ਗੁਰੂ ਤੁਮਰੀ ਗਤਿ[5] ਨਯਾਰੀ। ਅਚਰਜ ਰੂਪ ਸੁ ਦੀਨ ਦਿਖਾਰੀ। ਭਰਮ ਕਪਾਟ ਸੁ ਕਾਟਿ ਹਟਾਏ। ਪਰਮਾਨੰਦ ਮਝਾਰ ਮਿਲਾਏ'[7] ॥ ੪੪ ॥ ਸੁਨਤਿ ਗਯਾਨਘਨ ਪਰਮ ਕ੍ਰਿਪਾਲਾ[6]। ਪਰਸੀਦੇ ਤਿਹ ਕਾਲ ਬਿਸਾਲਾ। ਸਰਬ ਸਿੱਧਿ ਸ਼ਕਤੀ ਹੈਂ ਜੇਤੀ। ਖਰੀ ਅਗਾਰੀ ਕਰਿ ਦਿਯ ਤੇਤੀ॥ ੪੫॥ 'ਸੁਨਿ ਪੁਰਖਾ ਤੁਝ ਭਾ ਅਬ ਗਯਾਨਾ। ਦ੍ਵੈਤ ਭਾਉ ਉਰ ਤੇ ਬਿਸਰਾਨਾ। ਸਰਬ ਜਿ ਸ਼ਕਤੀ ਪ੍ਰਾਪਤਿ ਹੋਈ। ਚਹਹੁ ਸੁ ਕਰਹੁ ਬਿਲੰਬ ਨ ਕੋਈ ॥ ੪੬ ॥ ਤੱਦਪਿ ਸੁਨਿ ਮੋਰੀ ਮਤਿ ਜੋਊ। ਨੀਕੇ ਦ੍ਰਿਢ ਕੀਜੈ ਉਰ ਸੋਊ। ਪ੍ਰਬਲ ਬਡੋ ਕਲਿਕਾਲ ਅਗਾਰੀ[7]। ਉਪਜੈਂ ਮੰਦਮਤੀ ਨਰ ਭਾਰੀ ॥ ੪੭ ॥ -ਅਹੰ ਬ੍ਰਹਮ-ਜੋ ਗਯਾਨ ਮੁਕੰਦਾ। ਜਿਸ ਤੇ ਪ੍ਰਾਪਤਿ ਨਿੱਤ ਅਨੰਦਾ। ਸੋ ਤੌ ਨੀਕੇ[8] ਹਿਰਦੇ ਮਾਂਹੀ। ਮੁਖ ਤੇ ਕਹਿਨ ਭਲੋ ਅਬ ਨਾਂਹੀ ॥ ੪੮ ॥ ਬੋਲਨ ਭਾਉ ਭਗਤਿ ਕੀ ਰੀਤੀ[9]। ਸਤਿ ਸੰਗਤਿ ਕਰਨੌਂ ਧ੍ਰੁਵ ਪ੍ਰੀਤੀ। ਅਪਨ ਆਪ ਕੋ ਕਬਿ ਨ ਜਨਾਵਨ[10]। ਗੁਰ ਸੇਵਨ ਦਿਨ ਰੈਨ ਬਿਤਾਵਨ[11] ॥੪੯॥ ਜਿਸ ਅਚਾਰ ਕੋ ਨਰ ਸਭਿ ਦੇਖਾ। ਲਗਹਿ ਕਰਨ[12],ਹ੍ਵੈ ਭਲਾ ਵਿਸ਼ੇਖਾ॥ਸਭਿ ਤੇ ਨੀਚ ਆਪਕੋ ਮਾਨੈਂ। ਰਿਦੇ ਹੰਕਾਰ ਨ ਕਬਹੂੰ ਠਾਨੈਂ ॥੫੦॥ਦੋਹਰਾ॥ ਬ੍ਰਹਮਗਿਆਨੀ ਹੋਇ ਜੋ[13] ਅਹੰ ਬ੍ਰਹਮ ਕਹਿ ਜੋਇ॥ਸੋ ਤੌ ਸਦ ਹੀ ਮੁਕਤ ਹੈ ਤਾਂਹਿ ਬਿਕਾਰ ਨ ਕੋਇ ॥੫੧॥ਚੌਪਈ॥ ਪਰ ਕਲਿ ਕੇ ਨਰ ਹ੍ਵੈਂ ਸਿੱਖ ਤਾਂਹੀ[14]। ਜਿਨ ਕੇ ਰਿਦੇ ਸੁੱਧ ਭਲ ਨਾਂਹੀ। ਸੁਨਿਕੇ ਕਹਿਨ ਲਗੈਂ[15] ਪੁਨ ਤੈਸੇ। ਗੁਰੂ ਬਦਨ ਤੇ ਭਾਖੇ ਜੈਸੇ ॥੫੨॥ ਤਿਨ ਕੀ ਜਿਉਂ ਹੈ ਰੀਤਿ ਕੁਢਾਲੀ[16]। ਸੋ ਸੁਨਿ ਲੇਹੁ ਕਹੌਂ

---

[1]ਮਹਾਂ ਮੋਹ ਰੂਪੀ ਅਨ੍ਹੇਰੇ ਨੂੰ ਸੂਰਜ ਵਤ ਹੋ। [2]ਇੱਛਾ ਰਹਿਤ ਹੋ। [3](ਤੁਹਾਡੀ) ਜੈ ਹੋ, ਹੇ ਖੰਡਨ ਰਹਿਤ। [4]ਦ੍ਵੰਦ ਦੁਖਾਂ ਰੂਪੀ ਸਮੁੰਦਰ ਨੂੰ ਅਗਸਤ ਹੋ (ਅਗਸਤ ਸਮੁੰਦਰ ਪੀ ਗਿਆ ਸੀ)। [5]ਚੋਜ। [6]ਗੁਰੂ ਜੀ। [7]ਅਗੇ ਹੈ। [8]ਚੰਗਾ ਹੈ। [9]ਬੋਲਨ ਵਿਚ ਪ੍ਰੇਮਾ ਭਗਤੀ ਦੀ ਰੀਤੀ (ਚਾਹੀਏ) ਅਤੇ। [10]ਜਣਾਵਣਾ ਨਹੀਂ ਚਾਹੀਏ। [11]ਬਿਤਾਵਣਾ ਚਾਹੀਏ। [12]ਜਿਸ (ਪਿੱਛੇ ਕਹੇ) ਆਚਾਰ ਨੂੰ ਸਾਰੇ ਨਰ ਦੇਖਕੇ ਕਰਨ ਲੱਗ ਪੈਣ। [13]ਜੋ (ਸੱਚੀ ਮੁੱਚੀ) ਬ੍ਰਹਮ ਗਿਆਨੀ ਕੋਈ ਹੋਵੇ। [14]ਤਿਸ (ਬ੍ਰਹਮ ਗਿਆਨੀ) ਦੇ। [15]ਕਹਿਣ ਲੱਗ ਪੈਣਗੇ। [16]ਮਾੜੀ।

Sri Satguru Jagjit Singh Ji eLibrary NamdhariElibrary@gmail.com

ਬਿਧਿ ਨਾਲੀ॥ ਗ੍ਯਾਨ ਸਮਾਨ ਘ੍ਰਿਤ ਕੇ ਜਾਨਹੁ। ਉਤਮ, ਗਰਵ ਵਿਸ਼ੇਸ਼ ਪ੍ਰਮਾਨਹੁ[1]॥੫੩॥ ਕਫ ਸੁਭਾਵ ਜਿਨ ਕੇਰ ਮਹਾਨਾ। ਤੇ ਨਰ ਘ੍ਰਿਤ ਕਰਿਹੀ ਜੇ ਪਾਨਾ।ਪਚੇ ਨਹੀਂ ਸੋ ਕਰਤਿ ਬਿਕਾਰਾ[2]। ਛਾਤੀ ਬੋਝ ਹੋਤਿ ਦੁਖ ਭਾਰਾ ॥੫੪॥ਹੋਤਿ ਰੋਗਕੋ ਕਾਰਨ ਸੋਈ।ਤਹਿ ਤੇ ਸੁਖੀ ਸ਼ਰੀਰ ਨ ਹੋਈ। ਅਚਨੇ ਹੇਤ ਸੁਖ, ਹ੍ਵੈ ਬਿੱਪ੍ਰੀਤਾ। ਗੁਨ ਤੇ ਰਹਤੋ ਸੁ ਔਗੁਨ ਕੀਤਾ ॥੫੫॥ ਪਿੱਤੀ[3] ਕੋ ਜਿਨ ਕੇਰ ਸੁਭਾਊ। ਤੇ ਘ੍ਰਿਤ ਪੀ ਕਰਿ ਲਹੈਂ ਪਚਾਊ। ਤਿਨਕੋ ਅਤੀ-ਸਾਰ[4] ਦੁਖ ਹੋਈ।ਮਿਟਤਿ ਨ ਕਰੇ ਉਪਾਇ ਜਿ ਕੋਈ॥੫੬॥ਅਹੈਂ ਬਿਚੱਛਨ ਮਾਨਵ ਜੇਈ।ਠਟੇ ਅਮੇਜ਼[5] ਤਾਂਹਿ ਕੋ ਸੋਈ।ਮਿਸਰੀ ਕੀ ਕਰਿ ਸੰਗ ਮਿਲੌਨੀ। ਖਾਇ ਸਾਦ ਸੋਂ ਪੁਨ ਗੁਨ ਲੌਨੀ[6]॥੫੭॥ ਤੈਸੇ ਸੁਨਹੁ ਗ੍ਯਾਨ ਕੀ ਚਾਲੀ। ਪਾਇ ਰੀਤਿ ਜਿਸ ਹੋਤਿ ਕੁਚਾਲੀ। ਜਿਨਕੇ ਕਫ ਹੰਕਾਰ ਘਨੇਰਾ। ਸੁਨਤਿ ਗ੍ਯਾਨ ਤਿਨ ਵਧੇ ਵਧੇਰਾ ॥੫੮॥ਸਭਿ ਤੇ ਊਚ ਆਪ ਕੋ ਜਾਨੈਂ। ਅਨਿਕ ਪਖੰਡਨ ਕੀ ਬਿਧਿ ਠਾਨੈਂ। ਭਗਤਿਭਾਉ ਤਜਿ ਨਿਵੈਂ ਨ ਕਾਹੂ। ਛਾਤੀ ਰੋਗ ਬੋਝ ਹੁਇ ਤਾਂਹੂ॥੫੯॥ਜਨਮ ਮਰਨ ਕੀ ਪੀਰਾ ਪਾਈ।ਸੁਖ ਤੇ ਰਹਤੋ,ਭਯੋ ਦੁਖਦਾਈ। ਪਿੱਤੀ ਬਿਸ਼ੈ ਬਾਸ਼ਨਾ ਜਾਂਹੀ। ਤੇ ਸੁਨਿਕੈ ਨਿਸ਼ੰਕ ਹੁਇ ਜਾਹੀਂ ॥੬੦॥ ਬੀਚ ਬਿਸ਼ੈ ਕੇ ਫਸਕੇ ਸੋਈ। ਓਰਕ ਨਰਕ ਗਮਨ ਤਿਨ ਹੋਈ। ਬਿਸ਼ਿਯਨ ਬਿਖੈ ਪ੍ਰਵਿਰਤਨ ਜੋਈ[7]।ਅਤੀਸਾਰ ਇਹ ਖਰੋ ਦੁਖੋਈ[8] ॥੬੧॥ ਤਾਂਤੇ ਮਿਸਰੀ ਭਗਤਿ ਸੰਜੁਤੀ[9]। ਲਖਹਿ ਗ੍ਯਾਨ ਤਿਨ ਕੀ ਮਤਿ ਪੂਤੀ[10]। ਨਿਸ਼ਚਾ ਰਿਦੇ ਗ੍ਯਾਨ ਕੋ ਧਰਿਹੀਂ। ਭਾਂਉਭਗਤਿ ਬਾਹਰ ਸ਼ੁਭ ਕਰਿਹੀਂ ॥੬੨॥ਤਿਨਕੋ ਦੁਖ ਨਹਿ ਲਾਗੋ ਕੋਈ।ਸੁਖ ਭਾ, ਪਹੁੰਚ ਪਰਮਪਦ ਹੋਈ[11] ਇਹ ਸਿੱਧਾਂਤ ਸਭਨਿ ਤੇ ਨੀਕਾ। ਹੁਇ ਉਧਾਰ ਜਗਂ ਤੇ ਜਿਉਂ ਜੀ ਕਾ ॥੬੩ ॥ ਕਲਿ ਮੈਂ ਔਰ ਉਪਾਇ ਨ ਕੋਈ। ਭਗਤਿ ਗ੍ਯਾਨ ਤੇ ਕੈਵਲ[12] ਹੋਈ। ਤਿਨ ਕੀ ਪ੍ਰਾਪਤਿ[13] ਜੇ ਨਰ ਚਹਿਈਂ। ਸੋ ਸਤਿਸੰਗ ਖੋਜਿ ਜਗ

---

[1]ਚੰਗਾ ਹੈ (ਪਰ) ਭਾਰੀ (ਦੁਸ਼ਪਚ) ਜਾਣੋ। [2]ਨੁਕਸਾਨ। [3]ਸੁਫਰਾਵੀ। [4]ਦਸਤ। [5]ਰਲਾਕੇ। ਅਮੇਜ਼—ਕੋਈ ਮਿਲਵੀਂ ਚੀਜ਼ ਭਾਵ ਅਨੁਪਾਨ ਰਲਾਕੇ ਵਰਤਦੇ ਹਨ [ਫਾ: ਆਮੇਜ਼]। [6]ਫੇਰ ਗੁਣ (ਉਸ ਦਾ) ਸੁਹਣਾ ਹੋ ਜਾਂਦਾ ਹੈ। [7]ਵਰਤਣਾ ਜੋ ਹੈ। [8]ਖਰਾ ਦੁੱਖ ਹੈ। [9]ਭਗਤੀ ਰੂਪੀ ਮਿਸਰੀ ਸਮੇਤ। [10]ਪਵਿੱਤ੍ਰ। [11]ਸੁਖ ਹੋਯਾ, ਤੇ ਪੂਰਨ ਪਦ ਤੇ ਪਹੁੰਚ ਹੋ ਜਾਂਦੀ ਹੈ। [12]ਮੁਕਤੀ। ਕੈਵਲ—ਜੋਗ ਦਰਸ਼ਨ ਦੀ ਮੁਕਤੀ ਹੈ, ਜਿੱਥੇ ਪੁਰਖ ਆਪਣੇ ਆਪ ਵਿਚ ਟਿਕ ਕੇ ਸੁਤੰਤਰ ਹੋ ਜਾਂਦਾ ਹੈ। ਗੁਰੂ ਘਰ ਦੀ ਮੁਕਤੀ ਹੈ ਪ੍ਰੇਮ ਦੁਆਰਾ ਵਾਹਿਗੁਰੂ ਜੀ ਵਿਚ ਜੁੜ ਜਾਣਾ। [13]ਭਾਵ ਭਗਤੀ ਤੇ ਗਜਾਨ ਦੀ ਪ੍ਰਾਪਤੀ।

Sri Satguru Jagjit Singh Ji eLibrary NamdhariElibrary@gmail.com

ਲਹਿਈਂ॥੬੪॥ ਕਰਹਿ ਭਾਉ ਸੇਵਾ ਤਹਿ ਠਾਨੈ। ਬਚਨ ਸੁਨੈ ਤਿਨ, ਦੇ ਮਨ ਕਾਨੈ। ਕਾਮ ਕ੍ਰੋਧ,ਲੋਭਾਦਿਕ,ਬਨ ਕੋ। ਹੈ ਸਤਿਸੰਗ ਕੁਠਾਰ ਕਦਨ ਕੋ[1] ॥੬੫॥ ਭ੍ਰਮ ਅੰਧਕਾਰਨਹਿ ਭਾਨੁ[2] ਸਮਾਨਾ। ਬਿਸ਼ਯ ਤਪਤ ਕੋ[3] ਛਾਇ ਮਹਾਨਾ।ਪੁਨ ਸਤਿਸੰਗ ਅਹੈ ਸਮ ਸਾਗਰ। ਜਿਸ ਮਹਿ ਅਸ[4] ਸੁਠ ਰਤਨ ਉਜਾਗਰ॥੬੬॥ ਮੈਤ੍ਰੀ, ਮੁਦਿਤਾ, ਸਤਿ, ਸੰਤੋਖੰ। ਕਰੁਨਾ, ਛਿਮਾ; ਖਾਰ ਨਹਿ ਦੋਖੰ[5]। ਧੀਰਜ, ਗਯਾਨ, ਵਿਰਾਗ, ਵਿਚਾਰਾ। ਭਾਉ,ਭਗਤਿ, ਭਲ ਮੋਖ ਦੁਆਰਾ ॥੬੭॥ ਸਮ ਦਮ ਜੋਗ ਆਦਿ ਜੇ ਸਭਿਹੀ। ਉਪਜੈਂ ਸਦਾ ਨ ਨਿਖੁਟੈਂ ਕਬਿਹੀ।ਜੋ ਇਸ ਸਾਗਰ ਬੀਚ ਸਮਾਵੈ। ਕਹੋ ਕਿਉਂ ਨ ਆਨੰਦ ਪਦ ਪਾਵੈ॥੬੮॥ ਸਭਿ ਸਾਧਨ ਮੁਖ ਸਤਿਸੰਗ ਜੋਈ। ਇਸ ਮਿਲਨੇ ਸਭਿ ਪ੍ਰਾਪਤਿ ਹੋਈ। ਜਿਨ ਪਾਛੇ ਕੀਨੋ ਸਤਿਸੰਗਾ। ਮੁਕਤਿ ਭਏ ਸੋ,ਤਿਨ ਭ੍ਰਮ ਭੰਗਾ ॥੬੯॥ ਜੋ ਅਬਿ ਪ੍ਰੀਤ ਧਾਰਿ ਉਰ ਕਰਿਹੈਂ। ਨਿਹਸੰਸੇ ਭਵਸਾਗਰ ਤਰਿਹੈਂ। ਬਹੁਰ ਜਿ ਕਰਿਹੈਂ ਔਰ ਅਗਾਰੀ।ਤਿਨ ਕੀ ਹੋਵਹਿ ਮੋਖ ਸੁਖਾਰੀ ॥੭੦॥ ਮਹਾਂ ਭਾਗ ਲਹਿਣੇ!ਸੁਨਿ ਲੀਜੈ। ਤਾਂਤੇ ਸਤਿਸੰਗ ਰੀਤਿ ਕਰੀਜੈ। ਭਾਉਭਗਤਿ ਕਰਨੀ ਬਿਧਿ ਨੀਕੀ। ਰਿਦੇ ਗਯਾਨ ਗਤਿਹੈ ਇਸ ਜੀਕੀ* ॥੭੧॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ੍ਰੀ ਲਹਿਣੇ ਜੀ ਕੋ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕ ਪੰਚਾਸਮੋ ਅਧਯਾਇ ॥੫੧॥

---

[1]ਕੱਟਣ ਨੂੰ ਕੁਹਾੜਾ ਹੈ। [2]ਸੂਰਜ। [3]ਵਿਸ਼ੇ ਰੂਪੀ ਤੱਪਸ਼ ਨੂੰ। [4]ਐਸੇ (ਅ) ਹੈਨ। [5]ਭਾਵ ਸਮੁੰਦਰ ਖਾਰਾ ਹੁੰਦਾ ਹੈ, ਸਤਿਸੰਗ ਰੂਪੀ ਸਮੁੰਦਰ ਵਿਚ ਖਾਰੇ ਪਨ ਦਾ ਦੂਸ਼ਨ ਨਹੀਂ ਹੈ। (ਅ) ਸਤਿਸੰਗ ਰੂਪੀ ਸਮੁੰਦਰ ਵਿਚ ਜੋ ਮਹਾਂ ਪੁਰਖਾਂ ਦੀ ਮਤ ਨੇਕੀ ਤੇ ਬਦੀ ਤੋਂ ਵਰਜਣਾ ਕੁਛ ਖਾਰੇ ਲੱਗਣ ਵਾਲੇ ਸਾਮਾਨ ਹਨ ਸੋ ਦੁਖ ਦਾਤੇ ਨਹੀਂ, ਸੁਖ ਦਾਤੇ ਹਨ।

*ਇਸ ਅਧਯਾਯ ਵਿਚ ਵੇਦਾਂਤਕ ਗਯਾਨ ਦਾ ਉਪਦੇਸ਼ ਤੇ ਉਸ ਨੂੰ ਪ੍ਰੇਮਾ ਭਗਤੀ ਨਾਲ ਪਚਾਉਣਾ ਕਵਿ ਜੀ ਨੇ ਅੰਗ ਪ੍ਰਤਿ ਅੰਗ ਦੱਸਕੇ ਚੰਗੀ ਤਰ੍ਹਾਂ ਵਰਣਨ ਕੀਤਾ ਹੈ। ਸਿਖ ਗਯਾਨੀ ਅਕਸਰ ਇਹ ਉਪਦੇਸ਼ ਦਿਆ ਕਰਦੇ ਸਨ:— ਮੁਖ ਭਗਤੀ, ਵਰਤਨ ਵੈਰਾਗ, ਹਿਰਦੇ ਗਿਆਨ। ਗਿਆਨ ਦੇ ਵੇਰਵੇ ਤੇ ਗਿਆਨ ਦੀ ਵਿਆਖਿਆ ਹੁਣ ਬੀ ਹੈ ਤੇ ਓਦੋਂ ਬੀ ਹੈਗੀ ਸੀ, ਇਹ ਗਲਾਂ ਪੰਡਤ ਲੋਕ ਦੱਸਦੇ ਸਨ, ਜੋਗੀ ਲੋਕ ਜੋਗ ਦੱਸਦੇ ਸਨ, ਸੰਨਯਾਸੀ ਤਯਾਗ ਸਿਖਾਲਦੇ ਸਨ, ਸਮਝਾਂ ਵਾਲੇ ਵਿਚਾਰਾਂ ਕਰਦੇ ਸਨ, ਭਗਤੀ ਬੀ ਹੈਗੀ ਸੀ, ਪਰ ਸ੍ਰਿਸ਼ਟੀ ਦੁਖੀ ਸੀ, ਜਗਤ ਕਸ਼ਟ ਵਿਚ ਸੀ, ਜਿਸ ਦਾ ਨਿਰੂਪਣ ਭਾਈ ਗੁਰਦਾਸ ਜੀ ਨੇ ਚੰਗੀ ਤਰ੍ਹਾਂ ਪਹਿਲੀ ਵਾਰ ਵਿਚ ਕੀਤਾ ਹੈ। ਉਹ ਕੋਈ ਹੋਰ ਕ੍ਰਿਸ਼ਮਾ ਸੀ, ਜਿਸ ਖੁਣੋ ਜਗਤ ਦੁਖੀ ਸੀ ਤੇ ਜੋ ਗੁਰੂ ਜੀ ਲੈਕੇ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

੫੨. [ਗੁਰੂ ਜਸ ਮਹਾਤਮ । ਹੋਰ ਪਰਤਾਵੇ । ਤਖਤ ਦੇਣਾ, ਜਪੁਜੀ ਮਹਿਮਾ]

ਦੋਹਰਾ ॥ ਕਰਿ ਕਾਗਸ ਨਿਜ ਰਿਦੇ ਕੋ ਮਸੁ ਸੁਮੱਤਿ ਬਨਾਇ ।
ਸ੍ਰੀ ਸਤਿਗੁਰ ਕੋ ਜਸੁ ਲਿਖਹਿ ਤਬਹਿ ਪਰਮਗਤਿ ਪਾਇ ॥੧॥

{ ਕਾਗਜ=ਕਾਗਤ, ਜਿਸ ਪਰ ਲਿਖਿਆ ਜਾਵੇ [ਫਾਰਸੀ, ਕਾਗਜ਼]
ਮਸੁ=ਸ਼ਾਹੀ । ਪਰਮਗਤਿ=ਪੂਰਨ ਗਤੀ, ਓਹ ਹਾਲਤ ਜੋ ਸਭ ਤੋਂ
ਉੱਚੀ ਤੇ ਕਿਸੇ ਗਲੇ ਊਣੀ ਨਹੀਂ, ਮੁਕਤੀ । }

ਅਰਥ-(ਜਦੋਂ ਤੂੰ) ਆਪਣੇ ਮਨ ਨੂੰ ਕਾਗਤ ਬਣਾਵੇਂ ਤੇ ਸ੍ਰੇਸ਼ਟ ਬੁੱਧੀ ਨੂੰ ਸ਼ਾਹੀ ਬਣਾਵੇਂ (ਇਸ ਨਾਲ ਉਸ ਉੱਤੇ) ਸ੍ਰੀ ਸਤਿਗੁਰੂ ਜੀ ਦਾ ਜਸ ਲਿਖੇਂ ਤਦੋਂ ਹੀ ਤੂੰ ਪਰਮਗਤੀ ਨੂੰ ਪਾਵੇਂਗਾ ।

---

*ਬਾਕੀ [ਪਿਛਲੇ ਪੰਨੇ ਦੀ ਬਾਕੀ ਟੂਕ]

ਆਏ ਸੇ, ਉਹ ਸਤਿਗੁਰ ਨੇ ਜਗਤ ਨੂੰ ਦਿੱਤਾ ਤੇ ਉਹਨਾਂ ਦੀ ਸ਼ਾਨ ਵਿਚ ਉਨ੍ਹਾਂ ਦੇ ਆਪਣੇ ਪੰਜਵੇਂ ਸਰੂਪ ਨੇ ਕਿਹਾ 'ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ'। ਜੀਅ-ਦਾਨ ਦੇਣਾ ਤੇ ਰੱਬ ਨਾਲ ਜੋੜ ਦੇਣਾ ਇਹ ਗਿਆਨੀਆਂ ਪੰਡਿਤਾਂ ਪਾਸ ਨਹੀਂ ਸੀ, ਇਹ ਸਤਿਗੁਰ ਨਾਨਕ ਲਿਆਏ, ਆਪ ਵੰਡਿਆ ਤੇ ਅਗੋਂ ਵੰਡਣ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿੱਤਾ। ਪੰਡਤਾਂ ਗਿਆਨੀਆਂ ਪਾਸ ਸੀ ਗੈਣਤੀ, ਹਿਸਾਬ, ਫੇਰਵੇ, ਨਿਰੀ ਦਿਮਾਗੀ ਸੋਚ ਮੰਡਲ ਦੀ ਵਸਤੂ। ਸਤਿਗੁਰ ਦਾ ਮਤਿ ਹੈ ਪ੍ਰੀਤਿ ਦੀ ਤਾਰ ਨਾਲ ਜੀਉਂਦੇ ਮਨ ਨਾਲ, ਜੀਉਂਦੇ ਸਾਈਂ ਨਾਲ ਪੈਵੰਦ ਹੋਕੇ ਲਿਵ ਦੇ ਰੰਗ ਵਿਚ ਰੱਤੇ ਰਹਿਣਾ। ਉਹ ਜੋ ਅੰਤਰ ਆਤਮੇ ਸਦਾ ਦਾ ਨਿਰੰਤਰ ਮੇਲ ਹੈ 'ਉਹ ਕੀ ਹੈ' ਵਰਣਨ ਕਰਨਾ ਫੇਰ ਉਹੋ ਗੈਣਤੀ ਹੈ, ਤੇ ਬੋਲਨ ਹੈ । ਤੇ ਹੁਕਮ ਹੈ 'ਜੇ ਕਿਛੁ ਬੋਲੀਐ ਸਭੁ ਖਤੋ ਖਤਾ।' ਨਾਮ ਸਾਈਂ ਦੀ ਯਾਦ ਹੈ, ਯਾਦ ਪਯਾਰ ਦਾ ਸਰੂਪ ਹੈ, ਪਯਾਰ ਓਹ ਤਾਰ ਹੈ ਜੋ ਜੀਵ ਬ੍ਰਹਮ ਨੂੰ ਮਿਲਾਉਂਦੀ ਹੈ, ਮਿਲਕੇ ਜੋ ਕੁਛ ਹੁੰਦਾ ਹੈ, ਸੋ ਮਨ ਬਾਣੀ ਤੋਂ ਪਰੇ ਹੈ, ਸਭ ਹਿਸਾਬਾਂ ਕੀਮਤਾਂ ਕੂਤਾਂ ਤੋਂ ਉਪਰ ਹੈ । ਯਥਾ:-ਨਾਨਕ ਕਥਨਾ ਕਰੜਾ ਸਾਰੁ ॥

ਜੇ ਕਦੇ ਦਰਸ਼ਨ ਵਿਦਯਾ (ਫਿਲਾਸਫੀ) ਵਾਂਗੂ ਗੁਰੂ ਨਾਨਕ ਆਸ਼ਯ ਨੂੰ ਵਰਣਨ ਕੀਤਾ ਜਾਏ ਤਾਂ ਓਹ ਛੜੀ ਭਗਤੀ, ਛੜਾ ਗਯਾਨ, ਛੜਾ ਜੋਗ, ਛੜਾ ਨਯਾਯ ਤੇ ਵੈਸ਼ੇਸ਼ਿਕ, ਨਹੀਂ, ਫਿਰ ਉਸ ਵਿਚ ਸਾਰੇ ਆਕੇ ਕਿਤੇ ਸੰਮੇਲਨ ਕਰਦੇ ਹਨ 'ਗੁਰੁ ਗੁਰੁ ਏਕੋ ਵੇਸ ਅਨੇਕ'। ਜਿਥੇ ਉਪਨਿਖਦ ਦਾ ਗਯਾਨ, ਸ਼ੰਕਰ ਦਾ ਗਯਾਨ ਤੇ ਯੋਗ ਵਸ਼ਿਸ਼ਟ ਦਾ ਗਯਾਨ ਆਦਿਕ ਖੜੇ ਸਨ ਉਸ ਤੋਂ ਅਗੇ ਗੁਰੂ ਨਾਨਕ ਦੇਵ ਜੀ ਗਏ ਹਨ। ਜਿਨ੍ਹਾਂ ਨੇ ਰੱਦਿਆ ਕੁਛ ਨਹੀਂ, ਹਰ ਸ਼ੈ ਦਾ ਆਪਣਾ ਮੁੱਲ ਦੱਸਿਆ ਤੇ ਸਾਈਂ ਨੂੰ ਸੱਚਾ ਸ਼ਾਹ ਦੱਸਿਆ ਤੇ ਆਪਣੇ ਸਿਖ ਨੂੰ ਭਗਤ ਗਯਾਨੀ ਕੁਛ ਨਾ ਤੇ ਸਭ ਕੁਛ ਦੱਸਕੇ 'ਵਣਜਾਰਾ' ਆਖਿਆ। ਇਸ ਨੂੰ ਹਰਿਧਨ ਰੂਪੀ ਸੱਚੀ ਰਾਸ ਤੇ ਵੱਖਰ ਦਿੱਤਾ ਤੇ ਜੀਵਨ ਦਾ ਪ੍ਰਯੋਜਨ ਇਸ ਵੱਖਰ ਦਾ ਵਣਜ ਦੱਸਿਆ । ਵਣਜਾਰੇ

[ਬਾਕੀ ਟੂਕ ਦੇਖੋ ਅਗਲੀ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

ਚੌਪਈ—ਸ੍ਰੀਗੁਰਨਾਨਕ ਕ੍ਰਿਪਾਨਿਧਾਨ॥ ਇਉਂ ਉਪਦੇਸ਼ਯੋ ਤੱਤ ਗਯਾਨ॥
ਕੇਤਿਕ ਬਹੁਰ ਬਿਤਾਯੋ ਕਾਲਾ। ਸੇਵਹਿ ਲਹਿਣਾ ਭਾਉ ਬਿਸਾਲਾ ॥ ੨ ॥
ਜਿਉਂ ਤਰੁ ਸ਼ਾਖ[1] ਨਿਵੈ ਫਲ ਪਾਈਂ[2] । ਤੈਸੀ ਗਤਿ ਲਹਿਣੇਂ ਠਹਿਰਾਈ।
ਦੇਖਿ ਨਿੰਮਰਤਾ ਪਰਮ ਘਨੇਰੀ। ਦਿਨ ਪ੍ਰਤਿ ਕ੍ਰਿਪਾ ਸਵਾਇ ਬਧੇਰੀ[3]॥੩॥
ਅਜਰ ਜਰਨ ਲੱਛਨ ਪਹਿਚਾਨ॥ਅਧਿਕ ਪ੍ਰਸੀਦੇ ਸ੍ਰੀ ਗਤਿਦਾਨਾ। ਇਸ
ਬਿਧਿ ਕੋ ਰੁਖ਼ ਜੋ ਗੁਰਕੇਰਾ॥ਦਿਨ ਪ੍ਰਤਿ ਬਧੈ ਸਰਬ ਨੇ ਹੇਰਾ॥੪॥ਮਿਲਹਿਂ
ਪਰਸਪਰ ਕਹੈਂ ਬਨਾਈ।'ਸ੍ਰੀ ਲਹਿਣੇ ਪਰ ਕ੍ਰਿਪਾ ਸਵਾਈ"। ਅਨੁਮਾਨਹਿ
ਤੇ ਪਰੈ ਲਖਾਈ[5]।ਅਪਨੇ ਤਖਤ ਦੇਹਿਂ ਤਿਹ ਤਾਈਂ॥੫॥ ਸਿਰੀਚੰਦ ਸੁਤ
ਲਖਮੀਦਾਸ॥ਇਨਹਿ ਦੇਂਯ,ਕਛੁ ਨਹਿਂ ਭਰਵਾਸ'। ਇਸਪ੍ਰਕਾਰ ਸ਼ੁਹਰਤ[6]
ਭੁਈਸਾਰੇ।ਬੈਠੇਂ ਆਪਹਿ ਬੀਚ ਉਚਾਰੇਂ॥੬॥'ਸਿੱਖੀਪਰਖੀਜਬਹਿਕ੍ਰਿਪਾਲਾ।
ਨਿਸਚਲ ਰਹਯੋ ਸਰਬ ਹੀ ਕਾਲਾ। ਯਾਂਤੇ ਦੇਨਿ ਨਜਾਇ ਹੈ ਤਾਂਹੀ।
ਅਚਰਜ ਕਿਛੁ ਨ ਲਖਹੁ ਮਨ ਮਾਂਹੀ' ॥ ੭ ॥ ਸੁਨੀ ਸੁਲਖਣੀ ਸੁਧ ਅਸ
ਕਾਨਾ। ਹਿਰਦੇ ਉਪਜਯੋ ਖੇਤ ਮਹਾਨਾ। ਚਿੰਤਾਤੁਰ ਹੁਇ ਤੂਰਨ ਆਈ।
ਜਹਿਂ ਧ੍ਰਮਸਾਲ ਹੁਤੇ ਜਗ ਸਾਈਂ ॥ ੮ ॥ ਦ੍ਵੈ ਸੁਤ ਬੈਠੇ ਤਹਾਂ ਸਮੀਪਾ।

---

[1]ਬ੍ਰਿੱਛ ਦੀ ਟਹਿਣੀ। [2]ਫਲ ਪਾਕੇ। [3]ਸਵਾਈ ਵਧੀ। [4]ਵਧੇਰੀ ਹੈ। [5]ਅੰਦਾਜ਼ੇ ਤੋਂ ਜਾਣਿਆ ਜਾਂਦਾ ਹੈ। [6]ਪ੍ਰਸਿੱਧੀ, ਮਸ਼ਹੂਰੀ।

(ਪਿਛਲੇ ਪੰਨੇ ਦੀ ਬਾਕੀ ਟੂਕ)

ਵਿਚ ਸਿਆਣ ਕਮਾਲ ਤੇ ਅੱਪੜਦੀ ਹੈ, ਵਣਜਾਰੇ ਵਿਚ ਕਰਤੱਵ ਕਮਾਲ ਤੇ ਜਾਂਦਾ ਹੈ। ਵਣਜਾਰੇ ਦੀ ਲਗਨ ਕਮਾਲ ਦੀ ਹੁੰਦੀ ਹੈ, ਵਣਜਾਰਾ ਹਿਸਾਬ ਵਿਚ ਬੀ ਕਾਮਲ ਹੋ ਜਾਂਦਾ ਹੈ, ਪਰ ਸੱਚ ਧਨ ਦਾ ਵਪਾਰੀ ਹੋਣ ਕਰਕੇ ਜਦੋਂ ਸ਼ਾਹ ਬਣਦਾ ਹੈ ਤਦੋਂ ਹੱਦ ਤੋਂ ਪਰੇ, ਕਥਨ ਤੋਂ ਪਰੇ, ਗੇਣਤੀ ਤੋਂ ਪਰੇ ਅਕਹਿ ਅਕੱਥ ਪਾਤਸ਼ਾਹੀ ਦੇ ਘਰ ਅੱਪੜਦਾ ਹੈ। 'ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥' ਇਹ ਹਰਿ ਧਨ ਦਾ ਵਪਾਰੀ 'ਸਤਿ ਸੁਹਾਣੁ ਸਦਾ ਮਨਿ ਚਾਉ' ਵਿਚ ਵਸਦਾ ਹੈ। ਇਸ ਦਾ ਮਾਰਗ ਹੈ—ਸਿਫਤ ਸਲਾਹ। ਵਪਾਰੀ ਨੂੰ ਹੁਕਮ ਹੈ, 'ਸਾਲਾਹੀ ਸਾਲਾਹਿ' ਇਸ ਦਾ ਜਪ ਮੰਤ੍ਰ ਹੈ—ਵਾਹਿ+ਗੁਰੂ । (ਵਾਹਿਗੁਰੂ) ਜਿਸ ਦਾ ਅਰਥ ਭਾਵ ਹੈ ਸਿਫਤ ਸਾਲਾਹ। ਧੰਨ ਹੈ, ਅਚਰਜ ਹੈ, ਵਿਸਮਾਦ ਹੈ 'ਗੁਰ ਗੁਰ ਏਕੋ'। ਤੇ ਇਸ ਭਾਵ ਵਿਚ ਉਠਦਾ ਵਪਾਰੀ ਵਿਸਮਾਦ ਦੇ ਘਰ ਅੱਪੜਦਾ ਹੈ। ਵਿਸਮਾਦ ਵਿਗਿਆਨ ਹੈ, ਮਹਾਂ ਅਚਰਜ ਹੈ, ਅਚਰਜ ਕਥਨ ਕਹਿਣ ਤੋਂ ਪਰੇ ਹੈ। ਕਵੀ ਜੀ ਬੀ ਆਖਦੇ ਹਨ 'ਅਚਰਜ ਤੇ ਪਰ ਉਕਤਿ ਨ ਕੋਈ'।

Sri Satguru Jagjit Singh Ji eLibrary NamdhariElibrary@gmail.com

ਸੇਵਹਿ ਪਦ ਤੇਹਣ ਕੁਲ ਦੀਪਾ। ਔਰ ਸਿੱਖ ਕੇਤਿਕ ਨਿਜਕਾਨੇ[1]
ਤਹਿਂ ਚਲਿ ਆਈ* ਮਨ ਮੁਰਝਾਨੇ॥੯॥ ਬੈਠਿ ਸਮੀਪ ਕਹੀ ਅਸ ਬਾਨੀ।
'ਸੁਨਿ ਸ੍ਰੀ ਚੰਦ-ਪਿਤਾ[2],ਗੁਨ ਖਾਨੀ !।ਕਿਉਂ ਵਿੱਪ੍ਰੀਤਿ ਆਪ ਮਨ ਠਾਨੀ।
ਕਰਹੁ ਰੀਤਿ ਜਗਪਰਮ ਸੁਹਾਨੀ॥੧੦॥ਸਭਿ ਬਿਧਿ ਲਾਇਕ ਤਾਤ ਤੁਮਾਰੇ।
ਪ੍ਰੀਤਿ ਨ ਕਰਹੁ ਤਿਨਹੁ ਸੰਗਾਰੇ। ਜਗ ਮੈਂ ਜਿਨਤੇ ਬੰਸ ਬਧੇਰਾ[3]। ਸੁਜਸੁ
ਹੋਇ ਸਭਿ ਵਿਖੈ ਘਨੇਰਾ॥੧੧॥ਰਹੇ ਨਾਮ ਜਿਨ ਤੇ ਬੱਖਯਾਤੀ[4]।–ਅਮੁਕੇ ਕੀ
ਕੁਲ ਜਗਤ ਸੁਹਾਤੀ–। ਅਸ ਗੁਨਕਾਰਿ[5] ਸੁਤਨ ਕੋ ਤਯਾਗਾ।ਕਰਹੁ ਦਾਸ
ਪਰ ਬਹੁ ਅਨੁਰਾਗਾ ॥੧੨॥ ਦੋਹਰਾ॥ ਬਹੁਰ ਕਲਾ[6] ਨਿਜ ਵਸਤੁ ਜੋ ਦਈ
ਚਹਤਿ ਹੋ ਤਾਂਹਿ। ਤਾਤਨ ਤੇ ਅਧਿਕਾਇ ਕਰਿ[7] ਬੈਠਾਰਹੁ ਜਗ ਮਾਂਹਿ ॥
੧੩ ॥ ਚੌਪਈ ॥ ਅਵਤਾਰਾਦਿਕ ਭਏ ਅਗਾਰੀ। ਕਿਨਹੁਂ ਨ ਕਬਿ ਐਸੀ
ਮਤਿ ਧਾਰੀ।–ਹੋਤਿ ਸੁਤਨ ਕੇ ਦਾਸ ਬਧਾਵਾ। ਨਿਜ ਅਸਥਾਨਹਿਂ ਤਾਂਹਿ
ਬਿਠਾਵਾ[8]–॥੧੪॥ਬਾਤ ਨ ਨੀਕੀ ਲੇਹੁ ਬਿਚਾਰੀ। ਜੌ ਹਿਰਦੇ ਇਉਂ ਚਾਹਿ
ਤੁਮਾਰੀ।ਸੰਤਤਿ[9]ਚਿਤ ਮੈਂ ਤਪਿ†ਹੈ ਨੀਤੀ[10]। ਸੁਖ ਨਹਿਂ ਪਾਵਹਿ ਪਿਖਹਿ
ਅਨੀਤੀ' ॥੧੫॥ ਭਗਤਿ ਵਛਲ ਸੁਨਿਕੈ ਅਸਬਾਨੀ। ਕਿਤਿਕ ਕਾਲ ਲੌ
ਤੂਸ਼ਨਿ ਠਾਨੀ। ਤਿਹ ਛਿਨ ਲੇ ਮੂਖਕ[11] ਮੰਜਾਰੀ[12]।ਅਰਧ ਚਰਬਕਰਿ[13]
ਗੇਰਿ ਅਗਾਰੀ ॥੧੬॥ ਸਿਖਨ ਡਰਾਈ ਭੈ ਕਰਿ ਭਾਰੀ। ਮੂਖਕ ਪਰੀ ਰਹੀ
ਤਹਿਂ ਆਗੀ। ਕ੍ਰਿਪਾਨਿਧਾਨ ਜਬਹਿ ਚਖੁ[14]ਦੇਖੀ। ਕਰਨ ਸੁਲਖਣੀ ਨਿਸ਼ਾ
ਵਿਸ਼ੇਖੀ॥੧੭॥ਸਿਰੀਚੰਦ ਸੋਂ ਗਿਰਾ ਅਲਈ। 'ਮੂਖਕ ਪਰੀ ਨ ਭਲਿ ਇਹ
ਥਾਈਂ। ਨਿਜ ਕਰ ਸੰਗ ਉਚਾਇ[15]ਲਿਜਾਵਹੁ। ਬਾਹਿਰ ਦਰ ਗੇਰਹੁ ਪੁਨਿ
ਆਵਹੁ' ॥੧੮॥ ਸਿਰੀ ਚੰਦ ਸੁਨਿ ਬੈਨ ਅਲਾਏ। 'ਦੇਖੇ ਮੈਂ ਇਸ਼ਟੀ[16]ਬਹੁ
ਥਾਏ। ਖਾਲਨ[17] ਕੀ ਮੰਜਾਰ ਬਨਾਵਤਿ। ਪੰਖ ਕਬੂਤਰ ਕਰਹਿ ਉਡਾਵਤਿ
॥੧੯॥ਕਰਹੁ ਰੀਤਿ ਕਛੁ ਤਿਨਹਿ ਸਮਾਨਾ। ਠਟਨੇ ਕਪਟ ਤੁਮ ਮੈਂ ਮਨ
ਜਾਨਾ।ਸੂਕਰ ਕੂਕਰ[18] ਨਿਜ ਸੰਗ ਲਾਏ।ਵਹਿਰ ਫਿਰੇ ਸ਼ਵ[19] ਕੋ ਦਿਖਰਾਏ

[1]ਹੋਰ ਭੀ ਕੁਝਕੁ ਸਿਖ ਨੇੜੇ ਸਨ ਭਾਵ ਕੋਲ ਬੈਠੇ ਸਨ। [ਨਿਜਕਾਨੇ=ਨਜ਼ਦੀਕ, ਨੇੜੇ]। [2]ਹੇ ਸ੍ਰੀ ਚੰਦ ਜੀ ਦੇ ਪਿਤਾ ਜੀਓ ! [3]ਜਿਨ੍ਹਾਂ ਤੋਂ ਵੰਸ਼ ਵਧੇਗਾ। [4]ਪ੍ਰਗਟ ਰਹੇਗਾ ਨਾਮ। [5]ਐਸੇ ਗੁਣ ਕਰਨ ਵਾਲੇ। [6]ਸ਼ਕਤੀ। [7]ਵਧਿਆਕੇ। [8]ਭਾਵ, ਪੁੱਤ੍ਰਾਂ ਦੇ ਹੁੰਦਿਆਂ ਦਾਸ ਨੂੰ ਵਧਾ ਕੇ ਆਪਣੀ ਥਾਂ ਬਿਠਾਇਆ ਹੋਵੇ। [9]ਉਲਾਦ। [10]ਤਪੇਗੀ ਸਦਾ। [11]ਚੂਹੀ। [12]ਬਿੱਲੀ। [13]ਅੱਧਾ ਚੱਬ ਕੇ। [14]ਅੱਖਾਂ ਨਾਲ। [15]ਉਠਾ ਕੇ। [16]ਚੇਟਕੀ, ਮਦਾਰੀ। [17]ਖੱਲਾਂ। [18]ਸੂਰ ਤੇ ਕੁੱਤੇ। [19]ਮੁਰਦਾ। *ਪਾ:–ਆਏ। †ਪਾ:–ਜੌ

Sri Satguru Jagjit Singh Ji eLibrary NamdhariElibrary@gmail.com

॥੨੦॥ ਕਰਿਕੈ ਦਯੋ ਤਿਹਾਵਲ ਸੋਈ । ਕੋ ਐਸੋ ਛਲ ਬਹੁਰੋ ਹੋਈ । ਮੁਝ ਬਿਲੋਕਨੇਚਾਹਿ ਨ ਕੋਈ।ਹੌਂ ਨ ਉਚਾਵੌਂ ਮਿਰਤਕ ਜੋਈ[1]॥੨੧॥ਅਸ ਕਹਿ ਤੂਸ਼ਨਿ ਮੁਖ ਤੇ ਠਾਨੀ।ਦੁਤਿਯ ਤਾਤ ਸੋਂ ਕਹਿ ਗੁਰਬਾਨੀ'ਲਖਮੀ ਦਾਸ! ਸੁਨਹੁ ਸੁ ਉਠਾਵਹੁ। ਨਿਕਟ ਨ ਨੀਕੋ[2], ਵਹਿਰ ਬਗਾਵਹੁ[3]' ॥ ੨੨ ॥ ਤਬ ਬੋਲਯੋ ਸੋ 'ਸੁਨੀਏ ਤਾਤਾ ! । ਹਮ ਕੋ ਉਚਿਤ ਨ ਐਸੀ ਬਾਤਾ । ਮ੍ਰਿਤਕ ਮੂਖਕੀ ਹਾਥ ਨ ਲਾਵੋਂ । ਕਹਹੁ ਤ ਅਉਰ ਪਾਸ ਉਚਵਾਵਉ[4]' ॥ ੨੩ ॥ ਅਸ ਕਹਿ ਤੂਸ਼ਨਿ[5] ਮਾਨ ਵਿਸ਼ੇਖਾ[6]। ਤਬਿ ਲਹਿਣੇ ਦਿਸ਼ ਸ੍ਰੀ ਗੁਰ ਦੇਖਾ। 'ਉਠਹੁ ਤੁਹੀ ਕਰਤਾਰ ਪਿਆਰੇ ! । ਮੂਖਕ ਚਾਇ ਵਹਿਰ ਵਿਹੁ ਡਾਰੇ' ॥ ੨੪ ॥ ਆਧੋ ਬਚਨ ਸੁਨਤਿ ਤਤਕਾਲਾ । ਉਠਯੋ ਉਠਾਈ ਤੁਰਤ ਬਿਸ਼ਾਲਾ।ਕੇਤਿਕ ਦੂਰ ਜਾਇ ਸੋ ਡਾਰੀ।ਤਿਹ ਛਿਨ ਸ੍ਰੀਗੁਰ ਗਿਰਾ ਉਚਾਰੀ ॥ ੨੫ ॥ 'ਮੂਲੇਸੁਤਾ ! ਪਿਖਹੁ ਮਨ ਗੁਨੀਏ । ਏ ਨਿਜ ਸੁਤ ਸੋ ਪਰਸੁਤ ਜਨੀਏ[7]।ਮਾਨਹਿੰ ਕਹਯੋ ਨ ਬਚਨ ਕਦਾਈ[8]।ਸੋ[9]ਆਇਸੁ ਅਨੁਸਾਰਿ ਸਦਾਈ ॥ ੨੬ ॥ ਦੋਹਰਾ ॥ ਨਹਿੰ ਕਿਸਹੂੰ ਕੇ ਕਰ ਬਿਖੈ ਸਭਿ ਕਰਤਾਰ ਅਧੀਨ।ਜਿਸ ਪਰ ਕਰੁਨਾ ਦ੍ਰਿਸ਼ਟਿ ਹੈ ਤਿਨਹਿ ਬਸਤੁ ਇਹ ਲੀਨਿ ॥੨੭॥ ਚੌਪਈ ॥ ਜਿਸ ਧਰਨੀ ਮਹਿੰ ਹੋਇ ਨਿਵਾਨਾ[10]।ਤਹਿੰ ਜਲ ਜਾਵਹਿ ਟਿਕਹਿ ਮਹਾਨਾ । ਟਿੱਬਾ ਜਹਾਂ ਉਚੇਰਾ ਹੋਈ । ਤਹਿੰ ਜਲ ਬੂੰਦ ਟਿਕੈ ਨਹਿੰ ਕੋਈ'॥੨੮॥ਸੁਨਿਕੈ ਬਚਨ ਦੇਖਿ ਨਿਜ ਨੈਨਾ। ਗਈ ਸੁਲਖਨੀ ਉਠਿ ਨਿਜ ਐਨਾ। ਕਿਤਿਕ ਦਿਵਸ ਜਬਿ ਬਿਤੇ ਬਹੋਰੀ । ਪਰਖਨ ਕੀ ਠਾਨੀ ਬਿਧਿ ਔਰੀ॥੨੯॥ ਭਵ ਅੰਬੁਧਿ ਤਾਰਨ ਗੁਰ ਪੋਤਾ[11]। ਜਾਮਨਿ ਏਕ ਭਾਉ ਨਿਜ ਸੋਤਾ[12]।ਉਭਯ ਤਾਤ[13] ਤਿਹ ਕਾਲ ਸਮੀਪਾ[14]।ਸ੍ਰੀ ਸਸਿ ਪ੍ਰਿਤ ਤਬ ਨਿਕਟ ਬੁਲੀਪਾ[15]॥੩੦॥'ਤਾਤ!ਸੰਬਰਾਨ[16]ਧੋਨਿ ਸਰ ਜਈਏ। ਸੋਖਿਤਕਰਿ[17]ਤੂਰਨਵਿਗ ਲਯਈਏ'।ਤਾਤ ਕਹਤਿ 'ਹਮ ਸੂਮਤ ਕਰੈਤੇ[18]।

[1]ਜੋ ਹੈ ਮਰੀ (ਭਾਵ ਚੂਹੀ)। [2]ਕੋਲ ਪਈ ਚੰਗੀ ਨਹੀਂ ਲਗਦੀ। [3]ਬਾਹਰ ਸੁਟ ਪਾਓ। [4]ਚੁਕਵਾਵਾਂ। [5]ਚੁੱਪ ਹੋ ਗਿਆ। [6]ਬਹੁਤੇ ਮਾਨ ਵਿਚ। [7]ਏਹ (ਦੇਖ ਲਖਮੀ ਚੰਦ, ਸ੍ਰੀ ਚੰਦ) ਆਪਣੇ ਪੁੱਤ੍ਰ (ਦਾ ਹਾਲ ਹੈ ਤੇ) ਓਹ ਜਾਣ ਲੈ ਪਰਾਏ ਪੁਤਰ (ਸ੍ਰੀ ਲਹਿਣਾ ਜੀ ਦੀ ਕਰਨੀ) । [8](ਆਪਣੇ ਪੁਤ੍ਰ) ਕਿਹਾ ਨਹੀਂ ਮੰਨਦੇ ਕਦੇ ਬੀ। [9]ਉਹ (ਭਾਵ ਲਹਿਣਾ ਜੀ)। [10]ਨਿਵਾਣ। [11]ਸੰਸਾਰ ਸਾਗਰ ਦੇ ਤਾਰਨ ਨੂੰ ਜਹਾਜ਼ ਰੂਪੀ ਗੁਰੂ ਜੀ। [12]ਆਪਣੇ ਰੰਗ ਵਿਚ ਸੁਤੇ ਪਏ ਸਨ। [13]ਦੋਨੋ ਪੁਤ੍ਰ। [14]ਪਾਸ ਸਨ। [15]ਸ੍ਰੀ ਚੰਦ ਜੀ ਨੂੰ ਤਦ ਕੋਲ ਸੱਦਿਆ। [16][illegible]। [17]ਸੁਕਾ ਕੇ। [18]ਹੱਥੀਂ [illegible] ਅਰਾਮ) ਕਰਦੇ ਹਾਂ। (ਅ) ਸਾਡੇ [illegible] ਕਰਦੇ ਹੋ।

Sri Satguru Jagjit Singh Ji eLibrary NamdhariElibrary@gmail.com

ਕੋਮਲ ਕਰ ਹਮ ਨਿਸਾ[1] ਠਰੈਤੇ ॥ ੩੧ ॥ ਬਾਸੁਰ ਹ੍ਵੈ, ਭ੍ਰਿਤ[2] ਧੋਕਰਿ ਲਜਾਵੈ। ਹਮ ਤੇ ਯਹਿ ਕ੍ਰਿਤ ਹੋਇ ਨ ਆਵੈ'। ਲਘੁ ਸੁਤ ਪ੍ਰਤਿ ਜਬਿ ਕਹਿ ਗੁਰ ਐਸੇ। ਪ੍ਰਤਿ ਉੱਤਰ ਸੋ ਕਹਤਿਹੁ 'ਕੈਸੇ[3]' ॥ ੩੨ ॥ ਜਬ ਲਹਿਣੇ ਪ੍ਰਤਿ ਸਤਿਗੁਰ ਭਾਖਾ। 'ਹਮ ਚਾਦਰ ਪੁਰਖਾ ਧੋ ਲਾ ਖਾ[4]'। ਤਬਹਿ ਉਠਯੋ ਲਹਿਣਾ ਬਡਭਾਗਾ । ਸਰਿ ਮਹਿੰ ਜਾ ਪਟ ਧੋਵਨ ਲਾਗਾ ॥ ੩੩ ॥ ਬਾਸੁਰ ਅਰਧ ਭਾਨੁ ਖਰਨ ਪਰਤੂ[5]। ਲਖਿ ਲਹਿਣੇ ਮਨ ਅਚਰਜ ਸਮਤੂ। ਧੋਇ ਸੁਕਾਇ ਚੈਲ[6] ਲੈ ਆਵਾ। ਧਰਿ ਸਤਿਗੁਰ ਢਿਗ ਭਾਲ ਨਿਵਾਵਾ। ੩੪ ॥ ਜਗਤੇਸ੍ਵਰ ਨਿਜ ਪਾਨ ਉਠਾਯੋ। ਕਹਿ 'ਸੁਮਤੇ! ਜਗ ਅਪਰ ਨ ਜਾਯੋ[7]।ਕਿਤਿਕ ਨਿਸਾਥੀ ਪਟ ਧੋ ਆਨੇ?'।'ਤੇਰੀ ਗਤਿ ਤੂੰ ਜਾਨਿ' ਬਖਾਨੇ[8] ॥ ੩੫ ॥ ਦੋਹਰਾ ॥ ਸਤਿਗੁਰ ਕਹਿ 'ਜੋ ਵਸਤੁ ਹੈ ਭਾਗ ਜਿਸੇ ਸੋ ਪਾਇ। ਬਿਨ ਭਾਗਾਂ ਨਹਿੰ ਮਿਲਤਿ ਹੈ ਕੋਟਿਕ ਜਤਨ ਕਮਾਇ' ॥ ੩੬ ॥ ਅਪਰ ਪਰੀਖਨਾ ਲੈਨ ਕੀ ਸਤਿਗੁਰ ਕੇ ਮਨ ਚਾਹਿ। ਇਕ ਦਿਨ ਸਿੱਖਨ ਕਰਿ ਬਲਤਿ[9],ਉਭਯ[10] ਤਾਤ ਢਿਗ ਆਹਿ ॥੩੭॥ ਚੌਪਈ॥ਹੁਤੀ ਸੁਲਖਣੀ ਢਿਗ ਤਿਹਕਾਲਾ। ਕੈਹਾਂ ਬਾਸਨ[11] ਲੀਨ ਕ੍ਰਿਪਾਲ। ਜੂਠ[12] ਨੀਰ ਕਰਦਮ ਗੰਭੀਰਾ। ਤਿਹ ਮਹਿੰ ਡਾਰਯੋ ਗੁਨੀ ਗਹੀਰਾ ॥੩੮॥ ਸਿਰੀਚੰਦ ਸੋਂ ਅਇਸੁ ਪ੍ਰਾਹੀ।'ਬਾਸਨ ਗਿਰਯੋ ਪੰਕ[13] ਕੇ ਮਾਂਹੀ। ਸੋ ਨਿਕਾਸਿ ਆਨਹੁ ਮਮ ਪਾਹੀ। ਜਲਹਿ ਪਖਾਰਿ ਸੁੱਚ ਕਰਿ[14] ਤਾਂਹੀ' ॥ ੩੯ ॥ ਦੋਹਰਾ ॥ ਸੋ ਸੁਨਿ ਕੈ ਬੋਲਯੋ ਬਚਨ 'ਗਰ ਬਹੁ ਮੋਲੇ ਚੀਰ। ਹਿਤ ਬਾਸਨ ਕੇ ਨਹਿ ਬਰੋਂ ਮਲਿਨ, ਜੂਠ[15] ਯਹਿ ਨੀਰ*॥੪੦॥ ਚੌਪਈ ॥ ਦਾਸ ਸਿੱਖ ਆਗੇ ਬਹੁ ਮੇਰੇ। ਮਾਨਹਿ ਬਚਨ ਨ ਕਰਹਿੰ ਦੇਰੇ। ਆਇਸੁ ਦੇਹੁ ਨਿਕਾਸੈਂ ਸੋਈ। ਮੈਂ ਕਾਢੋਂ ਮਹਿਮਾ ਘਟ ਹੋਈ' ॥੪੧॥ ਇਸ ਪ੍ਰਕਾਰ ਸੁਨਿਕੈ ਜਗਨਾਥਾ। ਬੋਲੇ ਪੁਨ ਦੂਸਰ ਸੁਤ ਸਾਥਾ।'ਲਖਮੀਦਾਸ ਨਿਕਾਸਹੁ ਜਾਈ।ਮਾਂਜਹੁ ਸੁਚਿ ਕਰਿਯੇ ਤਿਹ ਤਾਈ' ॥੪੨॥ ਸੁਨਤਿ ਸ੍ਰੌਨ ਤਿਨ ਬੈਨ ਬਖਾਨੋ।'ਪਿਤ ਜੀ! ਤੁਮਹੋ ਅਧਿਕ ਸਿਆਨੋ।

[1]ਰਾਤ ਵੇਲੇ । [2]ਦਾਸ। [3]ਮੁੜਕੇ ਉਤਰ ਉਸ ਨੇ ਬੀ ਆਖਿਆ, (ਮੈਂ) ਕਿਸ ਤਰ੍ਹਾਂ (ਧੋਵਾਂ)। [4]ਧੋ ਲਿਆ ਖਾਂ। [5]ਦਿਨ ਅੱਧਾ, (ਭਾਵ ਦੁਪਹਿਰ ਹੋ ਗਿਆ) ਤੇ ਧੁੱਪ ਪੈਣ ਲਗ ਪਈ। [6]ਕਪੜਾ। [7]ਹੇ ਸ੍ਰੇਸ਼ਟ ਬੁਧੀ ਵਾਲੇ ਤੇਰੇ ਜਿਹਾ ਜਗ ਵਿਚ ਹੋਰ ਨਹੀਂ ਕੋਈ ਜੰਮਿਆ। [8]ਕਿਹਾ ਸ੍ਰੀ ਲਹਿਣਾ ਜੀ ਨੇ। [9]ਸਿਖਾਂ ਨਾਲ ਘਿਰੇ ਹੋਏ ਬੈਠੇ ਸਨ। [10]ਦੋਨੋ। [11]ਕਾਂਸੀ ਦਾ ਬਰਤਨ। [12]ਜੂਠਾ, ਗੰਦਾ। [13]ਚਿੱਕੜ। [14]ਪਾਣੀ ਨਾਲ ਧੋ ਕੇ ਪਵਿੱਤ੍ਰ ਸਾਫ ਕਰਕੇ। [15]ਗੰਦਾ ਤੇ ਜੂਠਾ ਹੈ। *ਪਾ:-ਬਰੋਂ ਨਹਿ ਮਲਿਨ, ਜੂਠ ਯਹਿ ਨੀਰ।

Sri Satguru Jagjit Singh Ji eLibrary NamdhariElibrary@gmail.com

ਮੈਦ[1] ਕਾਮ ਹਮ ਪੈ ਕਰਿਵਾਵਹੁ। ਸਭਿ ਲੋਕਨ ਮਹਿ ਮਾਨ ਘਟਾਵਹੁ॥੪੩॥ ਇਸੀ ਪ੍ਰਕਾਰ ਤੁਮਾਰ ਸੁਭਾਊ। ਕਹਹੁ ਆਪ ਹਮ ਕਰੈਂ ਨ ਕਾਊ[2]। ਤਬਿ ਲਹਿਣੇ ਦਿਸ਼ ਕ੍ਰਿਪਾ ਨਿਧਾਨਾ। ਅਵਲੋਕਨੌ ਅਸ ਬਚਨ ਬਖਾਨਾ ॥ ੪੪ ॥ 'ਮਹਾਂ ਭਾਗ! ਕਰਦਮ[3] ਕੈ ਮਾਂਹੀ। ਜਾਇ ਨਿਕਾਸਿ ਸੁੱਛ ਕਰਿ[4] ਤਾਂਹੀ'। ਗਰ ਬਹੁ ਮੋਲੇ ਚੀਰ ਸੁਹਾਈ। ਸੁਨਿ ਆਇਸੁ ਨਹਿ ਦੇਰਿ ਲਗਾਈ ॥੪੫॥ ਕੂਦ ਪਰਯੋ ਕਰਦਮ ਕੇ ਮਾਂਹੀ। ਆਇਸੁ ਅਨੁਸਾਰੀ ਪੂਨ ਜਾਂਹੀ[5]। ਬਾਸਨ ਕੋ ਨਿਕਾਸਿ ਲੈ ਆਵਾ। ਮਾਂਝ ਪਖਾਰਯੋ ਭਲੋ ਬਨਾਵਾ ॥ ੪੬ ॥ ਪੰਕ ਸੰਗ ਪਟ ਭੁਏ ਮਲੀਨਾ। ਅੰਗ ਨ ਲਗਯੋ ਜਾਤ ਨਹਿ ਚੀਨਾ[6]। ਸਰਬ ਬਿਲੋਕਿ ਬਿਸਮ ਮਤਾ ਠਾਨੀ। 'ਧੰਨਧੰਨ' ਕਹਿ ਕੋਤਿਕ ਬਾਨੀ ॥ ੪੭ ॥ ਗੁਰ ਸਿੱਖੀ ਤਿੱਖੀ ਅਸਿ ਹੂੰਤੇ[7]। ਧੰਨ ਸਿ ਨਰ ਜੋ ਜਾਇ ਪਹੂੰਚੇ।ਅਧਿਕ ਪ੍ਰਸੀਦੇ ਕ੍ਰਿਪਾ ਨਿਧਾਨਾ। ਮ੍ਰਿਦੁਲ ਸੁਮਤਿ[8] ਸੌਂ ਬਚਨ ਬਖਾਨਾ ॥ ੪੮ ॥ ਦੋਹਰਾ ॥ 'ਕਰ ਜੋਰੇ ਕਰਤਾਰ ਕੋ ਬੰਦਨ ਕਰਿ ਸਿਰ ਨਾਇ। ਤਵ ਸਮਤਾ ਨਹਿ ਅਪਰ ਮਹਿ, ਅਤਿ ਉਤੰਗ ਪਦ ਪਾਇ[9]' ॥੪੯॥ ਚੌਪਈ ॥ ਸੁਨਿ ਲਹਿਣੇ ਗਹਿ ਪਦ ਅਰਬਿੰਦਾ। ਧਰਯੋ ਸੀਸ ਲਹਿ ਰਿਦੇ ਅਨੰਦਾ। ਬਹੁਰੋ ਕਿਤਿਕ ਬਿਤਾਯੋ ਕਾਲਾ। ਸੇਵਹਿ ਸ੍ਰੀ ਗੁਰ ਚਰਨ ਰਸਾਲਾ ॥੫੦॥ ਇਕ ਦਿਨ ਬੁੜੇ ਕੇ ਮਨ ਆਈ।–ਹੌਂ ਭੀ ਸੇਵ ਕਰਉਂ ਅਧਿਕਾਈ[10]*। ਸਦਾ ਰਹਉਂ ਆਇਸੁ ਅਨੁਸਾਰੀ। ਤਦਪਿ ਕ੍ਰਿਪਾ ਲਹਿਣੇ ਪਰ ਭਾਰੀ†–॥੫੧॥ ਅੰਤਰਜਾਮੀ ਸ੍ਰੀ ਗੁਰਜਾਨੀ। ਤਿਸ ਕੇ

[1]ਮੈਲਾ। [2]ਤੁਸੀਂ (ਪਏ) ਆਖੋ ਅਸਾਂ ਕਰਨਾ ਕੋਈ ਨਹੀਂ। [3]ਚਿੱਕੜ। [4]ਪਵਿੱਤ੍ਰ ਕਰ। [5]ਜਿਸਦਾ ਪ੍ਰਣ ਸੀ। [6](ਪਰ) ਅੰਗਾਂ ਨੂੰ (ਚਿੱਕੜ) ਲੱਗਾ ਨਹੀਂ ਦਿਸਦਾ। (ਅ) ਐਸੇ ਅੰਗ ਚਿੱਕੜ ਨਾਲ ਲਿਬੜ ਗਏ ਕਿ ਸ੍ਰੀ ਲਹਿਣਾ ਜੀ ਪਛਾਣੇ ਹੀ ਨਾ ਜਾਣ। [7]ਤਲਵਾਰ ਨਾਲੋਂ। [8]ਭਾਵ ਸ੍ਰੀ ਲਹਿਣਾ ਜੀ। [9]ਉੱਚਾ ਮਰਤਬਾ ਪਾਏਂਗਾ। [10]ਕਰਦਾ ਹਾਂ ਬਹੁਤੀ।

*ਪਾ:–ਮਨ ਲਾਈ।

†ਹੋਰਨਾਂ ਦੀ ਸੇਵਾ ਤੇ ਸ੍ਰੀ ਪਰਮ ਪਵਿੱਤ੍ਰ ਲਹਿਣਾ ਜੀ ਦੀ ਸੇਵਾ ਵਿੱਚ ਇਹ ਫਰਕ ਹੈ, ਕਿ ਆਪ ਸ੍ਰੀ ਗੁਰੂ ਜੀ ਦੇ ਪ੍ਰੇਮ ਵਿੱਚ ਖਿੱਚੇ ਹੋਏ, ਕਿਸੇ ਚਾਉ ਪਜਾਰ ਤੇ ਬੇਦਾਗ਼ ਖਿੱਚ ਵਿੱਚ ਸੇਵਾ ਕਰਦੇ ਹਨ। ਉਨ੍ਹਾਂ ਨੂੰ ਇਹ ਖ਼ਯਾਲ ਨਹੀਂ ਕਿ ਸੇਵਾ ਕੋਈ ਵਸੀਲਾ ਹੈ ਕਿਸੇ ਪ੍ਰਾਪਤੀ ਦਾ ਓਹ ਸਤਿਗੁਰ ਕਮਲ ਦੇ ਭਵਰੇ ਹਨ ਤੇ ਗੈਰ ਹਜ਼ੂਰੀ ਝੱਲ ਨਹੀਂ ਸੱਕਦੇ, ਜੋ ਆਗਯਾ ਹੁੰਦੀ ਹੈ ਉਸਦੀ ਪਾਲਨਾ ਉਨ੍ਹਾਂ ਤੋਂ ਬੇਦ੍ਰੇਸੇ ਕਿਸੇ ਰੰਗ ਰੱਤੜੀ ਬੇਖ਼ੁਦੀ ਵਿਚ ਹੁੰਦੀ ਹੈ, ਸਤਿਗੁਰੂ ਦਾ ਪ੍ਰਸੰਨ ਬਦਨ ਉਨ੍ਹਾਂ ਦੀ ਜੀਵਨ ਆਧਾਰ ਹੈ, ਉਸ ਸਦਾ ਖਿੜੇ ਚੇਹਰੇ ਦੀ ਸਦਾ ਪ੍ਰਸੰਨਤਾ ਉਨ੍ਹਾਂ ਦੇ ਕਰਨ

[ਬਾਕੀ ਨੂਟ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

ਪਰਖਨ ਕੀ ਬਿਧਿ ਠਾਨੀ। ਹੁਤੇ ਨਿਸਾ ਇਕ ਦੇ ਦ੍ਵੈ ਪਾਸਾ। ਬੋਲੇ ਬਚਨ ਤਬਹਿ ਸੁਖਰਾਸਾ ॥ ੫੨ ॥ 'ਬੁੜੇ ਵਹਿਰ ਨਿਕਸਿਕੇ ਦੇਖਿ[1]। ਕਿਤਿਕ ਜਾਮਨੀ ਹੈ ਅਬਿ ਸੇਖ[2]। ਜੇਤੀ ਰਹੀ ਬਤਾਵਹੁ ਸੋਊ। ਕਾਲ ਸ਼ਨਾਨ ਭਯੋ ਕਿ ਨ ਹੋਊ[3]" ॥੫੩॥ ਨਿਕਸਨੋ ਬੁੜਾ ਦੇਖਿ ਬਤਾਈ। 'ਅਰਧ ਨਿਸਾ ਅਬਿ ਹੈ ਗਤਿਦਾਈ!' ਗੁਰੂ ਕਹਨੋ 'ਏਤੀ ਅਬ ਨਾਂਹੀ। ਏਕੈ ਜਾਮ ਜਾਮਨੀ ਆਹੀ॥੫੪॥ ਭਲੀ ਪ੍ਰਕਾਰ ਬਿਲੋਕਿ ਬਹੋਰੀ। ਦੇਹੁ ਬਤਾਇ ਖੋਇ ਮਤਿ ਭੋਰੀ[4]"। ਤਬ ਬੁੜੇ ਪਿਖਿ ਨੀਕੀ ਭਾਂਤੀ। ਕਹਨੋ 'ਪ੍ਰਭੁ ਜੀ ! ਆਧੀ ਰਾਤੀ ॥੫੫॥ ਜਾਮ ਨਹੀਂ[5], ਮੈਂ ਦੇਖੀ ਨੀਕੇ'। ਸੁਨਿ ਬੋਲੇ ਪ੍ਰਿਯ ਸਿੱਖਨ ਜੀਕੇ। 'ਏਕੈ ਜਾਮ ਜਾਮਨੀ ਹੋਈ। ਤੈਂ ਨਹਿ ਪਿਖੀ ਭਲੀ ਬਿਧਿ ਸੋਈ' ॥੫੬॥ ਬਹੁਰੋ ਬੂੜੇ ਦੇਖਿ ਅਕਾਸ਼[6]। 'ਅਰਧ ਰਾਤ੍ਰਿ ਅਬ ਹੈ ਸੁਖਰਾਸਾ!'।ਤੀਨਬਾਰ ਯੌਂ ਬਚਨ ਹਟਾਏ। ਸ੍ਰੀ ਗੁਰ ਕੋ ਆਸ਼ੈ ਨਹਿ ਪਾਏ ॥੫੭॥ ਲਹਿਣੇ ਸੋਂ ਬੋਲੇ ਗਤਿਦਾਈ। 'ਤੂੰ ਅਵਲੋਕ ਵਹਿਰ ਅਬ ਜਾਈ। ਜੇਤੀ ਨਿਸ ਹੈ ਦੇਹੁ ਬਤਾਈ'। ਨਿਕਸਯੋ ਤੁਰਨ ਦੇਰਿ ਨ ਲਾਈ॥ ੫੯ ॥ ਉਡਗਨ[7] ਕੋ ਬਿਲੋਕਿ ਕਹਿ ਬਾਨੀ। 'ਅਰਧ ਨਿਸਾ ਅਬ ਸ੍ਰੀ ਗੁਨ ਖਾਨੀ'। ਗੁਰ ਬੋਲੇ

---

[1]ਵੇਖੀਂ। [2]ਬਾਕੀ। [3]ਇਸ਼ਨਾਨ ਦਾ ਵੇਲਾ ਹੋਇਆ ਕਿ ਨਹੀਂ ਹੋਇਆ। [4]ਭੋਲੀ ਮਤ ਗੁਆਕੇ ਭਾਵ ਖਬਰਦਾਰੀ ਨਾਲ(ਵੇਖਕੇ)। [5]ਪਹਿਰ(ਬਾਕੀ)ਨਹੀਂ। [6]ਅਕਾਸ਼ ਦੇਖਕੇ(ਕਿਹਾ)। [7]ਤਾਰਿਆਂ।

[redacted] [ਪਿਛਲੇ ਪੰਨੇ ਦੀ ਬਾਕੀ ਟੂਕ]

ਦਾ ਕਾਰਣ ਤੇ ਪ੍ਰਯੋਜਨ ਹੈ।

ਦੂਸਰੇ ਬੀ ਸਿੱਖ ਹਨ, ਸੇਵਾ ਕਰਦੇ ਹਨ, ਉਨ੍ਹਾਂ ਦੇ ਅੰਦਰ ਬੀ ਭਾਵਨਾ ਹੈ, ਸ੍ਰਧਾ ਹੈ, ਪਰ ਓਹ ਜਾਣਦੇ ਹਨ ਕਿ ਸੇਵਾ ਨਾਲ ਰੀਝਦੇ ਹਨ ਤੇ ਰੀਝ ਕੇ ਕੁਛ ਦਾਨ ਕਰਦੇ ਹਨ। ਭਾਵੇਂ ਸਥੂਲ ਭਾਵੇਂ ਸੂਖਮ ਤੋਂ ਸੂਖਮ ਉਨ੍ਹਾਂ ਨੂੰ ਸੇਵਾ ਤੋਂ ਫਲ ਦੀ ਅਕਾਂਖਯਾ ਰਹਿੰਦੀ ਹੈ।

ਹੁਣ ਸਿੱਖਾਂ ਦੇ ਸਿਰਮੌਰ ਪਰਮ ਸਤਿਕਾਰ ਜੋਗ ਭਾਈ ਬੁੱਢਾ ਜੀ ਨੂੰ ਬੀ ਇਹ ਸੰਕਲਪ ਲੰਘਿਆ ਹੈ ਕਿ ਲਹਿਣਾ ਜੀ ਪਰ ਕ੍ਰਿਪਾ ਵਿਸ਼ੇਸ਼ ਹੈ, ਭਾਵੇਂ ਮੈਂ ਬੀ ਸੇਵਾ ਕਰਦਾ ਹਾਂ। ਇਹੋ ਜੇਹੀ ਕੋਈ ਰੇਖਾ ਭੀ ਸ੍ਰੀ ਸੁਹਣੇ ਲਹਿਣਾ ਜੀ ਦੇ ਅੰਦਰ ਨਹੀ ਹੈਸੀ।

ਗੁਰ ਨਾਨਕ ਦੇਵ ਜੀ ਨੂੰ ਪਰਖਣ ਦੀ ਲੋੜ ਬੀ ਨਹੀਂ, ਓਹ ਬਿਨਾ ਪਰਖੇ ਜਾਣ ਰਹੇ ਹਨ, ਪਰ ਸੰਗਤ ਪਰ ਵਿਦਤ ਕਰਨਾ ਚਾਹੁੰਦੇ ਹਨ ਕਿ ਸ੍ਰੀ ਲਹਿਣਾ ਜੀ ਸਭ ਤੋਂ ਉੱਚੇ ਹਨ। ਇਹ ਬੀ ਸਮਝਣਾ ਭੁੱਲ ਹੈ ਕਿ ਆਪ ਸੇਵਾ ਦੇ ਲੋੜਕੂ ਸਨ, ਤੇ ਸੇਵਾ ਦੇ ਬਦਲੇ ਫੁਰਿਆਈ ਦੇਂਦੇ ਹਨ, ਜੋ ਆਪਣੇ ਸ਼ਰੀਰਕ ਬੁਢੇਪੇ ਵਿਚ ਪਿਛਲੀ ਰਾਤ ਜਲ ਵਿਚ ਜਾ ਖੜੋਂਦੇ, ਰੋੜਾਂ ਤੇ ਸੌਂਦੇ ਹਨ ਉਨ੍ਹਾਂ ਨੂੰ ਸੇਵਾ ਦੀ ਕੋਈ ਲੋੜ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

'ਦੇਖਹੁ ਤੁਮ ਨੀਕੇ । ਜਾਮ[1] ਜਾਮਨੀ[2] ਹੈ ਅਬ ਠੀਕੇ' ॥ ੫੯ ॥ ਦੋਹਰਾ ॥ ਲਹਿਣਾ ਰਿਦੈ ਬਿਚਾਰਈ–ਹੈ ਆਧੀ ਹੀ ਰਾਤਿ । ਤੱਦਨਪ ਗੁਰੁ ਸੁਹਾਵ* ਜੋ, ਸੋ ਨਹਿ ਜਾਨਨੋ ਜਾਤਿ[3]–॥ ੬੦ ॥ ਚੌਪਈ ॥ ਇਉਂ ਮਨ ਗੁਨਿ ਕੇ ਬੈਨ ਅਲਾਇ । 'ਪ੍ਰਭੁ ਮਮ ਨੈਨ ਹੁਤੇ ਅਲਸਾਇ । ਭੂਲ ਕਹਨੋ ਮੈਂ ਆਧੀ ਰਾਤੀ। ਜਾਮ ਏਕ ਹੀ ਅਬਿ ਸੁਧ ਜਾਤੀ ॥੬੧॥ ਜਿਤਨੀ ਨਿਸਾ ਬਿਤਾਈ ਰਾਉਰ[4] । ਤਿਤਨੀ ਥਿਤੀ ਨ ਮੈਂ ਲਖਿ ਬਾਉਰ। ਅਬ ਜਿਤਨੀ ਰਾਖੀ ਸੋ ਰਹੀ॥ਸਰਬ ਕਾਲ ਕੇ ਕਰਤਾ ਤੁਹੀ ॥੬੨॥ ਭਈ ਅਵੱਗਯਾ ਛਿਮਾ ਕਰੀਜੈ । ਅਉਗਣ-ਹਾਰ ਸਦਾ ਬਖਸ਼ੀਜੈ । ਮੰਦ ਮਤੀ ਮੈਂ ਪਿਖਨੋ ਨ ਨੀਕੇ । ਬੋਲਨੋ ਕੂਰ† ਤੁਮਾਰ ਨਜੀਕੇ' ॥ ੬੩ ॥ ਸੁਨਿਕੇ ਪਰਮ ਪ੍ਰਸੀਦੇ ਦਯਾਲਾ । ਲਖਨੋ–ਸਰਬ

[1]ਪਹਿਰ । [2]ਰਾਤ । [3]ਭਾਵ ਸੁੰਦਰਤਾ, ਉਹਨਾਂ ਦੇ ਥੋੜ੍ਹੇ ਬਚਨ ਵਿਚੋਂ ਕੇਹੜੀ ਸੁੰਦਰਤਾ ਨਿਕਲ ਪੈਂਦੀ ਹੈ (ਓਹ ਅਸੀ ਦਾਸ) ਸਮਝ ਨਹੀਂ ਸਕਦੇ । [4]ਆਪ ਨੇ । *ਪਾ:–ਸੁਭਾਵ ।

†ਸ੍ਰੀ ਲਹਿਣਾ ਜੀ ਨੇ ਇਸ ਵੇਲੇ ਬੀ ਝੂਠ ਨਹੀਂ ਬੋਲਿਆ, ਨਾ ਸੱਚ ਨੂੰ ਕੂੜ ਕਹਿਣ ਦੀ ਲੋੜ ਪਈ ਸੀ। ਅਸਲ ਸਾਖੀ ਜਿਵੇਂ ਬੀਤੀ ਮਹਿਮਾ ਪ੍ਰਕਾਸ਼ ਵਿਚ ਜੋ ਸ੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਪੁਰਾਤਨ ਗ੍ਰੰਥ ਹੈ ਇਸ ਪ੍ਰਕਾਰ ਹੋਈ ਲਿਖੀ ਹੈ–

ਸੋਰਠਾ ॥ ਦਿਵਸ ਏਕ ਪ੍ਰਭੁ ਦਿਆਲ ਨਿਸ ਸੋਕ ਕਰਿਓ ਅਨੰਦ ਜੁਤ ॥ ਭਈ ਅਰਧ ਰੈਨ ਜਬ ਕਾਲ ਸਭੋ ਦਿਆਲ ਪ੍ਰਸ਼ਨ ਕੀਆ ॥ ੧ ॥ ਚੌਪਈ ॥ ਬਾਬਾ ਜੀ ਪੂਛੀ ਬਿਰਤ ਬਿਨਾਣੀ ॥ ਹੇ ਬੁਢਾ ਨਿਸ ਕੌਤਿਕ ਬੀਤਾਣੀ ॥ ਬੁਢੇ ਸਮਝ ਮਨ ਬਾਤ ਬਖਾਣੀ ॥ ਪ੍ਰਭੂ ਅਰਧ ਰੈਨ ਊਪਰ ਬੀਤਾਣੀ ॥ ੨ ॥ ਪੁਨ ਭਗੀਰਥ ਸੋਂ ਪ੍ਰਭੁ ਕਹਾ ॥ ਤੁਮ ਬੂਝ ਕਹੋ ਨਿਸ ਕੌਤਿਕ ਰਹਾ ॥ ਕਹੀ ਭਗੀਰਥ ਬੂਝ ਸੁਜਾਣੀ ॥ ਅਰਧ ਰੈਨ ਬੀਤੀ ਪ੍ਰਭੁ ਗਿਆਣੀ ॥ ੩ ॥ ਪੁਨ ਸਾਧਾਰਨ ਸੋਂ ਪ੍ਰਭੁ ਕਹੀ ॥ ਕਹੋ ਮੀਤ ਨਿਸ ਕੌਤਿਕ ਰਹੀ ॥ ਕਹੀ ਸਮਝ ਸਾਧਾਰਨ ਆਧੀ ਰਾਤ ॥ ਬੀਤ ਗਈ ਪ੍ਰਭੁ ਸੋਂ ਕਹੀ ਬਾਤ ॥ ੪ ॥ ਸੁਨ ਬਚਨ ਬਿਸਾਲ ਬਾਬਾ ਜੀ ਹਸੇ ॥ ਪੁਨ ਪੂਛਾ ਸਾਹਿਬ ਹਰ ਰੰਗ ਰਸੇ ॥ ਤੁਮ ਤੇ ਪਰੇ ਗੁਝਿ ਕਛੁ ਨਾਹੀ ॥ ਰਾਤ ਕੀ ਬੂਝ ਕੈਸੇ ਤੁਮ ਆਹੀ ॥ ੫ ॥ ਦੋਹਰਾ ॥ ਸਭਹਨ ਬਾਤ ਬਿਚਾਰ ਕੇ ਕਰ ਜੋਰ ਕਰੀ ਅਰਦਾਸ ॥ ਹਮ ਖੇਤੀ ਰਾਖਿ ਨਿਸ ਜਗੇਂ ਦੇਖ ਤਾਰੇ ਕਰਿਓ ਅਭਿਆਸ ॥ ੬ ॥ ਚੌਪਈ ॥ ਪੁਨ ਬਾਬਾ ਲਹਣਾ ਜੀ ਸੋਂ ਬੋਲੇ ॥ ਅੰਮ੍ਰਿਤ ਬਚਨ ਪ੍ਰੇਮ ਰਸ ਘੋਲੇ ॥ ਹੇ ਪੁਰਖਾ ਨਿਸ ਕੌਤਿਕ ਗਈ ॥ ਬਾਕੀ ਕੌਤਿਕ ਹੈ ਅਬ ਰਹੀ ॥ ੭ ॥ ਕਰ ਜੋਰ ਲਹਣਾ ਜੀ ਬਿਨਤੀ ਕੀਨਾ ॥ ਤੁਮ ਸਭ ਕਿਛੁ ਜਾਨੋ ਦਿਆਲ ਪ੍ਰਬੀਨਾ ॥ ਰਾਤ ਦਿਵਸ ਤੁਮਰੇ ਹੈ ਕੀਆ ॥ ਤੁਮ ਬਿਨ ਅਵਰ ਨ ਜਾਨਤ ਬੀਆ ॥ ੮ ॥ ਲਾਗੀ ਲਗਨ ਮਨ ਚਰਨ ਸਰੋਜਨ ॥ ਨਿਸ ਦਿਨ ਸੋਂ ਕਛੁ ਨਹੀਂ ਪਰੋਜਨ ॥ ਚਾਤ੍ਰਿਕ ਬੂੰਦ ਕਿਰਖੀ ਕੋ ਮੇਂਹੁ । ਹਮਰੋ ਪ੍ਰਭੁ ਚਰਨ ਕਮਲ ਸੋਂ ਨੇਹੁ ॥ ੯ ॥ ਪ੍ਰਭੁ

[ਬਾਕੀ ਨੂਟ ਏਥੋਂ ਅਗਲੇ ਪੰਨੇ ਤੇ ਦੇਖੋ]

Sri Satguru Jagjit Singh Ji eLibrary NamdhariElibrary@gmail.com

ਤੇ ਦਾਸ ਬਿਸਾਲਾ। ਤਾਉ ਕਸੌਟੀ ਉਤਰਯੋ ਪੂਰਾ। ਬਾਰਹਿਬੰਨੀ[1] ਭਯੋ ਸੁ ਰੂਰਾ॥ ੬੪ ॥ ਪਰਖਯੋ ਸੇਵਕ ਸਭਿਹੀ ਭਾਂਤੀ। ਕਮਤੀ ਰਹੀ* ਨ ਜਾਨੀ ਜਾਤੀ। ਉਚਿਤ ਖ਼ਜ਼ਾਨੇ ਪਾਵਨ-ਦੇਖਾ। ਕਰੀ ਕ੍ਰਿਪਾ ਪਰਸੀਦ ਬਿਸ਼ੇਖ॥੬੫॥ ਭਖਤ ਦੈਨ ਕੀ ਮਨ ਬਿਧਿ ਆਨੀ-ਪਲਟੌਂ ਬੇਖ[2]-ਭਲੇ ਉਰ ਠਾਨੀ। ਸੁਖ ਸਾਗਰ ਪੂਰਨ ਅਬਿਨਾਸ਼ੀ। ਜੋ ਕਾਟਤਿ ਸੇਵਕ ਜਮ ਫਾਸੀ॥੬੬॥ਸ੍ਵੈਯਾ॥ਰੂਪ ਨ,ਰੇਖ ਨ,ਰੰਗ ਨ,ਰਾਗ ਨ, ਰੋਗ,ਨ ਸੋਗ ਅਕਾਲ ਸਦਾਇ।ਪੂਰਨ ਸ੍ਰੀਪਰਮੇਸ਼ੁਰ ਜੋ ਪੁਰਸ਼ੋਤਮ ਪਾਰ ਨਹੀਂ ਕਿਹ[3]ਪਾਇ। ਪਾਤ[4] ਨ,ਜਾਤ ਨ,ਮਾਤ ਨ,ਭ੍ਰਾਤ ਨ,ਭ੍ਰਾਤ ਨ,ਬੇਦ ਅਨੰਤ ਅਲਾਇ।ਸੋ ਕਰਤਾਰ ਧਰਾ[5] ਅਵਤਾਰ ਧਰਾ ਪਹਿ[6] ਨਾਨਕ ਰੂਪ ਸੁਹਾਏ ॥੬੭॥ ਜੰਗਮ ਔ ਜੜ੍ਹ ਜਾਹਿ ਰਚੇ,ਨਰ ਨਾਰਿਨ ਕੇ ਜਿਹ ਚਿੰਨ੍ਹ ਬਨਾਇ। ਜੋਤਿ ਸਰੂਪ ਅਨੂਪਮ ਰੂਪਹੈ, ਭੂਪਨ ਭੂਪ ਸੁ ਰਾਵਨ ਰਾਏ[7]। ਆਦਿ[8], ਅਨਾਦਿ[9], ਅਗਾਧਿ[10] ਅਬਾਧ[11], ਅਰਾਧਤਿ[12] ਸਾਧ ਸਦਾ ਚਿਤਲਾਏ[13]। ਸੋ ਗੁਰ ਨਾਨਕ ਠਾਨਿ ਲਈ ਮਨ-ਅੰਗਦ ਦੇਹਿ ਮੈਂ ਜਾਉਂ ਸਮਾਏ-॥੬੮॥ਸ੍ਰੀ ਪਰਮਾਤਮ ਬਜਾਪਕ, ਬਾਪਕ[14], ਖਾਪਕ[15] ਹੈ,ਭਵ ਤਾਪ ਮਿਟਾਏ। ਪਾਪ ਕਲਾਪ[16] ਨਸੈਂ ਜਿਹ ਜਾਪ ਤੇ,ਆਪ ਹੀ ਆਪ ਅਮਾਪ[17] ਰਹਾਏ। ਸ੍ਰੀ ਜਗ ਕਾਰਨ, ਦੰਭ ਬਿਦਾਰਨ[18], ਦਾਸ ਉਧਾਰਨ ਜਾਂ ਬਿਰਦਾਏ[19]। ਸੋ ਗੁਰ ਨਾਨਕ ਜੀਅ ਠਟੀ-ਲਹਿਣੇ ਤਨ ਬੀਰ ਬਿਰਾਜਹੁੰ ਜਾਏ-॥੬੯॥ ਦੋਹਰਾ॥ ਕਰਿ ਸ਼ਨਾਨ ਐਰਾਵਤੀ[20] ਗਮਨੇ ਉਠਿ ਭੁਨਸਾਰ। ਸੇਵਾ ਹਿਤ ਲਹਿਣਾ ਚਲਯੋ ਜਾਂਕੇ

[1]ਬਾਰਾਂ ਅੱਗਾਂ ਦਾ ਤਾਉ ਸਹਿ ਚੁਕਾ ਸੋਨਾ, ਭਾਵ ਸ਼ੁਧ। [2]ਜਾਮਾਂ ਪਲਟਾਂ। [3]ਕਿਸੇ ਨੇ। [4]ਪੰਗਤੀ, ਸ਼੍ਰੇਣੀ। [5]ਧਰਿਆ। [6]ਧਰਤੀ ਉਤੇ। [7]ਰਾਜਿਆਂ ਦੇ ਰਾਜੇ। [8]ਮੁੱਢਲਾ। [9]ਜਿਸ ਦਾ ਆਦਿ ਨਹੀਂ। [10]ਡੂੰਘਾ, ਅਥਾਹ। [11]ਪੀੜਾ ਰਹਿਤ, ਨਿਰਵਿਘਨ, ਅਪਾਰ। [12]ਸਿਮਰਦੇ ਹਨ। [13](ਜਿਸ ਨੂੰ) ਸੰਤ ਸਦਾ ਚਿਤ ਲਾਕੇ। [14]ਬਾਪਕ ਵਾਲਾ। [15]ਖੇ ਕਰਤਾ। [16]ਸਮੂਹ। [17]ਮਾਪ ਰਹਿਤ। [18]ਜਗਤ (ਦਾ) ਮੂਲ ਤੇ ਦੰਭ ਨਾਸ਼ ਕਰਤਾ। [19]ਜਿਸ ਦਾ ਬਿਰਦ ਹੈ। [20]ਇਸ਼ਨਾਨ ਕਰਨ ਨੂੰ ਰਾਵੀ ਵਿਚ। *ਪਾ:-ਗਹੀ। ਕਹੀ।

[ਪਿछਲੇ ਪੰਨੇ ਦੀ ਬਾਕੀ ਤੁਕ]

ਅੰਤਰਜਾਮੀ ਜਾਨੀ ਜਾਨ ॥ ਸਰਧਾ ਰਾਖਨ ਪਰਮ ਸੁਜਾਨ ॥ ਰਾਤ ਦਿਵਸ ਜਾਨਤ ਹਮ ਨਾਹੀ ॥ ੧੦ ॥ ਦੋਹਰਾ ॥ ਸੁਨਤ ਬਚਨ ਬਾਬਾ ਬਿਗਸਾਨੇ ਬੁਧਾ ਪਰਮ ਸਨੇਹ ॥ ਪ੍ਰੇਮ ਬਾਰੀ ਬੋਈ ਇਨੈ ਸਿੰਚਤ ਸਦ ਜਲ ਨੇਹ ॥ ੧੧ ॥ [ਸਾਖੀ ੫੬।

ਇਸ ਤੋਂ ਸਫੁਟ ਹੈ ਕਿ ਬਾਕੀ ਸਿਖ ਗੋਣਤੀ ਦੇ ਘਰ ਹਨ। ਸ੍ਰੀ ਲਹਿਣਾ ਜੀ ਗਿਣਤੀ ਤੋਂ ਪਾਰ ਦੇਸ਼ ਕਾਲ ਤੋਂ ਦੂਰ, ਕਿਸੇ ਵਿਸਮਾਦ ਦੇ ਘਰ ਵਸਦੇ ਹੋਏ ਬੋਲੇ ਹਨ, ਜਿਥੇ ਗੁਰੂ ਜੀ ਉਨ੍ਹਾਂ ਨੂੰ ਸਦਕਾ ਦੇ ਬੀ ਕਰਤਾ ਦਿੱਸ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਚਰਨ ਅਧਾਰ[੧] ॥ ੭੦ ॥ ਚੌਪਈ ॥ ਜਾਇ ਤੀਰ ਪਰ ਬਸਤ੍ਰ ਉਤਾਰੇ। ਸ੍ਰੀ ਗੁਰ ਪ੍ਰਵਿਸ਼ੇ ਨੀਰ ਮਝਾਰੇ। ਕਰਿ ਸ਼ਨਾਨ ਮਧ ਠਾਂਢੇ ਰਹੇ। ਜਿਨ ਬਹੁ ਦਾਸਨ ਕੇ ਦੁਖ ਦਹੇ ॥੭੧॥ ਤਿਹ ਛਿਨ ਲਹਿਣੇ ਕੀਨ ਸ਼ਨਾਨਾ। ਬੈਠ੍ਯੋ ਤਟ ਪਰ ਲਾਇ ਧਿਆਨਾ। ਦਸਵੇਂ ਦ੍ਵਾਰੇ ਸ੍ਵਾਸ ਟਿਕਾਯੋ। ਪ੍ਰੇਮ ਨਿਮਗਨ ਧ੍ਯਾਨ ਰਸ ਆਯੋ ॥ ੭੨ ॥ ਜੋ ਸਰੂਪ ਸ੍ਰੀ ਨਾਨਕ ਸੁੰਦਰ। ਸੋ ਠਹਿਰ੍ਯੋ ਰਿਦੇ ਕੇ ਅੰਦਰ। ਭਯੋ ਬਿਦੇਹਿ ਦੇਹਿਸੁਧ[੨] ਨਾਂਹੀ। ਸੁਖ ਅਮੋਲ ਪਾਇਓ ਉਰ ਮਾਂਹੀ ॥੭੩॥ ਨਿਸ਼ਚਲ ਬੈਠ੍ਯੋ ਧ੍ਯਾਨ ਨਿਮਗਨਾ। ਗੁਰ ਸਰੂਪ ਕੀ ਇਕ ਲਿਵ ਲਗਨਾ। ਸ੍ਰੀ ਗੁਰ ਬੰਧੇ ਪ੍ਰੇਮ ਕੀ ਡੋਰੀ। ਨਿਜ ਤਪ ਕਰਨ ਦੀਨ ਤਬ ਛੋਰੀ ॥੭੪॥ ਤਟ ਪਰ ਆਇ ਦਾਸ ਕੋ ਹੇਰਾ। ਜਿਹ ਸੁਧ ਨਹਿੰ ਤਨ ਕੀ ਤਿਸ ਬੇਰਾ। ਵਹਿਰ ਰੂਪ ਨਹਿੰ ਪਿਖੇ ਅਨੂਪਾ[੩]। ਅੰਤਰ ਧ੍ਯਾਨ ਰੂਪ ਅਨੁਰੂਪਾ[੪] ॥ ੭੫ ॥ [੫]ਤਿਹਛਿਨ ਰੂਪ ਧ੍ਯਾਨ ਮਹਿ ਜੋਊ। ਲਹਿਣੇ ਤੇ ਛਿਪਾਇ ਲਿਯ ਸੋਊ। ਤਬਿ ਸੰਭ੍ਰਮ[੬] ਹੁਇ ਖੁਲੇ ਬਿਲੋਚਨ। ਦੇਖੇ ਆਗੇ ਸੋਚ ਬਿਮੋਚਨ॥੭੬॥ ਹਾਥ ਬੰਦਿ ਕੈ ਕੀਨ ਪ੍ਰਣਾਮਾ। ਲੇ ਨਿਜ ਸੰਗ ਚਲੇ ਸੁਖਧਾਮਾ। ਧਰਮਸਾਲ ਮਹਿ ਆਨਿ ਬਿਰਾਜੇ। ਜੋ ਸਿੱਖਨ ਕੇ ਸਭਿ ਸੁਖ ਛਾਜੇ[੭]*॥੭੭॥ ਲਹਿਣੇ ਕੋ ਬਿਠਾਇ ਤਿਹ ਕਾਲਾ। ਸੰਗਤਿ ਸਰਬ ਬੁਲਾਇ ਬਿਸਾਲਾ। ਦੋਨੋ ਸੁਤ ਕੋ ਨਿਕਟਿ ਹਕਾਰਾ। ਆਇ ਤਬੈ ਧ੍ਰਮਸਾਲ ਮਝਾਰਾ ॥੭੮॥ ਲਹਿਣੇ ਕੋ ਕਰੁਣਾ ਯੁਤ ਹੇਰਾ। ਲਿਯ ਪੰਚ ਪੈਸੇ ਇਕ ਨਲਿਯੇਰ। ਕੀਨ ਪ੍ਰਦੱਛਨ ਤੀਨ ਚੁਫੇਰੇ। ਕਰ ਤੇ ਧਰਿਕੈ ਭੇਟ ਅਗੇਰੇ ॥ ੭੯ ॥ ਹਾਥ ਜੋਰਿ ਕੈ ਸੀਸ ਨਿਵਾਯੋ। ਲਹਿਣਾ ਪਿਖਿ ਭਰਿਓ ਬਿਸਮਾਯੋ†। ਉਰ ਬਿਚਾਰਿ ਬਿੱਪ੍ਰੀਤ ਮਹਾਨਾ। ਤਿਹ ਛਿਨ ਇਹ ਬਿਧਿ ਬਚਨ ਬਖਾਨਾ॥੮੦॥ 'ਤੁਮ ਕਰਤਾਰ ਸਰਬ ਸਿਰਤਾਜਾ। ਪਰਮ ਪ੍ਰਮੇਸੁਰ ਸ੍ਰੀ ਮਹਾਰਾਜਾ‡। ਜਿਸ ਤਨ ਕੋ ਤੁਮ ਨੈ ਸਿਰ ਨ੍ਯਾਯੋ। ਉਚਿਤ ਬਡੋ ਦੁਖ, ਮੈਂ ਲਖਿ

[੧]ਜਿਸ (ਲਹਿਣੇ ਨੂੰ ਕੇਵਲ ਸ੍ਰੀ ਗੁਰ ਨਾਨਕ ਦੇਵ ਜੀ ਦੇ) ਚਰਨਾਂ ਦਾ ਹੀ ਆਸਰਾ ਹੈ। [੨]ਦੇਹ ਦੀ ਹੋਸ਼। [੩](ਭਾਵ ਸ੍ਰੀ ਪਾਵਨ ਲਹਿਣਾ ਜੀ) ਬਾਹਰ ਦਾ ਸੁਹਣਾ ਰੂਪ ਨਹੀਂ ਦੇਖ ਰਹੇ। [੪]ਅੰਤਰ (ਮੁਖੀ ਹੋਏ) ਧਿਆਨ ਦੇ ਰੂਪ ਦੇ ਅਨਕੂਲ ਹੋ ਰਹੇ ਹਨ ਭਾਵ ਉਸ ਵਿਚ ਮਗਨ ਹਨ। [੫](ਗੁਰੂ ਨਾਨਕ ਦੇਵ ਜੀ ਨੇ)। [੬]ਛੇਤੀ (ਅ) ਡਰ, (ੲ) ਸਤਿਕਾਰ, (ਸ) ਅਕੁਲਾ ਕੇ [ਸੰਸ:, ਸੰਭ੍ਰਮ]। [੭]ਸੁਖਾਂ ਨਾਲ ਸੁਸ਼ੋਭਤ ਕਰਦੇ ਹਨ।

*ਪਾ:-ਸਾਜੇ। †ਪਾ:-ਪਿਖਤ ਰਹ੍ਯੋ ਬਿਸਮਾਯੋ।

‡ਪਾ:-ਪਰਮੇਸ਼ਰ ਹੈ ਗਰੀਬ ਨਿਵਾਜਾ।

Sri Satguru Jagjit Singh Ji eLibrary NamdhariElibrary@gmail.com

ਪਾਯੋ' ॥੯੧॥ ਦੋਹਰਾ॥ ਸੁਨਿ ਕੈ ਸ੍ਰੀਗੁਰ ਤਬ ਕਹਯੋ ਕ੍ਰਿਪਾ ਰਸੀਲੇ ਨੈਨ ।
'ਪੁਰਖਾ ! ਬਸ ਤੂਸ਼ਨਿ ਕਰਹੁ, ਬਹੁਰ ਨ ਬੋਲਹੁ ਬੈਨ ॥੯੨॥ ਚੌਪਈ ॥ ਜੋ
ਉਚਰਹੁ ਸੋ ਹੋਵੈ ਸਾਚੀ।ਪੁਨ ਅਸ ਕਰਹੁ ਨ ਗਿਰਾ ਉਬਾਚੀ।ਆਇਸੁਮੰਨਹੁ
ਅਸ ਮਤ ਮੇਰੋ।ਭ੍ਯਾ ਸਭਿ ਕੋ ਗੁਰ ਹੈ ਜਗ ਚੇਰੋ ॥੯੩॥ ਅੰਗਦ ਨਾਮ ਆਸ
ਤੇ ਹੋਹੀ। ਨਿਜ ਅੰਗਨ ਤੇ ਕੀਨੋ ਤੋਹੀ। ਸਿਮਰਨ ਸੱਤਿਨਾਮ ਪ੍ਰਗਟਾਵੈ ।
ਜਹਿ ਤਹਿ ਸਿੱਖੀ ਰੀਤਿ ਚਲਾਵੈ'॥੯੪॥ ਅਸ ਕਹਿ ਪ੍ਰਭੁ ਦ੍ਵੈ* ਰੂਪ ਸੁਹਾਯੋ
। ਜਨੁ ਸ੍ਰੀ ਰੰਗ ਤਰੰਗ ਉਠਾਯੋ । ਨੀਕੇ ਦਿਪਯੋ ਪ੍ਰਕਾਸ਼ ਬਿਸਾਲਾ । ਜਿਉਂ
ਮਸਾਲ ਤੇ ਜਗੇ ਮਸਾਲਾ॥੯੫॥ ਜਗ ਮਹਿ ਉਲਟੀ ਰੀਤ ਚਲਾਈ । ਸਿਖ
ਕੋ ਕਰਿ ਗੁਰ ਦੀ ਗੁਰਿਆਈ।ਇਸ ਪ੍ਰਕਾਰ ਤਿਹ ਤਖਤ ਬਿਠਾਯੋ । ਬਹੁਰੋ
ਸਭਿ ਸੋਂ ਬਚਨ ਅਲਾਯੋ ॥੯੬॥ 'ਜੋ ਕੋ ਹੈ ਮੇਰੋ ਅਨੁਸਾਰੀ। ਨਮੋ ਕਰਹਿ
ਪਦ ਪਰ ਸਿਰ ਧਾਰੀ[1] । ਮਮ ਸਰੂਪ ਕੋ ਜੈਸਾ ਜਾਨੈਂ । ਤਿਸੀ ਪ੍ਰਕਾਰ ਇਸੈ
ਮਨ ਮਾਨੈ'॥੯੭॥ਸੁਨਿ ਰਜਾਇ ਸਤਿਗੁਰ ਕੀ ਤਬਿਹੀ।ਬੁੱਢੇ ਤੇ ਆਦਿਕ
ਸਿੱਖ ਸਭਿਹੀ।ਰੁਖ਼ ਬਿਲੋਕਿ ਕੈ ਦੇਖਨਿ ਕੰਦਨ।ਉਠਿ ਤਤਕਾਲ ਕੀਨਿ ਸਭਿ
ਬੰਦਨ ॥੯੮॥ ਜੁਗਲ ਆਤਮਜ[2] ਉਠੇ ਨ ਕੋਈ । ਬੈਠੇ ਰਹੇ ਮਾਨ ਭਰਿ
ਸੋਈ। ਸ੍ਰੀ ਗੁਰ ਤਿਨ ਕੋ ਗਿਰਾ ਅਲਾਈ। 'ਤੁਮ ਭੀ ਉਠਿ ਬੰਦੋ ਸਿਰ
ਨਿਵਾਈ[3]' ॥ ੯੯ ॥ ਕਹਤਿ ਭਏ 'ਇਹ ਦਾਸ ਤਿਹਾਰਾ । ਹਮ ਸੁਤ ਊਰਧ
ਪਦ ਅਧਿਕਾਰਾ[4] । ਕੈਸੇ ਬਨੈ ਬੰਦਨਾ ਕਰਨੀ । ਹਮ ਤੇ ਕਰੀ ਨ ਜਾਇ
ਅਕਰਨੀ[5]'॥੯੦॥ਇਹ ਕਹਿ ਅਪਨੇ ਸਦਨ ਸਿਧਾਰੇ।ਪਿਤ ਕਰਤਬ ਕੁਛ
ਰਿਦੇ ਨ ਧਾਰੇ। ਮਹਿਮਾ ਲਖਿ ਕੈ ਕਹਯੋ ਨ ਮਾਨਯੋ। ਤਿਹਛਿਨ ਸ੍ਰੀ ਗੁਰੁ
ਕਛੁ ਨ ਬਖਾਨਯੋ ॥ ੯੧ ॥ ਬੈਠਿ ਕਹੇ ਅੰਗਦ ਸੰਗ ਬਚਨਾ । ਪਰ ਉਪ-
ਕਾਰ ਜਿਨਹਿ ਮਨ ਰਚਨਾ । 'ਅਬ ਤੁਮ ਜਗਤ ਉਧਾਰਨ ਕਾਰਨ ।
ਮੂਲਮੰਤ੍ਰ ਸ਼ੁਭ ਕਰਹੁ ਸੁਧਾਰਨ ॥ ੯੨॥ ਮਮ ਬਾਨੀ ਗੁਨਖਾਨੀ[6] ਦੇਖਾ ! ।
ਲੀਜੈ ਬੀਨਿ ਬੀਨ ਵਿਸ਼ੇਖਾ।ਹਮਹਿ ਸੁਨਾਵਤਿ ਜਾਉ ਉਚਾਰਾ।ਬੰਧ ਮ੍ਰਿਜਾਦ
ਕਰਹੁ ਉਪਕਾਰਾ ॥੯੩ ॥ ਹਮ ਤੇ ਜੋ ਜਨਮੈਂ ਪਸ਼ਚਾਤਾ । ਤਿਨ ਸਭਿ ਕੋ
ਹੋਵੈ,ਗਤਿ ਦਾਤਾ† ।ਜਿਉਂ ਜਹਾਜ ਚੜ੍ਹ ਸਾਗਰ ਤਰਿਹੀਂ।ਤਿਉਂ ਤਿਹ ਪਢਿ
ਸੰਸਾਰ ਉਧਰਿਹੀਂ' ॥੯੪॥ ਸੁਨਿ ਸ੍ਰੀ ਅੰਗਦ ਬੰਦਨ ਠਾਨੀ । ਬੀਨ ਬੀਨ

[1]ਸਿਰ ਰੱਖਕੇ (ਗੁਰੂ ਅੰਗਦ ਜੀ ਦੇ) ਚਰਨਾਂ ਤੇ। [2]ਦੋਵੇਂ ਪੁੱਤ੍ਰ। [3]ਸਿਰ ਨਿਵਾਕੇ। [4]ਉੱਚੇ
ਪਦ ਦੇ ਹੱਕਦਾਰ ਹਾਂ। [5]ਜੋ ਕਰਨੇ ਜੋਗ ਨਹੀਂ। [6]ਹੇ ਗੁਨਖਾਨ।

*ਪਾ:-ਤਹਿ। †ਪਾ:-ਗਤਿ ਹੋਵੈ, ਤਾਤਾ।

Sri Satguru Jagjit Singh Ji eLibrary NamdhariElibrary@gmail.com

ਨੀਕੇ ਗੁਰਬਾਨੀ। ਆਨਿ ਸੁਨਾਵਨ ਕੀਨਿ ਸੁਹਾਨੀ। ਤਬਿ 'ਜਪੁ*' ਨਾਮ ਧਰਯੋ ਗੁਨਖਾਨੀ ॥ ੯੫ ॥ ਸ੍ਰੀ ਮੁਖ ਤੇ ਮਹਿਮਾ ਪੁਨ ਭਾਖੀ। 'ਜੋ ਨਰ ਹੈ ਸਿੱਖੀ ਅਭਿਲਾਖੀ[1]। ਨਿਸ ਮਹਿ ਉਠੇ ਸਿ ਕਰਹਿ ਸ਼ਨਾਨਾ।—ਜਪੁ—ਪੜ੍ਹਿਹੈ ਇਕ ਚਿਤ ਸਵਧਾਨਾ॥੯੬॥ਅਰਥ ਬਿਚਾਰਿ ਕਰਹਿ ਉਰ ਮਾਂਹੀ। ਮੁਕਤਿ ਹੋਇ ਸੋ ਸੰਸੇ ਨਾਂਹੀ। ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ[2]। ਮਮ ਸਮੀਪ ਪ੍ਰਾਪਤਿ ਹੁਇ ਤਾਂਹੀ[3] ॥੯੭॥ ਧਰਹਿ ਕਾਮਨਾ ਪਢਿ ਹੈ ਇਕ ਮਨ। ਹੋਹਿ ਸਪੂਰਨ ਤਿਹ ਕੀ ਤਤਛਿਨ। ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ। ਭੂਤ ਜਿ ਪ੍ਰੇਤ ਦੈਤ ਬਲਵਾਨਾ॥੯੮॥ਤਿਹ ਸਮੀਪ ਨਹਿਂ ਆਵੈ ਕੋਈ।ਪਠਨ[4] ਪ੍ਰੀਤਿ ਨਿਤ ਨਰ ਜਿਹ ਹੋਈ। ਮਾਨੁਖ ਦੇਹਿ ਜੀਵ ਜਿਨ ਪਾਈ।—ਜਪੁ—ਬਿਹੀਨ ਹੈ ਬਾਦ ਗਵਾਈ[5]' ॥ ੯੯ ॥ [6]ਸਿੱਖਨ ਯੋਗ ਮੰਤ੍ਰ ਗੁਰ ਕੇਰਾ। ਇਤ ਉਤ ਨਿਤ ਸੁਖ ਦੇਤਿ ਘਨੇਰਾ।ਹੋਇ ਸਿੱਖ—ਜਪੁ—ਕੰਠ ਨ ਕੀਨੋ। ਨਾਉਂ ਧਰੀਕ ਬੇਖ ਧਰਿ ਲੀਨੋ॥੧੦੦॥ ਇਸਤੇ ਔਰ ਨ ਕੋ ਬਿਧਿ ਊਚੀ।ਜਪੁ ਸੇਵਨ ਇਕ ਮਨ ਹੁਇ ਸੂਚੀ। ਕਾਮਧੇਨੁ, ਚਿੰਤਾਮਨਿ, ਸੁਰਤਰੁ[7]†। ਕਰਿ ਨਹਿਂ ਸਕੇ

---

[1]ਚਾਹ ਵਾਲਾ। [2]ਜਿਸਨੂੰ ਪ੍ਰੀਤ (ਹੋਵੇਗੀ) ਜਪੁਜੀ ਸੇਵਨ ਦੀ। [3]ਓਹ। [4]ਪੜ੍ਹਨ ਦੀ। [5]ਵਿਅਰਥ ਗੁਆਈ। [6]ਇੱਥੋਂ ਅੱਗੇ ਕਵਿ ਜੀ ਆਪ ਮਹਿਮਾ ਕਹਿੰਦੇ ਹਨ। [7]ਕਲਪ ਬ੍ਰਿੱਛ।

*ਜਪੁ ਸਾਹਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ, ਪਰ ਇਥੋਂ ਜਾਪਦਾ ਹੈ ਕਿ ਸਾਰੀਆਂ ਪੌੜੀਆਂ ਇਕ ਸਮੇਂ ਦੀਆਂ ਉਚਾਰਿਤ ਨਹੀਂ, ਇਸ ਵੇਲੇ ਸਾਰੀਆਂ ਨੂੰ ਸੰਕਲਤ ਕੀਤਾ ਹੈ। ਪਿੱਛੇ ਆਏ ਜਪੁਜੀ ਸੰਬੰਧੀ ਪ੍ਰਸੰਗਾਂ ਤੋਂ ਪਤਾ ਲਗਦਾ ਹੈ ਕਿ ਤਰਤੀਬ ਬੀ ਇਸ ਦੀ ਕੁਛ ਪਹਿਲਾਂ ਦਿੱਤੀ ਹੋਈ ਹੋਸੀ, ਇਸ ਵੇਲੇ ਉਸ ਨੂੰ ਮੁਕੰਮਲ ਕੀਤਾ ਹੈ ਅਰ ਇਕ ਸ਼ਲੋਕ ਇਸ ਦੇ ਅਖੀਰ ਪਰ ਗੁਰੂ ਅੰਗਦ ਦੇਵ ਜੀ ਦਾ ਰਖਿਆ ਜਾਪਦਾ ਹੈ। 'ਪਵਣੁ ਗੁਰੂ ਪਾਣੀ ਪਿਤਾ' ਵਾਲਾ ਸਲੋਕ ਦੂਸਰੀ ਪਾਤਸ਼ਾਹੀ ਦਾ ਹੈ। ਮਾਝ ਦੀ ਵਾਰ ਵਿਚ ਇਹ ਸ਼ਲੋਕ ਸਪਸ਼ਟ 'ਸਲੋਕ ਮਹਲਾ ੨' ਕਰਕੇ ਆਇਆ ਹੈ, ਓਥੋਂ ਤੇ ਇਥੋਂ ਦੇ ਪਾਠ ਦਾ ਫਰਕ ਕੇਵਲ ਇਹ ਹੈ ਕਿ 'ਕੇਤੀ ਛੁਟੀ ਨਾਲਿ' ਦੇ ਪਹਿਲਾਂ ਓਥੇ 'ਹੋਰ' ਦਾ ਲਫਜ਼ ਵਧ ਹੈ ਅਤੇ ਇਥੇ ਪਾਠ 'ਦਿਵਸ' ਹੈ ਤੇ ਓਥੇ 'ਦਿਨਸ' ਹੈ। ਤੇ 'ਪਵਣੁ' ਦੀ ਥਾਂ 'ਪਉਣੁ', 'ਵਾਚੈ' ਦੀ ਥਾਂ 'ਵਾਚੇ' ਹੈ। ਇਹ ਫਰਕ ਉਸੇ ਤਰ੍ਹਾਂ ਦੇ ਹਨ ਜਿਸ ਤਰ੍ਹਾਂ ਦੇ ਜਪੁਜੀ ਸਾਹਿਬ ਦੇ ਸੋਦਰ ਰਹਿਰਾਸ ਦੇ ਸੋਦਰ ਤੇ ਆਸਾ ਰਾਗ ਵਿਚ ਆਏ ਸੋਦਰ, ਵਿਚ ਹਨ। ਕਈ ਗਿਆਨੀ ਇਹ ਬੀ ਦੱਸਦੇ ਹਨ ਕਿ ਜਪੁਜੀ ਵਾਲਾ ਸਲੋਕ ਮਃ ੧ ਦਾ ਹੈ ਤੇ ਮਾਝ ਦੀ ਵਾਰ ਵਾਲਾ ਸ਼ਲੋਕ ਦੂਸਰੀ ਪਾਤਸ਼ਾਹੀ ਦਾ ਉਚਾਰਿਤ ਹੈ। ਪਰ ਆਪਣੀ ਬਾਣੀ ਦੇ ਅਖੀਰ ਗੁਰੂ ਅੰਗਦ ਦੇਵ ਜੀ ਦਾ ਸਲੋਕ ਰਖਵਾਣਾ ਅਮਲੀ ਤੌਰ ਤੇ ਉਨ੍ਹਾਂ ਨੂੰ ਆਪਣੇ ਤੁੱਲ ਗੁਰਤਾ ਦੀ ਪਦਵੀ ਦੇਣ ਦਾ ਲਖਾਯਕ ਹੈ।

†ਪਾ—ਸੁਰਸਰਿ—ਗੰਗਾ।

Sri Satguru Jagjit Singh Ji eLibrary NamdhariElibrary@gmail.com

ਆਧਤਿਲ ਸਮਸਰ[1] ॥੧੦੧॥ ਦੋਹਰਾ ॥ ਮਹਿਮਾ ਬਰਨੀ ਅਲਪ ਮੈਂ ਕਹਿ ਨ ਜਾਇ ਮਤਿ ਮੰਦ।[2] ਉਹ ਅਗਾਧ ਅਕੱਥ ਹੈ ਜੋ ਜਪੁਜੀ ਸੁਖਕੰਦ॥੧੦੨॥ ਚੌਪਈ ॥ ਮਨ ਮੂਰਖ ਨਿਤ ਪ੍ਰਤਿ-ਜਪੁ-ਸੇਵ। ਜਿਹ ਕੋ ਚਾਹੈਂ ਮੁਨਿ ਜਨ ਦੇਵ।-ਕਿਤ ਬਿਧਿ ਹੋਵਹਿ ਮਾਨੁਖ ਦੇਹੀ। ਸ੍ਰੀ ਨਾਨਕ ਸਿੱਖੀ ਮਗ ਲੇਹੀਂ । ੧੦੩ ॥ ਜਪੁਜੀ ਸੇਵ ਕਰਹਿ ਜਮਫਾਸੀ । ਬਹੁਰ ਮਿਲਹਿ ਪਦਵੀ ਅਬਿਨਾਸ਼ੀ*-।ਅਸ ਸੰਜੋਗ ਚਹਿਤ ਹੈਂ ਸੋਈ।ਤੁਮ ਕਉ ਤਉ ਸਭਿ ਪ੍ਰਾਪਤਿ ਹੋਈ। ੧੦੪।ਬਾਰਬਾਰ ਕਹਾ ਕਹੌਂ ਬਨਾਈ।ਹੈ ਅਬ ਅੰਤ ਸਮਾਂ ਦੁਖਦਾਈ। ਤਿਹ-ਛਿਨ ਪਛੁਤਾਵਹਿ ਮਲਿ ਹਾਥਾ।-ਹਮ ਕਿਉਂ ਖੋਯੋ ਜਨਮ ਅਕਾਥਾ-॥ ੧੦੫॥ ਨਰ ਤਨ ਦੁਰਲਭ ਇਕ ਇਹ ਪਾਯੋ। ਪੁਨ ਸਤਿਗੁਰ ਸਿਖ ਬੇਖ ਬਨਾਯੋ।ਤੀਜੋ ਕਲਜੁਗ ਕੋ ਹੈ ਕਾਲਾ। ਥੋਰੀ ਸੇਵਾ ਮਹਿਂ ਹੁਇ ਦਯਾਲਾ॥ ੧੦੬॥ ਐਸ ਸਮੈ ਤੇ ਜੋ ਚੁਕ[3] ਜਾਈ।ਚੜ੍ਹਿ ਕਰਿ ਮੇਰੁ[4] ਰਸਾਤਲ[5] ਪਾਈ। ਜਪੁਜੀ ਕੰਠ ਨਿਤਪ੍ਰਤਿ ਰਟੈ। ਜਨਮ ਜਨਮ ਕੇ ਕਲਮਲ ਕਟੈ ॥ ੧੦੭॥ਸਨੈ ਸਨੈ ਮਨ ਨਿਰਮਲ ਹੋਇ। ਗਤਿ ਪਾਵਹਿ ਭਵ ਬੰਧਨ ਖੋਇ। ਸ਼ਬਦ ਅੱਭਯਾਸ ਕਿਯੋ ਨਰ ਜਾਂਹੀ। ਰਹਯੋ ਨ ਕਰਨੋ ਕ੍ਰਿਤ ਕਛੁ ਤਾਂਹੀ†। ॥ ੧੦੮ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸ੍ਰੀ ਅੰਗਦ ਜੀ ਕੋ ਤਖਤ ਦੇਨ ਪ੍ਰਸੰਗ' ਬਰਨਨੰ ਨਾਮ ਬਵੰਜਵੋਂ ਅਧਯਾਯ ॥ ੫੨ ॥

੫੩. [ਸਾਰਦਾ ਮੰਗਲ, ਸਿੱਖਨ ਪ੍ਰਤਿ ਉਪਦੇਸ਼]

ਦੋਹਰਾ-ਸ੍ਰੀ ਸਰਸ੍ਵਤੀ ਸਿਮਰਨੋ ਤੀਛਨ ਮਹਾਂ ਕੁਠਾਰ ।
ਬਿਘਨ ਬ੍ਰਿਛ ਕੇ ਬਿਪਨ‡ ਕੋ ਕਰਤਿ ਸੰਘਾਰ ਸੁਧਾਰਿ ॥੧॥

{ ਕੁਠਾਰ=ਕੁਹਾੜਾ। ਬਿਪਨ=ਜੰਗਲ [ਸੰਸ:, ਵਿਪਿਨ]।
ਸੰਘਾਰ=ਮਾਰ ਦੇਣਾ, ਨਾਸ਼ ਕਰਨਾ। }

---

[1](ਜਪੁਜੀ ਦੀ) ਬਰੋਬਰੀ ਅੱਧਾ ਤਿਲ ਮਾਤ੍ਰ ਨਹੀਂ ਕਰ ਸਕਦੇ। [2]ਕਵਿ ਜੀ ਆਪਣੇ ਆਪ ਨੂੰ ਆਖਦੇ ਜਾਪਦੇ ਹਨ। [3]ਭੁੱਲ। [4]ਸੁਮੇਰ ਤੇ ਚੜ੍ਹਕੇ। [5]ਪਤਾਲ।

*ਭਾਵ ਮੁਨੀ ਜਨ ਤੇ ਦੇਵਤੇ ਇਹ ਚਾਹੁੰਦੇ ਹਨ ਕਿ ਕਿਸੇਤਰ੍ਹਾਂ ਮਾਨੁਖ ਦੇਹ ਮਿਲੇ, ਫੇਰ ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਕੇ ਸ੍ਰੀ ਜਪੁ ਸਾਹਿਬ ਜੀ ਪੜ੍ਹੀਏ ਜਿਸ ਕਰਕੇ ਜਮਾਂ ਦੀ ਫਾਹੀ ਕੱਟੀ ਜਾਵੇ ਤੇ ਅਬਿਨਾਸ਼ੀ ਪਦ ਪਾਈਏ।

†ਗੁਰਬਾਣੀ ਦਾ ਪਾਠ ਤੇ (ਸ਼ਬਦ) ਨਾਮ ਦਾ ਅੱਭਯਾਸ ਇਹ ਗੁਰਮਤਿ ਦਾ ਨਿਰੋਲ ਰਹੱਸ ਇਥੇ ਭਾਈ ਸਾਹਿਬ ਜੀ ਨੇ ਪ੍ਰਗਟ ਕੀਤਾ ਹੈ। ‡ਪਾ:-ਬਨਨ।

Sri Satguru Jagjit Singh Ji eLibrary NamdhariElibrary@gmail.com

{ [ਸੰਸ:, ਸੰਹਾਰ]। ਸੁਧਾਰ–ਵੈਰੀ ਤਰ੍ਹਾਂ। }

ਅਰਥ–(ਕਵੀਆਂ ਦਾ ਕਵਿਤਾ ਕਰਨ ਸਮੇਂ) ਸ੍ਰੀ ਸਰਸ੍ਵਤੀ ਨੂੰ ਯਾਦ ਕਰਨਾ ਇਕ ਮਾਨੋਂ ਤਿੱਖਾ ਕੁਹਾੜਾ ਹੈ (ਜੋ) ਵਿਘਨਾਂ (ਰੂਪੀ) ਬ੍ਰਿੱਛਾਂ ਦੇ ਬਨਾਂ ਨੂੰ ਵੈਰੀ ਤਰ੍ਹਾਂ ਨਾਸ਼ ਕਰਦਾ ਹੈ।

ਚੌਪਈ॥ਬਹੁਰੋ ਕਿਤਿਕ ਬਿਤਾਯੋ ਕਾਲਾ।ਸ੍ਰੀ ਨਾਨਕ ਜੀ ਪਰਮ ਕ੍ਰਿਪਾਲਾ। ਇਕ ਦਿਨ ਅੰਗਦ ਸੰਗ ਬਖਾਨਾ। 'ਤੁਮ ਅਬ ਗਮਨਹੁ ਅਪਨ ਸਥਾਨਾ॥ ॥ ੨॥ ਇਹਾਂ ਨ ਰਹੀਏ ਆਇਸੁ ਏਹੀ। ਸਮਾਂ ਸਮੀਪ ਤਜੌਂ ਨਿਜ ਦੇਹੀ। ਦਿਨ ਥੋਰੇ ਹੀ ਰਿਦੇ ਲਖੀਜੈ। ਗ੍ਰਾਮ ਖਡੂਰ ਪਯਾਨੋਂ ਕੀਜੈ' ॥ ੩ ॥ ਸੁਨਿ ਅੰਗਦ ਬੰਦੇ ਦ੍ਵੈ ਹਾਥਾ। ਬੋਲਯੋ ਬਚਨ ਲਾਇ ਪਦ ਮਾਥਾ। 'ਰਾਵਰ ਕੀ ਰਜਾਇ ਮਮ ਸੀਸਾ। ਏਕ ਅਵਰ ਬੂਝੌਂ ਜਗਦੀਸ਼ਾ ॥੪॥ ਤ੍ਯਾਗਨ ਤਨ ਕੋ ਸਮਾ ਜਿ ਆਹੀ। ਤਬਿ ਦਰਸੋਂ ਮੈਂ ਆਇ ਕਿ ਨਾਂਹੀ ?। ਆਇਸੁ ਦਿਹੁ ਤਉ ਆਉਂ ਸਮੀਪਾ'। ਸੁਨਿ ਬੋਲੇ ਬੇਦੀ ਕੁਲ ਦੀਪਾ ॥ ੫ ॥ 'ਤੁਮ ਨਹਿਂ ਆਵੈ ਤਬ ਇਤ ਆਸਾ[1]। ਹਮ ਆਵਹਿਂਗੇ ਤੁਮਰੇ ਪਾਸਾ। ਜਿਸ ਬਿਧ ਕੋ ਨਹਿ ਸਕਹਿ ਲਖਾਈ। ਤਿਉਂ ਤਬਿ ਆਇ ਮਿਲੈਂ ਤੁਝ ਤਾਈਂ' ॥ ੬ ॥ ਸੁਨਿਕੈ ਸ੍ਰੌਨ ਬਚਨ ਜਗ ਗੁਰਕੇ। ਚਲਯੋ ਨ ਚਹਿਤ ਨਿਕੇਤ ਬਿਛੁਰਿਕੇ। ਤਦਪਿ ਰਜਾਇ ਅਮੋਰ ਸੁ ਪੁਨ ਜਿਹ। ਭਯੋ ਤ੍ਯਾਰ ਚਲਨ ਕੋ ਛਿਨ ਤਿਹ ॥ ੭ ॥ ਹ੍ਵੈ ਅਧੀਨ ਕਰਿ ਹੀ ਅਸ਼ਟਾਂਗੀ[2]। ਬੰਦਹਿ ਚਰਨ ਕਵਲ ਅਨੁਰਾਗੀ। ਮਨ ਸੌਂਪਯੋ ਗੁਨਖਾਨੀ ਪਾਸੁ। ਤਨ ਗਮਨਯੋ ਜਿਤ ਦਿਸ਼ਾ ਅਵਾਸੁ॥ ੮ ॥ ਦੋਹਰਾ ॥ ਬਿਦਾ ਹੋਇ ਜਗ ਗੁਰੂ ਤੇ ਸ੍ਰੀ ਅੰਗਦ ਸੁਖਰਾਸ। ਸਨੈਸਨੈ ਆਵਤਿ ਭਏ ਗ੍ਰਾਮ ਖਡੂਰ ਅਵਾਸ ॥੯॥ਚੌਪਈ॥ਮਿਲਹਿਂ ਤਬਹਿ ਸਗਰੇ ਨਰ ਆਈ। ਬੰਦਹਿਂ, ਕੁਸ਼ਲ* ਬੂਝ ਹਰਖਾਈ। ਜਥਾ ਜੋਗ ਆਦਰ ਸਭਿਹੀਕਾ। ਕਰਤਿ ਭਏ ਤੇਹਣ ਕੁਲਟੀਕਾ ॥੧੦॥ ਸਗਲੀ ਕਲਾ ਬਿਸਾਲ ਦੁਰਾਈ। ਨਹਿ ਕਿਸ ਕੇ ਸੰਗ ਕਬਹਿ ਜਨਾਈ। ਜੋ ਹਿਰਦੇ ਕਰਿ ਬਹੁ ਜੱਗਯਾਸਾ। ਆਇ ਕਰਹਿਂ ਸੇਵਾ ਤਿਨ ਪਾਸਾ॥੧੧॥ਤਬਿ ਉਪਦੇਸ਼ਹਿ ਹਿਤ ਕੱਲਯਾਨਾ। ਪਰੇ ਕੁਬੰਧਨ ਕਰਿਹੈਂ ਹਾਨਾ[3]।ਨਿਜ ਪ੍ਰਤਾਪ ਜੋ ਸਰਬ ਛਿਪਾਵਾ। ਸੂਰਜ ਮਨਹੁ ਬੀਚ ਘਟ[4] ਪਾਵਾ ॥ ੧੨ ॥ ਕਿਨਹੁ ਨ ਅਜਰ ਜਰਯੋ ਇਨ

---

[1] ਇਸ ਪਾਸੇ। [2] ਡੰਡੌਤ। [3] ਪਏ ਹੋਏ ਖੋਟੇ ਬੰਧਨ ਦੂਰ ਕਰਦੇ ਹਨ। [4] ਘੜੇ ਵਿੱਚ। (ਅ) ਬੱਦਲਾਂ ਹੇਠ। *ਪਾ:–ਸਕਲ।

Sri Satguru Jagjit Singh Ji eLibrary NamdhariElibrary@gmail.com

ਜੈਸੇ। ਤੀਨ ਕਾਲ ਮਹਿ ਭਯੋ ਨ ਐਸੇ। ਉਤਪਤਿ, ਪਾਲਨ ਸ਼ਕਤਿ ਤਿਲੋਕੇ। ਸਿੰਧ ਸੁਕਤ ਮਹਿ ਸਭਿ ਜਨੁ ਰੋਕੋ[1] ॥੧੩॥ ਮੁਸ਼ਟ[2] ਬਿਖੈ ਨਭ ਸਭਿ ਲਿਯ ਜੈਸੇ। ਇਸਬਿਧਿ ਰਹੇ ਸਦਨ ਨਿਜ ਬੈਸੇ। ਤਿਨ ਕੇ ਸ੍ਰੀ ਪਦ ਪੰਕਜ ਤਾਈਂ। ਕਵਿ ਸੰਤੋਖ ਸਿੰਘ ਬੰਦਨ ਗਾਈ ॥੧੪॥ ਤਿਹ ਪਸ਼ਚਾਤ ਜੁ ਭਯੋ ਪ੍ਰਸੰਗਾ। ਸੁਨਹੁ ਸੁ ਸ੍ਰੋਤਾ ਸੰਗ ਉਮੰਗਾ॥ ਸ੍ਰੀ ਨਾਨਕ ਜਸ ਤੇਂ[3] ਨ ਉਚਾਟਊ[4]। ਸੁਨਿ ਸੁਨਿ ਸਦਾ ਬੰਧ ਨਿਜ ਕਾਟਊ ॥੧੫॥ ਸ੍ਰੀ ਜਗ ਗੁਰ ਕੇ ਜਹਿਂ ਦਰਬਾਰਾ।ਹੁਤੋ ਅਗਾਰੀ ਛਲਦਲ[5] ਭਾਰਾ। ਸਘਨ ਛਾਉਂ ਸ਼ੋਭਤਿ ਰਮਣੀਕਾ[6]। ਤਹਿਂ ਬੈਠਹਿ ਬੇਦੀ ਕੁਲਟੀਕਾ ॥ ੧੬ ॥ ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਕਲੁਖ ਨਿਕੰਦਨ[7] ਦੇਖਿ ਛਬੀਲੇ। ਤੱਤ ਗਜਾਨਮੈਂ[8] ਕੋਮਲ ਬੋਲਾ। ਸ੍ਰੋਨ ਸੁਨਾਵਹਿ ਮਧੁਰ ਅਮੋਲਾ ॥ ੧੭॥ ਸਾਂਗ ਅਰੰਭੇ ਸਿਖ ਜਿ ਪਲਾਏਂ[9]।ਸੋ ਸੁਨਿ ਪਰਖਨ ਬਿਧਿ ਪਛੁਤਾਏ।ਬਹੁਰੋ ਆਇ ਹਜ਼ੂਰ ਅਗਾਰੀ। ਨਿਜ ਔਗਨ ਸੰਗ ਬਿਨੈ ਉਚਾਰੀ॥੧੮॥ ਬਖ਼ਸ਼ਾਵਹਿ ਅਰ ਪਾਸ ਰਹੇਹੀਂ। ਸੇਵਹਿ ਚਰਨ ਕਮਲ ਸੁਖ ਲੇਹੀਂ। ਸ਼ਬਦ ਅਭਯਾਸ ਹੋਤਿ ਨਿਤ ਭਾਰੀ। ਗਾਇ ਸਪ੍ਰੇਮਹਿ ਅਰਥ ਬਿਚਾਰੀ ॥ ੧੯ ॥ ਤੁਰਕਨ ਮਹਿ ਮਹਿਮਾ ਬਹੁ ਜਾਗੀ। ਆਵਹਿਂ 'ਦਰਸ ਕਰਹਿ ਬਡਭਾਗੀ। ਸੁਨਹਿ ਸ਼ਬਦ ਕਰਿ ਪ੍ਰੇਮ ਬਿਸ਼ਾਲਾ। ਤਿਨ ਕੀ ਕਰਹਿ ਕਲਯਾਨ ਕ੍ਰਿਪਾਲਾ ॥੨੦॥ ਦੇਸ਼ ਬਿਦੇਸ਼ਨ ਤੇ ਚਲਿ ਆਵਹਿ। ਪਦ ਪੰਕਜ ਪਰ ਸੀਸ ਝੁਕਾਵਹਿ। ਦਰਸ਼ਨ ਕਰਹਿ ਬਦਹਿ ਨਿਜ ਪੀਰਾ।'ਇਹ ਖੁਦਾਇ ਕੋ'ਕਹੈਂ'ਸਰੀਰ'॥੨੧॥ ਆਇ ਮੁਰੀਦ ਹੋਇਂ ਬਹੁ ਤੁਰਕਾ।ਸੁਨਿ ਸੁਨਿ ਬਚਨ ਹਨੈ[10] ਭ੍ਰਮ ਉਰਕਾ।ਦਿਜ,ਬਾਹਿਜ, ਅਰ ਬੈਸ਼ ਘਨੇਰੇ।ਆਵਹਿ ਸ਼ੂਦ੍ਰ ਲਗਹਿ ਗੁਰ ਪੈਰੇ ॥੨੨॥–ਪਰਮ ਗਜਾਨ-ਘਨ–ਲਖਿ ਮਨ ਮਾਂਹੀ। ਸੇਵਹਿ ਚਰਨ ਸ਼ਬਦਅਵਗਾਹੀਂ[11]।ਸੁਨਹਿਂ ਬਚਨ ਬੈਠਹਿ ਚਹੁ ਓਰੀ।'ਧੰਨ ਧੰਨ' ਭਨਿਹੀਂ ਕਰ ਜੋਰੀ॥੨੩॥ ਸਤਿਗੁਰ ਬੀਚ ਬਿਰਾਜਹਿ ਐਸੇ। ਉਡਗਨ[12] ਬਿਖੈ ਚੰਦ੍ਰਮਾ ਜੈਸੇ। ਸਭਿਹਿਨਿ ਕੋ ਉਪਦੇਸ਼ ਬਤਾਵਾ। 'ਸੁਨਹੁ ਸਿੱਖ ਮਾਨੁਖ ਤਨੁ ਪਾਵਾ॥੨੪॥ ਦੁਰਲਭ ਅਹੈ ਅਮੋਲ ਪਦਾਰਥ।ਨਿਜਸਰੂਪ ਲਖਿ ਕਰਹੁ ਸਕਾਰਥ।ਬਿਸ਼ਿਯਨ ਸੁਖਸਭਿ ਜੋਨਿਨਿ

---

[1]ਮਾਨੋਂ ਸਾਰੇ ਸਮੁੰਦ੍ਰ ਨੂੰ ਸਿਪੀ ਵਿਚ ਪਾਇਆ ਹੈ। [2]ਮੁਠ। [3]ਜਸ ਸੁਣਨ ਤੋਂ। [4]ਉਦਾਸ ਨ ਹੋਵੇ। [5]ਪਿੱਪਲ.। [6]ਸੁੰਦਰ। [7]ਪਾਪਾਂ ਦੇ ਨਾਸ਼ ਕਰਤਾ। [8]ਤੱਤ ਗਜਾਨ ਮਯ, ਤੱਤ੍ਵ ਗਜਾਨ ਵਾਲੇ। [9]ਸਾਂਗ ਅਰੰਭਕ ਤੇ ਸਿਖ ਜੋ ਦੌੜ ਗਏ ਸਨ। [10]ਨਾਸ਼ ਕਰਨ। [11]ਵਿਚਾਰਦੇ ਹਨ। [12]ਤਾਰਿਆਂ।

ਮਾਂਹੀ॥ਇਕ ਬਿਚਾਰ ਨਰ ਤਨ ਬਿਨ ਨਾਂਹੀ॥੨੫॥ ਉਰ ਮਹਿ ਇਸ ਬਿਧਿ ਕਰਹੁ ਬਿਚਾਰਨਾ।-ਕੋ ਮੈ ਹੌਂ?ਕੋ ਜਗਕੋ ਕਾਰਨ[1]?।ਨਿਰਨੈ ਸੱਤਜ ਅਸੱਤਜ[2] ਕਰੀਜੈ।ਤਜਹੁ ਅਸੱਤਜ,ਸੱਤਜ ਗਹਿਲੀਜੈ॥੨੬॥ਦੇਹਾਦਿਕ ਪਰਪੰਚ ਪਸਾਰਾ। ਲਖਹੁ ਅਸੱਤਜ, ਸੱਤਿ ਆਧਾਰਾ[3]। ਸਾਚੀ ਹੋਤਿ ਜੇਵਰੀ ਜੈਸੇ। ਅਹਿ[4] ਅਧੇਯ ਝੂਠੋ ਲਖਿ[5] ਤੈਸੇ॥੨੭॥ ਹੰਤਾ ਮਮਤਾ ਇਉਂ ਲਖਿ ਤਜਾਗਹੁ। ਨਿਜ ਸਰੂਪ ਸਨਮੁਖ ਅਨੁਰਾਗਹੁ। ਭ੍ਰਮਾਵਰਤ[6] ਤੇ ਨਿਕਸਿ ਉਤੰਗਾ[7]। ਜਨਮ ਸਫਲ ਕਰਿ ਮਿਲਿ ਸਤਿਸੰਗਾ॥ ੨੮॥ ਬਿਨ ਬਿਚਾਰ ਨਰ ਦੇਹਿ ਅਕਾਰਥ[8]। ਨਾਮ ਸਿਮਰ ਜੋ ਲਹਿ ਨ ਪ੍ਰਮਾਰਥ[9]। ਨਿਫਲ ਹੋਤਿ, ਦੁਖ ਕੋ ਅਧਿਕਾਰੀ। ਤੀਨ ਅਵਸਥਾ[10] ਰਹਿ ਅਬਿਚਾਰੀ[11] ॥੨੯॥ ਨਿਕਸਤਿ ਜੌਨਿ[12] ਅਧਿਕ ਦੁਖ ਪਾਵਾ[13]।ਬਹਿਰ ਤਨਕ ਤਨ ਧਰਿ ਪੁਨ ਆਵਾ[14]। ਬਲ ਬਿਹੀਨ ਮੂਰਖਤਾ ਭਾਰੀ[15]। ਗ੍ਰਿਹ ਕ੍ਰਿਤ ਕਰਤਿ ਗੇਰ ਮਹਿਤਾਰੀ[16]॥੩੦॥ਦੋਹਰਾ॥ ਬਾਲ ਅਵਸਥਾ ਕੇ ਬਿਖੇ ਏਤੇ ਹੋਤਿ ਬਿਕਾਰ[17]। ਭ੍ਰਾਂਤਿ[18],ਜਲਨਤਾ[19],ਚਪਲਤਾ[20],ਇੱਛਾ[21],ਦੀਨਤਾਧਾਰ[22]॥੩੧॥ਚੌਪਈ॥ ਪ੍ਰਥਮ-ਅਸ਼ਕਤਿ-ਜਾਨਿਯੇ ਐਸੇ। ਕਛੂ ਨ ਕ੍ਰਿਤ ਹੋਤਿ ਹੈ ਜੈਸੇ। ਪੁਨਿ -ਮੂਰਖ-ਕਛੁ ਸਮਝ ਨ ਸੱਕਈ।ਭਰਮ ਭਰਯੋ ਅਨ ਅਨ ਕੋ ਤੱਕਈ॥੩੨॥ਬਹੁਰ-ਜਲਨਤਾ,-ਜੋ ਕੁਛ ਚਾਹੀ। ਜਲਤਿ ਰਹਿਤਿ ਸੋ ਪਾਵਤਿ ਨਾਂਹੀ। ਕਪਿ[23] ਇਕ ਥਲ ਥਿਰ ਰਹਿ ਨ ਸਕਤਿ ਜਸ। ਤਿਉਂ ਨਹਿ ਠਹਿਰੈ -ਚੰਚਲਤਾ-ਅਸ॥੩੩॥-ਇੱਛਾ-ਸਦਾ ਪਦਾਰਥ ਕੇਰੀ।ਹੋਤਿ-ਦੀਨਤਾ-ਸਭਿਨਿ ਅਗੇਰੀ।ਮੂੜ,ਗੁੰਗ,ਅਪਵਿੱਤ੍ਰ ਰਹਾਈ। ਬਾਂਛਤ ਵਸਤੁ ਨ ਉਚਰ ਸਕਾਈ॥੩੪॥ਮਾਤ ਪਿਤਾ ਕੋ ਭੈ ਨਿਤ ਰਹਿਈ। ਖਿਨ ਖਿਨ ਬਿਖੈ ਅਨਾਦਰ ਲਹਿਈ। ਜਿਉਂ ਕੂਕਰ ਦ੍ਵਾਰਨ ਕੋ ਜਾਈ। ਬਾਰ ਬਾਰ ਅਪਮਾਨਹਿ

[1] ਜਗਤ ਦਾ ਮੂਲ। [2] ਸੱਚ ਝੂਠ। [3] (ਪਰ) ਆਸਰੇ ਨੂੰ ਸੱਚ ਲਖੋ। [4-5] ਸੱਪ ਆਧੇਯ ਹੈ (ਉਸਨੂੰ) ਅਸੱਤਿ ਜਾਣੋ। ਆਧੇਯ—ਜੋ ਕਿਸੇ ਆਧਾਰ ਦੇ ਆਸਰੇ ਹੋਵੇ। [6] ਘੁੰਮਣ ਘੇਰੀ। [7] ਉੱਚੇ ਉਠਕੇ। [8] ਮਨੁੱਖਾ ਦੇਹੀ ਵਿਅਰਥ ਹੈ। [9] ਨਹੀਂ ਲੈਂਦੇ ਪਰਮਾਰਥ ਭਾਵ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਪਾਸਾ, ਮਨੁਖ ਜਨਮ ਦਾ ਪ੍ਰਯੋਜਨ। [10] ਬਾਲ ਜੁਆਨੀ ਤੇ ਬਿਰਧ। [11] ਵਿਚਾਰ ਰਹਿਤ। [12] ਭਾਵ ਜੰਮਣ ਸਮੇਂ। [13] ਪਾਇਆ। [14] (ਮਾਤ-ਗਰਭ ਤੋਂ) ਬਾਹਰ ਨਿੱਕਾ ਜਿਹਾ ਸਰੀਰ ਧਾਰਕੇ ਆਇਆ। [15] ਬਚਪਨ ਵਿਚ। [16] ਮਾਂ (ਬੱਚੇ ਨੂੰ) ਸੁੱਟਕੇ ਘਰ ਦੇ ਕੰਮ ਕਰਦੀ ਹੈ। [17] ਭਾਵ ਦੁੱਖ। [18] ਭਰਮ, ਭੁਲੇਖਾ, ਮੂਰਖਤਾ। [19] ਸੜਨਾ। [20] ਚੰਚਲਤਾ। [21] ਲਾਲਚ। [22] ਭਾਵ ਪਰਵਸ ਹੋਣਾ। [23] ਬਾਂਦਰ।

Sri Satguru Jagjit Singh Ji eLibrary NamdhariElibrary@gmail.com

ਪਾਈ*॥੩੫॥ਬਾਲ ਅਵਸਥਾ ਅਸ ਦੁਖ ਖਾਨੀ॥ਜਿਸ ਮਹਿ ਸੁਖ ਕੀ ਰੰਚ[1]
ਨ ਜਾਨੀ॥ਤਾਂਤੇ ਸਿਮਰਨ ਸ੍ਰੀ ਕਰਤਾਰਾ॥ਨਰ ਤਨ ਧਰਿਕੈਕਰਹੁ ਉਧਾਰਾ॥
੩੬ ॥ ਬਹੁਰੋ ਜੁਬਾ ਅਵਸਥਾ ਪਾਈ। ਕਾਮ ਪਿਸ਼ਾਚ[2] ਲਗਹਿ ਤਬਿ
ਧਾਈ॥ ਖਿਰਨੋ ਸਰੋਜ[3] ਚਿੱਤ ਬਹੁ ਭਾਂਤੀ। ਇੱਛ ਪੰਖਰੀ ਜਿਹ ਬਿਗਸਾਤੀ
॥ ੩੭ ॥ ਜਿਉਂ ਨਿਰਧਨੀ ਧਨੀ ਕੇ ਪਾਸਾ। ਕਰਹਿ ਸਥਿਤੀ[4] ਧਾਰਿ ਉਰ
ਆਸਾ। ਤਿਉਂ ਪਿਖ ਜੁਵਾ ਜੁ ਸਰਬ ਵਿਕਾਰਾ। ਆਇ ਸਥਿਤ ਹ੍ਵੈ ਨਰਨ
ਮਝਾਰਾ॥੩੮॥ ਕਾਮ ਪਿਸ਼ਾਚ ਲਗਨੋ ਇਸ ਤਾਈਂ। ਨਾਰਿ ਗਰਤਿ ਮਹਿੰ[5]
ਦੇਯ ਗਿਰਾਈ॥ਤਿਸ ਮਹਿੰ ਪਰਨੋ ਮਹਾਂ ਦੁਖ ਪਾਵੈ। ਨਿਕਸਨੋ ਜਾਇ ਨ,
ਜਨਮ ਗੁਵਾਵੈ॥੩੯॥ਜਿਨ ਭੋਗਉਂ ਕਉ ਸੁਖ ਲਖਿ ਭੋਗੋ॥ ਸੋ ਸਭਿ ਦੁਖ ਕੇ
ਕਾਰਣ ਸੋਗੋ[6]॥ਜਿਉਂ ਕੰਚਨ ਘਟ ਬਿਖਕੇ ਪੂਰਾ॥ਕਰੈ ਪਾਨ ਪਿਖਿ ਕੈ ਤਿਹ
ਰੂਰਾ[7]॥੪੦॥ ਤਿਉਂ ਬਿਚਾਰਿ ਬਿਨ ਸੁੰਦਰ ਨਾਰੀ। ਭੋਗੋ,ਹ੍ਵੈ ਅਧੀਨ ਦੁਖ-
ਕਾਰੀ[8]।ਜੁਵਾ ਆਵਈ ਨਿਸਾ ਪ੍ਰਘੋਰਾ[9]।ਪੰਚ ਚੋਰ ਕਰਿਹੀਂ ਬਡ ਜੋਰਾ॥੪੧॥
ਸਤ ਸੰਤੋਖ, ਵਿਰਾਗ, ਵਿਚਾਰਾ। ਸ਼ਾਂਤਿ ਆਤਮਾ, ਧਨ ਇਹ ਭਾਰਾ। ਸਰਬ
ਸੁ ਚੋਰ ਖਸੋਟਿ ਲਿਜਾਈਂ। ਜਨਮ ਮਰਨ ਦਾਰਿਦ ਦੁਖ ਪਾਈ ॥ ੪੨ ॥
ਇਨ ਤਸਕਰ ਤੇ[10]ਹ੍ਵੈ ਜਿ ਸੁਚੇਤੂ[11]। ਦਰਬ ਆਤਮਾ ਰਖਹਿ ਨਿਕੇਤੂ[12]
ਧੰਨ ਸਿ ਨਰ ਪਾਵਹਿ ਪਦ ਭੂਰੀ॥ਅਨੰਦ ਬਿਖੈ ਥਿਤਿ ਤਿਹ ਬਿਧਿ ਰੂਰੀ॥
੪੩॥ਪਰਮ ਸ਼ੱਤ੍ਰ ਇਹ ਜੋਬਨ ਜਾਨਹੁ। ਕਾਮ, ਕ੍ਰੋਧ ਇਹ ਸ਼ੱਤ੍ਰ ਪਛਾਨਹੁ।
ਬਾਰ ਬਾਰ ਇਹੋਕਰਹਿ ਪ੍ਰਹਾਰਾ[13]।ਖੰਡ ਖੰਡ[14] ਮਨ ਕੋ ਕਰਿਡਾਰਾ॥੪੪॥
ਜਿਉਂ ਸਾਵਨ ਹ੍ਵੈ ਬਰਖਾ ਭਾਰੀ। ਸਰਿਤਾ[15] ਕੋ ਪ੍ਰਵਾਹਿ ਬਲਕਾਰੀ॥ ਤਿਉਂ
ਜੋਬਨ ਕੇ ਆਵਨ ਕਰਿਕੈ॥ਤ੍ਰਿਸ਼ਨਾ ਹੋਤਿ ਅਧਿਕਬਲ ਧਰਿਕੈ॥੪੫॥ਜਿਉਂ
ਸਾਗਰ ਗੰਭੀਰ ਅਪਾਰੋ॥ਮੱਛ ਕੱਛ ਹੈਂ ਨੱਕ੍ਰ[16]ਮਝਾਰੋ॥ ਤਰਨੋ ਕਠਨ ਤਾਂਹਿ
ਕੋ ਹੋਈ। ਚਢੈ ਜਹਾਜ ਪਾਇ ਤਟ ਸੋਈ ॥੪੬॥ਤਿਉਂ ਜੋਬਨ ਹੇ ਸਹਿਤ
ਬਿਕਾਰਾ। ਤਰਨੋ ਕਠਨ ਨ ਪਾਵਹਿ ਪਾਰਾ। ਲਖਿ ਸਤਿਸੰਗਤ ਪੋਤ[17]

[1]ਰਤੀ ਭੀ ਨਹੀਂ। [2]ਭੂਤ। [3]ਕਮਲ। [4]ਟਿਕਾਉਣਾ। [5]ਤੀਵੀਂ ਰੂਪੀ ਟੋਏ ਵਿਚ। [6]ਸੋਗ ਤੇ ਦੁਖ ਦੇ ਕਾਰਨ ਹਨ। [7]ਜਿਵੇਂ ਸੋਨੇ ਦਾ ਘੜਾ ਜ਼ਹਿਰ ਭਰਿਆ ਸੁਹਣਾ ਵੇਖਕੇ ਕੋਈ ਪੀ ਲਵੇ। [8]ਦੁਖਦਾਈ ਦੇ ਵਸ ਹੋਕੇ। [9]ਭਿਆਨਕ ਰਾਤ ਵਾਂਙੂ। [10]ਜਿਨ੍ਹਾਂ ਚੋਰਾਂ ਤੋਂ। [11]ਹੁਸ਼ਿਆਰ। [12]ਘਰ ਵਿਚੇ। [13]ਮਾਰਦੇ ਹਨ। [14]ਟੁਕੜੇ ਟੁਕੜੇ। [15]ਨਦੀ। [16]ਮਗਰਮੱਛ ਦੀ ਜਾਤ ਦਾ ਜਲ ਜੰਤੂ [ਸਿਸ, ਨਕ੍ਰ]। [17]ਜਹਾਜ਼। *ਪਾ—ਅਪਮਾਨ ਕਿਸਾਣੀ।

ਮਹਾਨਾ। ਸਿਮਰਨ ਨਾਮ ਜਹਾਂ ਬਰਦ੍ਵਾਨਾ[1]॥੪੭॥ ਤਿਹ ਕੋ ਪਾਵਹੁ ਤਰਹੁ ਸੁਖਾਰੇ। ਆਨੰਦ ਪ੍ਰਾਪਤਿ ਪਾਰ ਕਰਾਰੇ[2]। ਇਸ ਜਹਾਜ਼ ਬਿਨ ਪਾਰ ਨ ਪਾਵਹੁ। ਨਿੰਮ੍ਰਿ ਭਾਵ ਹ੍ਵੈ ਸੇਵ ਕਮਾਵਹੁ॥੪੮॥ ਦੋਹਰਾ॥ ਬਾਲ ਬੈਸ ਕੋ ਸੁਵਾ ਜਿਉਂ ਗ੍ਰਾਸ ਲੇਤਿ ਤਤਕਾਲ। ਤੈਸੇ ਹੀ ਇਸ ਜੁਵਾ ਕੋ ਗ੍ਰਸ ਹੀ ਜਰਾ[3] ਬਿਸਾਲ ॥੪੯॥ ਚੌਪਈ ॥ ਜਰਜਰਿ[4] ਭੂਤ ਦੇਹਿ ਹ੍ਵੈ ਜਾਹੀ। ਬੁਧਿ ਖੀਣ[5], ਨਹਿਂ ਨੈਨਦਿਸਾਹੀਂ। ਕਰਨ ਨ ਸੁਨਿਹੀ, ਸਿਰ ਤਬਿ ਕਾਂਪਾ॥ ਤ੍ਰਿਸ਼ਨਾ ਅਧਿਕ ਹੋਤਿ ਪਰਤਾਪਾ ॥ ੫੦ ॥ ਢੀਲੇ ਮਾਸ ਸੁੰਦਰਤਾ ਹਰਿਹੀ। ਜਿਉਂ ਤਰੁ[6] ਕੋ ਘੁਣ ਸੂਕਹਿ*ਕਰਿਹੀ॥ ਇਸਤ੍ਰੀ ਤਾਤ,ਅਪਰ ਪਰਵਾਰਾ। ਸਭਿ ਤਜਿ ਦੇਹਿਂ, ਨ ਲਾਗਹਿ ਪਜਾਰਾ ॥ ੫੧ ॥ ਜਰਾ ਨਿਸ਼ਾ ਮਹਿਂ[7] ਖਾਂਸੀ ਸਨਾਰੀ[8]। ਆਇ ਸ਼ਬਦ ਕਰਿਹੀ ਦੁਖਕਾਰੀ[9]। ਹ੍ਵੈ ਅਸ਼ਕਤਿ,ਇਕ ਰੋਸ ਨ ਜਾਈ[10]। ਜਿਉ ਤਰੁ ਬਡੈ ਉਲੂਕ[11] ਰਹਾਈ॥੫੨॥ ਆਇ ਜਰਾ ਜੈਸੇ† ਬਧਿਆਰੀ। ਮ੍ਰਿਗ ਬਲ[12] ਕੇ ਮ੍ਰਿਤੁ ਕਰਨੇ ਹਾਰੀ। ਸਭਿ ਬਿਧਿ ਦੀਨ ਕਰਤਿ ਹੈ ਸੋਈ। ਦੇਖਿ ਹੰਸੀ ਠਾਨੈ ਸਭਿ ਕੋਈ ॥੫੩॥ ਰੋਗਨ ਕੀ ਜਰ[13] ਜਰਾ ਪਛਾਨਹੁ। ਸਰਬ ਦੁਖਨ ਕਾ ਸਦਨ ਪ੍ਰਮਾਨਹੁ॥ ਸੇਤ[14] ਕੇਸ ਹੋਵਹਿ ਸਭਿ ਠੌਰਾ। ਮਨਹੁ ਜਰਾ ਪਰ ਝੂਲਤਿ ਚੌਰਾ॥੫੪॥ ਕਿਧੌਂ ਜਰਾ ਕੇ ਦੂਤ ਅਗਾਰੀ। ਨਿਜ ਬਸ ਦੇਹਿ ਕਰਨੋ ਚਹਿਂ ਸਾਰੀ[15]। ਮਨਹੁ ਕਾਲ ਕੋ ਆਇ ਸੰਦੇਸ਼ਾ[16]। ਰੂਪ ਬਿਦਾਰਨ ਭੇ ਸਿਤ ਕੇਸ਼ਾ[17]॥੫੫॥ ਪੁਨ ਤਤਕਾਲ ਗ੍ਰਸੈ ਮ੍ਰਿਤੁ ਆਈ। ਮਹਾਂ ਕਸ਼ਟ ਤਿਹ ਛਿਨ ਨਰ ਪਾਈ। ਤਿਸਤੇ ਉਬਰਿ ਸਕੈ ਨਹਿ ਕੋਈ। ਖਾਏ, ਮਹਾਂ ਬਲੀ ਥੇ ਜੋਈ ॥੫੬॥ ਅੰਜੁਲ ਕੇ ਜਲ ਸਮ ਬਯ ਏਹੀ[18]। ਠਹਿਰਤ ਨਹਿ ਛਿਨ-ਭੰਗਰ[19] ਦੇਹੀ। ਯੁਕਤਿ ਬਿਕਾਰ[20] ਅਵਸਥਾ ਤੀਨੋਂ। ਬਿਤਹਿ ਜਿ ਹਰਿ ਕੇ ਸਿਮਰਨ ਹੀਨੋ॥੫੭॥ ਨਿਜ ਕੱਲਯਾਨ ਚਹਿਤਿ ਹੈਂ ਜੋਈ। ਸਤਿ ਸੰਗਤਿ ਮਹਿਂ ਮਿਲਿ ਹੈਂ ਤੋਈ। ਤਿਨ ਕੇ ਬਚਨ ਸੁਨਹਿਂ ਉਰ ਮਾਨਹਿਂ। ਕਰ

---

[1]ਹਵਾ ਨਾਲ ਟੁਰਨ ਵਾਲੇ ਜਹਾਜ਼ ਦੇ ਕਪੜੇ ਦੇ ਪਰਦੇ। ਬਾਦਬਾਨ, [ਫਾ: ਬਾਦਬਾਨ]। [2]ਕਿਨਾਰੇ। [3]ਬ੍ਰਿੱਧ ਅਵਸਥਾ। [4]ਕਮਜ਼ੋਰ। [5]ਨਾਸ਼। [6]ਬ੍ਰਿਛ। [7]ਬੁਢੇਪੇ ਰੂਪੀ ਰਾਤ ਵਿਚ। [8]ਗਿਦੜੀ ਖੰਘ। [9]ਦੁਖਦਾਈ। [10]ਕਮਜ਼ੋਰ ਹੋ ਜਾਂਦਾ ਹੈ (ਪਰ) ਗੁੱਸਾ ਨਹੀਂ ਹਟਦਾ। [11]ਉੱਲੂ। [12]ਬਲ ਰੂਪੀ ਮ੍ਰਿਗ। [13]ਜੜ। [14]ਚਿੱਟੇ। [15]ਸਾਰੀ ਦੇਹ ਆਪਣੇ ਵੱਸ ਵਿਚ ਕਰਨੀ ਚਾਹੁੰਦੇ ਹਨ! [16]ਸੰਦੇਸਾ ਆਇਆ ਹੈ ਮੌਤ ਦਾ (ਚਿੱਟੇ ਵਾਲ)। [17]ਰੂਪ ਨਾਸ਼ ਕਰਨ ਨੂੰ ਹੋਏ ਹਨ ਚਿੱਟੇ ਵਾਲ। [18]ਬੁੱਕ ਦੇ ਪਾਣੀ ਵਾਂਙੂ ਇਹ ਉਮਰਾ ਹੈ। [19]ਥੋੜੇ ਚਿਰ ਵਿਚ ਨਾਸ਼ ਹੋ ਜਾਣ ਵਾਲੀ। [20](ਭਾਵ) ਦੁੱਖਾਂ ਦੇਣ੍ਹੀਆਂ ਹਨ।

*ਪਾ:-ਸੂਸ਼ਕਹਿ। †ਪਾ:-ਚੈਸੇ।

Sri Satguru Jagjit Singh Ji eLibrary NamdhariElibrary@gmail.com

ਨਿੱਧਯਾਸਨ ਅਨੰਦ ਸੁ ਠਾਨਹਿ॥੫੮॥ ਦ੍ਰਿਢ ਅੱਭਯਾਸ ਹੋਇ ਹੈ ਜਬਿਹੀ। ਨਿਜ ਸਰੂਪ ਸੱਖ੍ਯਾਤ[1] ਸੁ ਤਬਿਹੀ। ਏਕ ਰੂਪ ਸਭਿ ਸ੍ਰੀ ਨਿਰੰਕਾਰਾ। ਮਨ ਕਲਪਨ ਤੇ ਜਗਤ ਅਪਾਰਾ॥੫੯॥ ਜਿਤ ਤਿਤ ਦੇਖਨੇ ਏਕ ਗੁਸਾਈਂ। ਰਾਗ ਦ੍ਵੈਖ ਸਹਿਜੇ ਮਿਟ ਜਾਈ। ਤੇ ਨਰ ਪਾਰ ਪਰੇ ਦੁਖ ਸਾਗਰ। ਸਭਿ ਸਿਰਤਾਜ ਸਿ ਹੋਹਿਂ ਉਜਾਗਰ[2]॥੬੦॥ ਜੇ ਤਨ ਧਨ ਹੰਕਾਰ ਵਸੰਤੇ। ਸੋ ਕਥਿ ਰੰਚਕ ਸੁਖ ਨ ਲਹੰਤੇ। ਦੇਹਿ ਦਸ਼ਾ[3] ਵਿਕਾਰ ਯੁਤਿ ਜੈਸੀ। ਪਾਛੈ ਬਰਨਨ ਕੀਨੀ ਤੈਸੀ॥੬੧॥ਧਨ ਮਹਿਂ ਸੁਖ ਨਹਿਂ ਸੋ ਸੁਨਿ ਲੀਜੈ। ਅਧਿਕ ਹੋਇ ਤਿਉਂ ਅਧਿਕ ਤਪੀਜੈ। ਜਾਤਿ ਤਪ੍ਰਾਨਨ ਕਸ਼ਟ[4] ਮਹਾਨਾ।ਰੱਖ੍ਯਾ ਬਿਖੈ ਨੀਤ ਦੁਖ ਨਾਨਾ॥੬੨॥ਭੂਪਤਿ,ਤਸਕਰ ਕੋ ਭੈ ਕਰਿਕੈ। ਰਾਖਤਿ ਹੈ ਦੁਰਾਇ[5] ਬਿਚ ਘਰ ਕੈ। ਮ੍ਰਿਤੁ ਭਏ ਕਾਜ ਨ ਕਿਸ ਆਈ। ਸਰਪ ਦੇਹਿ ਤਿਹ ਹਿਤ ਤੇ ਪਾਈ॥੬੩॥ ਤਾਂਤੇ ਸਰਬ ਅਸਾਰੁ ਲਖੀਜੈ। ਸਿਮਰਨ ਸਾਰ ਏਕ ਪ੍ਰਭੁ ਕੀਜੈ।ਜੀਵਤਿਮ੍ਰਿਤਕ ਮਰੈਂ ਨਹਿਂ ਸੋਈ[6]। ਅਨੰਦ ਮਗਨ ਹੋਤਿ ਹੈਂ ਤੇਈ॥੬੪॥ਜਿਉਂ ਜਲ ਬਿਖੇ ਡੂਬਕੇ ਤਰਿਹੀ। ਬਹੁਰ ਨ ਡੂਬਨ ਸੰਸਾ ਕਰਿਹੀ।ਸਾਗਰ ਆਦਿਕ ਜਲ ਜਹਿਂ ਤਾਈ[7]।ਰਹੈਂ ਤਰਤਿ ਤਿਉਂ ਜਾਨਹੁ ਭਾਈ॥੬੫॥ ਹਉਮੈਂ ਖੋਇ ਨਾਮ ਲਿਵਲਾਵਹੁ। ਮਨ ਤੇ ਤ੍ਰਿਸ਼ਨਾ ਦ੍ਵੈਤ ਮਿਟਾਵਹੁ। ਆਤਮ ਰਾਮ ਲਖਹੁ ਭਲਿ ਭਾਂਤਾ। ਪਾਵਹੁ ਅਨੰਦ ਹੋਇ ਸੱਖ੍ਯਾਤਾ॥੬੬॥ ਜੋ ਪ੍ਰਵਾਰ ਕੇ ਮੋਹ ਬੰਧਾਨੇ। ਤਿਨ ਕਉ ਲਖਹੁ ਮਹਾਂ ਅੱਗ੍ਯਾਨੇ। ਅਪਨੇ ਸੁਤ ਬਨਿਤਾ, ਪਿਤ, ਮਾਤਾ। ਜਾਨਤਿ ਹਿਤਕਾਰੀ ਬਿਨ ਗ੍ਯਾਤਾ॥੬੭॥ ਬਾਰ ਬਾਰ ਜਨਮਹਿ ਜਗ ਮਾਂਹੀ। ਸਭਿਹੀ ਜਨਮ ਕੁਟੰਬ ਅਸ ਆਹੀ। ਕਰੇ ਅਨਿਕ ਬਨਿਤਾ, ਸੁਤ, ਭ੍ਰਾਤਾ। ਨਾਨਕ, ਦਾਦਿਕ ਅਨਿਕ ਸੁ ਮਾਤਾ॥੬੮॥ ਸਭਿ ਕੋ ਛੋਰਿ ਛੋਰਿ ਚਲਿ ਜਾਈ। ਕਿਤ ਹੂੰ ਮਰੈ ਨ ਕਿਤਹੂੰ ਜਾਈ। ਬਹੁਰ ਨ ਕਬਹੂੰ ਆਨਿ ਸਮ੍ਹਾਰੈ। ਚਹਿਤਿ ਨ ਬਿਛਰਨੋ ਹੁਤੇ ਜਿ ਪਸਾਰੇ[8]॥੬੯॥ ਸਨਬੰਧਨ ਨੌਕਾ ਸਮ ਮੇਲਾ। ਕਰੈ ਮੋਹ ਬਹੁ ਹੋਇ ਦੁਹੇਲਾ। ਹ੍ਵੈ ਨਿਰਮੋਹ ਰਹਹੁ ਸਭਿ ਮਾਂਹੀ। ਅੰਤ ਨ ਕੋਇ ਸੰਗ ਨਿਰਬਾਹੀ॥੭੦॥ ਜੋ ਸਤਿਸੰਗਤਿ ਕਰਹੁ ਸਪ੍ਰੀਤੀ। ਇਤ ਉਤ ਸੋ ਨਿਰਬਹਿ

[1]ਪ੍ਰਗਟ ਹੁੰਦਾ ਹੈ। [2]ਪ੍ਰਸਿੱਧ। [3]ਸਰੀਰ ਦੀ ਹਾਲਤ। [4]ਦੁਖ ਹੁੰਦਾ ਹੈ। [5]ਛੁਪਾਕੇ। [6](ਜੋ) ਜੀਉਂਦੇ ਮੋਏ ਹਨ ਉਹ ਨਹੀਂ ਮਰਦੇ। [7]ਜਿਥੋਂ ਤੱਕ ਸਮੁੰਦਰ ਤੇ ਜਲ ਆਦਿਕ ਹੈ। [8]ਜਿਨ੍ਹਾਂ ਪਸਾਰਿਆਂ ਤੋਂ ਕਦੇ ਵਿਛੁੜਨਾ ਨਹੀਂ ਸੀ ਚਾਹੁੰਦਾ।

Sri Satguru Jagjit Singh Ji eLibrary NamdhariElibrary@gmail.com

ਹੈ ਨੀਤੀ । ਤਨ ਹੌਤਾ ਕੋ ਸਰਬ ਮਿਟਾਏ । ਨਿਜ ਸਰੂਪ ਲਖਿ ਸ਼ੁਭ ਗਤਿ ਪਾਏ' ॥੭੧॥ ਨਿਤ ਪ੍ਰਤਿ ਇਸ ਪ੍ਰਕਾਰ ਗੁਨ ਖਾਨੀ । ਉਪਦੇਸ਼ਹਿੰ ਸਿੱਖਨ ਸੁਖ ਸਾਨੀ । ਆਤਮ ਮਿਲਯੋ ਅਨਾਤਮ ਮਾਂਹੀ । ਤਿਨ ਕੋ ਭਿੰਨ ਭਿੰਨ ਦਿਖਲਾਹੀਂ* ॥੭੨॥ ਨਿਰਨੈ ਸੱਤਿ ਅਸਤਿ ਕੋ ਕਰਿਹੀ । ਹੌਤਾ ਮਮਤਾ†

'ਹਉਮੈ ਤੇ ਮੇਰਾ ਪਨ । †ਪਾ:—ਮਨਤਾ ।

*ਸ਼ਾਸਤ੍ਰਕਾਰ: ਕਿਆ ਸਾਂਖ, ਕਿਆ ਯੋਗ, ਕਿਆ ਵੇਦਾਂਤ ਨੇ ਜਗਤ ਨੂੰ ਕਿਸੇ ਭੁਲੇਖੇ ਵਿਚ ਯਾ ਉਪਾਧੀ ਨਾਲ ਬਣ ਗਿਆ ਮੰਨਿਆ ਹੈ, ਤੇ ਇਸ ਨੂੰ ਦੁਖ ਰੂਪ ਦੱਸਿਆ ਹੈ ਤੇ ਇਸ ਦਾ ਇਲਾਜ ਇਸ ਦੇ ਨਖੇੜਨ ਵਿਚ ਦੱਸਿਆ ਹੈ, ਸਾਂਖ ਤੇ ਯੋਗ ਕਹਿੰਦੇ ਹਨ ਪੁਰਖ ਤੇ ਪ੍ਰਕ੍ਰਿਤੀ ਨੂੰ ਨਿਖੇੜ ਦਿਓ, ਵੇਦਾਂਤ ਕਹਿੰਦਾ ਹੈ ਮਾਇਆ ਤੇ ਬ੍ਰਹਮ ਨੂੰ ਨਿਖੇੜ ਦਿਓ ।

ਗੁਰ ਨਾਨਕ ਦੇਵ ਜੀ ਜਗਤ ਨੂੰ ਸਾਈਂ ਦਾ ਖੇਲ ਦੱਸਦੇ ਹਨ । ਗੁਰੂ ਸਾਹਿਬ ਇਸ ਨੂੰ ਦੁਖ ਰੂਪ ਉਸ ਹਾਲਤ ਵਿਚ ਕਹਿੰਦੇ ਹਨ ਜਿਸ ਵੇਲੇ ਇਹ ਆਪਣੇ ਰਚਨਹਾਰ ਤੋਂ (ਸਾਕਰ) ਟੁੱਟ ਜਾਂਦਾ ਹੈ । ਜਿਵੇਂ ਸਰੋਵਰ ਦਾ ਪਾਣੀ ਗੰਦਾ ਨਹੀਂ, ਪਰ ਜਦ ਜਿਸ ਚਸ਼ਮੇ ਤੋਂ ਨਹਿਰ ਲਿਆਕੇ ਸਰੋਵਰ ਭਰਿਆ ਸੀ ਉਸ ਚਸ਼ਮੇ ਨਾਲ ਸੰਬੰਧ ਟੁੱਟ ਜਾਵੇ ਤਦ ਪਾਣੀ ਤ੍ਰੱਕਦਾ ਹੈ । ਤਿਵੇਂ ਸਾਈਂ ਤੋਂ ਵਿਛੁੜਕੇ ਇਹ ਦੁੱਖ ਰੂਪ ਹੈ, ਜਿਵੇਂ ਕਿਸੇ ਬਾਲਕ ਲਈ ਜਿਸ ਨੇ ਮਾਂ ਦਾ ਉਂਗਲ ਫੜੀ ਹੋਈ ਹੈ ਕੋਈ ਮੇਲਾ ਦੁਖ ਰੂਪ ਨਹੀਂ, ਪਰ ਜਦ ਮਾਂ ਤੋਂ ਖੁੱਸ ਜਾਵੇ ਫਿਰ ਓਹ ਮੇਲਾ ਤੇ ਮੇਲੇ ਦੇ ਤਮਾਸ਼ੇ ਉਸ ਨੂੰ ਦੁਖ ਰੂਪ ਹਨ ।

ਫਿਰ ਸਾਂਖ ਨੇ ਪਰਮੇਸ਼ੁਰ ਨੂੰ ਮੰਨਿਆਂ ਹੀ ਨਹੀਂ, ਓਹ ਮਾਦਾ ਤੇ ਰੂਹ, ਯਾ ਪ੍ਰਕ੍ਰਿਤੀ ਤੇ ਪੁਰਖ ਮੰਨਦਾ ਹੈ । ਯੋਗ ਪਰਮੇਸ਼ੁਰ ਨੂੰ ਮੰਨਦਾ ਹੈ, ਪਰ ਉਸ ਨੂੰ ਕਰਤਾ ਤੇ ਕਾਦਰ ਨਹੀਂ ਮੰਨਦਾ, ਗੁਰੂ ਮਾਤ੍ਰ ਮੰਨ ਲੈਂਦਾ ਹੈ । ਵੇਦਾਂਤ ਪਰਮੇਸ਼ੁਰ ਨੂੰ ਕਰਤਾ ਕਾਦਰ ਨਹੀਂ ਮੰਨਦਾ, ਉਸ ਵਿਚ ਉਪਾਧੀ ਆਕੇ ਅਸੀਂ ਰਚੇ ਗਏ ਹਾਂ ਜਿਸ ਨੂੰ ਦੂਰ ਕੀਤਿਆਂ ਬ੍ਰਹਮ ਅੰਸ਼ ਉਪਾਧੀ ਤੋਂ ਮੁਕਤ ਹੋ ਜਾਵੇਗੀ, ਯਾ ਔਉਂ ਕਿ ਇਹ ਰਚਨਾ ਹੈ ਹੀ ਨਹੀਂ, ਇਕ ਭਰਮ ਮਾਤ੍ਰ ਹੈ ਜੋ ਰੱਸੀ ਨੂੰ ਸੱਪ ਦਿਖਾ ਰਿਹਾ ਹੈ, ਸੋ ਰੱਬ ਨਾ ਕਰਤਾ ਹੈ ਨਾ ਕਾਦਰ । ਪਰ ਸ੍ਰੀ ਗੁਰੂ ਸਾਹਿਬਾਂ ਨੇ ਵਾਹਿਗੁਰੂ ਨੂੰ:—

'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ' ਦੱਸਕੇ ਫੇਰ ਉਸ ਨੂੰ 'ਪਾਕੀ ਨਾਈ ਪਾਕੁ' ਆਖਿਆ ਹੈ ।

ਏਹ ਸਾਰੇ ਸ਼ਾਸਤ੍ਰਕਾਰ ਨਿਖੇੜਨ ਵਿਚ ਮੁਕਤੀ ਦੱਸਦੇ ਹਨ, ਕਿ ਜੀਵਾਤਮਾ ਦਾ ਪ੍ਰਕ੍ਰਿਤਿ (ਮਾਦੇ ਤੋਂ) ਯਾ ਆਤਮ ਅੰਸ਼ ਦਾ ਮਾਇਆ ਤੋਂ ਨਿੱਖੜਨਾ ਸਾਧਨ ਹੈ, ਕਿਉਂਕਿ ਇਨ੍ਹਾਂ ਦਾ ਮਿਲਨਾ ਹੀ ਦੁਖ ਦਾ ਹੇਤੂ ਹੈ, ਗੋਯਾ ਮਿਲਨਾ ਗ਼ਲਤੀ ਸੀ । ਸਤਿਗੁਰ ਜੀ ਇਹ ਸਾਰਾ ਹੁਕਮ ਵਿਚ ਹੋਇਆ ਦੱਸਦੇ ਹਨ । ਸ਼ਾਸਤ੍ਰਕਾਰ ਇਸ ਕਿਸਮ ਦੀ ਗੱਲ ਨੂੰ ਵਿਕਾਰ ਕਹਿ ਕੇ ਆਪਣੇ ਪੱਖ ਨੂੰ ਸਿੱਧ ਕਰਦੇ ਹਨ, ਕਿਉਂਕਿ ਵਾਹਿਗੁਰੂ ਨੂੰ ਅੱਗੇ ਤੇ

(ਬਾਕੀ ਨੋਟ ਦੇਖੋ ਅਗਲੇ ਪੰਨੇ ਤੇ)

Sri Satguru Jagjit Singh Ji eLibrary NamdhariElibrary@gmail.com

ਸਭਿ ਪਰਹਰਿਹੋਂ* । ਸੁਨਿ ਉਪਦੇਸ਼ ਰਿਦੇ ਜਿਨ ਧਾਰਾ। ਮੁਕਤਿ ਉਚਿਤ ਨਰ ਭਏ ਹਜ਼ਾਰਾਂ ॥ ੭੩ ॥ ਕ੍ਰਿਪਾ ਦ੍ਰਿਸ਼ਟਿ ਦੇਖੈਂ ਜਗ ਸਾਂਈਂ। ਕਹੈਂ

---

*ਦੂਰ ਕਰਦੇ ਹਨ ।

[ਪਿਛਲੇ ਪੰਨੇ ਦੀ ਬਾਕੀ ਟੂਕ]

ਨਿਰਵਿਕਾਰ ਦੱਸਦੇ ਹਨ, ਜੇਕਰ ਉਸ ਨੂੰ ਫੁਰਨਾ ਫੁਰੇ ਯਾ ਉਹ ਕ੍ਰਿਆ ਕਰੇ ਤਾਂ ਵਿਕਾਰੀ ਹੋਵੇ ਅਨਿੱਤ, ਅਨਾਦਿ ਅਨੰਤ ਨਹੀਂ ਰਹਿ ਸਕਦਾ । ਇਸ ਝੁਲੇਵੇ ਦਾ ਉੱਤਰ ਸਤਿਗੁਰੂ ਨੇ ਇਕ ਤੁਕ ਵਿਚ ਦਿਤਾ ਹੈ 'ਹੁਕਮੁ ਨ ਕਹਿਆ ਜਾਈ' । ਪਹਿਲੇ ਦੱਸਿਆ ਹੈ ਰਚਨਾ ਭੁੱਲ ਨਾਲ ਨਹੀਂ ਹੋਈ 'ਹੁਕਮੀ ਹੋਵਨਿ ਆਕਾਰ', ਫੇਰ ਅੱਗੇ ਸਮਝੋ ਕਿਸੇ ਸ਼ਾਸਤ੍ਰਕਾਰ ਨੇ ਇਤ੍ਰਾਜ਼ ਕੀਤਾ ਹੈ ਕਿ ਜੀ ਜੋ ਹੁਕਮ ਕਰੇਗਾ ਉਸ ਵਿਚ ਫੁਰਨਾ ਤੇ ਕ੍ਰਿਯਾ ਆਵੇਗੀ ਸੋ ਅਨਾਦ, ਅਨੰਤ, ਨਿਰਵਕਾਰ, ਨਿਰੰਜਨ, ਅੱਛੇ ਅਬਿਨਾਸ਼ੀ ਨਹੀਂ ਰਹੇਗਾ, ਤਾਂ ਸਤਿਗੁਰ ਫੁਰਮਾਉਂਦੇ ਹਨ 'ਹੁਕਮੁ ਨ ਕਹਿਆ ਜਾਈ' ਅਰਥਾਤ ਤੁਸੀਂ ਜਿਸਨੂੰ ਫੁਰਨਾ ਤੇ ਕ੍ਰਿਯਾ ਕਹਿੰਦੇ ਹੋ ਉਹ ਤੁਹਾਡਾ ਹੈ, ਅਪਣੇ ਫੁਰਨੇ ਤੇ ਕਰਨੇ ਦੀ ਤੁਸੀਂ ਸਾਈਂ ਵਿੱਚ ਸੰਭਾਵਨਾ ਕਰਕੇ ਟਪਲਾ ਖਾਂਦੇ ਹੋ, ਜਿਥੇ ਸਾਈਂ ਅਕੱਥ ਹੈ, ਮਨ ਬਾਣੀ ਤੋਂ ਪਰੇ ਹੈ, ਤਿਥੇ ਉਸਦਾ ਹੁਕਮ ਜੋ ਉਸਦੀ ਅਪਣੀ ਜ਼ਾਤ ਹੈ, ਕਥਨ ਤੋਂ ਪਰੇ ਹੈ । ਉਸੇ ਦੇ ਸਰੂਪ ਵਾਙੂ ਦੇਸ਼ ਕਾਲ, ਨਮਿੱਤ, ਵਸਤੂ ਤੋਂ ਪਰੇ ਹੈ । ਉਸ ਨੂੰ ਤੁਸੀਂ ਅਪਣੀ ਜਾਣ। ਕ੍ਰਿਯਾ ਤੇ ਫੁਰਨੇ ਦੀ ਸਦਰਸ਼ਤਾ ਦੇਕੇ ਦਲੀਲ ਕਰਦੇ ਹੋ ਇਹ ਗ਼ਲਤ ਹੈ, ਕਿਉਂਕਿ ਵਾਹਿਗੁਰੂ ਸਤਿ ਹੈ, ਪ੍ਰਕ੍ਰਿਤੀ ਵਾਂਙੂ ਨਹੀਂ ਜੋ ਜੜ ਹੈ, ਪਰ ਚੇਤਨ ਹੈ, ਚੇਤਨ ਪੁਰਖ (ਜੀਵ) ਵਾਙੂੰ ਨਹੀਂ ਜੋ ਕਲੇਸ਼ ਵਿਚ ਹੈ, ਪਰ ਅਨੰਦ ਹੈ । ਸੋ ਜੋ ਚੇਤਨ ਹੈ, ਉਹ ਜੇ ਸਾਡੇ ਵਾਂਙੂ ਕਿਰਿਆ ਕਰਦਾ ਹੈ ਤਾਂ ਜੀਵ ਹੈ, ਜੇ ਉਸ ਦੀ ਚੇਤਨਤਾ ਕਿਸੇ ਅਦੇਸ਼ ਅਕਾਲ ਅਕੱਥਨੀਯ ਢੰਗ ਵਿਚ ਹੈ, ਤਾਂ ਜੋ ਕੁਛ ਉਹ ਕ੍ਰਿਤ ਕਰਦੀ ਹੈ ਓਹ ਉਥੋਂ ਦਾ ਕੌਤਕ ਹੈ, ਜਿਸ ਦਾ ਗਿਆਨ ਸਾਨੂੰ ਨਹੀਂ, ਜਿਸ ਦੀ ਸਦਰਸ਼ਤਾ ਸਾਡੇ ਪਾਸ ਨਹੀਂ । ਦ੍ਰਿਸ਼ਟਾਂਤ ਲਈ ਜ਼ਿਮੀ ਤੇ ਰਹਿਣ ਵਾਲੇ ਜ਼ਿਮੀ ਦੇ ਦਰਯਾਵਾਂ ਦੇ ਜਾਣੂ ਹਨ, ਸਮਝਦੇ ਹਨ ਕਿ ਦਰਯਾ ਉਹ ਹੈ ਜਿਸਦੇ ਦੋ ਪਾਸੇ ਖੁਸ਼ਕੀ ਹੈ, ਵਿਚਕਾਰ ਪਾਣੀ ਦੀ ਰੌ ਚਲਦੀ ਹੈ, ਹੁਣ ਜੇ ਧਰਤੀ ਵਾਲੇ ਨੂੰ ਕਹੋ ਕਿ ਸਮੁੰਦਰ ਵਿਚ ਬੀ ਦਰਯਾ ਹਨ ਤਾਂ ਓਹ ਮਖ਼ੌਲ ਕਰੇਗਾ । ਕਿਉਂਕਿ ਸਮੁੰਦਰ ਵਿਚ ਖੁਸ਼ਕੀ ਦੀ (ਥਲ ਦੀ) ਸੰਭਾਵਨਾ ਹੋ ਨਹੀਂ ਸਕਦੀ, ਪਰ ਸਮੁੰਦਰ ਵਿਚ ਜਾਓ ਤਾਂ ਦਰਯਾ ਚੱਲ ਰਹੇ ਹਨ, ਆਸੇ ਪਾਸੇ ਪਾਣੀ ਠੰਢਾ ਹੈ ਵਿਚ ਇਕ ਗਰਮ ਰੌ ਹਜ਼ਾਰਾਂ ਮੀਲਾਂ ਤਕ ਟੁਰੀ ਜਾਂਦੀ ਹੈ, ਤੇ ਪ੍ਰਤੱਖ ਦਿਸਦੀ ਹੈ। ਤਿਵੇਂ ਅਕਾਲ, ਅਦੇਸ਼ ਨਮਿੱਤ ਤੇ ਵਸਤੂ ਰਹਤ(Absolute)ਪਰ ਮਾਤਮਾਂ ਵਿਚ ਓਹਕੁਛ ਨਹੀਂ ਜੋਸਾਡੇ ਮਨ ਬੁੱਧੀ ਤੇ ਵਿਚਾਰ ਵਿਚਹੈ,ਪਰ ਓਹ ਕੁਛ ਹੈ ਜੋ ਸਾਡੇ ਲਈ ਅਗੰਮ ਤੇ ਇਸ ਲਈ ਅਕੱਥ ਹੈ। ਪਰਮੇਸ਼੍ਵਰ ਜੀ ਦੇ ਉਸ ਚੇਤਨ ਤੇ ਅਨੰਦੀ ਖੇਲ ਨੂੰ ਸਤਿਗੁਰ ਹੁਕਮ ਕਹਿਕੇ, ਹੁਕਮ ਨੂੰ ਹੁਕਮੀ ਵਾਙੂ 'ਹੁਕਮੁ ਨ ਕਹਿਆ ਜਾਈ' ਦੱਸਦੇ ਹਨ।

[ਬਾਕੀ ਟੂਕ ਏਥੇ ਅਗਲੇ ਪੰਨੇ ਤੇ ਦੇਖੋ]

Sri Satguru Jagjit Singh Ji eLibrary NamdhariElibrary@gmail.com

ਸ਼ਬਦ ਜਨੌਂ ਦ੍ਵੈਤ ਮਿਟਾਈ। ਦਿਢ ਅੱਭਯਾਸ ਸਿੱਖ ਮਨ ਹੋਵਾ। ਜਨਮ ਮਰਨ ਬੰਧਨ ਕੋ ਖੋਵਾ ॥ ੭੪॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉਤਰਾਰਧੇ 'ਸਿੱਖਨ ਉਪਦੇਸ਼' ਪ੍ਰਸੰਗ ਬਰਨਨੰ ਨਾਮ ਤ੍ਰਿਵੰਜਮੋ ਅਧਯਾਯ ॥ ੫੩ ॥

[ਪਿਛਲੇ ਪੰਨੇ ਦੀ ਬਾਕੀ ਟੂਕ]

ਇਸੀਤਰ੍ਹਾਂ ਸ਼ਾਸਤ੍ਰਕਾਰਾਂ ਨੇ ਕਰਮ ਨੂੰ ਪੂਰਨਤਾ ਦਿੱਤੀ ਹੈ। ਕਿਤਨਾ ਮਹਾਂ ਪੁਰਖ ਹੋ ਜਾਏ, ਪਰ ਇਕ ਅੱਕ ਦੇ ਤਿੱਡੇ ਨੂੰ ਬਚਪਨ ਦੀ ਭੋਲੀ ਉਮਰੇ ਇਕ ਸੂਲ ਚੋਭ ਬੈਠਣ ਤੇ ਸੂਲੀ ਲਟਕਦਾ ਹੈ, ਇਹ ਹਾਸੋ ਹੀਣੀ ਕਰਮ ਦੀ ਸਰਬੱਗਯਤਾ ਸਤਿਗੁਰਾਂ ਨਹੀਂ ਮੰਨੀ। ਕਰਮ ਨੂੰ ਮੰਨਿਆਂ ਹੈ, ਪਰ ਐਉਂ ਨਹੀਂ। ਗੁਰੂ ਗ੍ਰੰਥ ਵਾਕ ਹੈ:–'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ'। ਜੇ ਜੀਵ ਕਰਮਾਂ ਦੇ ਦੁਫੇੜ ਕਰਕੇ ਜੰਮਦਾ ਮਰਦਾ ਹੈ ਤਾਂ ਆਦਿ ਵਿਚ ਕਿਸ ਕਰਮ ਦੀ ਸਜ਼ਾ ਵਿਚ ਦੇਹ ਧਾਰੀ ਹੋਇਆ ਸੀ? ਇਸੇ ਕਰਕੇ ਸਤਿਗੁਰਾਂ ਨੇ ਕਰਮਾਂ ਦੀ ਬਖਸ਼ਿਸ਼ ਬੀ ਦੱਸੀ ਹੈ, 'ਲੇਖਾ ਮਤ ਕੋ ਫਕੜਿ ਪਾਇ ॥ ਲਖਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ'॥ ਕਰਮ ਨੂੰ ਅਟੱਲ ਮੰਨਣ ਵਾਲੇ ਰੱਬ ਨੂੰ ਦੁਨੀਆਂ ਦਾ ਰਾਜਾ ਤੇ ਜੀਵਾਂ ਨੂੰ ਮੁਜਰਮ ਸਮਝਦੇ ਹਨ, ਹਾਲਾਂ ਕਿ ਜਦੋਂ ਸੁਰਤ ਸ਼ੁਭ ਕਰਮ ਕਰਕੇ ਨਿਰਮਲ ਹੋਕੇ ਸਾਈਂ ਲਿਵ ਨਾਲ ਸੋਚ ਮੰਡਲ ਛੱਡਕੇ ਉਚੇਰੀ ਹੋ ਜਾਂਦੀ ਹੈ, ਤਦ ਹੇਠਲੇ ਕਾਨੂਨ ਉਸ ਪਰ ਹਾਵੀ ਨਹੀਂ ਰਹਿ ਸਕਦੇ। ਜੋ ਪੰਛੀ ਧਰਤੀ ਤੇ ਟੁਰ ਰਿਹਾ ਹੈ, ਧਰਤੀ ਦੇ ਦੁਖ ਸੁਖ ਦਾ ਭਾਗੀ ਤੇ ਗਰਦਾ, ਗਰਮੀ, ਸੱਟ ਮਾਰ ਸਭ ਲਈ ਉਸ ਦੇ ਕਰਮ ਉਸਨੂੰ ਬਚਾਉ ਯਾ ਨਾ ਬਚਾਉ ਦੇ ਰਾਹ ਦੱਸਣਗੇ, ਜਦੋਂ ਉਹ ਉੱਚੇ ਅਕਾਸ਼ਾਂ ਵਿਚ ਉਡ ਗਿਆ, ਫੇਰ ਅਕਾਸ਼ਾਂ ਦੇ ਨਿਯਮਾਂ ਵਿਚ ਜਾ ਪਹੁੰਚਾ। ਵਿਚਾਰਾਂ ਕਰਨ ਵਾਲੇ ਵਿਚਾਰ ਮੰਡਲ ਵਿੱਚ ਗੱਲਾਂ ਕਰਦੇ ਹਨ, ਵਿਚਾਰ ਤੋਂ ਪਰੇ ਲਿਵ ਮੰਡਲ ਨਾ ਉਨ੍ਹਾਂ ਡਿੱਠਾ ਹੈ ਤੇ ਨਾ ਉਸ ਨੂੰ ਸਮਝਦੇ ਹਨ।

ਫਿਰ ਸਾਂਖ, ਯੋਗ, ਵੇਦਾਂਤ ਦੇ ਤ੍ਰੀਕੇ ਦਾ ਅੱਭ੍ਯਾਸੀ ਮੁੱਢ ਤੋਂ ਹੀ ਜਗਤ ਤੋਂ ਅਲੱਗ ਹੁੰਦਾ ਹੈ। ਸਤਿਗੁਰ ਦੇ ਤ੍ਰੀਕੇ ਨਾਲ ਗ੍ਰਿਹਸਤ ਵਿਚ ਵੱਸਦਾ ਉੱਚਾ ਆਚਰਨ ਧਾਰਨ ਕਰਦਾ, ਸਾਈਂ ਦੀ ਲਿਵ ਵਿਚ ਰਹਿਕੇ ਅਪਨੇ ਅਮਲਾਂ ਤੋਂ ਅਪਣੇ ਵਰਤਾਵ ਤੋਂ ਜਗਤ ਲਈ ਇਕ ਜੀਉਂਦਾ ਇਲਹਾਮ ਤੇ ਸਦਗਤੀ ਦਾ ਨਮੂਨਾ ਬਣਦਾ ਹੈ। ਸਿੱਖ ਤਿਆਗੀ ਹੋਵੇ, ਸਨ੍ਹਾਂ ਨਹੀਂ, ਪਰ ਆਦਰਸ਼ ਇਹ ਨਹੀਂ। ਜਗਤ ਵਿਚ ਰਹਿਕੇ ਸਾਈਂ ਦੀ ਲਿਵ ਨਾਲ ਮਾਨੋਂ ਮਾਂ ਦੀ ਉਂਗਲ ਫੜਕੇ ਵਿਚਰੇ, ਖਿੜੇ, ਖੁਸ਼ ਹੋਵੇ; ਫਿਰ ਸਤਿਗੁਰ ਜੀ ਦੇ ਹੁਕਮ ਅਨੁਸਾਰ ਦੇਖੇ :–'ਸਭੁ ਤੇਰਾ ਖੇਲੁ ਅਖਾੜਾ ਜੀਉ' ਨਜ਼ਰ ਪਵੇਗਾ।

ਇਸ ਪ੍ਰਕਾਰ ਸ਼ਾਸਤ੍ਰਾਂ ਦੇ ਆਦਰਸ਼ ਤੇ ਗੁਰੂ ਸਾਹਿਬਾਂ ਦੇ ਆਦਰਸ਼ ਵਿਚ ਫਰਕ ਹਨ। ਸ਼ਾਸਤ੍ਰ ਫਿਲਸਫਾ ਹਨ, ਵੀਚਾਰ ਹਨ। ਗੁਰੂ ਸਾਹਿਬ ਜੀਅਦਾਨ ਦੇ ਦਾਤੇ ਹਨ ਤੇ ਅਮਲੀ ਜ਼ਿੰਦਗੀ ਸਿਖਾਲਦੇ ਹਨ, ਓਹ ਇਕ ਵਰਤਾਵੇ ਵਾਲਾ ਟੁਰਦਾ ਫਿਰਦਾ ਆਦਰਸ਼ਕ ਇਨਸਾਨ ਪੈਦਾ ਕਰਦੇ ਹਨ,

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLibrary NamdhariElibrary@gmail.com

੫੪. [ਗੁਰਮੰਤ੍ਰ ਮੰਗਲ । ਜੋਤੀ ਜੋਤ ਸਮਾਵਨ ਦੀਆਂ ਤਿਆਰੀਆਂ]

ਦੋਹਰਾ—ਮੋਹ ਭੂਤਨਾ ਮਨ ਲਗ੍ਯੋ ਕਿਤੇ ਉਪਾਇ ਨ ਜਾਇ।
ਮੰਤ੍ਰ ਸਤਿਗੁਰ ਸ਼ਬਦ ਤੇ ਕਰਿ ਅੱਭਯਾਸ ਨਸਾਇ ॥੧॥

[ਲਗ੍ਯੋ—ਲੱਗਿਆ ਹੈ, ਚੰਬੜਿਆ ਹੈ। ਮੰਤ੍ਰ—ਓਹ ਵਾਕ ਜਿਸ ਦੇ ਪੜ੍ਹਿਆਂ ਭੂਤ ਪ੍ਰੇਤ ਨੱਸਦੇ ਹਨ, ਮੁਰਾਦ ਸਤਿਗੁਰ ਦੇ ਦੱਸੇ ਨਾਮ ਮੰਤ੍ਰ ਤੋਂ ਹੈ ਜਿਸ ਤੋਂ ਮੋਹ ਰੂਪੀ ਭੂਤਨਾ ਦੂਰ ਹੁੰਦਾ ਹੈ। ਸਬਦ ਅੱਭ੍ਯਾਸ—ਸਬਦ ਦੇ ਅਭ੍ਯਾਸ ਤੋਂ ਮੁਰਾਦ ਨਾਮ ਜਪਣ ਦੀ ਹੈ।]

[illegible][ਪਿਛਲੇ ਪੰਨੇ ਦੀ ਬਾਕੀ ਟੂਕ]

ਉਨ੍ਹਾਂ ਦਾ ਉਦੇਸ਼ ਸੀ ਕਿ 'ਅਮਲ ਵਿਚ ਆਵੇ ਇਨਸਾਨ ਦਾ ਲਿਵ ਵਾਲਾ ਜੀਵਨ' ਓਹ ਜਾਣੇ ਮੁਬਾਰਕ, ਨਾ ਜਾਣੇ ਮੁਬਾਰਕ, ਪਰੰਤੂ 'ਉਸ ਦਾ ਅਮਲੀ ਜੀਵਨ ਲਿਵ ਵਾਲਾ ਹੋਵੇ' ਯਥਾ—'ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ ਪਰਮਗਤਿ ਪਾਵੈ' ॥ ਓਹ 'ਸੁੱਚ ਹੋਵੇ ਕਰਨੀ ਵਿੱਚ, ਵਸਦਾ ਹੋਇਆ ਗ੍ਰਹਸਤ ਵਿੱਚ', ਅਤੇ ਉਸ ਤੋਂ ਜੋ ਹੋਵੇ ਓਹ ਸਦਾਚਾਰ ਹੈ, ਉਹ ਇਖ਼ਲਾਕ ਹੈ—'ਪ੍ਰਭ ਕੈ ਸਿਮਰਨਿ ਹੋਇ ਸੁ ਭਲਾ' ॥

ਅੱਖਾਂ ਨੂੰ ਚੁੰਧਿਆ ਦੇਣ ਵਾਲੀਆਂ ਅਕਾਸ਼ੀ ਉਡਿਆਣੀਆਂ ਮੁਬਾਰਕ ਹਨ, ਪਰ ਸੰਸਾਰ ਮੰਡਲ ਵਿਚ ਆਮ ਇਨਸਾਨ ਪੀੜਾ ਵਿਚ ਹੈ, ਉਸ ਦੀ ਪੀੜਾ ਦਾ ਕਾਰਨ ਰੱਬ ਨਾਲ ਵਿਛੋੜਾ ਹੈ, ਉਹ ਮਿਲ ਮਿਲੇ ਤੇ ਫੇਰ ਵਿਚਰੇ ਜਗਤ ਵਿਚ। ਸੁਖੀ ਹੋਵੇ ਖੁਸ਼ੀ ਹੋਵੇ ਤੇ ਸੁਖ ਤੇ ਖੁਸ਼ੀ ਦੀ ਰੂਹ ਜਗਤ ਵਿਚ ਲਾਵੇ।

ਸ੍ਰੀ ਕਵਿ ਜੀ ਨੇ ਜੋ ਸਾਂਖ ਯੋਗ, ਵੇਦਾਂਤ, ਤੇ ਇਨ੍ਹਾਂ ਦੇ ਆਦਰਸ਼ (ਕਿ ਸੰਸਾਰ ਦੁਖ ਰੂਪ ਹੈ,) ਤੇ ਨਿਰਭਰ ਰੱਖਣ ਵਾਲੀ ਭਗਤੀ ਦੇ ਅਸੂਲ, ਉਨ੍ਹਾਂ ਦਾ ਫਿਲਸਫਾ, ਤੇ ਸਾਧਨ ਵਰਣਨ ਕੀਤੇ ਹਨ, ਉਹਨਾਂ ਨੂੰ ਸਮਝਣ ਵੇਲੇ ਉੱਪਰ ਲਿਖੇ ਸੰਖੇਪ ਫਰਕਾਂ ਨੂੰ ਵਿਚਾਰਕੇ ਭਾਈ ਗੁਰਦਾਸ ਤੇ ਗੁਰਬਾਣੀ ਦੀ ਰੌਸ਼ਨੀ ਵਿਚ ਇਹ ਵਿਚਾਰ ਕਰਨਾ ਲੋੜੀਂਦਾ ਹੈ। ਜੇ ਨਿਰਾ ਸ਼ਾਸਤ੍ਰਿਕ ਨੁਕਤਾ ਖਯਾਲ ਲੈ ਲਓਗੇ ਤਾਂ ਮੁੜ ਉਹਨਾਂ ਦੁਖਾਂ ਵਿਚ ਜਾਕੇ ਪੈਣ ਦਾ ਡਰ ਹੈ, ਜੋ ਸਤਿਗੁਰ ਨੇ ਮੇਟੇ ਸਨ। ਗੁਰ ਸਿੱਖੀ ਨਿਰੋਲ ਸਿੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਹੈ। ਮੁਕਾਬਲਾ ਕਰੋ ਜਪੁਜੀ ਦਾ ਤੇ ਗੀਤਾ ਦਾ, ਗੀਤਾ ਵਿਚ ਮਨ ਤੇ ਅੰਦਰਲੇ ਦੇ ਫਿਲਸਫੇ ਦੱਸੇ ਹਨ। ਜਪੁਜੀ ਵਿਚ ਕੁਦਰਤ ਤੇ ਕਰਤਾ ਦੇ ਪ੍ਰਕਾਸ਼ ਦੇ ਵਰਣਨ ਤੇ ਕੁਦਰਤ ਨਾਲ ਇਕਸੁਰ ਹੋਕੇ ਅਮਲੀ ਜੀਵਨ ਤੇ ਤਜਰਬੇ ਵਿਚ ਆ ਜਾਣ ਵਾਲੇ ਨੁਕਤੇ ਦਿੱਤੇ ਹਨ। ਫਿਲਸਫੇ ਦਿੱਤੇ ਹਨ ਪਰ ਅਮਲੀ ਰੋ ਵਿਚ ਪ੍ਰੋਕੇ।

ਸੁਖਮਨੀ ਵਿਚ ਇਸੇ ਅਮਲੀ ਜੀਵਨ ਦੀ ਰਹਿਬਰੀ ਕਰਦੇ ਇਕ ਥਾਂ ਕਹਿੰਦੇ ਹਨ 'ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥' ਇਸ ਵਿਚ ਰੋਪੇ ਫਿਲਸਫੇ ਦੇ ਗਜਾਨ ਵਿਚ 'ਇਕ' ਦੇ ਖਯਾਲ ਕੀਤੇ ਨੁਕਤੇ ਨੂੰ

[ਬਾਕੀ ਟੂਕ ਅਗਲੇ ਪੰਨੇ ਤੇ ਦੇਖੋ]

Sri Satguru Jagjit Singh Ji eLibrary NamdhariElibrary@gmail.com

ਅਰਥ–ਮੋਹ (ਰੂਪੀ) ਭੂਤਨਾ ਮਨ ਨੂੰ ਚੰਬੜਿਆ ਹੈ ਕਿਸੇ ਉਪਾਇ ਨਾਲ ਲਹਿੰਦਾ ਨਹੀਂ, (ਇਹ ਭੂਤਨਾ) ਸਤਿਗੁਰ ਦੇ ਮੰਤ੍ਰ ਤੋਂ ਨੱਸਦਾ ਹੈ (ਸੋ ਤੂੰ ਸਤਿਗੁਰੂ ਜੀ ਦੇ ਬਖਸ਼ੇ) ਸ਼ਬਦ ਦਾ ਅਭਿਆਸ ਕਰ।

ਚੌਪਈ॥ ਸ੍ਰੀ ਗੁਰ ਕਥਾ ਥੋਰ ਹੀ ਗਾਈ। ਨਹਿ ਮੋਤੇ ਸਭਿ ਜਾਇ ਬਨਾਈ॥ ਪ੍ਰਭੁ ਕੀ ਮਹਿਮਾ ਊਚਹੁ ਊਚੀ[1]। ਮੇਰੀ ਮਤ ਹੈ ਨੀਚਹੁ ਨੀਚੀ[2]॥ ੨॥ ਕੈਸੇ ਸਮਤਾ ਤਿਸਕੀ ਹੋਇ। ਰੇਚਕ ਮੇਰੁ[3] ਸਮਝਿਯੇ ਸੋਇ। ਕੀਟੀ ਚਹੈ ਜਿ ਸਾਗਰ ਤਰਨੋ। ਕਿਸ ਪ੍ਰਕਾਰ ਹ੍ਵੈ ਪਾਰਨ ਪਰਨੋ[4]॥ ੩॥ ਅਬ ਜਿਹ ਬਿਧਿ ਬੈਕੁੰਠ ਸਿਧਾਰੇ। ਤਿਉਂ ਮੈਂ ਕਹੌਂ ਸੁਨਹੁ ਹਿਤਧਾਰੇ। ਏਕ ਦਿਵਸ ਚਲਦਲ[5] ਕੀ ਛਾਈ। ਬੈਠੇ ਹੁਤੇ ਭੋਰ[6] ਜਗ ਸਾਈਂ॥੪॥ ਮਹਿਖੀ ਬੜਵਾ ਛੁਧਾ ਵਿਸ਼ੇਖੀ[7]। ਤ੍ਰਿਣ ਬਿਹੀਨ[8] ਜਬਿ ਸਗਰੀ ਦੇਖੀ। ਕਮਲਾ ਨਾਮ ਦਾਸ ਇਕ ਅਹਾ। ਤਿਹ ਬੁਲਾਇ ਕੈ ਸ੍ਰੀ ਪ੍ਰਭੁ ਕਹਾ॥ ੫॥ 'ਭਏ ਛੁਧਾਤੁਰ ਪਸੂ ਸਮੂਹਾ। ਆਨਹੁ ਤ੍ਰਿਣੈ ਜਾਇ ਨਿਜ ਜੂਹਾ[9]'। ਸੁਨਿ ਤਿਨ ਬਚਨ ਪਿਆਨਾ ਕੀਨਾ। ਜਹਾਂ ਬਿਸਾਲ ਘਾਸ ਕੌ ਚੀਨਾ॥ ੬॥ ਤਿਹ ਛਿਨ

---

[1]ਉੱਚਿਆਂ ਤੋਂ ਉੱਚੀ ਹੈ। [2]ਨੀਵਿਆਂ ਤੋਂ ਨੀਵੀਂ। [3]ਸੁਮੇਰੁ ਪਰਬਤ ਤੋਂ ਕਿਣਕਾ ਭਰ। [4]ਪਾਰ ਪੈਣਾ। [5]ਪਿੱਪਲ। [6]ਸਵੇਰੇ। [7]ਮੱਝੀਆਂ ਘੋੜੀਆਂ ਭੁੱਖੀਆਂ ਬਹੁਤ। [8]ਘਾਹ ਬਿਨਾਂ। [9]ਮਲਗੁਜ਼ਾਰ ਵਿਚੋਂ।

(ਪਿਛਲੇ ਪੰਨੇ ਦੀ ਬਾਕੀ ਟੂਕ)

ਕੁਦਰਤ ਦੇ ਪ੍ਰਕਾਸ਼ ਵਿਚ ਪ੍ਰਗਟ ਤੇ ਅਮਲੀ ਰੂਪ ਵਿਚ ਦਰਸ਼ਨ ਕਰਨ ਤੇ ਉਸ ਨਾਲ ਇਕਸੁਰ ਹੋਣ ਦਾ ਰਾਹ ਦੱਸਦੇ ਹਨ। ਇਸ ਤਰ੍ਹਾਂ ਦੇ ਇਲਹਾਮੀ ਤੇ ਅਮਲੀ ਜੀਵਨ ਦੇ ਸਾਂਹਮਣੇ ਨਿਰੇ ਸੋਚ ਮੰਡਲਾਂ ਵਿਚ ਘੋਟ ਘੋਟ ਕੇ ਸੋਚ ਵਿਚ ਰਖੇ ਹੋਏ ਖਯਾਲ ਮਾਤ੍ਰ ਕੋਈ ਕੀਮਤ ਨਹੀਂ ਰਖਦੇ। 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ।' ਕਵਿ ਜੀ ਜਗ੍ਹਾ ਜਗ੍ਹਾ ਗੁਰਸਿੱਖੀ ਦੀ ਪ੍ਰੋੜਤਾ ਬੀ ਕਰਦੇ ਜਾਂਦੇ ਹਨ, ਪਰ ਕਵਿਤਾ ਤੇ ਸੰਖੇਪ ਹੋਣ ਕਰਕੇ ਪਾਠਕ ਉਥੇ ਅਟਕਦੇ ਨਹੀਂ, ਯਥਾ ਦੇਖੋ ਇਸੇ ਉੱਤਰਾਰਧ ਦਾ ਅਧਯਾਯ ੫੫ ਅੰਕ ੪੪ 'ਪੂਰਬ ਸਾਧਨ ਮੁਕਤਿ ਕਰਨ ਜੋਰੇ ਬਿਧਿ ਚੀਨੀ। ਤਿਨ ਤੇ ਤੁਮਹਿ ਸੁਖੇਨ ਕੀਨ ਇਹੁ ਰੀਤ ਨਵੀਨੀ' ਸੋ ਅਜਾਣ ਪਾਠਕ ਗ਼ਲਤੀ ਨਾਲ ਮੁੜ ਉਦਾਸੀ ਦੀ ਨੀਂਹ ਤੇ ਉਸਰੇ ਕਿਸੇ ਗ਼ਲਤੀ ਨਾਲ ਥਕ ਗਏ ਸੰਸਾਰ ਤੋਂ ਭੱਜ ਜਾਣ ਲਈ ਲਿਖੇ ਵਾਲੇ ਪੁਰਾਣੇ ਆਦਰਸ਼ਾਂ ਵਿਚ ਜਾਕੇ ਸ਼ਾਸਤ੍ਰਾਂ ਦੇ ਬਣਾਂ ਵਿਚ ਗੁਆਚ ਜਾਂਦੇ ਹਨ, ਗੁਰ ਸਿੱਖਾਂ ਨੂੰ ਇਸ ਭੁੱਲ ਤੋਂ ਬਚਾਉਣ ਲਈ ਸੰਖੇਪ ਮਾਤ੍ਰ ਫਰਕ ਉੱਤੇ ਦਿਖਲਾਏ ਹਨ, ਗੁਰੂ ਜੀ ਦੀ ਦਰਸ਼ਨ ਵਿਦਯਾ ਬੀ ਸਭ ਤੋਂ ਅਗੇਰੇ ਹੈ। ਇੱਥੇ ਥਾਂ ਨਹੀਂ ਕਿ ਇਨ੍ਹਾਂ ਤੇ ਬਹੁਤੀ ਵਯਾਖਯਾ ਕੀਤੀ ਜਾਵੇ, ਕੁਛ ਵਧੇਰੇ ਸਮਝਣ ਲਈ, ਪ੍ਰੀਤਮ ਜੀ, ਬਖਸ਼ੰਦ ਮਹਰਮ, ਸਭ ਤੋਂ ਵਡਾ ਸਤਿਗੁਰ ਨਾਨਕ ਆਦਿ ਲੇਖ, 'ਕਲਗੀਧਰ ਚਮਤਕਾਰ' ਤੇ 'ਗੁਰ ਨਾਨਕ ਚਮਤਕਾਰ' ਵਿਚੋਂ ਪੜ੍ਹਨੇ ਸੁਖਦਾਈ ਹੋ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਆਇਸੁ[1] ਕੋ ਧਰਿ ਬੇਸਾ। ਆਏ ਤ੍ਰੈ ਬਿਧਿ[2], ਸ਼ੰਭੁ[3], ਸੁਰੇਸ਼ਾ[4]। ਕਮਲਾ ਜਾਤਿ ਵਹਿਰ ਕੋ ਹੇਰਾ। ਨਾਮ ਲੇਯ ਤਬ ਊਚੋ ਟੇਰਾ ॥ ੭ ॥ ਨਿਕਟਿ ਬੁਲਾਯੋ ਬਚਨ ਉਚਾਰਾ।'ਇਕ ਕਾਰਜ ਤੁਮ ਕਰਹੁ ਹਮਾਰਾ। ਇਹ ਬਿਭੂਤਿ ਲੈਕੈ ਕਰ ਮਾਂਹੀ। ਜਾਵਹੁ ਸ੍ਰੀ ਨਾਨਕ ਕੇ ਪਾਹੀ ॥ ੮॥ ਜਾਇ ਦਿਖਾਵਹਿੰਗੇ ਤ੍ਰੈ ਜਬਿ ਹੀ।ਉੱਤਰ ਕਛੂ ਦਹਿੰ ਪ੍ਰਭੁ ਤਬਿਹੀ।ਸੋ ਸੁਨਿਕੈ ਹਮ ਪਾਸ ਕਹੀਜੈ। ਜਾਹੁ ਅਬੈ ਨਹਿੰ ਬਿਲਮ ਕਰੀਜੈ'॥੯॥ ਕਮਲੇ ਪਿਖਿ ਸਰੂਪ ਤਿਨ ਕੇਰਾ। ਛ੍ਰਾਂਤਿਮਾਨ ਅਤਿ ਸ਼ੁਭਤਿ ਘਨੇਰਾ[5]। ਅਚਰਜ ਭਯੋ ਤਬੈ ਮਨ ਮਾਂਹੀ। ਲਖੇ ਨ ਜਾਹਿੰ ਕਿ ਸੁਰ ਨਰ[6] ਆਹੀਂ ॥ ੧੦ ॥ ਹਟਨ ਲਗਯੋ ਉਰ ਭਈ ਬਿਚਾਰਾ। ਗੁਨਿਕੈ ਤਿਨਸੋਂ ਬਚਨ ਉਚਾਰਾ। 'ਸਤਿਗੁਰ ਕੀ ਆਇਸੁ ਅਸ ਮੋਹੀ। ਪੁਨ ਜਾਵੌਂ ਤ੍ਰਿਣ ਭਾਰ ਜਿ ਹੋਹੀ' ॥ ੧੧ ॥ ਦੋਇ ਮਹੂਰਤ ਮਹਿੰ ਕਰਿ ਲੈਹੌਂ।ਪੁਨ ਤੁਮ ਜਾਇ ਸੰਦੇਸਾ ਦੈਹੌਂ'।ਤਬਿ ਸੁਰੇਸ਼ ਉਠ ਐਸੋ ਕੀਨਾ। ਭਾਰਤ੍ਰਿਣਨ ਮੁਸ਼ਕ[8] ਕਰਿ ਦੀਨਾ॥੧੨॥ਸਿਰ ਉਚਵਾਇ ਸੁ ਪੁਰੀ ਪਠਾਵਾ। ਕਮਲੇ ਹਿਰਦੈ ਅਚਰਜ ਪਾਵਾ।–ਅਜ਼ਮਤਿ ਯੁਕਤ ਤੇਜ ਦਿਪਤਾਈ। ਭੇਦ ਨ ਇਨ ਕੋ ਜਾਨਯੋ ਜਾਈ–॥ ੧੩ ॥ ਪੁਰਿ ਮਹਿੰ ਤੂਰਨ ਜਬਿਹੀ ਆਵਾ। ਪਿਖਤਿ ਹੁਤੇ ਪ੍ਰਭ ਬਚਨ ਅਲਾਵਾ। 'ਕਮਲੇ ਜਸਪਦ[9] ਤ੍ਰਿਣ ਲੇ ਆਯੋ। ਕਿਧੌਂ ਕਿਸੁ ਕੋ ਜਾਇ ਚੁਰਾਯੋ॥੧੪॥ ਬਲਛਲ ਕਰਿ ਜੋ ਲੀਨੇ ਪਰਕੋ[10]। ਤੌ ਨਹਿ ਜਾਹੁ ਅਗਾਰੀ ਘਰ ਕੋ। ਹਮਰੀ ਮਹਿਖਨ ਨਾਹਿ ਖੁਆਇ। ਬਹੁਰ ਧਰਹੁ ਜਹਿੰ ਤੇ [illegible] ਲਯਾਇ*' ॥੧੫॥ ਦੋਹਰਾ ॥ ਕਮਲਾ ਬੋਲਯੋ ਬੰਦਿ ਕਰ 'ਨਹੀਂ ਚੁਰਾਯੋ ਜਾਇ। ਜਿਉਂ ਆਨੇ ਤੂਰਨ ਤ੍ਰਿਣਨ ਤਿਉਂ ਸੁਨੀਏ ਸੁਖ-ਦਾਇ!:–॥੧੬॥ਚੌਪਈ॥ ਤ੍ਰੈ ਜੋਗੀ ਬਾਹਰ ਹੈਂ ਬੈਸੇ।ਦੇਖੇ ਮੈਂ ਸੁਅਜ਼ਮਤੀ[11] ਜੈਸੇ।ਏਕ ਮੁਸ਼ਟ ਮਹਿ ਤ੍ਰਿਣ ਤਿਨ ਲੇ ਕਰਿ।ਭਾਰ ਬੰਧਾਇ ਉਚਾਇ ਦਯੋ ਸਿਰ ॥੧੭॥ ਤੁਮਕੋ† ਏਕ ਸੰਦੇਸ਼ਾ ਦੀਨੋ'। ਕਹਿ, ਪਟ ਗਾਂਠੀ[12] ਖੋਲਨ ਕੀਨੋ। ਦਈ ਬਿਭੂਤ ਗੁਰੂ ਕਰ ਮਹਿ ਜਬਿ। ਸ਼ੰਕਰ ਕਰ ਕੀ[13] ਜਾਨਿ ਲਈ ਤਬਿ ॥੧੮॥'ਕਮਲਾ! ਹਮਰੋ ਲਯਾਇ‡ ਸੰਦੇਸ਼ਾ'। ਤੀਨ ਬੇਰ ਇਉਂ ਕਹਿ

---

[1]ਜੋਗੀ ਦਾ (ਦੇਖੋ ਅੱਗੇ ਅੰਕ ੧੭)। [2]ਬ੍ਰਹਮਾ। [3]ਸ਼ਿਵ। [4]ਵਿਸ਼ਨੂੰ (ਅ) ਇੰਦ੍ਰ। [5]ਸ਼ੋਭਾਵਾਨ, ਬੜਾ ਸ਼ੋਭ ਰਿਹਾ ਹੈ (ਰੂਪ)। [6]ਦੇਵਤੇ ਯਾ ਪੁਰਸ਼। [7]ਫਿਰਜਾਵਾਂ ਜੋ ਘਾਹ ਦੀ ਪੰਡ ਹੋਵੇ। [8]ਮੁੱਠੀਭਰ। [9]ਛੋਟੀ। [10]ਪਰਾਏ ਦੇ। [11]ਕਰਾਮਾਤੀ। [12]ਬਸਤ੍ਰ ਦੀ ਗੰਢ। [13]ਸ਼ਿਵ ਦੇ ਹੱਥਾਂ ਦੀ।

*ਦੋਹ ਬਿਲਾਸ ਦੇ ਬਚਨ ਹਨ। †ਪਾਃ–ਤੁਮਰੋ। ‡ਪਾਃ–ਲਜਯੋ।

Sri Satguru Jagjit Singh Ji eLibrary NamdhariElibrary@gmail.com

ਜਗਤੇਸ਼ਾ। ਬਹੁਰ ਬਚਨ ਉਚਰੇ ਸ਼੍ਰੀ ਬਦਨਾ। 'ਕਮਲੇ! ਜਾਹੁ ਸਧਾਰਣ[1]
ਸਦਨਾ[2] ॥ ੧੯ ॥ ਆਨਹੁ ਹਮਰੇ ਨਿਕਟਿ ਬੁਲਾਈ'। ਗਮਨਯੋ ਕਮਲਾ
ਆਇਸੁ ਪਾਈ। ਸ੍ਰੀ ਅੰਗਦ ਤੇ ਸੋ ਪਸ਼ਚਾਤੀ। ਕਰਤਿ ਰਹਤਿ ਸੇਵਾ ਦਿਨ
ਰਾਤੀ॥੨੦॥ਸਗਰੇ ਬਸਤਰ ਸ਼ੁਭ ਸੁਕਰਿਹੀ[3]।ਚਰਨ ਪਖਾਰਿ ਹਰਖ ਉਰ-
ਭਰਿ ਹੀ।ਇੱਤਯਾਦਿਕ ਜੋ ਸੇਵਾ ਸਾਰੀ। ਕਰਤਿ ਸਦਾ ਪ੍ਰੀਤੀ ਉਰਧਾਰੀ ॥
੨੧ ॥ ਸੋ ਬੁਲਵਾਇ ਲੀਨ ਨਿਜ ਸੰਗਾ। ਗਮਨੇ ਬਾਹਿਰ ਗੁਰੂ ਉਤੰਗਾ।
ਔਰ ਦਾਸ ਸਭਿ ਦੀਨ ਹਟਾਈ। ਪਹੁੰਚਤਿ ਭਏ ਜਾਇ ਤਿਹ ਥਾਈਂ॥੨੨॥
ਕਿਤਿਕ ਦੂਰ ਬੈਠਾਇ ਸਧਾਰਨ। ਮਿਲੇ ਜਾਇ ਤਿਨ[4] ਨਰਕ ਨਿਵਾ-
ਰਣ[5]।'ਜਪਤ ਸੱਚਦਾਨੰਦ ਸੰਦੋਹੀ[6]*'। ਕਹਿ ਅਸ ਉਠੇ[7] ਪਰਮ ਸੁਖ
ਹੋਹੀ॥੨੩॥ ਦੇਖਿ ਸਰੂਪ ਰਿਦੇ ਹਰਖਾਏ। ਲੋਚਨ ਕਮਲ ਪ੍ਰਫੁੱਲ ਸੁਹਾਏ।
ਬਹੁਰ ਪ੍ਰੇਮ ਧ੍ਰਿਤਿ ਉਸਤਤਿ ਠਾਨੀ। ਪਰਮ ਮਨੋਹਰ ਕ੍ਰਮ ਮਨਬਾਨੀ[8] ॥
੨੪ ॥ ਤੋਟਕ ਛੰਦ ॥ 'ਅਭਿਰਾਮ ਸਦਾ ਸੁਖਧਾਮ[9] ਪ੍ਰਭੋ। ਗਤਿਦਾਯਕ
ਨਾਯਕ ਲੋਕ ਸਭੋ[10]! ਦੁਖ ਘਾਯਕ[11] ਸਾਯਕ[12] ਬੰਨ ਭੁਯੰ[13]। ਭਵ[14]
ਪਾਲਿਕ[15],ਕਾਲਿਕ[16],ਨਿੱਤ ਜਯੰ[17]॥੨੫॥ਤੁਮ ਬਾਵਨ ਪੂਰਬ ਰੂਪ ਧਰਯੋ।
ਹੁਇ ਰਾਘਵ[18]ਰਾਵਨ ਦੈਤ ਹਰਯੋ। ਪੁਨ ਜਾਦਵ ਬੰਸ਼ਹਿ ਕੰਸ ਮਰਯੋ[19]।
ਕਲਿਕਾਲ ਸੁ ਨਾਨਕ ਨਾਮ ਪਰਯੋ॥੨੬॥ਤਵ ਸੀਸ ਸਹੰਸ,ਨ ਏਕ ਸਿਰੰ।
ਕਰ ਪਾਦ[20] ਅਨੇਕ, ਨ ਏਕ ਕਰੰ। ਬਿਨ ਅੰਤ ਬਿਲੋਚਨ[21] ਕੋਇ ਨ ਹੈ।
ਬਹੁ ਮੂਰਤਿ ਹੋ, ਅਨਮੂਰਤਿ ਹੈ॥੨੭॥ ਜਗ ਨਾਮ ਸਹੰਸ, ਅਨਾਮ ਅਹੋ[22]।
ਬਹੁ ਸੂਨਨ ਤੇ, ਬਿਨ ਸੂੰਨ ਰਹੋ। ਬ੍ਰਹਮੰਡ ਬਰਾਠ ਸਰੂਪ ਭੁਯੰ[23]। ਹਰਿ
ਲੋਚਨ ਭਾਨੁ ਮਯੰਕ ਦੁਯੰ[24] ॥ ੨੯ ॥ ਅਸ਼ਟਾਦਸ ਭਾਰ ਰੁਮਾਵਲਿ-

---

[1]ਨਾਮ ਹੈ ਸਿੱਖ ਦਾ ਸਧਾਰਣ, ਤਿਸ (ਸਿੱਖ) ਦੇ ਘਰ। [3]ਭਾਵ ਧੋਂਦਾ ਹੁੰਦਾ ਸੀ। [4]ਤਿਨ੍ਹਾਂ (ਸਿਖ ਆਦਿਕਾਂ) ਨੂੰ। [5]ਭਾਵ ਸ੍ਰੀ ਗੁਰੂ ਜੀ। [6]'ਜੋ ਸਤਚਿਤ ਅਨੰਦ ਹੋਵੇ' ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ। [7](ਜੋਗੀ) ਉਠੇ। [8]ਮਨ ਬਾਣੀ ਕਰਮ ਕਰਕੇ(ਉਨ੍ਹਾਂ ਸਿਖ ਆਦਿਕਾਂ ਨੇ)ਉਸਤਤਿ ਕੀਤੀ। [9]ਸੁਖਾਂ ਦੇ ਘਰ ਹੋ। [10]ਸਵਾਮੀ ਸਾਰਿਆਂ ਲੋਕਾਂ ਦੇ। [11]ਨਾਸ਼ਕ। [12]ਬਾਣ(ਅ)ਤਲਵਾਰ। [13]ਤੇਰੇ ਬਲਕ ਧਨ। [14](ਸੰਸਾਰ ਨੂੰ) ਜਨਮ ਦੇਣ ਵਾਲੇ ਹੋ। [15]ਪਾਲਣ ਵਾਲੇ ਹੋ। [16]ਨਾਸ਼ ਕਰਤਾ ਹੋ। [17]ਸਦਾ ਜੈ ਹੋਵੇ। [18]ਰਾਮਚੰਦ। [19]ਭਾਵ ਕ੍ਰਿਸ਼ਨ ਹੋਕੇ ਕੰਸ ਮਾਰਿਆ। [20]ਹੱਥ ਪੈਰ। [21]ਭਾਵ ਬਹੁਤੀਆਂ ਅੱਖਾਂ। [22]ਕੋਈ ਨਾਮ ਨਹੀਂ ਤੁਸਾਡਾ। [23]ਤੇਰਾ ਹੈ। [24]ਹੇ ਹਰੀ ਨੇਤ੍ਰ ਸੂਰਜ ਚੰਦ੍ਰਮਾ ਦੋਵੇਂ।

*ਇਸੇ ਤਰ੍ਹਾਂ ਦਾ ਜ਼ਿਕਰ ਸ਼ਿਵ ਜੀ ਨੇ ਰਾਮਚੰਦ੍ਰ ਜੀ ਨੂੰ (ਬਾਲਕਾਂਡ ਵਿਚ) ਕਿਹਾ ਹੈ—
'ਜੈਜ ਸੱਚਿਦਾਨੰਦ ਜਗਪਾਵਨ, ਇਉਂ ਕਹਿ ਚਲੇ ਮਨੋਜ ਨਸਾਵਨ।'

Sri Satguru Jagjit Singh Ji eLibrary NamdhariElibrary@gmail.com

ਧੀਂ[1] । ਉਦਰੌਦਿਧ ਹੈ[2],ਸਰਿਤਾ ਨਸਿਧੋ[3] । ਮੁਖ ਪਾਵਕ ਦਾੜ ਜਮੈ ਜਨਿਧੋ[4] । ਭੁਜ ਲੋਕ ਪਤੀ[5] ਤੁਮਰੀ ਗਨਿਧੋ ॥ ੨੯ ॥ ਸਤਿਲੋਕ ਸਿਰੰ, ਸੁ ਪਤਾਲ ਪਦੰ[6] । ਮਧਿ ਦੇਸ਼ ਛਿਤੰ[7], ਬਚ ਬੇਦ ਬਦੰ[8] । ਧ੍ਰਮ ਪੁਰਬ ਭਾਗ, ਅਧਰਮ ਪਿਠੰ[9] । ਭ੍ਰਵ ਕਾਲ[10], ਪ੍ਰਭੰਜਨ ਸ੍ਵਾਸ[11] ਨਿਠੰ[12] ॥ ੩੦॥ ਤਵ ਰੂਪ ਚਰਾਚਰ ਸਰਬੈ ਹਰੇ[13] । ਉਰ ਮਾਂਹਿ ਗੁਰੰ ਅਸ ਧਯਾਨ ਧਰੇ । ਨਰ ਤੇ ਭਵ ਸਿੰਧੁ ਨ ਬੀਚ ਪਰੈ[14]। ਹੁਇ ਮੋਖ, ਕੁਬੰਧਨਿ ਨਾਸ਼ ਕਰੇ[15] ॥ ੩੧॥ ਸਭਿ ਠੌਰ ਤੁਹੀ,ਨਿਰਲੇਪ ਰਹੋ।ਨਿਜ ਦਾਸਨ ਕੋ ਅੱਗਯਾਨ ਦਹੋ। ਹਮਰੀ ਤੁਮਕੋ ਪਦ ਬੰਦਨ ਹੋ। ਘਨ ਗ੍ਯਾਨ[16], ਪਖੰਡ ਨਿਕੰਦਨ[17] ਹੋ' ॥੩੨॥ ਚੌਪਈ॥ ਇਸ ਪ੍ਰਕਾਰ ਕਰਿ ਰੁਚਿਰ ਬਡਾਈ*। ਪੁਨ ਬਿਰੰਚ[18]ਅਸ ਗਿਰਾ ਅਲਾਈ। 'ਨਿਜ ਤਨ ਅੰਗਦ ਕਰਿ ਪਲਟਾਯੋ। ਕੀਨ ਸਥਾਪ ਨੀਕ ਮਨ ਭਾਯੋ ॥ ੩੩ ॥ ਸੱਤਿਨਾਮ ਪ੍ਰਗਟਯੋ ਜਗ ਜਾਪੁ । ਸੱਚਖੰਡ ਗਮਨਹੁ ਅਬਿ ਆਪੁ'।ਸੁਨਿ ਕੈ ਬਚ ਸ੍ਰੀ ਨਾਨਕ ਮਾਨੇ। ਨਿਜ ਸਥਾਨ ਸੋ ਤੀਨ ਸਿਧਾਨੇ।।੩੪।।ਹਟਿ ਤਬਿ ਆਇ ਸਧਾਰਨ ਮਿਲੇ। ਤਿਹ ਕੌ ਠੌਰ ਦਿਖਾਵਨ ਚਲੇ।

---

[1]ਅਠਾਰਾਂ ਭਾਰ (ਬਨਸਪਤੀ ਜੋ ਹੈ, ਸੋ ਆਪ ਦੀ) ਰੋਮਾਵਲੀ ਹੈ। [2]ਸਮੁੰਦਰ ਪੇਟ ਹੈ। [3]ਨਦੀਆਂ ਨਾੜਾਂ ਹਨ। [4]ਅਗਨੀ ਮੂੰਹ ਹੈ, ਜਮ ਦਾੜ੍ਹਾਂ ਜਾਣੀਏ। [5]ਲੋਕ ਪਤੀ ਭੁਜਾ ਹਨ। ਲੋਕ ਨਾਥ, ਲੋਕ ਪਤਿ, ਲੋਕਪਾਲ, ਦਿਸ਼ਾਂ ਦੇ ਦੇਵਤੇ ਹਨ:—ਇੰਦ੍ਰ, ਅਗਨੀ, ਜਮ, ਸੂਰਜ, ਵਰੁਣ, ਵਾਯੂ, ਕੁਬੇਰ, ਚੰਦ। [6]ਸਤ ਲੋਕ ਸਿਰ ਹੈ, ਪਤਾਲ ਪੈਰ ਹਨ। [7]ਵਿਚਲਾ ਅੰਗ ਭਾਵ ਲੱਕ, ਸੋ ਧਰਤੀ ਹੈ। [8]ਗਿਆਨ ਦਾ ਕਥਨ ਬਚਨ ਹਨ। [9]ਸਰੀਰ ਦਾ ਸਾਹਮਣਾ ਪਾਸਾ ਧਰਮ ਹੈ, ਪਿਛਲਾ ਪਾਸਾ ਅਧਰਮ ਹੈ। [10]ਭਰਵੱਟੇ ਕਾਲ ਹੈ। [11]ਸਵਾਸ ਵਾਯੂ ਹੈ। [12]ਠੀਕ। [13]ਹੇ ਹਰੀ! ਤੇਰਾ ਰੂਪ ਚਰ ਤੇ ਅਚਰ ਸਾਰੇ ਹਨ। [14]ਹੇ ਗੁਰੋ ਜੋ ਐਸਾ ਧਿਆਨ ਦਿਲ ਵਿਚ (ਆਪ ਦਾ) ਧਰਦੇ ਹਨ ਸੋ ਨਰ ਸੰਸਾਰ ਸਾਗਰ ਵਿਚ ਨਹੀਂ ਪੈਂਦੇ। [15]ਖੋਟੇ ਬੰਧਨ ਨਾਸ਼ ਕਰ ਲਏ ਹਨ (ਉਨ੍ਹਾਂ ਨੇ)। [16]ਇਕ ਰਸ ਗਿਆਨ। [17]ਕੱਟਣਹਾਰ। [18]ਬ੍ਰਹਮਾ ਨੇ।

*ਇਹ ਸਤੋਤ੍ਰ ਬ੍ਰਹਮਾ, ਵਿਸ਼ਨੂ, ਸ਼ਿਵ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਾਇਆ ਹੈ, ਇਸ ਤੋਂ ਕਵਿ ਜੀ ਨੇ ਸਪਸ਼ਟ ਕਰ ਦਿਤਾ ਹੈ ਕਿ ਓਹ ਗੁਰੂ ਜੀ ਨੂੰ ਸਭ ਤੋਂ ਉੱਚਾ ਮੰਨਦੇ ਹਨ। ਸ੍ਰੀ ਗੁ: ਨਾ: ਪ੍ਰ: ਪੂਰਬਾਰਧ ਦੇ ਅਧ੍ਯਾਯ ੧ ਅੰਗ ੫ ਵਿਚ ਜੋ ਸ੍ਰੀ ਗੁਰ ਨਾਨਕ ਜੀ ਨੂੰ ਆਪ ਨੇ ਪਰਾਵਰਾਂ ਦਾ ਨਾਥ ਕਿਹਾ ਸੀ, ਸੋ ਏਥੇ ਆ ਕੇ ਉਸ ਦਾ ਅਰਥ ਖੋਹਲ ਦਿੱਤਾ ਹੈ ਕਿ ਸ਼ਿਵ ਵਿਸ਼ਨੂੰ ਬ੍ਰਹਮਾ ਆਦਿ ਜੋ ਪਰਾਵਰ ਕਹਿਲਾਉਂਦੇ ਹਨ ਉਨ੍ਹਾਂ ਨੇ ਗੁਰੂ ਜੀ ਦਾ ਸਤੋਤਰ ਗਾਵਿਆਂ ਹੈ। ਭਾਵੇਂ ਗਾਵਿਆਂ ਉਨ੍ਹਾਂ ਨੇ ਆਪਣੇ ਹੀ ਹੁਕਤਾ ਖਿਆਲ ਤੋਂ ਹੈ।

Sri Satguru Jagjit Singh Ji eLibrary NamdhariElibrary@gmail.com

ਅਸ਼ਟ ਵਿਧੀ ਕੋ ਏਕ ਕਿਦਾਰਾ[1]। ਤਹਾਂ ਠਾਂਢਿ ਹ੍ਵੈ ਬਚਨ ਉਚਾਰਾ ॥੩੫॥ 'ਸੁਨਹੁ ਸਧਾਰਨ! ਇਹ ਅਸਥਾਨਾ। ਕਾਸ਼ਟ ਹਮਰੇ ਡਾਰਹੁ ਆਨਾ। ਜੇ ਕੋ ਬਰਜਹਿ ਕਹਿ ਬਲ ਔਰੀ। ਨਹਿਂ ਮਾਨਹੁ ਆਨਹੁ ਇਸ ਠੌਰੀ' ॥ ੩੬ ॥ ਨੀਕੀ ਵਿਧਿ ਸਮਝਾਯੋ ਤਾਂਹੀ। ਆਇ ਪ੍ਰਵੇਸ਼ੇ ਪੁਨ ਪੁਰਿ ਮਾਂਹੀ॥ ਚਲਦਲ ਤਰੇ ਬਿਰਾਜੇ ਆਈ। ਸਰਬ ਸਿੱਖ ਤਹਿ ਦਰਸ ਕਰਾਈਂ ॥ ੩੭॥ ਦੋਹਰਾ ॥ ਚਤੁਰ[2] ਚਾਦਰੇ ਰੁਚਿਰ[3] ਗੁਰ ਰਾਖਤਿ ਅਪਨੇ ਪਾਸ। ਬਿਮਲ ਜੁਗਲ ਕੋ ਕਰਿ ਭਲੇ ਧਰੈਂ, ਸੁ ਰਹੈਂ ਅਵਾਸ ॥੩੮॥ ਚੌਪਈ ॥ ਦ੍ਵੈ ਸਰੀਰ ਪਰ ਪਹਿਰੈਂ ਦਯਾਲਾ। ਜਿਨ ਕੇ ਨਾਮ ਤੁਟੈ ਜਮਜਾਲਾ। ਤਿਹ ਛਿਨ ਭਨਤੇ ਸਧਾਰਨ ਤਾਈਂ।'ਬਸਤ੍ਰ ਪਖਾਰਹੁ ਜਲ ਮਹਿਂ ਜਾਈ'॥੩੯॥ ਸੁਨਿ ਰਜਾਇ ਲੈ ਪਟ ਸੰਗ ਹਾਥਾ। ਵਹਿਰ ਪਖਾਰੇ ਜਲ ਕੇ ਸਾਥਾ॥ ਨੀਕੇ ਬਿਮਲ ਪ੍ਰੇਮ ਉਰਧਾਰੇ। ਆਤਪ[4] ਸੰਗ ਸੁਕਾਇ ਸਵਾਰੇ॥੪੦॥ਲੇ ਕਰਿ ਆਯੋ ਜਬੈ ਸਮੀਪਾ॥ ਪਿਖਿ ਬੋਲੇ ਬੇਦੀ ਕੁਲਦੀਪਾ॥'ਇਨਕੋ ਰਾਖੋ ਅੰਤਰ ਠੌਰੀ॥ਸਰਬ ਸਦਨ ਕੋ ਲਿਬ[5] ਬਹੋਰੀ॥੪੧॥ਊਪਰ ਤਰੇ ਸੂੰਛ ਕੋ ਕਰੀਏ॥ਦਿਨਰਹਿ ਥੋਰ*,ਬਿਲਮ[6] ਪਰਹਰੀਏ'॥ਸੁਨਿ ਆਇਸੁ ਗਮਨਯੋ ਤਿਹ ਥਾਈਂ॥ਨਿਸ ਮਹਿਂ ਟਿਕਹੀਂ ਜਹਾਂ ਗੁਸਾਈਂ॥੪੨॥ ਅਧਿਕ ਪ੍ਰੀਤ ਉਰ ਬਹੁਕਰ[7] ਦੀਨਾ। ਸਰਬ ਸਦਨ ਪੁਨ ਲੀਪਨ ਕੀਨਾ। ਊਰਧ ਤਰੈ[8] ਸੂੰਛ ਕਰਿ ਸਾਰੇ। ਗਯੋ ਬਹੁਰ ਜਹਿਂ ਸੰਖ ਉਦਾਰੇ ॥ ੪੩ ॥ ਹਾਥ ਜੋਰਿ ਕੈ ਬਚਨ ਬਖਾਨਾ।'ਘਰ ਬਿਲੋਕਿ ਲਿਹੁ ਕ੍ਰਿਪਾਨਿਧਾਨਾ!। ਹੈ ਜਿ ਨ੍ਯੂਨਤਾ[9] ਤਿਹ ਮਹਿ ਕਹਿੰਵਾ[10]। ਦੇਹੁ ਬਤਾਇ, ਸੁਧਾਰੌਂ ਤਹਿੰਵਾ'॥੪੪॥ਸੁਨਿ ਕਰਿ ਉਠੇ ਕ੍ਰਿਪਾਲ ਬਿਸਾਲਾ॥ਰੁਚਿਰਬਨਾਈ ਪਿਖਿ ਧ੍ਰਮਸਾਲਾ। ਖ਼ੁਸ਼ੀ ਸਧਾਰਨ ਪਰ ਬਹੁ ਕਰਿਕੈ। ਆਤਮ ਗਯਾਨ ਦੀਨ ਭ੍ਰਮ ਹਰਿਕੈ ॥ ੪੫ ॥ ਆਏ ਪੁਨ ਚਲਦਲ ਕੀ ਛਾਈਂ। ਬੈਠੇ ਸਿੱਖਨ ਸਭਾ ਸੁਹਾਈ॥ਹੋਤਿ ਕੀਰਤਨ ਨਾਮ ਪ੍ਰਤਾਪਾ॥ਜਿਹ ਸੁਨਿ ਮਿਟਹੀ ਤੀਨੋ ਤਾਪਾ ॥ ੪੬ ॥ ਦੋਹਰਾ ॥ ਨਿਤ ਪ੍ਰਤਿ ਜਿਵ ਵਿਵਹਾਰ ਹੈ ਤੈਸੇ ਚਲਯੋ ਸੁ ਜਾਇ॥ਸਵਾ ਜਾਮ ਨਿਸ਼ ਰਹੇ ਤੇ ਬੈਠਹਿਂ ਸ੍ਰੀ ਗੁਰ ਨ੍ਹਾਇ ॥੪੭॥ ਚੌਪਈ ॥ ਤਬਿ ਤੇ ਹੋਤਿ ਕੀਰਤਨ ਭਾਰੀ। ਮ੍ਰਿਦੁਲ ਮਧੁਰ ਧੁਨਿ ਰਾਗ ਮਝਾਰੀ। ਪੁਨਿ ਜਪੁ ਤਪੁ[11] ਹ੍ਵੈ ਗਯਾਨ ਸੁ ਧਯਾਨਾ। ਬੈਠਹਿਂ ਸਿੱਖ ਕਰਹਿਂ

---

[1]ਖੇਤ। [2]ਚਾਰ। [3]ਮਨੋਹਰ। [4]ਧੁੱਪ। [5]ਲੇਪਣ ਵਿਚ। [6]ਦੇਰ। [7]ਝਾੜੂ। [8]ਉੱਪਰ ਹੇਠ। [9]ਕਸਰ। [10]ਕਿਤੇ। [11]ਭਾਵ ਬਾਣੀ ਨਾਮੁ ਦਾ ਜਾਪ ਤੇ ਸੇਵਾ। *ਪਾ:—ਦੂਸਰ ਹੋਏ—ਭਾਵ ਕਿਸੇ ਨੂੰ ਦੱਸੇ ਗਾ।

Sri Satguru Jagjit Singh Ji eLibrary NamdhariElibrary@gmail.com

ਭਲ ਗਾਨਾ ॥੪੭॥ ਬਾਦਿਤ ਤਾਰ[1] ਬਜਾਵਹਿ ਪਾਨਾ[2]। ਹ੍ਵੈ ਅਨੰਦ ਉਤਸਵ ਬਿਧਿ ਨਾਨਾ। ਏਕੰਕਾਰ ਪ੍ਰੀਤਿ ਰਸ ਪਾਗੇ[3]। ਨਿਸ ਬਾਸੁਰ ਹਿਰਦੇ ਅਨੁ-ਰਾਗੇ ॥੪੮॥ ਦਰਸ਼ਨ ਕਰਹਿੰ ਮਲਿਨਤਾ ਭਾਗੀ। ਨਉਧਾ ਭਗਤਿ[4]* ਰਿਦੇ ਅਤਿ ਜਾਗੀ। ਏਕ ਰੰਗ ਮਹਿੰ ਰੰਗੇ ਸਭਿ ਹੀ। ਦ੍ਵੈਤ ਭਾਵ ਉਰ ਆਇ ਨ ਕਬਿਹੀ ॥ ੫੦ ॥ †ਭਏ ਬ੍ਰਿੱਖ ਜਿਉਂ ਸਿਖ ਉਪਕਾਰੀ। ਮੀਨ ਨੀਰ ਜਿਉਂ ਪ੍ਰੀਤ ਅਧਾਰੀ। ਨਾਮ ਜਪਤਿ ਚਾਤ੍ਰਿਕ ਕੀ ਭਾਂਤੀ। ਲੇਖਾ ਬਨਕ ਗਯਾਨ ਦਿਨ ਰਾਤੀ[5] ॥੫੧॥ ਉਰਮਹਿੰ ਧਯਾਨ ਚਕੋਰਹਿ ਚੰਦੂ। ਲੋਚਨ ਅਲ ਗੁਰ ਪਦ ਅਰਬਿੰਦੂ[6]‡। ਸ੍ਵੱਛ ਰਿਦੇ ਜਿਉਂ ਗੰਗਾ ਨੀਰੂ। ਹਰਤਿ ਸਹੋਦਰ ਜਿਉਂ ਪਰ ਪੀਰੂ[7] ॥੫੨॥ ਰਾਗ ਕਰਤਿ ਪੁਲਕਤਿ ਤਨ ਐਸੇ[8]। ਪ੍ਰਮਾਨੰਦ ਮਹਿ ਜੋਗੀ ਜੈਸੇ। ਸੇਵਾ ਕਰਹਿੰ ਧਰਹਿੰ ਉਰ ਭਾਉ। ਪਾਇ ਪਰਮਪਦ ਪ੍ਰਭੁ ਪਸਾਉ[9] ॥ ੫੩ ॥ ਦੋਹਰਾ ॥ ਤਿਨ ਕੀ ਮਹਿਮਾ ਕਯਾ ਕਰਉਂ ਜੋ ਸਿਖ ਗੁਰੂ ਹਦੂਰ। ਮਮ ਮਤਿ ਮਸ਼ਕ[10] ਸਮਾਨ ਹੈ ਕਸ ਚਾਵਹਿ[11] ਗਿਰ ਭੂਰ[12] ॥ ੫੪ ॥ ਚੌਪਈ ॥ ਤ੍ਰਿਸ਼ਨਾ ਆਸਾ ਨਾਸ਼ੀ ਐਸੇ। ਬੈਨਤੇਯ ਹਨਿ ਉਰਗਨ ਜੈਸੇ[13]। ਕਾਮ ਕਰੋਧ ਲੋਭ ਹੰਕਾਰੂ। ਸਹਿਤ ਅਵਿੱਦਯਾ ਮੋਹ ਨ੍ਰਿਪਾਰੂ[14] ॥੫੫॥ ਹਿੰਸਾ ਕੂਰ, ਪਿਸ਼ਨਤਾ[15] ਨਿੰਦਾ। ਸਿੱਖੀ ਮਗ ਪਿਖਿ ਇਨਕੋ ਚਿੰਦਾ[16]। ਕੇਹਰਿ ਗਰਜਨ ਤੇ ਜਿਉਂ ਕਰੀ[17]। ਹੋਇ ਪੁੰਜ ਤੱਦਯਪ ਖਰਭਰੀ[18] ॥੫੬॥ ਗੁਰ ਪ੍ਰਤਾਪ ਪਿਖਿ ਕਰਿ ਕਲਿਕਾਲਾ[19]। ਦੁਰਬਲ ਹੁਇ ਨਿਰਬਲਹਿ ਬਿਹਾਲਾ[20]। ਗਯਾਨ ਬਿਰੋਧੀ

---

[1]ਤਾਰਾਂ ਵਾਲਾ ਸਾਜ਼। [2]ਹੱਥਾਂ ਨਾਲ। [3]ਰਪੇ ਹੋਏ, ਸਰਸ਼ਾਰ। [4]ਨੌ ਪ੍ਰਕਾਰ ਦੀ ਭਗਤੀ। [5]ਬਾਣੀਆ ਜਿਵੇਂ ਲੇਖੇ ਵਿਚ ਦਿਨ ਰਾਤ ਹੈ ਤਿਵੇਂ ਗਿਆਨ ਵਿਚ ਸਿੱਖ। [6]ਅੱਖਾਂ ਭੌਰੇ ਹਨ ਚਰਨ ਕੋਮਲ ਫੁਲ ਹਨ। [7]ਪਰਾਈ ਪੀੜਾ ਭਰਾਵਾਂ ਵਾਂਙੂ ਦੂਰ ਕਰਦੇ ਹਨ। [8]ਤਨ ਪੁਲਕਾਵਲੀ ਵਿਚ ਐਉਂ ਆਉਂਦਾ ਹੈ। [9]ਪ੍ਰਭੂ ਦੀ ਕ੍ਰਿਪਾ ਨਾਲ। [10]ਮੱਛਰ। [11]ਕਿਵੇਂ ਚੁੱਕੇ। [12]ਬੜਾ ਪਹਾੜ। [13]ਗਰੜ ਮਾਰਦਾ ਹੈ ਸੱਪਾਂ ਨੂੰ ਜਿਵੇਂ। [14]ਸਮੇਤ ਅਵਿੱਦਯਾ ਤੇ ਮੋਹ ਰੂਪ ਰਾਜੇ ਦੇ। [15]ਚੁਗਲੀ। [16]ਚਿੰਤਾ ਹੋ ਗਈ ਹੈ। [17] [18]ਭਾਵੇਂ ਹਾਥੀਆਂ ਦੀ ਡਾਰ ਹੋਵੇ ਤਾਂ ਬੀ ਸ਼ੇਰ ਗਰਜਨ ਨਾਲ ਘਬਰਾ ਜਾਂਦੇ ਹਨ। [19] [20]ਕਲਜੁਗ ਨਿਰਬਲ (ਪੁਰਖ ਵਾਂਙੂ) ਦੁਰਬਲ ਹੋਕੇ ਬੁਰੇ ਹਾਲ ਵਾਲਾ ਹੋ ਗਿਆ ਹੈ।

*ਨੌ ਪ੍ਰਕਾਰ ਦੀ ਭਗਤੀ ਪਿੱਛੇ ਕਵੀ ਜੀ ਲਿਖ ਆਏ ਹਨ ਦੇਖੋ ਪੂਰਬਾਰਧ ਅਧਯਾਯ ੩੯ ਅੰਕ ੧੭ ਤੋਂ ਅੱਗੇ।

†ਕਵਿਤਾ ਦੇ ਅਦਭੁਤ ਕਟਾਖਾਂ ਸਮੇਤ ਗੁਰ ਸਿੱਖਾਂ ਦਾ ਦੈਵੀ ਜੀਵਨ ਕਵੀ ਜੀ ਪ੍ਰਗਟ ਕਰਨ ਲਗੇ ਹਨ।

‡ਪਾਃ—ਲੋਚਨ ਅਗਰ ਰਕਤ ਅਰਬਿੰਦੂ।

Sri Satguru Jagjit Singh Ji eLibrary NamdhariElibrary@gmail.com

ਸੁ ਜਗ ਮਾਂਹੀ।ਸਭਹਿਨਿ ਕੋ ਚਿੰਤਾ ਅਵਗਾਹੀ[1] ॥੫੭॥ ਦੋਹਰਾ॥ ਸ੍ਰੀ ਨਾਨਕ ਦਰਸ਼ਨ ਉਦਧਿ[2] ਭਗਤਿ ਤਰੰਗ ਗੰਭੀਰ। ਗਯਾਨ ਇੰਦੁ ਪ੍ਰਦ ਰਿਦ ਬਿਖੈ,ਘਾਮ ਮੋਹ ਗਤਿ ਪੀਰ[3]॥੫੮॥ ਚੌਪਈ॥ ਚਿਤ ਚਕੋਰ ਚਿਤਵਤਿ ਚਖੁ ਸਾਰੇ[4]। ਬਿਖੈਂ ਮਨੋਰਥ ਕੋਕ ਦੁਖਾਰੇ[5]। ਦੁਖ ਸੁਖ ਸਮਤਾ ਜੌਨ੍ਹ[6], ਸੁਹਾਈ। ਦ੍ਵੈਤ ਦੁਹਾਗਨਿ ਕੌਂ[7] ਦੁਖਦਾਈ ॥ ੫੯ ॥ ਸੁਮਤਿ ਸੁਹਾਗਨਿ ਕੌਂ ਸੁਖਕਾਰੀ। ਸ਼ੁਭ ਗੁਣ ਖਿਰੀ ਕੁਮੁਦਨੀ ਬਾਰੀ[8]। ਇਸ ਬਿਧਿ ਸਤਿਜੁਗ ਪੁਰਿ ਕਰਤਾਰਾ। ਬਰਤਾਯੋ ਤਿਹ ਕਾਲ ਉਦਾਰਾ ॥੬੦॥ ਤਿਸ ਨਿਸ ਗੁਰ ਜਾਗੇ ਕਿਯ ਮੱਜਨ।ਮਿਲੇ ਆਨ ਸਭਿਹੀ ਤਬਿ ਸੱਜਨ।ਹੋਤਿ ਕੀਰਤਨ ਕੀ ਧੁਨਿ ਰੂਰੀ।ਭਾਉ ਸੁ ਭਗਤਿ ਗਯਾਨ ਕੀ ਪੂਰੀ॥੬੧॥ਭਰੇ ਪ੍ਰੇਮ ਉਰ ਮੋਦ[10] ਬਧਾਈ। ਕੇਤਿਕ ਸੁਨਹਿ ਕਿਤਿਕ ਮੁਖ ਗਾਈ। ਤਿਹ ਛਿਨ ਬੈਠੇ ਸੋਚ ਬਿਮੋਚਨ। ਸੁਨਿਤਲੌਂ ਮੁੰਦੇ[11] ਕਮਲ ਦਲ ਲੋਚਨ ॥ ੬੨ ॥ ਲਗੀ ਸਮਾਧਿ ਅਖੰਡ ਸਰੂਪਾ।ਜਿਹ ਤੇ ਜਾਨੇ ਅਨੰਦ ਅਨੂਪਾ।ਸਗਰੇ ਅੰਗ ਅਡੋਲ ਰਹਾਏ। ਚਤੁਰ ਮਹੂਰਤ ਜਬੈ ਬਿਤਾਏ॥੬੩॥ ਬਿਕਸੇ ਤਬੈ ਰੁਚਿਰ ਜੁਗ ਲੋਚਨ। ਬੋਲੇ ਬਾਨੀ ਬੰਧ ਬਿਮੋਚਨ[12]। 'ਆਜ ਸਮਾਵਨ ਭਯਾ ਸੁਭਾਏ[13]'। ਆਨਹੁ ਸੌਜ[14],ਬਿਲੰਬ ਗਵਾਏ॥੬੪॥ਪੁਸ਼ਪ, ਕਪੂਰ, ਪਟੀਰ[15] ਘਨੇਰਾ। ਕੁਸ਼ਾ[16], ਗੁਲਾਬ ਸੁਗੰਧਿ[17] ਬਧੇਰਾ॥ਇੱਤਨਾਦਿਕ ਪਾਵਨ ਸਭਿ ਆਨਹੁ।ਕਰਹੁ ਹਰਖ

---

[1]ਧੋ ਗਈ ਹੈ। [2-3]ਗੁਰ ਨਾਨਕ ਦਰਸ਼ਨ ਹੈ ਸਮੁੰਦਰ, ਭਗਤੀ ਹੈਨ ਲਹਿਰਾਂ,(ਇਹ ਸਮੁੰਦਰ) ਦੇਂਦਾ ਹੈ ਹਿਰਦੇ ਵਿਚ ਗਯਾਨ ਰੂਪੀ ਚੰਦ੍ਰਮਾਂ, (ਜਿਸ ਤੋਂ) ਦੂਰ ਹੁੰਦੀ ਹੈ ਮੋਹ ਰੂਪੀ ਧੁਪ ਦੀ ਪੀੜਾ। ਭਾਵ-ਗੁਰੂ ਨਾਨਕ ਦਾ ਦਰਸ਼ਨ (ਮਤ) ਸਮੁੰਦਰ ਹੈ, ਭਗਤੀ ਦੀਆਂ (ਯਾ ਭਗਤੀ ਰੂਪੀ) ਉਸ ਵਿਚ ਲਹਿਰਾਂ ਹਨ, ਗਯਾਨ (ਉਸ ਦਰਸ਼ਨ ਵਿਚ) ਚੰਦ੍ਰਮਾਂ ਹੈ, (ਚੰਦ੍ਰਮਾਂ ਦੀ ਖਿੱਚ ਨਾਲ ਸਮੁੰਦਰ ਉੱਛਲਦਾ ਹੈ ਜਿਸ ਨਾਲ ਠੰਢ ਵਰਤਦੀ ਹੈ, ਤਿਵੇਂ ਦਰਸ਼ਨ ਕਰਨ ਵਾਲਿਆਂ ਦੇ) ਦਿਲਾਂ ਵਿਚ (ਇਸ ਦਰਸ਼ਨ ਨਾਲ) ਮੋਹ ਰੂਪੀ ਧੁੱਪ ਦੀ ਪੀੜਾ ਨਾਸ਼ ਹੁੰਦੀ ਹੈ। ਵਿਸ਼ੇਸ਼-ਸਿੰਧੁ ਰਤਨ ਮਥਨ ਸਮੇਂ ਸਮੁੰਦਰ ਤੋਂ ਚੰਦ੍ਰਮਾਂ ਪ੍ਰਗਟਿਆ ਸੀ, ਇਸ ਲਈ ਗੁਰੂ ਨਾਨਕ ਦਰਸ਼ਨ ਰੂਪੀ ਸਾਗਰ, ਗਿਆਨ ਰੂਪੀ ਚੰਦ੍ਰਮਾਂ ਨੂੰ ਪ੍ਰਗਟ ਕਰਦਾ ਹੈ। [4]ਸਾਰੇ (ਸਿੱਖਾਂ ਦੇ) ਚਿੱਤ ਚਕੋਰ ਵਾਂਙੂ ਦੇਖਦੇ ਹਨ। [5]ਵਿਸ਼ਿਆਂ ਦੇ ਮਨੋਰਥ ਚਕਵੇ ਵਾਂਙੂ ਦੁਖੀ ਹਨ (ਉਸ ਚੰਦ੍ਰਮਾਂ ਕਰਕੇ)। [6]ਚਾਂਦਨੀ ਵਾਂਙੂ। [7]ਦ੍ਵੈਤ ਰੂਪੀ ਦੁਹਾਗਣ ਨੂੰ। [8]ਚੰਗੀ ਬੁਧੀ ਰੂਪੀ ਸੁਹਾਗਣ ਨੂੰ। [9]ਕੰਮੀਆਂ ਦੀ ਵਾੜੀ। [10]ਅਨੰਦ। [11]ਮੀਟੇ। [12]ਬੰਧਨਾਂ ਦੇ ਨਾਸ਼ ਕਰਤਾ। [13]ਅੱਜ ਸਾਡੇ ਸਮਾਵਨ ਦਾ ਸੁਹਣਾ ਦਿਨ ਆਯਾ ਹੈ। [14]ਸਮੱਗਰੀ। [15]ਚੰਦਨ। [16]ਦੱਭ। [17]ਖੁਸ਼ਬੂਦਾਰ।

Sri Satguru Jagjit Singh Ji eLibrary NamdhariElibrary@gmail.com

ਕਛ ਸ਼ੋਕ ਨ ਠਾਨਹ'॥੬੫॥ਸੁਨਿ ਅਸ ਬਚਨ ਮ੍ਰਿਦੁਲ ਜਗ ਗੁਰ ਕੇ।ਸਿੱਖਨ ਕੇ ਲੋਚਨ ਜਲ ਢਰਕੇ*।ਸਗਰੇ ਪੁਰਿ ਮਹਿ ਪਰਜੋ ਸੁ ਰੌਰਾ।ਰੁਦਨ ਕਰਤਿ ਭੇ ਜ੍ਰਿਤ ਕਿਤ ਠੌਰਾ॥੬੬॥ਅੱਸੁ ਬਦੀ ਸਪਤਮੀ ਬਾਸੁਰ। ਤਾਂਹੀ ਸਮੇ ਪ੍ਰਭੂ ਜੀ ਜਗ ਗੁਰ। ਤਜਨ ਸਰੀਰਹਿ ਕੀ ਬਿਧਿ ਠਾਨੀ। ਪ੍ਰਗਟੀ ਬਾਤ ਗ੍ਰਾਮ ਬਹੁ ਜਾਨੀ॥੬੭॥ ਸੁਨਿ ਸੁਨਿ ਮਾਨਵ ਆਵਹਿ ਧਾਈ।ਦਰਸ਼ਨ ਕਰਹਿ ਜਨਮੁ ਫਲ ਪਾਈ। ਕੇਤਿਕ ਅਸੁ ਪਰ[1] ਹ੍ਵੈ ਅਸਵਾਰਾ। ਆਇਂ ਧਵਾਇ[2] ਬਿਹੀਨ ਅਵਾਰਾ[3]॥੬੮॥ ਚਾਰ ਬਰਨ ਹਿੰਦੂ ਅਰ ਤੁਰਕਾ। ਆਵਹਿ ਚਲੇ ਕਰਤਿ ਜਸ ਗੁਰ ਕਾ।ਧਾਇ ਧਾਇ ਪਹੁੰਚੈਂ ਨਰ ਨਾਰੀ। ਕਹੈਂ'ਦਰਸ ਤੇ ਰਹਿਂ ਨ ਪਿਛਾਰੀ[4]॥੬੯॥ ਦੁਰਲਭ ਦਰਸ਼ਨ ਹ੍ਵੈ ਇਕ ਬਾਰਾ। ਜਿਹ ਦਰਸੇ ਅਘ ਮਿਟੈਂ ਅਪਾਰਾ'।ਜਹਾਂ ਜਹਾਂ ਲਗ ਸੁਧ ਤਬ ਹੋਈ।ਕਾਜ ਬਿਸਾਰਿ ਚਲੇ ਸਭਿ ਕੋਈ॥੭੦॥ਦੋਹਰਾ॥ਬ੍ਰਹਮਚਾਰੀ, ਜੋਗੀ, ਜਤੀ,ਤਪੀ, ਬਖਾਨਸਿ[5] ਕੋਇ। ਜਿਹ ਜਿਹ ਸੁਧ ਪਾਈ ਜਬਹਿ ਧਾਵਤਿ ਆਵਤਿ ਸੋਇ॥੭੧॥ ਚੌਪਈ॥ ਧਰਮਸਾਲ ਬੈਠੇ ਗੁਰ ਪੂਰਨ। ਭਵ ਜੁ ਆਮ ਕੋ ਨਾਮ ਸੁ ਚੂਰਨ[6]। ਭਈ ਆਨਿ ਕਰਿ ਭੀਰ ਅਪਾਰਹਿ। ਧੰਨ ਧੰਨ ਸਭਿ ਬੈਨ ਉਚਾਰਹਿ॥੭੨॥ਗੁਰ ਆਨਨ ਆਰੁਨਤਾ[7] ਆਈ। ਜਿਉ ਅਰਣੋਦਯ ਰੁਚਿਰ ਸੁਹਾਈ[8]। ਸਿਖ ਸੇਵਕ ਚਹੁੰ ਦਿਸ਼ਿ ਪਰਵਾਰਾ। ਬਦਨ ਕਮਲ ਜਿਨ ਕੇਰ ਅਧਾਰਾ॥੭੩॥ ਬੇਮੁਖਤਾ ਰਜਨੀ[9] ਜਹਿਂ ਨਾਸ਼ੀ। ਛਪਿਗੇ ਉਡਗਨ ਕਲਮਲ[10] ਰਾਸੀ। ਇਸ ਬਿਧਿ ਵਹਿਰ ਨਰਨ ਕੀ ਕਥਾ। ਅਬਿ ਸੁਨੀਏ ਘਰ ਕੀ ਭੀ ਜਥਾ॥ ੭੪॥ਦੋਹਰਾ॥ਬੈਠੇ ਪ੍ਰਭੂ ਬਿਰਾਜਹੀਂ ਜਿਉਂ ਰਸ ਸ਼ਾਂਤਿ ਸਧੀਰ[11]।ਸਿਖ ਸੇਵਕ ਕਰੁਨਾ ਮਨੋ ਧਾਰੇ ਪੁੰਜ ਸ਼ਰੀਰ[12]॥੭੫॥ ਚੌਪਈ॥ ਕ੍ਰਿਪਾਨਿਧਾਨ ਕਹਯੋ ਤਿਹ ਕਾਲੇ। 'ਉਠਹੁ ਸਧਾਰਣ ਜਾਇ ਉਤਾਲੇ। ਸਿਰੀ ਚੰਦ ਅਰ ਲਖਮੀ ਦਾਸ। ਤਾਂਹਿ ਹਕਾਰਿ ਆਨਿਯੇ[13] ਪਾਸ'॥੭੬॥ਸੁਨਤਿ ਰਜਾਇ ਸਧਾਰਣ ਗਯਿਓ।ਗੁਰੂ ਸੁਤਨ ਆਗੇ ਤਿਸ਼ਟਇਓ[14]। ਹਾਥ ਬੰਦਿ ਕੈ ਗਿਰਾ ਉਚਾਰੀ,

---

[1]ਘੋੜਿਆਂ ਪਰ। [2]ਦੌੜਾਂਵਦੇ। [3]ਬਿਨਾਂ ਦੇਰ ਦੇ। [4]ਪਿੱਛੇ ਨਾ ਰਹਿ ਜਾਈਏ। [5]ਬਾਨ ਪ੍ਰਸਤੀ [ਸੰਸ:, ਵੈਖਾਨਸ:]। [6]ਸੰਸਾਰਕ ਰੋਗਾਂ ਨੂੰ ਜਿਨ੍ਹਾਂ ਦਾ ਨਾਮ ਚੂਰਨ ਵਤ ਹੈ। [7]ਮੁੱਖ ਤੇ ਲਾਲੀ। [8]ਜਿਵੇਂ ਸੂਰਜ ਉਦੇ ਪਰ ਮਨੋਹਰ ਸ਼ੋਭਦੀ ਹੈ। [9]ਰਾਤ। [10]ਤਾਰਿਆਂ ਰੂਪੀ ਪਾਪ। [11]ਧੀਰਜ ਸਣੇ। [12]ਕਰੁਨਾ ਰਸ (ਵਿਰਾਗ) ਨੇ ਮਾਨੋ ਧਾਰਨ ਕੀਤੇ ਹਨ ਬਹੁਤ ਸਰੀਰ। [13]ਬੁਲਾਇ ਲਿਆਈਏ। [14]ਖੜਾ ਹੋਇਆ। *ਪਾ:-ਫਰਕੇ।

Sri Satguru Jagjit Singh Ji eLibrary NamdhariElibrary@gmail.com

'ਸ਼੍ਰੀ ਪ੍ਰਭੁ ਕੀ ਭੀ ਆਜ ਤਿਆਰੀ॥੭੭॥ ਤੁਮ ਕੋ ਅਪਨੇ ਨਿਕਟ ਹਕਾਰਾ॥ ਚਲਹੁ ਹਦੂਰ ਨ ਕਰਹੁ ਅਵਾਰਾ'। ਗਿਰਾ ਸਧਾਰਨ ਜਲ ਕੀ ਨਨਾਈ। ਮੈਨ ਸਮਾਨ[1] ਨ ਤਿਨਹਿ ਛੁਆਈ[2] ॥ ੭੮ ॥ ਰਿਦੇ ਅਸ਼ਰਧਾ ਜਿਨ ਕੇ ਭਾਰੀ। ਇਸ ਪ੍ਰਕਾਰ ਮੁਖ ਗਿਰਾ ਉਚਾਰੀ। 'ਕੈਸੇ ਹੋਤਿ ਅਚਾਨਕ ਐਸੇ। ਸੁਖ ਅਨੰਦ ਮੈਂ ਬੈਸੇ ਜੈਸੇ॥੭੯॥ ਹਮ ਕੋ ਆਵਤਿ ਨਹਿੰ ਪਰਤੀਤੇ। ਗੈਨ ਪ੍ਰਸੂਨ ਗੰਧਿ ਇਹ ਰੀਤੇ[3]'। ਸੁਨਤਿਓਂ ਤਬੈ ਸਧਾਰਨ ਆਯੋ॥ਜਿਉਂ ਤਿਨ ਕਹਨੋ ਸੁ ਗੁਰੂ ਸੁਨਾਯੋ ॥ ੮੦ ॥ ਸੇਵਕ ਸਿੱਖ ਬਿਲੋਚਨ[4] ਬਾਰੀ[5]। ਬਹਨੋ ਜਾਤਿ ਪ੍ਰਭੁ ਦਰਸ ਨਿਹਾਰੀ। ਧੁਨਿ ਸੁ ਕੀਰਤਨ ਕੀ ਤਿਹ ਕਾਲਾ। ਸੁਨਿ ਪਵਿ*ਦ੍ਰਵਤ ਕਠੋਰ ਬਿਸਾਲਾ[6] ॥੮੧॥ਦੋਹਰਾ॥ ਤਬੈ ਸਥਲ ਲਿਪਵਾਇਕੈ ਬਹੁਰੋ ਕੁਸ਼ਾ ਡਸਾਇ[7]†। ਜੈ ਜੈ ਕਾਰ ਚੁਫੇਰ ਹ੍ਵੈ ਕਹੈਂ 'ਧੰਨ' ਬਿਸਮਾਇ ॥੮੨॥ਚੌਪਈ॥ਗਈ ਸੁਲਖਣੀ ਢਿਗ ਸੁਧ ਸੋਊ।'ਬਚਨ ਨ ਮਾਨਯੋ ਪ੍ਰਭੂਨ ਦੋਊ। ਨਿਸ ਕੋ ਲਗੇ ਸਮਾਵਨ ਸਾਈਂ। ਬਾਇ ਲਿਪਾਇ ਕੁਸ਼ਾ ਬਿਛਵਾਈ' ॥ ੮੩ ॥ ਉਠੀ ਗਮਨ ਕੀਨੋ ਤਿਨ ਤੂਰਨ। ਆਈ ਜਹਿ ਬੈਠੇ ਪ੍ਰਭੁ ਪੂਰਨ। ਭੀਰ ਬਿਲੋਕਤਿ ਬਿਸਮੈਂ ਹੋਈ॥ਬਾਰਿ ਬਿਲੋਚਨ ਭਰਿ ਕਰਿ ਰੋਈ ॥ ੮੪ ॥ ਸ਼ਰਧਾ ਉਪਜੀ ਰਿਦੇ ਬਿਸ਼ਾਲਾ। ਮਸਤਕ ਟੇਕਨ ਕਿਯ ਤਿਹ ਕਾਲਾ॥ ਸ਼੍ਰੀ ਗੁਰ ਅਵਲੋਕਤਿ ਜਬਿ ਆਈ॥ਬੋਲੇ ਗਿਰਾ ਸਰਲ ਸੁਖਦਾਈ॥੮੫॥ ਦੋਹਰਾ ॥ 'ਜੋ ਤੁਝ ਉਰ ਅਭਿਲਾਖ ਹੈ ਕਰਿ ਲੀਜੈ ਸੋ ਬਾਤ। -ਮਿਲਿ ਕਰਿ ਹੌਂ ਬੋਲੀ ਨਹੀਂ[8]-ਬਹੁਰ ਨ ਕਹਿ ਪਸ਼ਚਾਤ[9]'॥੮੬॥ਚੌਪਈ॥ ਸੁਨਿ ਕਰਿ ਦੀਨ ਭਈ ਇਹਬਾਨੀ॥ਲਤਾ[10]ਵਾਤ[11] ਤੇ ਜਿਉਂ ਕੁਮਲਾਨੀ॥ ਹਾਥ ਬੰਦਿ ਹੁਇ ਨਿੰਮ੍ਰਿ[12]ਬਿਸ਼ਾਲਾ॥ਬੋਲੀ ਬਚਨ'ਸੁਨਹੁ ਪ੍ਰਭੁ ਦਯਾਲਾ! ॥ ੮੭ ॥ ਭਲਕੇ ਹੈ ਸ਼ਰਾਧ ਤੁਹਿ ਤਾਤਾ[13]‡। ਜਿਉਂ ਭਾਵਹਿ ਤਿਉਂ ਕਰਿ

[1](ਉਨ੍ਹਾਂ ਦੇ)ਮੋਮ ਵਰਗੇ(ਦਿਲਾਂ ਤੇ)। [2]ਨਾ ਪੋਹੀ। [3]ਅਕਾਸ਼ ਦੇ ਫੁੱਲਾਂ ਦੀ ਸੁਗੰਧੀ ਵਾਂਙੂ ਇਹ ਗੱਲ (ਨਾ ਮੰਨਣ ਯੋਗ)ਹੈ। [4]ਨੇਤ੍ਰਾਂ ਵਿਚੋਂ। [5]ਜਲ। [6]ਭਾਵ ਕਰੜਾ ਪੱਥਰ ਬੀ ਪੰਘਰਦਾ ਹੈ। [7]ਦੱਭ ਵਿਛਾਕੇ। [8](ਅੰਤ ਵੇਲੇ)ਮਿਲ ਕਰਕੇ ਗੱਲ ਬਾਤ ਨਹੀਂ ਕੀਤੀ। [9]ਪਿੱਛੋਂ ਇਹ ਗੱਲ ਨਾ ਕਹਿਣੀ। [10]ਵੇਲ। [11]ਹਵਾ। [12]ਨਿੰਮ੍ਰਤਾ ਵਾਲੀ ਹੋਕੇ। [13]ਆਪ ਜੀ ਦੇ ਪਿਤਾ ਜੀ ਦਾ।

*ਪਾ:-ਪਬ, ਧਬ। †ਐਸੇ ਵਹਿਮ ਰੱਬ ਦੇ ਘਰ ਸੰਭਵ ਨਹੀਂ।

‡ਨਾਨਕ ਪ੍ਰਕਾਸ਼ ਉੱਤਰਾਰਧ ਅਧਯਾਯ੪੬ ਅੰਕ੪੦ ਤੋਂ ੫੨ ਤੱਕ ਗੁਰੂਜੀ ਨੇ ਆਪਣੇ ਪਿਤਾ ਜੀ ਨੂੰ ਦਿਖਾਇਆ ਸੀ ਕਿ ਸਾਰੇ ਪਿਤਰ ਮੁਕਤ ਹੋ ਚੁਕੇ ਹਨ। ਫਿਰ ਗੁਰੂ ਜੀ ਨੇ

(ਬਾਕੀ ਦੇਖੋ ਅਗਲੇ ਪੰਨੇ ਦੇ ਫੁਟ ਨੋਟ)

Sri Satguru Jagjit Singh Ji eLibrary NamdhariElibrary@gmail.com

ਸੁਖਦਾਤਾ। ਭਲੀ ਬਾਤ ਜੋ ਕਰਹੁ ਸ਼ਰਾਧੂ। ਬਹੁਰ ਸਮਾਵਹੁ ਬਾਧਾ ਬਾਧੂ[1]! ॥ ੮੮ ॥ ਕਰੁਨਾਨਿਧ! ਤੁਮਰੇ ਕਰ ਮਾਂਹੀ। ਮੇਟਨ ਰਚਨ ਤ੍ਰਿਲੋਕ ਜਿ ਆਹੀ। ਦੇਹਿ ਤਜਨ ਅਰ ਜੀਵਨ ਸੋਈ। ਰਾਵਰਿ ਕੇ ਅਨੁਸਾਰੀ ਹੋਈ[2]' ॥੮੯॥ਦੋਹਰਾ॥ਦੇਖਿ ਦੀਨਤਾ ਤਾਂਹਿਕੀ ਬੈਨ ਸੁਨੇ ਸ਼ੁਭ ਰੀਤਿ। ਬੋਲੇ ਗਿਰਾ ਸੁਹਾਵਨੀ ਸਿਖ ਸੇਵਕ ਕੇ ਮੀਤ ॥੯੦॥ ਚੌਪਈ ॥ 'ਰੇਨੀ! ਬਚਨ ਰੁਚਿਰ ਤੈਂ ਕਹੇ। ਸੌਜ ਤਿਆਰ ਕਰਹੁ ਹਮ ਰਹੇ।ਕਰਹਿਂ ਸ਼ਰਾਧ ਅਸ਼ਟਮੀਬਾਸੁਰ। ਪੁਨ ਨੌਮੀ ਦਿਨ ਸਗਰੋ ਰਹਿ ਕਰਿ॥੯੧॥ਦਸਮੀ ਕੇ ਦਿਨਹੋਇ ਤਯਾਰੀ। ਰਾਖਹੁ ਸੌਜ ਉਨਾਵਹੁ ਸਾਰੀ'। ਕੁਸ਼ਾ ਗੁਲਾਬ ਪਟੀਰ[3] ਉਚਾਏ। ਰਖਵਾਏ ਸਭਿਹੀ ਇਕ ਥਾਏਂ॥੯੨॥ਇਸ ਬਿਧਿ ਸੁਨਿ ਕੈ ਸਭਿ ਨਰ ਨਾਰੀ। ਹਰਖੇ ਰਿਦੇ ਭਯੋ ਸੁਖ ਭਾਰੀ। ਧੰਨ ਧੰਨ ਅਰ ਜੈ ਜੈ ਕਾਰਾ।ਹੋਤਿ ਭਯੋ ਤਿਹਕਾਲ ਅਪਾਰਾ ॥ ੯੩ ॥ ਦੋਹਰਾ ॥ ਸੋਖ ਬਾਰਿ ਬਾਰਜ ਦੁਖੀ, ਬਰਖਨੋ ਮਾਨਹੁ ਬਾਰਿ[4]। ਕਹਹਿਂ ਪਰਸਪਰ ਮਿਲਿ ਤਬਹਿ 'ਦਰਸ ਕਰਹਿਂ ਦਿਨ ਚਾਰ' ॥੯੪॥ ਚੌਪਈ ॥ ਰਹਤਿ ਭਏ ਸਭਿ ਪੁਰਿ ਕਰਤਾਰਾ। ਸ਼ਬਦ ਪਢਹਿ ਪੁਨ ਕਰਤਿ ਬਿਚਾਰਾ। ਦੇਖਤਿ ਸਫਲ ਕਰਹਿ ਨਿਜ ਲੋਚਨ। ਪਾਵਹਿ ਸੁਖ ਭੇ ਸੰਕਟ ਮੋਚਨ[5] ॥੯੫॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਮਾਧਨ ਕੋਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਮੋਂ ਅਧਯਾਯ ॥ ੫੪ ॥

---

[1]ਹੇ ਪੀੜ ਨਾਸ਼ਕ! [2]ਹੈ। [3]ਚੰਦਨ। [4]ਜਲ ਸੁੱਕ ਜਾਣ ਤੇ ਦੁਖੀ ਕਮਲ ਪਰ ਜਿਵੇਂ ਮੀਂਹ ਵੱਸ ਪਵੇ। [5]ਦੁਖ ਨਾਸ਼ ਹੋਏ।

ਨੋਟ [ਪਿਛਲੇ ਪੰਨੇ ਦੀ ਬਾਕੀ ਟੂਕ]

ਆਪਣੇ ਪਿਤਾ ਜੀ ਨੂੰ ਆਤਮ ਦਾਨਦੇਕੇ ਮੁਕਤ ਕੀਤਾ ਤੇ ਦੱਸਿਆਸੀ ਕਿ ਮੁਕਤ ਪੁਰਖਨੂੰ ਸ਼੍ਰਾਧ ਦੀ ਲੋੜ ਨਹੀਂ। ਫਿਰ ਇਹ ਲਿਖਣਾ ਕਿ ਸ਼੍ਰਾਧ ਲਈ ਸ੍ਰੀ ਮਾਤਾ ਜੀ ਦੀ ਬਿਨੇ ਕਰਨ ਤੇ ਆਪ ਰਬਖੰਡ ਜਾਣ ਤੋਂ ਰੁਕ ਗਏ ਕੇਵਲ ਹਿੰਦਾਲੀਏ ਦਾ ਆਖੇਪ ਹੈ, ਜਿਸ ਨੂੰ ਕਵਿ ਜੀ ਨੇ ਬੀ ਦੂਰ ਨਹੀਂ ਕੀਤਾ। ਸਾਖੀਆਂ ਲਿਖਣ ਵਾਲੇ ਲਿਖਦੇ ਲਿਖਦੇ ਗੁਰੂ ਜੀ ਨੂੰ ਐਉਂ ਵਰਣਨ ਕਰਨ ਲਗ ਜਾਂਦੇ ਹਨ ਜਿਵੇਂ ਓਹ ਆਪ ਅਲਪੱਗ ਹੁੰਦੇ ਹਨ। ਸਰਬੱਗ ਦੀ ਗਤੀ, ਸਰਬੱਗ ਦੇ ਅਟੱਲ ਵਾਕ, ਸਰਬੱਗ ਦੀ ਪਰਨ ਦ੍ਰਿਸ਼ਟੀ ਤੇ ਅਟੱਲ ਵੇਗ ਉਹਨਾਂ ਨੂੰ ਯਾਦ ਨਹੀਂ ਰਹਿੰਦੇ। ਪੁਰਾਤਨ ਜਨਮ ਸਾਖੀ ਵਿਚ ਸ਼ਰਾਧਾਂ ਦੀ ਖਾਤਰ ਤਿੱਥ ਟਲਾਣੇ ਦੇ ਬਦਲਣ ਦਾ ਕੋਈ ਜ਼ਿਕਰ ਨਹੀਂ ਹੈ, ਨਾ ਮਹਿਮਾ ਪ੍ਰਕਾਸ਼ ਵਿਚ ਤੇ ਨਾਂਹੀ ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਇਹ ਪ੍ਰਸੰਗ ਹੈ।

Sri Satguru Jagjit Singh Ji eLibrary NamdhariElibrary@gmail.com

੫੫. [ਗੁਰੂ ਭਜਨ ਮਹਾਤਮ । ਗੁਰੂ ਸਤੋਤ੍ਰ । ਸਮਾਵਣ ਦੀ ਤਿਆਰੀ]

ਦੋਹਰਾ ॥ ਅਹੰਬੀਜ ਮਮਤਾ ਸ਼ਿਫਾ ਰਾਗ ਦ੍ਵੈਖ ਬਡ ਟਾਸ ।
ਜਗ ਦਲ ਦੁਖ ਸੁਖ ਫਲ ਲਗੇ ਗੁਰ ਭਜਿ ਹੋਇ ਬਿਨਾਸ਼ ॥੧॥

[ਅਹੰ=ਮੈਂ, ਮੈਂ ਪੁਨਾ, ਅਹੰਤਾ । ਮਮਤਾ=ਮੇਰਾ ਪਨਾ, ਮਮੱਤ੍ਵ ।
ਸ਼ਿਫਾ=ਜੜ੍ਹ, ਜੜ੍ਹ ਜੋ ਜਾਲੇ ਵਾਂਙੂ ਫੈਲਾਈ ਹੈ [ਸੰਸ:, ਸ਼ਿਫਾ] (ਅ) ਜੇ ਇਸ ਦਾ ਮੂਲ ਸੰਸਕ੍ਰਿਤ ਪਦ 'ਸ਼ਿੰਬਾ' ਹੋਵੇ ਤਾਂ ਅਰਥ ਹੈ ਫਲੀ (ੲ) ਪਾਠਾਂਤ੍ਰ ਲਿਖਤ ਵਿਚ ਕਿਤੇ ਕਿਤੇ 'ਸਿਟੇ' ਭੀ ਹੈ, ਸਿੱਟੇ ਜੋ ਕਣਕ ਆਦ ਨੂੰ ਫਲ ਪੈਂਦੇ ਹਨ ।
ਰਾਗ=ਪਿਆਰ । ਦ੍ਵੈਖ=ਵੈਰ । ਟਾਸ=ਟਾਹਣ । ਦਲ=ਪੱਤੇ ।]

ਅਰਥ—ਅਹੰਤਾ (ਰੂਪੀ) ਬੀਜ ਹੈ, ਮਮਤਾ (ਰੂਪੀ) ਜੜ੍ਹ ਹੈ, ਰਾਗ ਦ੍ਵੈਖ ਵਡੇ ਟਾਹਣ ਹਨ, ਜਗਤ (ਵਿਚ ਦਿੱਸ ਰਹੇ ਜੀਵ) ਪੱਤੇ ਹਨ, ਦੁਖ ਸੁਖ (ਇਨ੍ਹਾਂ ਪਤਿਆਂ ਦੇ ਵਿਚ) ਫਲ ਲੱਗੇ ਹਨ (ਜਿਸ ਅੱਗਯਾਨ ਰੂਪੀ ਬ੍ਰਿਛ ਨੂੰ, ਹੇ ਮਨ) ਗੁਰੂ ਨੂੰ ਭਜ (ਜੋ ਇਸ ਦਾ) ਨਾਸ਼ ਹੋਵੇ ।

ਚੌਪਈ ॥ ਸਪਤਮਿ ਬਾਸੁਰ[1] ਸਗਰੋ ਐਸੋ। ਬੀਤ ਗਯੋ ਬਰਨਨ ਕਿਯ ਜੈਸੋ। ਗ੍ਰਾਮਨ ਕੇ ਨਰ ਜੋ ਤਹਿੰ ਗਏ । ਪੁਰਿ ਕਰਤਾਰ ਰਹਤਿ ਸੋ ਭਏ॥੨॥ ਰੈਨ ਬਿਖੇ ਡੇਰਾ ਕਰਿ ਸੋਇ । ਜਿਨ ਮਨ ਦਰਸ਼ਨ ਪ੍ਰੇਮ ਭਿਗੋਇ । ਸਵਾ ਜਾਮ ਜਾਮਨਿ ਰਹਿ ਜਬਿਹੀ । ਸਭਿਨਿ ਸ਼ਨਾਨ ਕਿਯੋ ਉਠਿ ਤਬਿਹੀ॥੩॥ ਬਹੁਰ ਬਿਲੋਕਹਿ ਸਤਿਗੁਰ ਤਾਈਂ । ਪਦ ਪੰਕਜ ਪਰ ਸੀਸ ਝੁਕਾਈ। ਕਿਰਤਨ ਸੁਨਹਿ ਏਕ ਮਨ ਹੋਈ । ਰਿਦੇ ਬਿਕਾਰ ਨ ਬਯਾਪੇ ਕੋਈ ॥੪॥ ਅਸ਼ਟਮਿ ਦਿਵਸ[2] ਪ੍ਰਕਾਸ਼ਯੋ ਭਾਨਾ[3]। ਭੋਜਨ ਭੇ ਤਯਾਰ ਬਿਧਿ ਨਾਨਾ। ਧਰਮਸਾਲ ਤੇ ਉਠਿ ਸੁਖਰਾਸਾ।ਗਏ ਸੁਲਖਣੀ ਕੇਰ ਅਵਾਸਾ॥੫॥ਬਿਧਿ ਸੋਂ ਲਗੇ ਕਰਾਵਨ ਸ਼੍ਰਾਧੁ*। ਭਜਹਿੰ ਸਾਧੁ ਜਿਹ† ਪਰਮ ਅਗਾਧੁ। ਪ੍ਰਾਪਤਿ ਮੁਕਤਿ ਲੇਇ ਜਿਨ ਨਾਮੁ। ਤਾਂਹਿ ਸ਼੍ਰਾਧ ਕਹਾ ਕਰਿਬੇ ਕਾਮੁ ॥੬॥ ਤੱਦਿਨਪਿ ਨਰ

[1]ਸਪਤਮੀ ਦਾ ਦਿਨ । [2]ਅਸ਼ਟਮੀ ਵਾਲੇ ਦਿਨ। [3]ਸੂਰਜ ਚੜ੍ਹਿਆ।

*ਪਿਛਲੇ ਪੰਨੇ ਤੇ ਦੱਸ ਆਏ ਹਾਂ ਕਿ ਇਹ ਪ੍ਰਸੰਗ ਹਿੰਦਾਲੀਆਂ ਦੀ ਛਿਪਾ ਹੈ। ਅਸਲੀ ਨਹੀਂ, ਕਵਿ ਜੀ ਦੇ ਜੀ ਵਿਚ ਬੀ ਖਟਕ ਰਹੀ ਹੈ ਕਿ ਇਹ ਗਲ ਦਰੁਸਤ ਨਹੀਂ, ਜੋ ਉਹਨਾਂ ਦੀ ਇਸ ਤੁਕ ਤੋਂ ਸਪਸ਼ਟ ਹੈ:—ਲੀਲ੍ਹਾ ਕਰਹੀਂ ਨਰਕ ਨਿਵਾਰਨ । (ਅੰਕ ੭) ਆਪ ਮੰਨ ਰਹੇ ਹਨ ਕਿ— ਪ੍ਰਾਪਤਿ ਮੁਕਤਿ ਲੇਇ ਜਨ ਨਾਮੁ । ਤਾਹਿੰ ਸ਼੍ਰਾਧ ਕਹਾ ਕਰਿਏ ਕਾਮੁ । (ਅੰਕ ੬)। ਸਭ ਤੇ ਵਡੀ ਉਗਾਹੀ ਸ੍ਰੀ ਗੁਰੂ ਜੀ ਦੀ ਆਪਣੀ ਬਾਣੀ ਹੈ ਜੋ ਐਉਂ ਫੈਸਲਾ ਕਰਦੀ ਹੈ—ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥

†ਪਾ:—ਜਿਹ ਮਧ ਰਾਜਹਿ।

Sri Satguru Jagjit Singh Ji eLibrary NamdhariElibrary@gmail.com

ਮਿਰਯਾਦਾ ਪਾਰਨ[1]। ਲੀਲ੍ਹਾ ਕਰਿਹੀਂ ਨਰਕ ਨਿਵਾਰਨ। ਹੁਤੀ ਸ੍ਰਾਧ ਕੀ ਬਿਧਿ ਜੋ ਸਾਰੀ। ਭਲੀ ਪ੍ਰਕਾਰ ਕੀਨਿ ਅਘਹਾਰੀ[2] ॥ ੭ ॥ ਉਠਿ ਪੁਨ ਗਮਨੇ ਦੇਸ਼ ਸਥਾਨਾ। ਸਰਬ ਬਿਲੋਕੇ ਭੋਜਨ ਨਾਨਾ*। ਠੌਰ ਠੌਰ ਨਰ ਭੇਜਿ ਬੁਲਾਏ। ਸੁਨਿ ਆਇਸੁ ਸਭਿ ਹੀ ਚਲਿ ਆਏ ॥ ੮ ॥ ਪੰਡਿਤ ਸੰਨਯਾਸੀ ਬੈਰਾਗੀ। ਜੋਗੀ ਪੁਨ ਆਏ ਬਡਭਾਗੀ। ਅਵਰ ਭੇਖ ਕੇਤਿਕ ਤਹਿਂ ਆਏ†। ਸਭਿ ਗੁਰ ਪਾਂਤਹਿ ਪਾਂਤਿ[3] ਬਸਾਏ ॥੯॥ ਚਾਰ ਬਰਨ ਹਿੰਦੂ ਤਿਹ ਥਾਈਂ। ਭਿੰਨ ਭਿੰਨ ਸਭਿ ਦੀਨ ਬਿਠਾਈ। ਮਿਲੇ ਬਹੁਤ ਸਿੱਖ ਸੇਵਕ ਬ੍ਰਿੰਦਾ। ਪਾਂਤਿ ਬਸਾਈ[4] ਸ੍ਰੀ ਸੁਖਕੰਦਾ ॥ ੧੦ ॥ ਆਇਸੁ ਦੀਨ ਅਰਾਲਕ[5] ਤਾਈਂ। 'ਪ੍ਰਥਮੇ ਸੱਤਿਨਾਮ ਮੁਖ ਗਾਈ। ਸਭਿ ਕੋ ਦਿਹੁ ਅਹਾਰ ਬਰਤਾਈ। ਜੋ ਕੋ ਚਹੈ ਸੁ ਦਿਹੁ ਪਹੁੰਚਾਈ' ॥ ੧੧ ॥ ਊਚੇ ਥਲ ਪਰ ਬੈਠੇ ਸ੍ਵਾਮੀ। ਸਭਿਨਿ ਬਿਲੋਕਤਿ ਅੰਤਰਜਾਮੀ। ਪ੍ਰੋਸਨ ਲਗੇ[6] ਅਹਾਰ ਘਨੇਰਾ। ਬਹੁਤ ਰਸੋਈਏ ਹ੍ਵੈ ਬਿਨ ਦੇਰਾ ॥ ੧੨ ॥ ਏਕ ਬਾਰ ਦੇ ਆਵਹਿਂ ਜਾਂਹੀ। ਬਹੁਰ ਨ ਜਾਚਨ ਕੀ ਰਹਿ ਚਾਹੀ। ਜਹਿਂ ਮਾਨਵ ਕੀ ਗਿਨਤੀ ਨਾਂਹੀ। ਸਭਿਨਿ ਦੀਨ ਕੋ ਛੂਛ ਨ ਆਹੀ ॥ ੧੩ ॥ ਪੰਚਾਂਮ੍ਰਿਤ[7] ਕਚੌਰੀ ਪੂਰੀ। ਪਾਇਸ[8] ਪੂਪ[9] ਸਾਦ ਜਿਨ ਭੂਰੀ[10]। ਸਿਤਾ[11] ਘ੍ਰਿਤ ਬਹੁ ਊਪਰ ਪਾਏ। ਦਧਿ[12] ਸਲਵਨ[13] ਨੀਕੇ ਮਨ ਭਾਏ ॥ ੧੪ ॥ ਸੂਖਮ ਚਾਵਰ ਪਹਿਤ[14] ਜੁ ਚਾਹੀ। ਤੁਰਤ ਪੁਚਾਵਹਿ ਸਭਿ ਕੇ ਪਾਹੀ। ਭਯੋ ਅਹਾਰ ਅਖੁਟ ਸਭਿ ਭਾਂਤੀ। ਬਿਸਮ ਭਏ ਗਤਿ ਕਿਨੈ ਨ ਜਾਤੀ ॥ ੧੫ ॥ ਸਰਬ ਅਘਾਇ ਉਠੇ ਜਿਹ ਕਾਲਾ। ਕਹ੍ਯੋ ਅਰਾਲਕ ਸੰਗ ਕ੍ਰਿਪਾਲਾ। 'ਲੇਹੁ ਅਚਵ ਅਬਿ ਆਪ ਅਹਾਰਾ। ਬਹੁਰ ਦੇਸ਼ ਕੀ ਕੀਜੈ ਕਾਰਾ ॥ ੧੬ ॥ ਜਾਮ ਜਾਮਨੀ ਲੌ[15] ਜੋ ਕੋਈ। ਆਵਹਿ ਜੋ, ਅਚਵਾਉ[16] ਰਸੋਈ'। ਅਸ ਕਹਿ ਧਰਮਸਾਲ ਪ੍ਰਭੁ ਆਏ। ਬੈਠੇ ਨਰ ਦਰਸਹਿ ਸੁਖ ਪਾਏ ॥੧੭॥ ਦੂਰ ਦੂਰ ਲੌ ਸੁਧ ਅਸ ਹੋਈ। 'ਲਗੇ ਸਮਾਵਨ ਜਗ ਗੁਰ ਜੋਈ'। ਸੁਨਿ ਸੁਨਿ ਧਨੀ ਸ਼ਾਹ ਜੇ ਰਾਜਾ। ਊਰਨ

[1]ਪਾਲਣ ਲਈ। [2]ਪਾਪ ਨਾਸ਼ਕ ਗੁਰੂ ਜੀ ਨੇ। [3]ਪੰਗਤੀਆਂ ਲੁਆ ਕੇ। [4]ਪੰਗਤਾਂ ਬਿਠਾਈਆਂ। [5]ਰਸੋਈਏ। [6]ਪਰੋਸਨ ਲਗੇ। [7]ਕੜਾਹ। [8]ਖੀਰ। [9]ਪੂੜੇ। [10]ਬੜੇ ਸੁਆਦ ਵਾਲੇ। [11]ਖੰਡ। [12]ਦਹੀਂ। [13]ਸਲੂਣੇ। [14]ਦਾਲ। [15]ਪਹਿਰ ਰਾਤ ਬੀਤੀ ਤਕ। [16]ਛਕਾਓ।

*ਪਾ:—ਛਉਂਕਾ ਠਾਨ ਸੁੰਦਰ ਅਸਥਾਨਾ। ਸਰਬ ਬੋਲ ਕੈ ਦਿਜਨ ਬਖਾਨਾ।

†ਕਵਿ ਜੀ ਕਰਤਾਰ ਪੁਰ ਨੂੰ ਮਾਨੋ ਕਾਂਸ਼ੀ ਵਰਣਨ ਕਰ ਰਹੇ ਹਨ, ਜੋ ਅਜੇ ਨਿੱਕੀ ਜਿਹੀ ਬਸਤੀ ਸੀ, ਰੌਣਕ ਅਪਾਰ ਸੀ ਪਰ ਆਣ ਜਾਣ ਵਾਲਿਆਂ ਸੰਗਤਾਂ ਦੀ।

Sri Satguru Jagjit Singh Ji eLibrary NamdhariElibrary@gmail.com

ਆਵਹਿਂ ਤਜਿ ਤਜਿ ਕਾਜਾ॥੧੮॥ ਹਿੰਦੂ ਤੁਰਕ ਸੁਨਹਿ ਜੋ ਕੋਈ। ਆਵਹਿ ਧਾਇ ਦੇਖਿ ਹੈ ਸੋਈ। ਪਾਰਸ ਲੈਨਿ ਰੰਕ[1] ਜਿਮ ਦੌਰੈ। ਆਵਹਿਂ ਮਗ ਗੁਰ ਕੇ ਚੌਫੇਰੇ ॥੧੯॥ ਨਰਨਾਰੀ ਉਰ ਧਾਰਿ ਹੁਲਾਸੂ। ਭੇ ਬਿਰਕਤ ਸਮ ਤਜੇ ਅਵਾਸੂ[2]ਗ੍ਰਾਮ ਨਗਰ ਜਹਿਂ ਤਹਿਂ ਸੁਧ ਹੋਈ।ਟੋਨਾ ਕਰਿ ਮੋਹੇ ਜਨੁ ਸੋਈ[3] ॥੨੦॥ ਬਰਜੇ ਰਹੈਂ ਨ ਕਿਸੂ ਪ੍ਰਕਾਰਾ। ਆਵਹਿ ਗਮਨੇ ਪੁਰਿ ਕਰਤਾਰਾ। ਜਿਨਕੋ ਸ਼ਕਤਿ ਚਲਨ ਮਗ ਨਾਂਹੀ।ਦੁਰਬਲ[4] ਅੰਗਹੀਨ ਜੋ ਆਹੀਂ॥੨੧॥

ਦੋਹਰਾ ॥ ਬਾਤ ਸੁਨਹਿ ਜਿਸ ਨਿਕਟ ਤੇ ਬੂਝਨ ਦੁਆਰਾ ਸੋਇ। ਪਾਵਤਿ ਬਲ ਜਨੁ[5] ਤਨ ਬਿਖੈ ਚਲਨ ਹਰਖ ਮਨ ਹੋਇ ॥੨੨॥

ਚੌਪਈ ॥ ਬਿਦਤ ਭਈ ਸੁਧ ਜਹਿਂ ਤਹਿਂ ਸਾਰੇ।—ਲਗੇ ਤਜਨਿ ਤਨ ਪ੍ਰਥਮ ਉਚਾਰੇ[6]— ਜਿਹ ਜਿਹ ਸੁਨੀ, ਸ਼ਕਤਿ ਜਿਹ ਆਵਨ। ਧਾਏ ਨਰ ਨਿਜ ਦੋਖ ਨਸਾਵਨ ॥੨੩॥ ਸ੍ਰੀ ਮੁਖਿ ਸੋਂ ਅਸ ਆਇਸੁ ਹੋਈ। 'ਦੇਗ ਅਹਾਰ ਅਚੈ ਸਭਿ ਕੋਈ। ਨੀਚ ਕਿ ਊਚ ਰਾਇ[7] ਕੇ ਰਾਨਾ। ਭੋਜਨ ਖਾਇ ਦੇਗ ਤੇ ਨਾਨਾ॥੨੪॥ਅਪਨਾ[8]ਕੋ ਨ ਕਰਹਿ ਪੁਰਿਆਏ[9]।ਸੁਨਿ ਸਿੱਖਨ ਸਭਿਹੂੰਨ ਸੁਨਾਏ[10]। ਅਸ਼ਟਮਿ ਦਿਵਸ ਬਿਤੀਤਨੋ ਸੋਈ।ਸ੍ਰੀ ਗੁਰ ਨਿਕਟਿ ਭੀਰ ਬਹੁ ਹੋਈ॥੨੫॥ ਏਕ ਸਹਸ ਦੋ ਸਹਸ ਕੇ ਟੋਲਾ। ਆਇ ਹਠਹਿਂ ਕਰਿ ਦਰਸ ਅਮੋਲਾ। ਮਿਲਹਿ ਪਰਸਪਰ ਸੁਜਸ ਸੁਨਾਵਹਿ। 'ਸ੍ਰੀ ਨਾਨਕ! ਸ੍ਰੀ ਨਾਨਕ!!' ਗਾਵਹਿ॥੨੬॥ ਜੈ ਜੈਕਾਰ ਜਹਾਂ ਤਹਿ ਹੋਵਤਿ।ਮਨਹੁ ਕੁਕਰਮਨਿ ਕੀ ਮਲ ਧੋਵਤਿ। ਦੇਖਹਿ ਕਰੁਨਾ ਦ੍ਰਿਸ਼ਟਿ ਕ੍ਰਿਪਾਲਾ। ਜਸ ਇੱਛਾ ਤਸ ਪੁਰਹਿ ਦਯਾਲਾ॥ ੨੭॥ ਬਿੱਪ੍ਰ ਬੈਸ ਖੱਤ੍ਰੀ ਬਹੁ ਆਏ। ਸ਼ੂਦਰ ਤੁਰਕ ਭੀਰ ਧਰਿ ਭਾਏ।ਜੋ ਮੁਲਤਾਨ ਮਦੀਨੇ ਮਾਹੀਂ। ਮੱਕੇ ਪੀਰ ਸ਼ਕਤਿਧਰਿ ਆਹੀਂ ॥੨੮॥ ਗੁਰ ਸੁਧ ਸੁਨਤਿ ਬੇਗ ਸੋਂ ਆਏ। ਦਰਸ਼ਨ ਕਰਹਿ ਜਨਮ ਫਲ ਪਾਏ। ਅੰਬੀਏ[11]ਬਹੁਰ ਔਲੀਏ[12]ਜੇਈ।ਹੁਤੇ ਪਿਕੰਬਰ,ਆਇ ਤੇਈ॥੨੯॥ ਸਭਿਕੋ ਆਇਸੁ ਖਾਨ ਅਹਾਰਾ। ਬਰਤੈ ਦੇਗ਼ ਸੁ ਪ੍ਰਥਮ ਪ੍ਰਕਾਰਾ। ਜੱਦਪਿ ਅਨ-

---

[1]ਕੰਗਾਲ। [2]ਵਿਰਕਤਾਂ ਵਾਂਙੂ ਛੱਡਕੇ ਘਰਾਂ ਨੂੰ। [3]ਮਾਨੋਂ ਟੂਣੇ ਨਾਲ ਮੋਹਿਤ ਹੋਏ ਹੋਏ ਹਨ (ਦਰਸ਼ਨਾਂ ਵਾਸਤੇ), ਭਾਵ ਅਧਿਕਤਾ ਤੋਂ ਹੈ। [4]ਕਮਜ਼ੋਰ। [5]ਜਾਣ ਲਓ, (ਅ) ਮਾਨੋਂ। [6]ਭਾਵ ਪਹਿਲਾਂ ਕਹਿ ਦਿੱਤਾ ਸੀ ਕਿ ਅਸਾਂ ਹੁਣ ਸਰੀਰ ਛੱਡ ਦੇਣਾ ਹੈ। [7]ਰਾਜਾ। [8]ਭਾਵ ਆਪਣਾ ਭੋਜਨ। [9]ਭਾਵ ਕਰਤਾਰ ਪੁਰ ਆਏ। [10]ਸਿੱਖਾਂ ਸੁਣਕੇ ਸਭਨਾਂ ਨੂੰ ਸੁਣਾਈ ਇਹ ਗੱਲ। [11]ਨਬੀ ਭਾਵ ਉੱਚੇ ਦਰਜਿਆਂ ਦੇ ਹੈ। [12]ਵਲੀ।

Sri Satguru Jagjit Singh Ji eLibrary NamdhariElibrary@gmail.com

ਗਨ ਮਾਨਵ ਭੀਰ। ਤੋਟ ਨ ਆਵਤਿ ਭਈ ਗਹੀਰ[1]॥੩੦॥ ਦੇਖਤਿ ਬਿਸਮੈਂ ਹ੍ਵੈ ਨਰ ਜਾਂਹੀ*। ਇਤੋ ਅਹਾਰ ਆਇ ਕਿਸ ਬਾਹੀ†। ਲਖਿ ਨ ਸਕੈਂ, ਸਭਿ ਕੀ ਮਤਿ ਹਾਰੀ। 'ਧੰਨ ਧੰਨ ਸ੍ਰੀ ਗੁਰੂ' ਉਚਾਰੀ ॥੩੧॥ ਭੀਰ ਪ੍ਰਭੂ ਕੇ ਭਈ ਚੁਫੇਰੇ। ਬੰਦਹਿ, ਜਾਨਹਿਂ—ਭਾਗ ਬਡੇਰੇ। ਜਨਮ ਹਮਾਰੋ ਸਫਲੋ ਹੋਵਾ। ਜਗ ਗੁਰੁ ਕੋ ਇਸ ਛਿਨ ਮੁਖ ਜੋਵਾ—॥੩੨॥ਛਪੈ ਛੰਦ॥ ਚਉਰਾਸੀ ਜੇ ਸਿੱਧ ਨਾਥ ਨਉਂ ਜਤੀ ਮਿਲੇ ਤਬਿ। ਸੁਧ ਸੁਨਿ ਸ਼੍ਰੋਨਨ ਬਿਖੈ ਸੰਗ ਗੋਰਖ ਲੈਕੇ ਸਭਿ। ਗਮਨ ਕੀਨ ਤਤਕਾਲ ਆਇਗੇ ਪੁਰਿ ਕਰਤਾਰਾ। ਦਰਸ਼ਨ ਕਰਿ ਹਰਖਾਇ ਬਦਨ 'ਆਦੇਸ਼' ਉਚਾਰਾ। ਪ੍ਰਭੁ ਜਥਾ ਜੋਗ ਸਨਮਾਨ ਕਰਿ ਮ੍ਰਿਦੁਲ ਬਚਨ ਕਰਿ ਪਰਸਪਰ। ਪੁਨ ਤਟ ਡੇਰਾ ਐਰਾਵਤੀ ਕਰਨੈ ਰਿਦੇ ਆਨੰਦ ਭਰਿ॥੩੩॥ ਤਿਹ ਅਨਮਿਖ‡[2] ਮੁਖ ਭਈ ਅਰੁਨਤਾ ਜੋਤਿ ਪ੍ਰਕਾਸ਼ੀ[3]। ਸਵਿਤਾ ਦਿਪਤ ਪ੍ਰਭਾਤਿ[4], ਸਿੱਖ ਮੁਖ ਅਪਜ ਬਿਗਾਸੀ[5]। ਚਖ ਚਕੋਰ ਚਿਤਵੰਤਿ ਚੰਦ੍ਰਮਾ ਚਾਰੁ ਬਦਨ ਛਬਿ[6]। ਦਰਸ਼ਨ ਕਰਿ ਸੁਖ ਪਾਇ ਰਹੇ ਬਿਸਮਾਇ ਰਿਦੈ ਸਭਿ। ਇਸ ਬਿਧਿ ਪ੍ਰਤਾਪ ਅਦਭੁਤ ਭਯੋ ਕਹਿ ਨ ਜਾਇ ਕਵਿ ਅਲਪ ਮਤਿ। ਸਭਿ ਅਹਿਪਤ[7], ਗਣਪਤਿ[8], ਸਾਰਦਾ[9], ਲਖਿ ਨ ਸਕਹਿ ਜਿਹ ਅਲਖ ਗਤਿ ॥ ੩੪ ॥ ਨੌਮੀ ਕੋ ਦਿਨ ਅਮਰ ਧਰੇ ਮਾਨੁਖ ਤਨ[10] ਆਇ। ਇੰਦ੍ਰ,ਚੰਦ੍ਰ,ਦਿਨਿੰਦ,ਪੌਨ ਅਲਕਿੰਦ੍ਰ[11] ਸੁਹਾਇ। ਬ੍ਰਿਹਸਪਤਿ, ਜਲਪਤਿ[12], ਜਯੰਤ[13] ਅਪਰ ਇਤਿਆਦਿਕ ਸਭਿ ਹੀ। ਤੇਤਿਸ ਕੋਟ ਸਮੂਹ ਆਨ ਪਹੁੰਚਤਿ ਭੇ ਤਬਿਹੀ। ਪੁਨਿ ਚਤੁਰ ਬੇਦ ਨਿਜ ਰੂਪ ਧਰਿ ਪ੍ਰਗਟਿ ਭਏ ਕਰਤਾਰਪੁਰਿ। ਮਿਲਿ ਅਨਿਕ ਭਾਂਤਿ ਉਸਤਤਿ

---

[1](ਲੰਗਰ) ਅਤੁਟ ਹੋ ਗਈ। [2-3]ਅਨ ਮਿਖ [ਸੰਸ:, ਅਨਿ ਮਿਖ=ਬਿਨਾਂ ਝਮਕੇ] ਇਕ ਟਕ ਬੰਨ੍ਹ ਕੇ (ਭਾਵ ਸਿੱਖ ਮੁਖ ਨੂੰ ਇਕ ਟਕ ਬੰਨ੍ਹਕੇ ਵੇਖਦੇ ਹਨ), ਗੁਰੂ ਜੀ ਦੇ ਮੁਖੜੇ ਤੇ ਲਾਲੀ ਵਾਲੀ ਜੋਤ ਪ੍ਰਕਾਸ਼ੀ, (ਜੈਸੇ ਕਿ) ਪ੍ਰਭਾਤ ਦਾ ਸੂਰਜ (ਲਾਲੀ) ਨਾਲ ਪ੍ਰਕਾਸ਼ਦਾ ਹੈ। [4]ਸਿੱਖਾਂ ਦੇ ਮੂੰਹ ਕਵਲ ਵਾਂਙੂ ਖਿੜੇ [ਅਪ+ਜ=ਕਵਲ]। [5](ਸਿੱਖਾਂ ਦੇ) ਨੇਤ੍ਰ ਚਕੋਰ ਵਾਂਙੂ ਵੇਖਦੇ ਹਨ (ਗੁਰੂ ਜੀ ਦੇ) ਸੁਹਣੇ ਮੂੰਹ ਦੀ ਚੰਦ੍ਰਮਾ (ਵਰਗੀ) ਛਬੀ ਨੂੰ। [6]ਸ਼ੇਸ਼ਨਾਗ। [7]ਗਣੇਸ਼। [8]ਸਰਸ੍ਵਤੀ। [9]ਮਾਨੁਖ ਤਨ ਧਾਰਕੇ। [10](ਅਲਕਾ ਪੁਰੀ ਦਾ ਮਾਲਕ ਭਾਵ) ਕੁਬੇਰ। [11]ਵਰੁਣ। [12]ਇੰਦ੍ਰ ਦਾ ਪੁਤ੍ਰ ਉਪੇਂਦ੍ਰ। (ਅ) ਰੁਦ੍ਰ।

*ਪਾ:—ਹ੍ਵੈ ਨਰ ਨਾਰੀ। †ਪਾ:—ਤਜਾਰੀ।

‡ਪਾ:—ਤਿਹ ਨਿਮਿਖ=ਓਹ ਹੀ ਵਕਤ (ਗੁਰੂ ਜੀ ਦੇ ਮੁਖੜੇ ਤੇ)।

ਭਨਹਿ ਅਤਿ ਉਤਸਵ ਕਰ ਹਰਖ ਉਰੈ* ॥ ੩੫ ॥

ਨਰਾਜ ਛੰਦ। 'ਨਮਸਤ[1] ਆਦਿ ਰੂਪਣੰ ਸਮਸਤ ਮੈਂ[2] ਬਿਰਾਜਿ ਹੀ। ਮਯੰਕ ਮਾਂਹਿ ਕ੍ਰਾਂਤਿ, ਮਾਰਤੰਡ ਦੀਪ ਛਾਜਿਹੀ[3]। ਸਮੀਰ ਮੈਂ ਪ੍ਰਭੰਜਨੰ ਜਲੰ ਦ੍ਰਵੰਤਿ ਰੂਪ ਹੌ[4]। ਅਕਾਸ਼ ਮੈਂ ਵਿਕਾਸ਼ ਤੂੰ, ਧਰਾ ਧ੍ਰਿਤੀ ਅਨੂਪ ਹੌ[5] ॥ ੩੬ ॥ ਸੁ ਤੇਜ ਮੈਂ ਹੁਤਾਸਨੰ, ਸਮੁੰਦ ਮੈ ਗੰਭੀਰਤਾ[6]। ਸੰਤੋਖ ਬਿੱਪ੍ਰ ਬ੍ਰਿੰਦ ਜੇ ਛੱਤ੍ਰੀਨ ਬੀਚ ਬੀਰਤਾ[7]। ਮਝਾਰ ਬੈਸ਼ ਬਾਨਜੰ, ਸੁ ਸੇਵ ਸ਼ੂਦ੍ਰ ਵਾਨਯੰ[8]। ਭਿਖਾਰਿ ਮਾਹਿ ਜਾਚਨਾ ਦਤਾਰ ਮਾਂਹਿ ਦਾਨਯੰ[9] ॥ ੩੭ ॥ ਨਰੇਸ਼ ਮੈਂ ਨਰੇਸ਼ਤਾ ਸੁ ਰੰਕ ਮਾਂਹਿ ਰੰਕਤਾ[10]। ਸਥਾਵਰੋ ਸਥਿਰਤਤਾ, ਚਰੀ ਬਿਖੈ ਚਰੰਤਤਾ[11]। ਕ੍ਰਿਪਾਲ ਮੈਂ ਦਯਾ ਸਰੂਪ, ਕ੍ਰੂਰਮੈ ਸੁ ਕ੍ਰੂਰਤਾ[12]। ਕਿ ਊਨ ਮਾਹਿ ਊਨਤਾ, ਸੰਪੂਰਨੰ ਸਪੂਰਤਾ[13] ॥ ੩੮ ॥ ਸਮੂਹਮੈਂ ਸਮੂਹ ਰੂਪ, ਬੀਜ ਬੀਚ ਬੀਜਤਾ[14]। ਸਰੋਸ ਮਾਂਹਿ ਰੋਸਤਾ, ਪ੍ਰਸੀਜ ਮੈਂ ਪ੍ਰਸੀਜਤਾ[15]। ਤਪੀ ਬਿਖੈ

---

[1] ਨਮਸਕਾਰ ਹੈ। [2] ਆਦਿ ਰੂਪ ਨੂੰ ਜੋ ਸਭਨਾਂ ਵਿਚ। [3] ਚੰਦ ਵਿਚ ਕ੍ਰਾਂਤੀ (ਸੁੰਦਰਤਾ ਤੁਸੀਂ ਹੋ) ਸੂਰਜ ਵਿਚ ਪ੍ਰਕਾਸ਼ (ਹੋਕੇ ਤੁਸੀਂ) ਫਬ ਰਹੇ ਹੋ। [4] (ਪ੍ਰਭੰਜਨ) ਵਾਯੂ ਵਿਚ (ਆਪ) ਵੇਗ (ਰੂਪ ਹੋ), ਜਲ ਵਿਚ (ਆਪ) ਦ੍ਰਵਣ (ਵਹਿਣ) ਰੂਪ ਹੋ। [5] ਅਕਾਸ਼ ਵਿਚ (ਤੁਸੀਂ) ਫੈਲਾਵ ਰੂਪ ਹੋ, ਧਰਤੀ ਵਿਚ ਅਚਰਜ ਧੀਰਜ (ਯਾ ਟਿਕਾਉ) ਰੂਪ ਹੋ। [6] ਅਗਨੀ ਵਿਚ ਤੇਜ (ਰੂਪ ਹੋ) ਸਮੁੰਦਰ ਵਿਚ ਗੰਭੀਰਤਾ (ਰੂਪ ਹੋ)। [7] ਸਾਰੇ ਬ੍ਰਹਮਣਾਂ ਵਿਚ ਸੰਤੋਖ (ਰੂਪ ਹੋ) ਤੇ ਛੱਤ੍ਰੀਆਂ ਵਿਚ ਬੀਰਤਾ (ਰੂਪ ਹੋ)। [8] ਵੈਸ਼ਾਂ ਵਿਚ ਵਣਜ ਰੂਪ ਹੋ, ਸ਼ੂਦ੍ਰਾਂ ਵਿਚ (ਸੇਵ ਵਾਨਯੰ) ਸੇਵਾ ਰੂਪ ਹੋ। [9] ਭਿਖਾਰੀਆਂ ਵਿਚ ਮੰਗ (ਤੇ) ਦਾਤਿਆਂ ਵਿਚ ਦਾਨ ਰੂਪ ਹੋ। [10] ਰਾਜਿਆਂ ਵਿਚ ਰਾਜ (ਰੂਪ ਹੋ) ਕੰਗਾਲਾਂ ਵਿਚ ਗ਼ਰੀਬੀ (ਰੂਪ ਹੋ)। [11] ਸਥਾਵਰ (ਨਾ ਟੁਰਨ ਵਾਲੇ, ਪੱਥਰ ਬ੍ਰਿੱਛ ਆਦਿ) ਵਿਚ ਟਿਕਾਉ (ਤੇ) ਚੱਲਣ ਵਾਲਿਆਂ ਵਿਚ ਚਾਲ (ਰੂਪ ਹੋ)। [12] ਕ੍ਰਿਪਾਲੂ ਵਿਚ ਕ੍ਰਿਪਾ, ਤੇ ਕਠੋਰ ਵਿਚ ਕਰੜਾਈ ਰੂਪ ਹੋ। [13] ਊਣਿਆਂ ਵਿਚ ਊਣਤਾ, ਸੰਪੂਰਨ ਵਿਚ ਪੂਰਨਤਾ (ਰੂਪ ਹੋ)। [14] ਸਮੂਹ ਵਿਚ ਤੁਸੀਂ ਸਾਰਾਪਨ, (ਤੇ) ਬੀਜ ਵਿਚ ਬੀਜਤਾਈ (ਪੁੰਗਰਣ) ਰੂਪ ਹੋ। [15] ਗੁਸੈਲਾਂ ਵਿਚ ਗੁਸਾ ਰੂਪ ਹੋ (ਤੇ) ਪ੍ਰਸੰਨਾਂ ਵਿਚ ਪ੍ਰਸੰਨਤਾ ਰੂਪ ਹੋ।

*ਇਥੇ ਕਵਿ ਜੀ ਦੀ ਇਸ਼ਟਪਤੀ ਯਾਦ ਰਖਣ ਵਾਲੀ ਹੈ, ਪਹਿਲੇ ਦੱਸ ਆਏ ਹਨ ਕਿ ਸਾਰੇ ਨਬੀ, ਵਲੀ, ਫ਼ਕੀਰ, ਪੀਰ; ਹੁਣ ਦੱਸਦੇ ਹਨ, ਸ਼ੇਸ਼ ਨਾਗ, ਗਣੇਸ਼, ਸਰਸ੍ਵਤੀ ਇੰਦਰ, ਚੰਦ, ਸੂਰਜ, ਪੌਣ, ਕੁਬੇਰ, ਬ੍ਰਹਸਪਤ, ਵਰੁਣ, ਉਪੇਂਦ੍ਰ, ਤੇਤੀ ਕਰੋੜ ਦੇਵਤੇ, ਤੇ ਚਾਰੋਂ ਵੇਦ (ਮਨੁਖ ਰੂਪ ਧਾਰਨ ਕਰਕੇ) ਸਾਰੇ ਆਏ ਤੇ ਸਤਿਗੁਰ ਦਾ ਸਤੋਤ੍ਰ ਗਾਉਣ ਲੱਗੇ ਜੋ ਅਗੇ ਦੇਂਦੇ ਹਨ। ਇਥੇ ਆਪ ਨੇ ਸਫੁਟ ਦਸ ਦਿੱਤਾ ਹੈ ਕਿ ਸਭਨਾਂ ਦੇਵੀ ਦੇਵਤਾ, ਵਲੀ, ਫਕੀਰ, ਵੇਦ ਆਦਿ ਨੂੰ ਸਤਿਗੁਰਾਂ ਦਾ ਜਸ ਕਰਨ ਵਾਲੇ ਸ਼ਰਧਾਲੂ ਦੀ ਪਦਵੀ ਆਪ ਦੇਂਦੇ ਹਨ, ਗੁਰੂ ਜੀ ਸਭਨਾਂ ਤੋਂ ਉੱਚੇ ਹਨ।

Sri Satguru Jagjit Singh Ji eLibrary NamdhariElibrary@gmail.com

ਤਪੀਤਤਾ, ਪ੍ਰਕਾਸ਼ ਮੈਂ ਪ੍ਰਕਾਸ਼ਤਾ[੧] । ਜਿ ਤੱਤ ਗਯਾਤ ਮਾਨਵੇ ਸੁ ਤਾਂਹਿ ਐਸ ਭਾਸਤਾ[੨] ॥ ੩੯ ॥ ਪ੍ਰਭੂ ਸਮਸਤ ਲੋਕ ਕੇ ਸਮਸਤ ਕੇਰ ਕਾਰਣੰ[੩] । ਸਮਸਤ ਕੋ ਸਮ੍ਯਾਰਿ ਕੈ[੪] ਕਰੈਤਿ ਪ੍ਰੱਤਿਪਾਰਣੰ[੫] । ਸਮਸਤ ਕੇ ਸੰਘਾਰਕੰ[੬] ਸਮਾਨ ਕੋਇ ਔਰ ਨਾ[੬] । ਜਹਾਂ ਤਹਾਂ ਬਿਰਾਜਤੇ* ਕਹੂੰਕ ਊਨ ਠੌਰ ਨਾ[੭] ॥ ੪੦ ॥ ਸਮਸਤ ਬੀਚ ਤੂੰ ਬਸੈਂ, ਸਮਸਤ ਮਾਂਹਿ ਤੋਹਿ ਹੈਂ[੮] । ਮਿਲੋ ਨਿਰਾਲਮਾ ਰਹੈਂ, ਅਲੇਪ ਹੈਂ ਅਮੋਹ ਹੈਂ[੯] । ਅਨਾਦਿ ਤੂੰ, ਅਜਾਦਿ[੧੦] ਤੂੰ, ਸਕੇਵਲੰ[੧੧], ਅਕਾਰਣੰ । ਅਸੰਗ ਹੋ, ਅਭੰਗ ਹੋ, ਅਨੰਗ ਦੋਖ ਹਾਰਣੰ[੧੨] ॥ ੪੧ ॥ ਅਨੰਤ, ਸ਼੍ਰੀ ਮਹੰਤ, ਸਰਬ ਕੰਤ[੧੩], ਮੋਹ ਭੰਜਨੇ । ਅਧਾਰ ਲੋਕ ਚਉਦਹੂੰ, ਅਪਾਰਰੂਪ, ਰੰਜਨੇ[੧੪] । ਨਿਰੰਜਨੇ[੧੫] ਅਗੰਜਨੇ[੧੬], ਅਸ੍ਰਿਜਨੇ[੧੭] ਸੁਜਾਨਿਯੰ[੧੮] । ਸਦੀਵ ਨੇਤਿ ਨੇਤਿ ਭੂਤ ਭਬਿਯੰ ਬਖਾਨਿਯੰ[੧੯] ॥੪੨॥ ਗੁਰੂ ਸਰੂਪ ਧਾਰਿ ਸੱਤਿਨਾਮ ਕੋ ਪਦੇਸਿਯੰ[੨੦] । ਪਖੰਡ ਕੋ ਨਿਕੰਦਿ ਕੈ ਨ ਮਾਨ ਛੋਰਿ ਲੇਸਯੰ[੨੧] । ਅਨੰਦ[੨੨], ਹੀਨ ਦ੍ਵੰਦ ਕੌ[੨੩], ਮੁਕੰਦ[੨੪], ਸਰਬ ਬੰਦ ਜੂ[੨੫] । ਨਮਸਤਯੰ[੨੬], ਨਮਸਤਯੰ, ਨਮਸਤਯੰ, ਗੁਬਿੰਦ ਜੂ ॥੪੩॥ ਛਪਯ ਛੰਦ॥ ਭਾਉ ਭਗਤਿ ਬਿਸਤਾਰ ਗੁਰੂ ਸਿੱਖੀ ਜਗ ਕੀਨੀ। ਪੂਰਬ ਸਾਧਨ ਮੁਕਤਿ ਕਰਤਿ ਔਰੇ ਬਿਧਿ

---

[੧]ਤਪੀਆਂ ਵਿਚ ਤਪੱਸਯਾ (ਤੇ) ਪ੍ਰਕਾਸ਼ ਵਾਲਿਆਂ ਵਿਚ ਪ੍ਰਕਾਸ਼ਤਾ (ਰੂਪ ਹੋ)। [੨]ਜੋ ਤੱਤ ਗਿਆਨ ਵਾਲੇ ਮਨੁੱਖ ਹਨ ਉਹਨਾਂ ਨੂੰ ਐਉਂ ਭਾਸਦਾ ਹੈ:—[੩](ਕਿ ਤੁਸੀਂ) ਸਾਰੇ ਲੋਕ ਦੇ ਮਾਲਕ ਹੋ, ਤੇ ਸਾਰਿਆਂ ਦਾ ਕਾਰਣ ਹੋ। [੪]ਸੰਭਾਲਕੇ। [੫]ਪਾਲਣਾ ਕਰਦੇ ਹੋ। [੬]ਸਰਬ ਦੇ ਨਾਸ਼ ਕਰਤਾ ਹੋ, ਆਪ ਦੇ ਤੁੱਲ ਹੋਰ ਕੋਈ (ਬਲੀ) ਨਹੀਂ। [੭]ਕੋਈ ਊਣੀ ਥਾਂ ਨਹੀਂ। [੮]ਸਾਰੇ ਤੇਰੇ ਵਿਚ ਹਨ। [੯]ਮਿਲੇ ਹੋਏ ਹੋ, (ਫਿਰ) ਵੱਖਰੇ ਹੋ, ਅਲੇਪ ਹੋ, ਮੋਹ ਰਹਿਤ ਹੋ। [੧੦]ਬ੍ਰਹਮਾ ਦੀ ਆਦਿ ਬੀ ਤੂੰ ਹੈਂ। [੧੧]ਸਦਾ ਮੁਕਤ। ਸਕੇਵਲ ਉਹ ਹੈ ਜੋ ਕਦੇ ਕਲੇਸ਼ ਕਰਮ, ਜਨਮ ਵਿਚ ਨਹੀਂ ਆਇਆ। [੧੨]ਕਾਮ ਦਾ ਦੁਖ ਦੂਰ ਕਰਨ ਵਾਲੇ ਹੋ। (ਅ) ਅਸ਼ਰੀਰ ਹੋ, ਦੁਖ ਹਰਤਾ ਹੋ। [੧੩]ਬੇਅੰਤ ਹੋ, ਸ੍ਰੀ ਦੇ ਵਡੇ ਹੋ, ਸਾਰੀ (ਸ੍ਰਿਸ਼ਟਿ) ਦੇ ਮਾਲਕ ਹੋ। [੧੪]ਪ੍ਰਸੰਨ ਕਰਨ ਵਾਲੇ ਹੋ। [੧੫]ਮਾਇਆ ਰਹਿਤ ਹੋ। [੧੬]ਨਾ ਗੰਜੇ ਜਾਣ ਵਾਲੇ ਹੋ। [੧੭]ਉਤਪਤੀ ਰਹਿਤ ਹੋ। [੧੮]ਸਰਬ ਜਾਨਣ ਵਾਲੇ ਹੋ। [੧੯]ਪਿਛਲੇ (ਹੁਣ ਦੇ ਤੇ) ਆਉਣ ਵਾਲੇ ਸਮੇਂ ਦੇ ਲੋਕਾਂ ਨੇ 'ਨੇਤਿ ਨੇਤਿ' ਕਿਹਾ ਹੈ। [੨੦]ਸਤਿਨਾਮ ਦਾ ਉਪਦੇਸ਼ ਦਿੱਤਾ ਹੈ (ਆਪ ਨੇ)। [੨੧]ਰਤਾ ਬੀ। [੨੨]ਅਨੰਦ ਰੂਪ ਹੋ। [੨੩]ਦ੍ਵੰਦਾਂ ਤੋਂ ਰਹਿਤ ਹੋ। [੨੪]ਮੁਕਤੀ ਦਾਤਾ ਹੋ। [੨੫]ਸਭ ਦੇ ਬੰਦਨਾਂ ਜੋਗ ਜੀ। [੨੬]ਨਮਸਕਾਰ ਹੋਵੇ। *ਪਾ:—ਬਿਰਾਜਹੀ।

Sri Satguru Jagjit Singh Ji eLibrary NamdhariElibrary@gmail.com

ਚੀਨੀ। ਤਿਨ ਤੇ ਤੁਮਹਿਂ ਸੁਖੇਨ ਕੀਨ ਇਹੁ ਰੀਤਿ ਨਵੀਨੀ। ਗਾਡੀਰਾਹੁ ਚਲਾਇ ਨਰਨ ਕੋ ਸੁਭ ਮਤਿਦੀਨੀ। ਪ੍ਰਭੁ ! ਨਮਹਿ ਨਮਹਿ ਪੁਨ ਪੁਨ ਨਮਹਿ, ਚਰਨਸ਼ਰਨ ਤਾਰਨ ਤਰਨ। ਦੁਖ ਦਰਨ, ਕਰਨ ਸੁਖ, ਹਰਨ ਅਘ, ਸ੍ਰੀ ਨਾਨਕ ਕਾਰਨ ਕਰਨ'॥੪੪॥ਦੋਹਰਾ॥ਕਰਿ ਉਸਤਤਿ ਇਸ ਭਾਂਤਿ ਕੀ ਰਹੇ ਨਗਰ ਕਰਤਾਰ।ਅਨਿਕ ਲੋਕ ਜਹਿਂ ਆਵਈਂ,ਹੋਵਤਿ ਜੈਜੈਕਾਰ ॥੪੫॥ ਚੌਪਈ ॥ ਦਸੋ ਦਿਸ਼ਾ ਤੇ ਪੰਥਿ[1]ਬਧੇਰੇ। ਦਰਸ ਕਰਨ ਚਿਤ ਚੌਂਪ ਘਨੇਰੇ।ਆਵਹਿਂ ਚਲੇ,ਭੀਰ ਬਡ ਹੋਈ। ਜਿਨ ਕੀ ਸੰਖ੍ਯਾ[2] ਆਇ ਨ ਕੋਈ ॥੪੬॥ਪੁਰਿ ਕਰਤਾਰ ਕੋਸ ਚਉਫੇਰੇ।ਆਇ ਨਰਨ ਕੀਨੇ ਬਹੁ ਡੇਰੇ।ਸਰਬ ਰਹੇ ਨਿਸ ਮਹਿਂ ਤਿਹ ਥਾਈਂ। ਜਾਗ੍ਰਨ ਕੀਨੋ ਮਹਿਮਾ ਗਾਈ॥੪੭॥ਅਰਧ ਬਿਭਾਵਰਿ[3] ਹੋਈ ਜਬਿਹੀ।ਸ੍ਰੀ ਮੁਖ ਸੋਂ ਆਇਸੁ ਦੀ ਤਬਿਹੀ। 'ਚੰਦਨਧੂਤ ਘਨਸਾਰ[4] ਗੁਲਾਬਾ। ਮ੍ਰਿਗਮਦ[5] ਘਸਿ ਕਰਿ ਸਰਬ ਸ਼ਿਤਾਬਾ[6] ॥੪੮॥ ਅਪਰ ਸੁਗੰਧਿ ਸਰਬ ਮਹਿਕਾਵਹੁ। ਸਗਰੇ ਸਦਨ ਬਿਖੈ ਛਿਰਕਾਵਹੁ। ਨੀਕੀ ਆਨਹੁ ਕੁਸ਼ਾ ਬਿਛਾਵਹੁ। ਸੱਤਿਨਾਮ ਕੋ ਕੀਰਤਨ ਗਾਵਹੁ॥੪੯॥ ਜਿਤੇ ਬੇਦ ਪਾਠੀ ਦਿਜ[7] ਅਹਿਹੀਂ। ਕਰਹਿ ਬੇਦ ਧੁਨਿ ਬਿਲਮ ਨ ਗਹਿਹੀਂ*। ਸਰਬ ਜਿ ਨਰ ਸਤਿਨਾਮ ਉਚਾਰਹੁ। ਜਨਮ ਜਨਮ ਕੇ ਕਿਲਬਿਖ ਟਾਰਹੁ'॥੫੦॥ਛਪੈ ਛੰਦ॥ਸੁਨਿ ਰਜਾਇ ਤਿਹ ਸਮੇਂ ਭਯੋ ਜੈਕਾਰ ਮੁਖਰਬਰ[8]। ਗਾਵਤਿ ਗੁਨ ਕਰਤਾਰ ਪ੍ਰੇਮ ਸੋਂ ਰਿਦੇ ਰਹੇ ਭਰਿ। ਦਰਸ਼ਨ

---

[1]ਪੰਥੀ, ਰਾਹੀ। [2]ਗਿਣਤੀ। [3]ਅੱਧੀ ਰਾਤ। [4]ਕਪੂਰ। [5]ਕਸਤੂਰੀ। [6]ਛੇਤੀ। [7]ਬ੍ਰਾਹਮਣ। [8](ਮੁਖਰ+ਬਰ=) ਸ੍ਰੇਸ਼ਟ ਮੂੰਹਾਂ ਤੋਂ।(ਅ) ਮੁਖਰ=ਸੰਖ। ਸੰਖ ਦੀ ਧੁਨਿ ਜੋ ਜੈਕਾਰ ਦੇ ਨਾਲ।(ੲ) ਮੁਖਰ ਦਾ ਅਰਥ ਸ਼ਬਦ ਬੀ ਕਰਦੇ ਹਨ, ਭਾਵ ਉੱਚੀ ਧੁਨੀ ਨਾਲ ਪਰ ਮਖਰ ਕੜਵੇ ਸ਼ਬਦ ਨੂੰ ਕਹਿੰਦੇ ਹਨ।

*ਵੇਦ ਤਾਂ ਪਿਛੇ ਕਹਿ ਆਏ ਹਨ ਕਿ ਸ੍ਰੀ ਗੁਰੂ ਜੀ ਦੀ ਉਸਤਤੀ ਵਿਚ ਸਤੋਤ੍ਰ ਉਚਾਰਨ ਕਰਦੇ ਰਹੇ ਹਨ, ਹੁਣ ਵੇਦ ਧੁਨਿ ਹੋਣ ਦਾ ਮਤਲਬ ਇਹ ਨਹੀਂ ਕਿ ਵੇਦ ਗੁਰੂ ਜੀ ਤੋਂ ਵਡੇ ਹਨ।

ਵੇਦ ਦਾ ਸ਼ੁੱਧ ਪਾਠ ਕਰਨ ਵਾਲੇ ਵੇਦ ਪਾਠੀ ਅੱਜ ਪੰਜਾਬ ਵਿਚ ਦੁਰਲੱਭ ਹਨ ਤੇ ਉਸ ਸਮੇਂ ਕਿੱਥੇ ਸਨ, ਤੇ ਕਰਤਾਰ ਪੁਰ ਪਛਿੱਤੇ ਪਾਸੇ ਦਾ ਟਿਕਾਣਾ ਸੀ, ਗਿਰਾਵਾਂ ਵਿਚ ਵੇਦ ਪਾਠੀ ਕਿੱਥੇ ? ਤੇ ਜੇ ਵੇਦਾਂ ਵਾਂਙੂ ਵੇਦ ਪਾਠੀ ਸ਼ਰਧਾ ਧਾਰ ਦੱਖਣ ਤੋਂ ਕਿ ਕਾਂਸ਼ੀ ਤੋਂ ਆ ਗਏ ਤੇ ਉਹਨਾਂ ਵੇਦ ਗਾਵੇ ਤਾਂ ਉਹਨਾਂ ਦੀ ਸ਼ਰਧਾ ਦੀ ਸੂਚਨਾ ਹੈ, ਸਤਿਗੁਰ ਜੀ ਤਾਂ ਵੇਦਾਂ ਤੋਂ ਉੱਚੇ ਕਵਿ ਜੀ ਨੇ ਪਿੱਛੇ ਕਹਿ ਦਿੱਤੇ ਹਨ।

Sri Satguru Jagjit Singh Ji eLibrary NamdhariElibrary@gmail.com

ਪਰਸਤਿ ਸਕਲ ਅਧਿਕ ਕਰੁਨਾ ਰਸ ਹੋਵਹਿਂ। ਚਿੱਤ੍ਰ ਲਿਖੇ ਜੇ ਭੀਤ ਭਾਉ ਧਰਿ ਠਾਂਢੇ ਜੋਵਹਿਂ[੧]। ਤਬ ਭੀਰ ਭਈ ਧ੍ਰਮਸਾਲ ਮਹਿਂ ਸ਼ਬਦ ਰਾਗ ਧੁਨਿ ਪੂਰਿਆ। ਤਹਿਂ ਗਏ ਸੁ ਨਰ ਤਿਹ ਸਮੇਂ ਪਿਖਿ ਦੋਖ ਕਰੇ ਸਭਿ ਦੂਰਿਆ ॥੫੧॥ ਬਹੁਰ ਸੁਲਖਣੀ ਆਇ ਬੰਦਿ ਕਰ ਬੰਦਨ ਕੀਨੀ। ਮਨ ਅਧੀਨ ਹ੍ਵੈ ਦੀਨ ਤੀਨ ਪਰਦੱਛਨ ਦੀਨੀ। ਲੋਚਨ ਤੇ ਜਲ ਜਾਤਿ ਬੈਠਿਗੀ ਤਬੀ ਸਮੀਪਾ। ਮੁਰਝਾਨੀ ਕੋ ਦੇਖਿ ਭਨਯੋ ਬੇਦੀ ਕੁਲਦੀਪਾ। 'ਇਕ ਸਿਖ ਜਾਹੁ ਸ੍ਰੀਚੰਦ ਢਿਗ ਲਖਮੀ ਦਾਸ ਸੰਯੁਕਤ ਜਹਿ। ਸਸਪਦ[੨] ਲਯਾਉ ਬੁਲਾਇ ਤਿਨ, ਬਹੁਰ ਦਰਸ ਪਾਵਹਿ ਸੁ ਨਹਿਂ' ॥੫੨॥ ਦੋਹਰਾ ॥ ਸੁਨਿ ਸੇਵਕ ਗਮਨਯੋ ਤੁਰਤ ਜਾਇ ਕੀਨ ਅਰਦਾਸ। 'ਤੁਮਹਿ ਬੁਲਾਵਤਿ ਸਤਿਗੁਰੂ ਉਠਿ ਚਲੀਏ ਤਿਨ ਪਾਸ ॥ ੫੩ ॥ ਸਮਾਂ ਸਮਾਵਨ ਕੋ ਅਬੈ ਮਿਲਿ ਲੀਜੈ ਤਿਨ ਸਾਥ। ਚਹਉ ਜੁ ਕਛੁ ਬੋਲਹੁ ਸੁਨਹੁ ਧਰਹੁ ਚਰਨ ਪਰ ਮਾਥ' ॥ ੫੪॥ ਦੋਹਰਾ ॥ ਬਦਨ ਬਿਹਸ ਕੈ[੩] ਬਚ ਕਹੇ 'ਦਿਵਸ ਸਪਤਮੀ ਜੈਸ। ਹਮਹਿ ਬੁਲਾਵਤਿ ਹੈਂ ਅਬੈ ਆਜ ਸਮਾਵਹਿ ਤੈਸ' ॥ ੫੫ ॥ ਸੋਰਠਾ ॥ ਨਹਿ ਆਏ ਤਿਹ ਕਾਲ ਜਾਨਹਿ ਮਾਨਵ ਆਨ ਜਿਉਂ[੪] ।—ਏਕੰਕਾਰ ਕ੍ਰਿਪਾਲ ਰੂਪ ਧਰਯੋ—ਨਹਿ ਜਾਨਈਂ ॥ ੫੬ ॥ ਦੋਹਰਾ ॥ ਸੁਨਿ ਕੈ ਤਿਨ ਕੇ ਬਚਨ ਕੋ ਸਿੱਖ ਆਯੋ ਗੁਰ ਪਾਸ। ਜਿਹ ਬਿਧਿ ਤਿਨ ਉੱਤਰ ਦਯੋ ਕਹਤਿ ਭਯੋ ਅਰਦਾਸ॥੫੭॥ ਸ੍ਰੀ ਗੁਰ ਸੁਨਿ ਤੂਸ਼ਨਿ ਰਹੇ ਬੈਠੇ ਸਭਾ ਮਝਾਰ। ਬੇਦ ਸ਼ਬਦ ਧੁਨਿ ਹ੍ਵੈ ਰਹੀ ਦਰਸਹਿ ਲੋਕ ਹਜ਼ਾਰ ॥ ੫੮ ॥ ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਮੋਂ ਅਧਯਾਯ ॥ ੫੫ ॥

੫੬. [ਗੁਰੂ ਸਿਖ ਜਾਚਕਾ, ਜੋਤੀ ਜੋਤ ਸਮਾਵਣ ਦੀਆਂ ਤਿਆਰੀਆਂ।]

ਸ੍ਵੈਯਾ—ਕਰੁਨਾ ਗੁਰ ਜਾਹਿ ਸਦਾ ਸੁਖਦਾ ਮਨ ਕੋਰ ਬਿਕਾਰ ਕਰੇ ਹਰਨਾ।
ਹਰਿ ਨਾ ਭੁਜਨੋ ਭਵ ਕੋ ਕਰਤਾ ਮਹਿਮਾ ਗੁਨਿਕੈ ਪਰਿਹੋ ਸ਼ਰਨਾ।
ਸ਼ਰਨਾ ਮਨ ਆਨਿ ਹੰਕਾਰ ਤਜੋ, ਥਿਰ ਹੋਤਿ ਨਹੀਂ ਤਨ ਮੈਂ ਤਰੁਨਾ।
ਤਰਨਾ ਜਗਸਿੰਧੁ ਸੁਖੇਨ ਚਹੋ, ਕਹਿਨਾ*ਲਖਿਬਾਦ, ਗਹੋ ਕਰਨਾ॥੧॥

੧ਕੰਧਾਂ ਤੇ ਲਿਖੀਆਂ ਮੂਰਤਾਂ ਵਾਂਙੂ (ਬੁੱਤ ਬਣੇ) ਖੜੋਤੇ ਵੇਖਦੇ ਹਨ । ੨ਛੇਤੀ [ਸੰਸ:, ਸਪਦਿ]। ੩ਹੱਸਕੇ। ੪ਹੋਰਨਾਂ ਪੁਰਸ਼ਾਂ ਵਾਂਙੂ। *ਪਾ:—ਕਰਨਾ।

Sri Satguru Jagjit Singh Ji eLibrary NamdhariElibrary@gmail.com

ਕਰੁਨਾ=ਮੇਹਰ । ਜਾਚਿ=ਮੰਗੋ । ਬਰੋ ਹਰਨਾ=ਦੂਰ ਕਰੋ ।
ਹਰਿ ਨਾ=ਹਰਿ+ਨਾ=ਹਰੀ ਨੂੰ (ਅ) ਪਾਠਾਂਤ੍ਰ ਹੈ—ਹਰਿਨਾ ਭਜਨਾਂ ਭਵ ਕੋ ਤਰਨਾ, ਤਾਂ ਅਰਥ ਬਣੇਗਾ—ਹਰਿ ਨੂੰ ਭਜਨਾ ਸੰਸਾਰ ਨੂੰ ਤਰਨਾ ਹੈ।
ਭਵ=ਸੰਸਾਰ । ਗੁਨਿਕੈ=ਗੁਣਕੇ, ਸਿਮਰਕੇ ।
ਸ਼ਰਨਾ=ਸ਼ਰਣ । (ਅ) ਸਰਨਾਮਨ=ਤਿਲਕ ਜਾਣ ਵਾਲਾ ਮਨ (ਆਨਿ=) ਵੱਸ ਕਰਕੇ ।
ਤਰੁਨਾ=ਚੰਚਲ (ਅ) ਜੁਆਨੀ, ਫਿਰ ਤੁਕ ਦਾ ਅਰਥ ਇਹ ਬਣੇਗਾ—ਇਸ ਸਰੀਰ ਦੀ ਜੁਆਨੀ ਨਹੀਂ ਰਹਿੰਦੀ (ਇਸ ਕਰਕੇ) ਮਨ ਨੂੰ ਸ਼ਰਨੀ ਪਾਕੇ (ਜੁਆਨੀ ਦਾ) ਹੰਕਾਰ ਤਿਆਗੋ ।
ਤਰਨਾ=ਤਰਕੇ ਪਾਰ ਹੋਣਾ । (ਅ) ਪਾਠਾਂਤ੍ਰ ਹੈ—ਤਰਨਾ ਜਗ ਸਿੰਧੁ ਸੁਖੇਨ ਹੀ ਹੋ ਕਰਨਾ ਲਖ ਬਾਦ ਗਹੋ ਕਰੁਨਾ । ਫਿਰ ਅਰਥ ਇਸ ਤੁਕ ਦਾ ਇਹ ਹੋਊ:—ਜਗਤ ਰੂਪੀ ਸਮੁੰਦਰ ਦਾ ਤਰਨਾ ਸੁਖੇਨ ਹੀ ਹੋ ਜਾਵੇ ਜੇ (ਸਾਈਂ) ਦੀ (ਕਰੁਨਾ=) ਮੇਹਰ ਨੂੰ ਪਕੜ ਲਓ ਤੇ ਅਪਣੀ (ਕਰਨਾ=) ਕਰਨੀ ਨੂੰ ਬਿਰਥਾ ਜਾਣ ਲਓ ।

ਇਸ ਪਾਠ ਵਿਚ—'ਕਰਨਾ' ਦੀ ਮੁਰਾਦ ਹੈ, ਅਪਨਾ ਕਰਨਾ ਤੇ 'ਕਰੁਨਾ' ਤੋਂ ਮਤਲਬ ਹੈ ਸਾਈਂ ਦੀ ਮੇਹਰ। ਠੀਕ ਬੀ ਇਹੋ ਜਾਪਦਾ ਹੈ, ਕਿਉਂਕਿ ਆਰੰਭਕ ਪਦ ਇਸ ਸਿੰਘਾ ਵਿਲੋਕਨ ਸ੍ਵੈਯੇ ਦਾ 'ਕਰੁਨਾ' ਹੈ ਤੇ ਅੰਤ ਬੀ ਕਰੁਨਾ ਹੀ ਚਾਹੀਏ ।

ਅਰਥ—ਮਨ ਦੇ ਵਿਕਾਰਾਂ ਨੂੰ ਦੂਰ ਕਰੋ (ਅਤੇ) ਗੁਰੂ ਜੀ ਦੀ ਮੇਹਰ (ਸਦਾ) ਮੰਗੋ, (ਕਿਉਂਕਿ ਇਹੀ) ਸਦਾ ਸੁਖਦਾਤੀ ਹੈ, ਹਰਿ ਨੂੰ ਸਿਮਰਨ ਨਾ ਕਰਨਾ ਸੰਸਾਰ ਨੂੰ (ਸੱਤ) ਕਰ (ਦਿਖਾਉਂਦਾ ਹੈ, ਤਾਂਤੇ ਗੁਰੂ ਜੀ ਦਾ) ਜਸ ਕਰਕੇ ਸ਼ਰਨ ਜਾ ਪਓ, (ਇਉਂ) ਮਨ ਨੂੰ ਸ਼ਰਣ ਵਿਚ ਲਿਆਕੇ ਹੰਕਾਰ ਨੂੰ ਦੂਰ ਕਰੋ (ਇਸ ਬਿਨਾ ਇਹ) ਚੰਚਲ ਤਨ ਵਿਚ ਥਿਰ ਨਹੀਂ ਹੁੰਦਾ (ਟਿਕਕੇ ਨਹੀਂ ਬਹਿੰਦਾ) (ਜੇ ਤੁਸੀਂ) ਜਗਤ ਰੂਪੀ ਸਮੁੰਦਰ ਨੂੰ ਸੌਖਾ ਤਰਨਾ ਚਾਹੁੰਦੇ ਹੋ ਤਾਂ 'ਕਹਿਣੇ' ਨੂੰ ਬ੍ਰਿਥਾ ਜਾਣੋ ਤੇ 'ਕਰਨੇ' ਨੂੰ ਪਕੜ ਲਓ ।

ਦੋਹਰਾ॥ਸ੍ਰੀ ਗੁਰ ਦਰਸ਼ਨ ਦੇਵਹੀ* ਸ਼ਾਂਤਿ ਰੂਪ ਘਨ ਗਯਾਨ। ਤਿਹ ਛਿਨ ਆਇ ਸਧਾਰਨਾ ਬੋਲਯੋ ਬੰਦੇ ਪਾਨ ॥ ੨ ॥ ਚੌਪਈ ॥ 'ਚੰਦਨ, ਮ੍ਰਿਗਮਦ[1] ਸਲਲ ਘਸਾਏ। ਭਲੀ ਭਾਂਤਿ ਘਰ ਕੋ ਛਿਰਕਾਏ।ਸਗਰੋ ਅਜਰ[2] ਸੁ ਲੀਪ ਬਨਾਯੋ।ਸਭਿ ਸੁਗੰਧਿ ਨੀਕੇ[3] ਮਹਿਕਾਯੋ॥੩॥ਰਾਵਰ ਕੀ ਰਜਾਇ ਜਿਹ ਥਾਈਂ। ਤਹਾਂ ਮ੍ਰਿਦੁਲ ਬਹੁ ਕੁਸ਼ਾ ਡਸਾਈ'। ਅਸ ਕਹਿਤਯੋ ਗਦਗਦ ਭੀ ਬਾਨੀ।

[1]ਕਸਤੂਰੀ। [2]ਵੇਹੜਾ। [3]ਭਲੀ ਤਰ੍ਹਾਂ। *ਪਾ:—ਸ੍ਰੀ ਗੁਰ ਕੇ ਦਰਸ਼ਨ ਵਹੀ ।

Sri Satguru Jagjit Singh Ji eLibrary NamdhariElibrary@gmail.com

ਲੋਚਨ ਤੇ ਜਲਧਾਰਿ ਚਲਾਨੀ ॥੪॥ ਕਿਤਿਕ ਸਿੱਖ ਤਬਿ ਠਾਂਢੇ ਦਰਸੈਂ। ਬੈਠੇ ਕੇਤਿਕ ਦਰਸ਼ਨ ਪਰਸੈਂ।ਸੁਨਿਕੈ ਸਭਿਹਿਨ ਕਰੁਨਾ[1] ਠਾਨੀ। ਛੂਟਤਿ ਭਯੋ ਦ੍ਰਿਗ ਤੇ ਬਹੁ ਪਾਨੀ ॥੫॥ ਜਨੁ ਕਰਨਾ ਰਸ ਬਹੁਤ ਸਰੀਰਾ। ਧਰੇ ਬਿਸੂਰਤ[2] ਹੋਇ ਅਧੀਰਾ। ਗੁਰੂ ਗਯਾਨਘਨ ਪਿਖਿ ਸਭਿ ਤਾਈਂ। ਸ੍ਰੀ ਮੁਖ ਤੇ ਮ੍ਰਿਦੁ ਗਿਰਾ ਅਲਾਈ ॥ ੬ ॥ 'ਤਨ-ਸਨੇਹ ਸਭਿ ਝੂਠੋ ਜਾਨਹੁ। ਕਿਉਂ ਬਿਖਾਦ ਏਤੋ ਮਨ ਠਾਨਹੁ। ਦੇਹਿ ਮਿਲਨਿ ਬਿਛਰਨਿ ਇਸ ਭਾਂਤੀ।ਹੋਤਿ ਦਿਵਸ ਪੁਨ ਆਵਹਿਰਾਤੀ॥੭॥ਜੇਨਰ ਮਿਲੇ ਸ਼ਬਦ ਕੇ ਸੰਗਾ।ਰਹੇ ਸਦੀਵ ਰਾਚਿ ਤਿਹ[3] ਰੰਗਾ। ਤੇ ਨਹਿਂ ਬਿਛੁਰਹਿਂ ਬਹੁਰ ਕਦਾਈਂ। ਜਿਉਂ ਨੀਰਹਿ ਮੈਂ ਨੀਰ ਸਮਾਈ ॥੮॥ ਮੁਝਸੌਂ ਮਿਲਨੇ ਕੀ ਜਿਹ ਚਾਹੀ। ਸਦਾ ਬਿਛੁਰਨੋ ਭਾਵਹਿ ਨਾਂਹੀ। ਸੋ ਨਰ ਸ਼ਬਦਿ ਕਰਹਿ ਅੱਭਯਾਸੇ। ਸ੍ਰਵਨ ਮਨਨਿ, ਨਿਤ ਪ੍ਰਤਿ ਨਿੱਧਯਾਸੇ[4] ॥ ੯ ॥ ਨਿਰਸੰਦੇਹ ਮਿਲੈਂ ਮੁਝ ਸੰਗਾ। ਬਹੁਰ ਨ ਬਿਛੁਰੈਂ ਹ੍ਵੈਂ ਇਕਰੰਗਾ*।ਤਾਂਤੇ ਤੁਮ ਅਬਿ ਤਜਹੁ ਬਿਖਾਦਾ।ਗਾਵਹੁ ਸ਼ਬਦ ਕਰਹੁ ਅਹਿਲਾਦਾ[5] ॥ ੧੦ ॥ ਦ੍ਰਿਸ਼ਟਮਾਨ ਜੋ ਸਰਬ ਪਸਾਰਾ। ਨਾਸ਼ਵੰਤ ਸੋ ਲੇਹੁ ਬਿਚਾਰਾ। ਹੋਤਿ ਵਿਪਰਜੈ ਥਿਰ ਨ ਰਹਾਈ। ਜਿਹ[6] ਧ੍ਰੁਵ[7] ਕਹਤਿ[8] ਅਧ੍ਰੁਵ ਹ੍ਵੈ ਜਾਈਂ[9] ॥ ੧੧॥ ਸਸਿ[10] ਸੂਰਜ ਪਰਕਾਸ਼ ਕਰਾਊ। ਕਾਲ ਪਾਇ ਤਿਨੋਂ ਹੋਇ ਅਭਾਊ[11]। ਜੋ ਸੁਮੇਰੁ ਸਭਿ ਸੁਰਨ ਅਧਾਰਾ[12]।ਛੈ ਹੋਵਤਿ ਤਿਨ ਲਗੈ ਨ ਬਾਰਾ ॥ ੧੨ ॥ ਧਰਨੀ, ਜਲ, ਸਾਗਰ ਗੰਭੀਰਾ। ਅੱਗ੍ਰ ਕਾਲ[13] ਸੋ ਧਰੈਂ ਨ ਧੀਰਾ। ਪਾਵਕ,ਪੌਨ, ਪਰਾਕ੍ਰਮ ਯੁਕਤਾ[14]। ਕ਼ਾਲ ਪਾਇ ਸੋ ਹੋਇ ਅਸ਼ਕਤਾ[15] ॥ ੧੩ ॥ ਮਹਾਂਬਲੀ ਰਾਕਸ਼ ਜੋ ਰਾਜਾ। ਕਾਲ ਡੰਕ ਸਭਿ ਕੇ ਸਿਰ ਗਾਜਾ। ਭੇ ਅਵਤਾਰ ਜਿਤੇ ਰਣ ਧੀਰਾ। ਕਾਲ ਪਾਇ ਕਿਯ ਤਜਨ ਸਰੀਰਾ ॥ ੧੪ ॥ ਮਹਾਂ ਸਿੱਧ ਸੁਰ ਗੰਧ੍ਰਬ ਕਿੰਨਰ। ਯੱਖਯ ਆਦਿ ਸਭਿ ਹ੍ਵੈਂ ਛਿਨਭੰਗਰ[16]। ਜਮ, ਉਡਗਨ[17], ਪੁਰਹੂਤ[18],ਕੁਮੇਰਾ[19]। ਹੋਇ ਵਿਪਰਜੈ

---

[1] ਵੈਰਾਗ। [2] ਝੂਰਦਾ। [3] ਉਸੇ (ਸ਼ਬਦ ਦੇ)। [4] ਨਾਮ ਦਾ ਸੁਣਨਾ, ਮੰਨਣਾ, ਸਿਮਰਣ ਕਰਕੇ ਉਸ ਵਿਚ ਟਿਕਣਾ। [5] ਅਨੰਦ। [6] ਜਿਸ ਨੂੰ। [7] ਅਟੱਲ। [8] ਕਹਿੰਦੇ ਹਨ। [9] ਉਹ ਨਾਸ਼ ਹੋ ਜਾਂਦੇ ਹਨ। [10] ਚੰਦਰਮਾਂ। [11] ਨਾਸ਼ ਹੋਏਗਾ। [12] ਦੇਵਤਿਆਂ ਦਾ ਆਸਰਾ। [13] ਮੌਤ ਦੇ ਸਾਹਮਣੇ। [14] ਬਲ ਸਹਿਤ। [15] ਨਿਰਬਲ। [16] ਛਿਨ ਵਿਚ ਨਾਸ਼। [17] ਤਾਰੇ। [18] ਇੰਦ੍ਰ। [19] ਕੁਬੇਰ।

*ਇਹ ਵਾਕ ਸਤਿਗੁਰ ਨਾਨਕ ਦੇਵ ਜੀ ਨੇ ਆਪਣੇ ਸਮੇਂ ਤੋਂ ਮਗਰੋਂ ਦੇ ਆਉਣ ਵਾਲੇ ਪ੍ਰੇਮੀਆਂ ਲਈ ਬੀ ਕਿਹਾ ਹੈ, ਇਹ ਸਰਬ ਕਾਲੀ ਸੱਚ ਹੈ। ਜਿਸ ਸਮੇਂ ਜੋ ਨਾਮ ਜਪੇ ਗੁਰੂ ਨੂੰ ਮਿਲੇਗਾ।

Sri Satguru Jagjit Singh Ji eLibrary NamdhariElibrary@gmail.com

ਲਗੈ ਨ ਦੇਰਾ ॥੧੫॥ ਜੋ ਬ੍ਰਹਮਾ ਜਗ ਕਾਰਣ ਕੇਰੋ[1]ਤਿਹ* ਅਭਾਵ ਕਰਿ
ਕਾਲ ਕਰੇਰੋ[2]†।ਹਰੀ ਬਿਸ਼ਨੁ ਜਿਹ ਜਗਤ ਅਲਾਇ। ਹਰੀ ਹਰਿਤੁਤਾ[3]
ਤਿਹ ਕੀ ਜਾਇ ॥੧੬॥ ਰੁਦ੍ਰਹਿ[4] ਬੇਖ ਭਯਾਨਕ ਜਾਂਹੀ। ਕਾਲ ਪਾਇ ਸੇ
ਹੋਵਹਿ ਨਾਂਹੀ[5]। ਸਭਿ ਕੋ ਜੋ ਅਧਾਰ ਆਕਾਸ਼ਾ। ਕਾਲ ਅਗਾਰੀ ਹੋਇ ਸੁ
ਨਾਸ਼ਾ ॥੧੭॥ ਇਨ ਜੀਵਨ ਕਹਾ ਗਿਨਤੀ ਹੋਈ। ਗ੍ਰਸਨੇ ਕਾਲ ਕੋ ਹੈ
ਸਭਿ ਕੋਈ। ਰਹਿਨੋ ਇਸਥਿਰ ਕਿਨਹੂੰ ਨਾਂਹੀ। ਪਾਇ ਸਮਾਂ ਸਭਿਹੀ
ਬਿਨਸਾਹੀਂ[6]॥੧੮॥ ਅਤਿ ਸੂਖਮ ਤੇ ਸੂਖਮ ਕਾਲੂ[7]।ਅਤਿ ਬਿਸ਼ਾਲਤੇ ਮਹਾਂ
ਬਿਸ਼ਾਲੂ[8]। ਕਰਹਿ ਊਚ ਤੇ ਜੋ ਅਤਿ ਨੀਚੂ। ਨੀਚਹਿ ਥਪਹਿ ਊਚ ਖਿਨ
ਬੀਚੂ॥੧੯॥ਰਾਈ ਮੇਰੁ,ਮੇਰੁ ਤੇ ਰਾਈ। ਬਸੇ ਉਜਾਰਹਿ,ਉਜਰਿ ਬਸਾਈ।
ਮਹਾਂਬਲੀ ਚਾਹੈ ਸੋ ਕਰਿਹੀ।ਇਸ ਆਗੇ ਕੋ ਧੀਰ ਨ ਧਰਿਹੀ॥੨੦॥ ਧਨੁਖ
ਅਭਾਵ[9] ਹਾਥ ਹੈ ਜਾਂਕੇ।ਜਗ ਰੁ ਦੇਖ ਬਾਲ ਬਡ ਤਾਂਕੇ।ਛੈ ਕਰਿ ਜਗ ਉਪ-
ਜਾਵਹਿ ਸੋਊ। ਸ਼ਿਸ ਲੀਲ੍ਹਾ[10] ਜਿਉਂ ਦੇਖਿ ਨ ਕੋਊ ॥੨੧॥ ਸੂਰਜ ਚੰਦ
ਗੇਂਦ[11]ਕਰਿ ਹਾਥੇ। ਖੇਲਹਿ ਨਿਤ ਉਛਾਰਿ ਤਿਨ ਸਾਥੇ।ਬ੍ਰਹਮ ਉਦੰਬਰ[12]
ਬਿਰਖ ਸਮਾਨਾ। ਫਲ ਅਨੇਕ ਬ੍ਰਹਮੰਡ ਪ੍ਰਮਾਨਾ[13]॥੨੨॥ਭੱਖਸਤ[14] ਕਾਲ
ਨ ਤ੍ਰਿਪਤੇ ਕੈਸੇ। ਘ੍ਰਿਤ ਅਹੁਤੀ ਪਾਵਕ ਜੈਸੇ। ਮੂਰਤ ਬਿਦਤਿ ਨ ਪਰਹਿ
ਪਛਾਨੀ[15]। ਘਟੀ, ਮਾਸ, ਬਰਖਹਿ ਤੇ ਜਾਨੀ ॥੨੩॥ ਝੀਵਰ ਕਾਲ ਕ੍ਰਿਆ
ਜਿਹ ਜਾਲਾ। ਫਸੇ ਜੀਵ ਤਿਸ ਮਾਂਹਿ ਬਿਸਾਲਾ। ਛੂਟਨ ਹੋਇ ਨ ਸੈ[16]
ਕਿਹ ਭਾਂਤੀ। ਦੁਖ ਮਹਿ ਪਰਹਿ ਨ ਪਾਵਹਿ ਸ਼ਾਂਤੀ[17] ॥੨੪॥ ਜੇਤਿਕ
ਹੈ ਪਰਪੰਚ ਪਸਾਰਾ। ਕਈ ਬਾਰ ਕਿਯ ਕਾਲ ਅਹਾਰਾ। ਬਹੁਰੋ ਰਚੈ
ਸੁਖੇਨ ਸੰਵਰਿਕੈ। ਦ੍ਰੁਹਨ[18], ਬਿਸ਼ਨੁ ਸ਼ਿਵ ਨਿਜ ਤਨ ਧਰਿਕੈ ॥੨੫॥
ਅੰਤਰ ਧਯਾਨ ਕਰੈ ਪੁਨ ਤਾਂਹੀ[19]। ਗ੍ਰਸੈ ਸਕਲ ਕੋ ਤਜੈ ਨ ਕਾਂਹੀ।

[1]ਕਰਤਾ। [2]ਨਾਸ਼ ਹੋ ਜਾਏਗਾ। [3]ਹਰੀਪੁਣਾ। [4]ਸ਼ਿਵ। [5]ਬਾਕ ਨਹੀਂ ਰਹੇਗਾ। [6]ਨਾਸ਼ ਹੋਣਗੇ। [7]ਕਾਲ ਹੈ। [8]ਵਡਿਆਂ ਤੋਂ ਵੱਡਾ ਹੈ। [9]'ਅਣ ਹੋਇਆ ਕਰਨ' ਰੂਪੀ ਧਨੁਖ। [10]ਬਾਲਕ ਲੀਲ੍ਹਾ [11]ਗੇਂਦ ਵਾਂਗੂ। [12]ਗੁੱਲਰ ਦੇ ਬ੍ਰਿੱਛ ਵਾਂਗੂ ਹੈ। [13](ਗੁਲਰ ਦੇ ਫਲ ਵਾਂਗੂ ਬ੍ਰਹਮ ਨੂੰ) ਅਨੇਕਾਂ ਬ੍ਰਹਮੰਡ ਲਗੇ ਹਨ। [14](ਬ੍ਰਹਮੰਡਾਂ ਨੂੰ) ਭਖਦਿਆਂ। [15](ਕਾਲ ਦੀ) ਮੂਰਤ ਪ੍ਰਗਟ ਨਹੀਂ ਪਛਾਣੀ ਜਾਂਦੀ। [16]ਉਸ ਤੋਂ। [17](ਜੀਵ) ਸ਼ਾਂਤੀ ਨਹੀਂ ਪਾਉਂਦੇ। [18]ਬ੍ਰਹਮਾ। [19]ਤਿਨ੍ਹਾਂ ਨੂੰ।

*ਇਨ੍ਹਾਂ ਤੁਕਾਂ ਵਿਚ ਕਵੀ ਜੀ ਨੇ ਸਪਸ਼ਟ ਕਿਹਾ ਹੈ ਕਿ ਬਿਸ਼ਨੂ ਬ੍ਰਹਮਾ, ਸ਼ਿਵ, ਕਾਲ ਦੇ ਵੱਸ ਹਨ, ਤਾਂਤੇ ਏਹ ਸਤਿਗੁਰਾਂ ਦੇ ਪੂਜ ਨਹੀਂ ਹਨ।

†ਪਾ:-ਕਾਲ ਕਰੈ, ਹੇਰੈ।

Sri Satguru Jagjit Singh Ji eLibrary NamdhariElibrary@gmail.com

ਬਿਨ ਕਰੁਨਾ ਤੇ ਕ੍ਰੂਰ[੧] ਬਿਸਾਲਾ। ਮ੍ਰਿਗ ਬ੍ਰਹਮੰਡ ਕੇਹਰੀ ਕਾਲਾ[੨] ॥੨੬॥ ਦੋਹਰਾ ॥ ਕਮਲ ਫੂਲ ਅਦਭੁਤ ਅਹੈ, ਬਚ੍ਯੋ ਤਾਂਹਿ ਤੇ ਸੋਇ[੩]। ਨਹਿਂ ਸਮੀਪ ਤਹਿਂ ਜਾਵਈ[੪] ਰਹ੍ਯੋ ਬਿਨਾ ਬਲ ਹੋਇ ॥ ੨੭ ॥ ਚੌਪਈ ॥ ਸ਼ਾਂਤਿ ਮੈਤ੍ਰੀ ਅੰਕੁਰ[੫] ਤਾਸੁ ਚੇਤੰਨਤਾ ਮਾਤ੍ਰ ਪਰਕਾਸ਼ੁ[੬]। ਇਸ ਮਹਿਂ ਕਾਲ ਲੀਨ ਹੁਇ ਜਾਵਹਿ। ਤਿਹ[੭] ਤਜਿ ਅਪਰ ਸਰਬ ਕੋ ਖਾਵਹਿ ॥੨੮॥ ਤਾਂਤੇ ਸ਼ਬਦ ਕਰਹੁ ਅੱਭ੍ਯਾਸਾ। ਸਗਰੋ ਭੇਦ ਹੋਇ ਪਰਕਾਸ਼ਾ। ਸੁਨਿ ਸਿੱਖਹੁ! ਸਭਿ ਤਜਹੁ ਬਿਖਾਦਾ। ਤ੍ਰੈ ਤਨ ਅਹੰ ਸਮਾਰਹੁ ਆਦਾ[੮] ॥ ੨੯ ॥ ਜਗਤ ਅਸਾਰ ਜਾਨਿ ਕਰਿ ਸਾਰੋ। ਸਾਰ ਬਿਚਾਰਿ ਭਲੇ ਉਰ ਧਾਰੋ[੯]। ਮੋਖ ਸਦਨ ਕੀ ਇਹ ਤਨ ਸ਼੍ਰੇਨੀ[੧੦]। ਸਿਮਰਹੁ ਸੱਤਿਨਾਮ ਦਿਨ ਰੈਨੀ' ॥ ੩੦ ॥ ਇਸ ਪ੍ਰਕਾਰ ਉਪਦੇਸ਼ ਘਨੇਰਾ। ਦੇਕਰਿ ਗੁਰਅੱਗ੍ਯਾਨ ਕਟੇਰਾ[੧੧]। ਹੋਤਿਭਯੋ ਅਰੁਣੋਦਯ ਕਾਲਾ[੧੨]। ਨਿਕਸੇ ਤਿਹ ਛਿਨ ਵਹਿਰ ਕ੍ਰਿਪਾਲਾ ॥੩੧॥ ਜੈ ਜੈ ਕਾਰ ਹੋਇ ਚੌਫੇਰੇ। ਪਵਹਿਂ ਬੇਦ ਧੁਨਿ ਸ਼ਬਦ ਘਨੇਰੇ। ਕੁਸ਼ਾ ਮ੍ਰਿਦੁਲ ਜਹਿਂ ਰੁਚਿਰ ਬਿਛੌਨਾ। ਤਹਾਂ ਜਾਇ ਪੌਢੇ ਗੁਨ ਭੌਨਾ ॥ ੩੨ ॥ ਗੁਨਤਿ ਸੁਲਖਣੀ ਉਰ ਇਸ ਭਾਂਤੀ।–ਮਮ ਸੁਤ ਫੁਰਹਿਗੋ ਪਸ਼ਚਾਤੀ। ਮਿਲੇ ਨ ਆਨਿ ਜਨਕ[੧੩] ਕੇ ਤਾਈਂ। ਤਨਕ ਪ੍ਰਤੀਤ ਨ ਤਿਨ ਕੋ ਆਈ–॥੩੩॥ ਤਬਿ ਠਾਂਢੀ ਹ੍ਵੈ ਪ੍ਰਭੁ ਅਗਾਰੀ। ਹਾਥ ਬੰਦਿ ਅਸ ਗਿਰਾ ਉਚਾਰੀ। 'ਅਬਿ ਕੇ ਪੁਨ ਨਿਜ ਤਾਤਨਿ ਤਾਈਂ। ਪਠਹੁ ਬੁਲਾਇ[੧੪] ਪਾਸ, ਗੋਸਾਈਂ! ॥ ੩੪ ॥ ਆਵਹਿਗੋ ਅਬਿ ਮਾਨਹਿ ਬੈਨਾ। ਛਿਮਾਛੇਤ੍ਰ ਤੁਮ ਸ੍ਰੀ ਗੁਨ ਐਨਾ!। ਨੀਕੀ ਬਾਤ ਮਿਲਹਿਂ ਇਸ ਕਾਲਾ। ਬਿਨੈ ਮਾਨੀਏ ਮੇਰੀ ਦਯਾਲਾ!' ॥ ੩੫ ॥ ਦੇਖਿ ਦੀਨ ਬੇਦੀਕੁਲਮੌਰ[੧੫]। ਆਇਸੁ ਦੇ ਸਿੱਖ ਪਠ੍ਯੋ ਬਹੋਰੇ। ਕਹ੍ਯੋ ਜਾਇ ਕੇ ਤਿਨ ਦ੍ਵੈ ਆਗੇ। 'ਨਿਸ਼ਚੇ ਗੁਰੂ ਸਮਾਵਨ ਲਾਗੇ ॥ ੩੬ ॥ ਮਾਤਾ ਬਿਨਤੀ ਕੀਨਿ ਘਨੇਰੀ। ਮੁਝ ਤੁਮ ਪਾਸ ਪਠਾਯੋ ਫੇਰੀ। ਰੰਚਕ ਔਰ

---

[੧]ਕਰੜਾ। [੨]ਹਰਨ ਵਾਂਙੂ ਬ੍ਰਹਮੰਡ ਹੈ ਤੇ ਸ਼ੇਰ ਵਤ ਕਾਲ ਹੈ। [੩](ਪਰ ਵਾਹਿਗੁਰੂ) ਅਚਰਜ ਕਮਲ ਫੁੱਲ ਹੈ ਉਸ (ਕਾਲ) ਤੋਂ ਉਹ (ਬ੍ਰਹਮ) ਬਚਿਆ ਹੈ। [੪](ਕਾਲ) ਨਹੀਂ ਜਾਂਦਾ ਉਸ (ਬ੍ਰਹਮ) ਦੇ ਨੇੜੇ। [੫]ਅੰਗੂਰ। [੬](ਉਹ) ਚੇਤਨ ਪ੍ਰਕਾਸ਼ ਮਾਤ੍ਰ ਹੈ। [੭]ਭਾਵ ਬ੍ਰਹਮ ਨੂੰ ਛਡਕੇ। [੮]ਤਨ ਦੀ ਅਹੰਤਾ ਗੁਆਕੇ ਸੰਭਾਲੋ ਆਦਿ (ਰੂਪ ਵਾਹਿਗੁਰੂ) ਨੂੰ। [੯]ਜੋ ਸਾਰ ਹੈ ਉਸ ਨੂੰ ਵਿਚਾਰਕੇ ਦਿਲ ਵਿਚ ਧਾਰੋ। [੧੦]ਮੁਕਤੀ ਰੂਪੀ ਘਰ ਦੀ ਪੌੜੀ ਹੈ। [੧੧]ਕੱਟਿਆ। [੧੨]ਸੂਰਜ ਉਦੇ ਹੋਣ ਦਾ ਸਮਾਂ। [੧੩]ਪਿਤਾ। [੧੪]ਬੁਲਾ ਘੱਲੋ। [੧੫]ਭਾਵ, ਸ੍ਰੀ ਗੁਰੂ ਜੀ ਨੇ (ਸੁਲਖਣੀ ਜੀ ਨੂੰ) ਨਿਮ੍ਰਤਾ ਵਿਚ ਦੇਖਕੇ।

Sri Satguru Jagjit Singh Ji eLibrary NamdhariElibrary@gmail.com

ਬਿਲੰਬ ਨ ਕੋਈ। ਚਹਹੁ ਤ ਮਿਲਹੁ ਭਲੇ ਬਿਧਿ ਹੋਈ' ॥ ੩੭ ॥ ਸਿਰੀ ਚੰਦ ਪੁਨ ਲਖਮੀਦਾਸਾ। ਮਾਤ ਬਾਤ ਸੁਨਿ ਭਏ ਉਦਾਸਾ। ਤਤਛਿਨ ਉਠੇ ਤਜੇ ਅਨਮਤਾ[੧]। ਕਹਤੋ 'ਸਮਾਇੰ ਨ ਸਾਚੇ ਪਿਤਾ' ॥੩੮॥ ਗਮਨੇ ਮਿਲਿਨ ਭਈ ਇਤ ਐਸੇ। ਉਤ ਕੀ ਸੁਨਹੁ ਕੀਨਿ ਗੁਰ ਜੈਸੇ। ਅੰਬਰ ਪਾਇ ਬਦਨ ਪਰ ਤਬਿਹੀ। ਪੌਢਿ ਗਏ ਦੇਖਹਿਂ ਨਰ ਸਭਿਹੀ ॥੩੯॥ ਗੇ ਸਮਾਇ ਤਨ ਰਹੇ ਨ ਪ੍ਰਾਨਾ। ਭਾ ਕਹਾਇ ਕੋ ਸਬਦਿ ਮਹਾਨਾ[੨]। ਕਰਿਹੀਂ ਲੋਕ ਬਿਲਾਪ[੩] ਕਲਾਪਾ[੪]। ਭਯੋ ਪ੍ਰਭੂ ਕੋ ਬਿਰਹੁ ਪ੍ਰਤਾਪਾ[੫]* ॥੪੦॥ ਨਰਨ ਬਿਖੈ ਭਾ ਰੁਦਨ ਘਨੇਰਾ। ਸੁਰਨ[੬] ਮਝਾਰ ਅਨੰਦ ਬਧੇਰਾ। ਅਤਿ ਉਤਸਵ ਕੇ ਗੀਤਨਿ ਗਾਵਹਿਂ। ਬਾਦਿਤ[੭] ਤਾਲ ਮਿਲਾਇ ਬਜਾਵਹਿਂ ॥੪੧॥ ਸੈਯਾ॥ ਨੰਦੀ ਸੁ ਬ੍ਰਿਖਭ[੮] ਚਢੇ ਸ਼ਿਵ ਜੂ ਤਨ ਉੱਜਲ ਇੰਦੁ ਸ਼ਸ਼ਾਂਕ ਸੁਹਾਏ[੯]। ਬ੍ਯਾਲ ਕਰਾਲ ਅਲੰਕ੍ਰਿਤ ਹੈਂ[੧੦], ਹਰਿਖਾਲ[੧੧] ਬਿਸਾਲ ਸਿਕੰਧਨ[੧੨] ਪਾਏ। ਰੰਗ ਤਰੰਗ ਅਮੰਕਨ ਭੰਗ[੧੩] ਜਟਾ ਮਹਿਂ, ਪਾਰਬਤੀ ਅੰਗ ਲਾਏ[੧੪]। ਸੂਲ ਧਰੇ ਕਰ[੧੫], ਮੁੰਡ ਪਰੇ ਗਰ[੧੬], ਪ੍ਰੇਮ ਕਰੇ ਉਰ ਸੋਂ[੧੭] ਚਲਿ ਆਏ ॥ ੪੨॥ ਸੰਗ ਪੰਚਾਨਨ[੧੮] ਤਾਤ ਖੜਾਨਨ ਹੈ[੧੯], ਦ੍ਵਿਰਦਾਨਨ[੨੦] ਸ਼ੋਭ ਬਢਾਏ। ਬ੍ਰਿੰਦ ਬਡੇ ਗਣ ਸਾਥ ਬਿਰਾਜਤਿ ਦੇਖਿ ਸਰੂਪ[੨੧] ਸਭੈ ਹਰਖਾਏ[੨੨]। 'ਜੈ ਸੁਖਦਾਇਕ ਜੈ ਸੁਰ ਨਾਇਕ[੨੩] ਜੈ ਇਨਪਾਯਕ[੨੪]' ਵਾਕ ਅਲਾਏ। ਬੰਦ ਉਭੈ ਕਰ ਬੰਦਤਿ ਹੈਂ ਬਹੁ ਫੂਲਨ ਕੀ ਬਰਖਾ ਬਰਖਾਏ ॥ ੪੩ ॥ ਹੰਸ ਚਢੇ ਚਤੁਰਾ-

---

[੧] ਦੂਜੀ ਸਲਾਹ। [੨] (ਕੋਲ ਦਿਆਂ ਤੋਂ) ਹਾਹਾਕਾਰ ਸ਼ਬਦ ਹੋਇਆ। [੩] ਵਿਰਲਾਪ। [੪] ਸਾਰੇ (ਲੋਕ)। [੫] ਪ੍ਰਭੂ (ਦੇ) ਵਿਛੋੜੇ ਦਾ ਦੁਖ। [੬] ਦੇਵਤਿਆਂ। [੭] ਵਾਜੇ। [੮] ਨੰਦੀ ਨਾਮੇ ਬੈਲ ਉੱਤੇ। [੯] ਇੰਦੁ=ਚੰਦਰਮਾ। ਸ਼ਸ਼ਾਂਕ=(ਜਿਸ ਵਿਚ ਸਹੇ ਦਾ ਨਿਸ਼ਾਨ ਹੈ ਸੋ) ਚੰਦਰਮਾ। ਸ਼ਿਵ ਜੋ ਨੰਦੀ ਨਾਮੇ ਬੈਲ ਤੇ ਚੜ੍ਹੇ ਹੋਏ ਜਿਨ੍ਹਾਂ ਦਾ ਤਨ ਚੰਦਰਮਾਂ ਵਰਗਾ ਉੱਜਲ ਹੈ (ਮੱਥੇ ਤੇ) ਚੰਦਰਮਾਂ ਸ਼ੋਭਨੀਕ ਵਾਲੇ। (ਅ) ਜੇ ਪਾਠ ਐਉਂ—ਇੰਦੁ ਸੁਭੇਖੂ ਸਹਾਏ—ਹੋਵੇ ਤਾਂ ਅਰਥ ਬਣੂੰ=ਮੱਥੇ ਤੇ ਚੰਦਰਮਾਂ ਸ਼ੋਭਦਾ ਹੈ ਜਿਸ ਦੇ। [੧੦] ਸੱਪਾਂ ਭਿਆਨਕਾਂ ਨਾਲ ਭੂਸ਼ਿਤ ਹੈ। [੧੧] ਸ਼ੇਰ ਦੀ ਖੱਲ। [੧੨] ਮੋਢਿਆਂ ਤੇ। [੧੩] ਪਾਪਾਂ ਨੂੰ ਭੰਨਣ ਵਾਲੇ। [੧੪] (ਖਬੇ) ਅੰਗ ਨਾਲ ਲਾਈ ਹੈ। [੧੫] ਤ੍ਰਿਸੂਲ ਧਾਰੀ ਹੈ ਹੱਥ ਵਿਚ। [੧੬] ਖੋਪਰੀਆਂ ਹਨ ਗਲੇ। [੧੭] (ਗੁਰੂ ਜੀ ਨਾਲ) ਦਿਲੋਂ ਪ੍ਰੇਮ ਕਰਕੇ। [੧੮] (ਪੰਚ+ਆਨਨ=) ਸ਼ਿਵਾਂ ਦੇ ਨਾਲ। [੧੯] ਪੁੱਤਰ ਹੈ ਛੇ ਮੂੰਹਾਂ ਵਾਲਾ (ਸ੍ਵਾਮਿ ਕਾਰਤਕ)। [੨੦] ਗਣੇਸ਼ (ਦ੍ਵਿਰਦ+ਆਨਨ=ਹਾਥੀ ਦੇ ਮੂੰਹ ਵਾਲਾ)। [੨੧] (ਗੁਰੂ ਜੀ ਦਾ) ਸਰੂਪ ਦੇਖਕੇ। [੨੨] ਸਾਰੇ ਖੁਸ਼ ਹੋਏ। [੨੩] ਜੋ ਦੇਵਤਿਆਂ ਦੇ ਸੁਆਮੀ। [੨੪] ਜੋ ਦਾਸਾਂ ਦੇ ਪਿਆਰੇ।

*ਪਾ:—ਪ੍ਰਲਾਪਾ।

Sri Satguru Jagjit Singh Ji eLibrary　　NamdhariElibrary@gmail.com

ਨਨ[1], ਨਾਰਦ, ਸਾਰਦ[2], ਬੁੱਧਿ ਬਿਸ਼ਾਰਦ[3] ਆਏ। ਪ੍ਰੇਮ ਭਰੇ ਉਰ, ਬੈਨ ਬਜਾਵਤਿ, ਸਨਕ ਸਨੰਦ[4] ਰਿਦੈ ਹਰਖਾਏ। ਕੌਸਕ[5], ਭ੍ਰਿੰਗ[6], ਬਸ਼ਿਸ਼ਟ ਮੁਨੀ, ਅੰਗਰਾ[7] ਸੁ ਪੁਲਸਤ[8] ਮਹਾਂ ਸੁਖ ਪਾਏ। ਅੱਤ੍ਰ, ਅਗਸਤ, ਪਰਾਸੁਰ, ਬਯਾਸ ਸਭੈ ਦਰਸ਼ਨ ਗੁਰੂ ਸੁਖ ਪਾਏ ॥੪੪॥ ਦੋਹਰਾ॥ ਬਾਲਮੀਕ ਅਰ ਰੋਮ ਰਿਖਿ, ਕਾਕ ਭੁਸੁੰਡ ਸੁਜਾਨ। ਬਕਦਾਲਭ ਤੇ ਆਦਿ ਸਭਿ ਆਏ ਰਿਖੀ ਮਹਾਨ॥੪੫॥ ਨਾਮਦੇਵ, ਜੈ ਦੇਵ, ਜਨ ਧੰਨਾ, ਸੈਨ, ਕਬੀਰ। ਹਿਤ ਦਰਸ਼ਨ ਕੇ ਭਗਤ ਸਭਿ ਆਏ ਗੁਰ ਕੇ ਤੀਰ॥੪੬॥ ਸੈਯਾ॥ ਸ਼ੇਸ਼[9], ਸੁਰੇਸ਼[10], ਜਲੇਸ਼[11], ਦਿਨੇਸ਼[12], ਨਿਸੇਸ਼[13], ਧਨੇਸ਼[14] ਪਿਖੈਂ ਸੁਖ ਪਾਵੈਂ। ਕਿੰਨਰ ਗੰਧਰਬ, ਪਾਵਕ ਪੌਨ ਅਨੰਦ ਭਰੇ ਉਰ ਮੰਗਲ ਗਾਵੈਂ। ਦੇਵਤਰੋਵਰ[15] ਕੀ ਪੁਸ਼-ਪਾਂਜਲ[16] 'ਜੈ' ਮੁਖ ਤੇ ਕਹਿ ਕੈ ਬਰਖਾਵੈਂ। ਸ੍ਰੀ ਸੁਖਕੰਦ ਗੁਬਿੰਦ ਮੁਕੰਦ ਪਦੈ ਅਰਬਿੰਦ ਪੂਜੈਂ ਮਨ ਭਾਵੈਂ[17]* ॥ ੪੭ ॥ ਦੋਹਰਾ ॥ ਇਕ ਬਿਵਾਨ† ਮਨੋਹਰ ਮਹਾਂ, ਪੁੰਜ ਮਣੀ ਜਿਸ ਮਾਂਹਿ। ਅਤਿ ਪ੍ਰਕਾਸ਼ ਸੰਯੁਕਤਿ ਸੋ ਕੌਨ

[1,2,3]ਬ੍ਰਹਮਾ, ਨਾਰਦ, ਸਰਸ੍ਵਤੀ (ਤ੍ਰੈਏ) ਬੁੱਧੀ ਦੇ ਚਤੁਰ (ਲੋਕ) ਆਏ। (ਅ) ਬੁੱਧ ਬਿਸ਼ਾਰਦ=ਚਤੁਰ ਬੁੱਧ (ਰਿਸ਼ੀ ਜੀ)। [4]ਬ੍ਰਹਮਾ ਦੇ ਪੁੱਤ੍ਰ। [5]ਵਿਸ਼੍ਵਾਮਿੱਤ੍ਰ। [6]ਇਕ ਰਿਖੀ। [7]ਨਾਮ ਹੈ। [8]ਨਾਮ ਹੈ। [9]ਸ਼ੇਸ਼ਨਾਗ। [10]ਇੰਦ੍ਰ। [11]ਵਰੁਣ। [12]ਸੂਰਜ। [13]ਚੰਦ। [14]ਕੁਬੇਰ। [15]ਕਲਪ ਬ੍ਰਿਛ। [16]ਫੁੱਲਾਂ ਦੇ ਬੁੱਕ। [17]ਗੁਰੂ ਜੀ ਦੇ ਚਰਨਾਂ ਕਮਲਾਂ ਨੂੰ ਪੂਜਦੇ ਹਨ ਮਨ ਦੇ ਪ੍ਰੇਮ ਨਾਲ।

*ਸ਼ਿਵ ਬ੍ਰਹਮਾ, ਆਦਿ ਮੁੱਖ ਦੇਵਤੇ ਪੁੱਤਰਾਂ ਆਦਿ ਸਣੇ, ਫਿਰ ਉੱਚੇ ਤੇ ਉੱਚੇ ਮੁਨੀ ਤੇ ਰਿਖੀ, ਫਿਰ ਕਬੀਰ ਆਦਿ ਵਡੇ ਭਗਤ, ਫਿਰ ਦੂਸਰੇ ਦੇਵਤਿਆਂ ਦੇ ਵਡੇ, ਫਿਰ ਕਿੰਨਰ ਤੇ ਗੰਧਰਬ ਆਦਿ ਸਾਰੇ ਗਿਣਕੇ ਆਪ ਨੇ ਦੱਸਿਆ ਹੈ ਕਿ ਗੁਰੂ ਜੀ ਦੇ ਆਦਰ ਕਰਨ ਨੂੰ ਆਏ, ਫੁੱਲਾਂ ਦੀ ਬਰਖਾ ਕਰਦੇ ਹਨ, 'ਜੈ ਜੈ' ਆਖਦੇ ਹਨ, ਚਰਨਾਂ ਦੀ ਪੂਜਾ ਕਰਦੇ ਹਨ, ਇਸ ਸਾਰੇ ਕਥਨ ਦਾ ਭਾਵ ਕੇਵਲ ਇਹ ਹੈ ਕਿ ਸ੍ਰੀ ਗੁਰੂ ਜੀ ਸਭ ਉੱਚੀਆਂ ਤੋਂ ਉੱਚੀਆਂ ਸ਼ਕਤੀਆਂ ਦੇ ਪੂਜ ਹਨ। ਗੁਪਤ ਲੋਕਾਂ ਦੇ ਕਿਸੇ ਵਡੇ ਦਾ ਨਾਮ ਸ਼ਿਵ ਹੈ ਕਿ ਜਬਰਾਈਲ, ਸੰਸਕ੍ਰਿਤ ਪੜ੍ਹਿਆ ਕੁਛ ਕਹੇ ਤੇ ਅਰਬੀ ਪੜ੍ਹਿਆ ਕੁਛ, ਇਨ੍ਹਾਂ ਵਿਸਥਾਰਾਂ ਨਾਲ ਪ੍ਰਯੋਜਨ ਨਹੀਂ, ਕੇਵਲ ਮੁਰਾਦ ਇਹ ਹੈ ਕਿ ਇਸ ਜਗਤ ਤੋਂ ਪਯਾਨਾ ਕਰਨ ਵੇਲੇ ਅਗਲੇ ਜਗਤ ਦੇ ਮਹਾਂ ਮੁਖੀਆਂ ਨੇ ਆਪ ਦਾ ਸੁਆਗਤ ਕੀਤਾ, ਕਿਉਂਕਿ ਆਪ 'ਗੁਰ ਅਵਤਾਰ' ਸਭ ਤੋਂ ਸ਼ਿਰੋਮਣੀ ਹਨ। ਕਵੀ ਜੀ ਇਸ ਸਮੇਂ ਦੇ ਵਰਣਨ ਵਿਚ ਕਵਿਤਾ ਦਾ ਬੀ ਕਮਾਲ ਕਰ ਰਹੇ ਹਨ।

†ਇਸ ਬਿਬਾਨ ਦੀ ਸੁੰਦਰਤਾ ਕਵਿ ਜੀ ਮਨੁੱਖੀ ਪਦਾਰਥਾਂ ਵਿਚ ਹੀ ਕਹਿ ਸਕਦੇ ਹਨ, ਜੋ ਕੁਛ ਆਤਮ ਮੰਡਲ ਵਿਚ ਹੈ, ਉਸ ਲਈ ਸਾਡੀ ਬੋਲੀ ਵਿਚ ਲਫਜ਼ ਨਹੀਂ, ਇਸ ਕਰਕੇ ਜਿਵੇਂ ਓਥੇ ਹਨ ਤਿਵੇਂ ਕਹੇ ਹੀ ਨਹੀਂ ਜਾ ਸਕਦੇ, ਜੇ ਅੱਖਰੀਂ ਅਰਥਾਂ ਵੱਲ ਜਾਓ ਤਾਂ ਸੂਖਮ ਧਿਆਨ ਵਿਚ ਸਥੂਲ ਮਣੀਆਂ ਕਿਵੇਂ ਹੋ ਸਕਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਕਹੈ ਛਬਿ ਤਾਂਹਿ॥੪੮॥ ਚੌਪਈ॥ ਪਾਰਖਦੀ ਜਿਸ ਆਇ ਅਗਾਰੀ। ਚਵਰ ਢੁਰਤਿ ਹੈ ਵਾਰੰਵਾਰੀ। ਜਹਾਂ ਹੁਤੇ ਬੇਦੀ ਕੁਲਦੀਪਾ। ਇਸਥਿਰ ਭਯੋ ਸੁ ਤਾਂਹਿ ਸਮੀਪਾ॥੪੯॥ਨਿਜ ਸਰੂਪ ਤਬਿ ਸ੍ਰੀ ਪ੍ਰਭੁ ਧਾਰਾ। ਚਰਨ ਕੋਕਨਦ[1] ਸ਼ੁਭਤਿ ਅਪਾਰਾ। ਨੂਪਰਿ ਮਣਿਮਯ[2] ਰੁਚਿਰ ਸੁਹਾਏ। ਦ੍ਵੈ ਜੰਘਾਂ ਕਦਲੀ ਛਬਿ ਪਾਏ॥੫੦॥ਛੁਦ੍ਰ ਘੰਟਕਾ[3] ਬੰਧੀ ਸੁਹਾਵਤਿ।ਉਦਰ ਸ ਤ੍ਰਿਵਲੀ* ਸ਼ੋਭ ਬਢਾਵਤਿ[4]।ਕਾਲਿੰਦ੍ਰੀ ਆਵਰਤਿ ਸੁ ਨਾਭਾ[5]।ਭੁਜਾ ਚਾਰਧੁਤਿਭੂਖਨਆਭਾ[6] ॥੫੧॥ਸੰਖ ਚੱਕ੍ਰ ਕਰ ਕਮਲਨ ਮਾਂਹੀ। ਗਦਾ ਪਦਮ ਅਤਿ ਸੁੰਦਰ ਆਹੀ। ਕੰਕਨ ਅੰਗਦ ਮਣਿ ਗਚਿਕਾਰੀ[7]।ਬ੍ਰਿਖਭ[8] ਸਮਾਨ ਕੰਧ[9] ਦ੍ਵੈ ਭਾਰੀ॥੫੨॥ ਉਰ ਆਧੂਤ ਬਨ ਮਾਲ[10] ਸੁਹਾਵਾ। ਅਧਿਕ ਕੌਸੁਭ[11] ਮਣਿ ਛਬਿ ਪਾਵਾ। ਕੰਬੁ[12] ਗ੍ਰੀਵ ਤ੍ਰੈ ਰੇਖ ਬਿਰਾਜਤਿ। ਬਦਨ ਬਿਲੋਕਿ ਚੰਦ੍ਰਮਾ ਲਾਜਤਿ॥੫੩॥ ਚਿਬੁਕ[13] ਚਾਰੁ,ਮੁਸਕਾਨ ਕਪੋਲਾ[14]।ਹਾਸ ਮ੍ਰਿਦੁਲ ਛਬਿ ਹੋਤਿ ਅਮੋਲਾ। ਚਮਕ ਦਸਨ ਕੀ ਰੁਚਿਰ ਬਿਰਾਜੀ। ਸੰਪਟ ਬਿੱਦ੍ਰਮ ਹੀਰਨ ਰਾਜੀ[15] ॥ ੫੪ ॥ ਉਨਤ[16] ਨਾਸਕਾ, ਕਾਨਨ[17] ਕੁੰਡਲ। ਸ਼ੋਭਾ ਸੁਖਦਾ ਅਤਿ ਸੁਖ ਮੰਡਲ। ਮਨਹੁ ਕਮਲ ਦਲ ਸੁੰਦਰ ਲੋਚਨ। ਕ੍ਰਿਪਾ ਭਰੀ ਚਿਤਵਨ ਦੁਖ ਮੋਚਨ॥੫੫॥ਧਨੁਖਭ੍ਰਿਕੁਟੀ ਮਸਤਕ ਚਾਰੂ। ਸਿਰ ਕਰੀਟ[18] ਜਿਹ ਪ੍ਰਭਾ[19] ਅਪਾਰੂ। ਸ਼੍ਯਾਮ ਬਰਨ[20], ਜਲਧਰ[21] ਕੀ ਨਜਾਈਂ। ਬਸਨ ਪੀਤ ਜਨ ਛਟਾ[22] ਸੁਹਾਈ॥੫੬॥ਅਪਨੋ ਪਲਟ ਸਰੂਪ† ਕ੍ਰਿਪਾਲਾ।ਚਢੇ ਬਿਵਾਨ ਊਪਰ ਤਤਕਾਲਾ। ਤਿਹ ਛਿਨ ਦੋਨੋ ਸੁਤ ਚਲਿ ਆਏ।ਸੁਨਤਿ ਰੌਰ ਹਿਰਦੇ ਬਿਸ-

---

[1]ਲਾਲ ਕੰਵਲਾਂ ਵਰਗੇ ਚਰਨ। [2]ਮਣੀਆਂ ਖਚਤ ਝਾਂਜਰ। [3]ਤੜਾਗੀ। [4]ਪੇਟ ਤੇ ਤਿੰਨ ਵਲ ਸ਼ੋਭਾ ਵਧਾਉਂਦੇ ਹਨ। [5]ਜਮਨਾ ਦੇ ਘੁੰਮਣ ਘੇਰ ਵਤ ਨਾਭੀ ਹੈ। [6]ਗਹਿਣਿਆਂ ਦੀ ਸ਼ੋਭਾ। [7]ਜੜੇ ਹੋਏ। [8]ਬੈਲ। [9]ਮੋਢੇ। [10]ਛਾਤੀ ਚੌੜੀ (ਉੱਪਰ) ਬਜੰਤੀ ਮਾਲਾ। [11]ਇਕ ਮਣੀ ਜੋ ਸਮੁੰਦਰ ਮਥਨ ਤੋਂ ਮਿਲੀ ਤੇ ਵਿਸ਼ਨੂੰ ਜੀ ਛਾਤੀ ਤੇ ਪਹਿਨਦੇ ਹਨ [ਸੰਸ:, ਕੌਸ੍ਤੁਭ]। [12]ਸੰਖ। [13]ਠੋਡੀ। [14]ਗੱਲ੍ਹਾਂ। [15]ਦੰਦ (ਮਾਨੋਂ) ਗੁਲੀਆਂ ਦੇ ਡੱਬੇ ਵਿਚ ਹੀਰੇ ਚਮਕਦੇ ਹਨ। [16]ਉੱਚੀਆਂ। [17]ਕੰਨਾਂ ਵਿਚ। [18]ਮੁਕਟ। [19]ਸ਼ੋਭਾ। [20]ਸਾਂਵਲਾ ਰੰਗ। [21]ਬੱਦਲ। [22]ਬਸਤ੍ਰ ਪੀਲੇ ਮਾਨੋ ਬਿਜਲੀ। *ਪਾ:—ਉਦਰ ਤ੍ਰੈਵਲੀ।

†ਇਹ ਸਾਰਾ ਰੂਪਕ ਵਿਸ਼ਨੂੰ ਯਾ ਮਹਾਂ ਵਿਸ਼ਨੂੰ ਦਾ ਵਰਣਨ ਕੀਤਾ ਹੈ। ਪਰਮੇਸ਼ੁਰ ਨੂੰ ਜਦੋਂ ਜਗਤ ਦਾ ਮਾਲਕ ਪਾਲਕ ਵਰਣਨ ਕਰਦੇ ਹਨ ਤਾਂ ਹਿੰਦੂ ਖਿਆਲ ਨੇ ਉਸ ਨੂੰ ਏ ਰੂਪ ਦਿੱਤੇ ਹਨ। ਜਿਸ ਨੂੰ ਨਿਰਾਕਾਰ ਬ੍ਰਹਮ ਤੋਂ ਹੇਠਾਂ ਉਸ ਨਾਲ ਅਭੇਦ ਬੀ ਤੇ ਸ੍ਰਿਸ਼ਟੀ ਦਾ ਪਰਬੰਧ ਕਰਤਾ ਬੀ ਇਕ ਵੱਖਰੀ ਵਜਕਤੀ ਵਾਲਾ

(ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

ਮਾਏ॥੫੭॥ ਭੀਰ ਅਧਿਕ ਜਾਵਨ ਮਗ ਨਾਂਹੀ। ਦੁਸ਼ਤਰ ਹ੍ਵੈ ਪਹੁੰਚੇ ਪ੍ਰਭੁ ਪਾਂਹੀ॥ਦੇਖਿ ਸੁਲਖਣੀ ਸੁਤ ਸੌਂ ਭਾਖੀ।"ਪੂਰਬ ਕਿਉਂ ਨ ਅਏ ਅਸਕਾਂਖੀ? ॥੫੮॥ਰਹੇ ਬੁਲਾਇ ਪਠੇ ਦ੍ਵੈ ਬਾਰੀ। ਆਏ ਨਹੀਂ ਨ ਨੀਕ ਬਿਚਾਰੀ। ਪੀਛੇ ਆਇ,ਰਹੋ ਪਛੁਤਾਈ। ਅਬਿ ਤੌ ਗਏ ਸਮਾਇ ਗੁਸਾਈ"॥੫੯॥ਸਿਰੀਚੰਦ ਸੁਨਿ ਲਖਮੀਦਾਸ। ਬਿਸਮੈਂ ਹ੍ਵੈ ਭਏ ਦਰਸ ਨਿਰਾਸ। ਅਪਨੋ ਦੋਸ਼ ਜਾਨਿ ਪਛੁਤਾਏ। ਕਵਿ ਸੰਤੋਖ ਸਿੰਘ ਸ਼ਰਧਾ ਪਾਏ ॥ ੬੦ ॥ ਇਤਿ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸਮਾਵਨ ਕੋ ਪ੍ਰਸੰਗ' ਬਰਨਨੰ ਨਾਮ ਖਸ਼ਟ ਪੰਚਾਸਮੋਂ ਅਧਯਾਯ ॥ ੫੬ ॥

---

¹ਬੜੀ ਔਖਿਆਈ ਨਾਲ।

*(ਪਿਛਲੇ ਪੰਨੇ ਦੀ ਬਾਕੀ ਟੂਕ)

ਮੰਨਿਆ ਹੈ, ਉਸ ਨੂੰ ਈਸ਼ਵਰ ਆਦਿ ਕਹਿ ਲਿਆ, ਯਾ ਭਗਤਾਂ ਨੇ ਉਸੇ ਤਰ੍ਹਾਂ ਦੇ ਇਕ ਵਜੂਦ ਦਾ ਨਾਮ 'ਵਿਸ਼ਨੂੰ' ਧਰਿਆ ਹੈ। ਇਹੋ ਦਰਜਾ ਸ਼ਿਵ ਤੇ ਭਵਾਨੀ ਨੂੰ ਦਿੱਤਾ ਜਾਂਦਾ ਹੈ। ਅਸਲ ਵਿਚ ਹਿੰਦੂ ਫਿਲਾਸਫਰਾਂ ਨੇ ਜਦ ਨਿਰਾਕਾਰ ਨੂੰ ਕਰਤਾ ਤੇ ਕਾਦਰ ਕਹਿਣੋਂ ਸੰਕੋਚ ਖਾਧਾ ਕਿ ਇਸ ਤਰ੍ਹਾਂ ਉਹ ਵਿਕਾਰ ਵਾਲਾ ਹੋ ਜਾਏਗਾ ਤਾਂ ਵਿਚਕਾਰੇ ਏਹ ਸਾਕਾਰ ਮੂਰਤੀ (Personal God) ਮਿਥਕੇ ਕੰਮ ਟੋਰਲਿਆ ਵਾਂਙੂ ਜਾਪਦਾ ਹੈ। ਭਗਤੀ ਪੱਖ ਵਾਲਿਆਂ ਨੇ ਮੁਰਸ਼ਿਦ (ਗੁਰਮੁਖ) ਤੋਂ ਉਪਰ ਧਿਆਨ ਲਈ ਇਕ ਸੂਖਮ ਮੂਰਤੀ ਸਗੁਣ ਬ੍ਰਹਮ ਦੀ 'ਵਿਸ਼ਨੂੰ' ਕਲਪ ਲਈ, ਇਹ ਸਾਰੇ ਤਰਲੇ ਹਨ ਪਰਮਾਤਮਾ ਦੀ ਨਿਰਵਿਕਾਰਤਾ ਤੇ ਫੇਰ ਉਸ ਦੇ ਮਾਲਕ, ਪਾਲਕ ਤੇ ਸਰਬ ਸੁੰਦਰਤਾਈਆਂ ਦੇ ਸੋਮੇ ਹੋਣ ਨੂੰ ਇਸ ਨਿਕੀ ਜਿਹੀ—ਹਦ ਬੰਦੀ ਵਾਲੀ—ਅਕਲ ਨਾਲ ਸਮਝਣ ਦੀਆਂ। ਪਰ ਸਤਿਗੁਰੂ ਜੀ ਨੇ ਉਸੇ ਅਕਾਲ ਪੁਰਖ ਨੂੰ 'ਕੁਦਰਤਿ ਵਸਿਆ' ਦਸਿਆ ਹੈ, ਉਸੇ ਨੂੰ ਨਿਰੰਕਾਰ ਕਿਹਾ ਹੈ, ਉਸੇ ਨੂੰ 'ਪਾਕੀ ਨਾਈ ਪਾਕੁ' ਕਿਹਾ ਹੈ, ਉਸੇ ਨੂੰ 'ਕਾਦਿਰ ਕਰਤਾ' ਕਿਹਾ ਹੈ। ਇਸ ਦਾ ਭੇਤ, 'ਹੁਕਮੁ ਨ ਕਹਿਆ ਜਾਈ' ਵਿਚ ਦਸਿਆ ਹੈ। ਅਰਥਾਤ ਜਿਵੇਂ ਅਕਾਲ ਪੁਰਖ ਆਪ ਅਗੰਮ ਤੇ ਅਲੱਖ ਤੇ ਅਕੱਥ ਹੈ, ਉਸ ਦਾ ਹੁਕਮ ਬੀ ਉਸੇ ਤਰ੍ਹਾਂ ਅਕੱਥ, ਅਗੰਮ ਤੇ ਅਲੱਖ ਹੈ। ਅਸੀਂ ਜਦ ਉਸ ਨੂੰ ਕਰਤਾ ਮੰਨਕੇ ਵਿਕਾਰੀ ਕਹਿੰਦੇ ਹਾਂ ਤਾਂ ਆਪਣੇ ਕਰਤਾਪਨ ਨੂੰ ਉਸ ਪਾਰਬ੍ਰਹਮ ਦੇਸ਼ ਕਾਲ ਪਾਰ, ਅਕਹਿ ਵਿਚ ਜਾ ਕਲਪਦੇ ਹਾਂ। 'ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ'। ਦੇਖੋ ਉੱਤਰਾਰਧ ਅਧਯਾਯ ੫੩ ਅੰਕ ੭੨ ਦੀ ਹੇਠਲੀ ਟੂਕ।

ਕਵਿ ਜੀ ਸੰਸਕ੍ਰਿਤ ਵਿੱਦਯਾ ਤੇ ਸਰਲਤਾ ਦੇ ਜਾਣੂ ਸਨ, ਇਸ ਕਰਕੇ ਉਨ੍ਹਾਂ ਨੇ ਸਤਿਗੁਰੂ ਦੀ ਮਹਾਨਤਾ, ਆਤਮ ਪ੍ਰਬਲਤਾ, ਰੂਹਾਨੀ ਜੋਸ਼, ਉਚੇ ਤੋਂ ਉਚੇ ਵਰਣਨ ਕਰਦਿਆਂ ਉਸੇ ਸ਼ੈਲੀ ਤੇ ਉਸੇ ਖਿਆਲ ਮੰਡਲ ਦੇ ਖਿਆਲ ਤਸਵੀਰਾਂ ਵਿਚ ਅੰਕਿਤ ਕਰਨੇ ਸਨ ਜਿਸ ਦੇ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLibrary NamdhariElibrary@gmail.com

੫੭ [ਗੁਰ ਸ਼ਬਦ ਮੰਗਲ। ਵਾਹਿਗੁਰੂ ਸਤੋਤਰ। ਜੋਤੀ ਜੋਤ ਸਮਾਵਣਾ]

ਦੋਹਰਾ ॥ ਦੀਪਕ ਸਤਿਗੁਰ ਸ਼ਬਦ ਕਰਿ ਸਦਨ ਰਿਦੇ ਮਹਿਂ ਬਾਰ।
ਤਮ ਅਗਯਾਨ ਨਿਵਾਰਿ ਕੈ ਸਾਰ ਅਸਾਰ ਬਿਚਾਰਿ॥ ੧ ॥

[ਸਦਨ=ਘਰ। ਬਾਰ=ਬਾਲ, ਜਗਾ। ਨਿਵਾਰਿ ਕੈ=ਦੂਰ ਕਰਕੇ।
ਸਾਰ=ਤੱਤ੍ਵ। ਅਸਾਰ=ਤੱਤ੍ਵ ਤੋਂ ਖਾਲੀ। ਇਹ ਵਿਚਾਰ ਕਰ ਕਿ ਕਿਹੜੀ ਗਲ ਕੀਮਤੀ ਹੈ, ਕਿਹੜੀ ਤੁੱਛ ਹੈ, ਕਿਹੜੀ ਰਹਿਣ ਵਾਲੀ ਕਿਹੜੀ ਨਾ ਰਹਿਣ ਵਾਲੀ ਹੈ, ਅਸੱਤ ਕਿਹੜੀ ਹੈ ਤੇ ਸੱਤ ਕਿਹੜੀ ਹੈ।]

ਅਰਥ—ਸਤਿਗੁਰੂ ਦੇ ਸ਼ਬਦ ਨੂੰ ਦੀਵਾ ਬਣਾਕੇ ਹਿਰਦੇ (ਰੂਪੀ) ਘਰ ਵਿਖੇ ਬਾਲ। ਅੱਗਯਾਨ (ਰੂਪੀ) ਹਨੇਰੇ ਨੂੰ (ਇਸ ਦੇ ਚਾਨਣੇ ਨਾਲ) ਦੂਰ ਕਰਕੇ ਸਾਰ ਤੇ ਅਸਾਰ ਦੀ ਵਿਚਾਰ ਕਰ।

ਚੌਪਈ ॥ ਸਿਰੀਚੰਦ ਤਬਿ ਲਖਮੀ ਦਾਸ। ਪਿਤ ਆਗੈ ਕੀਨੀ ਅਰਦਾਸਿ।
ਹਾਥ ਬੰਦਿ ਦੋਨੋ ਹ੍ਵੈ ਠਾਂਢੇ।ਹਿਰਦੇ ਮਹਿਂ ਸ਼ਰਧਾ ਅਤਿ ਬਾਢੇ॥੨॥'ਹੇ ਜਗ-
ਤੇਸ਼ ਸਰਬ ਸੁਖਦਾਨੀ!। ਹੇ ਸਰਬੱਗ੍ਯ ਸਰਬ ਗੁਨਖਾਨੀ!। ਸਭਿ ਬਿਧਿ

[ਪਿਛਲੇ ਪੰਨੇ ਦੀ ਬਾਕੀ ਟੂਕ]

ਓਹ ਬਹੁਤੇ ਜਾਦੂ ਸਨ। ਵਿਸ਼ਨੂੰ ਇਕ ਵੇਦਾਂ ਦੇ ਸਮੇਂ ਦਾ ਦੇਵਤਾ ਹੈ, ਇਹ ਸਮਝਣਾ ਕਿ ਗੁਰੂ ਜੀ ਓਹ ਸਨ, ਭੁੱਲ ਹੈ। ਐਸੇ ਸੰਸੇ ਤੇ ਭ੍ਰਮ ਅਯੋਗ ਤੇ ਅਵਿਦ੍ਯਾ ਸੂਚਕ ਹਨ, ਐਸੇ ਦੇਵਤਾ ਪੂਸਤੀ ਦੇ ਖਿਆਲਾਂ ਪਰ ਤਾਂ ਆਪ ਗੁਰੂ ਜੀ ਨੇ ਕਿਹਾ ਹੈ 'ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥' ਪਿਛੇ ਆਪ ਕਵਿ ਜੀ ਵਿਸ਼ਨੂੰ ਬਾਬਤ ਕਹਿ ਆਏ ਹਨ:— (ਵੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅਧ੍ਯਾਯ ੫੬, ਅੰਕ ੧੬,) 'ਹਰੀ ਬਿਸ਼ਨੁ ਜਿਹ ਜਗਤ ਅਲਾਇ। ਹਰੀ ਹਰਿਤ੍ਵਤਾ ਤਿਹ ਕੋ ਜਾਇ।' ਸੋ ਮੁਰਾਦ ਕੇਵਲ ਇਹ ਲੇਣੀ ਚਾਹੀਏ ਜੋ ਕਵਿ ਜੀ ਨੇ ਪਹਿਲੇ ਅਧ੍ਯਾਯ ਦੇ ਅੰਕ ੫ ਵਿਚ ਕਿਹਾ ਹੈ ਕਿ 'ਸਭ ਤੇਂ ਵਡਾ ਸਤਿਗੁਰ ਨਾਨਕ' ਹੈ। ਅਰਥਾਤ ਗੁਰੂ ਜੀ ਪੁਰਸ਼ੋਤਮਾਂ (ਜਗਤ ਵਿਚ ਆਏ ਮਹਾਂ ਪੁਰਖਾਂ ਤੋਂ) ਪਰਮ (ਸ੍ਰੇਸ਼ਟ) ਹਨ ਤੇ (ਪਰਾਵਰਾਂ) ਅਵ੍ਯਕਤ ਮਹਾਂ ਪੁਰਖਾਂ ਦੇ ਨਾਥ ਹਨ। ਸੋ ਕਵਿ ਜੀ ਕਿਸੇ ਰੂਪਕ ਵਿਚ ਗੁਰੂ ਜੀ ਨੂੰ ਬੰਨ੍ਹ ਦੇਣ, ਉਹਨਾਂ ਦੀ ਮੁਰਾਦ ਕੇਵਲ ਇਹ ਜਾਪਦੀ ਹੈ, ਕਿ ਮੇਰੇ ਇਸ਼ਟ ਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਤੋਂ ਉਚੇ, ਸੁੱਚੇ, ਸੁਹਣੇ ਤੇ ਵਡੇ ਹਨ। ਜੋ ਲੋਕ ਗੁਰੂ ਨਾਨਕ ਦੇਵ ਜੀ ਨੂੰ ਮਾਮੂਲੀ ਇਨਸਾਨ ਯਾ ਇਨਸਾਨ ਤੋਂ ਕਰਮ ਕਰਕੇ ਉਚੇ ਥੀਏ ਆਖਦੇ ਹਨ, ਉਨ੍ਹਾਂ ਨੂੰ ਕਵਿ ਜੀ ਅਜਾਣ ਕਹਿੰਦੇ ਹਨ। ਓਹ ਸਤਿਗੁਰੂ ਨੂੰ ਗੁਰੂ ਅਰਜਨ ਦੇਵ ਜੀ ਦੇ ਵਾਕ ਅਨੁਸਾਰ 'ਗੁਰ ਨਾਨਕ ਦੇਵ ਗੋਵਿੰਦ ਰੂਪ' ਮੰਨਦੇ ਹਨ ਤੇ ਸਾਰੇ ਰੁਪਕਾਂ ਤੋਂ ਇਹੀ ਮੁਰਾਦ ਜਤਾਉਂਦੇ ਹਨ। ਇਸੇ ਅਧ੍ਯਾਯ ਦੇ ਅੰਕ ੫੭.੫੮ ਵਿਚ ਦੇਵਤੇ ਪਿਛੇ ਰਹਿ ਗਏ ਤੇ ਗੁਰੂ ਜੀ ਸਚਖੰਡ ਗਏ ਦੱਸੇ ਹਨ। 'ਸਚਖੰਡਿ ਵਸੈ ਨਿਰੰਕਾਰੁ' ॥

Sri Satguru Jagjit Singh Ji eLibrary NamdhariElibrary@gmail.com

ਪੂਰਨ ਹੋ ਸਮਰੱਥਾ। ਰਾਉਰ ਕੇ ਗੁਨ ਅਹੈਂ ਅਕੱਥਾ ॥੩॥ ਅਪਰ ਨਰਨ ਸੇ ਤੁਮਕੋ ਮਾਨਤਿ[1]।–ਜਗ ਕਰਤਾ[2]–ਇਹ ਭੇਦ ਨ ਜਾਨਤਿ।ਅਬੈ ਪ੍ਰਤੀਤ ਤੁਮਾਰੀ ਆਈ। ਤ੍ਰੈਲੋਕੀਪਤਿ ਸ਼ੰਕ ਨ ਰਾਈ ॥ ੪ ॥ ਬਿਨਾ ਮਿਲੇ ਅਬਿ ਆਪ ਸਮਾਏ। ਹਮ ਰਹਿਗੇ ਹਿਰਦੇ ਪਛੁਤਾਏ। ਅਬੈ ਬਧੀ ਅਭਿਲਾਖ ਬਿਸਾਲਾ। ਦਰਸ ਆਪਕਾ ਕਰਨ ਕ੍ਰਿਪਾਲਾ ॥ ੫॥ ਸੁਨਿਕੈ ਬਿਨੈ ਪ੍ਰਸੀਦਹੁ ਤਾਤਾ[3] !। ਛਿਮਾ ਕਰਹੁ ਭੂਲੇ ਪਸ਼ਚਾਤਾ। ਤੁਮਕੋ ਸ੍ਰੀ ਕਰਤਾਰ ਦੁਹਾਈ। ਬੋਲੇਂ ਮਿਲੇ ਬਿਨਾ ਜੇ ਜਾਈ ॥੬॥ ਪੂਰਬ ਜਿਉਂ, ਦ੍ਵੈ ਘਟਿਕਾ ਔਰੀ[4]। ਹਮ ਸੋਂ ਬੋਲਹੁ ਮਿਲਹੁ ਬਹੋਰੀ'। ਅਸ ਅਰਦਾਸ ਕੀਨਿ ਜਬਿ ਦੋਈ।ਚਹੁੰ ਦਿਸ਼ ਭੀਰ ਅਧਿਕ ਤਬਿ ਹੋਈ ॥੭॥ ਅਹੈ ਸੁਲਖਨੀ ਚਰਨਨ ਪਾਸੂ। ਲੋਚਨ ਤੇ ਗੇਰਤਿ ਬਹੁ ਆਂਸੂ। ਭੂਪਤਿ,ਸ਼ਾਹਿ, ਬਿੱਪ੍ਰ,ਸਿਖ ਬ੍ਰਿੰਦਾ। 'ਸੱਤਿਨਾਮ' ਸਿਮਰੈਂ ਸੁਖਕੰਦਾ ॥ ੮ ॥ ਠਾਂਢੇ ਬੰਦੇ ਹਾਥ ਸਮੀਪਾ। ਸੁਨੀ ਬਿਨੈ ਬੇਦੀ ਕੁਲਦੀਪਾ।ਤਾਤਨ ਸੋਂ ਬੋਲਨ ਕੇ ਕਾਰਨ । ਉਠਿ ਬੈਠੇ ਤਬਿ ਨਰਕ ਨਿਵਾਰਨ ॥ ੯ ॥ ਅਰੁਨ[5] ਪ੍ਰਫੁੱਲਤ ਕਮਲ ਬਿਸਾਲਾ। ਬਦਨ ਸੁਹਾਵਤਿ ਅਸ ਤਿਹ ਕਾਲਾ। ਦੇਖਿ ਅਚੰਭ ਭੁਏ ਨਰ ਨਾਰੀ। ਚਹੁੰਦਿਸ਼ 'ਜੈ ਜੈ ਕਾਰ'ਉਚਾਰੀ ॥੧੦॥ਠਾਂਢੇ ਦ੍ਵੈ ਤਾਤਨ[6] ਕੋ ਦੇਖਾ। ਬੋਲੇ ਗੁਰ ਕਰਿ ਕ੍ਰਿਪਾ ਬਿਸ਼ੇਖਾ। 'ਜਾਚਤਿ ਜੋ ਜੀਵਨ ਬਹੁ ਮੇਰ।ਸੋ ਪਾਵਤਿ ਅਬਿ ਹੁਤੀ ਨ ਦੇਰਾ ॥੧੧॥ ਦ੍ਵੈ ਘਟਿਕਾ ਜਾਚੀ[7] ਤੁਮ ਜੋਈ। ਨਹਿ ਅਧੀਨ ਤੁਮਰੇ ਕਛੁ ਸੋਈ। ਨਿਰੰਕਾਰ ਭਾਵੀ ਜੋ ਆਹੀ। ਸੋਈ ਹੋਤਿ ਮਿਟੈ ਕਬਿ ਨਾਂਹੀ ॥੧੨॥ ਅਬਿ ਜੋ ਹੈ ਤੁਮਰੇ ਮਨ ਮਾਂਹੀ। ਕਰਉ ਪ੍ਰਤੱਖ ਹਮਾਰੇ ਪਾਹੀ। ਪੂਰਬ ਰਹੇ ਬੁਲਾਇ ਨ ਆਏ । ਕਰੀ ਬਾਤ ਆਪਨ ਮਨ ਭਾਏ' ॥ ੧੩ ॥ ਤਿਹ ਛਿਨ ਸਿਰੀਚੰਦ ਕਰ ਬੰਦੇ। ਬੋਲਯੋ ਬਚਨ'ਸੁਨਹੁ ਸੁਖਕੰਦੇ ! ਤੁਮ ਅੰਤਰਜਾਮੀ ਸਭਿ ਜਾਨਹੁ। ਬਿਨਾ ਕਹੇ ਤੇ ਭੇਦ ਪਛਾਨਹੁ ॥ ੧੪ ॥ ਪੂਛਹੁ ਤੱਦਪਿ ਕਰਹੁੰ ਉਚਾਰੀ। ਪਿਤਾ ਵਸਤੁ ਕੇ ਸੁਤ ਅਧਿਕਾਰੀ[8]। ਹਮ ਕੋ ਛੂਛਾ ਛੋਰਿ ਪਯਾਨੇ। ਥਾਪਯੋ ਲਹਿਣਾ ਅਪਨ ਸਥਾਨੇ ॥ ੧੫ ॥ ਕਲਾ ਬਿਸਾਲਹਿ ਤੇ ਤਜਿ ਖਾਲੀ[9]। ਕਰੀ ਆਪ ਅਸਮੰਜਸ[10] ਚਾਲੀ। ਦਈ ਅਪਰ ਕੋ ਸਰਬ

[1](ਅਸੀਂ)ਤੁਹਾਨੂੰ ਹੋਰਨਾਂ ਮਨੁਖਾਂ ਵਰਗਾ ਮੰਨਦੇ ਸੀ। [2]ਤੁਸੀਂ ਜਗਤ ਦੇ ਕਰਤਾਰ ਹੋ। [3]ਪ੍ਰਸੰਨ ਹੋਵੋ ਹੇ ਪਿਤਾ ਜੀਓ ! [4]ਪਹਿਲੇ ਵਤ ਦੋ ਘੜੀਆਂ ਹੋਰ। [5]ਲਾਲ। [6]ਪੁੱਤ੍ਰਾਂ। [7]ਦੋ ਘੜੀਆਂ ਮੰਗੀਆਂ। [8]ਪੁੱਤ੍ਰ ਹੱਕਦਾਰ (ਹੁੰਦੇ ਹਨ)। [9](ਸਾਨੂੰ) ਖਾਲੀ ਛਡਦੇ। [10]ਅਯੋਗ।

Sri Satguru Jagjit Singh Ji eLibrary NamdhariElibrary@gmail.com

ਬਡਾਈ। ਤੁਮਰੇ ਸੁਤ ਕਹਾ ਜਗ ਮਹਿਂ ਪਾਈ¹*?' ॥੧੬॥ ਦੋਹਰਾ॥ ਬਚਨ ਸੁਨੇ ਨਿਜ ਸੁਤਨ ਕੇ ਸ੍ਰੀ ਨਾਨਕ ਗਤਿ ਦਾਇ। ਸਭਿ ਕੋ ਸੁਨਤਿ ਸ਼ਲੋਕ ਇਕ ਉਚਰਨੋ ਬਦਨ² ਬਨਾਇ ॥੧੭॥ ਮਃ ੧ ॥

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥ ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥ ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ ੨ ॥

ਚੌਪਈ ॥ 'ਮਨਕੀ ਮੱਤਿ ਕਰਹਿ ਜੋ ਕੋਈ। ਏਕ ਸਿਧਿ ਨਹਿ ਕੈਸੇ ਹੋਈ। ਬਿਨਾ ਆਪਨੇ ਕਰਮ† ਬਡਾਈ। ਕਿਨਹੂੰ ਪਾਈ ਖਬਰ ਨ ਰਾਈ ॥੧੮॥ ਸ੍ਰੀ ਕਰਤਾਰ ਭਾਵਈ ਜੋਈ। ਹੋਤਿ ਪ੍ਰਤੱਖ ਬਾਤ ਹੈ ਸੋਈ।ਲੇਨਿਦੇਨਿ ਸਭਿ ਤਾਂਹਿ ਅਧੀਨਾ। ਔਰ ਨ ਕਿਸਹੂੰ ਕੇ ਕਰ ਕੀਨਾ' ॥ ੧੯॥ ਸੁਨਿ ਕੈ ਸੁਤ ਦੋਨੋ ਮੁਰਝਾਨੇ।ਹ੍ਵੈ ਅਧੀਨ ਪੁਨ ਬਚਨ ਬਖਾਨੇ।'ਨਹੀਂ ਹਮਾਰੇ ਚਾਰੇ ਕੋਊ। ਜਿਉਂ ਭਾਵੈ ਤਿਉਂ ਕਰੀਏ ਸੋਊ॥੨੦॥ ਜਗ ਮਹਿ ਮਨਤਾ ਹ੍ਵੈ ਨ ਹਮਾਰੀ। ਕੋਇ ਨ ਦੇਵਹਿ ਭੇਟ ਅਗਾਰੀ। ਨਾਮ ਲਾਜ ਤੁਮਹੀ ਕੋ ਸਾਰੀ'। ਇਉਂ ਕਹਿ ਮੁਖਤੇ ਦੂਸ਼ਨ ਧਾਰੀ ॥੨੧॥ ਗੁਨਖਾਨੀ ਸੁਨਿ ਕਰੁਨਾ ਠਾਨੀ³।ਬੋਲੇ ਸੁਤਨ ਸੰਗ ਪੁਨ ਬਾਨੀ।'ਰਿੱਧਿ ਸਿੱਧਿ ਸਭਿ ਹੈ ਕੁਲ ਮਾਂਹੀ। ਪਟ,ਧਨ, ਧਾਮ, ਤੋਟ ਕਬਿ ਨਾਂਹੀ ॥੨੨॥ ਗੁਰੂ ਪੀਰ ਕੇ ਜੇ ਹੈਂ ਸ੍ਵਾਨਾ⁴। ਤਿਨ ਕੋ ਮਾਨਹਿਂ ਜਗਤ ਮਹਾਨਾ। ਤੁਮ ਤੋ ਤਾਤ ਭਏ ਮੁਝ ਤਨ ਤੇ।ਭੇਟਾ ਕਿਉਂ ਨ ਦੇਹਿ ਹਿਤ ਮਨ ਤੇ ॥੨੩॥ ਕਰਾਮਾਤ ਹੈ ਹੈ ਤੁਮ ਮਾਂਹੀ। ਸਿੱਖ ਹਮਾਰੇ ਸਰਬ ਪੁਜਾਹੀਂ‡। ਜਗਤ ਬਿਰਾਸਤੁ ਸਭਿ ਤੇ ਊਚੇ। ਤੁਮਰੀ ਸਮਤਾ ਕੋ

¹ਕੀਹ ਪ੍ਰਾਪਤ ਕਰਨਗੇ। ²ਮੁਖੋਂ। ³ਕ੍ਰਿਪਾ ਕੀਤੀ। ⁴ਗੁਰੂ ਪੀਰਾਂ ਦੇ ਜੋ ਕੁੱਤੇ ਹੁੰਦੇ ਹਨ।

*ਪਾਃ-ਹਮ ਸੁਤ ਕਿਆ ਕਿਹ ਜਗ ਮਹਿ ਪਾਈਂ।

†ਏਥੇ ਕਰਮ ਦਾ ਭਾਵ 'ਮੇਹਰ'ਹੈ, ਕ੍ਰਿਯਾ ਯਾ ਐਅਮਲ ਨਹੀਂ ਹੈ। ਗੁਰੂ ਜੀਨੇ ਉਪਰਲੇ ਸਲੋਕ ਵਿਚ ਇਹੋ ਤਾਂ ਭੇਤ ਦੱਸਿਆ ਹੈ ਕਿ ਲਹਿਣਾ ਜੀ ਧੁਰੋਂ 'ਮੇਹਰ' ਲੈਕੇ ਆਏ ਹਨ। ਇਸ ਦੇ ਸਾਹਮਣੇ ਨੇਕੀਆਂ ਤਪ, ਗੁਣ ਕੁਛ ਮੁੱਲ ਨਹੀਂ ਰਖਦੇ, ਭਾਵ ਏਹ ਕਿ ਓਹ ਧੁਰੋਂ ਇਸ ਪਦਵੀ ਦੀ ਕਮਾਲਤਾ,ਪ੍ਰਬੀਨਤਾ, ਯੋਗਤਾ, ਅਲ੍ਹਹੀਅਤ ਲੈਕੇ ਆਏ ਹਨ। ਤੁਸੀਂ ਕੇਵਲ ਜਤਨ ਕਰਨਹਾਰੇ ਹੋ, ਕਰਤਾਰ ਦੀ ਆਗਿਆ ਮੂਜਬ ਸ੍ਰੀ ਲਹਿਣਾ ਜੀ ਨੇ ਗੱਦੀ ਪਾਈ ਹੈ।

‡ਇਹ ਖਿਆਲ ਸਤਿਗੁਰ ਜੀ ਦੇ ਡੂੰਘੇ ਖਿਆਲ ਨਾਲ ਨਹੀਂ ਮਿਲਦੇ। 'ਗੁਰਿਆਈ' ਜਗਤ ਤੇ ਤਾਰਨ ਲਈ ਇਕ ਦਾਤਾ ਪਦ ਹੈ, ਨਾ ਕਿ ਕੇਵਲ ਭੇਟਾ ਲੈਣ ਲਈ। ਐਸੇ ਖਯਾਲ ਪੁੱਤ੍ਰਾਂ ਨੂੰ ਹਾਂ ਹੋ ਸਕਦੇ ਹਨ, ਪਰ ਸਹਿ

(ਬਾਕੀ ਨੋਟ ਅਗਲੇ ਪੰਨੇ ਦੇ ਹੇਠ

Sri Satguru Jagjit Singh Ji eLibrary NamdhariElibrary@gmail.com

ਨ ਪਹੂੰਚੇ ॥੨੪॥ ਸੁਨਹੁ, ਪਰੰਤੁ ਜੁ ਸ਼ਬਦ ਬਡਾਈ। ਸੋ ਅੰਗਦ ਨੈ ਨੀਕੇ ਪਾਈ। ਰਿਦੇ ਬਿਚਾਰਿ ਲੇਹੁ ਤੁਮ ਦੇਖੀ। ਜਿਉਂ ਲੀਨੀ ਕਿਧ ਘਾਲ ਵਿਸ਼ੇਖੀ[੧] ॥੨੫॥ ਨਿਰਹੰਕਾਰ ਰਹ੍ਯੋ ਅਨੁਸਾਰੀ। ਰਿਦੇ ਸਦੀਵ ਸੇਵ ਜਿਸ ਪਯਾਰੀ। ਆਇਸੁ ਬਿਖੇ ਬਿਲਮ ਨਹਿੰ ਕੀਤੀ। ਸੁਧੀ ਹੁਇ ਅਥਵਾ ਬਿਪਰੀਤੀ[੨] ॥ ੨੬ ॥ ਅਵਰ ਕਹੇ ਗੁਨ ਅੰਗਦ ਕੇਰੇ। ਪੁਨ ਤੂਸ਼ਨ ਕਿਧ ਪ੍ਰਭੁ ਬਡੇਰੇ। ਦੋਇ ਘਟੀ ਦਿਯ ਦਰਸ਼ਨ ਔਰੀ। ਨਰ ਹਜ਼ਾਰ ਬੰਦਹਿੰ ਕਰ ਜੋਰੀ ॥ ੨੭ ॥ ਦੋਹਰਾ ॥ ਸ੍ਰੀ ਸਤਿਗੁਰ ਸਮਚਿਤ[੩] ਪ੍ਰਭੁ ਬੈਠੇ ਬੀਰ ਸੁਹਾਇ। ਮੁਖ ਪ੍ਰਸੰਨ ਸਮ ਚੰਦ ਕੋ ਉਡਗਨ ਸਿਖ ਸਮੁਦਾਇ॥ ੨੮ ॥ ਚੌਪਈ ॥ ਦਿਪਤ[੪] ਤੇਜ ਮੁਖ ਕਾਂਤਿ[੫] ਬਿਸਾਲੀ। ਬਾਲ ਅੰਸ਼ਮਾਲੀ ਯੁਤ ਲਾਲੀ[੬]। ਗਯਾਨ ਕਿਰਨ ਤੇ ਰਹ੍ਯੋ ਪ੍ਰਕਾਸ਼ੇ। ਸੇਵਕ ਰਿਦ ਅਰਬਿੰਦ ਬਿਕਾਸੇ ॥੨੯॥ ਭਰੇ ਕ੍ਰਿਪਾ ਰਸ ਨਯਨ ਰਸੀਲੇ। ਹਿਤ ਉਪਕਾਰ ਸੁਸ਼ੀਲ ਛਬੀਲੇ। ਸਭਿ ਦਿਸ਼ ਦੇਖਤਿ ਕਰਤਿ ਕ੍ਰਿਤਾਰਥ। ਦਰਸਹਿੰ ਬ੍ਰਿੰਦ ਪਾਇ ਪਰਮਾਰਥ ॥੩੦॥ ਤਿਸ ਖਿਨ ਬੁੱਢੇ ਦ੍ਵੈ ਕਰ ਜੋਰੇ। ਦ੍ਰਿਸ਼ਟਿ ਲਾਇ ਪਦ ਪੰਕਜ ਓਰੇ। 'ਗੁਰ ਜੀ ! ਬਚ ਸੁਨਿਬੇ[੭] ਕਹਿ ਅਰਜੀ[੮]। ਸ੍ਰੀ ਗੁਰ ਜੀ ! ਸਭਿ ਸਿੱਖਨ ਮਰਜੀ ॥੩੧॥ ਉੱਤਮ ਵਾਹਿਗੁਰੂ ਸਤਿਨਾਮ। ਉਪਦੇਸ਼੍ਯੋ ਸੰਗਤਿ ਨਰ ਬਾਮ[੯]। ਸਿਮਰਨ ਨਾਮ ਕਰਹਿ ਅਠਜਾਮ। ਪਦ ਅਭਿਰਾਮ ਦੇਤਿ ਸੁਖ ਧਾਮ॥੩੨॥ ਸ੍ਰੀ ਮੁਖ ਤੇ ਇਸ ਅਰਥ ਜਥਾਰਥ। ਸੇਵਕ ਸੁਨਹਿ ਸੁ ਹੋਹਿ ਕ੍ਰਿਤਾਰਥ। ਅੰਤ ਸਮੇਂ ਕੋ ਦਰਸ ਤੁਮਾਰਾ।ਤਥਾ ਬਚਨ ਕੋ ਅਬਹਿ ਬਿਚਾਰਾ ॥੩੩ ॥ ਯਾਂਤੇ ਸਭਿਹਿਨਿ ਕੇ ਮਨ ਚਾਹੂ। ਸੁਨਿਬੇ ਕਹੁ ਬਿਸਾਲ ਉਤਸ਼ਾਹੂ।ਕ੍ਰਿਪਾ ਕਰੋ ਸਭਿ ਪਰ ਸ੍ਰੀ ਗੁਰ ਜੀ!।ਪੁਰਹੁ ਸਰਬ ਲਾਲਸਾ ਉਰ ਜੀ'॥੩੪॥ਇਸ ਪ੍ਰਕਾਰ ਸੁਨਿਕੈ ਸ਼ੁਭ ਬਾਨੀ। ਅਰ ਸਿੱਖਨ ਮਨ ਕੀ ਗਤਿ

[੧]ਬਹੁਤੀ ਕਮਾਈ। [੨]ਉਲਟੀ। [੩]ਸਮਤਾ (ਭਰੇ) ਚਿਤ ਵਾਲੇ। [੪]ਪ੍ਰਕਾਸ਼ ਰਿਹਾ ਹੈ। [੫]ਸੁੰਦਰਤਾ। [੬]ਬਾਲ ਅਵਸਥਾ (ਭਾਵ) ਚੜ੍ਹਦੇ ਸੂਰਜ ਦੀ ਲਾਲੀ ਵਾਲੀ [ਸੰਸ:, ਅੰਸ਼ੁਮਾਲਿਨ੍=ਸੂਰਜ]। [੭]ਸੁਨਣੇ (ਲਈ)। [੮]ਕਹਿੰਦਾ ਹਾਂ ਬੇਨਤੀ। [੯]ਪੁਰਸ਼ ਇਸਤਰੀ ਨੂੰ।

[ਪਿਛਲੇ ਪੰਨੇ ਦੀ ਬਾਕੀ ਟੂਕ]

ਗੁਰਾਂ ਨੂੰ ਕਦੇ ਨਹੀਂ ਛੁਹ ਸਕਦੇ। ਉਪਰਲੇ ਸ਼ਲੋਕ ਵਿਚ ਸਤਿਗੁਰਾਂ ਨੇ ਕਾਰਣ ਆਪ ਦੱਸ ਦਿੱਤਾ ਹੈ। ਬਾਕੀ ਪੁੱਤ੍ਰਾਂ ਦੇ ਆਪਣਾ ਨਿਰਬਾਹ ਮੰਗਣ ਤੇ ਦਾਤੇ ਦਾ ਇਹ ਕਹਿ ਦੇਣਾ ਕਿ 'ਤੁਹਾਨੂੰ ਧਨ ਧਾਨ ਬਥੇਰਾ ਮਿਲੇਗਾ, ਸਤਿਕਾਰ ਬੜਾ ਹੋਵੇਗਾ ਇਸ ਦਾ ਫਿਕਰ ਨਾ ਕਰੋ' ਮਾਮੂਲੀ ਬਾਤ ਹੈ।

Sri Satguru Jagjit Singh Ji eLibrary NamdhariElibrary@gmail.com

ਜਾਨੀ।ਸਮ ਅੰਮ੍ਰਿਤ ਕੇ ਗਿਰਾ ਰਸਾਲਾ। ਕਹਿ ਸ੍ਰੀ ਨਾਨਕ ਪਰਮ ਕ੍ਰਿਪਾਲਾ ॥੩੫॥ਦੋਹਰਾ॥'ਸੱਤਿਨਾਮ ਸ੍ਰੀਵਾਹਿਗੁਰੂ ਸੁਨਹੁ ਅਰਥ ਇਸ ਕੇਰ।ਜਿਸਕੇ ਸਿਮਰਨ ਅਧਿਕ ਫਲ ਮਿਟਹਿ ਚੁਰਾਸੀ ਫੇਰ॥ ੩੬ ॥ ਸੈਯਾ ॥ ·ਗੋ-ਤਮ ਨਾਮ ਅੱਗ੍ਯਾਨ ਮਹਾਨ ਕੌ ਪਾਇ ਬੰਧਾਨ ਸਦੀਵ ਝੁਰੂ[1] । ਦੇਹਿ ਅਨੇਕ ਧਰੇ, ਜਨਮੈ, ਮ੍ਰਿਤੁ ਸੰਕਟ ਹੋਤਿ ਬਿਸ਼ਾਲ ਸ਼ੁਰੂ[2] । ਸੋ ਤਤਕਾਲ ਬਿਲੀਨ[3] ਕਰੈ ਹੁਇ ਜਾਤਿ ਪ੍ਰਕਾਸ਼ ਕਹੈਂ ਇਸ-ਰੂ[4]-। ਜੋ ਅਸਚਰਜ ਮਹਾਂ ਬਿਸਮਾ-ਵਤਿ ਤਾਂਹਿ ਕਹੋ ਮੁਖ ਵਾਹਿਗੁਰੂ[5] ॥ ੩੭ ॥ ਜੋ ਜੜ ਜਾਤ ਬਿਥਾਰ ਮਹਾਂ ਦ੍ਰਿਸ਼ਮਾਨ ਬਚਿੱਤ੍ਰ ਅਨੇਕ ਫੁਰੂ[6] । ਤਾਰ ਤਮੈ[7] ਜਨਮੈ ਬਿਨਸੈ ਜਿਸ ਆਸ੍ਰਿਤ ਭਾ ਸਤਿ ਬੀਚ ਪੁਰੂ ! । ਜੋ ਤਿਨਕੋ ਬਿਵਹਾਰ ਕਰਾਵਤਿ ਨਾਮ ਕਹੈਂ ਇਸ ਚੇਤਨ-ਰੂ-। ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ[8] ॥ ੩੮ ॥ ਜੋ ਸਭਿ ਦੇਹਿਨ ਅੰਨ ਪਚਾਵਤਿ, ਪਾਵਤ

ਵਾਹਿ—ਗੁ—ਰੂ॥ ਪਦ ਦੀ ਵਿਆਖਿਆ

[1]·ਗੋ ਨਾਮ ਹੈ ਅੰਧੇਰੇ ਦਾ, (ਤਿਸ ਤੇ) ਅੱਗ੍ਯਾਨ ਕੋ ਅਰਥ (ਦੇਖੋ ਪੂ: ਅਧ੍ਯਾਯ ੧, ਸਫਾ ੯੯ ਸਤਰ ੮), (ਇਸ) ਮਹਾਨ (ਅੱਗ੍ਯਾਨ ਦਾ) ਬੰਧਨ ਪਾਕੇ (ਜੀਵ) ਸਦਾ ਝੁਰਦਾ ਹੈ (ਕਿਉਂਕਿ ਇਸ ਅਗ੍ਯਾਨ ਨਾਲ) ਅਨੇਕ ਦੇਹਾਂ ਧਾਰਨ, ਜੰਮਣ,ਮਰਨ ਦਾ ਬਹੁਤ ਸੰਕਟ ਸ਼ੁਰੂ ਹੋ ਜਾਂਦਾ ਹੈ,[ਅਰਬੀ:— ਸ਼ੁਰੂ=ਆਰੰਭ]। [3]ਨਾਸ਼ । [4]ਇਸ—ਰੂ—(ਪਦ) ਨੂੰ ਪ੍ਰਕਾਸ਼ ਕਹੀਦਾ ਹੈ, (ਭਾਵ—ਰੂ—ਦਾ ਅਰਥ ਹੈ ਪ੍ਰਕਾਸ਼, ਇਹ ਪ੍ਰਕਾਸ਼) ਉਸ (ਅੱਗ੍ਯਾਨ ਨੂੰ) ਝਟ ਨਾਸ਼ ਕਰ ਦੇਂਦਾ ਹੈ (ਤੇ) ਪ੍ਰਕਾਸ਼ ਹੋ ਜਾਂਦਾ ਹੈ। [5]ਜੋ (—ਵਾਹਿ—ਪਦ ਹੈ, ਉਸ ਦਾ ਅਰਥ ਹੈ) ਅਸਚਰਜ (ਤੇ) ਮਹਾਨ ਬਿਸਮੈਂ ਰੂਪ, (ਸੋ ਉਸ ਮਹਾਨ ਅਸਚਰਜ ਤੇ ਬਿਸਮੇ ਰੂਪ ਹਸਤੀ ਨੂੰ ਪ੍ਰਕਾਸ਼ ਕਰ ਦੇਣ ਵਾਲਾ ਹੈ ਇਹ ਪਦ—ਵਾਹਿਗੁਰੂ,) ਤਾਂਤੇ (ਸਦਾ) ਮੂੰਹੋਂ ਕਹੋ—ਵਾਹਿਗੁਰੂ । (ਅ) ਜੋ 'ਵਾਹਿਗੁਰੂ' (ਇਸ ਮੰਤ੍ਰ ਨੂੰ) ਮੂੰਹੋਂ ਕਹਿੰਦੇ ਹਨ, ਸੋ ਅਸਚਰਜ ਬਿਸਮੈ ਰੂਪ ਨੂੰ (ਪਾਉਂਦੇ ਹਨ)। [6]ਸ਼ਾਖਾਂ [ਅਰਬੀ, ਫਰੂਅ] (ਅ) ਸਫੁਰਨ । [7]ਨਜ਼ੂਨ ਅਧਿਕ । [8](ਗੋ ਨਾਮ ਹੈ ਜੜ੍ਹ ਦਾ, ਦੇਖੋ ਪੂਰਬਾਰਧ, ਸਫਾ ੯੮, ਸਤਰ ੧੫, ਸੋ) ਉਹ ਜੜ ਜਨਮ ਦਿੰਦਾ ਹੈ ਦ੍ਰਿਸ਼ਟਮਾਨ ਰੂਪੀ ਬੜੇ ਵਿਸਥਾਰ ਨੂੰ ਜੋ ਵਚਿੱਤਰ ਹੈ ਤੇ ਅਨੇਕ ਜਿਸ ਦੀਆਂ ਸ਼ਾਖਾਂ ਹਨ, (ਭਾਵ ਨਾਨੱਤ੍ਵ ਦਾ ਜਨਕ ਜੜ੍ਹ ਹੈ), (ਉਹ ਦ੍ਰਿਸ਼ਮਾਨ) ਨਜ਼ੂਨ ਅਧਿਕ ਹੁੰਦਾ ਹੈ, ਜਨਮਦਾ ਹੈ, ਬਿਨਸਦਾ ਹੈ, ਜਿਸ ਦੇ ਆਸਰੇ (ਸਾਰਾ ਜਗਤ ਹੈ । ਪ੍ਰਸ਼ਨ ਹੁੰਦਾ ਹੈ ਕਿ ਜੜ ਆਪੇ ਕੀਕੂੰ ਫੈਲਾਉ, ਨਾਨੱਤ੍ਵ, ਜਨਮ ਮਰਨ ਵਾਲਾ ਹੋ ਗਿਆ, ਉੱਤਰ ਦਿੰਦੇ ਹਨ ਕਿ ਇਸ ਵਿਚ) ਸੱਤ (ਸਰੂਪ ਪਰਮਾਤਮਾ ਜੋ) ਪੂਰਨ ਹੈ, ਅਥਵਾ—ਭਾਸਤ ਬੀਚ ਪੁਰੂ=ਵਿਚ ਭਾਸਦਾ ਹੈ ਪੂਰਨ (ਪਰਮੇਸੁਰ), (ਉਹ ਸਤ ਸਰੂਪ ਚੇਤਨ ਹੈ ਜੋ) ਉਨ੍ਹਾਂ (ਜਗਤ ਦੇ ਜੀਵਾਂ ਦਾ) ਬਿਵਹਾਰ ਕਰਾਉਂਦਾ ਹੈ, ਰੂ—ਕਹਿੰਦੇ ਹਨ (ਕਿ) ਇਸ (ਸੱਤਾ ਸਫੁਰਤੀ ਦੇਣ ਵਾਲੇ)

Sri Satguru Jagjit Singh Ji eLibrary NamdhariElibrary@gmail.com

ਪ੍ਰਾਨ ਅਧਾਰ* ਧੁਰੂ। ਬ੍ਰਿੰਦ ਰਿਖੀਕ ਅਚੇਤਨ ਜੋ ਤਿਨਕੇ ਬਿਵਹਾਰ ਕਰੇ ਜਿ ਸ਼ੁਰੂ। ਅੰਤਰ ਜੋ ਮਤਿ ਆਦਿਕ ਹੈਂ ਜੜ,ਤੇ ਚਿਤ ਕੈ ਫੁਰਨਾ ਸੁ ਫੁਰੂ। ਜੋ ਅਸਚਰਜ ਮਹਾਂ ਬਿਸਮਾਵਤਿ ਤ੍ਰਾਂਹਿ ਕਹੋ ਮੁਖ ਵਾਹਿਗੁਰੂ[1]॥੩੯॥ਸੀਸ ਸਹੰਸ,ਅਸੀਸ;ਅਨੈਨ ਸਨੈਨ,ਸਹੰਸ੍ਰਹੀ ਰੂਪ ਧਰੂ। ਘ੍ਰਾਣ ਸਹੰਸ੍ਰ,ਅਘ੍ਰਾਣ; ਅਸ਼੍ਰੋਣ, ਸਸ਼੍ਰੋਣ ਸਹੰਸ੍ਰ ਤੇ ਸ਼੍ਰੋਣ ਕਰੂ। ਪਾਣਿ ਸਹੰਸ੍ਰ, ਅਪਾਣਿ; ਅਪਾਦ, ਸਪਾਦ ਸਹੰਸ੍ਰ; ਅਨੂਰੂ, ਉਰੂ। ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ[2] ॥੪੦॥ ਤ੍ਰਾਸਤਿ ਹੈ ਜਿਸ ਤੇ ਮ੍ਰਿਤੁ ਦੌਰਤਿ ਲੋਰਤਿ ਜੀਵਨ ਅੰਤਕਰੂ†।ਤ੍ਰਾਸ ਧਰਾਧਰ ਕੋ ਧ੍ਰਿਤ ਧਾਰਤਿ,ਤ੍ਰਾਸਤਿ ਪੌਨਤ੍ਰਿਲੋਕ ਤੁਰੂ। ਤ੍ਰਾਸ ਧਰੇ ਨਭ ਸੂਰਜ ਗੌਨ ਪ੍ਰਕਾਸ਼ਤਿ ਪਾਵਕ ਤ੍ਰਾਸ ਪੁਰੂ।ਜੋ ਅਸਚਰਜ ਮਹਾਂ ਬਿਸਮਾਵਤਿ ਤ੍ਰਾਂਹਿ ਕਹੋ ਮੁਖ ਵਾਹਿਗੁਰੂ[3] ॥੪੧॥ ਜੋ ਸਗਰੇ

[1]ਜੋ (ਚੇਤਨ ਕਿ) ਸਾਰੀਆਂ ਦੇਹਾਂ (ਦੇ ਅੰਦਰ ਬੈਠਾ) ਅੰਨ ਪਚਾਉਂਦਾ ਹੈ, ਜੋ ਅਗਨੀ (ਜਠਰ ਅਗਨੀ=ਪਾਚਨ ਸ਼ਕਤੀ) ਤੇ (ਅਪਾਨ ਆਦਿ) ਪ੍ਰਾਣਾਂ ਦਾ ਧੁਰ ਆਧਾਰ ਹੈ, (ਜੋ) ਸਾਰੀਆਂ ਇੰਦ੍ਰੀਆਂ, ਜੋ ਅਚੇਤਨ (ਜੜ੍ਹ) ਹਨ ਉਹਨਾਂ ਦੇ ਬਿਵਹਾਰ (ਕੰਮ) ਆਰੰਭ ਕਰਾਉਂਦਾ ਹੈ (ਭਾਵ ਜੜ੍ਹ ਵਿਚ ਪਰਵੇਸ਼ ਕਰਕੇ ਉਹਨਾਂ ਨੂੰ ਸੱਤਾ ਸਫੁਰਤੀ ਦਿੰਦਾ ਹੈ); ਅੰਦਰ ਜੋ ਬੁੱਧੀ ਆਦਿਕ ਹਨ ਜੜ੍ਹ‡ ਹੈਨ, (ਇਸ) ਚੇਤਨ ਦੀ (ਸੱਤਾ) ਸਫੁਰਤੀ ਨਾਲ ਸਫੁਰਨ ਹੁੰਦੇ ਹਨ। (ਚੌਥੀ ਤੁਕ ਲਈ ਦੇਖੋ ਛੰਦ ੩੭ ਦੀ ਅੰਤਲੀ ਸਤਰ ਪਰ ਦਿੱਤਾ ਅੰਕ [5] ਵਾਲਾ ਅਰਥ)।
[2](ਵਾਹਿਗੁਰੂ ਉਸ ਦਾ ਨਾਮ ਹੈ) ਜੋ ਹਜ਼ਾਰਾਂ ਸਿਰਾਂ (ਵਾਲਾ ਹੈ), (ਫਿਰ ਉਹ) ਬਿਨਾ ਸਿਰ (ਦੇ ਹੈ); ਬਿਨ ਨੇਤਰਾਂ ਹੈ, (ਹਜ਼ਾਰਾਂ) ਨੇਤਰਾਂ ਵਾਲਾ ਹੈ, (ਜੋ) ਹਜ਼ਾਰਾਂ ਰੂਪ ਧਾਰਨ ਕਰਦਾ ਹੈ। ਹਜ਼ਾਰਾਂ (ਜਿਸ ਦੇ) ਨੱਕ (ਹਨ, ਫਿਰ ਕੋਈ) ਨੱਕ ਨਹੀਂ (ਜਿਸ ਦਾ); ਬਿਨਾਂ ਕੰਨਾਂ (ਦੇ ਹੈ; ਪਰ ਫਿਰ) ਹਜ਼ਾਰਾਂ ਕੰਨਾਂ ਦੁਆਰਾ ਸੁਣਦਾ ਹੈ। (ਜਿਸ ਦੇ) ਹਜ਼ਾਰਾਂ ਹੱਥ ਹਨ, (ਫਿਰ) ਬੇ ਹੱਥ ਹੈ; ਬਿਨ ਪੈਰਾਂ (ਦੇ ਹੈ, ਫਿਰ) ਹਜ਼ਾਰਾਂ ਪੈਰਾਂ ਵਾਲਾ ਹੈ; (ਅਨ+ਉਰੂ) ਬਿਨਾ ਜੰਘਾਂ ਦੇ ਹੈ (ਫਿਰ ਹਜ਼ਾਰਾਂ) ਜੰਘਾਂ ਵਾਲਾ ਹੈ। (ਚੌਥੀ ਤੁਕ ਲਈ ਦੇਖੋ ਛੰਦ ੩੭ ਦੀ ਅੰਤਲੀ ਤੁਕ ਦਾ ਅਰਥ)।
[3]§(ਵਾਹਿਗੁਰੂ ਉਸ ਦਾ ਨਾਮ ਹੈ) ਜਿਸ ਤੋਂ ਡਰਦੀ ਹੋਈ ਮੌਤ ਦੌੜਦੀ ਫਿਰਦੀ

[ਬਾਕੀ ਪ੍ਰਯਾਯ ਦੇਖੋ ਅਗਲੇ ਪੰਨੇ ਤੇ]

*ਪਾ:-ਅਪਾਨ। †ਪਾ:-ਔਰ ਤੁਰੂ।

‡ਸਾਂਖ ਨੇ ਬੁੱਧਿ ਨੂੰ ਪ੍ਰਕ੍ਰਿਤੀ ਦੀ ਗਿਣਤੀ ਵਿਚ ਰਖਿਆ ਹੈ।
§ਆਸਾ ਦੀ ਵਾਰ ਪੌੜੀ ੪ ਦਾ ਇਹੋ ਭਾਵ ਹੈ। ਇਸੇ ਕਿਸਮ ਦਾ ਇਕ ਸ਼ਲੋਕ ਕਠਉਪਨਿਸ਼ਦ, ਮੰਤਰ ੩ ਛੇਵੀਂ ਵਲੀ ਵਿਚ ਆਇਆ ਹੈ।

Sri Satguru Jagjit Singh Ji eLibrary NamdhariElibrary@gmail.com

ਜਗ ਕੋ ਡਰਦਾਇਕ ਕ੍ਰੂਰ ਮਹਾਂ ਅਤਿ ਓਜ ਧੁਰੂ। ਜੋ ਸਭਿ ਕੋ ਉਪਜਾਵਤਿ ਹੈ ਪਰਿਪਾਰਤਿ ਫੇਰ ਬਿੰਨਾਸ਼ਕਰੂ। ਜੋ ਅਸ ਕਾਲ ਮਹਾਂ ਬਿਦਤੇ ਤਿਸ ਕਾਲ ਕੋ ਕਾਲ ਕਰੈ ਜੁ ਤੁਰੂ। ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ[1]॥੪੨॥ ਬੇਦ ਅਬੇਦ*; ਨਿਰੰਤਰ; ਅੰਤਰ; ਅੰਤਰੇ ਸੋ; ਅਚਰਾਨ ਚਰੂ। ਬਿੰਬ ਸੋਂ ਏਕ ਅਨੇਕ, ਅਬਿੰਬ; ਅਲੰਬ ਬਿਨਾ ਸੁ ਅਲੰਬ ਕਰੂ। ਸੰਖ ਬਿਖੈ ਜੁ ਅਸੰਖ; ਬਿਸ਼ੇਸ਼†; ਅਸ਼ੇਸ਼‡ ਹੈ; ਸ਼ੇਸ਼ ਨਿਦੇਸ਼ ਧੁਰੂ। ਜੋ ਅਸਚਰਜ ਮਹਾਂ ਬਿਸਮਾਵਤਿ ਤਾਂਹਿ ਕਹੋ ਮੁਖ ਵਾਹਿਗੁਰੂ[1]॥੪੩॥ ਏਕਮ ਏਕ ਕਲਾ

(ਪਿਛਲੇ ਪੰਨੇ ਦਾ ਬਾਕੀ ਪ੍ਰਕਾਸ਼)

ਲੋੜਦੀ ਹੈ ਜੀਵਾਂ ਦਾ ਅੰਤ ਕਰਨਾ। (ਜਿਸ ਦੇ) ਭੈ ਕਰਕੇ ਪਰਬਤਾਂ ਨੂੰ ਧਰਤੀ ਧਾਰਦੀ ਹੈ, (ਜਿਸ ਤੋਂ) ਡਰਦੀ ਪੌਣ ਤ੍ਰਿਲੋਕਾਂ ਵਿਚ ਤੁਰਦੀ ਹੈ। (ਜਿਸ ਦਾ) ਭੈ ਧਾਰਨ ਕਰਕੇ ਅਕਾਸ਼ ਵਿਚ ਸੂਰਜ ਚਲਦਾ§ ਹੈ ਤੇ ਪ੍ਰਕਾਸ਼ ਦੇਂਦਾ ਹੈ, (ਪ੍ਰਕਾਸ਼ ਦੀ ਹੈ, ਭਾਵ ਬਲਦੀ ਹੈ) ਅਗਨੀ (ਜਿਸ ਦੇ) ਭੈ ਨਾਲ ਭਰੀ ਹੋਈ (ਛੇਕੜਲੀ ਤੁਕ ਲਈ ਦੇਖੋ ਛੰਦ ੪੭ ਦੀ ਅੰਤਲੀ ਤੁਕ ਦਾ ਅਰਥ)

[2]ਜੋ (ਕਾਲ ਕਿ) ਸਾਰੇ ਜਗਤ ਨੂੰ ਭੈ ਦਾਤਾ ਹੈ, ਬੜਾ ਕਠੋਰ ਤੇ ਅਤਯੰਤ ਬਲ ਰੱਖਣ ਵਾਲਾ ਹੈ। ਜੋ ਸਾਰਿਆਂ ਨੂੰ ਉਪਜਾਉਂਦਾ ਹੈ, ਪਾਲਦਾ ਹੈ ਤੇ ਫਿਰ ਬਿਨਾਸ਼ ਕਰਦਾ ਹੈ। ਜੋ ਐਸਾ ਕਾਲ ਬੜਾ ਪ੍ਰਗਟ ਹੈ ਜੋ ਇਸ ਕਾਲ ਨੂੰ ਬੀ ਤੁਰਤ ਹੀ ਕਾਲ ਕਰ ਦਿੰਦਾ ਹੈ (ਇਹ ਮਹਾਂ ਕਾਲ ਦਾ ਅਰਥ ਹੈ ਭਾਵ ਅਕਾਲ ਪੁਰਖ ਹੈ। (ਚੌਥੀ ਤੁਕ ਲਈ ਦੇਖੋ ਛੰਦ ੪੭ ਦੀ ਅੰਤਲੀ ਤੁਕ ਦਾ ਅਰਥ)।

[3]ਜੋ ਜਾਣਦਾ ਹੈ (ਸਭ ਨੂੰ, ਪਰ ਜਿਸ ਨੂੰ ਕੋਈ) ਨਹੀਂ ਜਾਣਦਾ, (ਅ) ਜੋ ਵੇਦ ਤੋਂ ਬੀ ਨਹੀਂ ਜਾਣਿਆਂ ਜਾ ਸਕਦਾ; (ਜੋ ਅੰਤਰ ਤੋਂ ਬਿਨਾਂ) ਨਿਰੰਤਰ (ਇਕ ਰਸ ਅਖੰਡਾਕਾਰ) ਹੈ, ਅੰਤਰ ਤੋਂ ਬੀ ਅੰਤਰ ਹੈ, ਓਹ (ਸਭ ਦੇ ਅੰਦਰ ਹੋਕੇ) ਅਚਰਾਂ (ਜੜ੍ਹਾਂ) ਨੂੰ ਚਲਾ ਰਿਹਾ ਹੈ, (ਅ) ਪ੍ਰਗਟ ਹੈ, (ਫਿਰ) ਛਿਪਿਆ ਹੈ, ਚਰ ਅਚਰ (ਸਭ) ਦੇ ਅੰਦਰ ਉਹੋ ਹੈ। ਜੋ ਪ੍ਰਤਿਬਿੰਬ (ਦੁਆਰਾ) ਇਕ ਤੋਂ ਅਨੇਕ ਹੋ ਰਿਹਾ ਹੈ, ਪਰ ਆਪ ਬਿੰਬ ਤੋਂ ਬਿਨਾਂ ਹੈ, (ਆਪ) ਆਸ੍ਰੇ ਤੋਂ ਬਿਨਾ ਹੈ (ਪਰ) ਉਹ (ਸਾਰਿਆਂ) ਨੂੰ ਆਸ੍ਰਾ ਦੇਣ ਵਾਲਾ (ਆਪ ਹੈ)। ਗਿਣਤੀ ਵਿਚ ਜੋ ਅਣਗਿਣਤ (ਹੈ), (ਜੋ ਸਭ ਤੋਂ) ਅਧਿਕ ਹੈ, (ਜੋ) ਅਨੰਤ ਹੈ, ਸ਼ੇਸ਼ਨਾਗ ਜਿਸ ਦੀ ਆਗਯਾ ਧਾਰਨ ਕਰਦਾ ਹੈ (ਚੌਥੀ ਤੁਕ ਲਈ ਦੇਖੋ ਛੰਦ ੪੭ ਦੀ ਅੰਤਲੀ ਤੁਕ ਦਾ ਅਰਥ)।

*ਪਾ:—ਅਭਿਦ।　　†ਵਿਸ਼ੇਖ ਤੋਂ ਮੁਰਾਦ ਹੈ ਕਿਸੇ ਦਾ ਨਾਂ ਲਓ ਓਹ ਸਭ ਤੋਂ ਵਿਸ਼ੇਸ਼ ਹੈ। (ਅ) ਜਗਤ ਵਿਚ ਜੋ ਦਿੱਸਦੇ ਪਦਾਰਥ ਹਨ ਇਨ੍ਹਾਂ ਦੀ ਭਿੰਨਤਾ ਦੀ ਸਮਝ, ਹੇ ਪ੍ਰਭੂ! ਤੇਰੇ ਦਿੱਤੇ ਗਯਾਨ ਤੋਂ ਹੈ।

‡ਅਸ਼ੇਸ਼—ਜਿਸ ਵਿਚ ਸ਼ੇਖ ਨਾ ਹੋਵੇ, ਸੰਪੂਰਨ, ਸਾਰਾ, ਅਨੰਤ, ਅਪਾਰ, ਪੂਰਾ।

§ਹੁਣ ਪੱਛਮੀ ਲੋਕਾਂ ਬੀ ਮੰਨ ਲਿਆ ਹੈ ਕਿ ਸੂਰਜ ਬੀ ਕਿਸੇ ਹੋਰ ਮਹਾਨ ਸੂਰਜ ਦੇ ਦੁਆਲੇ ਭੌਂਦਾ ਹੈ।

Sri Satguru Jagjit Singh Ji eLibrary　　NamdhariElibrary@gmail.com

ਸੱਸਿ ਕੀ,ਗੁਲ ਮੈਂ ਜਿਸ ਗੰਧ ਭਨੈ, ਸਗਰੁਪੈ ਮਧ ਜਾਨੈ ਸਨ ਹੋਤਿ ਸਦੀਵ ਹੈ,ਅੰਬ ਮੈਂ ਮਾਧੁਰਤਾ ਜੁ ਭਰੂ। ਹੈ ਅਤਿ ਤੇਜ ਹਲਾਹਲ ਮੈਂ, ਇਮ ਬੀਰ ਬਿਰਾਜਤਿਹੈ ਸਵੁਰ੍ਹਾਜੋ ਅਸਚਰਜ ਮਹਾਂਬਿਸਮਾਵਤਿਤਾਂਹਿਕਹੋਮੁਖ ਵਾਹਿ-ਗੁਰੂ[1]*'॥੪੪॥ਦੋਹਰਾ॥ਸਭਿ ਸੰਗਤਿ ਕੋ ਸਤਿਗੁਰੂ ਅਰਥ ਦਿਯੋ ਸਮਝਾਇ। 'ਨਿਸਬਾਸੁਰ ਸਿਮਰਹੁ ਇਸੇ ਉੱਤਮ ਪਦ ਲਿਹੁ ਪਾਇ' ॥੪੫॥ਬ੍ਯਾਯੋ ਅਸ਼ਟਕ[2]ਅਰਥ ਕੋ ਵਾਹਿਗੁਰੂ ਸਤਿਨਾਮ। ਨਿਤ ਪ੍ਰਤਿ ਪਢਹਿ ਜੁ ਪ੍ਰੇਮ[†] ਕਰਿ ਠਾਨਹਿ ਗੁਰੂ ਪ੍ਰਨਾਮ॥੪੬॥ਸੁਤ ਬਿਤ ਅਧਿਕ ਕਾਮਨਾ ਸਤਿਗੁਰ ਤੇ ਸਭਿ ਪਾਇ।ਪ੍ਰਤਿ ਦਿਨ ਦੋਨੋ ਲੋਕ ਮੈਂ ਹੋਵੈਂ ਗੁਰੂ ਸਹਾਇ[‡] ।੪੭।ਚੌਪਈ।ਅਧਿਕ ਪ੍ਰਸੰਨ ਭਈ ਤਬਿ ਸੰਗਤਿ। ਮੁਖ ਬਿਕਸੇ ਜਨੁ ਪੰਕਜ ਪੰਗਤਿ[3]। ਤਬ ਹੀ ਖਰੇ ਬ੍ਰਿੱਧ ਤਤਕਾਲਾ। ਸੁਜਸ ਗੁਰੂ ਕੋ ਕਹਤਿ ਰਸਾਲਾ ॥ ੪੮ ॥ ਭੁਜੰਗ ਪ੍ਰਯਾਤ ਛੰਦ ॥ 'ਨਮੋ ਸੱਚਿਦਾਨੰਦ[4], ਗੋਬਿੰਦ, ਜੋਗੀ । ਤ੍ਰਿਲੋਕੀ ਪਤੀ, ਆਪ ਭੋਗੀ ਅਭੋਗੀ। ਨਿਰਾਕਾਰ ਕੋ ਰੂਪ ਸਾਕਾਰ ਹੋਯੋ। ਜਪੈ[5] "ਸੱਤਿਨਾਮ" ਸਿਖੀ ਬੀਜ ਬੋਯੋ ॥ ੪੯ ॥ ਚਹੂੰ ਚੱਕ ਮੈਂ ਦੇਸ਼ ਦੇਸ਼ੰ ਬਿਥਾਰੀ[6] । ਗੁਰੂ ਆਪ ਹ੍ਵੈ ਸਿੱਖ ਕੀਨੇ ਅਪਾਰੀ[7]। ਦਯੋ ਗ੍ਯਾਨ ਕੋ ਦਾਨ ਦਾਸੰ ਬਿਸਾਲਾ[8]। ਕਲੀ ਮੈਂ ਦੁਖੀ ਦੇਖਿ ਜੀਵੇ ਕ੍ਰਿਪਾਲਾ! ॥ ੫੦ ॥ ਮਹਾਂ ਮੰਦ ਕੋ ਬ੍ਰਿੰਦ ਕੀਨੇ ਉਧਾਰੇ। ਸਮਾਨੰ ਨ ਆਨੰ, ਮਹਾਨੋਪਕਾਰੰ[9]। ਅਹੋ ਰੂਪ ਸਾਖੀ ਬਸੋ ਦੇਹਿ ਸਾਰੇ। ਅਕਰਤਾ, ਅਭੁਗਤਾ, ਸੰਯੁਕਤਾ ਬਿਚਾਰੇ[10]॥੫੧॥ਸਦਾ ਦੀਨਬੰਧੂ

[1]ਏਕਮ ਦੇ ਚੰਦ੍ਰਮਾਂ ਦੀ ਇਕ ਕਲਾ ਵਿਚ (ਜਿਵੇਂ ਬਾਕੀ ੧੫ ਕਲਾ ਸਮਾਈਆਂ ਹੁੰਦੀਆਂ ਹਨ ਅਤੇ) ਫੁੱਲ ਵਿਚ ਜਿਵੇਂ ਸੁਗੰਧੀ (ਸਮਾਈ ਹੋਈ) ਸਾਰੇ ਆਖਦੇ ਹਨ, ਦੁੱਧ ਵਿਚ ਜਿਵੇਂ ਚਿੰਕਾਈ ਸਦਾ (ਸਮਾਈ) ਹੁੰਦੀ ਹੈ, ਅੰਬ ਵਿਚ ਜਿਵੇਂ ਮਿਠਾਸ ਭਰੀ ਹੁੰਦੀ ਹੈ। ਜ਼ਹਿਰ ਵਿਚ ਜੀਕੂੰ ਤੇਜ਼ (ਸਮਾਯਾ) ਹੁੰਦਾ ਹੈ, ਇਸਤ੍ਰੀਆਂ (ਸਭ ਦੇ) ਵਿਚ ਸਭਰਕਤਾ ਵਾਲਾ (ਭਾਵ ਚੇਤਨ) ਬਿਰਾਜ ਰਿਹਾ ਹੈ। (ਚੌਥੀ ਸਤਰ ਲਈ ਦੇਖੋ ਛੰਦ ੩੭ ਦੀ ਅਗਲੀ ਤੁਕ ਦਾ ਅਰਥ)

[2]ਅੱਠ ਛੰਦ ਜਿਸ ਵਿਚ ਹੋਣ। [3]ਕਵਲਾਂ ਦੀਆਂ ਪੰਕਤੀਆਂ ਦੇ। [4]ਨਮਸਕਾਰ ਹੈ ਤੁਹਾਨੂੰ ਜੋ ਸਤਚਿਤ ਆਨੰਦ ਹੋ। [5]ਜਪਾਕੇ (ਸ੍ਰਿਸ਼ਟੀ ਨੂੰ)। [6]ਫੈਲਾਈ (ਸਿੱਖੀ)। [7]ਗੁਰੂ ਹੋਕੇ ਬਣਾਏ ਬਹੁਤ ਸਿੱਖ। [8]ਦਾਸਾਂ ਬਹੁਤਿਆਂ ਨੂੰ। [9]ਬਰੱਬਰ ਨਹੀਂ ਹੈ ਹੋਰ ਕੋਈ, ਮਹਾਂ ਉਪਕਾਰੀ ਹੋ। [10]ਮਿਲੇ ਹੋਏ ਅਸੰਗ ਵਿਚਾਰਿਆ ਹੈ।

*ਵਾਹਿਗੁਰੂ ਪਦ ਦੇ ਅਰਥ ਭਾਵ ਵਿਸਥਾਰ ਨਾਲ ਸਮਝਣ ਲਈ ਪੜ੍ਹੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧, ਅੰਕ ੬੨, ੬੩, ੬੪ ਦਾ ਭਾਵ।

†ਪਾ:—ਨੇਮ। ‡ਪਾ:—ਕੀਨੋ ਅਰਥ ਸਮਾਪਤਾ ਸ੍ਰੀ ਨਾਨਕ ਸੁਖਦਾਇ।

Sri Satguru Jagjit Singh Ji eLibrary NamdhariElibrary@gmail.com

ਸ਼ਰੇਨੰਸੇ ਮਹਾਨੇ[1]!। ਜਪੇ ਨਾਮ ਜੋ ਆਪ ਕੋ ਪ੍ਰੇਮ ਠਾਨੇ। ਤਿਸੇ ਹਾਥ ਦੇ ਅੰਤ ਲੇਵੇ ਬਚਾਈ। ਨਿਜੰ ਦਾਸ ਕੋ ਆਪ ਹੋਵੈ ਸਹਾਈ॥ ੫੨॥ ਧਰੇਨੋ ਬੰਸ ਬੇਦੀਨ[2] ਮੈਂ ਰੂਪ ਜੋਈ। ਭਜੇ, ਧ੍ਯਾਨ ਠਾਨੇ ਪਰੇ ਸ਼ਰਨ ਕੋਈ। ਨਿਸੰਸੇ ਗਤੀਪਰਮ[3] ਪਾਵੈ ਅਨੰਦੰ। ਨਮੋ ਪਾਦਕੰਜੇ ਬਿਲੰਦੇ ਮੁਕੰਦੰ[4]॥ ੫੩॥ ਮਹਾਂ ਮਾਨ ਮੋਹਾਦਿ ਮਾਤੇ ਮਤੰਗੀ[5]। ਰਿਦੇ ਕਾਨਨੰ ਦਾਸ ਕੇ ਸਿੰਘ ਅੰਗੀ[6]। ਰਹੋ ਸਿੱਖ ਕੇ ਅੰਗ ਸੰਗੀ ਸਦਾਈ। ਨਹੀਂ ਰੋਮ ਬਾਂਕੋ[7] ਕਰੈ ਕੋਇ ਜਾਈ॥ ੫੪॥ ਗਿਨੈ ਕੋ ਗੁਨੰ ਪਾਰ ਪਾਵੈ ਨ ਕੋਈ। ਮਹਾਨੰ ਮਹੀ-ਧਾਨ[8] ਰੂਪੰ ਜਿ ਹੋਈ। ਨਿਜੰ ਸ਼੍ਰੇਯ ਹੇਤੰ[9] ਭਜੇ ਜੌਨ ਕੌਨੰ[10]। ਦਯਾ ਧਾਰਿ ਦੇਵੋ ਮਹਾਂ ਮੋਦ ਤੌਨੰ[11] ॥੫੫॥ ਮਹਾਂ ਦੁੱਖ ਸਿੰਧੰ[12] ਪ੍ਰਭੂ! ਹੇ ਅਗਸਤੰ[13]। ਸਮਸਤੰ ਨਿਵਾਸੰ,ਬਿਲਾਸੰ ਸਮਸਤੰ[14]।ਦਈ ਮੋਖ ਕੋਟਾਨ ਜੋ ਮੋਹ ਗ੍ਰਸਤੰ। ਸਦਾ ਜੈ, ਸਦਾ ਜੈ, ਨਮਸਤੇ ਨਮਸਤੰ॥੫੬॥ ਦੋਹਰਾ॥ ਸ੍ਰੀ ਬੁੱਢੇ ਅਸ਼ਟਕ ਕਰਯੋ ਸੁਨਿ ਸਤਿਗੁਰ ਸੁਖਦਾਇ। ਭਾਈ ਪਦ ਬਖਸ਼ਨ ਕਰਯੋ ਸੁਨਤਿ ਸਿੱਖ ਸਮੁਦਾਇ॥੫੭॥ਚੌਪਈ॥ਪਢਹਿੰ ਸੁਨਹਿੰ ਅਸ਼ਟਕ ਮਨ ਲਾਵਹਿੰ। ਸੋ ਜਨ ਸਕਲ ਪਦਾਰਥ ਪਾਵਹਿੰ। ਤਿਨਕੇ ਨਾਨਾ ਰੋਗ ਨਿਵਾਰੈ[15]। ਮਨ ਤੇ ਕਾਮ ਰੁ ਕ੍ਰੋਧ ਬਿਦਾਰੈ[16] ॥੫੮॥ ਸੁਨਿਕਰਿ ਸਗਰੀ ਸੰਗਤਿ ਮੋਦਾ[17]। ਜੈ ਜੈ ਸ਼ਬਦ ਬਦਤਿ ਚਹੁੰਕੋਦਾ[18]।ਮਹਾਂ ਮਹਾਤਮ ਸਤਿਗੁਰ ਕੇਰਾ। ਦਰਸ਼ਨ ਕੋ ਦਰਸਤਿ ਚਹੁੰਫੇਰਾ* ॥੫੯॥ਬਹੁਰੋ ਕਹਯੋ 'ਕਨਾਤ ਤਨੀਜੈ। ਚਹੂੰ ਦਿਸ਼ ਮਹਿੰ ਘੇਰਾ ਕਰਿ ਲੀਜੈ। ਸਰਬ ਨਿਕਸਿ ਕੈ ਬਾਹਰ ਜਾਵਹੁ। ਸੱਤਿਨਾਮ

---

[1]ਅਸੀਂ ਆਪਦੀ ਸ਼ਰਨ ਹਾਂ, ਹੇ ਵਡੇ (ਗੁਰੂ ਜੀ !)। [2]ਬੇਦੀਆਂ। [3]ਪੂਰਨ ਮੁਕਤੀ। [4]ਹੇ ਉੱਚੇ, ਹੇ ਮੁਕਤੀ ਦਾਤਾ ! [5]ਮਸਤ ਹਾਥੀ। [6]ਸਿੱਖਾਂ ਦੇ ਰਿਦੇ ਰੂਪੀ ਬਨ ਵਿਚ ਆਪ ਸ਼ੇਰ ਰੂਪ ਹੋ। [7]ਵਾਲ ਵਿੰਗਾ। [8]ਬੜਿਆਂ ਤੋਂ ਬੜੇ । [9]ਆਪਣੀ ਮੁਕਤੀ ਵਾਸਤੇ। [10]ਜਿਹੜਾ ਕਿਹੜਾ। [11]ਅਨੰਦ ਉਸਨੂੰ। [12]ਦੁੱਖ ਰੂਪੀ ਸਮੁੰਦਰ। [13]ਸਮੁੰਦਰ ਨੂੰ ਪੀਣ ਵਾਲਾ ਅਗਸਤ ਮੁਨੀ, ਭਾਵ ਦੁੱਖਾਂ ਦੇ ਨਾਸ਼ ਕਰਤਾ ਹੋ। [14]ਸਭ ਵਿਚ ਵਸਦੇ ਹੋ, ਖੇਲ ਕਰਦੇ ਹੋ ਸਭ ਵਿਚ। [15](ਇਹ ਅਸ਼ਟਕ) ਦੂਰ ਕਰੇਗਾ। [16]ਕਾਮ ਅਤੇ ਕ੍ਰੋਧ ਦੂਰ ਕਰੇਗਾ। [17]ਪ੍ਰਸੰਨ ਹੋਈ। [18]ਕਹਿੰਦੀ ਹੈ ਸੰਗਤ ਚਾਰੋਂ ਕੋਨਿਆਂ ਤੋਂ, ਚਾਰੋਂ ਪਾਸਿਆਂ ਤੋਂ।

*ਵਿਸ਼ੇਸ਼ ਖੋਜ—ਅੰਕ ੨੭ ਤੋਂ ੫੯ ਤੱਕ ਦਾ ਪਾਠ ਲਿਖਤੀ ਕਈ ਨੁਸਖਿਆਂ ਵਿਚ ਨਹੀਂ ਹੈ ਤੇ ਕਈਆਂ ਵਿਚ ਹੈ। ਛਾਪੇ ਦੇ ਪੰਨਾ ੨੯੪ ਪਰ ਗਿਆਨੀ ਸਰਦੂਲ ਸਿੰਘ ਜੀ ਨੇ ਇਸ ਪਾਠ ਨੂੰ ਆਖੇਪਕ ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

ਸਿਮਰਹੁ ਗੁਨ ਗਾਵਹੁ*'॥੬੦॥ ਸੁਨਿ ਤਿਹ ਛਿਨ ਦਾਸਨਿ ਤਤਕਾਲਾ। ਘੇਰੀ ਤਹਾਂ ਕਨਾਤ ਬਿਸਾਲਾ। ਅੰਬਰ ਪਾਇ ਬਦਨ ਪਰ ਸੂਤਾ। ਪੌਢੇ ਪੁਨ ਬੇਦੀ ਕੁਲਕੇਤਾ॥ ੬੧ ॥ ਰੌਰ ਪਰਾ ਸਗਰੇ ਨਰ ਮਾਂਹੀ। ਲੋਚਨ ਤੇ ਜਲ ਧਾਰ ਚੁਆਹੀਂ। ਹੋਨਿ ਲਗੀ ਸਭਿ ਸੌਜ ਤਯਾਰੇ। ਸੰਦਲ ਧਰਨੋ ਆਨਿ ਬਹੁ ਭਾਰੇ॥੬੨॥ ਪੁਸ਼ਪ ਸੁਗੰਧਿ ਘ੍ਰਿਤ ਬਹੁ ਆਨਾ। ਤਿਲ ਆਦਿਕ ਸਭਿ ਕੀਨ ਮਹਾਨਾ। ਰੁਦਨ ਕਰਹਿਂ ਸਭਿਹੀ ਨਰ ਨਾਰੀ। ਸ੍ਰੀ ਨਾਨਕ ਗੁਨ ਨਾਮ ਉਚਾਰੀ॥੬੩॥ ਇਤਨੇ ਮਹਿਂ ਪਠਾਨ ਤਹਿਂ ਆਏ। ਦਰਸ ਕਰਨ ਹਿਰਦੇ ਲਲਚਾਏ। ਸ਼ਸਤ੍ਰਨ ਯੁਕਤ ਸੁ ਮਨੁਜ[1] ਘਨੇਰੇ। ਹੁਤੇ ਮੁਰੀਦ ਗੁਰੂ ਪਗ ਕੇਰੇ॥੬੪॥ ਚਹੁੰਦਿਸ਼ ਤਨੀ ਕਨਾਤ ਬਿਸ਼ਾਲਾ। ਕਿਸਹੁੰ ਨ ਦਰਸ ਹੋਤਿ ਤਿਹ ਕਾਲਾ। ਦੇਖਿ ਪਠਾਨ ਰਿਦੇ ਬਿਸਮਾਏ। ਦਰਸ ਨਿਰਾਸ ਰਿਦੇ ਅਕੁਲਾਏ ॥੬੫॥ ਖਰੇ ਲੋਕ ਚਹੁੰਦਿਸ਼ ਰਖਵਾਰੀ। ਤਿਨ ਸੋਂ ਖ਼ਾਨਨ ਗਿਰਾ ਉਚਾਰੀ। 'ਤੁਮ ਹੋ ਸਿੱਖ ਗੁਰੂ ਗੁਨ ਖਾਨੀ। ਹਮ ਮੁਰੀਦ ਹੈਂ ਸਭਿ ਜਗ ਜਾਨੀ॥੬੬॥ ਆਖ਼ਰ ਕੌ ਦਰਸ਼ਨ ਇਹ ਕਾਲਾ। ਹਮਕੋ ਕਰਨੇ ਦੇਹੁ ਕ੍ਰਿਪਾਲਾ[2]। ਹੁਤੇ ਦੂਰ ਸੁਧਿ ਸੁਨਿ ਕਰਿ ਆਏ। ਅਬ ਨਿਰਾਸ ਹਮ ਕਿਉਂ ਕਰਿ ਜਾਏਂ'॥੬੭॥ ਭਨਕੋ ਸਿੱਖ 'ਅਸ ਹਠ ਨਹਿਂ ਕਰੀਏ। ਦਰਸ਼ਨ ਕਰਨ ਸਮਾਂ ਨ ਬਿਚਰੀਏ। ਤੁਮ ਜਿ ਅਗੇਰੇ ਆਵਤਿ ਤੂਰਨ। ਕਰਿ ਲੇਤੇ ਦਰਸ਼ਨ ਗੁਰ ਪੂਰਨ ॥੬੮॥ ਅਬਿ ਬੰਦਨ ਕਰ ਲਿਹੁ ਇਸ ਥਾਈਂ। ਦੋਖ ਨਿਕੰਦਨ ਹੈਂ ਸਭਿ ਜਾਈਂ। ਹਮਰੋ ਬਚਨ ਮਾਨਿ ਤੁਮ ਲੀਜੈ। ਨੀਕੇ ਰਿਦੇ ਬਿਚਾਰ ਕਰੀਜੈ'॥੬੯॥ ਖਾਨ ਕਹੈਂ 'ਹਮ ਮਾਨਹਿ ਨਾਂਹੀ। ਏਤੀ ਬਾਤ ਬਨਾਵਹੁ ਕਾਹੀਂ। ਹੋ ਢਿਗ ਦਰਸਹੁ ਜਿਉਂ ਤੁਮ ਨੀਕੇ। ਤਿਉਂ ਹਮ ਜਾਵਹਿ ਪੀਰ ਨਜੀਕੇ ॥੭੦॥ ਸਾਂਝੇ[3] ਹਿੰਦੂ ਤੁਰਕਨ ਕੇਰੇ। ਸਿੱਖ ਸਮਾਨ ਮੁਰੀਦ ਘਨੇਰੇ[4]। ਅਹੈਂ ਪੱਖਜ ਜੋ ਹਿੰਦੂਨ ਤੁਰਕਾ।–ਦੋਨੋਂ ਕੋ ਖੋਵਨ–ਮਤ ਗੁਰਕਾ'॥੭੧॥ ਇਕ ਤੋ ਖਾਨਨ ਕੋ ਬਲ ਭਾਰੀ। ਦੂਜੇ ਸਾਚੀ ਗਿਰਾ ਉਚਾਰੀ। ਹਟਤਿ ਨਹੀਂ ਬਹੁ ਰਹੇ ਹਟਾਈ। ਸ਼ਸਤ੍ਰ ਗਹੇ ਤਬ ਹਿੰਦੁਨ[5] ਜਾਈ॥੭੨॥ ਪਰਯੋ ਸਭਿਨਿ ਮਹਿ ਰੌਰਾ ਭਾਰੀ। ਕੋਇ ਨ ਕਿਸਕੀ ਸੁਨੈ ਪੁਕਾਰੀ। ਸ੍ਰੀ ਗੁਰ ਤਨ ਕੇ ਪਾਸ ਜਿ ਦਾਸਾ। ਸੂਨ

[1]ਓਹ ਪੁਰਸ਼। [2]ਕ੍ਰਿਪਾਲ (ਗੁਰੂ ਜੀ ਦਾ)। [3](ਗੁਰੂ ਜੀ) ਸਾਂਝੇ ਹਨ। [4]ਉਨ੍ਹਾਂ ਦੇ ਸਿੱਖਾਂ ਵਾਂਗੂ ਮੁਰੀਦ ਬੀ (ਸਾਡੇ ਵਰਗੇ) ਬਹੁਤ ਹਨ। [5]ਹਿੰਦੂਆਂ ਨੇ।

*ਪਾ:–ਸੱਤਿਨਾਮ ਸ੍ਰੀ ਵਾਹਿਗੁਰੂ ਗਾਵਹੁ।

Sri Satguru Jagjit Singh Ji eLibrary NamdhariElibrary@gmail.com

ਕੁਲਾਹਲ[1] ਸੁਨਿ ਚਹੁ ਆਸਾ[2] ॥੭੩॥ ਨਿਕਸੇ ਤੁਰਤ ਬਿਲੋਕਨ ਤਾਈਂ। ਰਹੀ ਇਕਾਕੀ[3] ਦੇਹਿ ਗੁਸਾਈਂ[4]। ਅੰਤਰਧਯਾਨ ਭਈ ਤਿਹ ਕਾਲਾ। ਸਰਬ ਚੁਕਾਵਨ ਝਗਰ ਬਿਸਾਲ॥੭੪॥ ਵਹਿਰ ਦੁਹੂੰ ਮਹਿਂ ਬਾਦ ਮਹਾਨਾ। ਚਢਿ ਬਿਵਾਨ ਪਰ ਕ੍ਰਿਪਾ ਨਿਧਾਨਾ। ਗਮਨ ਕੀਨ ਊਰਧ ਕੀ ਓਰਾ[5] ਜੈ ਜੈ ਸ਼ਬਦ ਸੁਰਨ ਮਹਿ ਸ਼ੋਰਾ ॥੭੫॥ ਸੁਰਤਰੁ ਪੁਸ਼ਪਾਂਜੁਲ[6] ਬਰਖਾਵਹਿਂ। ਚਾਰੁ ਚਮਰੁ ਚਹੁਦਿਸ਼ਨ ਢੁਰਾਵਹਿਂ[7]। ਬ੍ਰਹਮਾਦਿਕ ਚੰਦਨ ਚਰਚਾਹੀਂ[8]। ਕਰਹਿ ਆਰਤੀ, ਸੰਖ ਬਜਾਹੀਂ ॥੭੬॥ ਅਪਸਰ ਕਰਿਹੀਂ ਨਿਰਤ ਅਗਾਰੀ। ਗੰਧ੍ਰਬ ਗਾਵਹਿਂ ਧੁਨਿ ਸੁਖਕਾਰੀ। ਚਲੇ ਅਕਾਸ਼ ਪੰਥ ਅਸ ਜਾਵਹਿ। ਅਤਿ ਉਤਸਵ ਕਰਿ ਅਨੰਦ ਬਢਾਵਹਿ ॥੭੭॥ ਦੋਹਰਾ॥ ਹੁਤੀ ਸ਼ਕਤਿ ਜਿਹ ਲਗ ਜਿਸਹਿ ਸ੍ਰੀ ਨਾਨਕ ਪਹੁੰਚਾਇ। ਹਟੇ ਸੰਗ ਤੇ ਦੇਵ ਸਭਿ ਚਰਨਨ ਸੀਸ ਨਿਵਾਇ* ॥੭੮॥ ਸੱਚ ਖੰਡ ਸ੍ਰੀਗੁਰ ਗਏ ਕੀਨਿ ਤਹਾਂ ਬਿਸਰਾਮ। ਭੂਤਲ ਮਹਿਂ ਜੈਸੇ ਭਈ ਸੁਨਹੁ ਕਥਾ ਸੁਖ ਧਾਮ ॥੭੯॥ ਚੌਪਈ ॥ ਕਰੇ ਜੋਰ ਅਸ ਖਾਨ ਅਲਾਵੈਂ। 'ਹੈਂ ਹਮ[9] ਪੀਰ ਸੁ ਮਜਲ ਪੁਚਾਵੈਂ। ਦੇਤਿ ਮੁਰਾਦ ਮੁਰੀਦਨ ਕੇਰੀ। ਬਰਜੇ ਰਹੈਂ ਨ[10], ਜਾਵਹਿ ਨੇਰੀ' ॥੮੦॥ ਇਮ ਹਠ ਕਰਿਕੇ ਭੇ ਤਹਿਂ ਠਾਂਢੇ। ਡਰੇ ਨ ਰਾਰ ਕਰਨ ਤੇ ਗਾਢੇ। ਸਨਧਬੱਧ ਹਿੰਦੂ ਹੁਇ ਆਏ। ਬਲ ਕਰਿ ਤਿਨਕੋ ਚਹਤਿ ਹਟਾਏ ॥ ੮੧ ॥ ਸਯਾਨੇ ਸਿੱਖ ਹੁਤੇ ਤਹਿ ਜੇਈ। ਕਰਤੇ ਬਿਚਾਰ ਮਿਲਤਿ ਭੇ ਤੇਈ।–ਤੁਰਕਨ ਕੋ ਅਬਿ ਹੈ ਬਲ

[1] ਰੌਲਾ। [2] ਚਹੁੰ ਪਾਸਿਆਂ ਤੋਂ। [3] ਇਕੱਲੀ। [4] ਗੁਰੂ ਜੀ ਦੀ ਦੇਹੀ। [5] ਉਪਰ ਦੀ ਤਰਫ। [6] ਕਲਪ ਬ੍ਰਿਛ ਦੇ ਫੁੱਲਾਂ ਦੇ ਬੁਕ। [7] ਝੁਲਾਂਵਦੇ ਹਨ। [8] ਛਿੜਕਦੇ ਹਨ। [9] ਸਾਡੇ ਪੀਰ ਹਨ। [10] ਰੋਕੇ ਨਹੀਂ ਰਹਾਂਗੇ।

*ਦੇਵਤੇ ਜਿੰਨੀ ਜਿੰਨੀ ਉਚਿਆਈ ਆਤਮ ਮੰਡਲਾਂ ਦੇ ਵਿਚ ਜਾਣ ਦੀ ਤਾਕਤ ਰੱਖਦੇ ਸਨ, ਓਥੋਂ ਓਥੋਂ ਤਕ ਗਏ, ਆਪਣੀ ਆਪਣੀ ਸ਼ਕਤੀ ਦੇ ਅਗੇਰੇ ਮੰਡਲਾਂ ਤੋਂ ਉਰੇ ਮੁੜ ਪੈਂਦੇ ਰਹੇ। ਇਸ ਦੀ ਮੁਰਾਦ ਹੈ ਕਿ ਨੀਵੇਂ ਤੋਂ ਨੀਵੇਂ ਟਿਕਾਣੇ ਦੇ ਪਰਲੋਕਿਕ ਲੋਕਾਂ ਤੋਂ ਲੈ ਉੱਚੇ ਤੋਂ ਉੱਚੇ ਲੋਕੀ ਆਏ ਸਨ, ਏਸੇ ਕਰਕੇ ਹੀ ਅਕਾਸ਼ੀ ਗਾਂਧਰਬ ਵਜੰਤ੍ਰੇ ਬੀ ਗਿਣੇ ਹਨ।

ਦੇਵਤਾ ਪਦ ਹਿੰਦੂਆਂ ਦੇ ਪੁਰਾਣਾਂ ਵਿਚ ਲੜਨ ਝਗੜਨ ਵਾਲੀਆਂ ਵਯਕਤੀਆਂ ਲਈ ਵਰਤਿਆ ਜਾਣ ਕਰਕੇ ਕਈ ਕੰਨਾਂ ਨੂੰ ਭਾਉਂਦਾ ਨਹੀਂ, ਇਸ ਦੀ ਮੁਰਾਦ ਭਾਈ ਸਾਹਿਬ ਦੀ ਏਥੇ ਪਾਰਲੌਕਿਕ ਵਯਕਤੀਆਂ ਤੋਂ ਹੈ; ਜੋ ਪ੍ਰਕਾਸ਼ ਦੇ ਬਣੇ ਹੋਏ ਹੁੰਦੇ ਹਨ [ਦਿਵ, ਦਿਵ੍= ਚਮਕਣਾ] ਜਿਨ੍ਹਾਂ ਦਾ ਪਤਾ ਸ੍ਰੀ ਗੁਰੂ ਜੀ ਨੇ ਗਿਆਨ ਖੰਡ (ਜਪੁਜੀ ਸਾਹਿਬ ਪੌੜੀ ੩੫) ਵਿਚ ਆਪ ਭੀ ਦਿੱਤਾ ਹੈ। ਕਵਿ ਜੀ ਸਾਰੇ ਦੇਵਤੇ ਪਿਛੇ ਰਹਿ ਗਏ ਦੱਸਦੇ ਹਨ, ਸ੍ਰੀ ਗੁਰੂ ਜੀ ਸਚਖੰਡ ਵਿਚ ਗਏ।

Sri Satguru Jagjit Singh Ji eLibrary NamdhariElibrary@gmail.com

ਭਾਰੇ-। ਬਹੁਰ ਰੀਤਿ ਸੋਂ ਬਚਨ ਉਚਾਰੇ ॥ ੯੨ ॥ 'ਤਾਂਤੇ ਔਰ ਨ ਕਰੀਏ ਕਾਜਾ॥ਸ੍ਰੀ ਸਤਿਗੁਰ ਕੋ ਲੇਹੁ ਅਵਾਜਾ[1]। ਤਿਨ ਮਰਜੀ ਕੇ ਹ੍ਵੈ ਅਨੁਸਾਰੀ। ਕਰਿਯੈ ਕ੍ਰਿੱਤ ਮਿਟਾਵਹੁ ਰਾਰੀ[2]' ॥੯੩॥ ਖ਼ਾਨਨ ਸੰਗ ਭਨੀ ਅਸ ਬਾਨੀ। ਭਲੀ ਭਾਂਤਿ ਨੀਕੇ ਤਿਨ ਮਾਨੀ। ਦ੍ਵੈ ਸਿਖ ਹੁਤੇ ਸਮੀਪੀ ਜੋਈ। ਅੰਤਰ ਗੇ ਕਨਾਤ ਕੇ ਤੇਈ ॥ ੯੪ ॥ ਬਸਤ੍ਰ ਸੰਯੁਕਤ ਸੇਜ ਤਹਿ ਦੇਖੀ। ਦੇਹ ਨ[3], ਭਏ ਅਚਰਜ ਬਿਸ਼ੇਖੀ। ਅੰਬਰ ਕੋ ਉਘਾਰਿ ਭਲ ਜੋਵਾ। ਨਿਕਸੇ ਕਹਤਿ 'ਅਦੇਭਾ ਹੋਵਾ॥੯੫॥ ਕਿਉਂ ਤੁਮ ਕੀਨੋ ਇਤਨਾ ਝਗਰਾ। ਸਤਿਗੁਰ ਆਪ ਨਿਬੇਰਯੋ ਸਗਰਾ। ਅੰਤ੍ਰ ਧ੍ਯਾਨ ਭੇ[4], ਰਹੀ ਨ ਦੇਹੀ। ਕੁਸ਼ਾ ਸੇਜ ਪਰ ਬਸਤ੍ਰ ਪਰੇਹੀ ॥੯੬॥ ਦੋਹਰਾ ॥ ਰਾਰ ਨ ਕਰਿਯੇ ਪਰਸਪਰ ਦਿਹੁ ਕਨਾਤ ਖੁਲਵਾਇ। ਦੇਖਹਿ ਨਰ ਨਾਰੀ ਸਰਬ ਕੌਤਕ ਮਤਿ ਬਿਸਮਾਇ[5]' ॥੯੭॥ ਸ੍ਵੈਯਾ॥ ਲੀਨ ਉਤਾਰ ਕਨਾਤ ਸ਼ਿਤਾਬ ਗਏ ਢਿਗ ਹ੍ਵੈ ਦਰਸੈਂ ਨਰ ਨਾਰੀ। ਹੈ ਸਿਹਜਾ ਪਰ ਚੀਰ ਪਰਯੋ ਪਿਖਿ 'ਜੈ ਗੁਰ,ਜੈ ਗੁਰ' ਉਚ ਉਚਾਰੀ। 'ਸ੍ਰੀ ਸੁਖਕੰਦ, ਗੁਬਿੰਦ, ਮੁਕੰਦ', ਸੁ ਨਾਮ ਕੋ ਲੈ ਕਰਿ ਬੰਦਨ ਕਾਰੀ। ਹੋਇ ਅਦੇਭ ਰਹੇ ਹਿਰਦੇ ਤਿਹ ਠਾਂ ਨਰ ਜੋ ਸਭਿ ਕੀ ਮਤਿ ਹਾਰੀ॥੯੮॥ ਛਪਯਛੰਦ॥ ਤੁਰਕਨ ਅੰਬਰ ਅਰਧ[6], ਅਰਧ ਹਿੰਦੁਨ ਤਬਿ ਲੀਯਾ। ਸਗਰ ਝਗਰ ਗਯਾ ਨਿਬਰ[7], ਹਰਖ ਉਰ ਦੁਹ ਦਿਸ਼ ਥੀਆ। ਸਿੱਖਨ ਲੇ ਕਰਿ ਚੀਰ ਚਿਤਾ ਚੰਦਨ ਕੀ ਰਚਿ ਕਰਿ। ਨਿਜ ਮੁਖ ਜਹਿੰ ਗੁਰ ਕਹਯੋ ਤਹਾਂ ਦਿਯ ਦਾਹ ਭਲੇ ਧਰਿ। ਪੁਨ ਹੁਤੇ ਮੁਰੀਦ ਸੁ ਅਰਧ ਲੇ ਨੀਕੇ ਤਹਿੰ ਦਫ਼-ਨਾਇ ਦਿਯ॥ਇਉਂ ਬਾਦ ਬਿਖਾਦ ਮਿਟਾਇ ਸਭਿ ਦੁਹੂ ਦਿਸ਼ਨ ਅਹਿਲਾਦ ਕਿਯ ॥੯੯॥ ਸੋਰਠਾ ॥ ਸੰਮਤ ਸੱਤ੍ਰ[8] ਪਛਾਨ ਪੰਚ ਮਾਸ ਬੀਤੇ ਬਹੁਰ॥ਸਪਤ ਦਿਨਨ ਪਰਵਾਨ ਪਤਿਸ਼ਾਹੀ ਸ੍ਰੀ ਪ੍ਰਭੁ ਕਰੀ*॥੧੦੦॥ਦੋਹਰਾ॥ਸੰਮਤ ਪੰਦਰਾਂ ਸੈ ਲਖੋ ਅਧਿਕ ਛਿਯਾਨਵਾ ਜਾਨਿ॥ਅਸੂ੍ਜ[9] ਵਦੀ ਦਸਮੀ ਵਿਖੈ ਸੱਚਖੰਡ† ਪ੍ਰਸਥਾਨ[10]॥੧੦੧॥ਚੌਪਈ॥ਸ੍ਰੀ ਗੁਰ ਕਥਾ ਕਹੀ ਕਛੁ‡ ਥੋਰੀ॥ਸਰਬ ਕਹਿਨ

[1]ਹੋਰ ਕੋਈ ਗੱਲ ਨਾ ਕਰੋ,ਗੁਰਾਂ ਦੀ ਆਪਣੀ ਆਵਾਜ਼ ਲੈ ਲਵੋ। [2]ਝਗੜਾ। [3]ਦੇਹੀ ਨਹੀਂ ਹੈ। [4]ਅਲੋਪ ਹੋ ਗਈ ਹੈ। [5]ਬੁੱਧੀ ਨੂੰ ਹੈਰਾਨ ਕਰਨ ਵਾਲਾ ਕੌਤਕ। [6]ਅੱਧਾ ਕਪੜਾ ਤੁਰਕਾਂ ਨੇ। [7]ਨਿੱਬੜ। [8]ਸੱਤਰ ਵਰਹੇ। [9]ਅੱਸੂ। [10]ਸਚਖੰਡ ਚਲੇ ਗਏ। *ਵਿਸ਼ੇਸ਼ ਖੋਜ-ਇਹ ਸੋਰਠਾ ਕਿਸੇ ਲਿਖਤੀ ਨੁਸਖੇ ਵਿਚ ਹੈ ਕਿਸੇ ਵਿਚ ਨਹੀਂ ਹੈ। ਇਹ ਹਿਸਾਬ ਮਹਿਮਾ ਪ੍ਰਕਾਸ਼ ਵਾਰਤਿਕ ਵਿਚ ਦਿਤਾ ਹੈ। ਇਸ ਹਿਸਾਬ ਆਪ ਦਾ ਅਵਤਾਰ ਦਿਨ ਵਿਸਾਖ ਦੀ ਤ੍ਰਿਤੀਆ ੧੫੨੬ ਬਿ: ਤੇ ਜਾ ਪੈਂਦਾ ਹੈ। ਜੇ ਕੱਤਕ ਪੂੰਨਿਆਂ ੧੫੨੬ ਬਿ: ਗਿਣੀਏ ਤਾਂ ਆਯ ੭੦ ਵਰਹੇ ੫ ਮਹੀਨਿਆਂ ਪਿੱਛੋਂ ਦੇ ਲਗ ਪਗ ਜਾਂਦੀ ਹੈ। †ਪਾ:-ਸ੍ਰੀ ਗੁਰ ਕਿਯ। ‡ਪਾ:-ਮੈਂ।

Sri Satguru Jagjit Singh Ji eLibrary NamdhariElibrary@gmail.com

ਕੀ ਸ਼ਕਤਿ ਨ ਮੋਰੀ॥ਅਹੈ ਜਥਾਮਤਿ ਤਥਾ ਸੁ ਬਰਨੀ। ਸ੍ਰੋਤਨ ਕੇ ਬਿਕਾਰ
ਕੋ ਹਰਨੀ ॥ ੯੨ ॥ ਚੌਪਈ ॥ ਜੋਗ, ਵਿਰਾਗ, ਭਗਤਿ ਪੁਨ ਗਯਾਨਾ। ਏ
ਚਾਰੋਂ ਵਰਨੇ ਬਿਧਿ ਨਾਨਾ। ਦੈਵ ਸੰਪਦਾ ਗੁਨ[1] ਜੇ ਬ੍ਰਿੰਦਾ[2]। ਯਾ ਮੈਂ ਭਨੇ,
ਹਨੈਂ ਦੁਖ ਦ੍ਵੰਦਾ[3]॥੯੩॥ਪਢਹਿਂ ਸੁਨੈਂ ਗੁਨ ਹਿਰਦੇ ਧਾਰਹਿ।ਪੁਨ ਪੁਨ ਕਰਿ
ਅੱਭਯਾਸ ਬਿਚਾਰਹਿ। ਲਖਹਿਂ ਅਸੱਤਿ ਸੱਤਿ ਸੋ ਨਿਰਨੋ। ਹਰਖ ਨ ਸ਼ੋਕ
ਨ ਜਨਮ ਨ ਮਰਨੋ॥੯੪॥ਸਤਿਗੁਰ ਸਿਫਤ ਮਹਾਤਮ ਜੋਈ। ਜਗ ਮਹਿ
ਪ੍ਰਗਟ,ਦੁਰਯੋ ਨਹਿ ਸੋਈ।ਸੁਮਤਿਵਾਨ ਜਾਨਹਿ ਬਿਧਿ ਨੀਕੇ। ਰਾਖਤਿ ਹੈਂ
ਪਰੋਇ ਥਿਰ ਹੀ ਕੇ[3] ॥ ੯੫ ॥ ਬਿਛਰਯੋ ਚਹਤਿ ਨਹੀਂ ਕਿਹ ਕਾਲਾ। ਦ੍ਵੈ
ਲੋਚਨ ਸੁਖ ਦੇ ਜੁ ਬਿਸਾਲਾ। ਹੁਤੀ ਨ ਸ਼ਕਤਿ ਮੋਹਿ ਮਹਿ ਐਸੇ। ਗ੍ਰੰਥ
ਸੰਪੂਰਨ ਭਾ ਅਬਿ ਜੈਸੇ॥੯੬॥ਕ੍ਰਿਪਾ ਧਾਰਿ ਸਤਿਗੁਰ ਮੁਝ ਤਾਈਂ। ਜਿਉਂ
ਜਿਉਂ ਮੁਹਿ ਮਤਿ ਦੇ ਬਨਿਵਾਈ। ਤਿਉਂ ਮੈਂ ਕਹੀ ਕਥਾ ਅਤਿ ਰੂਰੀ। ਜੋ
ਸਾਧਨ ਅਪਵਰਗਹਿ ਪੂਰੀ[4] ॥ ੯੭॥ ਸ੍ਰੀ ਨਾਨਕ ਪਦ ਪੰਕਜ ਬੰਦਨ[5]।
ਸਿਮਰੌਂ ਅੰਗਦ ਦੋਖ ਨਿਕੰਦਨ। ਅਮਰਦਾਸ ਗੁਰ ਹਿਰਦੇ ਧਯਾਵੌਂ।
ਸ੍ਰੀ ਗੁਰ ਰਾਮਦਾਸ ਗੁਨ ਗਾਵੌਂ॥੯੮॥ਸ੍ਰੀ ਅਰਜਨ ਬਿਘਨਨਿ ਕੇ ਨਾਸ਼ਕ।
ਹਰਿਗੁਬਿੰਦ ਸ਼ੁਭ ਸੁਮਤਿ ਪ੍ਰਕਾਸ਼ਕ। ਸ੍ਰੀ ਹਰਿਰਾਇ ਨਮੋ ਕਰ ਜੋਰੀ। ਗੁਰੂ
ਹਰਿਕ੍ਰਿਸ਼ਨ ਮਨਾਇ ਬਹੋਰੀ ॥੯੯॥ ਤੇਗ ਬਹਾਦਰ ਪਰਮ ਕ੍ਰਿਪਾਲਾ। ਸ੍ਰੀ
ਗੁਰੂ ਗੋਬਿੰਦ ਸਿੰਘ ਬਿਸਾਲਾ। ਧਰੌਂ ਧਰਾ ਪਰ ਪੁਨ ਪੁਨ ਸੀਸਾ। ਬੰਦੌਂ ਬਾਰ
ਬਾਰ ਜਗਦੀਸ਼ਾ॥੧੦੦॥ ਦੋਹਰਾ॥ ਸ੍ਰੀ ਮਤਿ[6], ਸਿਮਰਨ ਰਤਿ ਗੁਰੂ[7]* ਸੰਤ
ਸਿੰਘ ਸ਼ੁਭ ਨਾਮ। ਬਿੱਦਯਾ ਜਿਨ ਤੇ ਮੈਂ ਪਠੀ[8] ਤਿਨ ਪਦ ਕਰੌਂ ਪ੍ਰਨਾਮ॥
੧੦੧॥ ਕਬਿੱਤ ॥ ਸੁਤਾ ਸਵਿਤਾਸ ਕੀ[9], ਨਸੱਯਾ ਪਾਪ ਰਾਸ ਕੀ, ਦਿਵੱਯਾ
ਮੋਖ ਦਾਸਕੀ, ਲਖੈ ਜੁ ਨੇਮ ਜਮੁਨਾ। ਏਕਬਾਰ ਬਾਰਿ[10] ਛੁਏ,ਪਾਵਨਤਾ[11]
ਪਾਵਨਕੇ[12],ਪਾਨ ਤੇ ਸ਼ਨਾਨ ਤੇ[13] ਦੁਖਦ ਤਿਨ ਜਮ ਨਾ[14]। ਸ਼ਯਾਮਜਲ,

---

[1]ਦੈਵੀ ਸੰਪਦਾ ਦੇ ਗੁਣ। [2]ਸਮੂਹ। [3]ਹਿਰਦੇ ਦੇ। [4]ਜੋ ਮੁਕਤੀ ਦੇ ਸਾਧਨਾਂ (ਦੀ ਵਯਾਖਯਾ) ਨਾਲ ਪੂਰਨ ਹੈ। [5]ਮੈਂ ਮੱਥਾ ਟੇਕਦਾ ਹਾਂ। [6]ਸ਼ੋਭਾ ਵਾਲੇ। [7]ਗੁਰੂ ਦੀ ਪ੍ਰੀਤੀ ਤੇ ਸਿਮਰਨ ਵਾਲੇ। [8]ਪੜ੍ਹੀ ਹੈ। [9]ਪੁੱਤ੍ਰੀ ਸੂਰਜ ਦੀ (ਜਮਨਾ ਨਦੀ)। [10]ਪਾਣੀ। [11]ਪਵਿੱਤ੍ਰਤਾ ਨਾਲ। [12]ਪਵਿੱਤ੍ਰ ਕਰਦੀ ਹੈ। [13]ਪੀਂਦੇ ਤੇ (ਜੋ) ਅਸ਼ਨਾਨ ਕਰਦੇ ਹਨ। [14]ਤਿਨ੍ਹਾਂ ਨੂੰ ਜਮ ਦੁਖਦਾਈ ਨਹੀਂ।

*ਪਾ:—ਰਤਿ ਪ੍ਰਭੂ, ਸਤਿਗੁਰੂ।

Sri Satguru Jagjit Singh Ji eLibrary NamdhariElibrary@gmail.com

ਜਲਜ ਬਿਲੋਚਨੀ ਕੋ, ਸ਼ਯਾਮ ਪਤਿ, ਚੰਚਲ, ਅਛਲ, ਜਿਨ ਛਲਯੋ ਕਾਲਜਮੁਨਾ[1] । ਜਾਂਕੇ ਅਨ ਸਮ ਨਾ ਬਿਘਨ ਗੁਨ ਸਮਨਾ[2], ਸਦੀਵ ਸਿੰਧੁ ਗਮਨਾ[3] ਸੁਹਾਇ ਸ਼ੁਭ ਜਮਨਾ* ॥ ੧੦੨ ॥ ਛਪੈ ॥ ਸ੍ਰੀ ਜਮਨਾ ਸੁਖ ਕਰਨ,ਹਰਨ ਦੁਖ, ਦਰਨੀ ਕਲਮਲ[4] । ਸੁਮਤਿ ਸਦਨ, ਬਿਧੁ ਬਦਨ[5], ਕੁਮਤਿ ਕਦਨੀ, ਸ਼ਯਾਮਲ ਜਲ । ਮਨਮੋਹਨ ਕੀ ਪ੍ਰਿਯ, ਪ੍ਰਵਾਹਿ ਪਾਵਨ ਬਹਿ[6] ਧਰਨੀ[7] । ਸਵਿਤਾ ਸੁਤਾ[8], ਸੁਜਾਨ, ਤ੍ਰਾਸ ਜਮਦੂਤ ਨਿਵਰਿਨੀ[9] । ਤਿਹ ਤੀਰ ਬੂਰੀਆ ਨਗਰ ਇਕ, ਕਵਿ ਨਿਕੇਤ ਲਖੀਏ ਤਹਾਂ । ਕਰਿ ਗ੍ਰੰਥ ਸਮਾਪਤਿ ਕੋ ਭਲੇ ਗੁਰ ਜਸ ਜਿਸ ਮਹਿ ਸੁਠ[10] ਮਹਾਂ ॥ ੧੦੩ ॥ ਚੌਪਈ॥ਆਦਿ ਸੁਧਾਸਰ[11]ਜੋ ਇਸਥਾਨਾ।ਖੋਜਿਖੋਜਿ[12] ਨੀਕੇ ਬਿਧਿ ਨਾਨਾ। ਲਿਖੀ ਦੇਖਿ ਕੇਤੀ ਬਹੁ ਬਾਈ।ਕੇਤੀ ਸੁਣੀ ਜੁ ਮਨ ਮਹਿੰ ਭਾਈ ॥੧੦੪॥ ਬੀਨ ਬੀਨ[13] ਗੁਰ ਮਹਿਮਾ ਆਛੀ। ਮਾਖਨ ਜਿਉਂ ਲੀਨੀ, ਤਜਿ ਛਾਛੀ[14]। ਕਵਿਤਾ ਤਾਂਕੀ ਰੁਚਿਰ ਬਨਾਈ। ਸਤਿਗੁਰ ਸਿੱਖਨ ਕੇ ਮਨ ਭਾਈ ॥ ੧੦੫ ॥ ਜਹਾਂ ਭੂਲ ਮੁਝ ਤੇ† ਕੁਛ ਹੋਈ। ਸੁਨਿ ਪਠਿ ਕਰੈ ਰੋਸ ਨਹਿ ਕੋਈ। ਕ੍ਰਿਪਾ ਧਾਰਿ ਸੋ ਲੇਹੁ ਬਨਾਈ। ਜਿਉਂ ਸਤਿਗੁਰ ਸਿੱਖਨ ਮਨ ਭਾਈ॥ ੧੦੬॥ ਬਡੇ ਬਿਲੋਕਹਿਂ ਬਾਲਕ ਲੀਲ੍ਹਾ। ਅਸਤ ਬਿਅਸਤ ਸੁ ਹੁਇ ਅਨ-

---

[1]ਜਿਸ ਦਾ ਕਾਲਾ ਪਾਣੀ, ਨੈਣ ਕਮਲ ਵਰਗੇ ਹਨ, ਪਤੀ ਜਿਸ ਦਾ ਕਾਲਾ (ਕ੍ਰਿਸ਼ਨ) ਹੈ, (ਤਰੰਗ) ਜਿਸ ਦੇ ਚੰਚਲ ਹਨ, (ਅਛਲ=) ਵਡੀਆਂ ਛੱਲਾਂ (ਜਿਸ ਵਿਚ ਉਠਦੀਆਂ ਹਨ) ਜਿਸ ਨੇ ਛਲਿਆ ਹੈ ਕਾਲ (ਮੌਤ ਕਰਨ ਵਾਲੇ) ਜਮ (ਯਮ) ਨੂੰ । ਭਾਵ ਜਮਨਾ ਨ੍ਹਾਵੇ ਤਾਂ ਜਮ ਦੇ ਰਾਹ ਨਹੀਂ ਪੈਂਦਾ (ਦੇਖੋ ਅਗਲਾ ਅੰਕ ੧੦੩—ਤ੍ਰਾਸ ਜਮਦੂਤ ਨਿਵਰਿਨੀ) । (ਅ) ਜਿਸ ਦਾ ਪਤੀ ਕਾਲ ਯਮਨ ਨੂੰ ਛਲਨੇ ਵਾਲਾ (ਪਰ ਆਪ) ਅਛਲ ਤੇ ਚੰਚਲ ਕ੍ਰਿਸ਼ਨ ਹੈ । ਕ੍ਰਿਸ਼ਨ ਜੀ ਦੇ ਉਸ ਛਲ ਵਲ ਇਸ਼ਾਰਾ ਹੈ ਜੋ ਮੁਚਕੰਦ ਰਿਖੀ ਪੁਰ ਆਪਣਾ ਕਪੜਾ ਪਾਕੇ ਲੁਕ ਗਏ ਤੇ 'ਕਾਲ—ਯਮਨ' ਰਾਜੇ ਨੂੰ ਛਲ ਲਿਆ ਸੀ । [2]ਬਰੱਬਰ ਹੈਨ ਭਾਵ ਡੋਬ ਦੇਣ ਦਾ ਵਿਘਨ ਤੇ ਤਾਰ ਦੇਣ ਦਾ ਗੁਣ ਜਮਨਾਂ ਵਿਚ ਸਮ ਹਨ। (ਅ) ਪਾਠਾਂਤ੍ਰ—ਬਿਘਨ ਗਨ ਸ਼ਮਨਾ=ਵਿਘਨਾਂ ਦੇ ਗਣਾਂ ਨੂੰ ਸ਼ਮਨ (ਨਾਸ਼) ਕਰਨਿ ਵਾਲੀ ਹੈ । [3]ਸਦਾ ਹੀ ਸਮੁੰਦਰ ਨੂੰ ਜਾਣ ਵਾਲੀ। [4]ਪਾਪਾਂ ਨੂੰ । [5]ਚੰਦ ਮੁਖ ਵਾਲੀ। [6]ਵਹਿੰਦਾ ਹੈ । [7]ਜ਼ਿਮੀਂ ਤੇ। [8]ਸੂਰਜ ਦੀ ਧੀ। [9]ਜਮ ਦਾ ਡਰ ਹਰਨ ਵਾਲੀ। [10]ਸੁੰਦਰ। [11]ਅੰਮ੍ਰਿਤਸਰ। [12]ਭਾਲ ਭਾਲ। [13]ਚੁਣ ਚੁਣ। [14]ਲੱਸੀ।

*ਇਹ ਕਬਿਤ ਅੱਗੇ ਗੁਰ ਪ੍ਰਤਾਪ ਸੂਰਜ ਗ੍ਰੰਥ ਰੁੱਤ ੧ ਅੰਸੂ ੪੬ ਅੰਕ ੧੧ ਵਿਚ ਭੀ ਆਵੇਗਾ।

†ਪਾ:—ਮੋ ਤੇ।

Sri Satguru Jagjit Singh Ji eLlibrary NamdhariElibrary@gmail.com

ਮੀਲਾ[1]। ਬਰਨ ਸਪਸ਼ਟ ਨ ਆਵਹਿ ਤਾਂਹੀ । ਹਰਖੈਂ ਸੁਨਤਿ ਬ੍ਰਿਧ[2], ਰਿਸ ਨਾਂਹੀ ॥੧੦੭॥ ਛੋਟੋ ਲਖੈਂ ਕ੍ਰਿਪਾ ਕੋ ਕਰਿਹੀਂ[3]। ਬਡੋ ਜੁ ਹੈਂ ਲੱਛਨ ਅਸ ਧਰਿਹੀਂ[4]। ਮੰਦਮਤੀ ਚਹਿ ਬਾਦ ਘਨੇਰਾ। ਤਿਹ ਸੋਂ ਕੈਸੋ ਹ੍ਵੈ ਨ ਨਿਬੇਰਾ ॥ ੧੦੮ ॥ ਗੁਰ ਸਿੱਖੀ ਜਾਚਉਂ ਹਉਂ ਦਾਨਾ। ਜਿਸਤੇ ਹੋਇ, ਪਰਮ ਕੱਲਯਾਨਾ। ਮਨਸਾ[5]* ਸਗਰੀ ਮਨਹਿ ਸਮਾਵਹਿ। ਸ਼ਾਂਤਿ ਹੋਇ, ਨੀਕੋ ਪਦ ਪਾਵਹਿ ॥ ੧੦੯ ॥ ਚੌਪਈ ॥ ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸੂਨ[6] । ਕਾਤਿਕ ਪੂਰਨਮਾ ਬਿਖੇ ਭਯੋ ਗ੍ਰੰਥ ਬਿਨਊਨ[7] ॥੧੧੦॥ ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮਾਬਰ ਮਾਂਗੋਂ ਸਤਿਸੰਗ ਕੋ ਕਰਿ ਸਤਿਗੁਰੂ ਪ੍ਰਣਾਮ ॥ ੧੧੧ ॥

[ਸਮਾਪਤੀ ਦਾ ਮੰਗਲ]

ਕਬਿੱਤ ॥ ਸਭੈ ਗੁਨ ਊਰ, ਭਰਪੂਰ ਹੋਯੋ ਔਗੁਨਨਿ, ਕਾਮ ਕ੍ਰੋਧ ਕੂਰ ਹੂ ਕੀ ਬ੍ਰਿਧਤਾ ਫਰਦ ਕੀ । ਹੋਯੋ ਮਨ ਚੂਰ ਚੂਰ, ਰਹੀ ਮਤਿ ਝੂਰ ਝੂਰ, ਦੇਖਿ ਰਹਯੋ ਦੂਰ ਦੂਰ, ਦਾਰੂ ਨ ਦਰਦ ਕੀ। ਮਿਲੇ ਗੁਰ ਪੂਰਨ ਸੰਤੋਖ ਸਿੰਘ ਭੂਰਨ, ਸੋ ਲਖਿ ਦੁਖ ਭੂਰ ਗਤਿ ਏਕਲੀ ਨਰਦ ਕੀ। ਨਾਮ ਹੈ ਸ਼ਰਨ ਸੂਰ, ਪਾਵਨ ਪਤਿਤ ਰੂਰ, ਰਾਖਿ ਹੈਂ ਜ਼ਰੂਰ ਲਾਜ ਆਪਨੇ ਬਿਰਦ ਕੀ†॥ ੧੧੨ ॥

[ਊਰ=ਊਣਾਂ, ਖਾਲੀ । ਬ੍ਰਿਧਤਾ=ਬਹੁਲਤਾ ।
ਫਰਦ=ਫਹਿਰਿਸਤ । ਕਿਸੇ ਹਿਸਾਬ ਦੇ ਵੇਰਵੇ ਦਾ ਪੱਤਰਾ ।
ਭੂਰ=ਸਾਰੇ । ਸ਼ਰਨ ਸੂਰ=ਸ਼ਰਨ ਦਾ ਸੂਰਮਾ, (ਭਾਵ ਸ਼ਰਨਾਗਤ ਦਾ ਰੱਖਯਕ) । ਪਾਵਨ ਪਤਿਤ ਰੂਰ=ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲਾ ਸੁਹਣਾ । ਬਿਰਦ ਕੀ=ਧਰਮ ਦੀ, ਨਾਮ ਦੀ ।]

ਅਰਥ—(ਮੈਂ) ਸਾਰੇ (ਸ਼ੁਭ) ਗੁਣਾਂ ਤੋਂ ਖਾਲੀ ਹਾਂ, ਔਗੁਣਾਂ ਨਾਲ ਭਰਪੂਰ ਹੋਇਆ ਹਾਂ (ਤੇ) ਕਾਮ, ਕ੍ਰੋਧ, ਝੂਠ ਦੀ ਮੇਰੀ ਫਹਿਰਿਸਤ ਵਧੀ ਹੋਈ ਹੈ । (ਮੇਰਾ)

[1]ਅਣਮਿਲਵੀਂ । [2]ਪਰਸੰਨ ਹੁੰਦੇ ਹਨ ਵੱਡੇ ਪੁਰਖ । [3](ਛੋਟਿਆਂ ਨੂੰ) ਛੋਟੇ ਜਾਣਕੇ ਕ੍ਰਿਪਾ ਕਰਦੇ ਹਨ (ਸਦਾ) । [4]ਐਸੇ ਲੱਛਣ ਧਾਰਦੇ ਹਨ । [5]ਵਾਸ਼ਨਾ । [6]ਸੰਮਤ ੧੮੮੦ । [7]ਪੂਰਾ । *ਪਾਠ—ਸਿਸਾ ।

†ਇਹ ਛੰਦ ਅਗੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ਦਸਵੀਂ ਅੰਸੂ ੧ ਦੇ ਅੰਕ ੧੩ ਵਿਚ ਬੀ ਆਵੇਗਾ । ਛੰਦ ੧੧੨ ਤੇ ੧੧੩, ਦੋਵੇਂ ਕੁਝਕ ਲਿਖਤੀ ਨੁਸਖਿਆਂ ਵਿਚ ਇਸ ਟਿਕਾਣੇ ਤੇ ਨਹੀਂ ਮਿਲਦੇ, ਕੀ ਜਾਣੀਦੇ ਲਿਖਾਰੀਆਂ ਤੋਂ ਰਹਿ ਗਏ ਯਾ ਜਿਨ੍ਹਾਂ ਵਿਚ ਹੈਨ ਕਿਸੇ ਪ੍ਰੇਮੀ ਨੇ ਮਗਰੋਂ ਦੇਖੇ ਬੀ ਉਤਾਰ ਦਿੱਤੇ ।

Sri Satguru Jagjit Singh Ji eLlibrary NamdhariElibrary@gmail.com

ਮਨ (ਇਸ ਦੁਖ ਕਰਕੇ) ਚੂਰ ਚੂਰ ਹੋਇਆ ਹੋਇਆ ਹੈ, ਬੁੱਧੀ (ਮੇਰੀ) ਬੜੀ ਝੂਰ ਰਹੀ ਹੈ (ਮੈਂ) ਦੂਰ ਦੂਰ ਦੇਖ ਚੁਕਾ ਹਾਂ (ਪਰ ਇਸ) ਦਰਦ ਦੀ ਦਾਰੂ ਨਹੀਂ ਮਿਲੀ। (ਕਵਿ) ਸੰਤੋਖ ਸਿੰਘ (ਜੀ ਕਹਿੰਦੇ ਹਨ, ਚਉਪੜ ਵਿਛੇ ਪਰ) ਇਕੱਲੀ (ਰਹਿ ਗਈ) ਨਰਦ ਦੀ ਹਾਲਤ (ਵਾਂਙੂ) ਮੇਰਾ ਬਹੁਤਾ ਦੁਖ ਦੇਖਕੇ ਪੂਰਨ ਗੁਰੂ ਛੇਤੀ ਆ ਮਿਲੇ, (ਜਿਨ੍ਹਾਂ ਦਾ) ਨਾਮ ਸ਼ਰਨਾਗਤਾਂ ਦਾ ਰੱਖਯਕ ਤੇ ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲਾ ਸੁਹਣਾ ਹੈ (ਓਹ) ਜ਼ਰੂਰ ਆਪਣੇ ਬਿਰਦ ਦੀ ਲਾਜ ਰੱਖਣਗੇ।

ਕਬਿੱਤ॥ ਬੰਦਨਾ ਕੋ ਲੇਤਿ ਹੀ ਅਬੰਦਤਾ ਕੋ ਦੇਤਿ ਜਨ*, ਪ੍ਰੀਤ ਲੇਤਿ ਦੇਤਿ ਹੈਂ ਪ੍ਰਤੀਤ, ਸੁਖ ਸੇਤੁ ਹੈਂ।ਭਾਉ ਉਰ ਲੇਤਿਹੀ, ਪ੍ਰਭਾਉ ਬਡੋ ਦੇਤਿ ਆਪ, ਨਿਰਗੁਨ ਪਦ ਦੇਤਿ ਗੁਨ ਦੇਖ ਲੇਤਿ ਹੈਂ†। ਥੋਰੀ ਜੈਸੀ ਭੇਟ ਲੇਤਿ, ਜਮ ਕੀ ਅਭੇਟ ਦੇਤਿ, ਸਤਿਗੁਰੂ ਨਾਨਕ ਜੀ ਕਰੁਨਾਨਿਕੇਤ ਹੈਂ। ਹੰਤਾ ਲੇਤਿ ਦਾਸਨ ਕੀ, ਅਹੰ ਬ੍ਰਹਮ ਦੇਤਿ ਉਰ‡, ਮਨ ਲੇਤਿ ਚਰਨ ਮੈਂ, ਮੁਕਤਿ ਕੋ ਦੇਤਿ ਹੈਂ§॥ ੧੧੩॥

ਬੰਦਨਾ=ਨਮਸਕਾਰ, ਮੱਥਾ ਟੇਕਣਾ। ਅਬੰਦਤਾ=ਬੰਧਨ ਰਹਿਤ ਅਵਸਥਾ, ਖਲਾਸੀ, ਮੁਕਤੀ।
ਸੁਖ ਸੇਤੁ=ਸੁੱਖਾਂ ਦਾ ਪੁਲ। ਪ੍ਰਤੀਤ=ਸਿਦਕ। (ਅ) ਪੱਤਿ।
ਭਾਉ ਉਰ=ਦਿਲ ਦਾ ਪ੍ਰੇਮ।
ਪ੍ਰਭਾਉ=ਤੇਜ, ਪ੍ਰਤਾਪ। (ਅ) ਆਤਮ ਬਲ।
ਨਿਰਗੁਣ ਪਦ=ਗੁਣਾਂ ਤੋਂ ਅਤੀਤ ਅਵਸਥਾ, ਮੋਖ ਪਦਵੀ।
ਅਭੇਟ=ਨਾ ਮਿਲਨਾ, ਬਚਾਉ।
ਕਰੁਨਾ ਨਿਕੇਤ=ਮੇਹਰ ਦੇ ਘਰ। ਹੰਤਾ=ਹੰਕਾਰ।
ਅਹੰ ਬ੍ਰਹਮ=ਭਾਵ ਬ੍ਰਹਮ ਗਿਆਨ।

ਅਰਥ—(ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ) ਨਮਸਕਾਰ ਨੂੰ ਲੈਕੇ (ਆਪਣੇ) ਦਾਸਾਂ ਨੂੰ ਮੁਕਤੀ ਦਿੰਦੇ ਹਨ, (ਫਿਰ) ਪ੍ਰੀਤੀ ਲੈਕੇ (ਆਪਣਾ) ਸਿਦਕ ਬਖਸ਼ਦੇ ਹਨ (ਐਸੇ) ਸੁਖਾਂ ਦਾ ਪੁਲ (ਗੁਰੂ ਜੀ) ਹੈਨ। (ਤੇ ਫਿਰ ਆਪਣੇ ਦਾਸਾਂ ਦੇ) ਦਿਲ ਦਾ ਪ੍ਰੇਮ ਲੈਕੇ ਆਪ (ਗੁਰੂ ਜੀ ਦਾਸਾਂ ਨੂੰ) ਆਤਮ ਬਲ ਦਿੰਦੇ ਹਨ

*ਪਾਃ—ਤਿਹ। †ਪਾਃ—ਗੁਨ ਦੇਖ ਲੇਤ ਨਿਰਗੁਣ ਪਦ ਦੇਤ ਹੈ।

‡ਪਾਃ—ਤਿਹ। §ਇਹ ਛੰਦ ਭੀ ਅਗੋਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ਛੇਵੀਂ ਅੰਕ ੩ ਵਿਚ ਆਵੇਗਾ, ਪਰ ਓਥੇ ਤੀਸਰੀ ਤੁਕ ਦਾ ਅੰਤਲਾ ਪਾਠ ਐਉਂ ਹੈ— ਸਤਿਗੁਰੂ ਨਾਨਕ ਸੰਤੋਖ ਸਿੰਘ ਚੇਤ ਹੈ।

Sri Satguru Jagjit Singh Ji eLlibrary NamdhariElibrary@gmail.com

ਤੇ ਸ਼ੁਭ ਗੁਣ ਦੇਖਕੇ, ਗੁਣਾਂ ਤੋਂ ਅਤੀਤ ਅਵਸਥਾ ਦਾਨ ਦਿੰਦੇ ਹਨ, (ਫਿਰ) ਥੋੜੀ ਜਿਹੀ ਭੇਟਾ ਲੈਂਦੇ ਹਨ, (ਤੇ) ਦਿੰਦੇ ਹਨ ਜਮ ਤੋਂ ਬਚਾਉ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਐਸੇ ਕ੍ਰਿਪਾ ਦੇ ਘਰ ਹਨ—ਦਾਸਾਂ ਦੀ ਹੰਗਤਾ ਲੈਕੇ (ਭਾਵ ਨਾਸ਼ ਕਰਕੇ) ਬ੍ਰਹਮ ਗਿਆਨ ਦਿੰਦੇ ਹਨ ਹਿਰਦੇ ਵਿਚ, ਤੇ ਦਾਸਾਂ ਦਾ ਮਨ ਲੈਕੇ ਚਰਨਾਂ ਵਿਚ ਮੁਕਤੀ ਦਾ (ਦਾਨ) ਦਿੰਦੇ ਹਨ।

ਇਤਿ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥੇ ਉੱਤਰਾਰ੍ਧੇ 'ਸ੍ਰੀ ਗੁਰੂ ਨਾਨਕ ਜੀ ਸੱਚ ਖੰਡ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਮੋ ਅਧਯਾਯ* ॥ ੫੭ ॥

ਸਮਾਪਤ ਮਸਤ ਸ਼ੁਭ ਮਸਤੁ ॥

ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਸਾਰਾ ਸਮਾਪਤ ਹੋਇਆ।

*ਇਕ ਲਿਖਤੀ ਨੁਸਖੇ ਵਿਚ ਇੱਥੇ ਇਹ ਪਾਠ ਹੈ:—

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥੇ ਨਾਨਕ ਪ੍ਰਕਾਸ਼ੇ ਉਤਰਾਰ੍ਧ ਸਕੰਧੇ ਕਵਿ ਸੰਤੋਖ ਸਿੰਘ ਵਿਰਚਤਾਯਾਂ ਸ੍ਰੀ ਜਗਤ ਗੁਰ ਨਾਨਕ ਜੀ ਕੋ ਸਚਖੰਡ ਪ੍ਰਸਥਾਨ ਬਰਨਨੰ ਨਾਮ-ਸਤਵੰਜਵੋਂ ਅਧਯਾਯ ॥ ਸ਼ੁਭਮ੍ ॥ ੫੭ ॥

Sri Satguru Jagjit Singh Ji eLlibrary NamdhariElibrary@gmail.com